# ਸਮੁਰਾਈ



ਰੂਪ ਢਿੱਲੋਂ

www.PunjabiLibrary.com

# ਸਮੁਰਾਈ

ਰੂਪ ਢਿੱਲੋਂ

Gracious Books
Publisher, Book Seller & Distributor



ਵਿਸ਼ੇਸ ਧੰਨਵਾਦ

ਕਾਲਾ(ਖੋਸਾ)ਕੋਟਲਾ

ਰਮਨਪ੍ਰੀਤ ਕੌਰ

ਕੇਹਰ ਸ਼ਰੀਫ਼

Gracious Books

Publisher, Book Seller & Distributor

# ਮਾਂਝੀ

## ੧੯੧੨



ਅੰਬਰ ਦਾ ਤੌਰ ਤਰੀਕਾ ਅੱਜ ਅਫ਼ਸੋਸਨਾਕ ਜਾਪਦਾ ਹੈ। ਪੱਛੋਂ ਹਾਲੇ ਨਰਮੀ ਨਾਲ਼ ਵਗਦੀ ਹੈ।ਕੁੱਝ ਦੇਰ ਪਹਿਲਾ ਹੀ, ਮੈਂ ਮੂੰਹ ਹਨੇਰੇ ਇੱਕ ਸਵਾਰੀ ਨੂੰ ਸਾਹਿਲ ਤੋਂ ਲਿਜਾਣ ਲਈ ਤਿਆਰ ਹੋ ਗਿਆ ਸਾਂ। ਸਨੇਹਾ ਆਇਆ ਸੀ ਕਿ ਉਸ ਸਵਾਰੀ ਨੂੰ ਕਿਹੜੀ ਥਾਂ ਤੋਂ ਅਤੇ ਕਿਸ ਵੇਲੇ ਲਿਜਾਣਾ ਏ। ਮੈਂ ਐਨ ਵਕਤ ਸਿਰ ਉਸ ਨੂੰ ਲਿਜਾਣ ਵਾਸਤੇ ਪੁੱਜ ਗਿਆ ਸਾਂ, ਉਹ ਉਸ ਥਾਂ।ਮੇਰੇ ਪੁੱਜਣ ਤੋਂ ਇੱਕ ਘੰਟਾ ਬਾਅਦ'ਚ ਆਇਆ ਸੀ। ਉਹ ਮੈਨੂੰ ਨਸ਼ੇ'ਚ ਧੁੱਤ ਲੱਗਿਆ। ਹੁਣ ਮੇਰੇ ਸ਼ਿਕਾਰੇ'ਚ ਬੈਠਾ ਹੈ।ਅੱਜ ਕੁਦਰਤ ਦੇ ਸ਼ਾਂਤ ਚਿੱਤ ਵਰਤਾਰੇ ਵਿੱਚ ਆਈ ਖਲਲ ਕਰਕੇ ਸ਼ਿਕਾਰੇ ਦੇ ਇਰਦ ਗਿਰਦ ਸਮੁੰਦਰੀ ਛੱਲਾਂ ਸ਼ਿਕਾਰੇ ਨੂੰ ਉੱਪਰ ਹੇਠਾਂ ਕਰ ਰਹੀਆਂ ਹਨ ਤੇ ਸ਼ਿਕਾਰਾ ਬੁਰੀ ਤਰ੍ਹਾਂ ਡੋਲ ਰਿਹਾ ਹੈ।ਮੈਂ ਚੱਪੂਆਂ ਸਮੇਤ ਅਵਾਰਾ ਲਹਿਰਾਂ ਨਾਲ਼ ਦੋ-ਚਾਰ ਹੋ ਰਿਹਾ ਹਾਂ।ਗਣਰੂ ਦਾ ਜਜ਼ੀਰਾ ਹਜੇ ਇੱਕ ਘੰਟੇ ਦੀ ਵਾਟ ਤੇ ਹੈ।ਹਾਲੇ ਸਾਝਰਾ ਹੀ ਹੈ।ਹਵਾ ਦੀ ਸਾਂ ਸਾਂ ਦੀ ਅਵਾਜ਼ ਤੜਾਕਦੀ ਹੈ। ਹੋਰ ਅਵਾਜ਼ਾਂ ਵੀ ਸੁਣਦੀਆਂ ਨੇ। ਮਹਾਂਟੋਟਰੂ ਅਤੇ ਸਾਗਰ-ਮੁਰਗ਼ਾਈਆਂ ਚੀਕ-ਚਿਹਾੜਾ ਪਾਉਂਦੇ ਨੇ; ਪਾਣੀ ਦੀਆਂ ਠਾਠਾਂ ਸ਼ੋਰ ਮਚਾਉਂਦੀਆਂ ਹਨ। ਸਮੁੰਦਰ ਦੇ ਸੰਸਾਰ ਜਾਂ ਆਸਮਾਨ ਦੀ ਛੱਤ ਤੋਂ ਸਿਵਾ ਮੈਨੂੰ ਕੁੱਝ ਨਹੀਂ ਦਿਸਦਾ।

ਮੈਨੂੰ ਮੇਰੇ ਸਾਹਮਣੇ ਦੂਰ ਤੱਕ ਗਣਰੂ ਦਾ ਤੱਟ ਸਾਫ਼ ਦਿਸਦਾ ਹੈ। ਪਰ ਮੇਰੀ ਸਵਾਰੀ ਦੀ ਪਿੱਠ ਹੈ ਗਣਰੂ ਦੇ ਜਜ਼ੀਰੇ ਵੱਲ। ਇਸ ਕਰਕੇ ਮੈਂ ਸਹਿਜੇ ਹੀ ਸਵਾਰੀ ਦੀ ਸੂਰਤ ਵੱਲ ਤੱਕ ਸਕਦਾ ਹਾਂ। ਉਸਦਾ ਜੂੜਾ ਟੇਢਾ ਹੈ, ਸਿਰ ਖੁੱਥਾ ਅਤੇ ਸ਼ਕਲ ਬੁੰਨ ਮੁੰਨ ਹੈ। ਚੁਸਤ ਚਿਹਰੇ ਹੇਠ ਉਸਦਾ ਸਾਰਾ ਸਰੀਰ ਕਿਮੋਨੋ ਵਿੱਚ ਲਪੇਟਿਆ ਹੋਇਆ ਹੈ।ਕਿਮੋਨੋ ਵੀ ਉਸਦਾ ਅੱਧਾ ਪਾਟਿਆ ਹੈ, ਹਵਾ'ਚ ਫੜ ਫੜਾਂਦਾ ਏ। ਉਸ ਬੰਦੇ ਦੇ ਮੂੰਹੋਂ ਸਾਕੀ ਸ਼ਰਾਬ ਦੀ ਹਮਕ ਆਉਂਦੀ ਹੈ। ਸ਼ਰਾਬੀ ਹੈ। ਉਸਨੇ ਆਪਣੇ ਹੱਥਾਂ ਨੂੰ ਆਲ਼ੇ ਦੁਆਲ਼ੇ ਮਾਰਿਆ। ਉਹ ਆਵਦੀ ਤਲਵਾਰ, ਇੱਕ ਜਪਾਨੀ ਕੱਤਾਨਾ, ਨੂੰ ਟੋਲਦਾ ਹੈ।ਜਦ ਤਲਵਾਰ ਲੱਭੀ ਨ੍ਹੀਂ, ਉਸ ਨੂੰ ਮਹਿਸੂਸ ਹੋਇਆ ਕਿ ਪਿੰਡ ਦੇ ਅੱਡੇ'ਚ ਹੀ ਭੁੱਲ ਆਇਆ ਹੈ।

ਫਿਰ ਉਸਨੇ ਆਵਦੇ ਕਿਮੋਨੋ ਵਿੱਚੋਂ ਛੁਰਾ ਭਾਲ਼ਿਆ ਅਤੇ ਆਵਦੀਆਂ ਉਕਾਬੀ ਅੱਖਾਂ ਉਤਾਂਹ ਚੁੱਕ ਮੇਰੇ ਵੱਲ ਝਾਕ ਚੱਪੂ ਵੱਲ ਇਸ਼ਾਰਾ ਕੀਤਾ। ਮੈਂ ਡਰ ਗਿਆ ਅਤੇ ਚੱਪੂਆਂ ਨੂੰ ਆਵਦੇ ਨੇੜੇ ਕਰ ਲਿਆ।

-ਕੀ ਗੱਲ ਏ? ਪਾਰ ਜਾਣ ਲਈ ਇੱਕੋਂ ਕਾਫੀ ਨ੍ਹੀਂ? ਲੈ ਪੈਸੇ ਹੋਰ ਚਾਹੀਦੇ ਤਾਂ? ਆਹ ਚੱਕ! -, ਉਸਨੇ ਥੈਲੀ ਵਗਾਹ ਕਿ ਮਾਰੀ ਜੋ ਮੇਰੇ ਝੋਲੀ'ਚ ਆ ਡਿੱਗੀ।
-ਇੱਕ ਨਾਲ਼ ਤਾਂ ਬਹੁਤ ਦੇਰ ਲੱਗੂਗੀ...-, ਮੈਨੂੰ ਹੋਰ ਕੁੱਝ ਨਾ ਸੁਝਿਆ, ਉਸ ਵੇਲੇ।
-ਦੇਰ? ਉਹ ਉਡੀਕ ਲਊਂ ਮੈਨੂੰ। ਮੈਨੂੰ ਕੋਈ ਕਾਹਲ ਨਹੀ-।

ਜੱਕੋਤੱਕੀ ਵਿੱਚ ਮੈਂ ਉਸਦੇ ਹਵਾਲ਼ੇ ਇੱਕ ਚੱਪੂ ਕਰ ਦਿੱਤਾ। ਮੈਂ ਫਿਰ ਦੂਜੇ ਨਾਲ਼ ਹੀ ਡੰਗ ਸਾਰ ਲਿਆ। ਉਸਨੇ ਮੇਰੇ ਸਾਹਮਣੇ ਛੁਰੇ ਨਾਲ ਕਾਠ ਨੂੰ ਕੱਟਣਾ ਸ਼ੁਰੂ ਕੀਤਾ, ਤੇ ਹੌਲੀ ਹੌਲੀ ਤਰਾਸ਼ਕੇ ਚੱਪੂ ਦਾ ਰੂਪ ਬਦਲ ਦਿੱਤਾ। ਫਿਰ ਹੌਲੀ ਹੌਲੀ ਮੇਰੀਆਂ ਅੱਖਾਂ ਸਾਹਮਣੇ ਚੱਪੂ ਨੂੰ ਖੜਗੀ ਸਰੂਪ'ਚ ਢਾਲ਼ ਦਿੱਤਾ। ਇੱਕ ਲੱਕੜ ਦੀ ਕੱਤਾਨਾ ਨਿਰਮਿਤ ਕਰ ਦਿੱਤੀ!

ਮੈਂ ਔਖੇ ਹੋ ਕੇ ਇੱਕੋਂ ਚੱਪੂ ਨਾਲ਼ ਹੀ ਜਵਾਰਭਾਟੇ ਨਾਲ਼ ਲੜਿਆ। ਉਹ ਆਵਦੇ ਮਜ਼ੇ ਤੇ ਮਸਤੀ ਵਿੱਚ ਆਵਦੀ ਕੱਤਾਨੇ ਨੂੰ ਬਣਾਈ ਗਿਆ। ਮੇਰੇ ਪਿੱਛੇ ਸੂਰਜ ਹੌਲੀਹੌਲੀ ਉੱਚਾ ਉੱਠ ਰਿਹਾ ਹੈ। ਫਿਰ ਜਦੋਂ ਸ਼ਿਕਾਰਾ ਗਣਰੂ ਦੇ ਕੰਢੇ ਤੇ ਜਾ ਲੱਗਾ, ਮੈਂ ਦੇਖਿਆ ਓਥੋਂ ਕਈ ਲੋਕ ਉਡੀਕ'ਚ ਖਲੋਤੇ ਹਨ। ਜੋ ਕੀੜਿਆਂ ਦਾ ਭੋਣ ਹੀ ਲੱਗਦੇ ਹਨ ਦੂਰੋਂ ਤਾਂ ਬਾਲੂ ਤੇ ਖੜ੍ਹੇ। ਸ਼ਿਕਾਰਾ ਰੇਤ ਨੂੰ ਚੁੰਮਕੇ ਅਟਕ ਗਿਆ। ਸਵਾਰੀ ਨੇ ਛਾਲ ਮਾਰਕੇ ਉਨ੍ਹਾਂ ਦਾ ਸਾਹਮਣਾ ਕੀਤਾ, ਉਸਦੇ ਹੱਥ'ਚ ਲੱਕੜ ਦੀ ਤਲਵਾਰ। ਜਿੱਦਾਂ ਮੂਸਾ ਨੇ ਪਾਣੀ ਨੂੰ ਚੀਰਕੇ ਅੱਡ ਕੀਤਾ, ਉਸੇ ਤਰ੍ਹਾਂ ਸਾਰੇ ਪਾਸੇ ਹੋ ਗਏ।

ਕੇਵਲ ਇੱਕ ਬੰਦਾ ਅਖ਼ੀਰ ਤੇ ਖੜ੍ਹਾ ਹੈ।

ਉਸਦਾ ਨਾਂਅ, ਸੱਸਾਕੀ ਕੋਜਿਰੋ। ਗਣਰੂਵਾਲਾ...ਜਜ਼ੀਰਾ ਦਾ ਨਾਮੀ ਸੂਰਬੀਰ!
ਵਾਹ! ਮੈਂ ਸੋਚਾ, ਇਸਨੇ ਸੱਸਾਕੀ ਨਾਲ਼ ਤਲਵਾਰ ਚਲਾਉਣੀ! ਉਹ ਵੀ ਲੱਕੜ ਦੀ ਕੱਤਾਨੇ ਨਾਲ਼! ਇਨ੍ਹੀ ਹਿੰਮਤ ਵਾਲਾ ਕੌਣ ਐ? ਮੈਂ ਸਵਾਰੀ ਦੀ ਪਿੱਠ ਵੱਲ ਝਾਕਾਂ। ਇਹ ਹੈ ਕੌਣ?

# ਸੇਵਕ

## ੧੫੮੪



ਮੇਰਾ ਪਿੰਡ ਮਿਯਾਮੋਤੋ ਹੈ। ਇਹ ਹਰਿਮਾ ਸੂਬਾ ਵਿੱਚ ਸੀ। ਉਸ ਵੇਲੇ ਨੀਹੋਨ ( ਜਪਾਨ) ਦੇ ਸਾਮੰਤਾਂ ਦੀ ਲਾਮ ਲਗੀ ਸੀ। ਉਨ੍ਹੀਂ ਦਿਨੀਂ ਵਿੱਚ ਆਪਸ ਵਿੱਚ ਯੁੱਧ ਕਰ ਰਹੇ ਸਾਰੇ ਪਿੰਡ ਇੱਕ ਸਾਮੰਤ ਹੇਠ ਸੀ। ਸਾਡੇ ਗਰਾਂ ਦਾ ਵੀ ਇਹ ਹੀ ਹਾਲ ਸੀ। ਵੈਸੇ ਜ਼ਿਆਦਾ ਬੰਦੇ ਤਾਂ ਕਾਮੇ ਅਤੇ ਜੱਟ ਲੋਕ ਸਨ, ਪਰ ਸਾਡੇ ਦੇਸ਼ ਵਿੱਚ ਤਾਂ ਜੱਟ ਅਤੇ ਕਾਮੇ ਸਭ ਤੋਂ ਸ਼ੂਦਰ ਸਮਝੇ ਜਾਂਦੇ ਸਨ। ਕਿਸਾਨਾਂ ਕੋਲ਼ ਘੱਟ ਹੱਕ ਸਨ। ਮੈਂ ਵੀ ਉਨ੍ਹਾਂ ਦੀ ਗਿਣਤੀ ਵਿੱਚੋਂ ਸੀ। ਅਸੀਂ ਸਗੋਂ ਬੇਇਲਮ ਜ਼ਿਆਦਾ ਸੀ। ਜਿਮੀਂਦਾਰ ਸਭ ਖੱਤਰੀ ਕੌਮ ਦੇ ਸਨ। ਇਹ ਹੀ ਲੋਕ ਪੜ੍ਹੇ ਲਿੱਖੇ ਹੁੰਦੇ ਸੀ। ਇਸੇ ਜਾਤ ਤੋਂ ਸਾਮੰਤ ਪੈਦਾ ਹੋਏ ਸਨ। ਕੇਵਲ ਉਨ੍ਹਾਂ ਨੂੰ ਹੀ ਹ ਹਥਿਆਰ ਰਖਣ ਦਾ ਹੱਕ ਸੀ। ਉਨ੍ਹਾਂ ਨੂੰ ਹੀ ਸ਼ਸਤਰ ਨਾਲ਼ ਲੜਨਾ ਸਿਖਾਇਆ ਜਾਂਦਾ ਸੀ। ਇਸ ਲਈ ਖੱਤਰੀ ਹੌਲੀ ਹੌਲੀ ਖਸਮ ਖਸਾਈ ਬਣ ਗਏ। ਕੁੱਝ ਪਿੰਡ ਸਿਰਫ ਇੰਨ੍ਹਾਂ ਦੀ ਅਬਾਦੀ ਨਾਲ਼ ਭਰਪੂਰ ਸਨ।ਉਸ ਪਿੰਡਾਂ ਵਿੱਚ ਕਿਸਾਨ ਤੋਂ ਲੈ ਕੇ ਉਸਤਾਦ ਇਹ ਹੀ ਸਨ, ਸਰਬ ਕਲਾ ਸਮਰੱਥ ਵਾਲੇ। ਸਾਮੰਤਾਂ ਦੇ ਫੌਜੀਆਂ ਨੂੰ ਸਮੁਰਾਈ ਆਖਿਆ ਜਾਂਦਾ ਸੀ। ਸਾਮੰਤ ਖ਼ੁਦ ਵੀ ਸਮੁਰਾਈ ਸਨ। ਇਹ ਖੱਤਰੀ ਪਿੰਡ ਅਤੇ ਇਲਾਕੇ ਦੇ ਜੋਧੇ ਸਨ। ਹੋਰ ਕਿਸੇ ਕੋਲ਼ ਸ਼ਸਤਰ ਰੱਖਣਾ ਮਨ੍ਹਾ ਸੀ। ਜੇ ਆਮ ਆਦਮੀ ਫੜ੍ਹਿਆ ਜਾਂਦਾ ਹਥਿਆਰ ਨਾਲ਼ ਤਾਂ ਡੰਡ ਕੁੱਤੇ ਦੀ ਮੌਤ ਸੀ। ਹਰ ਸਾਮੰਤ ਇਕ ਸ਼ੋਗਣ ਦਾ ਚੇਲਾ ਸੀ। ਸਾਡੇ ਸੂਬੇ ਦਾ ਸ਼ੋਗਣ ਠਾਕਰ ਸ਼ਿਨਮਾਨ ਇਗਾ ਨੋ ਕਮੀ ਸੀ। ਸਾਡਾ ਸੂਬਾ ਹਰਿਮਾ ਮਿਮਾਸਕਾ ਖਿੱਤੇ ਦਾ ਇੱਕ ਇਲਾਕਾ ਸੀ। ਜਦ ਮੈਂ ਨਿਆਣਾ ਸੀ ਤਾਂ ਸ਼ਿਨਮਾਨ ਦਾ ਸਾਮੰਤਾ ਹਿਰਤਾ ਸੀ। ਹੁਣ ਉਸਦੇ ਮੁੰਡੇ ਨੇ ਉਸਦੀ ਸਰਦਾਰੀ ਲੈ ਲਈ ਸੀ। ਮੁੰਡੇ ਦਾ ਨਾਂ ਵੀ ਸ਼ਿਨਮਾਨ ਹੀ ਸੀ। ਸ਼ਿਨਮਾਨ ਮਨੀਸੈ। ਜਿਵੇਂ ਇਹ ਸ਼ਿਨਮਾਨ ਇਗਾ ਦਾ ਸੇਵਕ ਸੀ, ਮੈਂ ਇਸਦਾ ਸੇਵਕ ਸੀ। ਮੈਂ ਇਸ ਖ਼ਾਨਦਾਨੀ ਘਰ ਵਿੱਚ ਲੇਖਾਕਾਰ ਬਣ ਗਿਆ ਅਤੇ ਹਿਸਾਬ ਕਿਤਾਬ ਰੱਖਣ ਵਾਲਾ। ਮੇਰੀ ਜਾਤ ਦੇ ਤਾਂ ਤਾਬਿਆ ਹੋਏ ਸਨ, ਪਰ ਚੰਗੀ ਕਿਸਮਤ ਨਾਲ਼ ਮੈਨੂੰ ਹਿਰਤਾ ਨੇ ਆਵਦੇ ਘਰ ਵਿੱਚ ਆਉਣ ਦਿੱਤਾ ਅਤੇ ਪੜ੍ਹਨ ਦਿੱਤਾ। ਇਸ ਲਈ ਮੈਂ ਸ਼ਿਨਮਾਨ ਮਨੀਸੈ ਬਾਰੇ ਬਹੁਤ ਕੁੱਝ ਜਾਣਦਾ ਹਾਂ ਅਤੇ ਸਮੁਰਾਈਆਂ ਬਾਰੇ ਵੀ।

ਮਨੀਸੈ ਤੌਹੀਨ ਨਹੀਂ ਸੀ ਜਰਦਾ।ਸੁਘੜ ਗਤਕਾ ਖੇਲ੍ਹਣ ਵਾਲਾ ਸੀ। ਇੱਕ ਝਟਕੇ ਨਾਲ਼ ਵੈਰੀ ਦਾ ਸੀਸ ਸਰੀਰ ਤੋਂ ਅਲੱਗ ਕਰ ਦਿੰਦਾ ਸੀ। ਹਰ ਸਮੁਰਾਈ ਰੋਜ਼ ਸ਼ਸਤਰ ਪੱਲਥਾ ਖੇਡਦਾ ਅਤੇ ਯੁੱਧਕਾਰੀ ਕਰਦਾ ਸੀ। ਕੇਂਜੁਤਸੂ ਦਾ ਪਰਬੀਨ ਬਾਜ਼ੀ ਸੀ। ਕੇਂਜੁਤਸੂ ਨੀਹੋਨ ਦੀ ਤਲਵਾਰਬਾਜ਼ੀ ਸੀ ਜਿਸ ਵਿੱਚ ਸਿਰਫ ਸਮੁਰਾਈ ਧਨੀ ਸਨ।ਜੁੱਤੇਜੁਤਸੂ ਦਾ ਕਸਬੀ ਸੀ, ਕਹਿਣ ਦਾ ਮਤਲਬ ਪੱਲਥੇਬਾਜ਼ੀ ਸੀ। ਕਈ ਸਮੁਰਾਈ ਉਸ ਤੋਂ ਕੇਂਜੁਤਸੂ ਤੇ ਜੁੱਤੇਜੁਤਸੂ ਸਿਖਦੇ ਸੀ। ਮਨੀਸੈ ਨੂੰ ਉਸਦੇ ਪਿਤਾ, ਹਿਰਤੇ ਨੇ ਪੰਜ ਸਾਲ ਦੀ ਉਮਰ ਤੋਂ ਲੜਨਾ ਸਿਖਾਇਆ। ਵੈਸੇ ਇਹ ਆਮ ਸੀ ਹਰ ਸਮੁਰਾਈ ਲਈ। ਉਨ੍ਹਾਂ ਨੂੰ ਤਲਵਾਰਬਾਜ਼ੀ ਅਤੇ ਨਿਸ਼ਾਨੇਬਾਜ਼ੀ ਇਸ ਉਮਰ ਤੋਂ ਸਿਖਾਈਆਂ ਜਾਂਦੀਆਂ ਸਨ। ਵਰ੍ਹਿਆਂ ਲਈ ਦੌੜਦੇ ਘੋੜੇ ਤੇ ਸਵਾਰ ਹੋ ਕੇ ਬਾਣ ਵਿੱਦਿਆ ਕਰਦੇ ਸੀ। ਸਭ ਕੁੱਝ ਵੱਡਿਆਂ ਤੋਂ ਸਿਖਦੇ ਸਨ। ਜਿਹੜੇ ਸਮੁਾਰਈ ਅਮੀਰ ਘਰੋਂ ਸਨ, ਉਨ੍ਹਾਂ ਨੂੰ ਤਾਂ ਪਾਠਸ਼ਾਲਾ ਵਿੱਚ ਦਾਖਲ ਦੇ ਕੇ ਸਾਹਿਤ, ਇਤਿਹਾਸ ਅਤੇ ਕਲਾ ਕਾਰ ਦੀ ਤਲੀਮ ਹਾਸਲ ਕਰਾ ਦਿੱਤੀ ਜਾਂਦੀ ਸੀ।

ਜੇ ਸਾਡੇ ਸੂਬੇ'ਚ ਦਸਾਂ ਬੰਦਿਆਂ ਦੀ ਲਾਈਨ ਲੱਗ ਜਾਵੇ ਤਾਂ ਇੱਕ ਹੀ ਉਨ੍ਹਾਂ'ਚੋਂ ਸਮੁਰਾਈ ਦੀ ਜਾਤ ਦਾ ਸੀ। ਸਮੁਰਾਈ ਦੇ ਆਵਦੇ ਜਾਬਤੇ ਸਨ।ਇਨ੍ਹਾਂ ਨੂੰ ਬੁਸ਼ੀਡੋ ਆਖਦੇ ਸਨ।ਮਨੀਸੈ ਹਰ ਗੁਆਂਢੀ ਦੇ ਪੁੱਤਰ ਨੂੰ ਵੀ ਸਭ ਕੁੱਝ ਸਿਖਾਉਂਦਾ ਸੀ। ਬੁਸ਼ੀਡੋ ਸਮੁਰਾਈ ਨੂੰ ਹਕ ਦਿੰਦਾ ਸੀ ਆਮ ਆਦਮੀ ਨੂੰ ਮਾਰਨਾ ਦਾ ਜੇ ਉਸਨੇ ਸਮੁਰਾਈ ਦੀ ਇੱਜ਼ਤ ਦੀ ਅਹੀ ਤਹੀ ਕੀਤੀ। ਅਸੀਂ ਸਾਰੇ ਸਮੁਰਾਈ ਤੋਂ ਡਰਦੇ ਸਨ।

ਮਨੀਸੈ ਸ਼ੋਗਣ ਠਾਕਰ ਸ਼ਿਨਮਾਨ ਇਗਾ ਨੋ ਕਮੀ ਦਾ ਸੱਜਾ ਹੱਥ ਹੀ ਸੀ। ਉਸਨੇ ਸਾਡੇ ਇਲਾਕੇ ਨੂੰ ਵੀ ਹੱਥ ਹੇਠ ਰਖਿਆ ਸੀ। ਆਪ ਸ਼ੋਗਣ ਦਾ ਹੱਥ ਚੁੰਮਦਾ ਸੀ। ਪਰ ਸੱਚ ਇਹ ਸੀ ਕਿ ਸ਼ੋਗਣ ਤੋਂ ਡਰਦੇ ਸੀ। ਸ਼ੋਗਣ ਦੀ ਇੱਜ਼ਤ ਲਈ ਤਾਂ ਸਮੁਰਾਈ ਆਵਦੀ ਜਾਨ ਦੇ ਦਿੰਦੇ ਸੀ। ਢਿੱਡ'ਚ ਖੁਦ ਹੀ ਕਿਰਪਾਨ ਖੋਭ ਕੇ ਹੌਲੀ ਹੌਲੀ ਇੱਕ ਪਾਸੋਂ ਘੜੀਸਕੇ ਖੁਦਕੁਸ਼ੀ ਕਰ ਲੈਂਦੇ ਸਨ! ਉਨ੍ਹਾਂ ਦੀ ਜਾਨ ਤੋਂ ਸ਼ੋਗਣ ਦੀ ਇੱਜ਼ਤ ਪਿਆਰੀ ਸੀ। ਮਾਲਕ ਤੋਂ ਬਿਨ੍ਹਾਂ ਸਮੁਰਾਈ, ਸਮੁਰਾਈ ਨਹੀਂ ਸਮਝਿਆ ਜਾਂਦਾ ਸੀ ਪਰ ਰੋਨਿਨ…ਨਖਸਮਾ।ਮੰਗੀਤਆਂ ਵਾਂਗ ਬੀਆਬਾਨ'ਚ ਰੁਲਦੇ ਲੱਲੂ ਪੰਜੂ ਵਾਂਗ ਸੀ ਰੋਨਿਨ।

ਜਦ ਵੀ ਮਨੀਸੈ ਨੂੰ ਫੌਜ ਚਾਹੀਦੀ ਸੀ ਸਾਰੇ ਪਿੰਡ ਹਾਜ਼ਰ ਸੀ, ਕਿਉਂਕਿ ਮਨੀਸੈ ਅਤੇ ਉਸਦੇ ਸਮੁਰਾਈਆਂ ਨੇ ਸਾਨੂੰ ਨਜ਼ਰਾਨੇ ਵਾਂਗ ਲੜਨ ਲਈ ਅੱਗੇ ਕਰ ਦੇਣਾ ਸੀ। ਪਰ ਆਮ ਪਿੰਡ ਦੇ ਸਮੁਰਾਈ ਹੀ ਜੰਗ ਵਿੱਚ ਸ਼ਾਮਲ ਹੁੰਦੇ ਸਨ। ਸਿਰਫ ਉਨ੍ਹਾਂ ਕੋਲ਼ੇ ਤਾਂ ਅਸਤਰ ਸ਼ਸਤਰ ਸਨ। ਜੱਟ ਅਤੇ ਕਾਮੇ ਤਾਂ ਬੱਕਰੇ ਹੀ ਸਨ, ਉਨ੍ਹਾਂ ਦੀਆਂ ਅੱਖਾਂ ਵਿੱਚ। ਜਦ ਖੱਤਰੀ ਲੜਨ ਜਾਂਦੇ ਤਾਂ ਸਿਆਣੇ ਦੀ ਜਗ੍ਹਾ ਪਿੱਛੇ ਰਿਹਾ ਨਿਆਣਾ ( ਸਮੁਰਾਈਆਂ ਦਾ) ਇੰਚਾਰਜ ਹੋ ਜਾਂਦਾ ਸੀ।

ਸੋ ਇਸ ਮਾਹੌਲ'ਚ ਅਸੀਂ ਮਨੀਸੈ ਦੇ ਹੇਠ ਰਹਿੰਦੇ ਸਨ।

ਮਨੀਸੈ ਬਾਰੇ ਹੋਰ ਕੀ ਇਜ਼ਹਾਰ ਕਰਾਂ? ਮਧਰਾ ਸੀ। ਛਾਤੀ ਚੌੜੀ, ਬਾਹਾਂ ਲੱਤਾਂ ਤਣਿਆਂ ਵਾਂਗ, ਸਿਰ ਤੇ ਜੂੜਾ, ਥੋੜ੍ਹਾ ਜਾ ਪਿੱਛੇ ਬੰਨ੍ਹਿਆ।ਮੱਥੇ ਤੋਂ ਲੈ ਕੇ ਜੂੜੇ ਤੱਕ ਸਿਰ ਨੂੰ ਰੋਡਾ ਕੀਤਾ ਸੀ, ਜਿੰਝ ਆਮ ਸਮੁਰਾਈਆਂ ਦੀ ਰੂੜ੍ਹੀ ਸੀ। ਅੱਖਾਂ ਪੰਖੜੀਆਂ ਵਰਗੀਆਂ ਸਨ, ਮੂੰਹ ਦੇ ਥਾਈ ਲੀਕ ਪੀਡੇ ਮੁਖ ਦੇ ਉੱਤੇ ਵਾਹੀ ਸੀ। ਆਮ ਕਿਮੋਨੋ'ਚ ਤੁਰਦਾ ਫਿਰਦਾ ਹੁੰਦਾ ਸੀ। ਜਦ ਜੰਗ ਦੀ ਵਾਰੀ ਹੋਵੇ, ਤਦ ਹਰ ਸਮੁਰਾਈ ਵਾਂਗ ਜਿਰਾਬਕਤਰ ਪਾਇਆ ਹੁੰਦਾ ਸੀ, ਜਿਸਦਾ ਕਵਚ ਬਹੁਤ ਖੌਫ਼ਨਾਕ ਜਾਪਦਾ ਸੀ, ਦੇਖਣ ਵਾਲੇ ਨੂੰ। ਕੱਤਾਨੇ ਕਿਮੋਨੋ ਵਿੱਚ ਕਿਤੇ ਲੁਕੀ ਹੁੰਦੀ ਸੀ।

ਮਨੀਸੈ ਬਹੁਤ ਸਖ਼ਤ ਆਦਮੀ ਸੀ। ਉਸਦੀ ਆਵਾਜ਼ ਕੌੜੀ ਲਗਦੀ ਸੀ। ਸਾਡੀ ਰੀਤ ਸੀ ਸਿਰ ਨੂੰ ਝੁਕਾਣਾ ਜਦ ਕਿਸੇ ਖਾਸ ਬੰਦੇ ਨੂੰ ਮਿਲਦੇ ਸੀ, ਤੇ ਮਨੀਸੈ ਲਈ ਕਾਫੀ ਸਿਰ ਨੀਵਾਂ ਕਰਨਾ ਪੈਂਦਾ ਸੀ। ਜ਼ਨਾਨੀ ਨੂੰ ਤਾਂ ਧਰਤੀ ਤੇ ਆਵਦੀਆਂ ਅੱਖਾਂ ਟਿਕਾਉਂਣੀਆਂ ਪੈਂਦੀਆਂ ਸਨ। ਉਸਦੀ ਸਤਵੰਤੀ ਲਈ ਵੀ ਇਹੀ ਹਾਲ ਸੀ। ਜਿੰਨਾ ਪਤਵੰਤ ਬੰਦੇ ਦਾ ਅਫ਼ਸਰਾਨਾ ਸੀ, ਉਨ੍ਹਾਂ ਸੀਸ ਨੀਵਾਂ ਕਰਨਾ ਪੈਂਦਾ ਸੀ। ਜੇ ਇਸ ਤਰਾ ਦਾ ਦੁਨੀਆਦਾਰ ਨੂੰ ਸਵਾਲ ਕਰਨਾ ਜਾਂ ਜਵਾਬ ਦੇਣਾ ਲੋਕ ਸਮਝਦੇ ਕਿ ਵਰਕਾ ਪਾਟ ਜਾਣਾ! ਇਸ ਲਈ ਮਨੀਸੈ'ਚ ਗਰਬ ਸੀ। ਇੱਕ ਵਾਰ ਇੱਕ ਨਾਰੀ ਨੇ ਉਸ ਦੀਆਂ ਅੱਖਾਂ'ਚ ਅੱਖਾਂ ਪਾ ਕੇ ਧੱਕੜਸ਼ਾਹੀ ਕੀਤੀ। ਉਸਦਾ ਸੀਸ ਕੱਟ ਦਿੱਤਾ। ਕਿਸੇ ਨੇ ਕੁੱਝ ਨਹੀਂ ਕਿਹਾ। ਸਮੁਰਾਈ ਨੂੰ ਕੌਣ ਕਹਿੰਦਾ ਹੈ? ਲੋਕ ਮਨੀਸੈ ਤੋਂ ਵਾਕਈ ਡਰਦੇ ਸੀ!

ਮਨੀਸੈ ਆਵਦੀ ਘਰਵਾਲੀ ਨਾਲ਼ ਵੀ ਕਾਫ਼ੀ ਕਠੋਰ ਸੀ। ਡਰਦੀ ਕੁੱਝ ਨਹੀਂ ਕਹਿੰਦੀ ਸੀ। ਵੈਸੈ ਕਰੇ ਵੀ ਕੀ? ਸਾਡਾ ਸਮਾਜ ਹੀ ਔਰਤਾਂ ਲਈ ਨਿਆਂਹੀਣ ਹੈ। ਇਸ ਲਈ ਵਹੁਟੀ ਦਬੈਲ ਸੀ। ਮਨੀਸੈ ਲਈ ਪਿਆਲੀ'ਚ ਹਰੀ ਕਾਹਵਾ ਪਾਉਂਦੀ ਸੀ; ਸ਼ੌਹਰ ਲਈ ਬਿਸਤਰਾ ਗਰਮ ਰੱਖਦੀ ਅਤੇ ਉਸਦਾ ਜਿਰਾਬਕਤਰ ਸਾਫ਼ ਕਰਦੀ ਸੀ। ਵੈਸੇ ਸਾਮੰਤ ਦੀ ਪਤਨੀ ਹੋਣ ਕਾਰਨ ਘਰ ਦਾ ਸਾਰਾ ਹਿਸਾਬ ਕਿਤਾਬ ਉਸਦੇ ਹੱਥ ਸੀ। ਨੌਕਰਾਂ ਉਪਰ ਰਾਜ ਕਰਦੀ ਸੀ ਅਤੇ ਪੂੰਜੀ ਲਾਉਂਦੀ ਸੀ। ਘਰ ਤਾਂ ਉਹੀ ਚਲਾਂਦੀ ਸੀ। ਇੰਨ੍ਹਾਂ ਕਰਨ ਨਾਲ਼ ਉਸ ਨਾਰੀ ਨੂੰ ਅੱਖਾਂ ਤੇ ਬਿਠਾਉਣਾ ਚਾਹੀਦਾ ਸੀ ਪਰ ਕੀ ਕਹਵਾਂ? ਸਮਾਜ ਤਾਂ ਤਾਜ ਬੰਦੇ ਦੇ ਹੱਥਾਂ'ਚ ਰੱਖਦਾ ਹੈ। ਦਰਅਸਲ ਮਨੀਸੈ ਦੀ ਵਹੁਟੀ ਦਾ ਨਾਂ ਮੈਂ ਬਤਾ ਨਹੀਂ ਸਕਦਾ! ਸਾਡੇ ਲਈ ਤਾਂ ਘਰ ਦੀ ਮਾਲਕਣ ਸੀ। ਪਰ ਤਾਰੀਖ਼ ਨੇ ਤਾਂ ਆਦਮੀਆਂ ਦੀਆਂ ਨਾਰੀਆਂ ਦੇ ਨਾਂਵਾਂ ਤੇ ਨਕਾਬ ਪਾਇਆ ਹੈ। ਮਤਲਬ ਇਤਿਹਾਸ ਦੇ ਸਫ਼ਿਆਂ ਤੇ ਨਕੌੜ'ਚ ਤੀਵੀਂ ਨੂੰ ਪਾ ਕੇ ਚੇਤਾ ਭੁਲਾ ਦਿੱਤਾ। ਮੈਂ ਵੀ ਇਸ ਗੱਲ ਦਾ ਦੋਸ਼ੀ ਹਾਂ। ਕੋਈ ਯਾਦ ਨਹੀਂ ਮਨੀਸੈ ਦੀ ਘਰਵਾਲੀ ਦੀ ਰੂਪਤਾ ਕੀ ਹੈ।ਸੋ ਤੁਹਾਨੂੰ ਸਿਰਫ਼ ਕਹਿ ਸਕਦਾ ਕਿ ਮਨੀਸੈ ਦੀ ਘਰ ਦੀ ਮਾਲਕਣ ਹੀ ਸੀ। ਉਹ ਮਾਲਕਣ ਜਿਸ ਨੇ ਗ਼ਾਲਿਬ ਕਰ ਦਿੱਤਾ ਘਰਦਾ ਨਾਮ! ਉਸ ਨੇ ਮਨੀਸੈ ਨੂੰ ਇਕਲੌਤਾ ਦਾ ਅੱਬਾ ਬਣਾ ਦਿੱਤਾ!

ਉਸ ਰਾਤ ਖ਼ੂਬ ਸਾਕੀ ਪੀਤੀ ਮਨੀਸੈ ਨੇ। ਪਰ ਜਿਸ ਜੱਚਾ ਨੇ ਜਣਨ ਕੀਤਾ,ਉਹ ਤਾਂ ਘਰ ਹੰਭੀ ਪਈ ਸੀ। ਸਿਆਹ ਬਖ਼ਤੀ ਦੀ ਗੱਲ ਸੀ ਕਿ ਕੁੱਝ ਸਪਤਾਹਾਂ ਬਾਅਦ ਸਰੀਰ ਛੱਡ ਗਈ। ਜੋ ਮਰਜ਼ੀ ਮੈਂ ਮਨੀਸੈ ਅਤੇ ਮਾਲਕਣ ਬਾਰੇ ਸੋਚਿਆ, ਇੱਕ ਗੱਲ ਪੱਕੀ ਸੀ। ਆਵਦੇ ਹੋਏ ਪੁੱਤ ਵੱਲ ਇੱਕ ਦੰਮ ਮਨੀਸੈ ਸਖ਼ਤ ਬਣ ਗਿਆ ਸੀ। ਹਾਲੇ ਬੇਨੋਸੁੱਕੇ ਤਾਂ ਬਾਲਕ ਹੀ ਸੀ, ਜਦ ਉਸਦੇ ਪਿਤਾ, ਮਨੀਸੈ ਨੇ ਖਿਝ ਕੇ ਕਿਹਾ – ਮੈਨੂੰ ਨਹੀਂ ਇਸ ਦੀ ਲੋੜ-। ਫਿਰ ਵੀ ਇੱਕ ਸਮੁਰਾਈ ਦੋਸਤ ਨੇ ਮਨੀਸੈ ਨੂੰ ਇਸ ਲਈ ਕਾਇਲ ਕਰ ਲਿਆ ਸੀ ਦੂਜਾ ਵਿਆਹ ਕਰਨ ਲਈ ਕਿ ਬੱਚਾ ਵੀ ਚੰਗੀ ਤਰਾਂ ਪਲ ਜਾਵੇਗਾ!

ਬਾਲ ਦਾ ਨਾਂ ਲੰਬਾ ਜਾ ਸੀ, ਪਰ ਅਸੀਂ ਸਭ ਉਸਨੂੰ ਬੇਨੋਸੁੱਕੇ ਆਖਦੇ ਸੀ।ਹੋਰ ਸਭ ਕੁੱਝ ਬੱਚੇ ਕੋਲ਼ੇ ਸੀ, ਪਰ ਬਾਪੂ ਦਾ ਪਿਆਰ ਦੂਰ ਦਰਾਜ ਸੀ! ਮਨੀਸੈ ਨੇ ਟੋਸ਼ੀਕੋ ਨਾਲ਼ ਸ਼ਾਦੀ ਕਰ ਕੇ ਉਸਦੇ ਹਵਾਲੇ ਮੁੰਡਾ ਕਰ ਦਿੱਤਾ। ਆਪ ਪੂਰਾ ਧਿਆਨ ਕੇਂਜੁਤਸੂ ਤੇ ਜੁੱਤੇਜੁਤਸੂ ਵੱਲ ਕਰ ਲਿਆ। ਬੇਨੋਸੁੱਕੇ ਲਈ ਟੋਸ਼ੀਕੋ ਹੀ ਮਾਂ-ਪਿਉਂ ਹੀ ਸੀ। ਭਾਵੇਂ ਨਿਆਣਾ ਉਸਦਾ ਸੀ ਨਹੀਂ, ਟੋਸ਼ੀਕੋ ਮੋਹੱਮਮਤਾ ਓਨਾ ਹੀ ਦਿੰਦੀ ਸੀ ਜਿੰਨ੍ਹਾਂ ਜ਼ਰੂਰ ਮਾਲਕਣ ਨੇ ਦੇਣਾ ਸੀ। ਇੱਕ ਗੱਲ ਤਾਂ ਸਾਫ਼ ਨਜ਼ਰ ਆਉਂਦੀ ਸੀ... ਜਿੱਥੇਂ ਡਰ ਨਾਲ਼ ਮਾਲਕਣ ਨੇ ਇਤਾਇਤ ਕਬੂਲ ਕਰਨੀ ਸੀ, ਟੋਸ਼ੀਕੋ ਤਾਂ ਮਰਦ ਦਾ ਸਾਹਮਣਾ ਕਰਨਾ ਜਾਣਦੀ ਸੀ। ਨਿੱਕਾ ਬੇਨੋਸੁੱਕੇ ਉਸਦੇ ਪਿੱਛੇ ਖੜ੍ਹ ਜਾਂਦਾ ਤੇ ਟੋਸ਼ੀਕੋ ਢਾਲ ਵਾਂਗ ਬਚਾ ਦਿੰਦੀ ਸੀ, ਭਾਵੇਂ ਮਨੀਸੈ ਉਸਦੇ ਚਪੇੜ ਜੜ ਦਿੰਦਾ ਸੀ। ਪਰ ਟੋਸ਼ੀਕੋ ਹਰ ਪਲ ਤਾਂ ਬੇਨੋਸੁੱਕੇ ਕੋਲ਼ ਹੋ ਨਹੀਂ ਸਕਦੀ ਸੀ। ਜਦ ਮੁੰਡਾ ਵੱਡਾ ਹੋ ਗਿਆ ਉਹਨੂੰ ਬਾਪ ਕੇਂਜੁਤਸੂ, ਜੁੱਤੇਜੁਤਸੂ ਅਤੇ ਬਾਣ ਵਿੱਦਿਆ ਖੁਦ ਸਿਖਾਉਂਦਾ ਸੀ। ਇਹ ਸੰਥਾ ਡੋਜੋ'ਚ ਹੁੰਦਾ ਸੀ, ਇੱਕ ਅਖਾੜਾ ਜਿੱਥੇਂ ਖਤਰਾਣੀਆਂ ਜਾਂ ਨੱਢੀਆਂ ਦਾ ਹੋਣਾ ਨਿਸ਼ੇਧ ਸੀ।

ਡੋਜੋ ਆਮ ਇੱਕ ਕਮਰਾ ਹੁੰਦਾ ਹੈ, ਜਿਸ ਦੇ ਭੁੰਜੇ ਫਰਸ਼ੀ ਧਰੀ ਹੁੰਦੀ ਹੈ। ਇਸ ਤੇ ਆਵਦੇ ਗੋਡਿਆਂ ਤੇ ਮਰਦ ਬੈਠ ਕੇ ਤਿਆਰ ਰਹਿੰਦੇ ਨੇ ਆਵਦੇ ਸੇਂਸੀ ( ਗੁਰਦੇਵ) ਤੋਂ ਇਜਾਜ਼ਤ ਲੈ ਜੁੱਤੇਜੁਤਸੂ ਖੇਲਣ ਲਈ। ਇਹ ਸਮੁਰਾਈ ਦੀ ਹੱਥ ਪੈਰ ਨਾਲ ਲੜਾਈ ਹੁੰਦੀ ਹੈ ਜਿਸ ਵਿੱਚ ਸਿਖਦੇ ਨੇ ਇੱਕ ਦੂਜੇ ਨੂੰ ਕਲਾਈ ਤੋਂ ਫੜ੍ਹ ਕੇ ਸੁੱਟਣ ਜਾਂ ਲੱਤ ਮਾਰਕੇ ਕੁੱਟਣ। ਇਸ ਹੀ ਥਾਂ ਕੇਂਜੁਤਸੂ ਖੇਲੀ ਜਾਂਦੀ ਹੈ, ਸਮੁਰਾਈ ਦਾ ਗਤਕਾ। ਇਸ ਥਾਈਂ ਬੇਨੋਸੁੱਕੇ ਅਤੇ ਉਸਦੇ ਆੜੀ ਕਈ ਘੰਟਿਆਂ ਵਕਤ

ਕੱਢਦੇ। ਇਸ ਥਾਂ ਮਨੀਸੈ ਦਾ ਸਖ਼ਤ ਰਾਜ ਸੀ। ਆਵਦੇ ਪੁੱਤਰ ਨਾਲ਼ ਹੋਰ ਸ਼ਿਸ਼ਾਂ ਨਾਲ਼ੋਂ ਖ਼ੂਬ ਸਖ਼ਤ ਸੀ। ਸਾਨੂੰ ਤਾਂ ਜਾਪਦਾ ਜਿੱਵੇਂ ਆਵਦੇ ਪੁੱਤਰ ਨੂੰ ਪਸੰਦ ਵੀ ਨਹੀਂ ਕਰਦਾ। ਹੋ ਸਕਦਾ ਪੁੱਤ ਨੂੰ ਮਾਲਕਣ ਦੀ ਮੌਤ ਦਾ ਗੁਨਾਹਗਾਰ ਸਮਝਦਾ ਹੀ ਸੀ। ਇਹ ਗੱਲ ਦਾ ਜ਼ਰੂਰ ਟੋਸ਼ੀਕੋ ਨੂੰ ਵੀ ਇਲਮ ਸੀ। ਇਸ ਲਈ ਇਹ ਅਭੈ ਔਰਤ ਨੇ ਸਾਡਾ ਅਦਬ ਜਿੱਤ ਲਿਆ ਅਤੇ ਮੁੰਡਾ ਵੀ ਉਸਦੀ ਕਦਰ ਕਰਦਾ ਸੀ। ਇਹ ਗੱਲ ਆਮ ਨਹੀਂ ਸੀ ਜ਼ਨਾਨੀਆਂ ਲਈ, ਪਰ ਇਹ ਆਮ ਜ਼ਨਾਨੀ ਨਹੀਂ ਸੀ! ਮਨੀਸੈ ਤੋਂ ਨਹੀਂ ਡਰਦੀ ਸੀ, ਰੱਬ ਤੋਂ ਕਿਤੇ ਡਰੇ? ਉਂਝ ਬੇਕਲ ਨਹੀਂ ਸੀ। ਉਸਨੂੰ ਪੂਰਾ ਪਤਾ ਸੀ ਮਨੀਸੈ ਨੂੰ ਤਾਬੇਦਾਰੀ ਦੇਣ ਦਾ, ਖ਼ਾਸ ਲੋਕਾਂ ਦੇ ਸਾਹਮਣੇ।

ਵਿਆਹ ਜਦ ਹੋਇਆ, ਟੋਸ਼ੀਕੋ ਦੀ ਮਰਜ਼ੀ ਨਹੀਂ ਸੀ। ਸਾਡਾ ਧਰਨ ਸ਼ਿੰਟੂ ਹੈ, ਤੇ ਉਸਦੇ ਹਿਸਾਬ ਨਾਲ਼ ਇੱਕ ਵੱਡੇ ਸਮੁਰਾਈ ਨੇ ਚਾਹਿਆ ਆਵਦੀ ਬੇਟੀ ਦਾ ਵਿਆਹ ਵੱਡੇ ਸਾਮੰਤ ਨਾਲ਼ ਕਰਾਉਣਾ। ਉਂਝ ਮਨੀਸੈ ਕੋਲ਼ ਵਾਰਸ ਹੁਣ ਸੀ, ਪਰ ਉਸਨੂੰ ਸਾਥ ਚਾਹੀਦਾ ਸੀ, ਤੇ ਦੂਜੇ ਵਿਆਹ ਨਾਲ਼ ਹੋ ਸਕਦਾ ਸੀ। ਜਦ ਮਨੀਸੈ ਦੇ ਘਰ ਆਈ, ਮੈਂ ਵੇਖਿਆ ਕਿੰਨੀ ਚੰਦਰਮੁਖੀ ਸੀ। ਬਹੁਤ ਨਾਜ਼ ਨੀਨ ਨਾਰੀ ਸੀ ਟੋਸ਼ੀਕੋ। ਵਾਲ਼ ਜਪਾਨੀ ਵੇਸ ਭੂਸ਼ਾ ਦੇ ਹਿਸਾਬ ਨਾਲ਼ ਉਪਰ ਬੰਨ੍ਹੇ ਸੀ, ਇੱਕ ਸੂਈ ਜੂੜੇ'ਚੋਂ ਲੰਘਾਈ। ਮੁਖ ਉੱਤੇ ਚਿੱਟਾ ਪਾਊਡਰ ਲਾਇਆ, ਸੁਰਖ਼ੀ ਰੰਗ ਗੱਲ੍ਹਾਂ ਭੜਕਦੀਆਂ ਸੀ। ਅੱਖਾਂ ਬਦਾਮ ਵਾਂਗ ਅੰਡਕਾਰ ਸਨ, ਨੱਕ ਫਿਨਾ ਸੀ। ਕਿਮੋਨੋ ਦੀ ਤੇੜ ਰੇਸ਼ਮੀ ਪੱਟੀ ਬੰਨ੍ਹੀ ਸੀ।ਸਿਰ ਨੀਵਾਂ ਕੀਤਾ ਸੀ। ਇੱਕ ਦਮ ਸਮੁਰਾਈ ਦੇ ਸੁਯੋਗ ਸੀ! ਆਮ ਜਪਾਨਣ ਤੋਂ ਲੰਬੀ ਸੀ।ਹੋ ਸਕਦਾ ਮਨੀਸੈ ਉਸਦੀ ਸੁਹਜ ਤੇ ਮਰ ਗਿਆ ਸੀ ਕਰਕੇ ਉਹ ਪਤੀ ਉੱਤੇ ਤਾਣ ਲਾ ਸਕੀ?

ਟੋਸ਼ੀਕੋ ਨੇ ਬੇਨੋਸੁੱਕੇ ਨੂੰ ਆਵਦੇ ਪੁੱਤ ਵਾਂਗਰ ਪਾਲਿਆ। ਪਰ ਅਖੀਰ ਤੇ ਸਾਰੇ ਫੈਸਲੇ ਤਾਂ ਮਨੀਸੈ ਦੇ ਹੀ ਸੀ। ਮੁੰਡਾ ਬਾਪ ਤੋਂ ਡਰਦਾ ਵੀ ਸੀ, ਪਰ ਉਸਦੀ ਲੜਨ ਦੀ ਤੁਫੀਕ ਵੇਖ ਕੇ ਪਿਤਾ ਦੀ ਇੱਜ਼ਤ ਵੀ ਕਰਦਾ ਸੀ। ਕਾਫੀ ਕੋਸ਼ਿਸ਼ ਕੀਤੀ ਸਾਡੇ ਬੇਨੋਸੁੱਕੇ ਨੇ ਬਾਪ ਦਾ ਪਿਆਰ ਜਿੱਤਣ। ਪਰ ਪਿਤਾ ਤਾਂ ਖ਼ੁਸ਼ਕ ਸੁਭਾਅ ਦਾ ਹੀ ਸੀ। ਜਦ ਬੇਨੋਸੁੱਕੇ ਗਤਕਾ (ਕੇਂਜੁਤਸੂ) ਆਵਦੇ ਦੋਸਤਾਂ ਨਾਲ਼ ਖੇਲਦਾ ਸੀ ਡੋਜੋ ਵਿੱਚ, ਜੇ ਹਾਰਿਆ, ਬਾਪ ਜ਼ਿਆਦਾ ਸਖ਼ਤ ਸੀ। ਤੇ ਜਿਤਿਆ, ਫੁਰਕੜਾ ਮਾਰਕੇ ਖੁੱਡੇ ਲਾਉਂਦਾ ਸੀ, ਜਾਂ ਉਸ ਨੂੰ ਫਿਰ ਲੜਾਉਂਦਾ ਸੀ। ਉਸਦੇ ਦਿਲ ਜਿੱਤਣ ਨੂੰ ਬੇਨੋਸੁੱਕੇ ਸਭ ਤੋਂ ਤੇਜ਼ ਗਤਕਾਕਾਰ ਬਣ ਗਿਆ ਇਸ ਕਰਕੇ। ਹੋ ਸਕਦਾ ਇਹੀ ਪਿਓ ਦੀ ਚਾਲ ਸੀ।

ਟੋਸ਼ੀਕੋ ਨੇ ਸਲੀਕੇ, ਪੜ੍ਹਾਈ ਅਤੇ ਹੋਰ ਬਹੁਤ ਕੁੱਝ ਬੇਨੋਸੁੱਕੇ ਨੂੰ ਸਿਖਾਇਆ। ਉਸਨੂੰ ਚੰਗਾ ਮੁੰਡਾ ਬਣਾ ਦਿੱਤਾ। ਮਾਂ ਤੋਂ ਆਦਤਾਂ ਸਿੱਖਿਆ, ਬਾਪ ਤੋਂ ਮਰਦ ਵਾਂਗ ਲੜਨਾ। ਇਸ ਲਈ ਮਨੀਸੈ ਲਈ ਠੀਕ ਵਾਰਸ ਹੀ ਸੀ, ਸਾਡਾ ਬੇਨੋਸੁੱਕੇ।ਪਰ ਫਿਰ ਵੀ ਸਾਡਾ ਮਾਲਕ ਨੇ ਉਸ ਨਾਲ਼ ਡਾਢੇ ਹੱਥ ਨਾਲ਼ ਸਲੂਕ ਕੀਤੇ।

ਇੱਕ ਪਾਸੇ ਮੁੰਡਾ ਫੁਲਾਦੀ ਵੀਰ ਬਣ ਗਿਆ, ਜਿਹੜਾ ਭਾਂਜ ਖਾਂਦਾ ਨਹੀਂ ਸੀ, ਕਿਸੇ ਤੋਂ ਵੀ। ਦੂਜੇ ਪਾਸੇ ਆਵਦੇ ਬਾਪ ਨੂੰ ਬੁਰਾ ਮੰਨਣਾ ਲੱਗ ਪਿਆ ਸੀ। ਇਸ ਦਾ ਨਤੀਜਾ ਦੋਨਾਂ ਲਈ ਚੰਗਾ ਨਹੀਂ ਸੀ। ਬਾਪ ਜ਼ਿੱਦੀ ਸੀ, ਤੇ ਪੁੱਤ ਘੱਟ ਨਹੀਂ। ਇਸ ਦਾ ਅਸਰ ਸਾਰਿਆਂ ਤੇ ਪੈਣ ਲੱਗ ਪਿਆ।ਟੋਸ਼ੀਕੋ ਨੇ ਕੋਸ਼ਿਸ਼ ਕੀਤੀ ਸਭ ਕੁੱਝ ਸੰਭਾਲ਼ਨ ਦੀ, ਪਰ ਪਾੜ ਪੈ ਗਿਆ। ਇੱਕ ਦਿਨ ਬੇਨੋਸੁੱਕੇ ਅਤੇ ਉਸਦੇ ਕਰੀਬ ਅੰਗ ਪਾਲ ਦੀ ਛਿੰਝ ਕਰਾਈ।ਬੇਨੋਸੁੱਕੇ ਹਾਰ ਗਿਆ, ਅਤੇ ਬਾਪ ਨੇ ਖਿੱਝ ਖਿੱਝ ਕੇ ਦੇਖਿਆ। ਲੱਗੇ ਜਿਵੇਂ ਉਸ ਨੂੰ ਧਰਵਾਸ ਮਿਲਿਆ।

ਪਿਓ ਪੁੱਤ ਵਿਛੜ ਗਏ।ਟੋਸ਼ੀਕੋ ਕੁੱਝ ਨਹੀਂ ਕਰ ਸਕੀ ਕੱਠੇ ਕਰਾਉਣ ਲਈ। ਫਿਰ ਦਿਨ ਆਇਆ ਜਦ ਸ਼ੋਗਣ ਨੇ ਮਨੀਸੈ ਨੂੰ ਜੰਗ'ਚ ਬੁਲਇਆ। ਬਾਪ ਨੇ ਮੁੰਡੇ ਨੂੰ ਬਾਹਰ ਭੇਜ ਦਿੱਤਾ। ਕਿਉਂਕਿ ਜਦ ਜੰਗ ਤੋਂ ਪਰਤਿਆ, ਮਨੀਸੈ ਅਤੇ ਟੋਸ਼ੀਕੋ ਦੀ ਲੜਾਈ ਮੁੰਡੇ ਉੱਤੇ ਹੋ ਗਈ। ਚਿੱਤ ਕੀਤਾ ਤੀਵੀਂ ਨੂੰ ਮਾਰਦਿਆ, ਪਰ ਵਹੁਟੀ ਵੀ ਹੁਸ਼ਿਆਰ ਸੀ। ਉਸਨੇ ਸੌਖਾ ਨਹੀਂ ਬਣਾਇਆ। ਹੈਰਾਨ ਦੀ ਗੱਲ ਸੀ ਕਿ ਪਤੀ ਨੇ ਪਤਨੀ ਦਾ ਸੀਸ ਨਹੀਂ ਲਾਹਿਆ! ਮਾਰਨ ਦੇ ਪਰਥਾਏ, ਛੱਡ ਛੱਡਾਈ ਹੋ ਗਈ, ਸਾਹੜ ਸਤੀ ਥਾਈਂ ਟੋਸ਼ੀਕੋ ਪੇਕੇ ਚਲੇ ਗਈ। ਹੌਲਦਿਲੀ ਮੁੰਡਾ ਖੜ੍ਹਾ ਰਹਿ ਗਿਆ। ਇਸ ਗੱਲ ਵੱਧਣ ਤੋਂ ਪਹਿਲਾਂ ਹੀ ਮਨੀਸੈ ਨੇ ਆਵਦੇ ਭਰਾ ਦੇ ਮੰਦਰ ਭੇਜ ਦਿੱਤਾ।

ਭਰਾ ਦਾ ਨਾਂ ਦੋਰਨ ਸੀ ਅਤੇ ਉਹ ਦੂਰ ਰਹਿੰਦਾ ਸੀ , ਇੱਕ ਸ਼ੋਰੀਅਨ ਮੰਦਰ ਵਿੱਚ, ਜਿੱਥੇਂ ਓਹ ਭਿਕਸ਼ੂ ਸੀ।ਨਾਰੰਗੀ ਚੋਗਾ ਹਮੇਸ਼ਾ ਪਾਇਆ ਹੁੰਦਾ ਸੀ, ਹੱਥ ਵਿੱਚ ਡੰਡਾ, ਸੀਸ ਘੋਨਾ, ਠੋਡੀ ਤੋਂ ਖੋਦਾ। ਉਸ ਨੇ ਕਾਰਜ ਭਾਰ ਲੈ ਲਿਆ ਮੁੰਡੇ ਦੀ ਪੜ੍ਹਾਈ ਦਾ। ਜ਼ੇਂਨ-ਬੋਧੀ ਸੀ ਅਤੇ ਬੁੱਧ ਦੀਆਂ ਗੁਰਮਤਾਂ ਨੇ ਮੁੰਡੇ ਤੇ ਜ਼ਰੂਰ ਅਸਰ ਕੀਤਾ ਸੀ। ਜਦ ਚਾਚੇ ਨੇ ਮਿਯਾਮੋਤੋ ਵਾਪਸ ਭੇਜਾ ਬੇਨੋਸੁੱਕੇ ਦੀ ਉਮਰ ਦਸਾਂ ਸਾਲਾਂ ਦੀ ਹੀ ਸੀ। ਬਾਪੂ ਹਾਲੇ ਵੀ ਉਦਾਂ ਦਾ ਹੀ ਸੀ। ਮੁੰਡਾ ਚੁੱਪ ਚਾਪ ਪੜ੍ਹੇ, ਲਿਖੇ ਜਾਂ ਡੋਜੋ'ਚ ਖੇਲੇ। ਇੱਕ ਹੋਰ ਸਾਲ ਬੀਤਿਆ ਜਦ ਮਨੀਸੈ ਨੇ ਮੁੰਡਾ ਤਿਆਗ ਦਿੱਤਾ। ਅਸੀਂ, ਮਤਲਬ ਪਿੰਡ ਵਾਲਿਆਂ ਨੇ ਉਸਨੂੰ ਇਸ ਦਿਨ ਤੋਂ ਬੇਟਾ ਬਣਾਇਆ, ਸ਼ਾਹਿਦ ਤਾਂ ਉਸਨੇ ਪਿੰਡ ਦਾ ਨਾਂ ਮਿਯਾਮੋਤੋ ਗੋਦ ਲਿਆ?

ਹੁਣ ਪਿੰਡ ਦਾ ਨਵਾਂ ਸਾਮੰਤ ਸੀ। ਐਤਕੀ ਲੜਾਈ ਤੋਂ ਬਾਅਦ ਮਨੀਸੈ ਇੱਥੇਂ ਵਾਪਸ ਨਹੀਂ ਆਇਆ। ਕਈ ਯੱਕੜ ਵੱਢੇ ਚੁਪਾਤੇ ਤੇ ਉਸਨੂੰ ਕੀ ਹੋਇਆ। ਸਭ ਤੋਂ ਜ਼ਬਰਦਸਤ ਸੀ ਕਿ ਉਸਨੇ ਮੁੰਡਾ ਛੱਡ ਕੇ ਸਾਕੀ ਨਾਲ ਸ਼ਰਾਬੀ ਹੋ ਕੇ ਸਮੁਰਾਈਆਂ ਨਾਲ਼ ਚਾਂਗ ਮਾਰੀ ਗਿਆ। ਹਾਰਕੇ ਸ਼ੋਗਣ ਨੇ ਉਸਨੂੰ ਰੋਨਿਨ ਬਣਾ ਦਿੱਤਾ, ਇੱਕ ਬੇਮਾਲਕ ਸਮੁਰਾਈ। ਲੋਕ ਕਹਿੰਦੇ ਨੇ ਕਿ ਉਸ ਨੇ ਮਸ਼ਹੂਰ ਸਮੁਰਾਈ, ਗਣਰੂ ਯੋਸ਼ੀਟੈਕਾ ਨਾਲ਼ ਪੰਗਾ ਲਿਆ। ਕਹਿੰਦੇ ਇਸ ਸਮੁਰਾਈ ਨਾਲ਼ ਨਾਨੀ ਯਾਦ ਆ ਜਾਂਦੀ ਐ! ਕਹਿੰਦੇ ਕਿ ਯੋਸ਼ੀਟੈਕਾ ਨੇ ਮਨੀਸੈ ਨੂੰ ਰਗੜ ਦਿੱਤਾ।ਕੀ ਕਹਿ ਸਕਦੇ ਆ? ਉਡਦੀ ਉਡਦੀ ਦਾ ਕੀ ਪਤਾ? ਹੋ ਸਕਦਾ ਮਨੀਸੈ ਅਲੋਪ ਹੋ ਗਿਆ, ਹੋ ਸਕਦਾ ਮਾਰ ਦਿੱਤਾ ਲੁੱਝਣ ਵਿੱਚ।

ਪਿੰਡ ਲਈ ਤਾਂ ਇੱਕ ਹੀ ਮਸ਼ਹੂਰ ਪਹਾੜ ਨਾਲ਼ ਟੱਕਰ ਲਈ ਸੀ। ਉਹ ਸਾਡੇ ਬੇਨੋਸੁੱਕੇ, ਜਦ ਤੇਰਾਂ ਵਰ੍ਹਿਆਂ ਦਾ ਸੀ। ਉਸਦੀ ਇੱਕ ਆਦਮੀ ਨਾਲ਼ ਖਹਿ ਹੋਈ।ਇਹ ਬੰਦਾ ਤਾਜੀਮਾ ਪਿੰਡ ਦਾ ਸਮੁਰਾਈ ਸੀ, ਜਿਸ ਲਈ ਸਾਡਾ ਬੇਨੋਸੁੱਕੇ ਤਾਂ ਇੱਕ ਮਿਰਗ ਦਾ ਬੱਚਾ ਸੀ। ਪਰ ਉਸਦੀ ਆਨ ਨੇ ਉਸਨੂੰ ਸਾਡੇ ਪਿੰਡ ਦੇ ਉੱਤਮ ਗਤਕੇਬਾਜ਼ ਯਾਨੀ ਸਮੁਰਾਈ ਨਾਲ਼ ਲੜਾਈ'ਚ ਫਸਾ ਦਿੱਤਾ ਸੀ। ਫਿਰ ਵੀ ਸਾਡਾ ਬੇਨੋਸੁੱਕੇ ਮਨੀਸੈ ਦਾ ਚਾਟੜਾ ਸੀ; ਅਤੇ ਉਸਦਾ ਪੁੱਤ ਵੀ ਸੀ। ਉਸ ਹੀ ਸਰਬ ਲੋਹ ਦਾ ਬਣਇਆ ਸੀ। ਤਾਜੀਮਾਇਆ ਦਾ ਨਾਂ ਅਰੀਮਾ ਕਿਬੇ ਸੀ। ਉਸ ਨੇ ਸੋਚਿਆ ਮੁੰਡਾ ਹੀ ਸੀ, ਉਸਦੀ ਮਾਂ ਨੂੰ ਟਿਚਰ ਕਰਾਂ। ਅਰੀਮੈ ਦੇ ਕੋਲ਼ ਤਲਵਾਰ, ਮਤਲਬ ਕਟੱਨਾ ਸੀ।ਬੇਨੋਸੁੱਕੇ ਕੋਲ਼ ਤਾਂ ਇੱਕ ਬੋਕਨ, ਮਤਲਬ ਤਲਵਾਰ ਰੂਪ ਡੰਡਾ ਸੀ ਜਿਸ ਨਾਲ਼ ਗਤਕਾ ਖੇਲਦਾ ਸੀ।

ਜਦ ਬੇਨੋਸੁੱਕੇ ਨੇ ਮਾਂ ਲਫ਼ਜ਼ ਸੁਣਿਆ, ਉਸ ਨੂੰ ਟੋਸ਼ੀਕੋ ਯਾਦ ਆ ਗਈ ਅਤੇ ਜਿੰਨਾ ਗੁੱਸਾ ਸੀ ਪਿਤਾ ਨਾਲ਼ ਮਾਂ ਨਾਲ ਤਲਾਕ ਕਰਨ ਅਤੇ ਉਸਨੂੰ ਦੂਰ ਭੇਜਣ ਦਾ ਵਾਪਸ ਆ ਗਿਆ। ਝਰਨਾਟੇ ਆ ਗਏ। ਜ਼ਾਰ ਜ਼ਾਰ ਰੋਣਾ ਚਾਹੁੰਦਾ ਸੀ। ਪਰ ਸਾਡੇ ਪੁੱਤ ਨੇ ਅਰੀਮੈ ਵੱਲ ਝਾਕ ਕੇ ਸੋਚਿਆ, - ਕੁੱਤਿਆ, ਤੂੰ ਕੌਣ ਹੁੰਦਾ ਮਾਂ ਦਾ ਨਾਂ ਲੈਣ!-। ਇਸ ਹੀ ਜੋਸ਼ ਨਾਲ ਡੰਡਾ ਘੁੰਮਾ ਕੇ ਉਸਦੀ ਕੱਤਾਨਾ ਭੁੰਜੇ ਸੁੱਟ ਦਿੱਤੀ। ਫਿਰ ਉਸਨੂੰ ਬਾਹਾਂ ਨਾਲ਼ ਚੱਕ ਕੇ ਹੇਠਾਂ ਮਾਰ ਸੁੱਟਿਆ। ਹਾਲੇ ਥੱਲੇ ਹੀ ਸਮੁਰਾਈ ਡਿੱਗਿਆ ਸੀ, ਜਦ ਫਿਰ ਬੋਕਨ ਘੁੰਮਾ ਕੇ ਬੇਨੋਸੁੱਕੇ ਨੇ ਉਸਦੇ ਪੇਟ ਵਿੱਚ ਮਾਰੀ। ਅਰੀਮਾ ਨੂੰ ਉਛਾਲ਼ੀ ਆ ਗਈ। ਲਹੂ ਡੋਲ੍ਹਿਆ... ਮੂੰਹ'ਵਿੱਚੋਂ। ਉਲਟੀ ਨਾਲ਼ ਰੱਤੋ ਰੱਤ ਹੋ ਗਿਆ। ਇਸ ਤਰ੍ਹਾਂ ਅਰੀਮਾ ਮਰ ਗਿਆ..ਇੱਕ ਤੇਰਾਂ ਸਾਲ ਦੇ ਮੁੰਡੇ ਦੇ ਹੱਥੋਂ। ਨਤੀਜਾ ਮੁੰਡੇ ਦੀ ਮਾਂ ਦੀ ਹਮਾ ਤੁਮਾ ਕਰਨੀ ਦਾ। ਚੰਗਾ ਹੋਇਆ!

ਉਸ ਦਿਨ ਤੋਂ ਬਾਅਦ ਬੇਨੋਸੁੱਕੇ ਨੂੰ ਸਭ ਮਿਯਾਮੋਤੋਵਾਲਾ ਆਖਣ ਲੱਗ ਪਏ। ਕਹਿਣ ਦਾ ਮਤਲਬ ਹੁਣ ਤੋਂ ਬਾਅਦ ਪਿੰਡ ਦਾ ਨਾਂ ਮਿਯਾਮੋਤੋ, ਉਸਦਾ ਨਾਂ ਸੀ।ਮਨੀਸੈ ਦਾ ਗੋਤ ਨਾਂ ਲੈਣ ਦੇ ਥਾਂ ਬੇਨੋਸੁੱਕੇ ਦਾ ਦੂਜਾ ਨਾਂ, ਤੋਕੇਜ਼ੋ ਦਾ ਮੁਸਾਸ਼ੀ ਬਣ ਗਿਆ। ਇਸ ਬੰਦੇ ਨੂੰ ਮਾਰਨ ਤੋਂ ਬਾਅਦ ਬੇਨੋਸੁੱਕੇ ਚਾਚੇ ਕੋਲ਼ ਵਾਪਸ ਚੱਲਿਆ ਗਿਆ ਸੀ। ਮੈਂ ਫਿਰ ਕਦੀ ਨਹੀਂ ਮਿਯਾਮੋਤੋ ਨੂੰ ਵੇਖਿਆ, ਪਰ ਬਹੁਤ ਕੁੱਝ ਉਸ ਬਾਰੇ ਸੁਣਿਆ।

# ਭਿਕਸ਼ੂ

## ੧੬੦੦



ਮਿਯਾਮੋਤੋ ਮੁਸਾਸ਼ੀ ਉਸਦਾ ਨਾਂਅ ਸੀ। ਪਰ ਮੇਰੇ ਲਈ ਮਰਦੇ ਦਮ ਤੀਕ ਸਾਡਾ ਬੇਨੋਸੁੱਕੇ ਹੋਵੇਗਾ। ਪਹਿਲਾਂ ਮੇਰੇ ਭਰਾ ਮਨੀਸੈ ਨੇ ਮੇਰੇ ਕੋਲ਼ ਭੇਜਿਆ ਸੀ ਪੜ੍ਹਨ ਲਿਖਣ ਲਈ, ਜਾਂ ਸ਼ਾਇਦ ਪਾਲਣ ਲਈ। ਉਸ ਵੇਲੇ ਮਨੀਸੈ ਨੇ ਟੋਸ਼ੀਕੋ ਨੂੰ ਤਲਾਕ ਦੇ ਦਿੱਤਾ ਸੀ। ਖੁਦ ਪਿੰਡ ਤੋਂ ਬਦੇਸੀ ਹੋ ਕੇ ਬਾਹਰਲੇ ਇਲਾਕਿਆਂ'ਚ ਸਮੁਰਾਈਆਂ ਨਾਲ਼ ਪੰਗੇ ਲੈਣ ਲੱਗ ਪਿਆ। ਪਤਾ ਨਹੀਂ ਕੀ ਹੋਇਆ ਉਸਨੂੰ, ਪਰ ਮੈਂ ਕਈ ਬਰਤਾਂਤ ਸੁਣੇ। ਜੋ ਮਰਜ਼ੀ ਸੱਚ ਹੋਵੇ, ਵੀਰ ਦਾ ਨਤੀਜਾ ਤਾਂ ਓਹੀ ਸੀ...ਫੌਤ ਹੋ ਗਿਆ...ਮਰ ਗਿਆ ਸੀ। ਲੋਕ ਨਮਕ ਮਿਰਚ ਲਾਉਂਦੇ, ਪਰ ਗੱਲ ਤਾਂ ਓਹੀ ਸੀ। ਮੇਰੇ ਧਰਮ ਦੇ ਹਿਸਾਬ ਨਾਲ਼ ਪੰਚ ਧਾਤਾਂ'ਚ ਫਿਰ ਸ਼ਾਮਲ ਹੋਗਿਆ ਸੀ। ਨਿਰਵਾਣ ਹੋ ਗਿਆ ਸੀ। ਮੁਕਤੀ ਬੁੱਧ ਨਾਲ਼ ਹੋ ਗਿਆ ਸੀ। ਅਸੀਂ ਸਭ ਸੁੰਨਵਾਦ ਦੇ ਹਿਸਾਬ ਨਾਲ਼ ਆਉਂਦੇ ਜਾਂਦੇ ਹਾਂ। ਇਹ ਗੱਲ ਮੈਂ ਬੇਨੋਸੁੱਕੇ ਨੂੰ ਵੀ ਸਿਖਾਈ ਸੀ। ਉਸਨੂੰ ਬੁੱਧੀ ਸੋਚ ਦਾ ਪੂਰੀ ਸਮਝ ਸੀ। ਮੁੰਡਾ ਤਾਂ ਕਲਾ ਗੱਤਕੇ'ਚ ਹੀ ਨਹੀਂ ਹੁਸ਼ਿਆਰ ਸੀ, ਪਰ ਧਰਮ ਦੀਆਂ ਗੱਲਾਂ ਅਤੇ ਦਰਸ਼ਨਕਾਰੀ ਵਿੱਚ ਵੀ। ਸਾਡੇ ਧਰਮ'ਚ ਰੱਬ ਲਈ ਥਾਂ ਨਹੀਂ ਸੀ, ਸਿਰਫ ਸੱਚ ਦੀ ਪਰਮਾਰਥ ਸੀ।ਬੇਨੋਸੁੱਕੇ ਲਈ ਦੋ ਟੀਚੇ ਸਨ, ਇੱਕ ਮੇਰੇ ਵਾਂਗ ਨਿਰਵਾਣਾ, ਇੱਕ ਦੁਨੀਆ ਦਾ ਸਭ ਤੋਂ ਪਰਤਾਪੀ ਸਮੁਰਾਈ ਬਣਨਾ। ਉਸਦੇ ਬਾਪ ਨੇ ਉਸਨੂੰ ਬੂਸ਼ੀਡੋ ਦੇ ਰਹਿਤਨਾਮਾ'ਚ ਪੱਕਾ ਕੀਤਾ ਸੀ। ਫੌਜੀ ਲਈ ਇਹ ਬੁੱਧ ਨੂੰ ਖ਼ੁਸ਼ ਕਰਨ ਦਾ ਰਾਸਤਾ ਸੀ। ਜਦ ਤਲਵਾਰ ਨਾਲ਼ ਲੜਦੇ, ਸੱਚ ਭਾਲਦੇ ਨੇ। ਬੱਸ ਇਹ ਦੋਨਾਂ ਗੱਲਾਂ ਮੀਰੀ ਪੀਰੀ ਵਾਂਗ ਇਕੱਠੀਆਂ ਕਰਨਾ ਚਾਹੁੰਦਾ ਸਾਡਾ ਪੁੱਤ। ਉਂਝ ਮੇਰਾ ਪੁੱਤਰ ਤਾਂ ਹੈ ਨਹੀਂ ਪਰ ਭਤੀਜਾ ਹੈ। ਮੈਂ ਬਹੁਤ ਖ਼ੁਸ਼ ਸੀ ਜਦ ਉਸਨੇ ਖ਼ੁਦ ਹੀ ਫੈਸਲਾ ਲਿਆ ਮੇਰੇ ਕੋਲ਼ ਵਾਪਸ ਆਉਣਾ, ਅਰੀਮਾ ਕਿਬੇ ਦੀ ਮੌਤ ਬਾਅਦ। ਮੈਂ ਉਸਨੂੰ ਪੂਰੀ ਤਰ੍ਹਾਂ ਬੁੱਧ ਬਾਰੇ ਤਾਲੀਮ ਦੇਣ ਦਾ ਪੱਕਾ ਹੋ ਗਿਆ ਸੀ। ਹੁਣ ਇਹੀ ਕਰਦਾ ਹਾਂ। ਉਹ ਜਦ ਮੇਰੇ ਤੋਂ ਹਿਦਾਇਤ ਨਹੀਂ ਲੈਂਦਾ ਸੀ, ਬਾੜੀ'ਚ ਖਲੋਕੇ ਪੱਲਥਾ ਖੇਲਦਾ ਸੀ।

ਬੇਨੋਸੁੱਕੇ ਬੜੇ ਧਿਆਨ ਨਾਲ਼ ਮਨ ਘੜਤ ਵੈਰੀ ਵੱਲ ਝਾਕੇ। ਫਿਰ ਖੱਬਾ ਪੈਰ ਅੱਗੇ ਹੋ ਗਿਆ, ਗੋਡਾ ਥੋੜਾ ਜਾ ਕੋਡਾ; ਸੱਜੇ ਹੱਥ ਨੇ ਮਿਆਨ ਵਿੱਚੋਂ ਕੱਤਾਨਾ ਉੱਗਰੀ, ਜਿਸਨੂੰ ਬੇਨੋਸੁੱਕੇ ਉਸਦੇ ਕਾਲਪਨਿਕ ਵਿਰੋਧੀ ਅਤੇ ਆਪ ਦੇ ਮੱਧ ਟਿਕਾਈ; ਤਲਵਾਰ ਦੀ ਤਿੱਖੀ ਅਣੀ ਵੈਰੀ ਦੇ ਸੰਘ ਵੱਲ ਔਧਰ।ਵੈਸੇ ਕੱਤਾਨਾ ਵੀ ਹੱਦ ਦੀ ਤਲਵਾਰ ਹੈ।ਅੱਧੋ ਸੁੱਧ ਸਿੱਧੇ ਤੀਰ ਵਾਂਗ ਹੈ। ਕੱਤਾਨੇ ਦਾ ਫੌਲਾਦ ਚੰਡ ਚੰਡ ਕੇ ਸੋਲ਼ਾਂ ਵਾਰੀ ਲੁਹਾਰ ਨੇ ਤਹਿ ਤਹਿ ਮਾਰਕੇ ਗੁਣਾ ਹੁੰਦਾ। ਇਸ ਲਈ ਕਿ ਇੱਕ ਦਮ ਜ਼ਬਰਦਸਤ , ਇੱਕ ਦਮ ਚਿਣਖੀ ਚੀਜ਼ ਹੈ। ਸਭ ਤੋਂ ਗਬਲਾ ਤਹਿ ਨੇ ਧਾਰ ਨੂੰ ਏਨੀ ਤਿੱਖੀ ਬਣਾਈ ਕਿ ਬੈਠੇ ਬਿਠਾਏ ਆਦਮੀ ਇੱਕ ਝਟਕ ਨਾਲ਼ ਹੱਡ ਕੱਟ ਦਿੰਦਾ ਜਿਵੇਂ ਮੱਖਣ ਵਿੱਚ ਛੁਰੀ ਸੌਖੀ ਦੇਣੀ ਜਾਂਦੀ ਹੈ। ਇਹ ਹੈ ਸਮੁਰਾਈ ਦੀ ਤਲਵਾਰ।ਜਦ ਵਾਪਸ ਮੇਰੇ ਕੋਲ਼ ਬੇਨੋਸੁੱਕੇ ਪਰਤਿਆ, ਲੁਹਾਰ ਨੇ ਉਸ ਲਈ ਚੰਡ ਚੰਡ ਕੇ ਕੱਤਾਨਾ ਬਣਾ ਦਿੱਤਾ ਸੀ। ਇਸ ਕੱਤਾਨੇ ਨਾਲ਼ ਹੁਣ ਬੇਨੋਸੁੱਕੇ ਬਾੜੀ'ਚ ਅਭਿਆਸ ਕਰਦਾ ਸੀ।

ਤਲਵਾਰ ਦੀ ਹੱਥੀ ਜੋੜ ਦੇਣੀ ਦੋਹਾਂ ਹੱਥਾਂ'ਚ ਪਕੜੀ ਸੀ। ਐਣ ਆਵਦੇ ਸਾਹਮਣੇ। ਫਿਰ ਹੱਥ ਸਿਰ ਉਪਰ ਕੀਤੇ, ਨਾਲ਼ੇ ਕੱਤਾਨੇ ਨੂੰ। ਹੋ ਸਕਦਾ ਉਸਦੇ ਕਲਪਨਾ ਵਿੱਚ ਵੈਰੀ ਦੀ ਟਾਂਟ ਉੱਤੇ ਮਾਰਕੇ ਸਿਰ ਦਾ ਅੱਧ ਕਰਨਾ ਸੀ। ਸਮੁਰਾਈ ਨਹੀਂ ਤਾਂ ਇਸ ਹੀ ਤਰ੍ਹਾਂ ਖੜ੍ਹਦੇ ਨੇ ਜਦ ਲੜਨ ਲਈ ਤਿਆਰ ਹੁੰਦੇ ਨੇ, ਨਹੀਂ ਤਾਂ ਇਕ ਪਾਸਾ ਅੱਗੇ ਕੀਤਾ ਹੁੰਦਾ ਸੋ ਸਰੀਰ ਦਾ ਘੱਟ ਤੋਂ ਘੱਟ ਹਿੱਸਾ ਦੁਸ਼ਮਣ ਲਈ ਖੁੱਲ੍ਹਾ ਹੁੰਦਾ ਹਮਲਾ ਕਰਨ ਲਈ। ਬਾਹਾਂ ਸਿਰ ਪਿੱਛੇ ਕੀਤੀਆਂ ਹੁੰਦੀਆਂ ਨੇ, ਤਲਵਾਰ ਉੱਚੀ ਰੱਖੀ ਹੁੰਦੀ ਤਿਆਰੀ ਵਿੱਚ। ਨਹੀਂ ਤੇ ਭਾਰ ਪਿੱਛੇ ਪੈਰ ਤੇ ਰੱਖ ਕੇ ਕੂਹਣੀਆਂ ਨਾਲ਼ ਮੁੱਖ ਤੇ ਹਿਕ ਲੁਕਾ ਕੇ ਤਲਵਾਰ ਦੀ ਧਾਰ ਆਸਮਾਨ ਵੱਲ ਰੱਖੀ ਅਤੇ ਤਿੱਖਾ ਐਣੀ ਵੈਰੀ ਵੱਲ ਹੁੰਦਾ ਹੈ। ਸਭ ਤੋਂ ਖ਼ੱਬੀ ਖਾਨ ਅਤੇ ਬੇਝਾਕੇ ਯੋਧੇ ਹੱਥ ਆਰਾਮ ਨਾਲ਼ ਪਾਸੇ ਰੱਖਦੇ ਨੇ, ਕੱਤਾਨੇ ਨੂੰ ਮਿਆਨ ਵਿੱਚ। ਇਹ ਸਭ ਸਮੁਰਾਈ ਦੀਆਂ ਚਾਲਾਂ ਹੁੰਦੀਆਂ ਨੇ। ਪਰ ਸਾਡਾ ਬੇਨੋਸੁੱਕੇ ਤਾਂ ਬਸੇਖ ਸੀ। ਉਸਨੂੰ ਜੋ ਅੱਸੀ ਬੁੱਧੀ ਬਾਰੇ ਸਿੱਖਾਇਆ ਆਵਦੇ ਬੂਸੀਡੋ ਨਾਲ਼ ਮੇਲ ਕਰ ਲਿਆ। ਖੜ੍ਹਾ ਜਾਪ ਦਾ ਸੀ, ਧਿਆਨ ਲਾ ਕੇ ਤਿਆਰ। ਕਈ ਵਾਰੀ ਤਾਂ ਬੈਠਾ ਘਾਹ ਦੀ ਪੱਤੀ ਵੱਲ ਘੰਟੇ ਉੱਤੇ ਝਾਕਦਾ ਸੀ, ਹਵਾ ਨੂੰ ਸੁਣਦਾ, ਅੱਖਾਂ ਬੰਦ, ਮਨ ਖੁੱਲ੍ਹਾ। ਹਰ ਸਾਹ ਨਾਲ਼ ਉਸਨੂੰ ਸਭ ਕੁੱਝ ਸੁਣਦਾ ਸੀ, ਦਿਸਦਾ ਸੀ। ਇਹ ਹਾਲ਼ ਵਿੱਚ ਨਿਰਵਾਣਾ ਲੈਣ ਦੀ ਕੋਸ਼ਿਸ਼ ਵੀ ਕਰਦਾ ਸੀ ਅਤੇ ਮਨ ਖਾਲੀ ਕਰਨ ਦਾ ਵੀ।

ਜਦ ਬੂਸ਼ੀਡੋ ਦੀ ਅਮਲ ਨਹੀਂ ਕਰਦਾ ਸੀ ਬੁੱਧੀ ਸਾਧਦਾ ਸੀ। ਇਸ ਤਰ੍ਹਾਂ ਬਹੁਤ ਕੁੱਝ ਸਿਖ ਗਿਆ ਸੀ ਸਾਡਾ ਬੇਨੋਸੁੱਕੇ।ਫਿਰ ਵੀ ਬੂਸ਼ੀਡੋ ਦੇ ਨਿਯਮ ਵੱਧ ਪਿਆਰੇ ਸੀ। ਅੱਠ ਨਿਯਮ ਸਨ। ਪਹਿਲਾਂ, ਅਦਲ। ਦੂਜਾ,ਸਾਹਸ। ਤੀਜਾ,ਖ਼ਿਮਾ। ਚੌਥੀ, ਸ਼ਿਸ਼ਟਤਾ। ਪੰਜਵੀ, ਸੱਚਾਈ। ਛੇਵੀ ਇੱਜ਼ਤ। ਸੱਤਵੀ, ਵਫ਼ਾਦਾਰੀ ਅਤੇ ਅੱਠਵਾਂ, ਜਬਤ। ਬੁੱਧੀ ਵਲੋਂ ਮੈਂ ਬੇਨੋਸੁੱਕੇ ਨੂੰ ਦਸਿਆ ਕਿ ਨਜਾਤ ਬੰਦੇ ਦੇ ਖ਼ੁਦ ਵਿੱਚੋਂ ਮਿਲਦੀ ਹੈ। ਕੋਈ ਰੱਬ ਜਾਂ ਹੋਰ ਹੀਲੇ ਵਸੀਲੇ ਕੋਲੋਂ ਨਹੀਂ ਮਿਲਦੀ ਹੈ। ਇਹ ਗੱਲ ਵੈਸੈ ਹਰ ਸਮੁਰਾਈ ਨੂੰ ਪਸੰਦ ਸੀ। ਖ਼ਾਸ ਬੇਨੋਸੁੱਕੇ ਨੂੰ। ਬੂਸ਼ੀਡੋ ਅਤੇ ਬੁੱਧੀ ਦੀ ਸ਼ਾਦੀ ਨਾਲ਼ ਨੀਂਹ ਪੱਥਰ ਸਮੁਰਾਈ ਨੂੰ ਮਿਲੇ ਸੀ। ਸੋ ਸੀਗਾ ਸਾਡੇ ਬੇਨੋਸੁੱਕੇ ਨਾਲ਼। ਹੁਣ ਮੈਂ ਝਾਕਦਾ ਹਾਂ ਬੇਨੋਸੁੱਕੇ ਵੱਲ। ਉਸਦੀ ਤਲਵਾਰ ਇੱਧਰ ਉੱਧਰ ਚੱਕਰ ਮਾਰ ਰਹੀ ਹੈ, ਜਿਵੇਂ ਮੱਖੀਆਂ ਮਾਰਦਾ ਸੀ , ਜਾਂ ਕੋਈ ਅਲ਼ੋਕ ਨਾਰੀਅਲ ਨੂੰ ਵੱਢਦਾ। ਫਿਰ ਇੱਕ ਪਾਸੇ ਚਲੇ ਜਾਂਦਾ ਜਿੱਥੇਂ ਰਾਮਬਾਂਸ

ਖਲੋਏ ਨੇ। ਪੰਜਾਂ ਰਾਮਬਾਂਸਾਂ ਵਿਚਾਲੇ ਖੜ੍ਹ ਕੇ ਕੱਤਾਨੇ ਨੂੰ ਮਿਆਨ'ਚ ਵਾਪਸ ਪਾ ਦਿੰਦਾ। ਫਿਰ ਅੱਖਾਂ ਮੀਚ ਕੇ ਇੰਨੀ ਛੇਤੀ ਤਲਵਾਰ ਮਿਆਨ'ਚੋਂ ਕੱਢੀ ਕਿ, ਮੈਨੂੰ ਤਾਂ ਪਤਾ ਵੀ ਨਹੀਂ ਲੱਗਾ ਕਦੋਂ ਉਸਨੇ ਝਟਕੇ ਮਾਰਕੇ ਰਾਮਬਾਂਸਾਂ ਵਿੱਚ ਚੀਰ ਮਾਰੀ, ਪਰ ਮਾਰੀ ਤਾਂ ਜ਼ਰੂਰ ਹੈ। ਕਿਉਂਕਿ ਪਹਿਲਾ ਮੇਰੇ ਸਾਹਮਣੇ ਕਿਰਪਾਨ ਮਿਆਨ'ਚ ਵਾਪਸ ਮੋੜ ਦਿੱਤੀ, ਫਿਰ ਅਰਾਮ ਨਾਲ਼ ਖਲੋਇਆ ਰਿਹਾ। ਓਦੋਂ ਹੀ ਰਾਮਬਾਂਸਾਂ ਦੇ ਉਪਰਲੇ ਹਿਸੇ ਖਿਸਕ ਕੇ ਭੁੰਜੇ ਜਾ ਡਿੱਗੇ। ਪਤਾ ਵੀ ਨਹੀਂ ਲੱਗਿਆ ਕਿ ਉਸਨੇ ਕਿੱਥੇਂ ਕੱਟੇ ਸੀ! ਇਸ ਤਰ੍ਹਾਂ ਰੋਜ਼ ਅਮਲ ਕਰਦਾ ਸੀ। ਮੈਂ ਉਸਦੇ ਨੇੜੇ ਇੱਕ ਸਿਲ਼ ਤੇ ਬੈਠਾ ਸੀ। ਹਟ ਕੇ ਮੇਰੇ ਕੋਲ਼ ਆ ਕੇ ਬਹਿ ਗਿਆ ਸਿਲ਼ ਤੇ।

- ਕਿਉਂ ਬੇਨੋਸੁਕਿਆ, ਅੱਜ ਲਈ ਬੱਸ?- ਮੈਂ ਉਸਨੂੰ ਆਖਿਆ।

- ਹਾਂਜੀ ਚਾਚਾ ਜੀ। ਹੁਣ ਗਤਕਾ ਖੇਲ਼ ਲਿਆ ਚੈਨ ਆ ਗਿਆ। ਤੁਹਾਨੂੰ ਤਾਂ ਪਤਾ ਈ ਐ, ਕਿ ਸਾਨੂੰ ਤਾਂ ਨਿੱਤ ਨਿੱਤ ਮਸ਼ਕ ਕਰਨੀ ਪੈਂਦੀ। ਪਰ ਇਸ ਦੇ ਬਾਵਜੂਦ ਲੋੜ ਹੈ ਤੁਹਾਤੋਂ ਵੀ ਬੁੱਧੀ ਸਿੱਖਣ ਦੀ। ਨਹੀਂ ਤਾਂ ਦਿਮਾਗ ਤਾਂ ਜੱਗਰ ਬਣ ਜਾਂਦਾ, ਹੈ ਨਾ?- ਭੇਤੀਜੇ ਨੇ ਮੁਸਕਾਨ ਦੇ ਕਿ ਜਵਾਬ ਦਿੱਤਾ।

- ਠੀਕ ਏ ਪੁੱਤਰ, ਫਿਰ ਤੂੰ ਇਹ ਗੱਲ ਮੈਨੂੰ ਦਸ, ਜੋ ਤੂੰ ਰੋਜ਼ ਕਰਦਾਂ, ਇਸ ਦਾ ਇੱਕ ਹੀ ਅਰਥ ਮੈਨੂੰ ਦਿਸਦਾ...ਉਹ ਹੈ ਦੂਜੇ ਬੰਦੇ ਦੀ ਜਾਨ ਲੈਣਾ। ਇਸ ਨਾਲ਼ ਸੰਸਾਰ ਦਾ ਕੀ ਫੈਇਦਾ ਏ? ਹਾਂ ਆਵਦੀ ਆਨ ਸ਼ਾਨ ਕਰਲੂੰਗਾ, ਪਰ ਕੀਤਾ ਕੀ ਚੰਗਾ? ਬੰਦੇ ਨੂੰ ਮਾਰਨਾ ਹੋਰ ਕੀ?-

- ਚਾਚਾ ਜੀ ਇਹੀ ਸਵਾਲ ਫਿਰ? ਹਰ ਹਫਤੇ ਉਹੀ ਗੱਲ! ਮੇਰੇ ਵਰਗੇ ਬੰਦਿਆਂ ਦੀ ਤਾਂ ਦੁਨੀਆ ਨੂੰ ਲੋੜ ਏ! ਜਦ ਕਿਤੇ ਹਿੱਕ ਦਾ ਧੱਕਾ ਹੋ ਰਿਹਾ ਹੋਵੇ ਜਾਂ ਬੇਇਨਸਾਫੀ ਸਾਡੀ ਕੱਤਾਨਾ ਜਵਾਬ ਦਿੰਦੀ ਏ!-

- ਕਿਸ ਨੂੰ ਪੁੱਤਰ? ਗਰੀਬ ਬੰਦੇ ਨੂੰ ਤਾਂ ਤੁਸੀਂ ਆਵਦੇ ਸਾਮੰਤ ਜਾਂ ਸ਼ੌਗਣਾ ਲਈ ਮਾਰ ਦਿੰਦੇ ਹਾਂ-

- ਕੇਵਲ ਜਦ ਜੇ ਉਨ੍ਹਾਂ ਨੇ ਕੋਈ ਪਾਪ ਜਾਂ ਦੋਸ਼ ਕੀਤਾ ਹੋਵੇ...-

- ਦੋਸ਼? ਪਰ ਕੌਣ ਫੈਸਲਾ ਕਰਦਾ ਕਦ ਇੱਕ ਚੀਜ਼ ਦੋਸ਼ ਹੈ ਤੇ ਕਦ ਨਹੀਂ? । ਦਸ ਜੇ ਸਮੁਰਾਈ ਨੇ ਕੋਈ ਦਿਹਕਾਨਣ ਦੀ ਇੱਜ਼ਤ ਲੁੱਟੀ ਕੋਈ ਇਸ ਨੂੰ ਇਨਸਾਫ਼ ਨਹੀਂ ਸਮਝਦਾ, ਉਸ ਲੜਕੀ ਦੇ ਬਾਪ ਤੋਂ ਬਿਨ੍ਹਾਂ। ਪਰ ਜੇ ਕੋਈ ਖੇਤੀਕਾਰ ਨੇ ਜਦ ਭੁੱਖ ਲੱਗੀ ਤੇ ਉਸਨੇ ਕੋਈ ਵੱਡੇ ਬੰਦੇ ਤੋਂ ਰੋਟੀ ਚੋਰੀ ਕੀਤੀ ਹੈ, ਤਹਾਨੂੰ ਭੇਜ ਦਿੰਦੇ ਉਸਦਾ ਸਿਰ ਲਾਹੁਣ। ਇਹ ਇਨਸਾਫੀ ਏ?-

- ਚਾਚਾ ਕਨੂੰਨ ਤਾਂ ਕਨੂੰਨ ਈ ਐ, ਤੇ ਸਮੁਰਾਈ ਤਾਂ ਕਨੂੰਨਨ ਜੀਵਨ ਜਿਉਂਦਾ-

- ਨਹੀਂ ਪੁੱਤਰ, ਸਮੁਰਾਈ ਆਵਦੇ ਮਾਲਕ ਲਈ ਮਰਦਾ ਤੇ ਮਾਰਦਾ, ਭਾਵੇਂ ਉਹ ਸ਼ੋਗਣ ਸਹੀ ਏ ਜਾਂ ਗਲਤ-

- ਚਾਚਾ ਅਖ਼ੀਰ ਤੇ ਸਮੁਰਾਈ ਦੀ ਇੱਜ਼ਤ ਦਾ ਸਵਾਲ ਏ, ਤੇ ਉਸਦੀ ਇੱਜ਼ਤ ਹੁੰਦੀ ਜਦ ਸਾਮੰਤ ਦੀ ਸੇਵਾ' ਜਿਉਂਦਾ ਜਾਂ ਮਰਦਾ ਏ-

- ਅੱਛਾਂ ਫਿਰ ਇਹ ਗੱਲ ਦਸ ਜੇ ਤੇਰੇ ਸਾਮੰਤ ਨੇ ਕੋਈ ਗਰੀਬ ਕੁੜੀ ਦਾ ਜਬਰ ਜਨਾਹ ਕੀਤਾ, ਫਿਰ ਪਾਪ ਨੂੰ ਲੁਕਾਉਣ ਤੈਨੂੰ ਆਦੇਸ਼ ਦਿੱਤਾ ਕਿ ਉਸਦੀ ਲਾਸ਼ ਨੂੰ ਓਲ੍ਹੇ ਰੱਖਣਾ, ਤੂੰ ਕਰੇਂਗਾ?-

- ਅਵੱਗਿਆ ਤਾਂ ਇਨਸਾਨ ਹੋ ਸਕਦਾ ਜਦ ਉਸਨੂੰ ਪੂਰਾ ਪਤਾ ਹੋਵੇ ਕਿ ਇਨਸਾਨੀਅਤ ਕੀ ਹੁੰਦੀ ਹੈ, ਪਰ ਹਾਂ ਜੇ ਮੈਨੂੰ ਇੱਦਾਂ ਕਰਨਾ ਪਿਆਂ, ਮੈਂ ਆਤਮ ਹੱਤਿਆ ਕਰਲੂੰਗਾ, ਇਸ ਰਾਹ ਮਾਲਕ ਵੀ ਖ਼ੁਸ਼ ਅਤੇ ਮੇਰਾ ਮਨ ਵੀ। ਅਸੀਂ ਤਾਂ ਸਾਮੰਤ ਲਈ ਹੀ ਮਰਨਾ ਹੈ। ਹੋਰ ਕੀ?-

- ਸਮੁਰਾਈ ਦਾ ਜਵਾਬ ਹੀ ਦਿੱਤਾ ਤੂੰ -। ਹੋਰ ਉਸਨੇ ਕੀ ਕਹਿਣਾ ਸੀ? ਸਮੁਰਾਈ ਤਾਂ ਆਵਦੇ ਆਕਾ ਲਈ ਮਰਦਾ ਜਿਉਂਦਾ ਹੀ ਹੈ। ਉਸ ਲਈ ਅਦਲ ਸਿਰਫ਼ ਉਹ ਹੈ ਜੋ ਉਸਦਾ ਅੰਨ ਦਾਤਾ ਕਹਿੰਦਾ। ਜੇ ਆਵਦੇ ਆਕੇ ਦਾ ਕੌਲ ਹਾਰੇ ਫਿਰ ਸੇੱਪੂਕਾ ਕਰਨਾ ਪੈਂਦਾ। ਮਤਲਬਾ ਆਤਮ ਹੱਤਿਆ ਆਵਦੇ ਢਿੱਡ'ਚ ਕੱਤਾਨੇ ਨੂੰ ਖੋਭ ਕੇ। ਇਹ ਹੈ ਇੱਜਤ ਦੀ ਗੱਲ।ਬੇਨੋਸੁੱਕੇ ਨੇ ਮੇਰੀਆਂ ਅੱਖਾਂ'ਚ ਗਹੁ ਨਾਲ਼ ਆਵਦੀਆਂ ਅੱਖਾਂ ਗੱਡੀਆਂ। - ਦੱਸੋਂ ਮੈਨੂੰ ਇਹ ਕਹਾਣੀ...ਅਸਲੀਅਤ'ਚ ਕੀ ਹੋਇਆ?-।

ਮੈਂ ਆਵਦੇ ਡੰਡੇ ਨਾਲ਼ ਧਰਤ ਵਿੱਚ ਚੱਕਰ ਵਾਹਿਆ, ਹੌਕਾ ਭਰ ਕੇ ਕਹਾਣੀ ਜਾਰੀ ਰੱਖੀ। ਉਸ ਵੱਲ ਝਾਕਿਆ। ਹੁਣ ਉਸ ਮੁੰਡੇ ਨੂੰ ਕੀ ਕਹਵਾਂ ਜਿਸ ਨੂੰ ਆਵਦੇ ਹਿੰਸਕ ਰਾਹ ਹੀ ਸਹੀ ਲਗਦੇ ਸੀ? ਜਿਸ ਦੇ ਬਾਪ, ਮੇਰੇ ਭਰਾ ਨੇ ਉਨ੍ਹਾਂ ਰਾਹਾਂ'ਚ ਉਸ'ਤੇ ਯਕੀਨ ਕੀਤਾ ਸੀ?

-ਪੁੱਤਰ ਥੋੜ੍ਹੇ ਚਿਰ ਪਹਿਲਾਂ ਦੀ ਗੱਲ ਹੈ। ਸਾਡੇ ਇੱਥੇਂ ਨੇੜਲੇ ਪਿੰਡ ਵਿੱਚ ਇੱਕ ਸਰਦਾਰ ਦੇ ਸਮੁਰਾਈ ਰੱਖੇ ਸੀ। ਸਰਦਾਰ ਦਾ ਬੇਟਾ ਮੁਕਾਮੀ ਮੁੰਡਿਆਂ ਨਾਲ਼ ਯਾਰੀ ਰੱਖਦਾ ਸੀ। ਇੱਕ ਦਿਨ ਇੱਕ ਕੰਗਾਲੇ ਘਰ'ਚੋਂ ਦੋ ਕੁਵਾਰੀਆਂ ਬਾਹਰ ਨਿਕਲੀਆਂ ਅੱਧੀ ਰਾਤ ਨੂੰ ਜੰਗਲ਼ ਜਾਣ ਲਈ। ਤੁਹਾਡੇ ਘਰ ਵਾਂਗੋਂ ਕੋਈ ਥਾਂ ਨਹੀਂ ਸੀ ਸਚੇਤੇ ਹੋਣ ਲਈ। ਗਰੀਬ ਘਰ ਸੀ ਨਾ? ਅਲਬੱਤਾ ਉਹ ਦੋਨੋਂ ਖੇਤਾਂ'ਚ ਗਈਆਂ। ਸਾਰੀ ਰਾਤ ਲੰਘ ਗਈ-, ਮੈਂ ਡੰਡੇ ਨਾਲ਼ ਫਿਰ ਖੇਲਣ ਲੱਗ ਪਿਆ, ਅੱਖਾਂ ਮੇਰੀਆਂ ਚੱਕਰਾਂ ਵੱਲ ਝਾਕਦੀਆਂ। ਪਰ ਮੈਨੂੰ ਪੂਰਾ ਪਤਾ ਸੀ ਕਿ ਬੇਨੋਸੁੱਕੇ ਦਾ ਧਿਆਨ ਹੁਣ ਮੇਰੇ ਹਰ ਲਫਜ਼ ਵੱਲ ਸੀ।-ਅੱਧਾ ਦਿਨ ਵੀ ਬੀਤ ਗਿਆ, ਉਸ ਕੁੜੀਆਂ ਦਾ ਟੱਬਰ ਤਾਂ ਖਟਕਾ ਨਾਲ਼ ਭਰ ਗਿਆ। ਉਨ੍ਹਾਂ ਨੇ ਸਮੁਰਾਈਆਂ ਨੂੰ ਰੂਪੋਸ਼ੀ ਰਪਟ ਕੀਤੀ। ਸਰਦਾਰ ਤੱਕ ਗੱਲ ਪੁਜੀ। ਪਰ ਕਿਸੇ ਨੂੰ ਕੁਮਾਰੀਆਂ ਬਾਰੇ ਪਤਾ ਨਹੀਂ ਸੀ। ਉਂਝ ਇਹ ਟੱਬਰ ਕਮਜ਼ਾਤ ਸੀ ਕਰਕੇ ਕਿਸੇ ਨੇ ਜਿਆਦੀ ਖੇਚਲ਼ ਨਹੀਂ ਕੀਤੀ। ਕੁੱਝ ਘੰਟਿਆਂ ਬਾਅਦ ਇੱਕ ਅਜਾਲ਼ੀ ਨੇ ਖਬਰ ਦਿੱਤੀ ਕਿ ਦੋ ਕੁੜੀਆਂ ਮੋਮੀਜੀ ਰੁੱਖ ਤੋਂ ਲਟਕਦੀਆਂ ਸੀ। ਜਦ ਰੱਸੇ ਕੱਟ ਕੇ ਲਾਹੀਆਂ, ਤਬੀਬ ਨੇ ਐਲਾਨ ਕੀਤਾ ਕਿ ਇੰਨ੍ਹਾਂ ਦੀ ਤਾਂ ਇੱਜ਼ਤ ਲੁੱਟੀ ਸੀ। ਟੱਬਰ ਨੂੰ ਬਹੁਤ ਗੁੱਸਾ ਆਇਆਂ ਅਤੇ ਖੁਦ ਛਾਣ ਬੀਨ ਕਰਨ ਲੱਗ ਪੈ-। ਮੈਂ ਚੁੱਪ ਚਾਪ ਹੋ ਗਿਆ।

-ਫਿਰ?-, ਉਸਨੇ ਆਖਿਆ।

- ਮੈਂ ਕੀ ਕਹਿਵਾਂ ਮੁੰਡਿਆ? ਉਨ੍ਹਾਂ ਨੂੰ ਪਤਾ ਤਾਂ ਲੱਗ ਗਿਆ ਕਿਸ ਨੇ ਕੁੜੀਆਂ ਦੀ ਪੱਤ ਲੁੱਟੀ...ਪਰ ਸਰਦਾਰ ਦੇ ਮੁੰਡੇ ਦੇ ਚਾਰਯਾਰੀ ਨੇ ਹੀ ਇਹ ਕੰਮ ਕੀਤਾ ਸੀ..ਸ਼ਾਹਿਦ ਉਸਦਾ ਮੁੰਡਾ ਵੀ ਇਸ ਪਾਪ'ਚ ਲਪੇਟਿਆ ਸੀ। ਇਸ ਲਈ ਕੁੱਝ ਹੋਇਆ ਨਹੀਂ-।

- ਪਰ ਚਾਚਾ, ਕਿਹੜੇ ਕਿਸਾਨ ਕੋਲ਼ ਹਿੰਮਤ ਹੈ ਜਾਨ ਲੈਣ ਦੀ? ਹੋ ਨਹੀਂ ਸਕਦਾ...-, ਉਸ ਨੇ ਮੈਨੂੰ ਉੱਤਰ ਦਿੱਤਾ।

- ਨਹੀਂ ਪੁੱਤਰ। ਇਹ ਵਫਾਤੇ ਤਾਂ ਸਮੁਰਾਈਆਂ ਦੇ ਹੱਥੀ ਹੋਏ ਸੀ। ਦੁਨੀਆ ਨੂੰ ਦਿਖਾਉਣਾ ਸੀ ਕਿ ਕੁੜੀਆਂ ਨੇ ਤਾਂ ਆਪਣੇ ਆਪ ਨੂੰ ਸਵੈਘਾਤ ਕੀਤਾ, ਪਰ ਜਦ ਧਿਆਨ ਨਾਲ਼ ਤਬੀਬ ਨੇ ਸਰੀਰ ਦੇਖੇ, ਸਾਫ ਉਸਨੂੰ ਪਤਾ ਲੱਗ ਗਿਆ ਕੀ ਹੋਇਆ। ਫਿਰ ਵੀ ਸਮੁਰਾਈ ਅਤੇ ਸਰਦਾਰ ਨਾਲ਼ ਕੌਣ ਲੜੇ? ਸੋ ਤੂੰ ਸੋਚ ਸਾਚ ਕੇ ਨੌਕਰੀ ਕਰੀ ਇਹ ਸਰਦਾਰ ਸਾਮੰਤਾਂ ਲਈ, ਅੱਛਾ?-। ਉਸਨੇ ਸੋਚ ਕੇ ਸਿਰ ਹੁਲਾਇਆ ਹਾਂ ਵਿੱਚ। ਉਸਦੇ ਮੁਖ ਤੋਂ ਪਤਾ ਸਾਫ ਲੱਗਦਾ ਸੀ ਕਿ ਇਹ ਚੁੱਕੇ ਕਦਮ ਸਮੁਰਾਈਆਂ ਦੇ ਉਸਨੂੰ ਚੰਗੇ ਨਹੀਂ ਲੱਗੇ। ਉਹ ਡੂੰਘੀਆਂ ਸੋਚਾਂ'ਚ ਪੈ ਗਿਆ ਸੀ।ਫਿਰ ਬੋਲਿਆ, - ਚਾਚਾ ਮੈਂ ਇਸ ਤਰ੍ਹਾਂ ਦੇ ਮਲਕ ਲਈ ਨਹੀਂ ਕੰਮ ਕਰਾਂਗਾ। ਮੈਂ ਤਾਂ ਰੋਨਿਨ ਦੀ ਜ਼ਿੰਦਗੀ ਇਸ ਤੋਂ ਭਲੇਰੀ ਸਮਝਦਾ ਐ। ਗਰੀਬ ਅਤੇ ਬਲਹੀਣ ਲੋਕਾਂ ਦੀ ਰਖਸ਼ਾ ਕਰਨਾ ਤਾਂ ਸਮੁਰਾਈ ਦਾ ਫਰਜ਼ ਐ-।

ਮੈਂ ਉਸਦੇ ਜਵਾਬ ਸੁਣ ਕੇ ਖ਼ੁਸ਼ ਸੀ। ਆਹੋ, ਇਹ ਤਾਂ ਬੜਾ ਚੰਗਾ ਸਮੁਰਾਈ ਬਣੇਗਾ। ਮੈਂ ਇੱਕ ਹੱਥ ਉਸਦੇ ਕੰਧੇ ਤੇ ਟਿੱਕਾ ਕੇ ਉਸਨੂੰ ਫਰਮਾਇਆ, - ਹੁਣ ਭੱਤੇ ਵੇਲਾ ਏ, ਚੱਲ ਚੱਲੀਏ ਕੱਚੀਮੀਨ ਖਾਨ-। ਅਸੀਂ ਦੋਨੋਂ ਆਸ਼ਰਮ ਵਿੱਚ ਚੱਲੇ ਗਏ ਸੁਸ਼ੀ ਖਾਣ। ਇਸ ਤਰ੍ਹਾਂ ਰੋਜ਼ ਕੋਈ ਨਾ ਕੋਈ ਵਿਸ਼ਾ ਛੇੜ ਦਿੰਦੇ ਸੀ, ਭਾਵੇਂ ਰੱਬ ਬਾਰੇ ਜਾਂ ਜ਼ਨਾਨੀ ਦੇ ਹੱਕ ਬਾਰੇ। ਉਹ ਰੋਜ਼ ਆਵਦੀ ਬੂਸ਼ੀਡੋ ਅਤੇ ਗਤਕੇਬਾਜ਼ੀ ਜਾਨੀ ਕੇਂਜੁਤਸੂ ਨੂੰ ਖੇਡਦਾ ਸੀ। ਕਈ ਕਈ ਵਾਰ ਤਾਂ ਘੁਪ ਹਨੇਰੇ ਤੱਕ ਇਹ ਸਭ ਕੁੱਝ ਕਰਦਾ ਸੀ। ਜਿੰਨ੍ਹਾਂ ਚਿਰ ਸਾਹ ਫੁੱਲਣ ਨਹੀਂ ਲੱਗ ਪੈਂਦਾਂ ਇਸੇ ਹੀ ਤਰ੍ਹਾਂ ਨਿੱਤ ਨਿੱਤ ਕਰਨ ਵਾਲਾ ਸੀ, ਸਾਡਾ ਬੇਨੋਸੁੱਕੇ ।

ਮੈਂ ਆਵਦਾ ਸਾਰਾ ਗਿਆਨ ਓਹ ਨੂੰ ਦੇਣ ਦੀ ਕੋਸ਼ਿਸ਼ ਕੀਤਾ। ਪਰ ਹੌਲੀ ਹੌਲੀ ਉਸਨੇ ਮੈਨੂੰ ਬਹੁਤ ਕੁੱਝ ਸਿਖਾਇਆ। ਪਰ ਅਸੀਂ ਉਸ ਅਜ਼ਾਦ ਪੰਛੀ ਨੂੰ ਕਿੰਨੀ ਦੇਰ ਲਈ ਆਸ਼ਰਮ'ਚ ਰੱਖ ਸਕਦੇ ਸੀ? ਇਕ ਦਿਨ ਤਾਂ ਉਸਨੇ ਆਵਦੇ ਨਾਂਅ ਨੂੰ ਮਸ਼ਹੂਰ ਬਣਾਉਣ ਲਈ ਮੇਰਾ ਘਰ ਛੱਡਣਾ ਹੀ ਸੀ। ਸੋ ਓਹ ਤੁਰ ਪਿਆ ਆਵਦੀ ਕੱਤਾਨੇ ਨਾਲ਼। ਦਵੰਦ ਜਾਣ ਕੇ ਟੋਲਦਾ ਸੀ। ਜਦ ਵੀਹਾਂ ਵਰ੍ਹਿਆਂ ਦਾ ਸੀ ਆਵਦੀ ਕਿਸਮਤ ਬਣਾਉਣ ਚੱਲੇਗਾ।ਮੈਂ ਉਸਨੂੰ ਜੋ ਸਿਖਾ ਸਕਦਾ, ਸਿਖਾ ਦਿੱਤਾ, ਰੱਬ ਬਾਰੇ ਜਾਂ ਹੋਰ ਵੀ ਇਲਮ।

ਬੇਨੋਸੁੱਕੇ ਆਸ਼ਰਮ'ਚ ਵੜਿਆ, ਪਰ ਮਿਯਾਮੋਤੋ ਮੁਸਾਸ਼ੀ ਹੀ ਨਿਕਲ ਗਿਆ। ਹੁਣ ਨੀਹੋਨ ਬੱਚਕੇ ਰਹਿਵੇ!

# ਖੋਜੀ

## ੧੬੦੨



ਪਤਝੜ ਦੀ ਵਜ੍ਹਾ, ਆਸ ਪਾਸ ਸਾਡੇ ਲਾਲ,ਅੰਬਰ,ਸੰਦਲੀ,ਸੋਨ ਰੰਗੇ, ਨਸਵਾਰੀ ਪੱਤੇ ਪੇੜਾਂ ਤੋਂ ਝੜਦੇ ਸਨ। ਇੰਝ ਮੈਨੂੰ ਲੱਗਾ ਜਿਵੇਂ ਧਰਤੀ ਤੇ ਖ਼ਾਕੀ ਪੱਤਿਆਂ ਦਾ ਬਹਿਰ ਬੈਠ ਗਿਆ ਸੀ। ਖਾਸ ਮੋਮੀਜੀ ਦਰਖ਼ਤ ਤੋਂ ਡਿੱਗ ਦੇ ਸੀ।ਅਸਮਾਨ ਦੀ ਭਾਹ ਵੀ ਕਪਾਹੀ ਰੰਗ ਸੀ। ਹਵਾ ਥੋੜ੍ਹੇਥੋੜ੍ਹੇ ਚਿਰ ਪਿੱਛੋਂ ਧਰਤੀ ਤੋਂ ਪੱਤਿਆਂ ਨੂੰ ਚੱਕ ਕੇ ਇਧਰ ਉਧਰ ਖਿੰਡਾ ਦਿੰਦੀ ਸੀ। ਮੈਂ ਖੜ੍ਹ ਗਿਆ ਅਤੇ ਮੇਰੇ ਕਰਾਏਦਾਰ ( ਜਿਹੜਾ ਆਵਦੇ ਘੋੜੇ ਤੇ ਬੈਠਾ ਸੀ) ਨੇ ਮੇਰੇ ਵੱਲ ਦੇਖ ਕੇ ਆਖਿਆ, - ਕੀ ਗੱਲ?-। ਮੈਂ ਉਸਦੇ ਸਵਾਲ ਦਾ ਜਵਾਬ ਬੋਲ ਕੇ ਨਹੀਂ ਦਿੱਤਾ ਪਰ ਧਰਤੀ ਤੇ ਹੱਥ ਫੇਰਕੇ ਪੱਤਿਆ ਹੇਠ ਇੱਕ ਖੂਹੀ ਨੰਗੀ ਕੀਤੀ। ਸਾਨੂੰ ਦੋਨਾਂ ਨੂੰ ਤੇਹ ਲੱਗੀ ਸੀ। ਕਈ ਦੇਰ ਦੇ ਯਾਤਰਾ ਕਰ ਰਹੇ ਸੀ। ਹੁਣ ਆਰਾਮ ਚਾਹੁੰਦੇ ਸੀ। ਖਾਸ ਮੈਂ, ਜੋ ਪੈਦਲ ਹੀ ਤੁਰਿਆ! ਖੂਹੀ ਵਿੱਚ ਰੱਸਾ ਲਟਕਦਾ ਸੀ। ਮੈਂ ਉਸ ਨੂੰ ਖਿਚਿਆ। ਇਹ ਵੇਖ ਕੇ ਕਰਾਏਦਾਰ ਖ਼ੁਸ਼ ਹੋ ਗਿਆ ਸੀ। ਆਵਦੇ ਘੋੜੇ ਤੋਂ ਉੱਤਰ ਗਿਆ। -ਵਾਹ! ਇੱਚੀ ਤੂੰ ਤਾਂ ਕਮਾਲ ਦਾ ਬੰਦਾ ਹੈਂ!-। ਮੈਂ ਉਸ ਦੇ ਸਾਹਮਣੇ ਰੱਸੇ ਨੂੰ ਖਿੱਚ ਕੇ ਇੱਕ ਚਰਸਾ ਉਪਰ ਲਿਆ ਦਿੱਤਾ। ਪਾਣੀ ਨਾਲ਼ ਭਰਿਆ ਸੀ। -ਲਉ- ਮੈਂ ਉਸਨੂੰ ਕਿਹਾ।

ਅਸੀਂ ਖੜੋਤੇ ਪਾਣੀ ਚਰਸੇ'ਚੋਂ ਪੀਂਦੇ ਸੀ ਜਦ ਸਾਡੀ ਨਜ਼ਰ ਦੂਰ ਤੱਕ ਰੁੱਕੀ। ਕੋਈ ਬੰਦਾ ਜਾਂ ਜਾਨਵਰ ਆਉਂਦਾ ਸੀ। ਦੂਰ ਕਰ ਕੇ ਇੱਕ ਕਾਲਾ ਆਭਾਸ ਲੱਗਦਾ ਸੀ। ਅਸੀਂ ਦੋਨੋਂ ਚੁੱਪ ਚਾਪ ਖੜ੍ਹੇ ਰਹੇ। ਹਾਰ ਕੇ ਪਤਾ ਲੱਗਿਆ ਕਿ ਜਾਨਵਰ ਨਹੀਂ ਸੀ, ਪਰ ਕੋਈ ਆਦਮੀ ਆ ਰਿਹਾ ਸੀ। ਇੱਕ ਕਲੰਕ ਪੀਲੇ ਲਾਲ ਪੱਤਿਆਂ ਵਿੱਚ।ਹੌਲੀਹੌਲੀ ਉਸਦਾ ਪਰਛਾਵਾਂ ਢਲ਼ਿਆ। ਫਿਰ ਹੈਰਾਨੀ ਦੀ ਗੱਲ ਹੋਈ। ਉਸ ਵੱਲੋਂ ਇੱਕ ਤੀਰ ਮੇਰੀ ਬਾਂਹ ਵਿੱਚ ਲੰਘਿਆ! ਮੈਂ ਉੱਚੀ ਚੀਕ ਮਾਰੀ ਤੇ ਚੜਸਾ ਛੱਡ ਦਿੱਤਾ, ਰੱਸੇ ਸਣੇ ਖੂਹੀ'ਚ ਜਾ ਡਿੱਗ ਪਿਆ। ਮੇਰਾ ਕਰਾਏਦਾਰ ਜਿਸ ਦਾ ਨਾਂਅ ਗੇਂਚਿਨ ਸੂਜ਼ੂਕੀ ਸੀ, ਡਰ ਕੇ ਆਵਦੇ ਘੋੜੀ ਪਿੱਛੇ ਨੱਸ ਗਿਆ। ਫਿਰ ਦੂਜਾ ਤੀਰ ਮੇਰੇ ਪੈਰ ਕੋਲ਼ ਆ ਕੇ ਧਰਤੀ'ਚ ਖੁੱਭਿਆ। ਸੂਜ਼ੂਕੀ ਹੁਣ ਰੁੱਖਾਂ ਪਿੱਛੇ ਦੌੜ ਗਿਆ। ਮੈਂ ਦੁੱਖ ਵਿੱਚ ਸੀ ਕਰਕੇ ਕਿੱਥੇ ਨੱਠਣ ਜੋਗਾ ਨਹੀਂ ਸੀ। ਹੌਲੀਹੌਲੀ ਸਾਇਆ ਦੇ ਥਾਂ ਸਾਫ ਬੰਦਾ ਦਿਸਦਾ ਸੀ। ਜਿਹੜਾ ਮਰਜ਼ੀ ਬੰਦਾ ਨਹੀਂ, ਪਰ ਇੱਕ ਜਵਾਨ ਸਮੁਰਾਈ। ਉਸ ਹੀ ਵੇਲੇ ਮੈਨੂੰ ਸਮਝ ਆ ਗਈ ਕਿਉਂ ਮੇਰੇ ਵੱਲ ਤੀਰ ਛੱਡੇ ਸੀ। ਮੈਂ ਧਾੜਵੀ ਤਾਂ ਹੈ ਨਹੀਂ ਸੀ ਪਰ ਆਮ ਬੰਦਾ ਸੀ… ਇੱਕ ਜੱਟ।ਜੱਟਾਂ ਕੋਲ਼ ਹੱਕ ਨਹੀਂ ਸੀ ਇਸ ਖੂਹੀ'ਚੋਂ ਪਾਣੀ ਪੀਣ। ਇਹ ਸਮੁਰਾਈਆਂ ਅਤੇ ਉਨ੍ਹਾਂ ਦੇ ਟੱਬਰਾਂ ਲਈ ਸੀ। ਪਰ ਸੂਜ਼ੂਕੀ ਵੀ ਉਨ੍ਹਾਂ'ਚੋਂ ਹੀ ਸੀ। ਗੱਲ ਹੈ ਇਸ ਬੰਦੇ ਨੇ ਮੈਨੂੰ ਦੇਖਿਆ ਪੀਂਦੇ ਨੂੰ। ਮੇਰੇ ਲੀੜਿਆਂ ਤੋਂ ਪਛਾਣ ਲਿਆ ਕਿ ਮੈਂ ਕਿਹੜੀ ਜਾਤ ਦਾ ਸੀ! ਹੌਲੀਹੌਲੀ ਨੇੜੇ ਆ ਗਿਆ। ਮੈਂ ਹੁਣ ਭੁੰਜੇ ਪਿਆ ਸੀ, ਤੀਰ ਦਾ ਖੰਭਰ ਫੜ੍ਹ ਕੇ। ਦੂਜੇ ਪਾਸੇ ਹੋ ਸਕਦਾ ਉਨ੍ਹੇਂ ਮੈਨੂੰ ਡਾਕੂ ਹੀ ਸਮਝਿਆ ਹੋਵੇ। ਇਸ ਲਈ ਮੈਂ ਕੁਰਲਾਕੁਰਲਾ ਕੇ ਕਿਹਾ, - ਸਰਦਾਰ ਜੀ, ਮੈਂ ਚੋਰ ਨਹੀਂ ਐ! ਚੋਰ ਨਹੀਂ ਐ!-।

-ਤੂੰ ਹੈ ਕੌਣ?-

-ਜੀ ਇੱਕ ਖੋਜੀ..ਮੇਰਾ ਨਾਂ ਇੱਚੀਗੁਰੂ ਹੈ..ਜੀ ਉਸਦਾ ਖੋਜੀ..- ਮੇਰੀ ਕੰਬਦੀ ਕਲਾਈ ਰੁੱਖ ਵੱਲ ਵੱਧੀ ਜਿੱਥੇਂ ਸੂਜ਼ੂਕੀ ਲੁਕਿਆ ਸੀ।ਅਜਨਬੀ ਦੀਆਂ ਅੱਖਾਂ ਉਂਗਲੀ ਨਾਲ਼ ਹੀ ਦਰਖਤ ਵੱਲ ਟਿੱਕੀਆਂ। ਫਿਰ ਉਸਨੇ ਸੂਜ਼ੂਕੀ ਨੂੰ ਬੋਲਿਆ, - ਓਏ… ਬਾਹਰ ਆਂ! ਦੇਖਿਆ ਤੈਨੂੰ ਖੱਸਿਆ! ਆਹੋ। ਇਹ ਗੱਲ ਹੋਈ ਨਾ! ਤੇਰਾ ਨੌਕਰ, ਤੂੰ ਸਮਾਂ ਡਰ ਕੇ ਲੁਕ ਗਿਆ! ਕੱਪੜੇ ਪਾਏ ਸਮੁਰਾਈ ਦੇ, ਪਰ ਆਚਰਨ ਹੈ ਕੋਈ ਟੁੱਟੇ ਫੁੱਟੇ ਕਾਮੇ ਦਾ!-।

ਸੂਜ਼ੂਕੀ ਹੌਲੀਹੌਲੀ ਡਰਦਾ ਪੇੜ ਪਿੱਛੋਂ ਨਿੱਕਲ ਗਿਆ। ਉਸਨੇ ਡਰ ਕੇ ਸਮੁਰਾਈ ਨੂੰ ਆਖਿਆ, - ਤੂੰ ਕੌਣ ਐ? ਮੇਰੇ ਖੋਜੀ ਤੇ ਤੀਰ ਕਿਉਂ ਛੱਡਿਆ? ਹੈ? ਮੈਨੂੰ ਕਮਦਿਲ ਆਖਦਾ!ਕਾਸ਼!-।

-ਦੂਰੋਂ ਲੱਗਾ ਤੂੰ ਕੋਈ ਯਾਤਰੀ ਸੀ ਜਿਸ ਨੂੰ ਡਾਕੂ ਨੇ…ਚੱਲ ਕੋਈ ਫਰਕ ਨ੍ਹੀਂ। ਮਾਫ ਕਰਨਾ ਇੱਚੀ। ਆਂ ਉੱਠ। ਹਾਂ। ਮੈਂ ਇਸ ਨੂੰ ਕੱਢਦਾ। ਓਏ ਮਦਦ ਕਰ-

-ਓਏ ਨਾ ਕਹਿ! ਨਾਂਅ ਮੇਰਾ ਹੈ ਸੂਜ਼ੂਕੀ।ਗੇਂਚਿਨ ਸੂਜ਼ੂਕੀ।-

- ਜੋ ਮਰਜ਼ੀ। ਮਦਦ ਕਰ। ਸਾਨੂੰ ਅੱਗ ਜਲਾਉਣ ਦੀ ਲੋੜ ਐ। ਮੈਂ ਡੱਕੇ ਲਿਆਉਂਦਾ ਆਂ। ਇਸ ਦੇ ਨਾਲ਼ ਰਹਿਣਾ।ਫਿਰ ਮੈਂ ਆਖੂਗਾ ਤੁਸੀਂ ਦੋਨੋਂ ਇੱਥੋਂ ਕੀ ਕਰ ਰਹੇ ਹੋ-। ਉਸ ਆਦਮੀ ਨੇ ਆਲ਼ੇ ਦੁਆਲ਼ੇ ਤੋਂ ਕੁੱਝ ਝਾਂਗੀਆਂ ਲਿਆਂਦੀਆਂ। ਫਿਰ ਇੱਕ ਝੰਗੀ ਨੂੰ ਦੂਜੀ ਤੇ ਝੱਸਕੇ ਅੱਗ ਸ਼ੁਰੂ ਕਰ ਦਿੱਤੀ। ਜਿਹੜਾ ਤੀਰ ਮੇਰੀ ਬਾਂਹ'ਚ ਸੀ ਉਸਦੇ ਬਾਣ'ਚ ਇੱਕ ਝਿਰੀ ਕੱਟੀ। ਆਵਦੀ ਜੇਬ'ਚੋਂ ਇੱਕ ਬਟੂਆਂ ਕੱਢ ਲਿਆ। ਇਸ ਬਟੂਏ'ਚੋਂ ਬਰੂਦ ਨਿਕਾਲ ਕੇ ਜਿਹੜੀ ਝਿਰੀ ਬਾਣ ਨਾਲ਼ ਚੀਰੀ ਸੀ ਉਸ ਵਿੱਚ ਭਰ ਦਿੱਤੀ। ਫਿਰ ਦਸਣ ਤੋਂ ਬਿਨ੍ਹਾਂ ਅੱਗ'ਚੋਂ ਇੱਕ ਡੱਕਾ ਚੱਕ ਕੇ ਬਰੂਦ ਨੂੰ ਬਾਲ਼ ਦਿੱਤਾ। ਜਦ ਠੁੱਸ ਚੱਲੀ ਮੈਂ ਤਾਂ ਲੇਰ ਕੱਢੀ…ਉਸ ਹੀ ਵੇਲੇ ਉਸਨੇ ਤੀਰ ਖਿੱਚ ਕੇ ਕੱਢ ਦਿੱਤਾ!।ਉਸਨੇ ਫਿਰ ਮਾਸ ਨੂੰ ਅੱਗ ਲਾ ਕੇ ਜਖਮ

ਬੰਦ ਕਰ ਦਿੱਤਾ ਸੀ। ਬਿੰਦ ਬਾਅਦ ਮੈਨੂੰ ਅਰਾਮ ਆਇਆ। ਹਾਲੇ ਮੇਰਾ ਕੋਈ ਹਾਲ਼ ਨਹੀਂ ਸੀ ਕਿੱਤੇ ਜਾਣ। ਇਸ ਲਈ ਮੈਨੂੰ ਥੱਲੇ ਪਾ ਕੇ ਅੱਗ ਦੁਆਲ਼ੇ ਸੂਜ਼ੂਕੀ ਨਾਲ਼ ਬਹਿ ਗਿਆ। ਸੂਜ਼ੂਕੀ ਨੇ ਉਸ ਨੂੰ ਪਹਿਲਾਂ ਸਵਾਲ ਆਖਿਆ।

-ਸਰਦਾਰ ਜੀ, ਤੂੰ ਸਾਨੂੰ ਦਸ ਤੂੰ ਕੌਣ ਹੈ। ਅਸੀਂ ਤਾਂ ਯਾਤਰੀ ਹਾਂ। ਹੋਰ ਕੁੱਝ ਨਹੀਂ। ਇੱਚੀ ਮੇਰਾ ਖੋਜੀ ਹੈ। ਮੈਨੂੰ ਗਿਫੂਜੋਗੜ੍ਹ ਲੈ ਕੇ ਚੱਲਾ। ਮੈਂ ਉਸ ਥਾਂ ਮੁਨੀਮ ਦੀ ਨੌਕਰੀ ਲਈ ਐ।-

- ਨਾਂ ਮੇਰਾ ਮੁਸਾਸ਼ੀ ਐ। ਲੋਕ ਮਿਯਾਮੋਤੋ ਬੁਲਾਉਂਦੇ ਨੇ।ਫੁਸ਼ੀਮੀਜੋਗੜ੍ਹ ਤੇ ਹਮਲਾ ਹੋਇਆ ਸੀ। ਮੈਂ ਉਸ ਹਮਲੇ ਸੰਗਰਾਮੀਆ ਸੀ।-

- ਫਿਰ ਤੂੰ ਹੁਣ ਨਵੀਂ ਨੌਕਰੀ ਟੋਲਦਾਂ? ਰੋਨਿਨ ਹੈ?-

-ਨਹੀਂ। ਮੈਂ ਆਵਦੀ ਮਾਂ ਨੂੰ ਭਾਲਣ ਦੀ ਕੋਸ਼ਿਸ਼ ਕਰ ਰਿਹਾ ਹੈ। ਸੁਣਿਆ ਇਸ ਇਲਾਕੇ'ਚ ਰਹਿੰਦੀ ਐ। ਹਿਰਾਫੂਕੁ ਪਿੰਡ ਵਿੱਚ ਰਹਿੰਦੀ ਐ। ਟਸੁਮੀ ਖਾਨਦਾਨ ਦੀ ਐ, ਪਰ ਹੋ ਸਕਦਾ ਹੋਰ ਵਿਆਹ ਕਰ ਲਿਆ। ਪਹਿਲਾਂ ਟਸੁਮਿਆਂ ਨੂੰ ਟੋਲਦਾ ਐ-

- ਇਹ ਪਿੰਡ ਤਾਂ ਸੂਜ਼ੂਕੀ  ਦੇ ਗਿਫੂਜੋਗੜ੍ਹ ਨੇੜੇ ਹੈ-, ਮੈਂ ਮਸਾਂ ਬੋਲਿਆ। ਇਹ ਗੱਲ ਸੁਣ ਕੇ ਸੂਜ਼ੂਕੀ ਤਾਂ ਜੁਸ਼ੀਲਾ ਹੋ ਗਿਆ ਸੀ। ਉਸਨੇ ਕੋਸ਼ਿਸ਼ ਕੀਤੀ ਮਿਯਾਮੋਤੋ ਨੂੰ ਯਕੀਨ ਦਿਵਾਉਣ ਕਿ ਸਾਡੇ ਨਾਲ਼ ਆਵੇਂ ਤੇ ਨਾਲ਼ੇ ਹਿਰਾਫੂਕੁ ਪਿੰਡ'ਚ ਮਾਂ ਬਾਰੇ ਪਤਾ ਲੈ ਸਕਦਾ, ਨਾਲ਼ੇ ਹੋ ਸਕਦਾ ਗਿਫੂਜੋਗੜ੍ਹ ਦਾ ਸਾਮੰਤ ਉਹਨੂੰ ਸਮੁਰਾਈ ਦੀ ਕਾਬਲ ਨੌਕਰੀ ਦਿਵਾਦੂੰਗਾ! ਮੈਂ ਨੀਝ ਨਾਲ਼ ਮਿਯਾਮੋਤੋ ਵੱਲ ਝਾਕਿਆ। ਲੱਗਦਾ ਤਾਂ ਹੈ ਨਹੀਂ ਸੀ ਕਿ ਸਾਡੇ ਨਾਲ਼ ਸਫਰ ਤੇ ਜਾਊਗਾ। ਮੈਨੂੰ ਹਾਲੇ ਉਸ ਨਾਲ ਗੁੱਸਾ ਸੀ। ਬਾਂਹ ਬਹੁਤ ਦੁੱਖਦੀ ਸੀ। ਸੂਜ਼ੂਕੀ ਕਾਹਲਾ ਸੀ ਇੱਕ ਦਮ ਜਾਣ ਨੂੰ, ਪਰ ਮਿਯਾਮੋਤੋ ਨੇ ਸਾਫ ਦੇਣੀ ਕਿਹਾ ਇੱਚੀ ਨੂੰ ਅਰਾਮ ਕਰਨ ਦੇ। ਮੈਂ ਆਵਦੇ ਹਰਖ ਨੂੰ ਹਜ਼ਮ ਕੀਤਾ। ਹੋ ਸਕਦਾ ਇਹ ਸਮੁਰਾਈ ਹੋਰਾਂ ਵਰਗਾ ਨਹੀਂ ਐ?

ਮੈਂ ਆਪਣੇ ਆਪ ਨੂੰ ਸਿੱਧਾ ਕਰਕੇ ਮਿਯਾਮੋਤੋ ਵੱਲ ਗਹੁ ਨਾਲ਼ ਦੇਖਿਆ। ਉਮਰ ਵਿੱਚ ਵੀਹ ਸਾਲ ਦੇ ਕਰੀਬ ਲੱਗਦਾ ਸੀ। ਸਿਰ ਤੇ ਜੂੜਾ ਸੀ, ਨੱਕ ਹੇਠ ਮੱਸ ਸੀ ਅਤੇ ਮੂੰਹ ਬਾਹਾਂ ਤੇ ਚੰਬਲ ਦਿਸਦੀ ਸੀ।ਕਿਮੋਨੋ ਕਕਰੋਜ਼ਾ ਰੰਗ ਦਾ ਸੀ ਅਤੇ ਹਕਾਮਾ ( ਇੱਕ ਲਹਿੰਗਾ ਜਿਹੜੇ ਸਮੁਰਾਈ ਹੀ ਪਾਉਂਦੇ ਸੀ ਸੋ ਘੋੜੇ ਤੇ ਅਰਾਮ ਨਾਲ਼ ਬੈਠ ਸਕਦਾ ਸੀ ਜਾਂ ਲੜਾਈ ਵਿੱਚ ਜੇ ਕਿ ਬਹੁਤਾ ਨੇੜੇ ਹੋ ਗਿਆ ਉਸਨੂੰ  ਠੁਕਰਾ ਸਕਦੇ ਨੇ) ਸੂਹੇ ਰੰਗ ਦਾ।ਕਮਰਬੰਦ'ਚ ਦੋ ਤਲਵਾਰਾਂ ਤੁੰਨੀਆਂ ਸੀ। ਇੱਕ ਕਟਾਨਾ, ਇੱਕ  ਨਿੱਕੀ ਸਰੋਹੀ। ਇਸ ਤੋਂ ਬਿਨ੍ਹਾਂ ਭੱਥਾ ਤੇ ਧਣਖ ਸੀ। ਅੱਖਾਂ ਤਿੱਖੀਆਂ ਸਨ, ਉਸਦੀਆਂ।

ਸੋਚਾਂ'ਚ ਪਿਆ ਸੀ ਮਿਯਾਮੋਤੋ। ਉਸ ਤੇ ਸੂਜ਼ੂਕੀ ਹਾਲੇ ਵੀ ਆਵਦਾ ਰਸੂਖ ਚਲਾਉਂਦਾ ਸੀ। ਹਾਰ ਕੇ ਸੁਮਰਾਈ ਬੋਲਿਆ, - ਮੈਂ ਜਾਂਦਾ ਥੋਡੇ ਨਾਲ਼ ਗਿਫੂਜੋਗੜ੍ਹ ਵੱਲ। ਮੈਨੂੰ ਹਿਰਾਫੂਕੁ ਪਿੰਡ'ਚ ਛੱਡ ਦਿਓ। ਅੱਛਾ ਅੱਗ ਬਲ ਰਹੀ ਐ, ਤੇ ਭੁੱਖ ਤੇਹ ਲੱਗੀ ਐ। ਇੱਚੀ ਤੂੰ ਇੱਥੇਂ ਬੈਠਾ ਰਹਿ।ਤੇ ਤੂੰ ਸੂਜ਼ੂਕੀਆ, ਮੇਰੇ ਨਾਲ਼ ਆ-।

- ਕਿੱਥੇਂ?-, ਉਸਨੇ ਘਬਰਾ ਕੇ ਆਖਿਆ।

- ਸ਼ਿਕਾਰ ਕਰਨ-। ਇਹ ਕਹਿਕੇ ਮਿਯਾਮੋਤੋ ਉੱਠ ਕੇ ਆਵਦਾ ਧਨੁਸ਼ ਚੱਕ ਕੇ ਦਰੱਖ਼ਤਾਂ ਵੱਲ ਟਹਿਲਣ ਚਲਾ ਗਿਆ ਸੀ। ਪਹਿਲਾ ਸੂਜ਼ੂਕੀ ਉਸ ਵੱਲ ਝਾਕਿਆ। ਜਦ ਘੁੰਮ ਕੇ ਮਿਯਾਮੋਤੋ ਨੇ ਕਿਹਾ, - ਆ ਜਾ ਫੇਰ-, ਡਰਦਾ'ਡਰਦਾ ਮਗਰ ਤੁਰ ਪਿਆ। ਮੈਂ ਖੁਦ ਸੋਚਾਂ ਵਿੱਚ ਪੈ ਗਿਆ ਸਾਂ। ਇਹ ਮਿਯਾਮੋਤੋ ਕਿਸ ਤਰ੍ਹਾਂ ਦਾ ਸਮੁਰਾਈ ਹੈ? ਆਮ ਸਮੁਰਾਈ ਨੇ ਸੂਜ਼ੂਕੀ ਵਰਗੇ ਸਮੁਰਾਈ ਜਾਤੀ ਨੂੰ ਅੱਖਾਂ ਤੇ ਬਿਠਾਉਣਾ ਸੀ। ਇਹਨੇ ਤਾਂ ਸੂਜ਼ੂਕੀ ਦਾ ਅਪਮਾਨ ਕੀਤਾ ਹੈ? ਸਗੋਂ ਮੈਂ, ਤੇਰਾ ਜੱਟ ਖੋਜੀ ਦਾ ਤਾਂ ਚੰਗੀ ਤਰ੍ਹਾਂ ਇਲਾਜ ਕਰ ਰਿਹਾ ਹੈ। ਕੀ ਪਤਾ ਤਾਂ ਹੀ ਹੈ ਕਿਉਂਕਿ ਉਸਦੀ ਵਜ੍ਹਾ ਤਾਂ ਮੈਂ ਇਸ ਹਾਲ'ਚ ਸਾਂ? ਹੋ ਸਕਦਾ ਨੌਜਵਾਨ ਹਾਲੇ ਇਆਣਾ ਹੀ ਸੀ। ਅੱਗ ਸਾਹਮਣੇ, ਲਾਲ ਪੀਲੇ ਪੱਤਿਆਂ ਉੱਪਰ ਬੈਠੇ ਮੈਨੂੰ ਨਹੀਂ ਪਤਾ ਕਦ ਨੀਂਦ ਨੇ ਬੰਧਕ ਬਣਾਲਿਆ ਸੀ। ਜਦ ਉੱਠਿਆ, ਉਹ ਦੋਨੋਂ ਨਾਲ਼ ਬੈਠੇ ਸਨ, ਅੱਗ ਉੱਪਰ ਇੱਕ ਜਾਨਵਰ ਰੜ੍ਹਦਾ ਸੀ।

- ਕਿਉਂ ਇੱਚੀ, ਠੀਕ ਠਾਕ ਐ? ਐ ਖਾ-, ਮਿਯਾਮੋਤੋ ਮੁਸਕ੍ਰਾ ਕੇ ਬੋਲਿਆ।

- ਆਹੋ..- ਮੈਂ ਮਸੀ ਦੇਣੀ ਜਵਾਬ ਵਾਪਸ ਦਿੱਤਾ।

- ਲੈ ਖਾ ਫੇਰ-। ਦਰਅਸਲ ਮੈਨੂੰ ਬਹੁਤ ਭੁੱਖ ਲਗੀ ਸੀ, ਸੋ ਮੈਂ ਚੱਟ ਕਰ ਖਾਧਾ।ਸੂਜ਼ੂਕੀ ਚੁੱਪ ਚਾਪ ਹੋ ਕੇ ਖਾ ਰਿਹਾ ਸੀ। ਕੁੱਝ ਨਹੀਂ ਬੋਲਿਆ। ਮੈਂ ਉਸ ਨੂੰ ਗੁੰਗੇ ਹਾਲ'ਚ ਦੇਖ ਕੇ ਹੈਰਾਨ ਸੀ। ਆਮ ਤਾਂ ਚਿੜਚਿੜ ਕਰਦਾ ਹੁੰਦਾ ਸੀ। ਕੀ ਪਤਾ

ਜਦ ਸ਼ਿਕਾਰ ਕਰਨ ਗਏ, ਕੀ ਹੋਇਆ ਸੀ? ਜਦ ਸਭ ਰੱਜ ਗਏ ਸੀ, ਅੱਗ ਬੁਝਾ ਦਿੱਤੀ ਅਤੇ ਗੱਲ ਤੁਰ ਪਈ ਕਿ ਮੈਂ ਉਨ੍ਹਾਂ ਕਿਸ ਤਰ੍ਹਾਂ ਲੈ ਕੇ ਜਾ ਸਕਦਾ ਸੀ।

ਮਿਯਾਮੋਤੋ ਦੀਆਂ ਅੱਖਾਂ'ਚ ਚਿਲਕਾਰਾ ਭੰਗੜਾ ਪਾਉਣ ਲੱਗ ਪਿਆ। ਉਸਨੇ ਸ਼ੋਖ ਕੇ ਮਸ਼ਵਰਾ ਦਿੱਤਾ, - ਅਸੀਂ ਇੱਦਾਂ ਕਰਦੇ ਆ। ਇੱਚੀ ਤੂੰ ਸੂਜ਼ੂਕੀ ਦੇ ਘੋੜੇ ਤੇ ਸਵਾਰ ਹੋ ਜਾਹ, ਅੱਛਾ? ਤੂੰ ਹੀ ਰਾਹ ਜਾਣਦਾ...-

- ਇਹ ਕੀ ਕਹਿਣੇ ਐ? ਘੋੜਾ ਮੇਰਾ ਹੈ..ਇਹ ਤਾਂ ਖੋਜੀ ਹੈ, ਨਾ ਕੇ ਖੱਤਰੀ..-

- ਸੂਜ਼ੂਕੀਆ ਇੱਕ ਪਲ ਲਈ ਤਾਂ ਚੁੱਪ ਹੋ ਜਾਹ! ਜਾਤ ਪਾਤ ਦੀ ਪੁੱਠੀ ਗੱਲ ਨਾ ਵਿੱਚ ਲਿਆ! ਖੁਦਦਾਰੀ ਪਾਸੇ ਸੁੱਟ! ਬੇਸੂਝ ਨਾ ਬਣ! ਇਹ ਹਾਲ ਮੈਂ ਇਹਦਾ ਬਣਾਇਆ। ਇਸ ਬਹਾਲ ਹਾਲ'ਚ ਇਸ ਨੇ ਕਿਵੇਂ ਸਾਨੂੰ ਰਾਹੇ ਪਾਉਣਾ? ਜ਼ਰਾ ਸੋਚ ਠੰਡੇ ਦਿਮਾਗ਼ ਨਾਲ਼। ਇੱਚੀ ਅੱਗ੍ਰੇ ਘੋੜੇ ਤੇ ਤਾਂ ਅਸੀਂ ਪੈਦਲ। ਮੇਰੀ ਮਦਦ ਕਰ ਇਸ ਨੂੰ ਘੋੜੇ ਤੇ ਬਿਠਾਉਣ..ਦੱਬਾ ਸੱਟ!-। ਵਿਚਾਰਾ ਸੂਜ਼ੂਕੀ ਕੁੱਝ ਕਹਿਣ ਜੋਗਾ ਨਹੀਂ ਰਿਹਾ। ਉਹ ਇਹ ਨੌਜਵਾਨ ਸਮੁਰਾਈ ਤੋਂ ਸਾਫ ਡਰਦਾ ਸੀ।ਉਨ੍ਹਾਂ ਨੇ ਮੈਨੂੰ ਘੋੜੇ ਤੇ ਬਿਠਾ ਦਿੱਤਾ। ਵਿੰਗੇ ਮੂੰਹ ਨਾਲ਼ ਸੂਜ਼ੂਕੀ ਮੇਰੇ ਅਤੇ ਮਿਯਾਮੋਤੋ ਦੇ ਮਗਰ ਰੁਮਕ ਕੇ ਆਇਆ। ਗੱਲ ਤਾਂ ਉਸ ਨੇ ਢਿੱਡ ਵਿੱਚੋਂ ਕੱਢ ਲਈ ਹਾਰਕੇ, - ਇਹ ਇੱਚੀ ਮੈਂ ਅੱਧਾ ਕਰਾਇਆ ਹੀ ਦੇਣਾ! ਸਮਝਿਆ!-।

- ਤੂੰ ਛੱਡ ਉਹਨੂੰ!- ਮਿਯਾਮੋਤੋ ਨੇ ਝਾੜਿਆ, ਉਸਨੂੰ।

ਇਸ ਤਰ੍ਹਾਂ ਤਿੰਨੇ ਜਣੇ ਪੈਂਡੇ ਪਏ। ਮੈਂ ਪਹਿਲਾ, ਘੋੜੇ ਉੱਤੇ ਜਿੱਦਾਂ ਕੋਈ ਰਾਣਾ ਹੋਵੇ, ਮੇਰੇ ਪਿੱਛੇ ਮਿਯਾਮੋਤੋ, ਬਾਹਾਂ ਕਿਮੋਨੋ ਦੀਆਂ ਆਸਤੀਨਾਂ'ਚ, ਅਤੇ ਪੂਛਲ ਸੂਜ਼ੂਕੀ ਭਰਿਆ ਪੀਤਾ। ਹੌਲੀਂਹੌਲੀ ਅਸੀਂ ਜੰਗਲਾਂ'ਚੋਂ ਬਾਹਰ ਆ ਗਏ ਸੀ, ਖੇਤਾਂ ਵੱਲ, ਜਿੱਥੇਂ ਧਰਤੀ ਤੇ ਘੱਟ ਪੱਤੇ ਸਨ। ਮੈਂ ਉਂਗਲ ਵੱਧਾ ਕੇ ਦਿਖਾਇਆ ਕਿਸ ਰਾਹ ਫੜ੍ਹਣਾ ਸੀ। ਚੁੱਪ ਚਾਪ ਮੇਰੇ ਮਗਰ ਤੁਰੀ ਗਏ, ਇੱਕ ਘਸੁੰਨ ਵੱਟਾ, ਇੱਕ ਸੋਚਾਂ'ਚ ਰੁੱਝਿਆ। ਮੈਂ ਹੁਣ ਮਿਯਾਮੋਤੋ ਨੂੰ ਮਾਫ਼ ਕਰ ਦਿੱਤਾ ਸੀ। ਉਸਨੂੰ ਤਾਂ ਕੁੱਝ ਕਿਹਾ ਨਹੀਂ, ਪਰ ਮਨ ਵਿੱਚ ਮਾਫ਼ ਕਰ ਦਿੱਤਾ ਸੀ। ਸਾਡੀਆਂ ਜਾਤਾਂ ਦਾ ਰਿਸ਼ਤਾ ਤਾਂ ਤੇਲ ਪਾਣੀ ਵਰਗਾ ਸੀ..ਕਦੀ ਦੋਨੋ ਰਲ਼ਦੇ ਨਹੀਂ ਸੀ... ਪਰ ਮਿਯਾਮੋਤੋ ਨੇ ਤਾਂ ਨਹੁੰ ਮਾਸ ਦਾ ਰਿਸ਼ਤਾ ਬਣਾ ਦਿੱਤਾ ਸੀ। ਮੈਨੂੰ ਇਹ ਮੁੰਡਾ ਚੰਗਾ ਲੱਗਿਆ। ਇਸ ਤਰ੍ਹਾਂ ਪਤੇਸਤਾਨ'ਚੋਂ ਨਿੱਕਲ਼ ਗਏ ਸੀ, ਤੇ ਖੇਤਾਂ ਦੇ ਲੰਬੇ ਲੰਬੇ ਘਾਹਾਂ'ਚ ਸਫਰ ਦੇ ਰਾਹ ਪਏ।

ਦਿਨ ਆਵਦੇ ਮੰਜੇ ਤੇ ਪੈ ਗਿਆ ਅਤੇ ਰਾਤ ਉੱਠ ਖਲੋਈ ਆਪਣੀ ਸੇਜ ਤੋਂ। ਜ਼ੁੰਮੇ ਵੱਟ ਕੇ ਹੁਣ ਰਾਤ ਸਾਡੇ ਤੇ ਅੱਖ ਰੱਖਦੀ ਸੀ। ਪਤਾ ਨਹੀਂ ਕਿਉਂ ਸੂਰਜ ਦੀ ਧੁੱਪ ਚੰਗੀ ਹੈ, ਤੇ ਰਾਤ ਦਾ ਚਾਨਣ ਨਹੀਂ ਉਸ ਤਰ੍ਹਾਂ ਦੇਖਿਆ ਜਾਂਦਾ। ਮਤਲਬ ਦਿਨ ਕਿਉਂ ਪੁਰਖ ਹੈ ਅਤੇ ਰਾਤ ਕਿਉਂ ਨਾਰੀ ਹੈ? ਹਰ ਵੇਲੇ ਮੈਂ ਦੇਖਦਾ ਧਨਾਤਮਿਕ ਲਫਜ਼ ਮਰਦ ਪੁਲਿੰਗ ਹੁੰਦੇ ਅਤੇ ਨਕਾਰਾਤਮਿਕ ਸ਼ਬਦ ਹਮੇਸ਼ਾ ਇਸਤਰੀ ਲਿੰਗ ਹੁੰਦੇ ਨੇ? ਲੇਕਿਨ ਮੈਂ ਤਾਂ ਹੋਰ ਹੀ ਰਾਹ ਤੁਰ ਪਿਆ! ਗੱਲ ਸੀ ਦਿਨ ਛਿੱਪ ਗਿਆ ਅਤੇ ਰਾਤ ਚੜ੍ਹ ਗਈ ਸੀ। ਹੁਣ ਸਵੇਰੇ ਉੱਠ ਕੇ ਅੱਧੇ ਦਿਨ ਵਿੱਚ ਗਿਫੂਜੋਗੜ੍ਹ ਪਹੁੰਚ ਜਾਣਾ ਸੀ। ਇਸ ਲਈ ਮੈਂ ਇਸ਼ਾਰਾ ਦਿੱਤਾ ( ਪਤਾ ਨਹੀਂ ਕਿਉਂ ਪਰ ਮਿਯਾਮੋਤੋ ਨੂੰ ਨਾ ਕੇ ਸੂਜ਼ੂਕੀ ਨੂੰ) ਅਸੀਂ ਇਹ ਰੁੱਖਾਂ ਕੋਲ਼ ਟਿਕ ਕੇ ਰਾਤ ਬਿਤਾਉਣੀ ਸੀ। ਮੈਂ ਘੋੜੇ ਤੋਂ ਉੱਤਰ ਕੇ ਇੱਕ ਖੁੰਘ ਤੇ ਬਹਿ ਗਿਆ। ਬਾਂਹ ਹਾਲੇ ਵੀ ਬਹੁਤ ਦੁਖਦੀ ਸੀ। ਸੂਜ਼ੂਕੀ ਨੇ ਖਿੱਝ ਕੇ ਆਵਦੇ ਘੋੜੇ ਦੀ ਵਾਗ ਫੜ੍ਹ ਕੇ ਉਸਨੂੰ ਪਾਸੇ ਲੈ ਗਿਆ ਅਤੇ ਦਰਖ਼ਤ ਦੀ ਛਾਂ ਹੇਠ ਟਹਿਣੀ ਨਾਲ਼ ਬੰਨ੍ਹ ਦਿੱਤਾ।

ਮਿਯਾਮੋਤੋ ਬਹਿਲਦਾ, ਬਾਹਾਂ ਹਾਲੇ ਵੀ ਕਿੱਥੇਂ ਕਿਮੋਨੋ'ਚ ਲੁੱਕੋਈਆਂ, ਸਾਡੇ ਦੋਨਾਂ ਵੱਲ ਝਾਕੀ ਗਿਆ। ਫਿਰ ਉੱਠ ਅੱਗ ਬਾਲਣ ਲੱਗ ਪਿਆ। ਬਾਹਾਂ ਕਿਮੋਨੋ'ਚੋਂ ਬਾਹਰ ਆ ਗਈਆਂ ਸਨ, ਜਿਵੇਂ ਕੋਈ ਕੱਛੂਕੁੰਮਾ ਦਾ ਸਿਰ ਬਾਹਰ ਆਉਂਦਾ ਸੀ। ਸੂਜ਼ੂਕੀ ਭੁੰਜੇ ਬੈਠ ਗਿਆ, ਪਰ ਉਸਨੂੰ ਖੁੱਡੇ ਲੱਗਾ ਕੇ ਮਿਯਾਮੋਤੋ ਸ਼ਿਕਾਰ ਕਰਨ ਚਲੇ ਗਿਆ ਸੀ। ਮੈਂ ਸੋਚਿਆ ਖਾਣਾ ਸਾਡੇ ਲਈ ਲਿਆਉਣ ਗਿਆ, ਫਿਰ ਅਸੀਂ ਕੀ ਕਰ ਰਹੇ ਸੀ? ਮੈਂ ਉੱਠ ਕੇ ਮਗਰ ਚਲੇ ਗਿਆ, ਸੂਜ਼ੂਕੀ ਨੂੰ ਆਵਦੀਆਂ ਨਾਸ਼ਾਦ ਸੋਚਾਂ'ਚ ਰਹਿਣ ਦਿੱਤਾ ਸੀ। ਅੱਗ ਪਿੱਛੇ ਉਸਦਾ ਮੁਖ ਲਾਲ ਪੀਲਾ ਲੱਗਦਾ ਸੀ।

ਹਨੇਰੇ'ਚ ਇੱਕ ਦਮ ਮਿਯਾਮੋਤੋ ਮੈਨੂੰ ਦਿਸਿਆ ਨਹੀਂ ਸੀ। ਪਰ ਜਦ ਨਿਗ੍ਹਾ ਰਾਤ ਦੇ ਰੰਗ ਨਾਲ਼ ਸੂਤ ਹੋ ਗਈ ਸੀ, ਮੈਨੂੰ ਦਿਸ ਪਿਆ, ਲੰਬੇ ਘਾਹ'ਚ ਪਿਆ, ਹੱਥ'ਚ ਧੰਨੁਸ, ਤੀਰ ਤਿਆਰ, ਉਸਦੇ ਨਜ਼ਰ ਇੱਕ ਨਿੱਕੇ ਜੇਰਜ ਉੱਤੇ ਬੈਠੀ। ਮੈਂ ਬਹੁਤ ਹੌਲੀ ਦੇਣੀ ਧਰਤੀ ਤੇ ਪੈ ਕੇ ਜੁਲਿਆ ਮਿਯਾਮੋਤੋ ਵੱਲ। ਉਸਨੂੰ ਪਤਾ ਲਗ ਗਿਆ ਸੀ ਕਿ ਮੈਂ ਉਸ ਨਾਲ਼ ਹੁਣ ਸੀ, ਪਰ ਉਸਨੇ ਕੋਈ ਇਸ਼ਾਰਾ ਨਹੀਂ ਕੀਤਾ। ਠਰੰਮ੍ਹੇ ਨਾਲ਼ ਬਾਣ ਖਿੱਚਿਆ। ਜਦ ਛੱਡਿਆ ਤੀਰ ਨੇ ਜਾਨਵਰ ਦੀ ਜਾਣ ਲੈ ਲਈ, ਪਰ ਸਾਡੇ ਲਈ ਹੁਣ ਕੁੱਝ ਖਾਣ ਲਈ ਸੀ। ਅਸੀਂ ਦੋਨੋਂ ਉੱਠ ਕੇ ਬੇਜਾਨ ਜੇਰਜ ਵੱਲ ਤੁਰ ਪਏ ਸੀ। ਇੰਝ ਇੱਕ ਹੋਰ ਸ਼ਿਕਾਰ ਵੀ ਮਾਰ ਕੇ ਸੂਜ਼ੂਕੀ ਕੋਲ਼ ਪਰਤੇ। ਉਹ ਹਾਲੇ ਵੀ ਕਬਜ਼ੀ ਜਾਪਦਾ ਸੀ। ਨਜ਼ਰ ਅੰਦਾਜ਼ ਕਰਕੇ ਉਸ ਨੇੜੇ ਬਹਿ ਗਏ। ਖਾਣ ਦੇ ਬਾਅਦ ਫੈਸਲਾ ਬਣਾਲਿਆ ਸੀ ਕਿ ਮੈਂ ਪਹਿਲਾਂ ਅੱਖ ਰਖੇਂਗਾ ਤੇ ਫਿਰ ਦੂਜੇ ਵਾਰੀ ਵਾਰੀ। ਬਾਂਹ ਨੂੰ ਫੜ੍ਹ ਕੇ ਦੋਨੋਂ ਸੁੱਤੇ ਸਮੁਰਾਈਆਂ ਵੱਲ ਦੇਖਦਾ ਸੀ। ਕਿੰਨੇ ਅਲੱਗ ਸੀ ਆਦਤਾਂ ਵਿੱਚ। ਪਰ ਇੰਨ੍ਹਾਂ ਦੀ ਕੌਮ ਰਾਜ ਕਰਦੀ ਸੀ ਤੇ ਸਾਡੇ ਵਰਗਿਆਂ ਨੂੰ ਕੁੱਝ ਨਹੀਂ ਸਮਝਦੇ ਸੀ।

ਮੈਂ ਸੋਚਦਾ ਸੀ ਕਿ ਮੁਲਕ ਵਿੱਚ ਕਿੰਨੇ ਲੱਖਾਂ ਲੱਖ ਗਰੀਬ ਆਦਮੀ ਨੇ ਜਿੰਨ੍ਹਾਂ ਕੋਲ਼ ਕੋਈ ਹੱਕ ਨਹੀਂ ਸੀ, ਪਰ ਇੰਨ੍ਹਾਂ ਕੋਲ਼ ਸਭ ਹੱਕ ਸਨ, ਕੇਵਲ ਇੰਨ੍ਹਾਂ ਦੇ ਜਨਮ ਕਰਕੇ। ਇਹ ਗੱਲ ਸਹੀ ਹੋ ਸਕਦੀ ਕਿ ਜਿਸ ਘਰ ਵਿੱਚ ਕੋਈ ਪੈਦਾ ਹੁੰਦਾ ਉਸ ਦੇ ਹਿਸਾਬ ਨਾਲ਼ ਉਸਨੂੰ ਸਮਝ ਪਹਿਲਾਂ ਹੀ ਕਹਿੰਦਾ, - ਇਹੀ ਤੇਰੀ ਕਿਸਮਤ ਹੈ?-। ਕੀ ਹੋਵੇਗਾ ਜੇ ਕਦੀ ਗਰੀਬ ਬੰਦੇ ਦਾ ਦਿਮਾਗ ਕੰਮ ਕਰਕੇ ਉਸਨੂੰ ਰਾਹ ਦੇਵੇ ਕਰਾਂਤੀ ਕਰਨ ਦਾ? ਫਿਰ ਸਮੁਰਾਈ ਆਵਦੀਆਂ ਕੱਟਾਨਿਆਂ ਨਾਲ਼ ਕਿੰਨਾ ਕੁ ਮਾਰ ਦੇਣਗੇ? ਹੇਠਲੀ ਉੱਤੇ ਆ ਜਾਣ ਨਾਲ਼ ਸਭ ਕੁੱਝ ਪੁੱਠਾ ਸਿੱਧਾ ਹੋ ਸਕਦਾ ਹੈ।ਇੱਦਾਂ ਦੀਆਂ ਸੋਚਾ ਸੋਚਦਾ ਮੈਂ ਦੋਨਾਂ ਤੇ ਅੱਖ ਰੱਖੀ ਅੱਧੀ ਰਾਤ ਤੀਕ। ਫਿਰ ਸੂਜ਼ੂਕੀ ਨੂੰ ਉਠਾਣਾ ਪਿਆ ਸੀ। ਘੁਰਕੀਆਂ ਮਾਰ ਕੇ ਮਸਾਂ ਤਿਆਰ ਹੋਇਆ ਨਿਗਰਾਨੀ ਕਰਨ ਲਈ, ਪਰ ਮੈਂ ਬਹੁਤੀ ਹੁਣ ਪਰਵਾਹ ਨਹੀ ਕੀਤੀ। ਮੈਂ ਅਰਾਮ ਨਾਲ਼ ਸੌਂ ਗਿਆ ਸਾਂ।

ਜਦ ਮੈਂ ਸਵੇਰੇ ਜਾਗ੍ਰਿਆ, ਸੂਜ਼ੂਕੀ ਹਾਲੇ ਘੁਰਾੜੇ ਮਾਰਦਾ ਸੀ। ਰੁੱਖ ਥੱਲੇ ਚੁੱਪ ਚਾਪ ਮਿਯਾਮੋਤੋ ਬੈਠਾ ਸੀ। ਮੂੰਹ ਵਿੱਚ ਘਾਹ ਡੰਡਲ਼ ਪਾਇਆ ਸੀ ਜਿਵੇਂ ਚੁਰਟ ਪੀਂਦਾ ਹੋਵੇ। ਮੈਂ ਉਸ ਨੂੰ ਪ੍ਰਣਾਮ ਕੀਤਾ। ਪਹਿਲਾ ਬੋਲਿਆ ਨਹੀਂ…ਫਿਰ ਉਸਨੇ ਮੈਨੂੰ ਕਿਹਾ, - ਮੇਰੀ ਗਲਤੀ ਸੀ ਕੱਲ੍ਹ। ਮਾਫ ਸੱਚ ਮੁੱਚ ਕਰ ਸਕਦੈ?-।

- ਜੀ ਹਾਂ-। ਉਸ ਦੀਆਂ ਖਾਖਾਂ ਉਪਰ ਗਈਆਂ। ਫਿਰ ਉੱਠ ਕੇ ਬੋਲਿਆ, - ਆਵਦੇ ਸਰਦਾਰ ਸੂਜ਼ੂਕੀ ਨੂੰ ਉਠਾਲ… ਮੈਂ ਛੇਤੀ ਮਾਂ ਵੱਲ ਪਹੁੰਚਣਾ ਚਾਹੁੰਦਾ ਆ। ਅੱਜ ਤੂੰ ਉਸਨੂੰ ਘੋੜੇ ਤੇ ਬੈਠਣ ਦੇਦੇ। ਨਹੀਂ ਹਾਲੇ ਵੀ ਮੂੰਹ ਉਸਦਾ ਵਿੰਗਾ ਟੇਡਾ ਹੀ ਰਹਿਣਾ। ਚੱਲ..-। ਮੈਂ ਸੂਜ਼ੂਕੀ ਨੂੰ ਹਲਾਕੇ ਜਗਾਇਆ। ਜਦ ਸਾਰਾ ਕੁੱਝ ਤਿਆਰ ਹੋ ਗਿਆ ਸੀ ਅਸੀਂ ਤੁਰ ਪਏ। ਐਤਕੀ ਮੈਂ ਮੂਹਰੇ ਗਿਆ, ਫਿਰ ਸੂਜ਼ੂਕੀ ਘੋੜੇ ਤੇ, ਤੇ ਪਹਿਲਾ ਵਾਂਗ ਮਿਯਾਮੋਤੋ ਸਾਡੇ ਮਗਰ ਪੈਦਲ ਤੁਰਦਾ। ਇਸ ਤਰ੍ਹਾਂ ਤੁਰਦੇ ਅਸੀਂ ਇੱਕ ਹੋਰ ਮੋਮੀਜੀ ਰੁੱਖਾਂ ਦੇ ਜੰਗਲ'ਚ ਦਖ਼ਲ ਹੋ ਗਏ ਸੀ। ਜਦ ਐਤਕੀ ਬਾਹਰ ਪੁੱਜੇ, ਸਾਡੇ ਸਾਹਮਣੇ, ਹੇਠ ਘਾਟੀ ਸੀ, ਜਿਸ ਦੇ ਵਿਚਾਲੇ ਇੱਕ ਖੇੜੀ ਖੜ੍ਹੀ ਸੀ। ਮੈਂ ਘੁੰਮ ਕੇ ਮਿਯਾਮੋਤੋ ਨੂੰ ਸੁਣਾਇਆ, - ਲਉ ਜੀ, ਹਿਰਾਫੂਕੁ-। ਉਸਨੇ ਸਾਡੇ ਅੱਗੇ ਹੋ ਕੇ ਮਾਂ ਦੇ ਪਿੰਡ ਵੱਲ ਝਾਕਿਆ। ਉਸ ਦੀਆਂ ਅੱਖਾਂ ਵਿੱਚ ਦਰਦਿਲਾ ਆਸ ਜਾਪਦਾ ਸੀ। ਗਰਾਂ ਦੇ ਕੁੱਝ ਘਰਾਂ'ਚੋਂ ਧੂੰਆ ਨਿਕਲ ਰਹਿਆ ਸੀ।ਧੂੰ ਗਗਨ ਨੂੰ ਛੂਹ ਰਿਹਾ ਸੀ , ਜਿਵੇਂ ਉਂਗਲੀਆਂ ਵੱਧ ਰਹੀ ਸਨ।

ਚੁੱਪ ਚਾਪ ਖਲੋਤਾ ਰਿਹਾ ਕਾਫੀ ਦੇਰ ਤੱਕ, ਬਾਹਾਂ ਆਵਦੇ ਕਿਮੋਨੋ'ਚ ਹਾਲੇ ਵੀ ਅਲੋਪ ਸਨ। ਮੈਨੂੰ ਨਹੀਂ ਪਤਾ ਮਾਂ ਪੁੱਤ ਦੇ ਵਿਚਕਾਰ ਕੀ ਹੋਇਆ ਸੀ, ਪਰ ਏਨਾ ਜਾਣਦਾ ਐ ਕਿ ਮਿਯਾਮੋਤੋ ਦਾ ਇੱਥੇਂ ਪਹੁੰਚਣਾ ਜ਼ਰੂਰੀ ਸੀ। ਉਸਨੂੰ ਪਿੰਡ ਵੇਖ ਕੇ ਸਕੂਨ ਆ ਗਿਆ ਸੀ। ਕੁੱਝ ਬੋਲਣ ਬਿਨ੍ਹਾਂ ਲੰਬੇ ਲੰਬੇ ਘਾਹ'ਚ ਗਹਾਂ ਤੁਰ ਪਿਆ ਸੀ। ਅਸੀਂ ਅਰਾਮ ਨਾਲ਼ ਮਗਰ ਪਿੰਡ ਵੱਲ ਗਏ। ਉਤਰਾਈ ਹੇਠ ਇੱਕ ਸੇਂਜੂ ਸੀ, ਜਿਸ ਵਿੱਚ ਕੁੱਝ ਕਿਸਾਨ ਆਵਦੇ ਚੌੜੇ ਕੋਣੇਦਾਰ ਟੋਪੀਆਂ'ਚ ਲੁਕੇ ਸਨ, ਗੁਆਰੇ ਦੀ ਖੇਤੀ ਕਰਦੇ। ਉਨ੍ਹਾਂ'ਚੋਂ ਇੱਕ ਨੇ ਸਮੁਰਾਈ ਅਤੇ ਸਾਨੂੰ ਵੇਖ ਲਿਆ ਸੀ। ਡਰਦਾ ਆਵਦਾ ਕੰਮ ਛੱਡ ਕੇ ਘਰਾਂ ਵੱਲ ਨੱਸ ਪਿਆ। ਕਿਸਾਨ ਹਮੇਸ਼ਾ ਪਰਦੇਸੀਆਂ ਤੋਂ ਡਰਦੇ ਨੇ।

ਮਿਯਾਮੋਤੋ ਤੁਰ ਕੇ ਏਨਾਂ ਵਿਚਾਰੇ ਘਰਾਂ ਵੱਲ ਗਿਆ। ਹੁਣ ਸਾਰੇ ਖੜ੍ਹ ਕੇ ਸਾਡੇ ਵੱਲ ਝਾਕਣ ਲੱਗ ਪਏ ਸੀ। ਤਿੰਨ ਓਪਰੇ ਬੰਦੇ ਅਤੇ ਇੱਕ ਘੋੜਾ। ਸਾਰਿਆਂ ਦੀਆਂ ਅੱਖਾਂ ਸੂਜ਼ੂਕੀ ਤੇ ਟਿੱਕੀਆਂ ਕਿਉਂਕਿ ਉਹੀ ਘੋੜੇ ਤੇ ਸਵਾਰ ਸੀ। ਪਰ ਨਜ਼ਰ ਤਾਂ ਮਿਯਾਮੋਤੋ ਤੇ ਹੋਣੀ ਚਾਹੀਦੀ ਸੀ।

ਘਰਾਂ'ਚੋਂ ਇੱਕ ਦੋ ਸਮੁਰਾਈ ਨਿੱਕਲੇ। ਮੈਂ ਸੂਜ਼ੂਕੀ ਦੇ ਘੋੜੇ ਪਿੱਛੇ ਹੋ ਗਿਆ ਸੀ। ਹੁਣ ਸੂਜ਼ੂਕੀ ਵੀ ਉੱਤਰ ਗਿਆ। ਸਾਡੇ ਆਲ਼ੇ ਦੁਆਲ਼ੇ ਪਿੰਡ ਦੇ ਸਮੁਰਾਈ ਅਤੇ ਕੁੱਝ ਹੋਰ ਲੋਕ ਆ ਖੜ੍ਹੇ। ਪਰ ਮਿਯਾਮੋਤੋ ਤਾਂ ਓਦੋਂ ਰੁਕਿਆ ਜਦ ਉਸਦੇ ਸਾਹਮਣੇ ਇੱਕ ਕਾਲੇ ਕਿਮੋਨੋ ਵਾਲ਼ਾ ਆਕੜ ਕੇ ਖੜ੍ਹ ਗਿਆ ਸੀ।

- ਤੂੰ ਕੌਣ?- ਉਸ ਨੇ ਆਖਿਆ।

# ਮਾਂ

# ੧੬੦੨



ਮੈਂ ਦਰਪਣ ਵੱਲ ਝਾਕਦੀ ਸੀ। ਮੇਰੇ ਸਾਹਮਣੇ ਮੇਜ਼ ਉੱਤੇ ਦਰਪਣ ਖੜ੍ਹਾ ਵਾਪਸ ਦੇਖਦਾ ਸੀ, ਮੇਰੇ ਨੈਣ ਨਕਸ਼ ਨਾਲ਼। ਦਰਪਣ ਦਾ ਦ੍ਰਿਸ਼ਟੀਕੋਣ ਟੇਢਾ ਸੀ, ਉਸ ਕਰਕੇ ਮੁਖੜਾ ਕਾਣਸਰ ਨਾਲ਼ ਵਾਪਸ ਝਾਕਦਾ ਸੀ। ਮੇਰੀਆਂ ਲੋਇਣ ਭਰੀਆਂ ਸਨ। ਫੀਨਾ ਨੱਕ ਦੇ ਹੇਠ ਉਦਾਸੀ ਲਬ ਸੁਰਖ਼ੀ  ਨਾਲ਼ ਲਾਲ ਲਾਲ ਸਨ। ਮੇਰੇ ਚਿਹਰੇ ਤੇ ਸਫ਼ੈਦੀ ਪਾਊਡਰ ਲਾਇਆ ਸੀ। ਅੱਜ ਰੰਜ ਨਾਲ਼ ਮਨ ਭਰਿਆ ਸੀ, ਪਤਾ ਨਹੀਂ ਕਿਉਂ।

ਮੈਂ ਆਪਣੇ ਆਪ ਵੱਲ ਦੇਖ ਕੇ ਬਹੁਤੀ ਖ਼ੁਸ਼ ਨਹੀਂ ਸੀ। ਸ਼ੀਸ਼ੇ ਵਿੱਚ ਮੈਨੂੰ ਦਿਸਦਾ ਸੀ ਕਿ ਮੈਂ ਬੁੱਲ੍ਹਾਂ ਦੇ ਰੰਗ ਦਾ ਲਾਲ ਕਿਮੋਨੋ ਪਾਇਆ ਸੀ, ਜਿਸ ਉੱਤੇ ਫੁੱਲਦਾਰ ਬੁਣਤ ਸੀ। ਗਲ਼ ਤੋਂ ਪੈਰ ਤੀਕਰ ਇਸ ਕੱਪੜੇ'ਚ ਲੁਪੇਟੀ ਸੀ। ਜੂੜ੍ਹਾ ਉੱਚਾ ਅਤੇ ਸਿਰ ਪਿੱਛੇ ਇੱਕ ਪਿੰਨ ਨਾਲ਼ ਬੰਨ੍ਹਿਆ ਸੀ। ਪਰ ਦਰਪਣ ਨੇ ਕੱਲੇ ਮੇਰੇ ਨੈਣ ਨਹੀਂ ਮੈਨੂੰ ਵਿਖਾਏ। ਸ਼ੀਸ਼ੇ'ਚ ਮੇਰੇ ਪਿੱਛੇ ਇੱਕ ਹੋਰ ਮੁਖੜਾ ਸੀ। ਮੇਰੇ ਭਰਾ ਦਾ।

- ਭੈਣੇ, ਤੈਨੂੰ ਕੋਈ ਆਦਮੀ ਵੇਖਣ ਆਇਆ-

- ਆਦਮੀ?- ਮੈਂ ਹੈਰਾਨੀ ਨਾਲ਼ ਉੱਤਰ ਦਿੱਤਾ। ਸ਼ੀਸ਼ੇ ਰਾਹੀਂ ਵੀ ਮੈਂ ਅੱਖ ਨਹੀਂ ਚੁੱਕੀ। ਇਹ ਨਾ ਹੋਵੇ ਕਿ ਉਸਦੀ ਹਾਣਤ ਹੋ ਜਾਵੇ। ਉਸਦਾ ਪੂਰਾ ਹੱਕ ਸੀ ਮੈਨੂੰ ਝਾੜ ਝੰਬ ਕਰਨਾ ਦਾ ਜੇ ਮੈਂ ਕਦੀ ਹਿੰਮਤ ਕੀਤੀ ਉਸ ਵੱਲ ਬਿਨ੍ਹਾਂ ਝੁਕ ਕੇ ਬੋਲਣ ਦੀ।ਫਿਰ ਵੀ ਉਸਦੀ ਵੱਡੀ ਭੈਣ ਸੀ ਕਰਕੇ ਮੈਂ ਆਦਮੀ ਸ਼ਬਦ ਸੁਣ ਕੇ ਘੁੰਮ ਕੇ ਕਿਹਾ, - ਵੀਰਾ, ਕਿਹੜਾ ਆਦਮੀ?-।

- ਬੰਦਾ ਕਹਿ ਰਿਹਾ ਕਿ ਉਹ ਤੈਨੂੰ ਜਾਣਦਾ ਹੈ ਅਤੇ ਇਹ ਵੀ ਕਿਹਾ ਕਿ ਤੈਨੂੰ ਦੱਸਣ ਕਿ ਬੇਨੋਸੁੱਕੇ ਨਾਂ ਹੈ ਉਸਦਾ...- ਬੱਸ ਮੈਨੂੰ ਅੱਗੇ ਸੁਣਨ ਦੀ ਲੋੜ ਨਹੀਂ ਸੀ! ਇੱਕ ਦਮ ਮੇਰਾ ਮਨ ਅਸ਼ੋਕ ਹੋ ਗਿਆ ਸੀ। ਪਰ ਬਾਹਰੋਂ ਆਪ ਨੂੰ ਆਪਣੇ ਰੁਤਬਾ ਦੇ ਹਿਸਾਬ ਨਾਲ਼ ਰੱਖਿਆ। ਆਰਾਮ ਨਾਲ਼ ਵੀਰ ਨੂੰ ਕਿਹਾ, - ਤੁਸੀਂ ਪਿਤਾ ਜੀ ਨੂੰ ਇਸ ਬਾਰੇ...-

- ਪਿਤਾ ਜੀ ਉਸਦੇ ਨਾਲ਼ ਹੀ ਹੁਣ ਹੈ। ਸਾਰੇ ਪਿੰਡ ਨੂੰ ਪਤਾ ਹੈ! ਆਦਮੀ ਨੇ ਕਿਹਾ ਕਿ ਉਹ ਮਨੀਸੈ ਦਾ ਇਕਲੌਤਾ ਹੈ-

- ਇਹ ਤਾਂ ਮੈਂ ਉਸ ਨੂੰ ਮਿਲ ਕੇ ਹੀ ਦਸ ਸਕੂਗੀ-, ਮੈਂ ਉੱਠਕੇ ਵੀਰੇ ਮਗਰ ਤੁਰ ਪਈ। ਜੇ ਸੱਚ ਮੁੱਚ ਬੇਨੋਸੁੱਕੇ ਨਿਕਲ ਆਇਆ ਤਾਂ! ਪਰ ਰਸਮ ਦੇ ਹਿਸਾਬ ਨਾਲ਼ ਪਿਤਾ ਜੀ ਨੇ ਵੀ ਮਹਿਮਾਨਸੁਫ਼ੇ'ਚ ਹੋਣਾ ਸਾਡੇ ਨਾਲ਼। ਹੋ ਨਹੀਂ ਸਕਦਾ ਕਿ ਇੱਕ ਟਸੁਮੀ ਟੱਬਰ ਦੀ ਧੀ ਇਕੱਲੇ ਕਿਸੇ ਨਰ ਨਾਲ਼ ਛੱਡ ਦੇਣਗੇ! ਭਾਵੇਂ ਆਦਮੀ ਆਪਣੀ ਕੁੜੀ ਦੇ ਸਹੁਰਾ ਘਰ ਤੋਂ ਹੀ ਹੈ। ਕਾਸ਼! ਪਿਤਾ ਜੀ ਤਾਂ ਬਹਾਨਾ ਭਾਲਦੇ ਨੇ ਮਨੀਸੈ ਦੇ ਘਰ ਵਾਲ਼ਿਆਂ ਤੋਂ ਬਦਲਾ ਲੈਣ ਨੂੰ। ਤੇ ਮੈਂ ਕਦੀ ਨਹੀਂ ਮੇਰੇ ਪਿਆਰੇ ਬੇਨੋਸੁੱਕੇ ਨੂੰ ਕੁੱਝ ਹੋਣ ਦੇਣਾ ਹੈ!

ਮੈਂ ਵੀਰ ਨਾਲ਼ ਗਲਿਆਰੇ'ਚ ਲੰਘੀ, ਮਹਿਮਾਨਸੁਫ਼ੇ ਵੱਲ। ਆਲ਼ੇ ਦੁਆਲ਼ੇ ਸਾਡੇ ਆਮ ਘਰਾਂ ਵਾਂਗ ਕੰਧਾਂ ਦੁਧੀਆ ਰੰਗ ਕਾਰਗ਼ਜ਼ਾਂ ਨਾਲ਼ ਬਣਾਈਆਂ ਸਨ। ਹਰ ਫੜਕਾ ਚੌਰਸ ਚੋਬੀ ਵਿੱਚ ਕੱਸਿਆ ਹੁੰਦਾ। ਚੋਬੀ ਵੀ ਕਾਲੇ ਰੰਗ ਦਾ ਹੁੰਦਾ ਹੈ। ਇਸ ਲਈ ਸ਼ਤਰੰਜ ਦੇ ਚੌਸਰਾਂ ਵਾਂਗ ਘਰਾਂ ਦੀਆਂ ਕੰਧਾਂ ਅਤੇ ਦਰ ਲੱਗਦੇ ਸਨ, ਸਿਵਾ ਚੌਸਰ ਚਿੱਟਾ ਸੀ, ਅਤੇ ਉਸਦੀ ਚੁਗਾਠ ਕਾਲੀ ਲਕੜ ਦੀ। ਖੈਰ ਮੈਂ ਇਸ ਕੰਧਾਂ ਵਿੱਚਾਲੇ ਗਲਿਆਰੇ'ਚੋਂ ਲੰਘ ਰਹੀ ਸੀ ਆਪਣੇ ਵੀਰ ਨਾਲ਼ ਆਪਣੇ ਪੁੱਤਰ ਨੂੰ ਇੰਨੀ ਦੇਰ ਬਾਅਦ ਮਿਲਣ! ਜਦ ਲਾਂਘੇ ਦੇ ਦੂਜੇ ਪਾਸੇ ਪਹੁੰਚੇ, ਵੀਰ ਨੇ ਖਾਨੇਦਾਰ ਕਪਾਟ ਖਿੱਚ ਕੇ ਮੈਨੂੰ ਅੰਦਰ ਵੜਨ ਦਾ ਇਸ਼ਾਰਾ ਕੀਤਾ।

ਕਮਰਾ ਲੁੱਗਾ ਜਿਹਾ ਸੀ, ਸਿਰਫ਼ ਕਾਠ ਵਾਲ਼ੇ ਫਰਸ਼ ਉੱਤੇ ਨੀਵਾਂ ਜਿਹਾ ਮੇਜ਼ ਕੁੱਬਿਆ ਹੋਇਆ ਖੜ੍ਹਾ ਸੀ ਜਿਸ ਦੇ ਉੱਤੇ ਕਨੀਜ਼ ਨੇ ਚਾਹਦਾਨੀ ਧਰੀ ਹੋਈ ਸੀ। ਪਾਣੀ ਹਵਾੜ੍ਹ ਕੱਢ ਰਿਹਾ ਸੀ। ਉਸ ਦੇ ਕੋਲ਼ ਚਾਹ ਦੀਆਂ ਹਰੀਆਂ ਪੱਤੀਆਂ ਇੱਕ ਪਿਆਲੀ'ਚ ਸਨ। ਇੰਨ੍ਹਾਂ ਨਾਲ਼ ਦੋ ਹੋਰ ਪੀਂਣ ਵਾਲ਼ੀਆਂ ਪਿਆਲੀਆਂ ਸਨ, ਚਾਹਦਾਨੀ ਦੀ ਰਖਸ਼ਾ ਕਰਦੀਆਂ। ਇਸ ਮੇਜ਼ ਤੋਂ ਥੋੜ੍ਹਾ ਜਿਹਾ ਪਿੱਛੇ ਪਿਤਾ ਜੀ ਆਪਣੇ ਸੁਕੜੰਜਾਂ ਤੇ ਭਾਰ ਦੇ ਕੇ ਬੈਠੇ ਸਨ, ਜਿਸ ਤਰ੍ਹਾਂ ਹਰ ਜਪਾਨੀ ਬੈਠਦਾ, ਧਰਤੀ ਜਾਂ ਫਰਸ਼ ਉੱਤੇ। ਉਸ ਦੇ ਪੈਰ ਜੰਘੀਆਂ ਹੇਠ ਦਬੇ ਸਨ, ਹੱਥ ਪੱਟ ਉੱਤੇ ਟਿੱਕੇ, ਤਿਆਰ ਤਲਵਾਰ ਕੱਢਣ ਜੇ ਲੋੜ ਪਈ। ਇਸ ਬਹਿਣ ਦੇ ਤਰੀਕੇ ਨਾਲ਼ ਬੰਦਾ ਇੱਕ ਦਮ ਖੜ੍ਹ ਕੇ ਨਾਲ਼ੇ ਨਾਲ਼ ਤਲਵਾਰ ਮਿਆਨ'ਚੋਂ ਕੱਢ ਸਕਦਾ ਹੈ, ਲੜਣ ਲਈ ਪੂਰਾ ਤਿਆਰ। ਇਸ ਹੀ ਤਰ੍ਹਾਂ ਮੇਰਾ ਪੁੱਤਰ ਵੀ ਬੈਠਾ ਸੀ!

ਮੈਂ ਚੁੱਪ ਚਾਪ ਰਹੀ ਕਿਉਂਕਿ ਪਿਤਾ ਦੇ ਸਾਹਮਣੇ ਮਨ ਭਾਵ ਖਮੋਸ਼ ਰੱਖਣੇ ਪੈਂਦੇ ਨੇ ਸਮਾਜ ਦੇ ਰਸਮ ਦੇ ਹਿਸਾਬ ਨਾਲ਼।ਨਿਰਮੋਹ ਨਜ਼ਰ ਨਾਲ਼ ਭੁੰਜੇ ਝਾਕੀ ਗਈ।ਬੇਨੋਸੁੱਕੇ ਵੀ ਥੱਲੇ ਹੀ ਝਾਕਦਾ ਸੀ। ਪਿਤਾ ਮੇਰੇ ਵੱਲ ਫਿਰ ਉਸਦੇ ਵੱਲ ਦੇਖੀ

ਗਿਆ ਕਈ ਚਿਰ ਲਈ। ਕੋਈ ਨਹੀਂ ਬੋਲਿਆ। ਫਿਰ ਬਾਪ ਨੇ ਡਾਢੀ ਆਵਾਜ਼'ਚ ਬੋਲਿਆ, - ਗੱਲ ਕਰ ਹੁਣ-। ਬੇਨੋਸੁੱਕੇ ਚੁੱਪ ਹੀ ਰਿਹਾ। ਮੈਂ ਸੋਚਾ - ਐਹ ਤਾਂ ਗਲਤ ਹੈ। ਮੁੰਡਾ ਮੈਨੂੰ ਮਿਲਣ ਆਇਆ। ਰਸਮ ਖੂਹ'ਚ ਡਿੱਗੇ!-। ਇਸ ਲਈ ਮੈਂ ਪਿਤਾ ਵੱਲ ਝਾਕ ਕੇ ਕਿਹਾ, - ਬਾਪੂ ਜੀ ਇਹ ਗੱਲ ਨਹੀਂ। ਇਹ ਤਾਂ ਮੇਰਾ ਪੁੱਤਰ ਵਾਂਗਰ ਹੀ ਹੈ। ਸਾਨੂੰ ਇਕੱਲੇ ਗੱਲ ਬਾਤ ਕਰਨ ਦਿਉ-।

ਪਿਤਾ ਨੇ ਮੇਰੇ ਵੱਲ ਘੂਰਕੇ ਵੇਖਿਆ, ਜਿਵੇਂ ਉਸ ਦੀਆ ਂਅੱਖਾਂ ਨੇਜ਼ਿਆ ਂਨੂੰ ਮੇਰੇ ਵੱਲ ਛੱਡ ਦੀਆਂ ਸਨ। ਫਿਰ ਦੁਬਾਰੇ ਬੇਨੋਸੁੱਕੇ ਵੱਲ ਦੇਖਕੇ ਕਿਹਾ, - ਬਹੁਤਾ ਦੇਰ ਲਈ ਨ੍ਹੀਂ ਰਹਿਣਾ, ਸਮਝ ਗਿਆ! ਤੇਰੇ ਟੱਬਰ ਨੇ ਇੱਕ ਵਾਰ ਸਾਡੇ ਖਾਨਦਾਨ ਦੀ ਹੱਤਕ ਕਰ ਦਿੱਤੀ ਹੈ, ਖਬਰਦਾਰ ਜੇ ਫਿਰ ਸਾਡੀ ਬੇਇੱਜ਼ਤੀ ਕੀਤੀ- ਪਿਤਾ ਜੀ ਦਾ ਹੱਥ ਤਲਵਾਰ ਦੀ ਹੱਥੀ ਵੱਲ ਗਿਆ। ਫਿਰ ਉਸਨੇ ਮੇਰੇ ਵੱਲ ਝਾਕਿਆ।

-ਇਹ ਤੇਰਾ ਨ੍ਹੀ ਂਹੈ ਟੋਸ਼ੀਕੋ ਕੁੜੇ! ਉਚੇਚ ਦਾ ਲਾਇਕ ਨ੍ਹੀ! (ਉਸਦੀ ਨਜ਼ਰ ਚਾਹ ਦੇ ਸਮਾਨ ਵੱਲ ਠਹਿਰੀ, ਇੱਕ ਵੱਡਾ ਰਸਮ ਮਹਿਮਾਨਾਂ ਲਈ), ਆਪਣੀ ਗੱਲ ਕਰਕੇ ਦਬਾ ਸੱਟ ਇਸਨੂੰ ਆਪਣੇ ਰਾਹ ਭੇਜਣਾ!-।ਫਿਰ ਬੇਨੋਸੁੱਕੇ ਵੱਲ ਅੱਖਾਂ ਕਰਕੇ ਕਿਹਾ,- ਜੋ ਕਹਿਣਾ ਕਹਿ ਤੇ ਦਫਾ ਹੋਜਾ!-।ਉੱਠ ਕੇ ਪਿਤਾ ਜੀ ਬਾਹਰ ਚੱਲੇ ਗਏ।ਅਸੀਂ ਦੋਨੋਂ ਹੁਣ ਕੱਲੇ ਰਹੇ ਗਏ ਸਨ।

ਬੇਨੋਸੁੱਕੇ ਮੇਜ਼ ਦੇ ਨੇੜੇ ਸੀ।ਮੈਂ ਉੱਠ ਕੇ ਮੇਜ਼ ਦੇ ਇੱਕ ਪਾਸੇ ਗੋਡੇ ਭਾਰ ਬਹਿ ਗਈ। ਉਸਨੇ ਆਪਣੇ ਗੋਡਿਆਂ ਤੇ ਹਿੱਲ ਹਿੱਲਕੇ ਮੇਰੇ ਸਾਹਮਣੇ ਆ ਗਿਆ, ਸਾਡੇ ਦਰਮਿਆਨ ਮੇਜ਼ ਹੀ ਸੀ।ਗੋਡਿਆਂ ਤੇ ਤੁਰਨ ਲਈ ਦੋਨੋਂ ਪੈਰ ਨਾ਼ਲ ਨਾ਼ਲ ਰੱਖੇ ਸਨ, ਲੱਤਾਂ ਇਹ ਪਾਸੇ ਫਿਰ ਓਸ ਪਾਸੇ ਕਰ ਹਾੜਾ ਕੀਤਾ।

ਚੁੱਪ ਨਾ਼ਲ ਕਮਰਾ ਭਰਿਆ ਸੀ।

ਚਾਹ ਦਾ ਰਸਮ ਕਰਨ ਲੱਗ ਪਈ, ਮੈਂ। ਮੈਂ ਮੇਜ਼ ਦੇ ਹੇਠੋਂ ਇੱਕ ਕੜਛੀ ਕੱਢਕੇ ਚਾਹਦਾਨੀ'ਚੋਂ ਪਾਣੀ ਕੱਢ ਕੇ ਉਸਦੇ ਪਿਆਲੀ'ਚ ਜਲ ਭਰ ਦਿੱਤਾ ਸੀ। ਫਿਰ ਪਿਆਲੀ ਉਸਦੇ ਸਾਹਮਣੇ ਰੱਖ ਦਿੱਤੀ।- ਮੈਂ ਤੁਹਾਨੂੰ ਚਾਹ ਦੇਣੀ ਚਾਹੁੰਦੀ ਹਾਂ-।ਇਹ ਕਹਿਣਾ ਵੀ ਸਾਡਾ ਰਸਮ ਹੀ ਸੀ, ਜਿਸਦਾ ਅਸਲੀ ਮਤਲਬ ਸੀ ਤੇਰੀ ਦੇਖਭਾਲ ਕਰ ਰਹੀ ਸੀ।- ਸ਼ੁਕਰ ਗੁਜ਼ਾਰ ਚਾਹ ਤਿਆਰ ਕਰਨ ਲਈ-।ਉਸਦਾ ਜਵਾਬ ਵੀ ਰਸਮ ਦੇ ਹਿਸਾਬ ਨਾ਼ਲ ਦਿੱਤਾ ਗਿਆ ਸੀ। ਮੈਂ ਫਿਰ ਕੜਛੀ ਨਾ਼ਲ ਚਾਹ ਪੱਤੀ ਚੱਕ ਕੇ ਪਾਣੀ ਵਿੱਚ ਪਾ ਦਿੱਤੀ।ਪਿਆਲੀ ਤਿੰਨ ਵਾਰੀ ਘੁੰਮਾਈ,ਫਿਰ ਉਸਨੂੰ ਫੜ੍ਹਾ ਦਿੱਤੀ। ਫਿਰ ਇਸ ਹੀ ਤਰ੍ਹਾਂ ਆਪਣੀ ਪਿਆਲੀ ਭਰੀ। ਰਸਮ ਦੇ ਹਿਸਾਬ ਨਾ਼ਲ ਹੋਰ ਬਹੁਤ ਕੁੱਝ ਵੀ ਹਾਲੇ ਕਰਨ ਵਾਲ ਸੀ ,ਪਰ ਪਿਤਾ ਜੀ ਨੇ ਬਹੁਤੀ ਦੇਰ ਨਹੀਂ ਸਾਨੂੰ ਦਿੱਤੀ ਤੇ ਸਾਡੇ ਸੰਵੇਦਨ ਬਹੁਤ ਸਬਲ ਸਨ।ਉਸ ਨੇ ਪਹਿਲਾ ਪਿਆਲੀ ਰੱਖ ਦਿੱਤੀ,ਤਦੋਂ ਦੋਨੋਂ ਉੱਠ ਗਏ। ਮੈਂ ਉਸਨੂੰ ਹਿੱਕ ਨਾ਼ਲ ਲਾ ਲਿਆ ਸੀ! ਗ਼ਲਵੱਕੜੀ ਪਾਉਂਣ ਤੋਂ ਬਾਅਦ ਉਸ ਦੇ ਹੋਠਾਂ ਤੋਂ ਬਾਰ ਬਾਰ ਇੱਕ ਹੀ ਸ਼ਬਦ ਨਿਕਾਸ ਹੋਇਆ,-ਮਾਂ!ਮੇਰੀ ਮਾਂ!-।

ਮੇਰੀਆਂ ਅੱਖਾਂ ਭਰ ਗਈਆਂ ਸਨ। - ਮੇਰਾ ਬੇਨੋਸੁੱਕਿਆ!ਮੇਰਾ ਤਕੇਜ਼ੋ! ਬਹੁਤ ਦੁੱਖ ਨਾ਼ਲ ਦਿਨ ਬੀਤੇ ਤੈਤੋਂ ਬਿਨ੍ਹਾਂ!-। ਮੇਰੇ ਪੁੱਤ ਦੇ ਕਈ ਨਾਂਅ ਪਿੰਡ'ਚ ਹੁੰਦੇ ਸਨ। ਘਰਵਾਲੇ ਉਸ ਨੂੰ ਬੇਨੋਸੁੱਕੇ ਹੀ ਆਖਦੇ ਸੀ, ਪਰ ਪੈਂਡੂ ਉਸਨੂੰ ਸ਼ਿੰਮਨ ਤਕੇਜ਼ੋ ਵੀ ਸੱਦਦੇ ਸਨ।ਖਾਸ ਉਸਦੇ ਅੰਗ ਪਾਲ। ਬੁੱਧੀ ਲੋਕ ਨਿਤਨ ਵੀ ਸਦਦੇ ਸਨ। ਪਰ ਮੇਰੇ ਲਈ ਤਾਂ ਇੱਕ ਲਫ਼ਜ਼ ਬਾਰ ਬਾਰ ਮੂੰਹੋਂ ਨਿਕਲ ਦਾ ਸੀ, - ਪੁੱਤਰ!-। ਜਿਨ੍ਹਾਂ ਪ੍ਰੇਮ ਇਸ ਦੋ ਸ਼ਬਦਾਂ'ਚ ਹੈ, ਮਾਂ ਅਤੇ ਪੁੱਤਰ, ਸਿਰਫ ਇੱਕ ਹੋਰ ਹੀ ਰਿਸ਼ਤਾ ਵੱਡਾ ਹੁੰਦਾ...ਮਾਂ ਅਤੇ ਧੀ ਦਾ! ਕੁਦਰਤ ਦੀ ਗੱਲ ਹੈ ਕਿ ਮਾਂ ਪੁੱਤ ਨਹੁੰ ਮਾਸ ਵਾਂਗ ਹਨ ਅਤੇ ਪਿਉ ਪੁੱਤਰੀ ਵੀ ਇਸ ਤਰ੍ਹਾਂ ਨੇ। ਪਿਤਾ ਜੀ ਜੋ ਮਰਜ਼ੀ ਕਹਿਵੇ, ਬੇਨੋਸੁੱਕੇ ਮੇਰਾ ਲਾਲ ਹੈ!

-ਬੇਨੋਸੁੱਕੇ, ਮਾਂ ਲਈ ਬੱਚੇ ਨੂੰ ਪਾਲਣਾ ਸਭ ਤੋਂ ਤ੍ਰਿਪਤੀ ਚੀਜ਼ ਹੈ।ਉਸਨੂੰ ਜਦ ਹਾਲੇ ਬੱਚਾ ਹੈ,ਖੇਲਦੇ ਦੇਖਦੀ ਐ, ਉਹ ਖ਼ੇਡਾਂ ਜਿੰਨ੍ਹਾਂ ਤੋਂ ਆਪ ਲਈ ਰੋਕ ਟੋਕ ਸੀ; ਉਸ ਬੱਚੇ ਵਿੱਚ ਆਪਣੀਆਂ ਸੋਚਾਂ, ਬੁਲੰਦ ਖਿਆਲੀ, ਆਰਜ਼ੂ, ਸੁਪਨੇ, ਮਾਨਤਾਵਾਂ, ਜੋ ਇੰਨਾ ਚੀਜ਼ਾਂ ਉਸ ਮਾਂ ਲਈ ਰਹੀਆਂ, ਦੇ ਸਕਦੀ ਹੈ।ਬੇਨੋਸੁੱਕੇ, ਆਪਣੇ ਮੁੰਡੇ ਨੂੰ ਦੇਖ ਸਕਦੀ, ਜਿਹੜਾ ਉਸਦਾ ਮਾਸ ਹੈ, ਜਿਸ ਦਾ ਜੀਵਨ ਉਸ ਮਾਂ ਕਰਕੇ ਅੱਗੇ ਤੁਰਦਾ, ਉਸ ਮਾਂ ਦੇ ਕੰਮ ਕਾਰਜ ਅਤੇ ਲਗਨ ਕਰਕੇ ਜਿੰਦਗੀ'ਚ ਕਾਮਯਾਬ ਹੈ। ਉਸ ਪੁੱਤ ਲਈ ਮਾਂ ਜਿਉਂਦੀ। ਬੱਚੇ ਨੂੰ ਪਾਲਣਾ ਸੌਖਾ ਨਹੀਂ ਹੈ, ਅਤੇ ਇਸ ਕੰਮ ਦਾ ਨਤੀਜਾ ਕੜਵਾਹਟ ਹੋ ਸਕਦੀ ਐ।ਪਰ ਕੇਵਲ ਇਹੀ ਰਾਹ ਮੈਂ ਜਿਊ ਸਕਦੀ ਹੈ। ਆਪਣੇ ਪੁੱਤਰ ਰਾਹੀਂ। ਵੀਹ ਸਾਲ ਲੱਗ ਜਾਂਦੇ ਮੁੰਡੇ ਤੋਂ ਬੰਦਾ ਬਣਾਉਂਣ ਨੂੰ। ਪਰ ਹੋਰ ਤੀਵੀਂ ਵੀਹ ਮਿੰਟਾਂ'ਚ ਆ ਕੇ ਉਸ ਹੀ ਮੁੰਡੇ ਦਾ ਉੱਲੂ ਬਣਾਉਣ! ਮੈਨੂੰ ਤਾਂ ਮੌਕਾ ਵੀ ਨ੍ਹੀਂ ਮਿਲਿਆ ਪੁੱਤਰ ਤੈਨੂੰ ਚੱਜ ਨਾ਼ਲ ਪਾਲਣ

ਦਾ।- ਕਹਿ ਕੇ ਮੈਂ ਉਸਦਾ ਮੱਥਾ ਚੁੰਮਿਆ। ਅਸੀਂ ਕਿੰਨੀ ਚਿਰ ਲਈ ਜੱਫੀ ਪਾ ਕੇ ਖੜ੍ਹੇ ਰਹੇ। ਫਿਰ ਦੋਨੋਂ ਬਹਿ ਗਏ, ਗੋਡੇ ਭਾਰ।

ਮੈਂ ਫਿਰ ਗੱਲ ਤੋਰੀ।

- ਪਿੰਡੇ ਦੇ ਲੋਕ ਕਿਵੇਂ ਨੇ?- ਮੈਂ ਆਖਿਆ, ਬੇਤਅੱਲਕ ਨਾਲ਼।
- ਕਿੰਨੀ ਦੇਰ ਹੋ ਗਈ ਜਦ ਦਾ ਪਿੰਡ ਛੱਡਿਆ। ਮੈਂ ਸਾਡੇ ਦੇਸ਼ ਦਾ ਨੰਬਰ ਇੱਕ ਸਮੁਰਾਈ ਬਣਨਾ ਚਾਹੁੰਦਾ। ਉਸ ਪਿੰਡ ਰਹਿਕੇ ਇਹ ਨਹੀਂ ਹੋ ਸਕਦਾ..-
- ਅੱਛਾ। ਤੂੰ ਕਿਸੇ ਲਈ ਕੰਮ ਕਰ ਰਿਹਾ ਜਾਂ ਰੋਨਿਨ ਹੈ?-
- ਰੋਨਿਨ..ਹੁਣ ਮੈਂ ਦੋ ਬੰਦਿਆਂ ਨਾਲ਼ ਗਿਫੂਜੋਗੜ ਚਲਿਆ..ਉਸ ਥਾਂ ਸ਼ਾਇਦ ਨੌਕਰੀ ਮਿਲ ਜਾਵੇ..ਪਰ ਪਹਿਲਾਂ ਜ਼ਰੂਰ ਤੁਹਾਨੂੰ ਮਿਲਣਾ ਚਾਹੁੰਦਾ ਸਾਂ-।
- ਫਿਰ ਆਪਣੇ ਪਿਤਾ ਜੀ ਵਾਂਗ ਤੂੰ ਦੁਨੀਆ ਨੂੰ ਵੀਰਤਾ ਵਿਖਾਉਣੀ ਹੈ?-
- ਮੈਂ ਸਮੁਰਾਈ ਹਾਂ, ਭਾਂਜ ਖਾਣ ਵਾਲਾ ਨਹੀਂ ਐ। ਜੰਗ'ਚ ਲੜਊਗਾ-
- ਜੰਗ ਜਿਤਣ ਲਈ ਆਪਣੀ ਇਨਸਾਨੀਅਤ ਗਵਾਉਣੀ ਪੈਂਦੀ ਹੈ ਪੁੱਤਰ। ਮੇਰੇ ਤਾਂ ਲੂੰ ਕੰਡੇ ਖੜ੍ਹ ਜਾਂਦੇ ਨੇ ਇਸ ਬਾਰੇ ਸੁਣ ਕੇ। ਤੂੰ ਤਾਂ ਬਹੁਤ ਚੰਗਾ ਲਿਖਾਰੀ ਵੀ ਹੈ। ਹਾਇਕੂ ਦਾ ਮਾਹਰ ਵੀ ਹੈ। ਉਸ ਪਾਸੇ ਚੱਲ ਕੇ ਕੁੱਝ ਬਣ-, ਮੈਂ ਕਿਹਾ ਉਸ ਨੂੰ।
- ਮਾਂ ਜੀ, ਦੂਰ ਦੇ ਢੋਲ ਸੁਹਾਵਣੇ ਲੱਗਦੇ ਨੇ, ਪਰ ਮੇਰੇ ਲਈ ਮਾਹਰ ਸਮੁਰਾਈ ਬਣਨਾ ਹੀ ਚੰਗਾ ਲੱਗਦਾ ਹੈ-
- ਚੱਲ ਤੇਰੀ ਮਰਜ਼ੀ, ਪਰ ਮੈਂ ਹਰ ਦਿਨ ਡਰ ਨਾਲ਼ ਜੀਵਾਂਗੀ, ਅੱਜ ਨਾ ਮੇਰੇ ਪੁੱਤ ਨੂੰ ਕੁੱਝ ਹੋਵੇ ਰੱਬਾ!-।
- ਮਾਂ ਮੈਂ ਕਦੇ ਨ੍ਹੀਂ ਹਾਰੂੰਗਾ, ਸੌਂਹ ਖਾਂਦਾ!-।
- ਚੱਲ ਹੋਰ ਗੱਲ ਕਰੀਏ। ਜੇ ਤੂੰ ਪਿੰਡ ਛੱਡ ਦਿੱਤਾ, ਫਿਰ ਸਿੱਧਾ ਮਤਲਬ ਹੈ ਕਿ ਮਤਾਹਚੀ ਨੂੰ ਮੁੱਦਤ ਲਈ ਨਹੀਂ ਵੇਖਿਆ ਹੋਵੇਗਾ?-
- ਉਸ ਦਾ ਨਾਂ ਕਿਉਂ ਲੈਂਦੀ ਇਹ ਮਾਂ ਜੀ?-
- ਕੀ ਤੇਰੀ ਤੇ ਮਤਾਹਚੀ ਦੀ ਅੱਜ ਕੱਲ੍ਹ ਬਣਦੀ ਨਹੀਂ?-
- ਸੋਚ ਲਉ ਸਾਡੇ ਵਿੱਚ ਵਿੱਥ ਹੈ ਹੁਣ -
- ਕਿਉਂ? ਤੇਰਾ ਤਾਂ ਖਾਸ ਮਿਤਰ ਸੀ-
- ਮਾਂ ਜੀ ਹੁਣ ਪਿੱਛੇ ਝਾਕਣ ਦਾ ਭਲਾ ਕੀ ਲਾਭ?-
- ਮੈਂ ਤਾਂ ਪਿੰਡ ਦੀਆਂ ਗੱਲਾਂ'ਚ ਦਿਲਚਸਪੀ ਰੱਖਦੀ ਹੈ। ਉਸ ਦੀ ਮਾਂ ਓਸੁਗੀ ਹਾਲੇ ਵੀ ਤੇਰੇ ਨਾਲ਼ ਕੁੱਤੀ ਬਣਦੀ ਹੈ?-

- ਤੂੰ ਤਾਂ ਨਾ ਮੰਨੇਗੀ ਕਿੰਨ੍ਹੀ ਬੁਰੀ ਔਰਤ ਓਹ ਹੈ, ਖਾਸ ਜਦ ਅਸੀਂ ਰਣ ਤੋਂ ਵਾਪਸ ਆਏ, ਮਾਮਲਾ ਗੜਬੜ ਹੋ ਗਿਆ ਸੀ। ਇੱਕ ਜ਼ਨਾਨੀ, ਓਕੂ ਨਾਲ਼ ਲੜਾਈ ਤੋਂ ਬਾਅਦ ਰਹਿਣ ਲੱਗ ਪਿਆ, ਮਿਯਾਮੋਤੋ ਵਾਪਸ ਨਹੀਂ ਗਿਆ। ਕਿਉਂਕਿ ਮੈਂ ਉਸਨੂੰ ਸਲਾਹ ਦਿੱਤੀ ਸੀ ਮੇਰੇ ਨਾਲ਼ ਜੰਗ'ਚ ਦਖਲ ਹੋਣ ਲਈ, ਉਸਦਾ ਨਾ ਵਾਪਸ ਆਉਣ ਦਾ ਅੰਜਾਮ ਉਸਦੀ ਮਾਂ, ਓਸੁਗੀ ਨੇ ਮੇਰੇ ਤੇ ਲਾ ਦਿੱਤਾ ਸੀ। ਮੈਨੂੰ ਤਾਂ ਮਾਰਨ ਪਈ! ਸੋ ਮੈਂ ਲੜਾਈ'ਚ ਵਾਪਸ ਸ਼ਾਮਲ ਹੋ ਗਿਆ ਸੀ। ਪਰ ਵੈਰੀ ਨੇ ਮੈਨੂੰ ਫੜ੍ਹ ਲਿਆ।ਕਿਸਮਤ ਨਾਲ਼ ਮਤਾਹਚੀ ਦੀ ਪਹਿਲੀ ਮੰਗੇਤਰ, ਓਤਸੂ ਨੇ

ਮੇਰੀ ਮਦਦ ਕੀਤੀ ਉਨ੍ਹਾਂ ਤੋਂ ਟਿਭਣ ਜਾਣ ਦੀ। ਕਦੀ ਕਦੀ ਕਿਸਮਤ ਮੈਨੂੰ ਮਤਾਹਚੀ ਦੇ ਰਾਹਾਂ'ਚ ਪਾ ਦਿੰਦੀ ਐ। ਪਰ ਪਿੰਡ ਹਾਲੇ ਵਾਪਸ ਨਹੀਂ ਗਿਆ ਸੋ ਮੈਂ ਕੀ ਦਸਾ ਤੁਹਾਨੂੰ?-।

- ਬੇਨੋਸੁੱਕੇ ਬੇਟਾ ਜਿਹੜਾ ਤੂੰ ਹੁਣ ਮੇਰੇ ਸਾਹਮਣੇ ਖੜ੍ਹਾ ਮੇਰੇ ਲਈ ਕਾਫੀ ਐ!- ਇੰਝ ਕਹਿ ਕੇ ਮੈਂ ਆਪਣੀਆਂ ਬਾਹਾਂ ਉਸ ਵੱਲ ਵਧਾਈਆਂ ਜੱਫੀ ਪਾਉਣ ਲਈ। ਉਹ ਮੇਰੇ ਕੋਲ਼ ਆ ਗਿਆ ਅਤੇ ਮਾਂ ਪੁੱਤ ਦੇਰ ਲਈ ਬਗਲ ਗੀਰ ਹੋਏ ਸਨ। ਮੈਨੂੰ ਪਤਾ ਸੀ ਪਿਤਾ ਜੀ ਨੇ ਅੰਦਰ ਆ ਕੇ ਮੇਰੇ ਬੇਨੋਸੁੱਕੇ ਨੂੰ ਦਫਾ ਹੋ ਕਹਿਦੇਨਾ ਸੀ। ਹਾਰ ਕੇ ਮੈਂ ਉਸ ਨੂੰ ਛੱਡ ਦਿੱਤਾ ਤੇ ਉਸ ਨੇ ਮੈਨੂੰ ਬੋਲਿਆ, - ਮਾਂ ਜਦ ਵੀ ਮੌਕਾ ਮਿਲੂੰਗਾ ਮੈਂ ਇੱਥੋਂ ਆ ਕੇ ਤੁਹਾਨੂੰ ਮਿਲੇਗਾ। ਇੰਨ੍ਹਾਂ ਤੋਂ ਡਰਕੇ ਮੈਂ ਆਵਦੀ ਮਾਂ ਤੋਂ ਦੂਰ ਨਹੀਂ ਰਹਿਣਾ! ਉਨ੍ਹਾਂ ਨੂੰ ਸਮਝ ਲੱਗ ਜਾਣੀ ਹੈ ਕਿ ਮੈਂ ਤੁਹਾਡਾ ਪੁੱਤ ਹਾਂ ਤੇ ਤੁਹਾਨੂੰ ਮਿਲਣ ਜਰੂਰ ਆਵੇਗਾ। ਮੇਰੀ ਤਲਵਾਰ ਨੂੰ ਆਵਦਾ ਆਸ਼ੀਵਾਰ ਦੇ ਦੇ! ਸ਼ੁਕਰੀਆ! ਰੱਬ ਹਮੇਸ਼ਾ ਮੈਨੂੰ ਮਾਂ ਦਾ ਪਿਆਰ ਹੀ ਦੇ-।

ਪਿਤਾ ਜੀ ਹਾਰਕੇ ਅੰਦਰ ਆ ਗਏ ਅਤੇ ਬੇਨੋਸੁੱਕੇ ਨੂੰ ਜਾਣਾ ਪਿਆ। ਉਸਦੇ ਜਾਣ ਤੋਂ ਬਾਅਦ ਮੈਂ ਸੋਚੀ ਜਾਵਾ ਕਿ ਸਾਲ਼'ਚ ਇੱਕ ਬਾਰ ਹੀ ਆਉਂਦੇ ਸਨ ਸਾਡੇ ਪਿਆਰੇ ਬੱਚੇ ਜਾਂ ਮਾਂ-ਪਿਉਂ ਸਾਨੂੰ ਮਿਲ੍ਹਣ।ਅੱਜ ਤੋਂ ਬਾਅਦ ਕੀ ਪਤਾ ਕਦ ਫਿਰ ਉਸ ਤੇ ਅੱਖਾਂ ਰੱਖੂਗੀ। ਇਸ ਲਈ ਅੱਜ ਦੀ ਮੁਲਾਕਾਤ ਬਹੁਤ ਦੇਰ ਲਈ ਨਿਵਾਜ ਹੋਵੇਗੀ ਮੇਰੇ ਲਈ।

# ਕੁੱਤਾ

## ੧੬੦੨



ਆਹੋ ਮੈਂ ਹੀ ਬੋਲਦਾ ਹਾਂ। ਇੱਕ ਕੁੱਤਾ। ਤੁਹਾਨੂੰ ਯਕੀਨ ਨਹੀਂ ਆ ਰਿਹਾ? ਇਹ ਤਾਂ ਤੁਹਾਡੀ ਟੈਂ ਹੈ ਜਿਸ ਨੇ ਤੁਹਾਡੇ ਦਿਮਾਗ਼ ਵਿੱਚ ਗੱਲ ਪਾਈ ਐ ਕਿ ਕੇਵਲ ਬੰਦਾ, ਜਾਨੀ ਇਨਸਾਨ ਹੀ ਭਾਸ਼ਾ ਨਾਲ਼ ਵਡਭਾਗੀ ਹੈ। ਜਦ ਮੈਂ ਬੋਲਦਾ ਤੁਹਾਨੂੰ ਮੇਰੀ ਭੌਂਕਣੀ ਹੀ ਸੁਣਦੀ ਹੈ। ਪਰ ਮੈਂ ਹਵਾਂਕ ਨਹੀਂ ਛੱਡ ਰਿਹਾ; ਮੈਂ ਆਵਦੀ ਬੋਲੀ ਵਿੱਚ ਬੋਲ ਰਿਹਾ ਹਾਂ। ਤੁਹਾਡੇ ਕੰਨ ਤੁਹਾਨੂੰ ਝਾਂਸਾ ਨਹੀਂ ਦੇ ਰਹੇ। ਆਹੋ, ਇਹ ਕੁੱਤਾ ਤੁਹਾਨੂੰ ਆਵਦੇ ਵਿਚਾਰ ਦਿੰਦਾ ਹੈ। ਹੁਣ ਸੁਣ ਮੇਰੇ ਲਾਲ। ਮੈਂ ਦੱਸਦਾਂ ਜੋ ਮੈਂ ਤਾੜਿਆ। ਕੁੱਤਾ ਕਿੱਥੋਂ ਸ਼ੇਰ ਤੋਂ ਘੱਟ ਨਹੀਂ। ਜਾਤ ਪਾਤ ਤਾਂ ਆਦਮੀ ਦਾ ਪਾਪ ਹੈ! ਹਾਲੇ ਵੀ ਯਕੀਨ ਨਹੀਂ ਆਉਂਦਾ ਮੈਂ ਕੁੱਤਾ ਹਾਂ? ਕਿਉਂਕਿ ਤੁਹਾਡੇ ਵਰਗੇ ਇਨਸਾਨ ਮੇਰੇ ਵਰਗੇ ਤੋਂ ਘੱਟ ਵਿਵੇਕਸ਼ੀਲ ਮਖਲੂਕ ਹਨ, ਆਪਣੇ ਆਪ ਨੂੰ ਹਾਲੇ ਤੱਕ ਦਸੀ ਜਾਂਦੇ ਨੇ ਕਿ -ਕੁੱਤੇ ਬੋਲ ਨ੍ਹੀਂ ਸਕਦੇ!-, ਪਰ ਹੁਣ ਤੀਕਰ ਇਸ ਕਹਾਣੀ ਦੇ ਹੋਰ ਪਾਤਰਾਂ ਦੇ ਬਿਆਨ ਮੰਨਦੇ ਨੇ? ਮੇਰੇ ਕਿਉਂ ਨਹੀਂ ਮੰਨਣੇ? ਕੁੱਤੇ ਜਰੂਰ ਬੋਲਦੇ ਨੇ ਉਨ੍ਹਾਂ ਨਾਲ਼ ਜਿੰਨ੍ਹਾਂ ਨੂੰ ਸੁਣਨਾ ਆਉਂਦਾ ਮੇਰੇ ਲਾਲ! ਕੀ ਪਤਾ ਮੈਂ ਤੁਹਾਨੂੰ ਖਹੁਰਾ ਲੱਗ ਰਿਹਾ? ਮੇਰੇ ਦੰਦ ਅਕਸਰ ਤਿੱਖੇ ਨੇ,ਤੇ ਜਦ ਕੋਈ ਊਤ ਇਨਸਾਨ ਲੰਘਦਾ ਚਿੱਤ ਕਰਦਾ ਹੈ ਦੰਦੀ ਵੱਢਾ, ਉਸਦੇ।ਇਨਸਾਨ ਥਿੜਕਦਾ ਹੀ ਰਹਿੰਦਾ। ਬਹਰਹਾਲ ਮੈਂ ਕਹਾਣੀ ਤੋਂ ਪਰ੍ਹੇ ਤੁਰ ਪਿਆ ਆਵਦੇ ਖਿਆਲਾਂ'ਚ! ਇਹ ਚੰਡਾਲ ਬਿਰਤਾਂਤ ਦੱਸਣਾਂ ਭੁੱਲ ਗਿਆ! ਅੱਛਾਂ ਮੇਰੇ ਲਾਲ, ਸੁਣ!

ਕਿਉਂਕਿ ਤੁਹਾਨੂੰ ਮੇਰੀ ਜਾਤ ਵੱਲ ਕਿਉਂ ਧਿਆਨ ਨਹੀਂ ( ਉਂਝ ਆਦਤ ਹੈ ਗਾਲ੍ਹਾਂ ਕੱਢਣ ਦੀ!) ਮੈਂ ਜਰੂਰ ਤੁਹਾਡੇ ਵੱਲ ਟਿਕ ਟਿਕੀ ਲਾ ਕੇ ਵੇਖਦਾ ਹਾਂ! ਮੈਂ ਵੇਖਦਾ ਕਿੰਝ ਤੁਸੀਂ ਆਵਦੀਆਂ ਨਾਰੀਆਂ ਨੂੰ ਅਪਮਾਨਤ ਕਰਦੇ ਨੇ, ਕਿੰਝ ਆਵਦੇ ਨਿਆਣਿਆਂ ਦੀ ਗੱਲ ਨਹੀਂ ਗੌਲਦੇ ਜਾਂ ਸਮਾਜ ਦੀ ਮਫ਼ਾਦ ਤੋਂ ਪਹਿਲਾਂ ਆਵਦਾ ਫਾਇਦਾ ਉਠਾਉਂਦੇ ਪਰ ਪੁੱਠੀਆਂ ਚੀਜਾਂ ਵਿੱਚ ਸਮਾਜ ਤੋਂ ਡਰਕੇ ਉਸਦੇ ਸ਼ੁਦਾਈ ਰਸਮ ਅਕੀਦੇ ਮੰਨਦੇ! ਕੁੱਤਾ ਕਮਲ਼ਾ ਹੈ ਜਾਂ ਬੰਦਾ! ਇਸ ਤਰ੍ਹਾਂ ਆਵਦੇ ਨਗਰ ਗਿਫੂਜੋਗੜ੍ਹ ਦੀਆਂ ਹਰ ਗੱਲਾਂ ਬਾਰੇ ਵਾਕਫ਼ ਹਾਂ।ਇਸ ਇਲਾਕੇ ਦਾ ਵਸਨੀਕ ਹੋਣ ਕਰਕੇ ਬਹੁਤ ਕੁੱਝ ਵੇਖਿਆ, ਮੈਂ।

ਮੈਂ ਵੇਖਿਆ ਜਦ ਰਾਤ ਦੀ ਖਮੋਸ਼ੀ ਵਿੱਚ ਸ਼ਹਿਰ ਦੇ ਪਤਵੰਤੇ ਪਾਂਡੇ ਪਾਦਰੀ ਜਾਂ ਉਚੇ ਘਰ ਵਾਲਾ ਭੱਦਰ ਪੁਰਸ਼ ਕਿਸੇ ਨਿਆਣੇ ਦੀ ਇੱਜ਼ਤ ਲੁੱਟਦਾ ਜਾਂ ਸਭ ਤੋਂ ਉਚੇ ਲੀਡਰ ਗੈਸ਼ਾ ( ਮਤਲਬ ਗਨਕਾ) ਨਾਲ਼ ਹਨੇਰੀ ਰਾਤ ਬੀਤਾਉਂਦੇ ਨੇ। ਉਹੀ ਦਿਨੇ ਆਮ ਆਦਮੀ ਨੂੰ ਉਸੇ ਹੀ ਪਾਪਾਂ ਲਈ ਫਾਂਸੀ ਲਾਉਂਦੇ। ਮੈਂ ਵੇਖਿਆ ਦਾਜ ਲਈ ਗਰੀਬ ਘਰ ਨੂੰ ਹੋਰ ਗਰੀਬ ਬਣਾ ਦਿੰਦੇ ਨੇ ਅਤੇ ਇੱਜ਼ਤਦਾਰ ਘਰ ਨੂੰ ਨੰਗਾ ਕਰ ਦਿੰਦੇ ਨੇ। ਮੈਂ ਵੇਖਿਆ ਜਦ ਕਿਸੇ ਸਮੁਰਾਈ ਦਾ ਸਾਮੰਤ ਚਾਹੁੰਦਾ, ਪੂਰਾ ਪਿੰਡ ਤੇ ਹੂੰਝਾ ਫੇਰ ਦਿੰਦੇ ਨੇ। ਹਰ ਗਰਬ ਇਹ ਸਾਮੰਤਾਂ ਦੇ ਯੁੱਧਾਂ ਲਈ ਆਵਦੀ ਜਾਣ ਗਵਾਉਂਦਾ ਹੈ। ਸਮੁਰਾਈ ਹੱਟਦੇ ਨਹੀਂ ਜਿਨ੍ਹਾਂ ਚਿਰ ਹਰ ਬੰਦਾ, ਹਰ ਨਾਰੀ ,ਹਰ ਬੱਚਾ ਮਰਦਾ ਨਹੀਂ। ਗਰਾਂ ਸਾੜ ਦਿੰਦੇ ਨੇ। ਮੇਰੇ ਅੱਖਾਂ ਸਾਹਮਣੇ ਘੋੜੇ ਤੇ ਸਵਾਰ ਇੱਕ ਸਮੁਰਾਈ, ਜਿਸਦੇ ਖੋਦ ਦੀ ਪੇਸ਼ਾਨੀ ਵਿੱਚੋਂ ਬਾਰਾਂਸਿੰਗਾ ਵਾਂਗ ਦੋ ਧਾਰੀਆਂ ਫਬ ਫਬ ਨਭ ਵੱਲ ਵੱਧ ਰਹੀਆਂ ਸਨ, ਜਿਵੇਂ ਰਾਖਸ਼ ਨੇ ਇੱਕ ਕਿਸਾਨ ਦੀ ਹਿੱਕ'ਚ ਸਾਂਗ ਫਸਾ ਦਿੱਤੀ ਹੋਵੇ। ਕੁੱਤੇ ਵੀ ਨਹੀਂ ਬੱਚਦੇ ਇੰਨ੍ਹਾਂ ਤੋਂ! ਕਿਸਾਨ ਤਾਂ ਗਏ ਗੁਆਚੇ ਲੋਕ ਹਨ ਇੰਨ੍ਹਾਂ ਸਮੁਰਾਈਆਂ ਲਈ ਤਾਂ! ਗਾਲ੍ਹ ਕੁੱਤਾ ਸ਼ਬਦ ਨਹੀਂ ਹੋਣਾ ਚਾਹੀਦਾ, ਹਾਂ ਬੰਦਾ ਲਫਜ਼ ਹੋਣਾ ਚਾਹੀਦਾ ਐ! ਗਿਫੂਜੋਗੜ੍ਹ ਦੇ ਆਲ਼ੇ ਦੁਆਲ਼ੇ ਸਾਰੇ ਦੁਸਮਣਾਂ ਦੇ ਪਿੰਡ ਉਜਾੜ ਦਿੱਤੇ ਗਿਫੂਜੋਗੜ੍ਹ ਦੇ ਸਾਮੰਤ ਦੇ ਵੈਰੀਆਂ ਨੇ। ਆਹੋ! ਆਦਮੀ ਤਾਂ ਲੜਣ ਲਈ ਹੀ ਜਿਉਂਦਾ ਹੈ! ਜਦ ਇਹ ਫੌਜਾਂ ਕੂਚ ਕਰ ਦੀਆਂ, ਕਿਸੇ ਨੂੰ ਬਚਣ ਨਹੀਂ ਦਿੰਦੀਆਂ! ਤਲਵਾਰ ਲਹੂ ਹੀਂ ਪੀਂਦੀ ਹੈ! ਦਸ ਆਦਮੀ ਦੇ ਸਾਹਮਣੇ ਕੁੱਤੇ ਨੇ ਕੀ ਪਾਪ ਕੀਤਾ ਹੈ? ਬੰਦੇ ਦੀ ਮੌਤ ਤੋਂ ਤਾਂ ਕੁੱਤੇ ਦੀ ਮੌਤ ਬਿਹਤਰ ਨਹੀਂ ਹੈ? ਕਿਸਾਨ ਤਾਂ ਇਨੇ ਡਰਦੇ ਨੇ ਕਿ ਆਵਦੀਆਂ ਕੁੜੀਆਂ ਨੂੰ ਪਿੰਡ ਦੇ ਬਾਹਰ ਗੁਫਾਂ ਵਿੱਚ ਲੁੱਕੋ ਦਿੰਦੇ ਅਤੇ ਆਸ ਕਰਦੇ ਹੈ ਕਿ ਸਮੁਰਾਈ ਦੇ ਹੱਥ ਨਾ ਆ ਜਾਣ! ਅੱਜ ਕੱਲ੍ਹ ਸਾਰੇ ਪਾਸੇ ਇਹ ਹੀ ਹਾਲ ਹੈ ਇਨਸਾਨ ਲਈ। ਇਸ ਤੋਂ ਚੰਗਾ ਕੁੱਤਾ ਹੋਣਾ ਮੇਰੇ ਲਾਲ। ਕੀ ਖਿਆਲ ਐ ਤੇਰਾ?

ਕੁੱਝ ਗਰੀਬ ਸਾਹਮਣਾ ਕਰ ਲੈਂਦੇ ਨੇ, ਪਰ ਉਨ੍ਹਾਂ ਦੇ ਹਥਿਆਰ ਸਮੁਰਾਈ ਦੇ ਤੀਰ ਤਲਵਾਰਾਂ ਨਾਲ਼ ਮੁਕਾਬਲਾ ਨਹੀਂ ਕਰ ਸਕਦੇ ਹਨ। ਪਿੰਡ ਨੂੰ ਖਾਕ ਵਿਚ ਮਿਲਾ ਦਿੰਦੇ ਉਹ ਸਮੁਰਾਈ! ਆਵਦੇ ਸਾਮੰਤ ਲਈ ਆਵਦੀ ਜਾਨ ਵੀ ਲੈ ਲੈਂਦੇ ਨੇ, ਫਿਰ ਹੋਰ ਕਿਸੇ ਦਾ ਕੀ ਹੋਣਾ? ਇਹ ਹਲਾਤਾਂ ਵਿੱਚ ਗਿਫੂਜੋਗੜ੍ਹ ਜੰਗ ਲਈ ਤਿਆਰ ਹੋ ਗਿਆ ਸੀ। ਕਈ ਸਮੁਰਾਈ ਇੱਥੇਂ ਆਏ ਆਵਦੀ ਇੱਜ਼ਤ ਕਾਇਮ ਕਰਨ ਲਈ। ਉਨ੍ਹਾਂ'ਚ ਇੱਕ ਖਾਸ ਬੰਦਾ ਸੀ, ਜਿਸ ਨੂੰ ਲੋਕ ਮੁਸਾਸ਼ੀ ਸੱਦਦੇ ਸੀ। ਸਾਡੇ ਨਗਰ ਆਇਆ ਪੈਦਲ ਤੇ, ਉਸਦੇ ਸਾਹਮਣੇ ਇੱਕ ਆਦਮੀ ਘੋੜੇ ਉੱਤੇ ਅਤੇ ਉਸਦੇ ਸਾਹਮਣੇ ਇੱਕ ਖੋਜੀ ਉਨ੍ਹਾਂ ਨੂੰ ਰਾਹ ਵਿਖਾਉਂਦਾ।

ਨਗਰ ਦੇ ਗੜ੍ਹ ਵੱਲ ਵਧੇ, ਹੌਲੀ ਹੌਲੀ ਤੁਰਦੇ। ਲੋਕਾਂ ਨੂੰ ਤਾਂ ਸਵਾਰ ਉਨ੍ਹਾਂ ਦਾ ਮਾਲਿਕ ਜਾਪਿਆ ਪਰ ਮੇਰੇ ਲਾਲ, ਮੈਂ ਤਾਂ ਉਦੋਂ ਹੀ ਸਮਝ ਗਿਆ ਕਿਹੜਾ ਖਾਸ ਬੰਦਾ ਸੀ! ਕੁੱਤਾ ਤਾਂ ਆਦਮੀ ਤੋਂ ਹੁਸ਼ਨਾਕ ਹੈ। ਤੀਜਾ ਆਦਮੀ ਮੁਸਾਸ਼ੀ ਹੀ ਸੀ। ਉਸਦੀ ਤੋਰ ਕੱਪੜਿਆਂ ਤੋਂ ਆਲ਼ੇ ਦੁਆਲ਼ੇ ਖਲੋਏ ਹੋਏ ਸਮੁਰਾਈ ਨੂੰ ਵੀ ਕੁੱਝ ਸਮਝ ਪੈ ਗਈ ਸੀ। ਸਾਡੇ ਨਗਰ ਦੇ ਸਾਮੰਤ ਦੇ ਨਿਵਾਸ ਸਾਹਮਣੇ ਇੱਕ ਖਿੜਕ ਹੈ ਜਿਥੇ ਰਾਖੀ ਰੱਖਣ ਵਾਲ਼ੇ ਸਮੁਰਾਈ ਸਨ। ਉਨ੍ਹਾਂ ਦੇ ਕੋਲ਼ ਆ ਕੇ ਤਿਕੜੀ ਰੁੱਕ ਗਈ। ਘੋੜੇ ਸਵਾਰ ਨੇ ਕੁੱਝ ਕਿਹਾ ਅਤੇ ਇੱਕ ਰਾਖਾ ਅੰਦਰ ਚਲਾ ਗਿਆ। ਫਿਰ ਸਵਾਰ ਨੂੰ ਇਸ਼ਾਰਾ ਦਿੱਤਾ ਅੰਦਰ ਵੜਣ ਲਈ। ਦੂਜਿਆਂ ਨੂੰ ਇੱਕ ਨੇੜਲੇ ਢਾਬੇ ਵੱਲ ਭੇਜ ਦਿੱਤਾ ਗਿਆ। ਮੈਂ ਵੀ ਇਸ ਢਾਬੇ ਦਾ ਦੁਆਰ ਵੱਲ ਵਧ ਗਿਆ ਸੀ। ਉਥੋਂ ਅੰਦਰ ਝਾਕਦਾ ਵੇਖਿਆ ਕਿ ਖੋਜੀ ਅਤੇ ਸਮੁਰਾਈ (ਮੁਸਾਸ਼ੀ ਦੀ ਗੱਲ ਕਰ ਰਿਹਾ) ਦੋਨਾਂ ਇੱਕ ਮੇਜ ਕੋਲ਼ ਬਹਿ ਗਏ ਸੀ। ਆਲ਼ੇ ਦੁਆਲ਼ੇ ਆਮ ਜਨਤਾ ਸੀ। ਇੱਕ ਸਮੁਰਾਈ ਜਿਸ ਨੇ ਇੰਨ੍ਹਾਂ ਵੱਲ ਧਿਆਨ ਨਾਲ਼ ਦੇਖਿਆ ਜਦ ਸੜਕ ਨੂੰ ਪਾਰ ਕਰ ਰਹੇ ਸੀ, ਉਹ ਅੰਦਰ ਵੜ ਗਿਆ। ਉਸ ਦੇ ਮਗਰ ਤਿੰਨ ਹੋਰ ਵੀ ਦਖਲ ਹੋ ਗਏ। ਇੱਕ ਬੰਦੇ ਨੇ ਜਾਣ ਬੁੱਝ ਕੇ ਮੇਰੇ ਲੱਤ ਮਾਰੀ ਪਰ ਮੈਂ ਜ਼ਿੱਦ ਨਾਲ਼ ਉਥੇ ਹੀ ਰਿਹਾ। ਹੌਲੀ ਹੌਲੀ ਚੱਕਰ ਮਾਰਦਾ ਪਹਿਲਾ ਸਮੁਰਾਈ ਰਾਹੀਆਂ ਵੱਲ ਵਧਿਆ, ਜਿਵੇਂ ਪਾਣੀ ਵਹਿਣੀ ਵਿੱਚ ਘੁੰਮ ਘੁੰਮ ਕੇ ਮੁੜਦਾ ਹੈ। ਹਾਰ ਕੇ ਉਸਦੇ ਨਾਲ਼ ਖੜ੍ਹ ਗਿਆ।ਮੁਸਾਸ਼ੀ ਨੇ ਉਸਦੀ ਪਰਵਾਹ ਨਾ ਕੀਤਾ। ਇਹ ਸਮੁਰਾਈ ਨੇ ਗੌਲਿਆ ਨਹੀਂ, ਅਤੇ ਗੁੱਸੇ ਵਿੱਚ ਉਸਦੇ ਐਣ ਨਾਲ਼ ਖੜ੍ਹ ਕੇ ਕਿਹਾ, – ਤੂੰ ਕੌਣ ਐ, ਓਏ!–।

ਮੁਸਾਸ਼ੀ ਨੇ ਜੁਆਬ ਨਹੀ ਦਿੱਤਾ।ਸਮੁਰਾਈ, ਜਿਸ ਨੂੰ ਹੁਣ ਆਪਾਂ ਪਹਿਲਾ ਪਿਆਦਾ ਆਖਾਂਗੇ ਨੇ ਆਵਦਾ ਹੱਥ ਆਵਦੀ ਤਲਵਾਰ ਦੀ ਹੱਥੀ ਵੱਲ ਕਰਿਆ। ਖੋਜੀ ਦੇ ਹੱਥ ਪੈਰ ਫੁੱਲ ਗਏ। ਸਹਿਜ ਨਾਲ਼ ਮੁਸਾਸ਼ੀ ਉੱਠਿਆ ਅਤੇ ਪਹਿਲੇ ਪਿਆਦੇ ਵੱਲ ਘੁੰਮ ਕੇ ਬੋਲਿਆ, – ਮੈਂ ਮੁਸਾਸ਼ੀ ਹੈ।ਮਿਯਾਮੋਤੋ ਤੋਂ। ਮੈਂ ਕੇਵਲ ਨੌਕਰੀ ਲਈ ਇੱਥੇਂ ਆਇਆ। ਮੇਰੇ ਹਮਸਫਰ ਤੁਹਾਡੇ ਸਰਦਾਰ ਨਾਲ਼ ਗੱਲਬਾਤ ਕਰਨ ਗਿਆ। ਅਸੀਂ ਉਂਗਲੀ ਲੈਣੀ ਨਹੀਂ–। ਪਹਿਲਾ ਪਿਆਦਾ ਉਸ ਵੱਲ ਟੇਢੀ ਨਜ਼ਰ ਨਾਲ਼ ਵੇਖ ਕੇ ਹੱਸ ਪਿਆ, – ਕੀ ਮੈਂ ਖ਼ਤਰਾ ਮੁੱਲ ਲੈਣ ਵਾਲ਼ਾ ਲੱਗਦਾ? ਮੈਂ ਸਿਰਫ ਤੇਰਾ ਨਾਂ ਹੀ ਆਖਿਆ–।

– ਤੇ ਹੁਣ ਤੈਨੂੰ ਮੇਰਾ ਨਾਂਾ ਪਤਾ …–। ਪਰ ਇਸ ਤੋਂ ਅੱਗੇ ਜਵਾਬ ਵੱਧਣ ਦਾ ਮੌਕਾ ਨਹੀਂ ਮਿਲਿਆ, ਕਿਉਂਕਿ ਦੂਜੇ ਸਾਰੇ ਪਿਆਦੇ ਹੁਣ ਨੇੜੇ ਤੇੜੇ ਹੋ ਗਏ ਸਨ, ਅਤੇ ਦੂਜੇ ਪਿਆਦੇ ਨੇ ਥਿੜਕਦੀ ਆਵਾਜ਼ ਵਿੱਚ ਕਿਹਾ, – ਇਹ ਤਾਂ ਮਸ਼ਹੂਰ ਸਮੁਰਾਈ ਹੈ! ਹਾਲੇ ਤੀਕ ਹਾਰਿਆ ਨਹੀਂ! ਕਹਿੰਦੇ ਦੋਹਾਂ ਤਲਵਾਰਾਂ ਨਾਲ਼ ਲੜਦਾ ਹੈ!–।

ਮੈਨੂੰ ਸਾਫ ਦਿਸਦਾ ਸੀ ਹੁਣ ਪਹਿਲੇ ਪਿਆਦੇ ਦੇ ਦਿਲੋ-ਦਿਮਾਗ਼'ਚ ਇੱਕ ਹੀ ਗੱਲ ਲੰਘ ਰਹੀ ਸੀ। ਓਹ ਕੇ ਓਹ ਚਾਹੁੰਦਾ ਸੀ ਦੇਖਣ ਕਿ ਮੈਂ ਇਹ ਮੁਸਾਸ਼ੀ ਨੂੰ ਭਾਂਜ ਖਵਾ ਸਕਦਾ ਹੈ ਜਾਂ ਨਹੀਂ? ਇਹੀ ਸੋਚ ਮੁਸਾਸ਼ੀ ਦੀਆਂ ਅੱਖਾਂ ਵਿੱਚ ਠਿੱਲ੍ਹਦੀ ਸੀ। ਹੰਭ ਕੇ ਮੁਸਾਸ਼ੀ ਨੇ ਕਿਹਾ, – ਆਓ ਫਿਰ–। ਪਹਿਲੇ ਨੇ ਇਸ਼ਾਰਾ ਕੀਤਾ ਬਾਹਰ ਜਾਣ ਲਈ, ਪਰ ਮੁਸਾਸ਼ੀ ਨੇ ਉਨ੍ਹਾਂ ਸਾਰਿਆ ਨੂੰ ਹੱਥ ਨਾਲ਼ ਇਸ਼ਾਰਾ ਕੀਤਾ ਸੋ ਉਹ ਉਨ੍ਹਾਂ ਦੇ ਮਗਰ ਬਾਹਰ ਤੁਰ ਪਿਆ, ਮਗਰ ਪਾਣੀਓ ਪਾਣੀ ਪੱਥਰ ਹੋਏ ਪੈਰਾਂ ਨਾਲ਼ ਖੋਜੀ।

ਜਨਤਾ ਸੜਕ ਤੇ ਸ਼ਾਮਲ ਹੋ ਗਈ, ਨਾਲ਼ੇ ਨਾਲ਼ ਮੇਰੇ ਦੋਸਤ ਵੀ ਆ ਖੜ੍ਹ ਗਏ। ਚਾਰ ਪਿਆਦੇ ਸਾਡੇ, ਯਾਨੀ ਜਿਹੜੇ ਚਾਰ ਸਮੁਰਾਈ ਢਾਬੇ'ਚ ਮੁਸਾਸ਼ੀ ਨਾਲ਼ ਪੰਗਾ ਲੈਣ ਗਏ ਸਨ, ਹੁਣ ਸੜਕ ਤੇ ਫੈਲੇ ਅਧ ਚੱਕਰ ਵਿੱਚ। ਉਨ੍ਹਾਂ ਦੇ ਸਾਹਮਣੇ ਮੁਸਾਸ਼ੀ ਖੜ੍ਹਾ ਅਰਾਮ ਨਾਲ਼, ਬਾਹਾਂ ਆਸਤੀਨਾਂ'ਚ ਲੁਕੋਈਆਂ।ਫਿਰ ਤੀਜੇ ਪਿਆਦੇ ਨੇ ਆਵਦੀ ਕੱਤਾਨਾ ਕੱਢਕੇ ਸਿਰ ਉਪਰੋਂ ਹੇਠ ਲਿਆਂਦੀ ਮੁਸਾਸ਼ੀ ਦੇ ਸਿਰ ਵੱਲ। ਮੁਸਾਸ਼ੀ ਖੱਬੇ ਪਾਸੇ ਵਾਧਿਆ ਅਤੇ ਨਾਲ਼ੇ ਨਾਲ਼ ਆਸਤੀਨਾਂ'ਚੋਂ ਇੱਕ ਹੱਥ'ਚ ਉਸਦੀ ਕੱਤਾਨਾ ਨਿਕਲੀ ਅਤੇ ਦੂਜੇ ਹੱਥ ਵਿੱਚ ਇੱਕ ਸੰਗਲ਼ੀ ਜਿਸ ਦੀ ਨੋਕ ਤੇ ਬਲੇਡ ਸੀ। ਇਸ ਨੂੰ ਘੁੰਮਾ ਕੇ ਵਿਪੱਖੀ ਦੀ ਤਲਵਾਰ ਬੰਨ੍ਹ ਲਈ। ਉਸ ਹੀ ਪਲ ਆਵਦੀ ਕੱਤਾਨੇ ਨਾਲ਼ ਉਸਦਾ ਸੀਸ ਧੜ ਨਾਲੋਂ ਜੁਦਾ ਕਰ ਦਿੱਤਾ। ਹਾਲੇ ਸਿਰ ਨੇ ਧਰਤੀ ਨਹੀਂ ਚੁੰਮੀ ਸੀ ਜਦ ਚੌਥੇਂ ਪਿਆਦੇ ਨੇ ਤਲਵਾਰ ਉੱਚੀ ਕਰ ਦਿੱਤੀ, ਪਰ ਮੁਸਾਸ਼ੀ ਨੇ ਠਿੱਬੀ ਮਾਰੀ ਅਤੇ ਸੰਗਲ਼ੀ ਸੱਪ ਵਾਂਗ ਉਸ ਸਮੁਰਾਈ ਦੇ ਕੰਠ ਨੂੰ ਲਿਪਟ ਗਈ। ਇਸੇ ਹੀ ਵਕਤ ਸਾਡੇ ਪਹਿਲੇ ਦੋ ਪਿਆਦੇ ਵੀ ਲੜਾਈ'ਚ ਸ਼ਾਮਲ ਹੋ ਗਏ, ਆਵਦੀਆਂ ਤਲਵਾਰਾਂ ਘੁੰਮਾਉਂਦੇ। ਮੁਸਾਸ਼ੀ ਦੀ ਕੱਤਾਨਾ ਫਟਾ ਫੱਟ ਹਵਾ ਵਿੱਚ ਚੱਲਦੀ ਰਹੀ; ਉਸਦੀਆਂ ਅੱਖਾਂ ਬੰਦ ਸਨ, ਸਾਹ

ਹੌਲੇ। ਬਹੁਤ ਛੇਤੀ ਲਾਸ਼ਾਂ ਭੁੰਜੇ ਪਈਆਂ ਸਨ; ਮੈਨੂੰ ਲੱਗਾ ਜਦ ਤਿੰਨੇ ਹੀ ਬੰਦੇ ਹੇਠ ਪਏ ਸਨ, ਉਸ ਹੀ ਵੇਲੇ ਪਹਿਲੇ ਦਾ ਸਿਰ ਥੱਲੇਂ ਡਿੱਗਿਆ। ਜਿਸ ਆਦਮੀ ਨੇ ਮੁਸਾਸ਼ੀ ਨਾਲ਼ ਸਿਆਪਾ ਸ਼ੁਰੂ ਕੀਤਾ ਸੀ, ਉਹ ਚਾਰਾਂ'ਚੋਂ ਆਖਰਾ ਸੀ ਗੋਡੇ ਭਾਰ ਡਿੱਗਣ ਵਾਲ਼ਾ।

ਮੁਸਾਸ਼ੀ ਉਸਦੇ ਇੱਕ ਪਾਸੇ ਹੁਣ ਖਲੋਇਆ, ਖੁਦ ਉੱਤਰੀ ਧੂਰ ਵੱਲ ਝਾਕਦਾ, ਉਸਦਾ ਵੈਰੀ ਗੋਡੇ ਭਾਰ ਜਨੂਬ ਵੱਲ, ਮੂੰਹ ਅੱਡਿਆ, ਅੱਖਾਂ'ਚ ਖ਼ੂਨ ਉਤਰ ਆਇਆ, ਮੁਖੜੇ ਦਾ ਰੰਗ ਉਡ ਗਿਆ, ਹੈਰਾਨੀ ਨਾਲ਼, ਉਥੱਲ ਪੁਥੱਲ। ਮੇਰੇ ਲੂੰ ਕੰਡੇ ਖੜ੍ਹੇ ਗਏ! ਫਿਰ ਸਾਰਿਆਂ ਨੂੰ ਮਹਿਸੂਸ ਹੋਇਆ ਕਿ ਉਪਰਲਾ ਹਿੱਸਾ ਨੂੰ ਚੀਰ ਦਿੱਤਾ ਸੀ, ਕਿਉਂਕਿ ਮੁਸਾਸ਼ੀ ਦਾ ਸੱਜਾ ਹੱਥ ਉਸ ਦੇ ਸੱਜੇ ਵੱਲ ਵਧਾ ਸੀ, ਕੱਤਾਨਾ ਵੀ ਉਸ ਪਾਸੇ, ਲ਼ਹੂ ਨਾਲ਼ ਭਿਜੀ, ਜਿਵੇਂ ਉਸ ਨੇ ਦੁਸ਼ਮਣ ਦਾ ਹਿੱਕ ਖੱਬੇ ਪਾਸੇ ਤੋਂ ਸੱਜੇ ਪਾਸੇ ਚੀਰ ਦਿੱਤਾ ਸੀ ਅਤੇ ਹੁਣ ਇਸ ਥਾਂ ਤੇ ਤਲਵਾਰ ਪੁੱਜ ਗਈ ਸੀ।

ਸਾਡੀਆਂ ਅੱਖਾਂ ਸਾਹਮਣੇ ਗੋਡੇ ਭਾਰ ਸਮੁਰਾਈ, ਯਾਨੀ ਪਹਿਲਾ ਪਿਆਦੇ ਦੀ ਉਪਰਲੀ ਧੜ ਸਿਰ ਸਨੇ ਧਰਤੀ ਉੱਤੇ ਡਿੱਗ ਪਈ! ਫਿਰ ਚੁੱਪ ਚਾਪ ਖ਼ੂਨ ਛਿੜਕ ਕੇ ਮੁਸਾਸ਼ੀ ਨੇ ਕੱਤਾਨਾ ਮਿਆਨ ਵਿੱਚ ਪਾ ਦਿੱਤੀ। ਉਸ ਹੀ ਵੇਲੇ ਉਸਦਾ ਘੋੜਾ ਵਾਲਾ ਸਾਥੀ ਵਾਪਸ ਆ ਗਿਆ ਸੀ।

ਉਸ ਦਿਨ ਤੋਂ ਬਾਅਦ ਸਾਡੇ ਨਗਰ ਵਿੱਚ ਕਿਸੇ ਨੇ ਮੁਸਾਸ਼ੀ ਨਾਲ਼ ਟੱਕਰ ਨਾ ਲਈ! ਬੰਦੇ ਨੇ ਤਾਂ ਕੀ ਕੁੱਤੇ ਨੇ ਵੀ ਨਹੀਂ!




ਮੇਰੇ ਅੱਖਾਂ ਸਾਹਮਣੇ ਘੋੜੇ ਤੇ ਸਵਾਰ ਇੱਕ ਸਮੁਰਾਈ, ਜਿਸਦੇ ਖੋਦ ਦੀ ਪੇਸ਼ਾਨੀ ਵਿੱਚੋਂ ਬਾਰਾਂਸਿੰਗਾ ਵਾਂਗ ਦੋ ਧਾਰੀਆਂ ਫਬ ਫਬ ਨਭ ਵੱਲ ਵੱਧ ਰਹੀਆਂ ਸਨ, ਜਿਵੇਂ ਰਾਖਸ਼ ਨੇ ਇੱਕ ਕਿਸਾਨ ਦੀ ਹਿੱਕ'ਚ ਸਾਂਗ ਫਸਾ ਦਿੱਤੀ ਹੋਵੇ।

# ਦੋਸਤ

## ੧੯੦੦



ਮੈਂ ਆਵਦੀਆਂ ਅੱਖਾਂ ਖੋਲ੍ਹੀਆਂ।ਅੰਬਰ ਦੀ ਲਿਸ਼ਕ ਨੀਲੇ ਨੂਰ ਵਾਂਗ ਅੱਖਾਂ ਵਿੱਚ ਚੁੱਭੀ। ਸਾਹ ਲੈ ਕੇ ਆਲ਼ੇ ਦੁਆਲ਼ੇ ਝਾਕਿਆ। ਆਸ ਪਾਸ ਲੋਥਾਂ ਦਾ ਢੇਰ ਲੱਗਿਆ ਸੀ। ਕਿਸੇ ਦਾ ਹੱਥ ਮੇਰੇ ਹਿੱਕ ਤੇ ਸੀ, ਕਿਸੇ ਦੀ ਲੱਤ ਮੇਰੇ ਢਿੱਡ ਉਪਰ ਸੀ। ਸਭ ਲਾਲ ਸਨ, ਸੰਘਾਰ ਬਾਅਦ। ਰਣ ਲਿੱਭੜਿਆ ਸੀ ਖ਼ੂਨ ਰੇਜ਼ ਨਾਲ। ਮੇਰੇ ਮੂੰਹ ਤੇ ਮੱਖੀਆਂ ਬਹਿ ਕੇ ਮੈਨੂੰ ਦਿੱਕ ਕਰਦੀਆਂ ਸਨ। ਮੈਂ ਹੱਥ ਮਾਰਿਆ! ਰੱਬ ਦਾ ਸ਼ੁਕਰ! ਹੱਥ ਤਾਂ ਹਾਲੇ ਬਾਂਹ ਨਾਲ਼ ਸੀ! ਮੱਖੀਆਂ ਦੀ ਭਿਣਕਾਹਟ ਤੋਂ ਛੁੱਟ ਕੁੱਝ ਹੋਰ ਸੁਣਦਾ ਨਹੀਂ ਸੀ। ਹਵਾ ਵੀ ਦਰਖਤਾਂ'ਚ ਵਗਣੋ ਹੱਟ ਗਈ ਸੀ। ਮੈਂ ਆਵਦਾ ਸਿਰ ਹਿਲਾਇਆ।ਆਦਮੀ ਅਤੇ ਘੋੜਿਆਂ ਦੀਆਂ ਲਾਸ਼ਾਂ ਹੀ ਲਾਸ਼ਾਂ ਧਰਤੀ ਤੇ, ਆਪਸ ਵਿੱਚ ਹੇਠ ਉਪਰ ਪਈਆਂ! ਮੁਸ਼ਕ ਮਾਰ ਦੀਆਂ ਸਨ।ਮੈਂ ਵੀ ਪਾਗਲ ਸੀ ਜਿਹੜਾ ਮੈਂ ਬੇਨੋਸੁੱਕੇ ਨਾਲ਼ ਸੁਲ੍ਹਾ ਕਰਲੀ ਸੀ ਕਿ ਅਸੀਂ ਦੋਨਾਂ ਬਹੁਤ ਵੱਡੇ ਸਮੁਰਾਈ ਬਣਾਂ ਗੇ ਇੱਥੇਂ ਸੇਕੀਗ੍ਹਾਰਾ ਦੇ ਰਣ'ਚ ਆ ਕੇ ਦੁਨੀਆ ਨੂੰ ਵਿਖਾਵਾਂਗੇ ਕਿ ਅਸੀਂ ਵੱਡੇ ਵੀਰ ਹਾਂ ਅਪਣੇ ਬਾਪਾਂ ਤੋਂ ਵੀ ਵੱਡੇ! ਨਾਮ ਕਮਾਉਣ ਵਾਲੇ! ਮੇਰਾ ਤਾਂ ਦਿਮਾਗ਼ ਹਿੱਲ ਗਿਆ ਲੱਗਦਾ ਸੀ! ਇੱਕ ਦਮ ਬੇਨੋਸੁੱਕੇ ਦੀ ਯਾਦ ਆ ਗਈ। ਉਹ ਵੀ ਮੇਰੇ ਕੋਲ਼ੇ ਹੀ ਖਲੋਤਾ ਲੜ ਰਿਹਾ ਸੀ! ਕੀ ਪਤਾ ਓਹ ਵੀ ਹਾਲੇ ਵੀ ਜਿਉਂਦਾ ਹੋਵੇਗਾ? ਮੈਂ ਉਸਦਾ ਲਾਡਲਾ ਨਾਂ ਪੁਕਾਰਿਆ, - ਤਕੇਜ਼ੋ!-। ਦੋ ਤਿੰਨ ਵਾਰ ਹਾਕ ਮਾਰੀ ਤੇ ਫਿਰ ਮੈਂ ਖ਼ੁਦ ਹੈਰਾਨ ਹੋ ਗਿਆ ਜਦ ਜਵਾਬ ਬੇਨੋਸੁੱਕੇ ਤੋਂ ਆਇਆ, - ਮਤਾਹਚੀ ਤੂੰ?-। ਇਸ ਨੂੰ ਸੁਣਕੇ ਮੈਂ ਜੋਸ਼ ਵਿੱਚ ਆ ਗਿਆ ਅਤੇ ਆਵਦੇ ਉਪਰੋਂ ਲੋਥਾਂ ਦੇ ਲੰਗ ਪੈਰ ਪਾਸੇ ਕਰਨ ਲੱਗ ਪਿਆ, ਨਾਲ਼ੇ ਨਾਲ਼ ਬੋਲਿਆ, - ਤਕੇਜ਼ੋ, ਤੂੰ ਸੱਚ ਮੁੱਚ ਹਾਲੇ ਜਿਉਂਦਾ ਹੈ?-।

-ਹੋਰ! ਲੈ ਦਸ!- ਜਿਗਰਾ ਜਵਾਬ ਆਇਆ।- ਯਾਰ ਤੂੰ ਵੀ ਜਿਉਂਦਾ ਏਂ? ਹੁਣ ਨਾ ਮਰੀ! ਅੱਛਾ! ਤੂੰ ਹੁਣ ਹਿੰਮਤ ਨਾ ਹਾਰੀ ਪਤੰਦਰਾ! ਸ਼ਾਲਾ ਜਿਉਂਦਾ ਰਹਿ!-। ਮੈਂ ਧਰਤੀ ਤੇ ਘੁੰਮਕੇ ਆਵਦੀਆਂ ਕੂਹਣੀਆਂ ਨਾਲ਼ ਉਸਦੀ ਆਵਾਜ਼ ਵੱਲ ਖ਼ੁਦ ਨੂੰ ਘੜੀਸ ਕੇ ਲੈ ਕੇ ਗਿਆ, - ਮੈਂ ਨਹੀਂ ਹਿੰਮਤ ਹਾਰਦਾ ਬੇਨੋਸੁੱਕੇ!-। ਮੈਂ ਉਸਨੂੰ ਵੇਖ ਲਿਆ ਇੱਕ ਖ਼ੂਨ ਨਾਲ਼ ਲੱਥਪਥ ਲਾਸ਼ ਉਸਦੇ ਲੱਤਾਂ ਉਪਰ ਪਈ ਸੀ। ਮੈਂ ਆਵਦਾ ਹੱਥ ਵਧਾ ਕੇ ਉਸਦੀ ਚੀਚੀ ਫੜ੍ਹ ਲਈ, ਜਿਵੇਂ ਅਸੀਂ ਬਚਪਨ'ਚ ਕਰਿਆਂ ਕਰਦੇ ਸਾਂ, ਜਦ ਆਪਸ ਵਿੱਚ ਕੋਈ ਇਕਰਾਰ ਨਿਭਾਉਂਦੇ ਸੀ। ਮੈਂ ਉਸਦਾ ਸਾਰਾ ਹੱਥ ਫੜ੍ਹ ਲਿਆ। ਫਿਰ ਤਕੇਜ਼ੋ ਗਾਹਾਂ ਬੋਲਿਆ, - ਹੱਦ ਵਾਲੀ ਗੱਲ ਤੂੰ ਵੀ ਜਿਉਂਦਾ ਐ! ਸਾਥੋਂ ਛੁੱਟ ਹੋਰ ਸਾਰੇ ਮਾਰੇ ਗਏ ਨੇ ਲੱਗਦੇ-।

- ਬੋਲ ਨਾ ਤਕੇਜ਼ੋ! ਆਰਾਮ ਨਾਲ਼ ਉੱਠਦੇ ਆਂ। ਲੈ ਮੈਂ ਪਹਿਲਾ ਕੋਸ਼ਿਸ਼ ਕਰਦਾ-, ਮੈਂ ਬੇਨੋਸੁੱਕੇ ਨੂੰ ਕਿਹਾ।

- ਰੁਕ ਮੈਂ ਤੇਰੀ ਮੱਦਦ ਕਰਦਾਂ-, ਪਰ ਮੈਂ ਹੁਣ ਖੜ੍ਹਾ ਹੋ ਗਿਆ ਸੀ। ਆਲ਼ੇ ਦੁਆਲ਼ੇ ਧਰਤੀ ਤੇ ਕੋਈ ਐਸੀ ਥਾਂ ਨਹੀਂ ਰਿਹਾ ਜਿੱਥੇ ਆਦਮੀ ਜਾਂ ਘੋੜੇ ਦੀ ਲਾਸ਼ ਨਾ ਪਈ ਹੋਵੇ। ਮੱਖੀਆਂ ਤੋਂ ਜਿਆਦਾ ਵਿਕਰਾਲ ਚੀਜ਼ਾਂ ਸਨ। ਕਿਸੇ ਦੇ ਉੱਤੇ ਬਹਿ ਕੇ ਘੋਗੜ ਕਾਂ ਉਨ੍ਹਾਂ ਦਾ ਮਾਸ ਖਾ ਰਹੇ ਸਨ, ਜਾਂ ਗਿਰਝਾਂ ਅੱਖਾਂ ਚੂੰਡਦੀਆਂ ਸਨ। ਮੈ ਬੇਨੋਸੁੱਕੇ ਵੱਲ ਵਾਪਸ ਧਿਆਨ ਦਿੱਤਾ ਅਤੇ ਹੱਥ ਨਾਲ਼ ਉਸਨੂੰ ਖੜ੍ਹਾ ਕਰਾਉਣ ਲੱਗਾ ਸਾਂ ਜਦ ਉਸਨੇ ਮੈਨੂੰ ਧਰਤ ਉੱਤੇ ਖਿੱਚ ਕੇ ਆਖਿਆ, - ਆਪਣੇ ਆਪ ਨੂੰ ਨਿਰਜਿੰਦ ਸਾਬਤ ਕਰ! ਲੱਗਦਾ ਹੋਰ ਕੋਈ ਆ ਰਿਹਾ ਏ!-।

ਮੇਰਾ ਮੂੰਹ ਰਗੜ ਬਾਲਾ ਸੀ, ਪਰ ਮੈਂ ਫਿਰ ਵੀ ਕੋਸ਼ਿਸ਼ ਕੀਤੀ ਦੇਖਣ ਦੀ। ਫਿਰ ਮੈਨੂੰ ਮਹਿਸੂਸ ਹੋਇਆ ਕਿ ਭੂਮੀ ਜੋਰ ਨਾਲ਼ ਗੜ ਗੜ ਕਰਦੀ ਸੀ। ਮੇਰੀਆਂ ਬਾਹਾਂ ਮੁਖੜੇ ਸਾਹਮਣੇ ਸੀ ਅਤੇ ਮੈਂ ਬਾਹਾਂ ਪਿੱਛੋਂ ਬਾਹਰ ਝਾਕਿਆ। ਸਾਡੇ ਪਲ ਪਲ ਬਾਅਦ ਵਧਦੀ ਹਨੇਰੀ ਆ ਰਹੀ ਸੀ। ਜਦ ਨੇੜੇ ਆ ਗਈ, ਮੈਨੂੰ ਦਿਸ ਰਿਹਾ ਸੀ ਕਿ ਰਣ ਦੇ ਇੱਕ ਪਾਸੇ ਕਾਲੇ ਕਾਲੇ ਘੋੜਿਆਂ ਦੀਆਂ ਲੀਕਾਂ ਸਨ, ਸਭ ਤੇ ਸਮੁਰਾਈ ਸਵਾਰ, ਉਨ੍ਹਾਂ ਦੀਆਂ ਮੁਸਤਤੀਲ ਝੰਡੀਆਂ ਹਵਾ ਵਿੱਚ ਫੜ ਫੜਾਂਦੀਆਂ। - ਸਾਲੇ ਵਾਪਸ ਆ ਗਏ!- ਮੈਥੋਂ ਕਹਿ ਹੋ ਗਿਆ ਅਤੇ ਪਤਾ ਨਹੀਂ ਡਰ ਕਿੱਤੋਂ ਚੜ੍ਹ ਗਿਆ, ਪਰ ਮੈਂ ਇੱਕ ਗੋਡਾ ਧਰਤੀ ਤੋਂ ਚੱਕ ਲਿਆ, ਨੱਠਣ ਦੀ ਤਿਆਰੀ ਵਿੱਚ। ਪਰ ਬੇਨੋਸੁੱਕੇ ਨੇ ਮੇਰਾ ਗਿੱਟਾ ਖਿੱਚ ਲਿਆ ਅਤੇ ਵਾਪਸ ਮੈਨੂੰ ਧਰਤੀ ਤੇ ਕਰ ਦਿੱਤਾ। ਹੁਣ ਸਾਡੇ ਸਿਰਾਂ ਕੋਲ਼ ਸੌ ਸੌ ਘੋੜਿਆਂ ਲੰਘ ਰਹੇ ਸਨ! ਸੌ ਸੌ ਸੁਮ ਉੱਠਦੇ, ਸੌ ਸੌ ਸੁਮ ਡਿੱਗਦੇ ਸਮੁਰਾਈਆਂ ਦੀਆਂ ਲੋਥਾਂ ਉੱਪਰ। ਹਵਾ ਨਾਲ਼ ਗੱਲਾਂ ਕਰਦੇ ਜਾ ਰਹੇ ਸਨ! ਸਾਰੇ ਸਵਾਰ ਜੈਕਾਰੇ ਲਾਉਂਦੇ, ਹਥਿਆਰ ਅਤੇ ਬਕਤਰ ਠਣਕਦੇ! ਕਾਫੀ ਦੇਰ ਤੱਕ ਫੌਜ ਦੀ ਲਕੀਰ ਲੱਗੀ ਰਹੀ।

ਮੈਂ ਆਵਦੀਆਂ ਅੱਖਾਂ ਮੀਟ ਕੇ ਧਰਤੀ ਤੇ ਸਿਰ ਰਖਕੇ ਰੱਬ ਦੀਆਂ ਮਿੰਨਤਾਂ ਕੀਤੀਆਂ ਕਿ ਬਚਾਈ ਰੱਬਾ ਮੇਰੇ ਸਰੀਰ ਨੂੰ ਨਾ ਘੋੜੇ ਮਿੱਧਕੇ ਮਾਰ ਦੇਣ! ਪਰ ਬੇਨੋਸੁੱਕੇ ਤਾਂ ਉਸਦੀ ਪਿੱਠ ਤੇ ਪਿਆ ਅੱਖਾਂ ਖੋਲ੍ਹਕੇ ਅੰਬਰ ਵੱਲ ਝਾਕੀ ਗਿਆ! ਮੇਰੇ

ਨਾਸਾਂ'ਚ ਘੋੜਿਆਂ ਦਾ ਮੁੜ੍ਹਕਾ ਦਾ ਬੋ ਟੁੱਟ ਕੇ ਪੈਂਦਾ ਸੀ। ਫਿਰ ਇੱਕ ਦਮ ਖਾਮੋਸ਼ੀ ਆ ਗਈ। ਪਤਾ ਨਹੀਂ ਕੀ ਕਰਿਸ਼ਮਾ ਵਰਤਿਆ ਅਸੀਂ ਦੋਨੋਂ ਬਚ ਗਏ ਸਾਂ! ਇਸ ਲਈ ਅਸੀਂ ਦੋਨੋਂ ਹੈਰਾਨੀ ਨਾਲ਼ ਕੁੱਝ ਦੇਰ ਲਈ ਚੁੱਪ ਚਾਪ ਪਾਏ ਰਹੇ, ਰੱਬ ਦਾ ਸ਼ੁਕਰ ਕਰਦੇ।

- ਸੂਰ ਦੇ ਟਕੇ! ਫਿਰ ਬਚ ਗਏ!- ਬੇਨੋਸੁੱਕੇ ਨੇ ਆਹਾ ਮਾਰੀ ਨਾਲ਼ ਦੀ ਨਾਲ਼ ਮੈਨੂੰ ਹੱਥ ਦਾ ਸਹਾਰਾ ਦੇ ਕਿ ਧਰਤੀ ਤੋਂ ਉਠਾਇਆ ( ਖੁਦ ਖੜ੍ਹਾ ਹੋ ਗਿਆ ਸੀ)। ਮੈਂ ਹੌਲੀ ਹੌਲੀ ਆਵਦੇ ਦੋਸਤ ਵੱਲ ਸਿਰ ਕੀਤਾ ਅਤੇ ਉਸਨੂੰ ਕੰਬਦੀ ਆਵਾਜ਼ ਵਿੱਚ ਕਿਹਾ ਕਿ, - ਲੱਗਦਾ ਬੁੱਧਾ ਨੇ ਸਾਡੀ ਅਰਦਾਸ ਨੂੰ ਸੁਣ ਲਿਆ!-।

ਮੈਂ ਅਤੇ ਬੇਨੋਸੁੱਕੇ ਨੇ ਮਸਾਂ ਇੱਕ ਦੂਜੇ ਦਾ ਆਸਰਾ ਲੈਕੇ ਖੁਦ ਨੂੰ ਖੜ੍ਹਾ ਕੀਤਾ, ਹੌਲੀ ਹੌਲੀ ਜੁਲਕ ਕੇ ( ਇੱਕ ਦੂਜੇ ਦੇ ਕੰਧਿਆਂ ਤੇ ਹੱਥ ਪਾ ਕੇ ਹੌਲੀ ਹੌਲੀ ਤੁਰੇ) ਦਰੱਖ਼ਤਾਂ ਵੱਲ ਵਧੇ। ਉੱਥੇ ਪੁੱਜਕੇ ਅਸੀਂ ਧਰਤੀ ਤੇ ਡਿੱਗ ਪਏ ਤੇ ਕਾਫੀ ਦੇਰ ਲਈ ਬੈਠੇ ਉੱਥੇ ਆਰਾਮ ਕਰਦੇ ਰਹੇ। ਫਿਰ ਹਾਰਕੇ ਹੌਂਸਲਾ ਕਰਕੇ ਆਸ ਪਾਸ ਕੁੱਝ ਖਾਣ ਲਈ ਲੱਭਣ ਲੱਗ ਪਏ। ਦੋ ਦਿਨ ਮੈਂ ਅਤੇ ਬੇਨੋਸੁੱਕੇ ਨੇ ਇੰਝ ਹੀ ਬਿਤਾਏ, ਫੱਲ਼ ਖਾਂਦੇ, ਲੀਲੂ ਖਾਂਦੇ ਅਤੇ ਸੰਘਾੜਿਆਂ ਨਾਲ਼ੇ ਸਾਰਦੇ। ਇਬੁਕੀ ਗਿਰੀ ਦੇ ਪਾਸੇ ਘਾਹ ਅਤੇ ਨਾੜਾਂ ਤੇ ਗੁਜ਼ਾਰਿਆ। ਭੁੱਖੇ ਤਾਂ ਨਹੀਂ ਮਰੇ, ਪਰ ਬੇਨੋਸੁੱਕੇ ਦਾ ਢਿੱਡ ਦੁੱਖਦਾ ਸੀ ਅਤੇ ਮੈਨੂੰ ਦਸਤ ਹੋਣ ਲੱਗ ਗਏ। ਤੇਹ ਲੱਗੀ ਰਹੀ, ਪਰ ਫਿਰ ਵੀ ਇਸ ਤਰ੍ਹਾਂ ਦੋਨੋਂ ਹੀ ਬਚ ਗਏ।

ਪੰਦ੍ਰਾਂ ਤਰੀਕ ਝਾਂਜੇ ਦੀ ਆਖਰੀ ਰਾਤ ਸੀ। ਤੁਫਾਨਾਂ ਦੀ ਰੁੱਤ ਮੁਕ ਗਈ ਸੀ। ਦੋ ਰਾਤਾਂ ਬਾਅਦ ਬਹੁਤ ਠੰਡੇ ਸੀਤ ਚੰਦ ਨੇ ਸਾਡੇ ਤੇ ਬਿਨ੍ਹਾਂ ਬੱਦਲ ਅੰਬਰ ਤੋਂ ਠੰਡੇ ਚਾਨਣ ਦਾ ਮੀਂਹ ਵਰ੍ਹਾਇਆ ਸੀ। ਚਾਨਣ ਵਿੱਚ ਸਾਡੇ ਵੈਰੀ ਸਾਨੂੰ ਸਾਫ਼ ਦੇਖ ਸਕਦੇ ਸਨ। ਇਸ ਲਈ ਅਸੀਂ ਦੋਨੋਂ ਡਰ ਰਹੇ ਸੀ। ਮੈਂ ਚਾਨਣਾ ਤੋਂ ਬਹੁਤ ਹੀ ਡਰਦਾ ਸਾਂ, ਕਿਤੇ ਲੁਕ ਨਹੀਂ ਸਕਦੇ ਸੀ, ਉਨ੍ਹਾਂ ਦੀ ਗਸ਼ਤ ਤੋਂ। ਮੈਂ ਤਿਆਰ ਹੋ ਗਿਆ ਆਪਣੇ ਆਪ ਨੂੰ ਉਨ੍ਹਾਂ ਦੇ ਹਵਾਲੇ ਕਰਨ ਨੂੰ। ਪਰ ਸਾਡਾ ਬੇਨੋਸੁੱਕੇ ਹੋਰ ਤਰ੍ਹਾਂ ਸੋਚਦਾ ਸੀ! ਉਸਨੇ ਫੈਲਸਾ ਕਰ ਲਿਆ ਅੱਗੇ ਜਾਣ ਦਾ, ਜੋ ਮਰਜ਼ੀ ਹੋਵੇ, ਉਨ੍ਹਾਂ ਦੇ ਹੱਥੀ ਨਹੀਂ ਆਉਣਾ ਸੀ।

ਮੈਂ ਬੇਨੋਸੁੱਕੇ ਨੂੰ ਖਿਝ ਕੇ ਆਖਿਆ, - ਤਕੇਜ਼ੋਇਆ, ਪਰ ਕਿਧਰ?-।

ਉਸਨੇ ਗਹਿਰ ਗੰਭੀਰ ਜਵਾਬ ਦਿੱਤਾ, - ਤਰੁਈ ਪਿੰਡ ਵੱਲ, ਤੈਥੋ ਤੁਰ ਹੋਜੂਗਾ ਮਤਾਹਚੀਆ?-। ਮੈਥੋਂ ਤਾਂ ਸਾਹ ਮਸਾਂ ਲੈ ਹੁੰਦੇ ਸੀ ਪਰ ਇਸ਼ਾਰਾ ਕਰ ਦਿੱਤਾ, - ਹਾਂ ਤੁਰ ਸਕਦਾਂ ਆਂ-। ਇਸ ਲਈ ਉਹ ਮੈਨੂੰ ਸਹਾਰਾ ਦੇ ਕਿ ਹੌਲੀ ਹੌਲੀ ਤਰੁਈ ਵੱਲ ਲੈ ਗਿਆ। ਕੁੱਝ ਦੇਰ ਬਾਅਦ ਮੈਨੂੰ ਪੁੱਛਿਆ, -ਤੂੰ ਠੀਕ ਹੈ ਮਤਾਹਚੀਆ?-।

- ਹਾਂ ਹਾਂ, - ਜਵਾਬ ਦੇ ਦਿੱਤਾ, ਪਰ ਮੈਂ ਮਸਾਂ ਤੁਰਦਾ ਸੀ ਅਤੇ ਜਦ ਇੱਕ ਛੱਪੜ'ਚ ਆਵਦੇ ਮੁਖੜੇ ਵੱਲ ਝਾਕਿਆ, ਮੈਂ ਸੋਚਿਆ, ਮੈਂ ਤਾਂ ਚੰਨ ਤੋਂ ਵੀ ਸਫ਼ੈਦ ਹਾਂ-। ਬੇਨੋਸੁੱਕੇ ਨੂੰ ਬਾਰ ਬਾਰ ਕਹੀ ਗਿਆ, - ਮਾਫ ਕਰਨਾ ਤਕੇਜ਼ੋ, ਮੇਰੇ ਕਾਰਨ ਸਾਨੂੰ ਹੌਲੀ ਚੱਲਣਾ ਪੈ ਰਿਹਾ ਐ-। ਉਸਨੇ ਮੈਨੂੰ ਜਵਾਬ'ਚ ਕਿਹਾ, - ਫਿਕਰ ਨਾ ਕਰ-, ਪਰ ਕਿੰਨੀ ਵਾਰ ਇਹ ਵੀ ਕਿਹਾ ਕੇ ਬੰਦਾ ਅੱਕ ਜਾਂਦਾ ਹੈ? ਮੈਂ ਤਾਂ ਉਸ ਲਈ ਭੋਜ ਸੀ। ਹਾਰ ਕੇ ਅਸੀਂ ਇੱਕ ਪੱਥਰ ਤੇ ਬੈਠੇ ਤੇ ਬੇਨੋਸੁੱਕੇ ਨੇ ਘੁੰਮ ਕੇ ਮੈਨੂੰ ਕਿਹਾ, - ਇਹਦੇ ਵਿੱਚ ਤੇਰੀ ਕੋਈ ਗਲਤੀ ਹੈ ਨਹੀਂ। ਤੂੰ ਇਸ ਰਣ'ਤੇ ਮੇਰੇ ਲਈ ਆਇਆ ਸੀ। ਸ਼ਰਮਸਾਰ ਤਾਂ ਮੈਂ ਹਾਂ।ਸਗੋਂ ਅਫ਼ਸੋਸ ਤਾਂ ਮੈਨੂੰ ਕਰਨਾ ਚਾਹੀਦਾ। ਮਾਫੀ ਤੈਥੋਂ ਮੈਨੂੰ ਮੰਗਣੀ ਚਾਹੀਦੀ ਐ ਵੀਰਾ! ਮੈਂ ਹੀ ਸੀ ਜਿਸ ਨੇ ਕਿਹਾ ਆਵਦੇ ਬਾਪ ਦੀ ਧਾਕ ਜਮਾਉਣੀ ਹੀ ਕੁੱਝ ਕਰਨਾ ਹੈ! ਉਸਨੂੰ ਕਾਇਲ ਕਰਨਾ ਸੌਖਾ ਨਹੀਂ ਐ! ਮੈਨੂੰ ਕੁੱਝ ਨਹੀਂ ਸਮਝਦਾ ਅਤੇ ਮੈਂ ਉਸ ਬੁੱਢੇ ਨੂੰ ਦਿਖਾਉਣਾ ਸੀ, ਮੈਂ ਵੀ ਮਰਦ ਹਾਂ! ਤੂੰ ਤਾਂ ਮੇਰੇ ਮਗਰ ਲੱਗ ਗਿਆ! ਇਸ ਵਿੱਚ ਕਸੂਰ ਮੇਰਾ ਹੀ ਹੈ! ਹੁਣ ਸਾਨੂੰ ਵੇਖ...-, ਬੇਨੋਸੁੱਕੇ ਤੋਂ ਵਾਕ ਵੀ ਨਹੀਂ ਪੂਰਾ ਹੋਇਆ ਸੀ।

- ਆਹੋ! ਇੱਕ ਪਾਸੇ ਤਾਂ ਤੇਰੀ ਗੱਲ ਵੀ ਠੀਕ ਹੈ। ਪਰ ਮੈਂ ਵੀ ਸਾਡੇ ਵੱਡੇਰਿਆਂ ਨੂੰ ਕੁੱਝ ਦਿਖਾਉਣਾ ਚਾਹੁੰਦਾ ਸੀ। ਕੱਲੀ ਤੇਰੀ ਗੱਲ ਨਹੀਂ ਹੈ। ਫੈਸਲਾ ਤਾਂ ਮੇਰਾ ਵੀ ਸੀ - , ਮੈਂ ਉਸਨੂੰ ਜਵਾਬ ਦਿੱਤਾ।

- ਮਤਾਹਚੀ, ਆਪਾਂ ਸਭ ਕੁੱਝ ਕੱਠਿਆਂ ਨੇ ਹੀ ਕੀਤਾ। ਬੱਸ ਇਸ ਗੌਂ ਨੇ ਮੈਨੂੰ ਆਵਦੇ ਸੁਪਨੇ ਹੀ ਦਿਖਾਏ! ਤੇਰੀ ਮਾਈ ਤਾਂ ਬਹੁਤ ਗੁੱਸੇ'ਚ ਪੈ ਗਈ ਸੀ ਜਦ ਅਸੀਂ ਉਸਨੂੰ ਦੱਸਿਆ ਕਿ ਇੱਸ ਜੰਗ'ਚ ਸ਼ਾਮਲ ਹੋਣ ਲੱਗੇ ਨੇ! ਸਾਰੇ ਪਿੰਡ ਵਿੱਚ ਜਾ ਕੇ ਲੋਕਾਂ ਨੂੰ ਕਿਹਾ, ਇਹ ਬੇਨੋਸੁੱਕੇ ਤਾਂ ਅੰਨ੍ਹਾ ਕੁੱਤਾ ਹਰਨਾਂ ਦਾ ਸ਼ਿਕਾਰੀ ਹੈ! ਲਫੰਗਾ ਹੈ! ਮੇਰੇ ਪੁੱਤ ਨੂੰ ਇਸ ਤੋਂ ਬਚਾਓ! ਯਾਦ ਹੈ? ਤੇਰੀ ਮੰਗੇਤਰ, ਓਤਸੂ, ਮੇਰੀ ਭੈਣ, ਸਭ ਕਹਿੰਦੇ ਸੀ ਕਿ ਪਿੰਡਾਂ ਦੇ ਮੁੰਡਿਆਂ ਨੂੰ ਇਹ ਲੜਾਈ ਦੇ ਪੰਗਿਆਂ ਤੋਂ ਪਰ੍ਹਾਂ ਹੀ ਰਹਿਣਾ ਚਾਹੀਦਾ! ਕੀ ਗੱਲ, ਮੈਂ ਤਾਂ ਸਮੁਰਾਈ ਦਾ ਇਕਲੌਤਾ ਹੀ ਬੇਟਾ ਹੈ! ਤੂੰ ਵੀ! ਸ਼ਾਇਦ ਇਹ ਹੀ ਗੱਲ ਸੀ! ਕਿ,ਕੱਲੇ ਮੁੰਡੇ ਜੰਗ'ਚ ਜਾ ਕੇ ਮਰ ਗਏ ਤਾਂ ਫਿਰ ਕੀ ਹੋਵੇਗਾ? ਪਰ ਮੈਂ ਸਾਡੇ ਟੱਬਰਾਂ ਦੇ ਨਾਂ ਰੱਖਣ ਲਈ ਆਵਦੇ ਸੁਪਨੇ ਨਹੀਂ ਖਰਾਬ ਕਰਨਾ ਚਾਹੁੰਦਾ ਸੀ!-।

- ਸਹੀ ਗੱਲ, ਪਰ ਫਿਰ ਵੀ ਅਸੀਂ ਦੋਨੋਂ ਭੋਲ਼ੇ ਸੀ! ਅਸੀਂ ਸੋਚਿਆਂ ਸਾਡੇ ਬਾਪਾਂ ਵਾਂਗ ਫੌਜ ਨੇ ਇੱਕ ਦਮ ਸਾਨੂੰ ਸਮੁਰਾਈ ਬਣਾ ਦੇਣਾ ਹੈ! ਪਰ ਹੋਇਆ ਕੀ! ਅਸੀਂ ਤਾਂ ਉਨ੍ਹਾਂ ਲਈ ਆਮ ਪੈਡੂ ਸੀ! ਸਾਨੂੰ ਤਾਂ ਪਿਆਦੇ ਬਣਾ ਦਿੱਤਾ!

- ਆਹੋ! ਬੜਾ ਸਮੁਰਾਈ ਬਣ ਗਏ! ਫੌਜ ਲਈ ਹਥਿਆਰ ਢੋਂਦੇ, ਟੰਟੇ ਕਰਦੇ, ਭਾਂਡੇ ਮਾਂਜਦੇ! ਹੁਣ ਕੀ ਕਰਾਂਗੇ? ਤੈਨੂੰ ਇੱਥੇ ਛੱਡ ਨਹੀਂ ਸਕਦਾ। ਜੇ ਇੱਦਾਂ ਕੀਤਾ ਤੇਰੀ ਮਾਂ ਦੇ ਸਾਹਮਣੇ ਖੜ੍ਹਨ ਜੋਗਾ ਨਹੀਂ ਰਹਿਣਾ! ਓਤਸੂ ਕੀ ਕਹੇਗੀ?-।

- ਤਕੇਜ਼ੋ, ਮੈਂ ਤੈਨੂੰ ਦੋਸ਼ੀ ਨਹੀਂ ਸਮਝਦਾ ਹੈ। ਪਤਾ ਨਹੀਂ ਕਿਉਂ ਤੂੰ ਆਪਣਐਆਪ ਇਸ ਨਜ਼ਰ'ਚ ਵੇਖਦਾ! ਹਾਂ, ਪਿੰਡ ਵਿੱਚ ਤੂੰ ਸਭ ਤੋਂ ਵੱਡਾ ਬਦਮਾਸ਼ ਹੈ ਅਤੇ ਆਵਦੇ ਕੱਤਾਨੇ ਨਾਲ਼ ਸਭ ਨੂੰ ਡਰਾਕੇ ਰੱਖਦਾ ਏ। ਪਰ ਓਹ ਤਾਂ ਉਨ੍ਹਾਂ ਦੀਆਂ ਅੱਖਾਂ ਵਿੱਚ ਹੈ। ਮੇਰੀਆਂ'ਚ ਨਹੀ ਮੇਰੇ ਯਾਰ! ਨਾਲ਼ੇ ਤੇਰੀ ਕਿੱਥੇਂ ਗਲਤੀ ਹੈ ਕਿ ਸਾਡੇ ਪਾਸੇ ਨੇ ਲੜਾਈ ਹਾਰ ਲਈ? ਜੇ ਕਿਸੇ ਦੀ ਗਲਤੀ ਵੀ ਤਾਂ, ਉਹ ਮਾਂ ਦੇ ਯਾਰ ਕੋਬੈਅਕਵਾ ਦੀ ਹੈ! ਜੇ ਮੇਰੇ ਹੱਥ'ਚ ਕਦੀ ਆਇਆ, ਮੈਂ ਮਾਰ ਦਊਂ ਸਾਲੇ ਨੂੰ! ਚੱਲ ਤੁਰੀਏ!-।

ਦੋ ਘੰਟੇ ਹੋਰ ਤੁਰ ਕੇ ਅਸੀਂ ਇੱਕ ਨਿੱਕੇ ਮੈਦਾਨ ਦੇ ਕਿਨਾਰੇ ਉਪਰ ਖਲੋਏ ਸੀ, ਸਾਡੀ ਨਜ਼ਰ ਬੂਝਿਆਂ ਤੇ ਟਿੱਕੀ, ਜਿੰਨ੍ਹਾਂ ਦੇ ਤੂਫ਼ਾਨ ਨੇ ਟੋਟੇ ਟੋਟੇ ਕਰ ਦਿੱਤੇ ਸੀ। ਕੋਈ ਮਕਾਨ ਨਹੀਂ ਸੀ ਇਸ ਥਾਂ'ਤੇ। ਕੋਈ ਬੱਤੀ ਨਹੀਂ ਜਗਦੀ ਸੀ। ਪਰ ਸਾਰੇ ਪਾਸੇ ਹੋਰ ਲੋਥਾਂ ਸਨ। ਸਾਡੇ ਨੇੜੇ ਕਿਸੇ ਡਿੱਗੇ ਸੈਨਿਕ ਦਾ ਸਿਰ ਸੀ। ਇੱਕ ਨਦੀ'ਚ ਮੂੰਹ ਤੇ ਪਈ ਲਾਸ਼ ਸੀ। ਇੱਕ ਮਰੇ ਕੁਮੈਤ ਦੇ ਅੰਗਾਂ ਨਾਲ਼ ਆਦਮੀ ਦੀ ਲਾਸ਼ ਫਸੀ ਸੀ। ਬਾਰਸ਼ ਨੇ ਸਾਰਾ ਲੂਹ ਧੋ ਦਿੱਤਾ ਸੀ। ਚਾਨਣ ਵਿੱਚ ਲਾਸ਼ਾਂ ਮੱਛੀਆਂ ਵਰਗੀਆਂ ਲੱਗੀਆਂ ਸੀ। ਹਵਾ'ਚ ਘੰਟੀਆਂ ਸੁਣਦੀਆਂ ਸੀ ਅਤੇ ਝੀਂਗਰ ਬੋਲ ਰਹੇ ਸਨ। ਮੇਰੇ ਮੁਖੜੇ ਤੋਂ ਅੱਥਰੂ ਬੁੱਲ੍ਹਾਂ ਵੱਲ ਵਧੇ, ਮੈਲ਼ ਨੂੰ ਸਾਫ ਕਰਦੇ। ਮੈਂ ਹੌਕੇ ਭਰੇ। ਫਿਰ ਬੇਨੋਸੁੱਕੇ ਨੂੰ ਕਿਹਾ, - ਤਕੇਜ਼ੋ, ਜੇ ਮੈਨੂੰ ਕੁੱਝ ਹੋਇਆ ਤੂੰ ਓਤਸੂ ਦਾ ਧਿਆਨ ਰੱਖੇਗਾ ਨਾ? ਅਕਸਰ ਤੇਰੀ ਭਾਬੀ ਲੱਗਦੀ ਏ-

- ਇਹ ਪੁੱਛਣ ਵਾਲਾ ਸਵਾਲ ਹੈ! ਤੈਨੂੰ ਕੀ ਹੋ ਗਿਆ?-

- ਮੈਨੂੰ ਲੱਗਦਾ ਮੈਂ ਤੁਰ ਜਾਣਾ-

- ਜੇ ਇੱਦਾਂ ਸੋਚੀ ਜਾਵੇਂਗਾ, ਫਿਰ ਇੱਦਾਂ ਹੀ ਹੋਵੇਗਾ!- ਬੇਨੋਸੁੱਕੇ ਨੇ ਗੁੱਸੇ ਵਿੱਚ ਜਵਾਬ ਦਿੱਤਾ।- ਤੂੰ ਮਰਦ ਹੈ ਜਾਂ ਚੂਹਾ?-

- ਤਕੇਜ਼ੋਇਆ, ਮਾਂ ਕੋਲ਼ ਤਾਂ ਲੋਕ ਹੈ ਉਸਦਾ ਖਿਆਲ ਕਰਨ ਲਈ, ਪਰ ਓਤਸੂ ਕੋਲ਼ ਕੋਈ ਨਹੀਂ ਹੈ। ਬਚਨ ਦੇ ਤੂੰ ਉਸ ਦਾ ਖਿਆਲ ਰੱਖੇਂਗਾ-।

- ਆਪਣੇ ਆਣ ਨੂੰ ਸੰਭਾਲ! ਤੈਨੂੰ ਐਵੇ ਟੱਟੀਆਂ ਲੱਗੀਆਂ ਪਈਆਂ! ਹੋਰ ਕੁੱਝ ਨਹੀਂ! ਬਕਵਾਸ ਬੰਦ ਕਰ। ਜੇ ਹੁਣ ਨਹੀਂ ਤਾਂ ਥੋੜ੍ਹੇ ਚਿਰ ਤੀਕਰ ਕੋਈ ਘਰ ਲੱਭ ਜਾਣਾ, ਫਿਰ ਦਵਾਈ ਮਿਲ ਜਾਣੀ ਹੈ!-।

ਇਸ ਤੋਂ ਬਾਅਦ ਇਸ ਬਾਰੇ ਮੈਂ ਬੇਨੋਸੁੱਕੇ ਨੂੰ ਕੁੱਝ ਨਹੀਂ ਕਿਹਾ। ਖਾਮੋਸ਼ੀ'ਚ ਅਸੀਂ ਅੱਗੇ ਤੁਰੇ ਪਏ। ਹੁਣ ਤਾਂ ਅਸੀਂ ਬਹੁਤ ਕੁੱਝ ਵੇਖ ਹਟੇ ਸੀ। ਧਰਤੀ ਲਾਸ਼ਾਂ ਨਾਲ਼ ਬਣੀ ਲੱਗਦੀ ਸੀ ਅਤੇ ਕਾਫੀ ਚਿਰ ਹੋ ਚੁਕਿਆ ਸੀ ਜਦ ਦੇ ਸਾਡੇ ਮਨ ਇੰਨ੍ਹਾਂ

ਨੂੰ ਦੇਖ ਕੇ ਢੀਠ ਬਣਗੇ ਸੀ, ਜਿਵੇਂ ਕਠੋਰ ਚਿਤ ਹੋ ਗਏ ਸੀ। ਅਸੀਂ ਸਾਹ ਲੈਣ ਲਈ ਖੜ੍ਹੇ। ਸਾਨੂੰ ਇੱਕ ਖੜਕਾ ਸੁਣਿਆ ਲਾਸ਼ਾਂ ਵੱਲੋਂ ਆਉਂਦਾ।ਬੇਨੋਸੁੱਕੇ ਵੀ ਮੇਰੇ ਵਾਂਗ ਡਰ ਗਿਆ ਸੀ। ਦੋਨੋਂ ਸਿਮਟ ਕੇ ਧਰਤੀ ਵੱਲ ਦਬਕਗੇ ਸੀ। ਆਸ ਪਾਸ ਤਾੜਦੇ ਸੀ। ਫਿਰ ਚਾਨਣ ਹੇਠ ਕੋਈ ਆਭਾਸ ਇਧਰ ਉਧਰ ਜਾਂਦਾ ਜਾਪਿਆ, ਸਾਨੂੰ।ਡੀਲ ਡੋਲ ਬਹੁਤ ਤੇਜੀ ਨਾਲ਼ ਹਿਲਦੀ ਸੀ, ਜਿਵੇਂ ਖਰਗੋਸ਼ ਡਰਕੇ ਦੌੜ੍ਹ ਰਿਹਾ ਸੀ। ਸਾਡੀਆਂ ਅੱਖਾਂ ਚਾਨਣ ਵਿੱਚ ਕਾਇਮ ਹੋ ਗਈਆਂ ਸਨ, ਅਤੇ ਹਾਰਕੇ ਮਹਿਸੂਸ ਹੋਇਆ ਕਿ ਕੋਈ ਲੋਥਾਂ ਵਿਚਕਾਰ ਕੁੱਬਾ ਹੋ ਕੇ ਬੈਠਾ ਸੀ! ਸਾਡੇ ਕੋਲ਼ ਸਿਰਫ ਚਾਕੂ ਸੀ, ਪਰ ਅਸੀਂ ਆਪਣੇ ਆਪ ਨੂੰ ਤਿਆਰ ਕਰ ਲਿਆ, ਕਿਉਂਕਿ ਸਮੁਰਾਈ ਹੋ ਸਕਦਾ, ਜਿਸ ਨੇ ਸਾਨੂੰ ਕੋਈ ਦਇਆ ਨਹੀਂ ਵਿਖਾਉਣੀ ਸੀ। ਪਰ ਅਸੀਂ ਤਾਂ ਹੈਰਾਨ ਹੋ ਗਏ ਜਦ ਸਮੁਰਾਈ ਦੇ ਥਾਈਂ ਇੱਕ ਤੇਰਾਂ ਸਾਲਾਂ ਦੀ ਕੁੜੀ ਨਿਕਲ ਆਈ! ਸਾਡੇ ਵੱਲ ਬਿੱਲੀ ਵਾਂਗ ਤਾੜਦੀ ਸੀ, ਹਿਸਾਬੀ ਅੱਖਾਂ ਨਾਲ਼।

ਇਸ ਥਾਂ, ਅੱਧੀ ਰਾਤ, ਚੰਦ ਹੇਠ ਇੱਕ ਨਿੱਕੀ ਕੁੜੀ ਲਾਸ਼ਾਂ ਵਿੱਚ ਲੁਕ ਕੇ ਕੀ ਕਰ ਰਹੀ ਸੀ? ਅਸੀਂ ਹੈਰਾਨੀ ਵੱਲ ਉਸ ਵੱਲ ਝਾਕੀ ਗਏ। ਹਾਰਕੇ ਬੇਨੋਸੁੱਕੇ ਨੇ ਉਸਨੂੰ ਕਿਹਾ, - ਓਏ! ਤੂੰ ਇੱਥੇਂ ਕੀ ਕਰ ਰਹੀ ਏ? ਕੌਣ ਹੈ ਤੂੰ?-। ਉਹ ਬਿਨਾ ਜਵਾਬ ਦਿੱਤੇ ਉੱਠ ਕੇ ਨੱਸ ਪਈ। ਉਸਦੇ ਮਗਰ ਬੇਨੋਸੁੱਕੇ ਨੇ ਕੂਕ ਮਾਰੀ, - ਓਏ! ਰੁਕ ਜਾ! ਮੈਂ ਤੈਨੂੰ ਕੁੱਝ ਪੁੱਛਣਾ ਏ! ਦੌੜ ਨਾ!-, ਪਰ ਕੁੜੀ ਤਾਂ ਨੱਠ ਗਈ ਸੀ। ਦੂਰੋ ਸਾਨੂੰ ਇੱਕ ਨਿੱਕੀ ਘੰਟੀ ਦੀ ਅਵਾਜ਼ ਆਈ।- ਛਲੇਡਾ ਤਾਂ ਨ੍ਹੀਂ ਸੀ?- ਬੇਨੋਸੁੱਕੇ ਨੇ ਹਵਾ ਨੂੰ ਆਖਿਆ।

ਮੈਂ ਹੱਸ ਪਿਆ। ਯਾਰ ਤੂੰ ਅਣਪੜ੍ਹ ਜਿਹੇ ਖਿਆਲਾਂ'ਚ ਹੀ ਰਹਿੰਦਾ ਏ! ਮੈਂ ਉਸਨੂੰ ਕਿਹਾ, -ਤਕੇਜੋਇਆ, ਮੇਰੇ ਵੀਰ, ਭੂਤ ਜੇ ਇੱਥੇਂ ਹੁੰਦੇ, ਮਰੇ ਸਮੁਰਾਈਆਂ ਦੇ ਹੋਣੇ ਸੀ! ਤੇਰਾ ਕੀ ਖਿਆਲ?-, ਉਂਝ ਮੈਂ ਵੀ ਕੰਬਦਾ ਸੀ।

- ਐਵੀ ਮੈਂ ਉਸਨੂੰ ਡਰਾ ਦਿੱਤਾ। ਇੱਥੇਂ ਕਿੱਥੇਂ ਪਿੰਡ ਹੋਵੇਗਾ! ਉਸਨੇ ਸਾਨੂੰ ਦਸ ਦੇਣਾ ਸੀ; ਵੀ ਜਿੱਧਰ ਜਾਣਾ ਚਾਹੀਦਾ ਹੈ!-।

- ਕੋਈ ਗੱਲ ਨ੍ਹੀਂ...ਲੱਭ ਜਾਵੇਗਾ। ਚੱਲ ਉੱਠ-, ਮੈਂ ਆਵਦਾ ਭਾਰ ਉਸਦੇ ਪਾ ਦਿੱਤਾ ਅਤੇ ਮੈਨੂੰ ਲੈ ਕੇ ਹੌਲੀ ਹੌਲੀ ਸਾਡੇ ਸਾਹਮਣੇ ਇੱਕ ਪਹਾੜੀ ਵੱਲ ਲੈ ਕੇ ਗਿਆ। ਜਦ ਅਸੀਂ ਉੱਪਰ ਪੁੱਜੇ, ਦੂਜੇ ਪਾਸੇ ਦਲਦਲ ਸੀ। ਇਹ ਦਲਦਲ ਐਣ ਫੂਵਾ ਪਹਾੜ ਦੇ ਪੈਰਾਂ ਵੱਲ ਜਾਂਦੀ ਸੀ। ਸਾਨੂੰ ਅੱਧਾ ਕੋਹ ਸਾਹਮਣੇ ਇੱਕ ਨੂਰ ਦਿਸ ਪਿਆ ਸੀ। ਜੋ ਬਹੁਤਾ ਲੰਬੀ ਵਾਟ ਤੇ ਨਹੀਂ ਲੱਗਦਾ ਸੀ। ਰੌਸ਼ਨੀ ਕਿਸੇ ਦੇ ਘਰੋਂ ਆਉਂਦੀ ਲੱਗਦੀ ਸੀ। ਅਸੀਂ ਉਸ ਵੱਲ ਤੁਰ ਪਏ ਸੀ। ਅਖੀਰ ਪਹੁੰਚ ਗਏ ਇੱਕ ਖੇਤੀਬਾੜੀ ਘਰ ਕੋਲ਼। ਘਰ ਦੇ ਆਲ਼ੇ ਦੁਆਲ਼ੇ ਮੋਟੀ ਜਿਹੀ ਮਿੱਟੀ ਦੀ ਕੰਧ ਕੱਢੀ ਸੀ। ਅੰਦਰ ਵੜਣ ਲਈ ਕਿਵਾੜ ਸੀ, ਬੜਾ ਠਾਠ ਬਾਠ ਕਿਵਾੜ ਆਮ ਖੇਤੀ ਘਰ ਲਈ! ਉਂਝ ਇਸ ਤੋਂ ਚੰਗੇ ਦਿਨ ਇਸ ਕਿਵਾੜ ਨੇ ਜ਼ਰੂਰ ਦੇਖੇ ਸੀ। ਮੈਂ ਕੰਧ ਦਾ ਸਹਾਰਾ ਲੈ ਲਿਆ ਸੀ।ਬੇਨੋਸੁੱਕੇ ਗਾਹਾਂ ਚਲੇ ਗਿਆ ਦਰ ਵੱਲ।ਆਹਿਸਤਾ ਹੱਥ ਨਾਲ਼ ਦਰਵਾਜ਼ੇ ਤੇ ਠੂੰਗੇ ਮਾਰੇ।

- ਕੋਈ ਹੈ? ਕੋਈ ਘਰ ਹੈ?-। ਜਦ ਬੇਨੋਸੁੱਕੇ ਨੂੰ ਜਵਾਬ ਨਹੀਂ ਮਿਲਿਆ, ਉਸਨੇ ਕਿਹਾ, - ਅੱਧੀ ਰਾਤ ਤੁਹਾਨੂੰ ਤਕਲੀਫ ਨਹੀਂ ਦੇਣਾ ਚਾਹੁੰਦੇ, ਪਰ ਮੇਰਾ ਦੋਸਤ ਬਹੁਤ ਬਿਮਾਰ ਹੈ। ਉਸ ਨੂੰ ਕੋਈ ਟਿਕਾਣਾ ਚਾਹੀਦਾ ਕੇਵਲ ਇੱਕ ਰਾਤ, ਆਰਾਮ ਕਰਨ ਲਈ। ਮਾਫ ਕਰਨਾ ਪਰ ਸਾਡੇ ਲਈ ਹੋਰ ਕੋਈ ਰਾਹ ਵੀ ਨਹੀਂ ਹੈ। ਮੱਦਦ ਦੀ ਲੋੜ ਏ!-। ਫਿਰ ਸਾਨੂੰ ਦੋਨਾਂ ਨੂੰ ਸਾਫ ਅੰਦਰੋਂ ਘੁਸਰ ਮੁਸਰ ਸੁਣਦੀ ਸੀ। ਫਿਰ ਕਿਸੇ ਦੇ ਪੈਰਾਂ ਦੀ ਆਵਾਜ਼ ਆਈ ਸਾਡੇ ਵੱਲ।

- ਤੁਸੀਂ ਸੇਕੀਗਾਹਰੇ ਤੋਂ ਆਏ, ਹੋ ਨਾ?-, ਇੱਕ ਕੁੜੀ ਦੀ ਆਵਾਜ਼ ਆਈ।

- ਜੀ ਹਾਂ! ਅਸੀਂ ਇਗਾ ਦੇ ਸ਼ਿੱਮਿਨ ਦੇ ਆਦਮੀ ਨੇ!-

- ਦਫਾ ਹੋ ਜਾਓ ਇੱਥੋਂ! ਜੇ ਅਸੀਂ ਤੁਹਾਨੂੰ ਅੰਦਰ ਵੜਨ ਦਿੱਤਾ ਸਾਡੇ ਲਈ ਬਹੁਤ ਸਿਆਪਾ ਪੈਣਾ ਏ!-

- ਦੇਖੋਂ ਅਸੀਂ ਬਹੁਤ ਮਜਬੂਰ ਹਾਂ, ਨ੍ਹੀਂ ਤਾਂ ਤੁਹਾਨੂੰ ਤਕਲੀਫ ਨਹੀਂ ਦੇਣੀ ਸੀ! ਅਸੀ ਬਹੁਤ ਦੇਰ ਦੇ ਤੁਰ ਰਹੇ ਹਾਂ ਅਤੇ ਬਹੁਤ ਅੰਬ ਗਏ ਹਾਂ। ਬੱਸ ਆਰਾਮ ਕਰਨ ਲਈ ਥਾਂ ਚਾਹੀਦਾ ਹੈ ਅਤੇ...-

- ਜਾਓ ਇੱਥੋਂ! ਜੇ ਤੁਹਾਨੂੰ ਅੰਦਰ ਵਾੜ ਲਿਆ ਤਾਂ ਪੁਲਸ ਨੇ ਸਵੇਰੇ ਆਕੇ ਸਾਨੂੰ ਤੰਗ ਕਰਨਾ ਜਦ ਤੁਸਾਂ ਚਲੇ ਜਾਉਗੇ। ਤੁਹਾਨੂੰ ਅੰਦਰ ਵਾੜ ਕੰਡੇ ਬੀਜਣੇ ਆ ਅਸੀਂ! ਜਾਓ!-।

- ਠੀਕ ਹੈ, ਜਾਂਦੇ ਹਾਂ। ਪਰ ਜਾਣ ਤੋਂ ਪਹਿਲਾ ਇੱਕ ਤਾਂ ਕੰਮ ਕਰੋਂ! ਮੇਰੇ ਮਿੱਤਰ ਨੂੰ ਦਵਾਈ ਚਾਹੀਦੀ ਹੈ। ਉਸਦਾ ਪੇਟ ਦੁਖਦਾ ਹੈ। ਇਸ ਹਾਲ'ਚ ਮੇਰੇ ਲਈ ਬਹੁਤ ਔਖਾ ਹੈ ਉਸਨੂੰ ਸਹਾਰਾ ਦੇ ਕੇ ਤੋਰਨਾ। ਇੰਨੀ ਤਾਂ ਮੱਦਦ ਕਰੋਂ!-

- ਨਹੀਂ! ਮੈਂ ਕਹਿ ਦਿੱਤਾ ਨਾ, ਸਾਨੂੰ ਕੋਈ ਖੇਚਲ਼ ਨਹੀਂ ਚਾਹੀਦੀ ਹੈ!-

- ਕੁੜੀਏ ਮੈਂ ਹੱਥ ਜੋੜਦਾ! ਬੱਸ ਦਵਾਈ ਦੇਂਦੇ ਤੇ ਅਸੀਂ ਚਲੇ ਜਾਵਾਂਗੇ!- ਬੇਨੋਸੁੱਕੇ ਨੇ ਮੇਰੇ ਵੱਲ ਅੱਖ ਮਾਰਕੇ ਕਿਹਾ। ਥੋੜ੍ਹਾ ਚਿਰ ਬਾਅਦ ਸਾਨੂੰ ਕਿਸੇ ਦੇ ਕਦਮ ਸੁਣੇ ਅਤੇ ਥੋੜੀ ਜਿਹਾ ਛਣ ਛਣ ਦੀ ਅਵਾਜ਼ ਘਰ ਦੇ ਪਿਛਲੇ ਪਾਸੇ ਜਾਂਦੀ ਜਾਂਦੀ, ਹਰ ਕਦਮ ਨਾਲ਼ ਘਟੀ ਗਈ। ਫਿਰ ਇੱਕ ਦਮ ਬਾਰੀ'ਚ ਮੂੰਹ ਦਿਸ ਪਿਆ। ਉਸ ਪਲ ਮੈਂ ਸਮਝ ਗਿਆ ਕਿ ਇਹ ( ਜ਼ਨਾਨੀ ਦਾ ਚਿਹਰਾ ਹੈ) ਜੋ ਸ਼ੁਰੂ ਤੋਂ ਸਾਡੇ ਵੱਲ ਝਾਕਦੀ ਸੀ। ਹੁਣ ਉਹਦੇ ਚਿਹਰੇ ਅਤੇ ਬੇਨੋਸੁੱਕੇ ਦੇ ਮੁੱਖੜੇ ਨੇ ਇੱਕ ਦੂਜੇ ਨੂੰ ਸ਼ੀਸ਼ੇ ਵਾਂਗ ਦੇਖਕੇ ਫੈਸਲਾ ਲਿਆ। ਉਸ ਜਨਾਨੀ ਆਪਣਾ ਸਿਰ ਬਾਰੀ ਦੇ ਹਨ੍ਹੇਰੇ ਵਿੱਚ ਕਰ ਕਿ ਬੋਲੀ, - ਅੱਕੇਮੀ ਉਨ੍ਹਾਂ ਨੂੰ ਅੰਦਰ ਆਉਣ ਦਿਉ। ਇਹ ਕੇਵਲ ਆਮ ਤਲੰਗੇ ਨੇ। ਕੋਈ ਖਾਸ ਸਮੁਰਾਈ ਨਹੀ ਹੈ!-। ਇਹ ਗੱਲ ਸਾਫ ਬੇਨੋਸੁੱਕੇ ਨੂੰ ਚੁਭੀ ਪਰ ਮੈਨੂੰ ਤਾਂ ਕੋਈ ਫਰਕ ਨਹੀਂ ਪਿਆ। ਮੈਂ ਤਾਂ ਆਨ ਸ਼ਾਨ ਵਾਲਾ ਹੈ ਹੀ ਨਹੀਂ ਸੀ।

ਅੱਕੇਮੀ ਨੇ ਬੂਹਾ ਖੋਲ੍ਹ ਦਿੱਤਾ। ਜਿਸਦਾ ਮੂੰਹ ਬਾਰੀ ਵਿੱਚ ਲੁਕਿਆ ਸੀ ਉਹ ਸਾਹਮਣੇ ਆ ਗਈ ਸੀ। ਉਸਨੇ ਆਵਦਾ ਨਾਂ ਦੱਸਿਆ, ਓਕੋ, ਅਤੇ ਬੇਨੋਸੁੱਕੇ ਨੇ ਉਸਨੂੰ ਸਾਡੀ ਕਹਾਣੀ ਸੁਣਾਈ। ਉਸਨੇ ਸਾਨੂੰ ਕਿਹਾ ਕਿ ਤੁਸੀਂ ਲੱਕੜਖਾਨੇ'ਚ ਪੈ ਸਕਦੇ ਹੋ; ਅਤੇ ਮੈਨੂੰ ਅੱਕੇਮੀ ਨੇ ਕੋਲ਼ੇ ਦੀ ਭੁੱਕੀ ਦੇ ਦਿੱਤੀ ਸੀ ਮੇਰੀਆਂ ਟੱਟੀਆਂ ਹਟਾਉਣ ਵਾਸਤੇ। ਮੈਂ ਖਾ ਕੇ ਸੌਂ ਗਿਆ ਲੱਕੜਾਂ ਤੇ। ਮੈਨੂੰ ਕੋਈ ਫਰਕ ਨਹੀਂ ਸੀ ਕਿ ਬਿਸਤਰਾ ਨਹੀਂ ਮਿਲਿਆ। ਸੱਚ ਤਾਂ ਇਹ ਕਿ ਮੈਂ ਤਾਂ ਕਈ ਦਿਨਾਂ ਤੱਕ ਉਸ ਲੱਕੜਖਾਨੇ ਵਿੱਚ ਪਿਆ ਰਿਹਾ। ਮੈਨੂੰ ਤਾਂ ਪਤਾ ਵੀ ਨਹੀਂ ਉਸ ਵਕਤ ਬੇਨੋਸੁੱਕੇ ਕੀ ਕਰ ਰਿਹਾ ਸੀ ਨਾ ਹੀ ਮੈਨੂੰ ਪਰਵਾਹ। ਸੱਚ ਤਾਂ ਇਹ ਕਿ ਮੇਰੇ ਕੋਲ਼ ਬੈਠ ਕੇ ਮੈਨੂੰ ਸਾਂਭਦਾ ਸੀ। ਹਾਰਕੇ ਜਦ ਮੈਂ ਕੁੱਝ ਠੀਕ ਹੋ ਗਿਆ ਤਾਂ ਅਸੀਂ ਉਹ ਜ਼ਨਾਨੀਆਂ ਬਾਰੇ ਗੱਲ ਛੇੜ ਲਈ ਸੀ।

- ਕੋਈ ਮਰਦ ਮੈਂ ਇੱਥੇਂ ਵੇਖਿਆ ਤਾਂ ਹੈ ਨ੍ਹੀਂ। ਹੋ ਸਕਦਾ ਸਾਡੇ ਵਾਂਗ ਜੰਗ'ਚ ਸ਼ਾਮਲ ਹੋ ਗਏ ਹੋਣ- ਮੈਂ ਬੇਨੋਸੁੱਕੇ ਨੂੰ ਆਖਿਆ।

- ਆਹੋ। ਇੰਨ੍ਹਾਂ ਦਾ ਕੋਈ ਤਾਂ ਕਸਬ ਹੋਵੇਗਾ। ਪਤਾ ਨ੍ਹੀਂ ਕੀ ਕਰ ਦੀਆਂ- ਉਸਨੇ ਜਵਾਬ ਦਿੱਤਾ।

- ਨਾ ਭਰਾਵਾ, ਮੈਨੂੰ ਕੋਈ ਦਿਲਚਸਪੀ ਨਹੀਂ ਕਿ ਕੀ ਕਰਦੀਆਂ ਨੇ! ਜੋ ਮਰਜ਼ੀ ਕਰਦੀਆਂ ਏ ਮੈਂ ਤਾਂ ਖ਼ੁਸ਼ ਹੈ ਸਾਨੂੰ ਇੱਥੇਂ ਰਹਿਣ ਦਿੱਤਾ, ਬੱਸ- ਮੈਂ ਬੇਨੋਸੁੱਕੇ ਨੂੰ ਕਿਹਾ।

- ਆਹੋ ਪਰ ਮਾਂ ਤਾਂ ਇੰਨੀ ਬੁੱਢੀ ਲੱਗਦੀ ਨ੍ਹੀਂ...ਤੇ ਕੁੜੀ ...ਖੈਰ ਅਜੀਬ ਨ੍ਹੀਂ ਤੈਨੂੰ ਲੱਗਦਾ ਦੋਨੋਂ ਇਸ ਤਰ੍ਹਾਂ ਪਹਾੜਾਂ'ਚ ਰਹਿੰਦੀਆਂ ਨੇ?-

- ਹੂੰ...ਕੁੜੀ ਥੋੜ੍ਹੀ ਜਿਹੀ ਮੈਨੂੰ ਮੇਰੀ ਓਤਸੂ ਵਰਗੀ ਲੱਗਦੀ ਏ...- ਮੈਂ ਆਵਦੀ ਓਤਸੂ ਬਾਰੇ ਸੋਚਣ ਲੱਗ ਪਿਆ।

- ਨ੍ਹੀਂ...ਦੋਨੋਂ ਸੋਹਣੀਆਂ ਨੇ ਪਰ ਇਸ ਗੱਲ ਤੋਂ ਇਲਾਵਾ ਨਹੀਂ..ਮੈਂ ਤਾਂ ਪਤਾ ਲੈਣਾ ਚਾਹੁੰਦਾ ਉਸ ਰਾਤ ਲਾਸ਼ਾਂ ਕੋਲ਼ ਕੀ ਕਰ ਰਹੀ ਸੀ? ਅੱਧੀ ਰਾਤ ਸਾਰੇ ਪਾਸੇ ਮਰੇ ਬੰਦੇ...ਕੀ ਉਸਨੂੰ ਡਰ ਨਹੀਂ ਸੀ? ਇਹ ਗੱਲ ਤੈਨੂੰ ਅਜੀਬ ਨ੍ਹੀਂ ਲੱਗਦੀ? ਉਸਦਾ ਮੂੰਹ ਤਾਂ ਬੇਫਿਕਰ ਸੀ। ਬਹੁਤ ਅਜੀਬ ਬਾਤ ਹੈ- ਮੈਂ ਬੇਨੋਸੁੱਕੇ ਨੂੰ ਇਸ਼ਾਰਾ ਕੀਤਾ ਚੁੱਪ ਹੋਣ ਕਿਉਂਕਿ

ਮੈਨੂੰ ਉਸਦੀ ਘੰਟੀ ਸੁਣ ਰਹੀ ਸੀ ਸਾਡੇ ਨੇੜੇ ਆਉਂਦੀ। ਅੱਕੇਮੀ ਨੇ ਦਰ ਤੇ ਟੁਣਕ ਕੇ ਪੁੱਛਾ, - ਮਤਾਹਚੀ ਜੀ, ਤਕੇਜ਼ੋ ਜੀ?-।

- ਹਾਂ- ਮੈਂ ਉਸਨੂੰ ਕਿਹਾ ।

- ਮੈਂ ਹਾਂ-, ਉਸਨੇ ਕਿਹਾ।ਬੇਨੋਸੁੱਕੇ ਨੇ ਉੱਠ ਕੇ ਦਰ ਖੋਲ੍ਹ ਦਿੱਤਾ। ਕੁੜੀ ਦੇ ਹੱਥਾਂ'ਚ ਥਾਲ਼ ਸੀ ਜਿਸ'ਚ ਦਵਾਈਆਂ ਅਤੇ ਖਾਣਾ ਪੀਣਾ ਰੱਖਿਆ ਸੀ। ਉਸ ਨੇ ਸਾਨੂੰ ਆਖਿਆ ਤੁਸੀਂ ਠੀਕ ਹੋਂ।ਅਸੀਂ ਜਵਾਬ ਦਿੱਤਾ ਅਸੀਂ ਠੀਕ ਹਾਂ। ਬੇਨੋਸੁੱਕੇ ਨੇ ਸਿੱਧਾ ਉਸਨੂੰ ਆਖਿਆ, - ਤੇਰੀ ਮਾਂ ਠੀਕ ਠਾਕ ਹੈ?-। ਇਸ ਸਵਾਲ ਦਾ ਜਵਾਬ ਨਹੀਂ ਆਇਆ ਪਰ ਕੁੜੀ ਨੇ ਕਿਹਾ, - ਮਾਈ ਕਹਿੰਦੀ ਕਿ ਭਾਵੇਂ ਪਹਿਲਾਂ ਨਾਲ਼ੋਂ ਠੀਕ ਹੋ, ਪਰ ਫਿਰ ਵੀ ਤੁਹਾਨੂੰ ਅੰਦਰ ਰਹਿਣਾ ਚਾਹੀਦਾ ਤੇ ਆਰਾਮ ਕਰਨਾ ਚਾਹੀਦਾ। ਬਹੁਤਾ ਬੋਲਣਾ ਨਹੀਂ ਚਾਹੀਦਾ-।

- ਅਸੀਂ ਬਹੁਤ ਗੁਸਤਾਖ ਨੇ ਕਿ ਤੁਹਾਨੂੰ ਇੰਝ ਖਰਾਬ ਕਰ ਰਹੇ ਹਾਂ। ਤਕਲੀਫ ਨਾ ਹੋਵੇ..- ਬੇਨੋਸੁੱਕੇ ਨੇ ਕਹਿਣਾ ਸ਼ੁਰੂ ਕੀਤਾ, ਪਰ ਕੁੜੀ ਨੇ ਥਾਲ਼ ਰੱਖ ਕੇ ਵਾਪਸ ਜਵਾਬ ਦਿੱਤਾ, -ਫਿਕਰ ਨਾ ਕਰੋਂ। ਬੱਸ ਧਿਆਨ ਨਾਲ਼ ਅੰਦਰ ਰਹੋ। ਇਸ਼ੀਡਾ ਅਤੇ ਉਸਦੇ ਕਈ ਜਰਨੈਲ ਹਾਲ਼ੇ ਫੜ੍ਹੇ ਨਹੀਂ ਹੈ। ਇਸ ਲਈ ਹਾਲ਼ੇ ਵੀ ਇਸ ਇਲਾਕੇ ਦੀ ਤਲਾਸ਼ੀ ਲੈਂਦੇ ਨੇ। ਸਾਰੇ ਪਾਸੇ ਤੋਕੁਗਵਾ ਦੇ ਆਦਮੀ ਨੇ-।

- ਸੱਚੀ?- ਬੇਨੋਸੁੱਕੇ ਨੇ ਪੁੱਛਿਆ।

- ਜੀ ਹਾਂ। ਉਂਝ ਤੁਸੀਂ ਤਾਂ ਆਮ ਸਿਪਾਹੀ ਨੇ, ਫਿਰ ਵੀ ਮਾਈ ਕਹਿੰਦੀ ਬਚਕੇ ਰਹਿਣਾ। ਜੇ ਸਾਨੂੰ ਫੜ੍ਹ ਲਿਆ ਤੁਹਾਡੀ ਮਦਦ ਕਰਦੈ, ਸਾਨੂੰ ਕੈਦ ਕਰ ਲੈਣਗੇ-।

- ਸਾਡਾ ਨਾ ਫਿਕਰ ਕਰ। ਅਸੀਂ ਤਾਂ ਚੁੱਪ ਚਾਪ ਹੀ ਰਹਾਂਗੇ। ਮੈਂ ਤਾਂ ਮਤਾਹਚੀ ਦੇ ਬੁੱਥੇ ਤੇ ਹੱਥ ਦਿਊਗਾ ਜਦ ਖੁਰਾਟੇ ਮਾਰੂੰਗਾ!- ਇਹ ਗੱਲ ਸੁਣ ਕੇ ਅੱਕੇਮੀ ਮੁਸਕਾਨ ਦੇ ਕੇ, - ਰੱਬ ਰਾਖਾ- ਕਹਿ ਕੇ ਜਾਣ ਲਈ ਘੁੰਮੀ।

- ਠਹਿਰ! ਸਾਡੇ ਨਾਲ਼ ਬਹਿ ਕੇ ਗੱਲਾਂ ਤਾਂ ਕਰ!- ਮੈਂ ਬੇਸ਼ਰਮੀ ਨਾਲ਼ ਉਸਨੂੰ ਆਖਿਆ ।

- ਨਹੀਂ ਜੀ-

- ਕਿਉਂ?- ਮੈਂ ਫਿਰ ਕਿਹਾ।

- ਮਾਈ ਨੇ ਤਾਂ ਇਹ ਗੱਲ ਸੁਣ ਕੇ ਬਹੁਤ ਗੁੱਸਾ ਕਰਨਾ-

- ਉਸਦਾ ਤੂੰ ਕਿਉਂ ਫਿਕਰ ਕਰਦੀ ਏਂ?- ਮੈਂ ਕਿਹਾ।ਬੇਨੋਸੁੱਕੇ ਮੇਰੇ ਵੱਲ ਘੂਰਕੇ ਝਾਕਿਆ। ਪਰ ਮੈਂ ਅੱਗੇ ਪੁੱਛਿਆ, - ਤੇਰੀ ਉਮਰ ਕੀ ਏ?-

- ਮੈਂ ਸੋਲ਼੍ਹਾ ਸਾਲਾਂ ਦੀ ਐ-

- ਆਵਦੀ ਉਮਰ ਲਈ ਨਿੱਕੀ ਐ-, ਬੇਨੋਸੁੱਕੇ ਨੇ ਕਿਹਾ ਅਤੇ ਗਾਹਾਂ ਖੁਦ ਸਵਾਲ ਪੁੱਛਣ ਲੱਗ ਪਿਆ। ਮੇਰੇ ਅਤੇ ਅੱਕੇਮੀ ਦੇ ਵਿਚਕਾਰ ਖੜ੍ਹ ਕੇ। - ਤੇਰਾ ਪਿਤਾ ਜੀ ਕਿੱਥੇਂ ਐ?-

- ਜੀ ਬਾਪੂ ਜੀ ਤਾਂ..ਤਾਂ ਚਲ ਵਸੇ ਸਨ। ਹੁਣ ਤਾਂ ਪਿਤਾ ਹੈ ਨਹੀਂ-

- ਮਾਫ ਕਰਨਾ। ਜੇ ਘਰ'ਚ ਕੋਈ ਮਰਦ ਨ੍ਹੀਂ ਹੈ ਤੁਸੀਂ ਗਜ਼ਾਰਾ ਕਿਵੇਂ ਕਰਦੈ ਐ?-

- ਅਸੀਂ ਮੋਕਸਾ ਬਣਾਉਂਦੀਆਂ ਹਾਂ। ਇਹ ਇੱਕ ਦਵਾਈ ਹੈ।-

- ਮੈਂ ਮੋਕਸਾ ਬਾਰੇ ਸੁਣਿਆ ਹੈ, - ਹੁਣ ਮੈਂ ਬੋਲਿਆ, - ਉਸਨੂੰ ਮਾਸ ਤੇ ਰੱਖ ਕੇ ਛਿਲ ਸਾੜੀਦੀ ਐ ਦੁੱਖ ਨੂੰ ਦੂਰ ਕਰਨ ਹੈ ਨਾ?-

-     ਹਾਂ। ਇਸ ਇਲਾਕੇ ਦੀ ਮੋਕਸਾ ਮਸ਼ਹੂਰ ਹੈ। ਉਸਦੇ ਬੂਟਿਆਂ ਨੂੰ ਪਹਾੜਾਂ ਦੇ ਮੈਦਾਨਾਂ'ਚੋਂ ਬਹਾਰ ਵੇਲੇ ਕੱਟ ਦੇ ਐ ਅਤੇ ਹੁਨਾਲ਼ ਵੇਲੇ ਸੁੱਕਾਉਂਦੇ ਹਾਂ। ਜਦ ਸਿਆਲ਼ ਆਉਂਦਾ ਅਸੀਂ ਖਰੀਫ਼ ਦੀ ਮੋਕਸਾ ਬੁਣਾਉਂਦੇ ਹਾਂ ਅਤੇ ਤਰੂਈ ਨਗਰ'ਚ ਵੇਚਦੇ ਹਾਂ। ਲੋਕੀ ਸਾਰੇ ਪਾਸੀਓ ਆਉਂਦੇ ਨੇ ਮੰਡੀ'ਚ ਖਰੀਦਣ-।

-     ਹੂੰ..ਇਸ ਕੰਮ ਲਈ ਤਾਂ ਮਰਦ ਦੀ ਲੋੜ ਹੈ ਵੀ ਨ੍ਹੀਂ- ਬੇਨੋਸੁੱਕੇ ਨੇ ਸੋਚਕੇ ਕਿਹਾ।

-     ਅੱਛਾਂ ਜੇ ਕੋਈ ਹੋਰ ਸਵਾਲ ਨਹੀਂ ਹੈ ਤਾਂ ਮੈਂ ਹੁਣ ਵਾਪਸ ਜਾ ਸਕਦੀ ਏ?-

-     ਬਸ ਇੱਕ ਹੋਰ ਸਵਾਲ ਹੈ ਮੇਰਾ। ਉਸ ਰਾਤ ਤੂੰ ਹੀ ਸੀ ਰਣ'ਚ ਅੱਧੀ ਰਾਤ ਨੂੰ ਕੁੱਝ ਕਰਦੀ।- ਮੈਂ ਸੋਚਿਆ, ਤਕੇਜ਼ੋ ਤੂੰ ਤਾਂ ਸੱਚੀ ਪਾਗਲ ਹੈ! ਇਹ ਕੋਈ ਉਸਨੂੰ ਸਿੱਧਾ ਆਖਣ ਦਾ ਸਵਾਲ ਸੀ? ਪਰ ਉਸਨੇ ਪੁੱਛ ਲਿਆ ਸੀ ਅਤੇ ਇਸ ਸਵਾਲ ਦੇ ਜਵਾਬ ਵਿੱਚ ਕੁੜੀ ਨੇ ਬੂਹਾ ਬੰਦ ਕੀਤਾ ਤੇ ਦੌੜ ਗਈ। ਸਾਨੂੰ ਲਾਂਘ'ਚ ਉਸਦੀ ਘੰਟੀ ਦੀ ਆਵਾਜ਼ ਸੁਣ ਰਹੀ ਸੀ।

-     ਇਹ ਕਿਉਂ ਪੁੱਛਿਆ?- ਮੈਂ ਬੇਨੋਸੁੱਕੇ ਨੂੰ ਆਖਿਆ।

-     ਤੂੰ ਕੌਣ ਹੈ? ਤੂੰ ਹੀ ਕੁੜੀ ਨੂੰ ਪੁੱਠੇ ਸਿੱਧੇ ਸਵਾਲ ਪੁੱਛਣੇ ਸ਼ੁਰੂ ਕੀਤੇ ਸੀ!-।

ਸੱਚ ਵਿੱਚ ਉਸਦੀ ਗੱਲ ਸਹੀ ਸੀ। ਮੈਂ ਹੀ ਕੁੜੀ ਨੂੰ ਬੁਲਾਇਆ ਸੀ। ਜੋ ਦਿਨ ਰਾਤਾਂ ਬੀਤੀਆਂ ਅਸੀਂ ਦੋਨੋਂ ਹੌਲੀ ਹੌਲੀ ਠੀਕ ਹੋਣ ਲੱਗ ਪਏ ਸੀ।ਅੱਕ ਹਾਰਕੇ ਮੈਂ ਘਰ ਵਿੱਚ ਕੰਧ ਦੀਆਂ ਮੋਰੀਆਂ ਰਹੀ ਝਾਕਣ ਲੱਗ ਪਿਆ ਸੀ। ਇਸ ਕਰਕੇ ਮੈਂ ਇੱਕ ਦਿਨ ਬੇਨੋਸੁੱਕੇ ਨੂੰ ਦੱਸਿਆ ਕਿ ਮਾਂ ਹਰ ਰਾਤ ਮੂੰਹ ਤੇ ਸੁਰਖੀ ਸੁਰਮਾ ਲਾਉਂਦੀ ਸੀ। ਪਰ ਬੇਨੋਸੁੱਕੇ ਨੂੰ ਗੁੱਸਾ ਚੜ੍ਹ ਗਿਆ ਕਿ ਮੈਂ ਉਨ੍ਹਾਂ ਵੱਲ ਧਿਆਨ ਕਿਉਂ ਦਿੰਦਾ ਏ। ਫਿਰ ਵੀ ਮੈਂ ਤਾਂ ਹੌਲੀ ਹੌਲੀ ਆਦਤ ਬਣਾ ਲਈ ਘਰ ਜਾ ਕੇ ਮਾਂ ਧੀ ਨਾਲ਼ ਚੁੱਲ੍ਹੇ ਕੋਲ਼ ਬੈਠਣ ਦੀ। ਉਨ੍ਹਾਂ ਨੇ ਕੁੱਝ ਕਿਹਾ ਵੀ ਨਹੀਂ। ਚਾਰ ਪੰਜ ਦਿਨ ਇੰਝ ਉਨ੍ਹਾਂ ਨਾਲ਼ ਗੱਲਾਂ ਬਾਤਾਂ ਕਰ ਕੇ ਦੋਸਤੀ ਹੋ ਗਈ ਸੀ। ਹੁਣ ਮੈਂ ਬੇਨੋਸੁੱਕੇ ਕੋਲ਼, ਲੱਕੜਖਾਨੇ ਵਿੱਚ ਵਾਪਸ ਨਹੀਂ ਗਿਆ, ਘਰ ਵਿੱਚ ਹੀ ਰਹਿਣ ਲੱਗ ਪਿਆ ਸੀ। ਮੈਂ ਇੱਕ ਦੋ ਵਾਰ ਬੇਨੋਸੁੱਕੇ ਨਾਲ਼ ਮੱਥਾ ਮਾਰਿਆ ਕਿ ਉਹ ਵੀ ਹੁਣ ਅੰਦਰ ਆ ਜਾਵੇ। ਪਰ ਉਸਨੇ ਇੰਝ ਨਹੀ ਕੀਤਾ ਂ। ਉਸ ਨੇ ਮੈਨੂੰ ਇੱਕ ਹੀ ਜਵਾਬ ਦਿੱਤਾ। - ਪਾਗਲ ਤਾਂ ਤੂੰ ਹੋ ਗਿਆ!-। ਉਸ ਨੂੰ ਫਿਕਰ ਸੀ ਕਿ ਸਾਨੂੰ ਸਮੁਰਾਈਆਂ ਨੇ ਫੜ੍ਹ ਲੈਣਾ ਏ। ਜਦ ਮੈਂ ਕਿਹਾ ਆ ਜਾ ਸਾਕੀ ਪੀ, ਉਸਨੇ ਇਨਕਾਰ ਕਰ ਦਿੱਤਾ।- ਤੂੰ ਜਾ -, ਉਸਨੇ ਕਿਹਾ, - ਮੈਂ ਤਾਂ ਲੱਕੜਾਂ ਤੇ ਸੌਂ ਕੇ ਹੀ ਰਾਜੀ ਹਾਂ-। ਉਸਦਾ ਵੱਡਾ ਫਿਕਰ ਤਾਂ ਇਹ ਸੀ ਕਿ ਕੋਈ ਗਸ਼ਤ ਸਾਨੂੰ ਲੱਭ ਨਾ ਲਵੇ। ਹਾਰਕੇ ਉਹ ਵੀ ਅੱਕ ਗਿਆ ਲੱਕੜਖਾਨੇ'ਚ ਰਹਿਕੇ। ਮੈਨੂੰ ਪੁੱਛਣ ਲੱਗ ਪਿਆ, - ਸੱਚ ਮੁੱਚ ਅਸੀਂ ਘਰ ਵਿੱਚ ਬਚਕੇ ਹੀ ਰਹਾਂਗੇ? ਆਂਢ ਗੁਆਂਢ ਸੁਰੱਖਿਅਤ ਥਾਂ ਹੈ?-। ਵੀਹ ਦਿਨਾਂ ਬਾਅਦ ਉਸਨੇ ਮੈਨੂੰ ਕੋਲ਼ ਬੁਲਾਕੇ ਸਾਫ਼ ਕਿਹਾ ਕਿ, - ਮਤਾਹਚੀਆ, ਅਸੀਂ ਇੰਨ੍ਹਾਂ ਲੋਕਾਂ ਦੇ ਭੋਜਨ ਤੇ ਰਹੇ ਹਾਂ। ਇੰਨ੍ਹਾਂ ਲਈ ਚੰਗਾ ਨ੍ਹੀਂ ਕਿ ਅਸੀਂ ਇੱਥੇਂ ਐ। ਆਜਾ, ਹੁਣ ਆਪਣੇ ਪਿੰਡ ਵੱਲ ਪੈਰ ਰੱਖੀਏ-।

-ਗੱਲ਼ ਤਾਂ ਤੇਰੀ ਸਹੀ ਹੈ।ਪਰ ਇਹ ਸੋਚ, ਉਨ੍ਹਾਂ ਦੀ ਫੌਜ ਕਿਸੇ ਨੂੰ ਫਾਟਕਾਂ ਵਿੱਚੋਂ ਲੰਘਣ ਨਹੀਂ ਦਿੰਦੀ ਕੁੱਝ ਸਵਾਲ ਪੁੱਛੇ ਬਿਨ੍ਹਾਂ। ਕੁੜੀ ਮਾਂ...ਬੇਵਾ ਕਹਿ ਰਹੀ ਸੀ ਕਿ ਹਰ ਰਾਹ ਇਸੇ ਵੱਲ ਜਾਂ ਕੀਓਤੋ ਵੱਲ ਕੋਈ ਲੰਘ ਨਹੀਂ ਸਕਦੈ! ਉਸਨੇ ਕਿਹਾ ਜਿੰਨਾ ਚਿਰ ਬਰਫ ਨਹੀਂ ਪੈਂਦੀ ਸਾਨੂੰ ਏਥੇ ਹੀ ਰਹਿਣਾ ਚਾਹੀਦਾ ਹੈ। ਇਹ ਗੱਲ ਅੱਕੇਮੀ ਵੀ ਕਹਿੰਦੀ ਐ। ਉਹ ਤਾਂ ਹਰ ਦਿਨ ਬਾਹਰ ਜਾਂਦੀ ਹੈ ਤੇ ਜੋ ਉਹ ਕਹਿੰਦੀ ਸਾਨੂੰ ਕਰਨਾ ਚਾਹੀਦਾ ਏ। ਲੁਕ ਕੇ ਰਹਿਣਾ ਚਾਹੀਦਾ ਹੈ-

- ਤੂੰ ਹਰ ਰੋਜ਼ ਚੁੱਲ੍ਹੇ ਕੋਲ਼ ਘਰ ਵਿੱਚ ਬੈਠ ਕੇ ਲੁਕ ਰਿਹਾ ਹੈ? ਜਾਣ ਦਿਆ ਕਰ!-

-ਹੋਰ! ਤਿੰਨ ਦਿਨ ਪਹਿਲਾਂ ਮੈਂ ਪਤਾ ਕੀ ਕੀਤਾ? ਤੋਕੁਗਵੇ ਦੇ ਕੁੱਝ ਸਿਪਾਹੀ ਆਏ ਸਨ। ਇਸ ਵੇਲੇ ਜਰਨੈਲ ਉਕੀਤੇ ਨੂੰ ਟੋਲਦੇ। ਮੈਂ ਹਰ ਸਾਲੇ ਨੂੰ ਦੂਰ ਰੱਖਿਆ!- ਮੈਂ ਉਸਨੂੰ ਦੱਸਿਆ।

- ਕਿਵੇਂ?- ਉਸਨੇ ਆਖਿਆ।

- ਮੈਂ ਬਾਹਰ ਚਲੇ ਗਿਆ ਉਨ੍ਹਾਂ ਨੂੰ ਜੀ ਆਇਆ ਨੂੰ ਕਹਿਣ। ਉਨ੍ਹਾਂ ਲਈ ਤਾਂ ਮੈਂ ਘਰ ਦਾ ਮਰਦ ਹੀ ਹਾਂ-।

ਪਰ ਇਹ ਗੱਲ ਸੁਣ ਕੇ ਤਾਂ ਬੇਨੋਸੁੱਕੇ ਹੈਰਾਨ ਹੋ ਗਿਆ ਅਤੇ ਉਸ ਦੀਆਂ ਅੱਖਾਂ ਚੌੜ੍ਹੀਆਂ ਹੋ ਗਈਆਂ ਸੀ।ਮੈਂ ਉਸ ਵੱਲ ਵੇਖ ਹੱਸਣ ਲੱਗ ਪਿਆ। ਜਦ ਹਾਸਾ ਘੱਟ ਗਿਆ ਮੈਂ ਉਸਨੂੰ ਕਿਹਾ, - ਤਕੇਜ਼ੋ ਯਾਰ, ਲੁਕ ਕੇ ਔਖਾ ਹੈ। ਉਸ

ਲੱਕੜਖਾਨੇ'ਚ ਲੁਕ ਕੇ ਤੂੰ ਹੀ ਪਾਗਲ ਬਣ ਜਾਣਾ। ਇਸ ਤੋਂ ਚੰਗਾ ਹੈ ਸਾਹਮਣੇ ਰਹੀਏ ਤੇ ਉਨ੍ਹਾਂ ਨੇ ਕੁੱਝ ਨਹੀਂ ਕਹਿਣਾ-। ਇਹ ਗੱਲ ਕਹਿ ਕੇ ਮੈਨੂੰ ਹੋਰ ਹਾਸੇ ਆ ਗਿਆ।

-ਹੋ ਸਕਦਾ-। ਉਸਨੇ ਜਵਾਬ ਦਿੱਤਾ। ਮੇਰੇ ਨਾਲ਼ ਓਕੋ ਦੇ ਘਰ ਵਿੱਚ ਰਹਿਣ ਲੱਗ ਪਿਆ। ਏਦਾਂ ਦਿਨ ਸੋਹਣੇ ਬੀਤਦੇ ਸੀ। ਸਾਫ ਦਿਸਦਾ ਸੀ ਕਿ ਓਕੋ ਨੂੰ ਪਸੰਦ ਸੀ ਆਦਮੀ ਉਸਦੇ ਘਰ ਰਹਿਣ। ਮੈਨੂੰ ਤਾਂ ਉਸ ਵੇਲੇ ਫਿਕਰ ਹੋਣ ਲੱਗ ਪਿਆ ਸੀ ਜਦ ਉਸ ਨੇ ਪਹਿਲਾਂ ਬੇਨੋਸੁੱਕੇ ਨੂੰ ਆਖਿਆ ਅੱਕੇਮੀ ਨਾਲ਼ ਵਿਆਹ ਕਰਨ ਨੂੰ ਤੇ ਫਿਰ ਮੈਨੂੰ! ਬੇਨੋਸੁੱਕੇ ਨੇ ਤਾਂ ਸਵਾਲ ਤੇ ਝਾੜੂ ਮਾਰਿਆ ਸੀ ਪਰ ਮੈਂ ਡਰ ਗਿਆ। ਮੇਰੀ ਓਤਸੂ ਯਾਦ ਆ ਗਈ। ਮੈਂ ਕਿਉਂ ਲੱਕੜਖਾਨੇ ਵਿੱਚੋਂ ਨਿਕਲਇਆ ਸੀ?

# ਲੋਥ

## ੧੬੦੯



ਮੈਂ ਉੱਡ ਰਿਹਾ ਹਾਂ! ਪਰ ਪੰਛੀ ਵਾਂਗਰ ਨਹੀਂ! ਮੈਂ ਡਿੱਗ ਰਿਹਾ! ਪਰ ਧਰਤੀ ਵੱਲ ਨਹੀਂ! ਸਾਹ ਨਾਲ਼ ਸਾਹ ਨਹੀਂ ਰਲਦਾ, ਮੈਂ ਖੂਹ ਵਿੱਚ ਡਿੱਗ ਰਿਹਾ ਹਾਂ, ਹਵਾ'ਚ ਉੱਡਦਾ ਬਾਹਾਂ ਫੜ ਫੜਾਉਂਦੀਆਂ ਹਨ, ਜਿਵੇਂ ਪੰਖ ਹੁੰਦੇ ਨੇ। ਪਰ ਮੈਂ ਤਾਂ ਬੰਦਾ ਹਾਂ ਅਤੇ ਆਦਮੀ ਦੇ ਕਿੱਥੇਂ ਖੰਭ ਉੱਗਦੇ ਨੇ? ਮੈਂ ਤਾਂ ਸਿੱਧਾ ਵੀ ਨਹੀਂ ਡਿੱਗਿਆ ਸੀ! ਸਿਰ ਜੋਰ ਦੇਣੀ ਪਹਿਲਾ ਇੱਕ ਕੰਧ'ਚ ਵੱਜਕੇ ਭੰਨਿਆ ਗਿਆ, ਫਿਰ ਦੂਜੇ ਪਾਸੇ ਵੱਜ ਕੇ ਇੱਕ ਲੱਤ ਟੇਢੀ ਹੋ ਗਈ। ਹਾਰ ਕੇ ਪਾਣੀ ਤੱਕ ਪਹੁੰਚ ਗਿਆ। ਜ਼ਬਰਦਸਤੀ ਜਲ'ਚ ਘੜੰਮ ਕਰਕੇ ਡੁੱਬ ਗਿਆ ਸੀ!

ਪਰ ਇਹ ਸਫਰ ਖੂਹ ਦੇ ਮੂੰਹ ਤੋਂ ਹੇਠਲੇ ਪਾਣੀ ਤੱਕ ਮੇਰੇ ਮਨ ਵਿੱਚ ਤਾਂ ਘੋਗੇ ਤੋਂ ਵੀ ਹੌਲੀ ਸੀ! ਮੇਰੇ ਮਨ'ਚ ਅੱਖ ਸਾਹਮਣੇ ਮੇਰੀ ਸਾਰੀ ਜ਼ਿੰਦਗੀ ਘੁੰਮ ਗਈ ਸੀ! ਪਰ ਧੁੰਦ ਨਾਲ਼ ਸਭ ਕੁੱਝ ਧੁੰਦਲਿਆ ਜਿਹਾ ਸੀ! ਮੈਨੂੰ ਯਾਦ ਨਹੀਂ ਆਇਆ ਕਿ ਮੈਂ ਖੂਹ ਵਿੱਚ ਥਿੜਕ ਗਿਆ ਸੀ ਜਾਂ ਕਿਸੇ ਨੇ ਮੈਨੂੰ ਠੋਸਿਆ ਸੀ। ਜਦ ਮੈਂ ਪਾਣੀ ਵਿੱਚ ਪੁੱਜਿਆ ਸੀ , ਉਸ ਵਿੱਚ ਮੇਰੀ ਲੋਥ ਪਈ ਸੀ ਹੋਰ ਸੱਟਾਂ ਮਹਿਸੂਸ ਹੋਈਆਂ। ਪੇਟ ਕੱਟਿਆ ਸੀ, ਜਿਵੇਂ ਕਿਸੇ ਨੇ ਮੇਰਾ ਸਰੀਰ ਚੀਰ ਦਿੱਤਾ ਸੀ। ਪਰ ਜਦ ਹਾਲ਼ੇ ਹੇਠਾਂ ਆ ਰਿਹਾ ਸੀ ਕੇਵਲ ਜੀਵਨ ਬਾਰੇ ਸੋਚਦਾ ਸੀ। ਮੈਂ ਕੌਣ ਹਾਂ? ਤਾਂ ਕੌਣ ਹਾਂ ਪਤਾ! ਮੈਂ ਤਾਂ ਹੁਣ ਲਾਸ਼ ਹਾਂ। ਲਾਸ਼! ਪਰ ਕੌਣ ਸੀ! ਤੁਸੀਂ ਸੋਚਦੇ ਹੋਵੇਗੇ ਕਿ ਲੋਥੋ ਤਾਂ ਬੋਲ ਨਹੀਂ ਸਕਦੀ! ਪਰ ਇਸ ਦਾ ਜਵਾਬ ਹੈ ਜਿੰਨ੍ਹਾ ਚਿਰ ਤੁਸੀਂ ਮਰਦੇ ਨਹੀਂ, ਤੁਹਾਨੂੰ ਕੀ ਪਤਾ? ਹਾਂ ਦੇਹ ਤਾਂ ਜ਼ਰੂਰ ਅਜੀਵ ਹੈ ਪਰ ਅੰਤਰ ਆਤਮਾ ਦੀ ਗੱਲ ਹੀ ਹੋਰ ਹੈ!

ਮੈਨੂੰ ਪਹਿਲਾਂ ਹੀ ਪਤਾ ਸੀ ਤੁਸੀਂ ਇਹ ਸਵਾਲ ਆਖਣਾ ਸੀ! ਜਿੰਨ੍ਹਾਂ ਨੂੰ ਰੱਬ ਵਿੱਚ ਮਾਣ ਹੈ ਹੁਣ ਕਹਿਣਗੇ ਕਿ ਮੈਂ ਸਬੂਤ ਹਾਂ ਕਿ ਧਰਮ ਸਹੀ ਹੈ। ਜਿਹੜੇ ਧਰਮਹੀਣ ਨੇ ਪੁੱਛਣਗੇ, ਹੁਣ ਸਬੂਤ ਦੇ ਜੇ ਰੱਬ ਵੇਖਿਆ ਹੈ ਤਾਂ ਵੀ ਜਾਂ ਨਹੀਂ! ਦੱਸ ਰੱਬ ਹੈ ਵੀ! ਦੋਸਤੋਂ ਮੈਂ ਰੱਬ ਨਹੀਂ ਵੇਖਿਆ, ਇਸ ਬਾਰੇ ਕੁੱਝ ਨਹੀਂ ਕਹਿ ਸਕਦਾ, ਇਸ ਪਾਸੇ ਜਾਂ ਉਸ ਪਾਸੇ! ਮੈਂ ਤਾਂ ਹਾਲ਼ੇ ਖੂਹ'ਚ ਹਾਂ! ਇਸ ਵੇਲੇ ਮੈਨੂੰ ਯਾਦ ਆਉਂਦਾ ਮੈਂ ਇੱਕ ਲੁਹਾਰ ਸੀ ਜਿਸ ਨੇ ਕਈ ਸਮੁਰਾਈਆਂ ਲਈ ਬਹੁਤ ਵਿਚਿੱਤਰ ਕੱਤਾਨੇ ਬਣਾਏ ਸੀ। ਮੇਰੇ ਕੋਲ਼ ਬੱਚੇ ਹੈ, ਮੇਰੇ ਕੋਲ਼ ਸੁਪਤਨੀ ਹੈ। ਹੁਣ ਉਨ੍ਹਾਂ ਦਾ ਕੀ ਹੋਵੇਗਾ? ਉਹ ਤਾਂ ਮੈਨੂੰ ਡੀਕਦੀ ਹੋਏਗੀ, ਕੇ ਹਾਲ਼ੇ ਘਰ ਨਹੀਂ ਪਰਤਿਆ ਉਸਦਾ ਵਰ! ਕੋਈ ਉਨ੍ਹਾਂ ਦੀ ਖਬਰ ਮੈਨੂੰ ਦੇ ਸਕਦਾ ਐ!

ਹੁਣ ਮੈਂ ਪਿਆ ਹਾਂ ਪਾਣੀ ਵਿੱਚ, ਮੂੰਹ ਪਾਣੀ ਹੇਠ ਪਿੱਠ ਗਗਨ ਵੱਲ। ਪੰਜ ਦਿਨ ਤਾਂ ਹੋ ਗਏ ਜਦ ਦਾ ਉਸਨੇ ਮੈਨੂੰ ਖੂਹ ਵਿੱਚ ਸੁੱਟਿਆ ਏ! ਹਾਂ, ਯਾਦ ਆ ਗਈ! ਮੈਨੂੰ ਉਸਨੇ ਮਾਰਕੇ ਹੇਠਾ ਸੁੱਟਿਆ ਸੀ ਕਿਉਂਕਿ ਉਸਦੇ ਸਾਮੰਤ ਨੇ ਉਸਨੂੰ ਆਦੇਸ਼ ਦਿੱਤਾ ਸੀ ਮੈਨੂੰ ਮਾਰਨ ਦਾ! ਹੁਣ ਕੀ ਹਾਂ, ਕੇਵਲ ਇੱਕ ਲਾਸ਼ ਖੂਹ ਦੇ ਪੇਟ ਵਿੱਚ! ਉਸਦਾ ਨਾਂ ਯਾਦ ਆਉਂਦਾ ਹੈ। ਹਾਂ, ਉਸਨੂੰ ਸਭ ਮਿਯਾਮੋਤ ਆਖਦੇ ਸੀ! ਉਸਨੇ ਜਿਸਦੇ ਹੱਥ'ਚ ਕੱਤਾਨੇ ਹੈ ਵੀ ਨਹੀਂ ਸੀ, ਮੈਨੂੰ ਅੱਧ ਵਿੱਚ ਚੀਰ ਦਿੱਤਾ ਆਵਦੀ ਤਕਵਾਰ ਨਾਲ਼! ਫਿਰ ਖੂਹ ਵੱਲ ਤੁਰ ਕੇ ਮੈਨੂੰ ਬਿਨ੍ਹਾਂ ਦੇਖੇ ਕਿ ਜਿਉਂਦਾ ਜਾਂ ਮਰ ਗਿਆ, ਸੁੱਟ ਦਿੱਤਾ। ਆਵਦੇ ਸਾਮੰਤ ਲਈ! ਸਮੁਰਾਈ ਲਈ ਤਾਂ ਨਮੂਨਾ ਜਿਹਾ ਬੰਦਾ ਸੀ। ਬਿਨ੍ਹਾਂ ਸੋਚਣ ਤੋਂ ਆਗਿਆ ਪੂਰਾ ਕਰਦਾ! ਮੇਰੀ ਘਰਵਾਲ਼ੀ, ਮੇਰੇ ਬੱਚਿਆਂ ਬਾਰੇ ਕੌਣ ਸੋਚੂਗਾ ਹੁਣ? ਕੋਈ ਉਨ੍ਹਾਂ ਦੀ ਖ਼ਬਰ ਦੇ ਸਕਦਾ ਹੈ? ਮੇਰੀ ਵਹੁਟੀ ਅਤੇ ਮੇਰੇ ਨਿਆਣੇ ਮੈਨੂੰ ਲੱਭ ਰਹੇ ਹੋਵਣਗੇ; ਧੀ ਦਾ ਦਿਲ ਟੁੱਟਿਆ ਹੋਵੇਗਾ ਲਗਾਤਾਰ ਦਰਵਾਜ਼ੇ ਵੱਲ ਟਿੱਕ ਟਿੱਕੀ ਲਾ ਕਿ ਰਹੀ ਹੋਏਗੀ । ਸਭ ਮੈਨੂੰ ਉਡੀਕ ਦੇ ਹੋਣਗੇ।

ਪਰ ਸੱਚ ਮੁੱਚ ਮੇਰਾ ਇੰਤਜ਼ਾਰ ਕਰ ਰਹੇ ਨੇ? ਇਸ ਦਾ ਮੈਂ ਪੱਕਾ ਤਾਂ ਹੈ ਵੀ ਨਹੀਂ। ਹੋ ਸਕਦਾ ਮੇਰੀ ਅਦਮ ਮੌਜੂਦਗੀ ਨੂੰ ਹੁਣ ਆਮ ਗੱਲ ਸਮਝਦੇ ਨੇ? ਇਹ ਸੋਚ ਤਾਂ ਜ਼ਿਆਦੀ ਸੁੰਨ ਮਸੁੰਨ ਹੈ! ਭਾਵੇਂ ਮੈਂ ਹੁਣ ਹੋਰ ਖੰਡ'ਚ ਹਾਂ, ਸਿੱਧੀ ਗੱਲ ਕਰਦਾ..ਮੈਂ ਮੌਤ ਦੀ ਗੋਦ'ਚ ਹਾਂ...ਮੇਰੇ ਲਈ ਹਾਲ਼ੇ ਵੀ ਆਵਦੀ ਦੁਨੀਆ'ਚ ਜਿਉਏ ਹੋਏ ਜੀਵਨ ਦਾ ਮੋਹ ਹੈ।ਕੁੱਝ ਜਾਂਦਾ ਬੰਦੇ ਨਾਲ਼ ਮਰਨ ਤੋਂ ਬਾਅਦ ਵੀ। ਸੱਚ ਹੈ ਜਨਮ ਤੋਂ ਪਹਿਲਾਂ ਅਨੰਤ ਅਰਸਾ ਸੀ ਅਤੇ ਜਾਣ ਤੋਂ ਬਾਅਦ ਇਹ ਹੀ ਗੱਲ ਰਹਿੰਦੀ ਹੈ। ਮੈਂ ਅੱਜ ਤੱਕ ਇਸ ਬਾਰੇ ਸੋਚਿਆ ਵੀ ਨਹੀਂ ਸੀ। ਮੈਂ ਦੋ ਕਾਲਿਆਂ ਵਿਚਾਲੇ ਜਿਊਂਦਾ ਸੀ।

ਮੈਂ ਖ਼ੁਸ਼ ਆਦਮੀ ਸੀ। ਮੈਂ ਜਪਾਨੀ ਤਲਵਾਰ, ਮਤਲਬ ਕੱਤਾਨਿਆਂ ਬਣਾਉਣ'ਚ ਕਸਬੀ ਸੀ। ਇਸ ਕੰਮ ਲਈ ਕਈ ਚਾਂਦੀ ਦੇ ਸਿੱਕੇ ਮਿਲਦੇ ਸੀ। ਮੈਂ ਕੱਤਾਨੇ ਦੇ ਫੁਲਾਦ ਨੂੰ ਸੋਲ਼੍ਹਾ ਵਾਰੀ ਵੱਟ ਦੇ ਕੇ ਇੰਨ੍ਹਾ ਤਿੱਖਾ ਬਣਾ ਦਿੰਦਾ ਸੀ ਕਿ ਹਰ ਸਮੁਰਾਈ ਦੀ ਸੰਜੋ ਸੌਖੀ ਦੇਣੀ ਚੀਰ ਦਿੰਦੀ ਸੀ ਮੇਰੀ ਬਣਾਈ ਕੱਤਾਨਾ! ਫੇਰ ਕਿਸਮਤ ਨਾਲ਼ ਇੱਕ ਸਾਮੰਤ ਦੇ ਆਦਮੀਆਂ ਦੇ ਖਿਲਾਫ ਵਰਤ ਰਹੇ ਸਨ। ਉਸ ਲਈ ਉਸ ਸਾਮੰਤ ਨੇ ਕਿਹਾ ਕਿ ਮੇਰੀਆਂ ਬਣਾਈਆਂ ਹੋਈਆਂ ਤਲਵਾਰਾਂ ਜੱਗ'ਚ ਰਹਿ ਨਹੀਂ ਸਕਦੀਆਂ! ਜੇ ਮੈਂ ਕੇਵਲ ਉਸ ਲਈ ਕੱਤਾਨਾ ਬਣਾਵਾਂਗਾ ਤਾਂ ਠੀਕ ਹੈ। ਪਰ ਮੈਂ ਇਹ ਤਾਂ ਕਰ ਨਹੀਂ ਸਕਦਾ ਸੀ ਕਿਉਂਕਿ ਮੇਰਾ ਸਾਮੰਤ ਉਸਦੇ ਖਿਲਾਫ ਸੀ। ਇਸ ਲਈ ਉਸਨੇ ਮੇਰੇ ਮਗਰ...ਹੁਣ ਮੈਨੂੰ ਪੂਰਾ ਯਾਦ ਹੈ...ਮਿਯਾਮੋਤੋ ਭੇਜ ਦਿੱਤਾ ਸੀ..ਮੇਰਾ ਕਤਲ ਕਰਨ ਲਈ! ਹੁਣ ਤਾਂ ਕੋਈ ਫਰਕ ਨਹੀਂ ਪੈਂਦਾ ਕਿੰਨੇ ਪੈਸੇ ਮੈਂ ਜ਼ਿੰਦਗੀ'ਚ ਕਮਾਉਂਦਾ ਸੀ। ਸੱਚ ਹੀ ਹੈ, ਨੰਗੇ ਆਈ ਦਾ, ਨੰਗਾ ਜਾਈ ਦਾ!

ਮੈਂ ਤਾਂ ਹੋਰ ਹੀ ਰਾਹ ਤੁਰ ਪਿਆ! ਤੁਹਾਨੂੰ ਤਾਂ ਕੋਈ ਦਿਲਚਸਪੀ ਹੈਂ ਨਹੀਂ ਮੈਂ ਜੀਵਨ ਵਿੱਚ ਕੀ ਕਰਦਾਂ ਸਾਂ ਅਤੇ ਕਿਸ ਲਈ ਮੁਸਾਸ਼ੀ ਨੇ ਮਾਰਿਆ ਮੈਨੂੰ! ਤੁਹਾਨੂੰ ਤਾਂ ਦੋ ਗੱਲਾਂ ਰੜਕ ਦੀਆਂ ਹੋਵਣਗੀਆਂ! ਪਹਿਲੀ ਗੱਲ ਮੌਤ ਤੋਂ ਬਾਅਦ ਜੋ ਧਰਮ ਦੀਨ ਨੇ ਇਨਸਾਨ ਨਾਲ਼ ਵਾਅਦਾ ਕੀਤਾ ਉਸਦੀ ਆਸ ਰੱਖਣੀ ਚਾਹੀਦੀ ਹੈ? ਸੱਚ ਬਹਿਸ਼ਤ ਹੈ? ਜਾਂ ਕੁੱਝ ਨਹੀਂ ਹੈ? ਕੁੱਝ ਤਾਂ ਹੈ, ਨਹੀਂ ਤਾਂ ਮੈਂ ਕਿਵੇਂ ਤੇਰੇ ਨਾਲ਼ ਗੱਲ ਬਾਤ ਕਰ ਰਿਹਾ? ਹਾਂ, ਦੂਜੀ ਗੱਲ ਹੈ ਜੇ ਮੈ ਸੱਚ ਮੁੱਚ ਰੱਬ ਦਾ ਪਿਆਰਾ ਹੋ ਗਿਆ ਤਾਂ ਕਿੰਝ ਤੁਹਾਡੇ ਨਾਲ਼ ਬੋਲ਼ ਸਕਦਾ ਹਾਂ? ਸੋਚੋ ਮੀਆਂ! ਜੇ ਇਸ ਕਹਾਣੀ ਦੀ ਲਹਿਰ'ਚ ਤੁਸੀਂ ਆਵਦਾ ਕੁਫ਼ਰ,ਤਰਕ ਪਾਸੇ ਕਰ ਕੇ ਮੰਨ ਸਕਦੇ ਹੋ ਕੇ ਕੁੱਤਾ ਤੁਹਾਡੇ ਨਾਲ਼ ਬੋਲ਼ ਸਕਦਾ ਹੈ, ਫਿਰ ਮਾਰਿਆ ਗਿਆ ਬੰਦਾ ਕਿਉਂ ਨਹੀਂ ਮਰਨ ਤੋਂ ਬਾਅਦ ਗੱਲ ਕਰ ਸਕਦੈ! ਹੁਣ ਤੱਕ ਕਥਾਕਾਰ ਤੁਹਾਨੂੰ ਕਿੰਨੀਆਂ ਆਵਾਜ਼ਾਂ ਜਾਂ ਪਾਤਰਾਂ ਰਹੀ ਇਧਰ ਉਧਰ ਲੈ ਕੇ ਜਾ ਰਿਹਾ ਹੈ! ਕਦੀ ਇਸ ਸਦੀ, ਕਦੀ ਉਸ ਸਦੀ। ਕਦੀ ਇਸ ਸਾਲ, ਕਦੀ ਉਸ ਵਰਸ਼! ਸੋ ਮੇਰੀ ਵੀ ਗੱਲ ਵੱਡੀ ਨਹੀਂ ਹੈ! ਅਕਸਰ, ਤੁਹਾਨੂੰ ਜਪਾਨ ਬਾਰੇ ਕੀ ਪਤਾ? ਪੰਜਾਬ ਤੋਂ ਦੂਰ ਤੁਹਾਡੀ ਅੱਖ ਕਦੀ ਗਈ? ਤਰੱਕੀ ਲਈ ਜ਼ਰੂਰ ਗਈ, ਪਰ ਗਿਆਨ ਵਧਾਉਣ ਨੂੰ ਕਦੀ ਗਈ? ਨਹੀਂ? ਫਿਰ ਜੋ ਕਹਿੰਦਾ ਮੰਨ ਜਾਓ! ਸੋ ਜੇ ਮੈਂ ਕਹਿੰਦਾ ਰੱਬ ਹੈ ਜਾਂ ਨਹੀਂ ਹੈ, ਸੁਣੋਂ!

ਸੱਚ ਹੈ ਕਿ ਬਹੁਤ ਸਵਾਲ ਬੰਦੇ ਦੇ ਮਨ ਵਿੱਚ ਮੌਤ ਬਾਰੇ ਆਉਂਦੇ ਨੇ। ਮੌਤ ਦਾ ਮੁਕ ਮੁਕਾ ਸੌਖਾ ਨਹੀਂ ਇਨਸਾਨ ਨੂੰ ਕਬੂਲ ਕਰਨਾ। ਮਰਨ ਤੋਂ ਬਾਅਦ ਸੱਚ ਮੁੱਚ ਜ਼ਿੰਦਗੀ ਹੈ? ਤੂੰ ਦੁੱਖ'ਚ ਹੈ? ਤੇਰੀ ਆਤਮਾ ਕਿੱਥੇਂ ਹੈ? ਮੈਂ ਇੰਨ੍ਹਾਂ ਸਵਾਲਾਂ ਦਾ ਜਵਾਬ'ਚ ਕਹਿ ਸਕਦਾ ਕੇ ਮੈਂ ਜ਼ਰੂਰ ਮਰ ਗਿਆ ਪਰ ਮਿਟਿਆ ਨਹੀਂ। ਕਿਉਂ? ਇਸ ਦਾ ਜਵਾਬ ਮੇਰੇ ਕੋਲ਼ ਹੈ ਨਹੀਂ। ਕਿਸੇ ਪਾਸੇ ਦੁੱਧ ਦੇ ਦਰਿਆ ਨਹੀਂ ਦਿਸਦੇ ਮੈਨੂੰ, ਕਿਸੇ ਪਾਸੇ ਸੁੰਦਰ ਕੰਨਿਆਂ ਨਹੀਂ ਬੈਠੀਆਂ ਮਰਦ ਲਈ। ਇਹ ਚੀਜ਼ਾਂ ਦਾ ਚੇਤਾ ਭੁਲਾ ਦਿਓ! ਮੈਂ ਤਾਂ ਕੇਵਲ ਓਹੋ ਵੇਖਿਆ ਜੋ ਮੇਰੀ ਦਸ਼ਾ ਲਈ ਲਾਗੂ ਹੈ। ਜਦ ਮੈਨੂੰ ਮਾਰਿਆ ਗਿਆ ਫਿਰ ਮਨ ਨੇ ਤਾਂ ਮਰਨ ਬਾਅਦ ਡੱਕੇ ਡੋਲੇ ਖਾਣੇ ਏ!

ਮੈਂ ਜਦ ਉਸਨੇ ਮੇਰਾ ਪਿੰਡਾ ਆਵਦੀ ਕੱਤਾਨੇ ਨਾਲ਼ ਚੀਰ ਦਿੱਤਾ ਸਮਝ ਗਿਆ ਕਿ ਮੈਂ ਮਰਨ ਲੱਗਾ ਸੀ। ਉਸ ਪਲ ਜਦ ਜਾਨ ਉੱਡ ਗਈ ਸੀ, ਮੈਨੂੰ ਤਾਂ ਨਜਾਤ ਮਿਲ ਗਈ ਸੀ! ਜਦ ਉਸ ਨੇ ਮੈਨੂੰ ਖੂਹ'ਚ ਸੁੱਟ ਦਿੱਤਾ ਸੀ ਅਤੇ ਜਿਸਮ ਕੰਧਾਂ'ਚ ਵੱਜ ਰਿਹਾ ਸੀ ( ਨਾਲ਼ੇ ਨਾਲ਼ ਸਿਰ ਪਾਟਿਆ, ਦੰਦ ਭੰਨੇ ਗਏ,ਬਾਂਹ ਟੁੱਟ ਗਈ) ਮੈਨੂੰ ਮਹਿਸੂਸ ਹੋਇਆ ਕਿ ਮੈਂ ਆਸ਼ਾਵਾਦੀ ਆਦਮੀ ਸੀ। ਜਦ ਜਿਓਂਦਾ ਸੀ ਇਹ ਕਿਆਸ ਕਦੀ ਨਹੀਂ ਆਇਆ ਸੀ। ਪਰ ਹੁਣ ਸਾਫ਼ ਸਮਝ ਗਿਆ ਜੋ ਜਦ ਕੱਤਾਨੇ ਬਣਾਉਂਦਾ ਸਾਂ ਨਹੀਂ ਸਮਝਿਆ। ਹਾਂ ਮਰਕੇ ਦੁੱਖ ਹੱਟ ਗਿਆ ਸੀ, ਜੀਵਨ ਦਾ ਦੁੱਖ।ਅਰਾਮ ਨਾਲ਼ ਭਰ ਗਿਆ ਸੀ। ਪਰ ਹਾਲ਼ੇ ਇੱਕ ਦੁੱਖ ਜ਼ਰੂਰ ਹੈ। ਇਹ ਨਹੀਂ ਕਿ ਕਮ ਅਕਲ ਸਮੁਰਾਈ ਨੇ ਮੇਰੀ ਜਾਨ ਜਵਾਨ ਉਮਰ'ਚ ਲੈ ਲਈ, ਪਰ ਕਿਸੇ ਨੂੰ ਪਤਾ ਨਹੀਂ ਸੀ ਕਿ ਮੈਂ ਮਰ ਗਿਆ ਅਤੇ ਉਹ ਹਾਲ਼ੇ ਵੀ ਮੈਨੂੰ ਟੋਲਦੇ ਹੋਣਗੇ। ਇਹ ਦੁੱਖ ਸੀ।

ਸਮੁਰਾਈ ਵੀ ਕਿਸ ਤਰ੍ਹਾਂ ਦੇ ਬੰਦੇ ਨੇ! ਜੋ ਉਨ੍ਹਾਂ ਦਾ ਆਕਾ ਮੰਗਦਾ ਕਰ ਦਿੰਦੇ ਨੇ। ਕੋਈ ਆਪਣੀ ਸੋਚ ਹੈ ਨਹੀਂ। ਅੰਧ ਵਿਸ਼ਵਾਸ਼ ਮਗਰ ਲੱਗੇ ਨੇ। ਆਵਦਾ ਰਾਹ ਹੀ ਦੇਖਦੇ ਨੇ। ਹੋਰ ਕਿਸੇ ਦੀ ਸੋਚ, ਵਿਚਾਰ ਵੱਲ ਅੰਨ੍ਹੇ ਨੇ। ਆਵਦੀ ਜਾਨ ਵੀ ਲੈ ਲੈਂਦੇ ਉਸ ਆਕੇ ਦੀ ਇੱਜ਼ਤ ਲਈ, ਤੇ ਹੋਰ ਲੋਕਾਂ ਦੀ ਵੀ। ਜਿਹੜੇ ਉਨ੍ਹਾਂ ਤੋਂ ਅੱਡ ਹੈ, ਉਨ੍ਹਾਂ ਵੱਲ ਸਹਿਨਸ਼ੀਲ ਨਹੀਂ ਹੈ। ਪੱਕੇ ਹੈ ਕਿ ਸਾਡੇ ਤਰੀਕੇ ਹੀ ਸਹੀ ਹੈ। ਆਵਦੇ ਖਿਆਲਾਂ ਨਾਲ਼ ਸਾਰੀ ਦੁਨੀਆ ਦਾ ਰੂਪ ਆਪਣੇ ਵਰਗਾ ਬਣਾਉਣਾ ਚਾਹੁੰਦੇ ਨੇ। ਦੱਸੋ ਕਿ ਇਸ ਤਰ੍ਹਾਂ ਦਾ ਆਦਮੀ ਨੇਕ ਦਿਲ ਵਾਲ਼ਾ ਹੈ? ਫੌਜੀ ਰਾਖੀ ਨਹੀਂ ਕਰਦੇ, ਪਰ ਲੋਕਾਂ ਨੂੰ ਮਾਰਦੇ ਨੇ। ਬੱਸ।

ਮੈਨੂੰ ਹੁਣ ਸੁਣੋਂ। ਜਦ ਮੈਂ ਚੇਲਾ ਸੀ, ਮੈਂ ਵੀ ਡਰਦਾ ਸੀ। ਇਸ ਲਈ ਮੈਂ ਵੀ ਇਹ ਜੀਵਨ ਤੋਂ ਬਾਹਰ ਦੇ ਸੱਚਾਂ ਨੂੰ ਗੌਲਦਾ ਨਹੀਂ ਸੀ। ਸਗੋਂ ਮੈਂ ਤਾਂ ਮਖੌਲ ਕਰਦਾ ਸੀ। ਪਰ ਹੁਣ ਤਾਂ ਮੈਂ ਖੂਹ ਦੇ ਡੂੰਘੇ ਥਾਂ ਪਹੰਚ ਗਿਆ! ਇਹ ਤੁਹਾਡੇ ਨਾਲ਼ ਵੀ ਹੋ ਸਕਦਾ ਹੈ।ਝਿਜਕ ਕੇ ਰਹਿਣਾ। ਕੀ ਪਤਾ ਕੀ ਕੱਲ੍ਹ ਹੋਵੇਗਾ ਅਤੇ ਕਿਸ ਨੂੰ ਹੋਵੇਗਾ। ਹੁਣ ਮੇਰੇ ਕੋਲ਼ ਇੱਕ ਹੀ ਆਸ ਹੈ, ਉਹ ਕਿ ਮੇਰਾ ਦੇਹ ਚੰਗੀ ਤਰ੍ਹਾਂ ਗਲ਼ ਜਾਵੇ, ਸੋ ਮੇਰੀ ਹਮਕ ਨਾਲ਼ ਮੈਨੂੰ..ਨਹੀਂ ਮੇਰੀ ਲੋਥ ਲੱਬ ਜਾਵੇਗੀ। ਮੇਰੇ ਲਈ ਸਿਰਫ ਆਸ ਹੀ ਰਹੀ ਹੈ। ਆਸ ਕਿ ਜਿਸ ਸਮੁਰਾਈ ਨੇ ਮੇਰੀ ਜ਼ਿੰਦਗੀ ਇੰਨੀ ਛੋਟੀ ਚੀਜ਼ ਕਰਕੇ ਲਈ, ਉਸਦੀ ਵੀ ਜ਼ਿੰਦਗੀ ਕੋਈ ਤੁੱਛ ਲਈ ਚੋਰੀ ਹੋ ਜਾਵੇ। ਉਸ ਸਾਮੰਤ ਜਿਸ ਦੇ ਹੁਕਮ ਕਰਕੇ ਮੇਰੀ ਵਹੁਟੀ ਵਿਧਵਾ ਬਣ ਗਈ, ਮੇਰੇ ਬੱਚੇ ਯਤੀਮ ਬਣ ਗਏ, ਨੂੰ ਮੇਰੇ ਹੱਥੋਂ ਬਣੀ ਤਲਵਾਰ, ਜਿਸ ਲਈ ਮੈਂ ਜੀਵਨ ਵਿੱਚ ਨਾਮੀ ਸੀ, ਨਾਲ਼ ਉਸਦੀ ਹਯਾਤ ਖ਼ਤਮ ਹੋ ਜਾਵੇ।

ਉਨ੍ਹਾਂ ਚਿਰ ਮੇਰੇ ਲਈ ਸ਼ਾਂਤੀ ਕਿਵੇਂ ਹੋ ਸਕਦੀ ਹੈ? ਉਸਦੀ ਜਾਤ ਉੱਚੀ ਹੈ, ਮੇਰੀ ਨਹੀਂ। ਇੱਕ ਦਿਨ ਸਾਡੀਆਂ ਜਾਤਾਂ ਦੇ ਪਾਲ਼ੇ ਪਵੇਗਾ ਕਿ ਉਸਦੀ ਜਾਤ ਪਾਤ ਦੇ ਪੁੱਟੇ ਰਾਹ ਉਸ ਦਿਨ ਮੁੱਕਣਗੇ, ਜਦ ਅਸੀਂ ਉਸਦਾ ਸਾਰਾ ਕੁੱਝ ਸਾੜ ਦਿੱਤਾ। ਜਦ ਸਾਨੂੰ ਅਕਲ ਆਵੇਗੀ ਕਿ ਇਹ ਸਭ ਝੂਠ ਹੈ। ਅਕਸਰ ਉਹ ਹੈ ਸਮੁਰਾਈ ਜਿਸ ਨੂੰ ਕੱਤਾਨੇ ਦੀ ਲੋੜ ਹੈ, ਪਰ

ਸਿਰਫ਼ ਮੇਰੀ ਜਾਤ ਦਾ ਬੰਦਾ ਕੱਤਾਨੇ ਨੂੰ ਬਣਾਉਣਾ ਜਾਣਦਾ। ਫਿਰ ਜੋਰ ਤਾਂ ਸਾਡਾ ਹੀ ਹੋਣਾ ਚਾਹੀਦਾ? ਉਸ ਦਿਨ ਮੈਨੂੰ ਸ਼ਾਂਤੀ ਆਵੇਗੀ।

# ਧੀ

## ੧੬੦੦



ਚਾਨਣੀ ਰਾਤ ਸੀ। ਚੰਦ ਮਾਮਾ ਉਸ ਰਾਤ ਬਹੁਤ ਵੱਡਾ ਜਾਪ ਰਿਹਾ ਸੀ। ਦਿਨੇ ਸਮੁਰਾਈਆਂ ਨੇ ਆਹੂ ਲਾਹ ਸੁੱਟੇ ਸੀ। ਹੁਣ ਚਾਨਣ ਵਿੱਚ ਸਾਰੇ ਪਾਸੇ ਮੈਦਾਨ'ਚ ਲਾਸ਼ਾਂ ਪਾਈਆਂ ਸਨ, ਧਰਤੀ ਤੇ ਥਾੱਥਾਂ। ਵੈਸੇ ਮੈਨੂੰ ਤਾਂ ਲੱਗ ਰਿਹਾ ਸੀ ਕਿ ਧਰਤੀ ਜਿਵੇਂ ਮੁਰਦਿਆਂ ਨਾਲ਼ ਹੀ ਬਣੀ ਹੋਈ ਸੀ। ਪਰ ਡਰ ਨਹੀਂ ਲੱਗਿਆ, ਕਿਉਂਕਿ ਅਸੀਂ ਗਰੀਬ ਪੈਸੇ ਕਮਾਉਣ ਲਈ ਜਾਂਦੇ ਰਣ'ਚ ਕਿਉਂਕਿ ਇਸ ਤਰ੍ਹਾਂ ਜੋ ਫੌਜਾਂ ਦੇ ਭਟੇ ਪੈ ਹੁੰਦੇ ਉਨ੍ਹਾਂ ਦੀਆਂ ਜੁੱਲੀ ਤੱਪੜੀਆਂ ਨੂੰ ਚੁਰਾ ਕੇ ਚੁੱਕ ਲੈਂਦੇ ਸੀ। ਕੀ ਕੋਈ ਛੱਲਾ, ਕੀ ਬਟੂਆ, ਕੀ ਨੇਜ਼ਾ, ਕੀ ਤਲਵਾਰ, ਕੋਈ ਵੀ ਹਰ ਕੀਮੀਤੀ ਚੀਜ਼ ਚੋਰੀ ਕਰਦੇ ਸੀ ਲਾਸ਼ਾਂ ਤੋਂ। ਕਈ ਲੋਕ ਤਾਂ ਮੁੰਦਰੀ ਲੈਣ ਲਈ ਉਂਗਲੀਆਂ ਕੱਟ ਦਿੰਦੇ ਸੀ। ਪਰ ਮੈਂ ਤਾਂ ਛੋਟੀਆਂ ਮੋਟੀਆਂ ਚੀਜ਼ਾਂ ਹੀ ਚੱਕ ਕੇ ਲੈ ਜਾਂਦੀ ਸੀ। ਮਾਂ ਨੇ ਮੈਨੂੰ ਕਿਹਾ ਸੀ ਬੱਚਕੇ ਰਹਿਣਾ।

ਉਸ ਚਾਣਨੀ ਰਾਤ, ਜਦ ਮੈਂ ਲੋਥਾਂ ਵਿੱਚ ਫੋਲਾ ਫਾਲੀ ਕਰ ਰਹੀ ਸੀ , ਮੈਂ ਹੈਰਾਨ ਹੋ ਗਈ ਜਦ ਹਾਲੇ ਦੋ ਬੰਦੇ ਜਿਓਂਦੇ ਸੀ! ਇੱਕ ਨੇ ਮੈਨੂੰ ਬੁਲਇਆ।- ਓਏ! ਤੂੰ ਇੱਥੇਂ ਕੀ ਕਰ ਰਹੀ ਏ? ਕੌਣ ਹੈ ਤੂੰ?-। ਪਰ ਮੈਂ ਡਰਕੇ ਨੱਸ ਪਈ, ਆਦਮੀਆਂ ਨੂੰ ਸਮਝ ਨਾ ਲੱਗ ਜਾਵੇ ਕਿ ਮੈਂ ਕੀ ਕਰ ਰਹੀ ਸੀ! ਇਸ ਤੋਂ ਜ਼ਿਆਦਾ ਡਰ ਸੀ ਇਹ ਜਾਨਵਰ ਮਰਦ ਕੁੜੀ ਨੂੰ ਕੁੱਝ ਵੀ ਕਰ ਸਕਦੈ ਸੀ! ਸੋ ਮੈਂ ਘਰ ਵੱਲ ਨੱਠ ਗਈ। ਘਰ ਪੁੱਜੀ ਤੇ ਮੈਂ ਆਵਦੀ ਮਾਈ, ਓਕੋ, ਨੂੰ ਉਨ੍ਹਾਂ ਬੰਦਿਆਂ ਬਾਰੇ ਦੱਸ ਦਿੱਤਾ। ਮਾਈ ਨੇ ਆਖਿਆ ਸੀ ਕਿ ਉਨ੍ਹਾਂ ਨੂੰ ਪਤਾ ਤਾਂ ਨਹੀਂ ਲੱਗਾ ਕਿ ਤੂੰ ਕਿਸ ਰਾਹ ਗਈਏ ਅਤੇ ਤੇਰਾ ਉਨ੍ਹਾਂ ਪਿੱਛਾ ਤਾਂ ਨਹੀਂ ਕੀਤਾ। ਮੈਂ ਮਾਈ ਨੂੰ ਕਿਹਾ ਹੋ ਨਹੀਂ ਸਕਦਾ। ਇਸ ਲਈ ਮੈਂ ਡਰ ਗਈ ਜਦ ਸਿਰਫ਼ ਪੌਣੇ ਘੰਟੇ ਬਾਅਦ ਉਨ੍ਹਾਂ ਨੇ ਸਾਡੇ ਦਰਵਾਜ਼ੇ ਤੇ ਖਟ ਖਟ ਕੀਤੀ!

- ਤੇਰੇ ਮਗਰ ਆ ਗਏ ਨਾ! ਡੰਗਰ ਜਿਹੀ ਏ! ਲੱਗਦਾ ਦਰਵਾਜ਼ਾਂ ਸਾਰੀ ਰਾਤ ਖੜਕਾਉਣਾ ਇੰਨ੍ਹਾਂ ਨੇ! ਮੈਂ ਬਾਰੀ'ਚ ਜਾ ਕੇ ਦੇਖਦੀ ਹਾਂ- ਮਾਈ ਬੋਲੀ ਮੇਰੇ ਦੋ ਚਾਰ ਲਾ ਕੇ। ਫਿਰ ਮੈਨੂੰ ਚੁੱਪ ਚਾਪ ਇਸ਼ਾਰਾ ਕੀਤਾ ਤੇ ਕੰਨ ਵਿੱਚ ਦੱਸਿਆ ਦਰ ਕੋਲ਼ ਜਾ ਕੇ ਉਨ੍ਹਾਂ ਨੂੰ ਕਹਿ – ਦਫ਼ਾ ਹੋ ਜਾਉ!-। ਪਰ ਜਿੰਨਾ ਮਰਜ਼ੀ ਮੈਂ ਉਨ੍ਹਾਂ ਕਿਹਾ ਉਹ ਜ਼ਿੱਦ ਕਰੀ ਗਏ। ਹਾਰਕੇ ਮਾਈ ਹੀ ਉਨ੍ਹਾਂ ਨਾਲ਼ ਬੋਲੀ।ਪਰ ਅਸੀਂ ਉਨ੍ਹਾਂ ਨੂੰ ਅੰਦਰ ਨਹੀਂ ਵਾੜਿਆ ਬੱਸ ਉਨ੍ਹਾ ਨੂੰ ਖੇਤੀਬਾੜੀ ਵਿੱਚ ਰਹਿਣ ਦਿੱਤਾ। ਕਹਿੰਦੇ ਸੀ ਸਿਰਫ਼ ਇੱਕ ਰਾਤ ਰਹਿਣਾ ਪਰ ਹੁਣ ਤਾਂ ਤਕਰੀਬਨ ਮਹੀਨਾ ਹੋ ਗਿਆ ਹੈ! ਮਤਾਹਚੀ ਤਾਂ ਰੋਜ਼ ਘਰ ਵਿੱਚ ਆਕੇ ਗੱਲਾਂ ਕਰਦੈ ਹੈ। ਤਕੇਜ਼ੋ ਥੋੜ੍ਹਾ ਜਾ ਕੱਲਮ ਕੱਲਾ ਬੰਦਾ ਹੈ। ਉਸ ਤੋਂ ਸਾਫ਼ ਡਰ ਲੱਗਦੈ। ਇਹ ਵੀ ਡਰ ਲੱਗਦਾ ਜਿਵੇਂ ਮਤਾਹਚੀ ਰੋਜ਼ ਦੀ ਰੋਜ਼ ਫੌਜੀਆਂ ਨਾਲ ਗੱਲਾਂ ਕਰਦਾ ਉਨ੍ਹਾਂ ਨੂੰ ਸਾਡੇ ਤੇ ਸ਼ੱਕ ਨਾ ਪੈ ਜੇ ਕਿ ਅਸੀਂ ਦੋ ਸਿਪਾਹੀ ਦੂਜੀ ਫੌਜ ਦੇ ਘਰ ਰੱਖੇ ਹੈ। ਮਾਈ ਮੈਂਥੋਂ ਵੱਡੇ ਦਿਲ ਵਾਲ਼ੀ ਹੈ ਪਰ ਮੈਨੂੰ ਤਾਂ ਇਹ ਵੀ ਡਰ ਲੱਗਦਾ ਕਿ ਤਕੇਜ਼ੋ ਨੂੰ ਪਤਾ ਲੱਗ ਜਾਵੇਗਾ ਕਿ ਅਸੀਂ ਮਰੇ ਬੰਦਿਆਂ ਦੀਆਂ ਲਾਸ਼ਾਂ ਤੋਂ ਚੋਰੀ ਕਰ ਦੇ ਹਾਂ। ਉਂਝ ਕਿਹੜਾ ਗਰੀਬ ਨਹੀਂ ਕਰ ਰਿਹਾ? ਮਾਲ ਵੇਚ ਕੇ ਬਹੁਤ ਪੈਸੇ ਮਿਲਦੇ ਨੇ। ਸਾਡੇ ਕੰਮ ਤੋਂ ਜ਼ਿਆਦਾ। ਇਸ ਡਰ ਵਿੱਚ ਰੋਜ ਰਹਿੰਦੀ ਐ ( ਮਾਈ ਵੀ ਰਹਿੰਦੀ ਹੋਵੇਗੀ ਪਰ ਲੁਕਾਉਂਦੀ ਹੈ। ਹਰ ਦਿਨ ਮਤਾਹਚੀ ਉਸ ਨਾਲ਼ ਕਲੋਲੀ ਕਰਦਾ) ਅਤੇ ਉਨ੍ਹਾਂ ਦੋਨਾਂ ਨਾਲ਼ ਸੋਚ ਕੇ ਬੋਲਦੀ ਹੈ।ਮੇਰੇ ਪਿਤਾ ਬਾਰੇ ਵੀ ਆਖਿਆ ਪਰ ਮੈਂ ਬਹੁਤਾ ਕੁੱਝ ਦੱਸਿਆ ਨਹੀਂ ਉਨ੍ਹਾਂ ਨੂੰ। ਇੰਝ ਦਿਨ ਬੀਤੀ ਜਾਂਦੇ ਸੀ।

ਮਾਈ ਦੀ ਆਦਤ ਸੀ ਹਰ ਰਾਤ ਗੁਸਲ ਕਰਨਾ, ਆਰਾਮ ਨਾਲ਼ ਅਤੇ ਸੁਰਖੀ ਪਿਆਰ ਦੇ ਨਾਲ਼ ਲਾਉਣੀ। ਉਸ ਤੋਂ ਬਾਅਦ ਸਾਕੀ ਪੀਂਦੀ ਸੀ।ਪਿਤਾ ਜੀ ਨੇ ਖੁੱਲ੍ਹ ਦਿੱਤੀ ਸੀ ਮਾਈ ਨੂੰ ਇੰਝ ਕਰਨ ਦੀ। ਜਿੰਨਾ ਵਕਤ ਗੇਸ਼ਾ ਇਸ਼ਨਾਨ ਕਰਨ'ਚ ਲਾਉਂਦੀ ਉਨ੍ਹਾਂ ਮਾਈ ਲਾਉਂਦੀ! ਆਪਨੂੰ ਹਮੇਸ਼ਾ ਲਈ ਜਵਾਨੀ'ਚ ਰੱਖਣਾ ਚਾਹੁੰਦੀ ਸੀ। ਇਹ ਚੀਜ਼ਾਂ ਆਮ ਲੋਕ ਨਹੀਂ ਕਰ ਸਕਦੈ ਅਤੇ ਮਤਾਹਚੀ ਨੇ ਵੀ ਦੇਖ ਕੇ ਸੋਚਿਆ ਹੋਵੇਗਾ ਕਿ ਸਾਡੇ ਕੋਲ਼ ਬਹੁਤ ਪੈਸੇ ਹੋਵਣਗੇ! ਮਾਈ ਨੇ ਤਾਂ ਮੇਰੇ ਤੇ ਵੀ ਜੋਰ ਦਿੱਤਾ ਨਿਤ ਇਸ ਤਰ੍ਹਾਂ ਕਰਨ ਦਾ ਪਰ ਮੈਂ ਤਾਂ ਇਹ ਚੀਜ਼ਾਂ ਨਾਲ਼ ਛੇਤੀ ਅੱਕ ਜਾਂਦੀ ਸੀ। ਮੇਰੇ ਪੱਲੇ ਨਹੀਂ ਪੈਂਦਾ ਕਿਉਂ ਗੇਸ਼ਾ ਵਾਂਗਰ ਸਾਨੂੰ ਕਮਲ਼ ਕੁੱਟਣਾ ਪੈਂਦਾ! ਮਾਈ ਵੀ ਸਾਰੀ ਰਾਤ ਅੱਜ ਕੱਲ੍ਹ ਮਤਾਹਚੀ ਨਾਲ਼ ਬੜ ਬੜ ਕਰਦੀ ਰਹਿੰਦੀ ਸੀ।

ਪਰ ਇੱਕ ਦਿਨ ਮੈਂ ਮਜ਼ਬੂਰ ਹੋ ਗਈ ਤਕੇਜ਼ੋ ਨੂੰ ਦਸਣ ( ਕਿਉਂਕਿ ਜਿਵੇਂ ਮਤਾਹਚੀ ਮਾਈ ਨਾਲ਼ ਕਰਦਾ ਸੀ ਮੈਨੂੰ ਚੰਗਾ ਨਹੀਂ ਲੱਗਦਾ ਸੀ) ਮੈਂ ਉਸ ਰਾਤ ਉਹ ਮੈਦਾਨ'ਚ ਕੀ ਕਰ ਰਹੀ ਸੀ। ਕਿਉਂਕਿ ਤੇਮਾ, ਸਾਡੇ ਪਿੰਡ ਦਾ ਇੱਕ ਮੁੰਡਾ ਅਤੇ ਫੌਜ ਦਾ ਜਾਸੂਸ ਨੇ ਮੈਨੂੰ ਅੱਖਾਂ ਵਿਖਾਈਆਂ ਸੀ। ਡਰ ਨਾਲ਼ ਮੈਂ ਤਕੇਜ਼ੋ ਨੂੰ ਸੱਚ ਹੀ ਦੱਸ ਦਿੱਤਾ। ਫਿਰ ਮਤਾਹਚੀ ਨੂੰ ਵੀ ਦੱਸ ਦਿੱਤਾ ਸੀ। ਜਲਦੀ ਨਾਲ਼ ਦੋਨਾਂ ਮਰਦਾ ਨੇ ਸਾਡੀ ਮਦਦ ਕੀਤੀ ਛੱਤ ਅਤੇ ਫੱਟਿਆਂ ਹੇਠ ਲੁਕਾਉਣ ਲਈ ਸਾਰਾ ਚੋਰੀ ਕੀਤਾ ਮਾਲ! ਮੈਂ ਡਰਦੀ ਸੀ ਸਾਨੂੰ ਕੁੱਝ ਕਹਿਣਗੇ ਪਰ ਕੁੱਝ ਨਹੀਂ ਕਿਹਾ। ਸ਼ਾਇਦ ਉਨ੍ਹਾਂ ਦੇ ਪਿੰਡ ਵਾਲ਼ੇ ਵੀ ਇੱਦਾਂ ਕਰਦੈ ਹੋਣ ਗਏ!

ਉਸ ਰਾਤ ਮੇਰੇ ਸਾਹਮਣੇ ਮਾਈ ਨੇ ਸਾਕੀ ਪੀਤੀ ਮਤਾਹਚੀ ਨਾਲ਼। ਹੁਣ ਸਾਡੇ ਨਾਲ਼ ਤਕੇਜ਼ੋ ਵੀ ਬਹਿਣ ਲੱਗ ਪਿਆ ਸੀ। ਮਾਈ ਨੇ ਜ਼ਬਰਦਸਤੀ ਨਾਲ਼ ਮਤਾਹਚੀ ਦੇ ਪਿਆਲੀ'ਚ ਸਾਕੀ ਭਰੀ। ਫਿਰ ਉਸ ਹੀ ਤਰ੍ਹਾਂ ਜ਼ਬਰਦਸਤੀ ਨਾਲ਼ ਤਕੇਜ਼ੋ ਨੂੰ

ਪਿਆਉਣ ਦੀ ਕੋਸ਼ਿਸ਼ ਕੀਤੀ। ਜਦ ਉਸ ਨੇ ਹੱਥ ਮਾਰਿਆ ਮਾਈ ਨੇ ਉਸਦੇ ਬੁੱਲ੍ਹਾਂ ਤੱਕ ਪਿਆਲੀ ਲੈ ਗਈ ਤੇ ਬੋਲੀ – ਮਰਦ ਤਾਂ ਲਾਜ਼ਮੀ ਪੀਂਦੇ ਨੇ! ਤੂੰ ਆਦਮੀ ਐ ਜਾਂ ਨਹੀਂ!–।

- ਸ਼ਰਾਬ ਪੀਣ ਨਾਲ਼ ਆਦਮੀ ਮਰਦ ਨਹੀਂ ਬਣ ਜਾਂਦਾ, ਓਕੋ ਭੈਣੇ!– ਤਕੇਜ਼ੋ ਦਾ ਉੱਤਰ ਆਇਆ। ਪਰ ਮਾਈ ਕਿੱਥੋਂ ਇੰਨੀ ਸੌਖੀ ਦੇਣੀ ਹੱਟਦੀ ਏ।ਮਾਈ ਨੇ ਉਨ੍ਹੂੰ ਲਾ ਕਿ ਜਿਹਾ ਕਿਹਾ, – ਬੰਦਾ ਓਦੋਂ ਤੱਕ ਕਿੱਥੇਂ ਬੰਦਾ ਏ ਜਦੋਂ ਤੱਕ ਦੋ ਤਿੰਨ ਘੁੱਟ ਲਾਉਂਦਾ ਨ੍ਹੀਂ ਤਕੇਜ਼ੋ ਸਾਹਿਬ! ਜੇ ਖੁਦ ਤੋਂ ਨ੍ਹੀਂ ਪੀ ਹੁੰਦੀ ਤਾਂ ਮੈਂ ਤੁਹਾਡੀ ਮੱਦਦ ਕਰਾਂ?– । ਇਹ ਸੁਣ ਕੇ ਮੈਨੂੰ ਸ਼ਰਮ ਆਈ ਪਰ ਮੈਂ ਮਾਈ ਦੀ ਜੁੱਤੀ ਤੋਂ ਡਰਦੀ ਸੀ। ਮੈਂ ਅੱਖਾਂ ਨੀਵੀਆਂ ਕਰ ਕੇ ਦੋਨਾਂ ਬੰਦਿਆਂ ਨੂੰ ਦੇਖਦੀ ਸੀ। ਤਕੇਜ਼ੋ ਨਰਾਜ਼ ਲੱਗਦਾ ਸੀ ਪਰ ਓਨਾ ਨਹੀਂ ਜਿੰਨਾ ਮਤਾਹਚੀ ਲੱਗਦਾ ਸੀ। ਕਾਸ਼! ਮਤਾਹਚੀ ਨੂੰ ਤਾਂ ਚੁੱਭਦੀ ਸੀ। ਇਹ ਗੱਲ ਮਾਈ ਨੇ ਵੀ ਦੇਖ ਲਈ ਸੀ, ਤੇ ਜਾਣ ਕੇ ਆਵਦਾ ਹੱਥ ਤਕੇਜ਼ੋ ਦੇ ਪੱਟ ਤੇ ਰੱਖ ਦਿੱਤਾ ਸੀ, ਨਾਲ਼ੇ ਗਾਉਂਦੀ ਸੀ। ਮੈਂ ਸ਼ਰਮ ਨਾਲ਼ ਸਬਾਤ ਵੱਲ ਚਲੀ ਗਈ। ਸਬਾਤ ਦੇ ਬੂਹੇ ਪਿੱਛੋਂ ਮੈਂ ਮਾਈ ਦੀਆਂ ਮੂਰਖਤਾਂਵਾਂ ਵੇਖੀ ਗਈ। ਕਿਉਂ! ਕਿਉਂਕਿ ਜਦ ਵੀ ਕੋਈ ਬੰਦਾ ਇਸ ਘਰ ਆਉਂਦਾ ਮਾਈ ਏਦਾਂ ਦੇ ਕੰਮ ਹੀ ਕਰਦੀ ਸੀ! ਹੁਣ ਮਤਾਹਚੀ ਅੱਕ ਗਿਆ ਸੀ ਤੇ ਓਨ੍ਹੇ ਘੁੰਮ ਕੇ ਤਕੇਜ਼ੋ ਨੂੰ ਕਿਹਾ, – ਸਾਨੂੰ ਜਾਣਾ ਚਾਹੀਦਾ। ਕਈ ਦਿਨ ਬੀਤ ਗਏ! ਹੁਣ ਆਪਾਂ ਦੋਨੋਂ ਠੀਕ ਹਾਂ। ਮੈਂ ਤੁਰ ਫਿਰ ਸਕਦੈ ਤਕੇਜ਼ੋਇਆ!–।

ਬੱਸ ਉਸਨੂੰ ਇੰਨਾ ਹੀ ਕਹਿਣ ਦੀ ਲੋੜ ਸੀ। ਇਸ ਨਾਲ਼ ਹੀ ਮਾਈ ਇੱਕ ਦਮ ਬਦਲ ਗਈ, ਜਿਵੇਂ ਡਰਦੀ ਹੋਵੇ ਕਿ ਉਹ ਦੋਨੋਂ ਚਲੇ ਨਾ ਜਾਣ ਕਿਤੇ। ਮਾਈ ਨੇ ਹੈਰਾਨੀ ਨਾਲ਼ ਦੋਨਾਂ ਵੱਲ ਦੇਖ ਕੇ ਥੱਥ ਕੇ ਆਖਿਆ, – ਪਰ ਤੁਸੀਂ ਕਿੱਥੇਂ ਜਾਉਂਗੇ? ਕਿਵੇਂ...–।

–ਆਪਣੇ ਪਿੰਡ। ਹੋਰ ਕਿੱਥੇਂ? ਮੇਰੀ ਪਿਆਰੀ ਮੰਗੇਤਰ ਮਿਯਾਮੋਤੋ ਹੈ। ਮੇਰੀ ਮਾਂ ਵੀ ਵਿਚਾਰੀ 'ਡੀਕਦੀ ਹੋਵੇਗੀ!– । ਪਰ ਮੇਰੀ ਮਾਈ ਵੀ ਘੱਟ ਨਹੀਂ ਸੀ। ਉਸਨੇ ਆਪਣੇ ਆਪ ਨੂੰ ਸੰਭਾਲ ਕੇ, ਨੈਣ ਘੁੱਟ ਕੇ ਬੁਘਣੀ ਵਾਂਗਰ, ਮੁਸਕਾਨ ਯਖ ਕਰਕੇ, ਤੇਜਾਬੀ ਆਵਾਜ਼ ਵਿੱਚ ਮਤਾਹਚੀ ਨੂੰ ਕਿਹਾ, – ਮਾਫ਼ ਕਰਨਾ ਕਿ ਮੈਂ ਤੁਹਾਨੂੰ ਏਥੇਂ ਅਟਕਾ ਕੇ ਰੱਖਿਆ, ਤੁਹਾਨੂੰ ਸ਼ਰਨ ਦਿੱਤੀ ਅਤੇ ਮੱਦਦ ਕੀਤੀ। ਜੇ ਤੁਹਾਨੂੰ ਬੰਨੀ ਡੀਕਦੀ, ਫਟਾਫਟ ਜਾਣਾ ਹੀ ਚਾਹੀਦਾ ਐ!ਮੈਂ ਤਾਂ ਪੰਗੇ ਲੈਣ ਵਾਲ਼ੀ ਨਹੀਂ ਹਾਂ!–।

ਕਿਸਮਤ ਵੀ ਅਜੀਬ ਚੀਜ਼ ਹੁੰਦੀ ਹੈ! ਜਦ ਮੈਂ ਸਬਾਤ'ਚ ਖਲੋਕੇ ਸੋਚ ਰਹੀ ਸੀ ਤਾਂ ਕੋਈ ਗੱਲ ਇਸ ਤੋਂ ਬੁਰੀ ਨਹੀਂ ਹੋ ਸਕਦੀ, ਕਿ ਸਾਡੇ ਬੂਹੇ ਤੇ ਜੋਰ ਦੇਣੀ ਖੜਕੇ ਅਵਾਜ਼ ਆਈ! ਉਸ ਖੜਕੇ ਤੋਂ ਬਾਅਦ ਤੇਮੇ ਦੀ ਆਵਾਜ਼ ਆਈ। – ਖੋਲ੍ਹੋ ਦਰਵਾਜ਼ਾ! ਮੈਂ ਹਾਂ, ਤੇਮਾ!–। ਫਿਰ ਮਾਈ ਡਰ ਗਈ ਅਤੇ ਸਾਡੇ ਮਹਿਮਾਨਾਂ ਨੂੰ ਨਹੀਂ ਸੁੱਝਿਆ ਬਈ ਕੀ ਕਰਨ। ਮੈਂ ਡਰਦੀ ਡਰਦੀ ਕਿਸੇ ਨੂੰ ਦੱਸੇ ਸੁਣੇ ਬਿਨ੍ਹਾਂ ਬਿਨ੍ਹਾਂ ( ਪਤਾ ਨਹੀਂ ਕਿਉਂ, ਖੌਰੇ ਮੈਂ ਚਾਹੁੰਦੀ ਸੀ ਮਾਈ ਪੰਗੇ ਲੈਣੇ ਹੱਟ ਜਾਵੇ, ਸਾਡੇ ਪਰਾਹੁਣਿਆਂ ਨੂੰ ਫੜ੍ਹ ਕੇ ਸਾਡੀ ਜ਼ਿੰਦਗੀ'ਚੋਂ ਕੱਢ ਦਿੱਤਾ ਜਾਵੇ। ਕੀ ਪਤਾ!) ਬੂਹੇ ਵੱਲ ਗਈ ਅਤੇ ਖੋਲ੍ਹ ਦਿੱਤਾ। ਕਈ ਬੰਦੇ ਅੰਦਰ ਵੜ ਆਏ, ਉਨ੍ਹਾਂ ਦੇ ਮੂਹਰੇ ਤੇਮਾ ਸੀ। ਸਾਡੀ ਜ਼ਰੂਰੀ ਰੀਤ ਹੈ ਜਦ ਵੀ ਕਿਸੇ ਦੇ ਘਰ ਵੜੀਦਾ ਜੁੱਤੇ ਲਾਹੀਦੇ ਨੇ। ਪਰ ਉਨ੍ਹਾਂ ਜਾਨਵਰਾਂ ਕੋਲ਼ ਇੰਨ੍ਹੀ ਤਮੀਜ਼ ਵੀ ਨਹੀਂ ਸੀ। ਸਾਨੂੰ ਸਮਝ ਲੱਗੀ ਕਿ ਜੋ ਰਣ ਤੋਂ ਚੋਰੀ ਕੀਤਾ, ਉਸ ਮਾਲ ਦੇ ਮਗਰ ਸੀ। ਤਕੇਜ਼ੋ ਅਤੇ ਮਤਾਹਚੀ ਹਾਲੇ ਬੌਂਦਲ਼ੇ ਪਏ ਸੀ। ਸਾਡੇ ਆਲ਼ੇ ਦੁਆਲ਼ੇ ਹਰ ਚੀਜ਼ ਦਾ ਫੌਲਾ ਫਾਲੀ ਕੀਤੀ ਗਈ। ਪਲੰਘ,ਅਲਮਾਰੀ, ਟਾਟ ਹੇਠ, ਸਬਾਤ ਵਿੱਚ ਅਤੇ ਉੱਚੇ ਖਾਨਿਆ ਉੱਪਰ ਤਲਾਸ਼ੀ ਲਈ। ਓਨਾਂ ਵਕਤ ਤੇਮਾ ਸਾਡੇ ਵਿਚਾਲੇ ਬੈਠਾ ਰਿਹਾ ਸੀ ਸਭ ਕੁੱਝ ਤੇ ਨਜ਼ਰ ਰੱਖਦਾ। ਜਦ ਕੁੱਝ ਉਨ੍ਹਾਂ ਦੇ ਹੱਥ ਨਹੀਂ ਆਇਆ ਤਾਂ ਖਿੱਝ ਕੇ ਕਿਹਾ, – ਬਹੁਤ ਦੇਰ ਲੱਗ ਰਹੀ ਏ! ਕੁੱਝ ਮਾਲ ਤਾਂ ਤੁਹਾਡੇ ਕੋਲ਼ ਲਾਜ਼ਮੀ ਏਥੇਂ ਹੋਵੇਗਾ!– ਫਰਸ਼ ਤੇ ਮੁੱਕਾ ਮਾਰ ਕਿ ਅੱਗੇ ਬੋਲਿਆ– ਕਿੱਥੇਂ ਆਂ!–।

ਮਾਈ ਆਵਦੇ ਗੋਡਿਆਂ ਭਾਰ ਬੈਠ ਕੇ ਢਿੱਡ ਤੇ ਹੱਥ ਰੱਖ ਕੇ ਵਿਹਰ ਨਾਲ਼ ਬੋਲੀ, – ਸਾਨੂੰ ਨਹੀਂ ਪਤਾ ਤੂੰ ਕਿਸ ਚੀਜ਼ਾਂ ਬਾਰੇ ਬਕਦਾ, ਸਾਡੇ ਮਹਿਮਾਨ, ਸਾਡੇ ਰਿਸ਼ਤੇਦਾਰਾਂ ਦੇ ਸਾਹਮਣੇ ਇਸ ਤਰ੍ਹਾਂ ਤੀਵੀਆਂ ਨਾਲ਼ ਬੋਲਣ ਦੀ ਹਿੰਮਤ ਕਿਵੇਂ ਹੈ ਤੇਰੀ!– ਪਰ ਤੇਮੇ ਤਾਂ ਤਕੇਜ਼ੋ ਅਤੇ ਮਤਾਹਚੀ ਦੀ ਪਰਵਾਹ ਵੀ ਨਹੀਂ ਕੀਤੀ! ਨਾਲ਼ੇ ਤਕੇਜ਼ੋ ਨੇ ਤਾਂ ਮੈਨੂੰ ਦੱਸਿਆ ਸੀ ਉਹ ਤੇਮੇ ਤੋਂ ਨਹੀਂ ਡਰੇਗਾ! – ਓਏ ਓਕੋ, ਬਕਵਾਸ ਬੰਦ ਕਰ! ਕਿੱਥੇਂ ਮਾਲ ਲੁਕੋਇਆ ਤੂੰ!–।

- ਕੁੱਝ ਨਹੀਂ ਲੁਕੋਇਆ!–।

- ਕੁੱਝ ਨਹੀਂ?-

- ਕੁੱਝ ਨਹੀਂ, ਮਾਂ ਕਸਮ-।

- ਅੱਛਾ-, ਉਸਨੇ ਆਵਦੀ ਦਾੜ੍ਹੀ ਤੇ ਹੱਥ ਫੇਰਦਿਆਂ ਕਿਹਾ, - ਲੱਗਦਾ ਮੈਨੂੰ ਗਲਤ ਖ਼ਬਰ ਦਿੱਤੀ ਗਈ। ਇਹ ਬੰਦੇ ਕੌਣ ਹੈ? ਰਿਸ਼ਤੇਦਾਰ ਏ? ਅੱਛਾ! ਸਿਪਾਹੀਓ! ਚਲੋ ਬੱਸ! ਚਲੀਏ!-।

- ਸੁਣ, ਕੀ ਨਾਂ ਹੈ ਤੇਰਾ?-, ਪਹਿਲੀ ਬਾਰ ਤੇਕੇਜ਼ੋ ਬੋਲਿਆ।

- ਤੇਮਾ, ਤੇਰਾ ਨਾਂ ਕੀ ਹੈ?-

- ਤਕੇਜ਼ੋ। ਮੈਂ ਅੱਕੇਮੀ ਦਾ ਚਾਚਾ ਲੱਗਦਾ ਹੈ। ਸੋ ਤੂੰ ਮੇਰੀ ਭਾਬੀ ਨਾਲ਼ ਇਸ ਤਰ੍ਹਾਂ ਹੱਥ ਸੁੰਗੇੜਦਾ, ਸਮਝਦਾ?-। ਦੋਨੋਂ ਉੱਠਕੇ ਸਾਹਮਣੇ ਹੋਕੇ ਖੜ੍ਹ ਗਏ, ਅਤੇ ਅੱਖਾਂ'ਚ ਅੱਖਾਂ ਪਾ ਕੇ ਖਲੋਤੇ ਰਹੇ ਕਿੰਨ੍ਹਾਂ ਚਿਰ। ਹਾਰਕੇ ਤੇਮਾ ਨੇ ਆਖਿਆ, - ਦੇਖ, ਜੇ ਮੈਂ ਇਸ ਦੇ ਘਰ ਦੀ ਫੋਲਾ ਫਾਲੀ ਨਾ ਕਰਦਾ ਤਾਂ ਚੰਗਾ ਨਾ ਲੱਗਦਾ। ਕਰਨਾ ਪੈਂਦਾ। ਜੇ ਨਹੀਂ ਕਰਦਾ ਫਿਰ ਹਰ ਪਿੰਡ ਦਾ ਘਰ ਸਮਝੂਗਾ ਕੇ ਉਹ ਮੇਰੇ ਨਾਲ਼ ਟੱਕਰ ਲੈ ਸਕਦੇ ਨੇ। ਠੀਕ?-। ਤਕੇਜ਼ੋ ਨੇ ਕੋਈ ਜਵਾਬ ਨਹੀਂ ਦਿੱਤਾ। ਤੇਮੇ ਦੀਆਂ ਅੱਖਾਂ'ਚ ਝਾਕੀ ਗਿਆ। ਹੁਣ ਮਤਾਹਚੀ ਵੀ ਖੜ੍ਹ ਗਿਆ। ਦੂਜੇ ਆਦਮੀਆ ਵੱਲ ਤਾੜਦਾ ਸੀ।

-ਦੇਖ ਤਕੇਜ਼ੋ ਸਾਹਿਬ, ਤੇਰਾ ਭਰਾ ਚੋਰੀ ਦਾ ਕੰਮ ਕਰਦਾ ਸੀ। ਇਸ ਲਈ ਸ਼ੱਕ ਤਾਂ ਇਸ ਘਰ ਤੇ ਹੋ ਹੀ ਜਾਂਦਾ ਹੈ ਨਾ? ਗੁੱਸਾ ਨਾ ਕਰੀ, ਪਰ ਉਸਨੇ ਰਣ ਤੋਂ ਕਈ ਵਾਰੀ ਚੋਰੀ ਕੀਤੀ ਸੀ-।

- ਝੂਠ! ਜੇ ਇਸ ਗੱਲ'ਚ ਸੱਚ ਵੀ ਸੀ, ਸਾਰੇ ਪਿੰਡ ਨੂੰ ਪਤਾ ਤੂੰ ਉਸਦਾ ਕਾਤਲ ਹੈ ਤੇਮੇ!- ਗੁੱਸੇ ਵਿੱਚ ਓਕੋ ਥੁੱਕੀ।

- ਮੇਰੇ ਤੇ ਗਲਤ ਇਲਜ਼ਾਮ ਨਾ ਲਾ!-

-ਤਕੇਜ਼ੋ, ਇਸ ਨੇ ਤੇਰਾ ਵੀਰ ਮਾਰਿਆ..- ਓਕੋ ਨੇ ਗਰਮੀ'ਚ ਕਿਹਾ, ਪਰ ਤਕੇਜ਼ੋ ਕਿੱਥੋਂ ਮੇਰਾ ਚਾਚਾ ਸੀ? ਉਸਨੇ ਤੇਮੇ ਅਤੇ ਉਸ ਦੇ ਆਦਮੀਆਂ ਨੂੰ ਇਸ਼ਾਰਾ ਕੀਤਾ ਘਰ'ਚੋਂ ਨਿਕਲਣ ਲਈ।

- ਇਸ ਘਰ'ਚ ਮਰਦ ਕਦ ਆਏ? ਸੋ ਤੂੰ ਉਸਦਾ ਨਿੱਕਾ ਭਰਾ ਹੈ? ਇਹ ਦੂਜੇ ਨੂੰ ਕਈ ਬਾਰ ਵੇਖਿਆ ਅੱਕੇਮੀ ਨਾਲ਼ ਤੁਰਦੇ। ਇਹ ਕੌਣ ਹੈ?- ਕੋਈ ਜਵਾਬ ਨਹੀਂ ਆਇਆ। -ਅੱਛਾ। ਹੁਣ ਜਾਂਦਾ ਓਕੋ..ਪਰ ਅੱਗਲੀ ਵਾਰੀ ਤੇਰੇ ਲਈ ਕੋਈ ਨਹੀਂ ਹੋਵੇਗਾ! ਭਰਾ! ਜਾਣ ਦਿਆ ਕਰ!-। ਹੌਲੀ ਹੌਲੀ ਤੇਮਾ ਅਤੇ ਉਸ ਦੇ ਆਦਮੀ ਘਰ'ਚੋਂ ਬਾਹਰ ਨਿੱਕਲ਼ ਗਏ। ਉਨ੍ਹਾਂ ਦੇ ਪਿੱਛੋਂ ਦੋਨਾਂ ਤਕੇਜ਼ੋ ਅਤੇ ਮਤਾਹਚੀ ਗਏ ਦਰਵਾਜ਼ੇ ਤੱਕ। ਤਕੇਜ਼ੋ ਨੇ ਬੂਹੇ ਦੇ ਕੋਲ਼ ਪਿਆ ਡੰਡਾ ਚੱਕ ਲਿਆ।

- ਸੱਚ ਹੈ ਤੇਮਾ ਜੀ, ਤੂੰ ਚੋਰਾਂ ਤੋਂ ਚੋਰੀ ਕਰਕੇ ਮਾਲ਼ ਵੇਚਦਾ ਏ। ਸੱਚ ਕਿਹਾ ਨਾ ਮੈਂ?- ਮਤਾਹਚੀ ਨੇ ਟਿੱਚਰ ਕੀਤੀ। ਮੈਨੂੰ ਅੰਦਰੋਂ ਕੁੱਝ ਦਿਸਦਾ ਨਹੀਂ ਸੀ, ਪਰ ਸੁਣਦਾ ਤਾਂ ਸੀਗਾ। ਦੋਨਾਂ ਬਾਹਰ ਉਨ੍ਹਾਂ ਆਦਮੀਆਂ ਨਾਲ਼ ਲਾੜਣ ਤੁਰ ਪਏ। ਹੁੱਲੜ ਤੋਂ ਬਾਅਦ ਮੈਂ ਅਤੇ ਮਾਈ ਨੇ ਬਾਰੀ'ਚੋਂ ਬਾਹਰ ਝਾਕਿਆ। ਹਰ ਆਦਮੀ ਦੌੜ੍ਹ ਪਿਆ ਸੀ, ਪਰ ਧਰਤੀ ਤੇ ਤੇਮਾ ਪਿਆ ਸੀ, ਉਸਦੇ ਆਲ਼ੇ ਦੁਆਲ਼ੇ ਮਤਾਹਚੀ ਅਤੇ ਤਕੇਜ਼ੋ ਖੜ੍ਹੇ। ਤਕੇਜ਼ੋ ਦੇ ਹੱਥ'ਚ ਡੰਡਾ ਸੀ, ਲਾਲ ਲਾਲ ਹੋਇਆ। ਹਨੇਰੇ'ਚ ਸਾਫ਼ ਨਹੀਂ ਦਿਸਦਾ, ਪਰ ਪੱਕੀ ਗੱਲ ਸੀ ਮੇਰੇ ਬਾਪੂ ਜੇ ਦੇ ਕਾਤਲ ਨੂੰ ਮਾਰ ਦਿੱਤਾ ਸੀ ਉਸ ਦੇ ਸਿਰ ਵਿੱਚ ਡੰਡੇ ਮਾਰ ਮਾਰਕੇ! ਤੇਮਾ ਇਸ ਦੁਨੀਆ ਵਿੱਚ ਨਹੀਂ ਰਿਹਾ! ਮੈਂ ਤਾਂ ਮਤਾਹਚੀ ਅਤੇ ਤਕੇਜ਼ੋ ਤੋਂ ਡਰ ਗਈ, ਪਰ ਮਾਈ ਤਾਂ ਹੱਸਣ ਲੱਗ ਪਈ! ਪਰ ਫਿਰ ਹੁਆਂ ਹੁਆਂ ਕਰਨ ਲੱਗ ਪਈ। ਜਦ ਦੋਨੋਂ ਵੀਰ ਅੰਦਰ ਵਾਪਸ ਵੜੇ ਉਨ੍ਹਾਂ ਨੇ ਆਖਿਆ ਕੀ ਗੱਲ ਹੈ। ਮੈਂ ਦੱਸਿਆ ਮੈਂ ਖ਼ੁਸ਼ ਤਾਂ ਹੈ ਤੇਮਾ ਖ਼ਤਮ ਹੋ ਗਿਆ ਪਰ ਮਾਈ ਤਾਂ ਡਿੱਗ ਗਈ। ਜਦ ਮਤਾਹਚੀ ਨੇ ਮਾਈ ਨੂੰ ਆਖਿਆ ਡਰਦੀ ਕਿਉਂ, ਉਸਨੇ ਜਵਾਬ ਦਿੱਤਾ- ਤੇਮੇ ਦੇ ਸੌ ਸੌ ਚੇਲੇ ਨੇ!-।

- ਕੋਈ ਗੱਲ ਨਹੀਂ ਅਸੀਂ ਇੰਨ੍ਹਾਂ ਖੁਸਰਿਆਂ ਚੋਰਾਂ ਤੋਂ ਨਹੀਂ ਡਰਦੇ!- ਮਤਾਹਚੀ ਨੇ ਜਵਾਬ ਦਿੱਤਾ।

- ਸਮਝੋਂ! ਤੇਮੇ ਦਾ ਛੋਟਾ ਭਰਾ ਹੈ, ਕੋਹੇ! ਉਸਦੇ ਮਕਾਬਲੇ'ਚ ਤੁਸੀਂ ਕੁੱਝ ਨਹੀਂ! ਵੱਡਾ ਸਮੁਰਾਈ ਹੈ! ਸਾਹਮਣਾ ਕਰਨ ਵਾਲ਼ਾ ਨਹੀਂ ਹੈ। ਪਿੱਠ ਪਿੱਛੇ ਤਲਵਾਰ ਨਾਲ਼ ਕੱਟਣ ਵਾਲ਼ਾ ਹੈ! ਅੱਜ ਤੱਕ ਜਿਸ ਦੇ ਨਾਲ਼ ਵੀ ਉਸਨੇ ਮੁਕਾਬਲਾ ਕੀਤਾ

ਉਹ ਮਰ ਗਿਆ!-। ਫਿਰ ਮਾਈ ਨੇ ਤਕੋਜ਼ੋ ਵੱਲ ਦੇਖ ਕੇ ਕਿਹਾ, - ਤੁਸੀਂ ਤਾਂ ਆਵਦੇ ਪਿੰਡ ਵਾਪਸ ਜਾ ਰਹੇ ਹੋ। ਪਰ ਸਾਨੂੰ ਤਾਂ ਇਹ ਘਰ ਛੱਡਣਾ ਹੀ ਪੈਣਾ! ਨਾਲ਼ ਲੈ ਕੇ ਜਾਓ!-।

- ਸੋਚ ਲੈਂਦੇ ਸਾਨੂੰ। ਤੂੰ ਹੋਰ ਚਾਹੁੰਦੀ ਵੀ ਕੀ ਸੀ? ਜਦ ਸਾਡੇ ਸਾਹਮਣੇ ਕੋਈ ਮਰਦ ਨਾਰੀ ਨੂੰ ਹੱਥ ਲਾਉਂਦਾ ਤਾਂ ਅਸੀਂ ਉਸਦੇ ਟੁਕੜੇ ਟੁਕੜੇ ਕਰ ਦਿੰਦੇ ਹਾਂ-, ਤਕੇਜ਼ੋ ਨੇ ਕਿਹਾ।

ਦੋਨੋਂ ਚੁੱਪ ਚਾਪ ਲੱਕੜਖਾਨੇ ਵੱਲ ਤੁਰ ਪਏ। ਤੇਮੇ ਦੀ ਲਾਸ਼ ਹਾਲੇ ਵੀ ਦਰਾਂ'ਚ ਪਈ ਸੀ! ਮੈਂ ਵੀ ਸੋਚਣ ਲੱਗ ਪਈ ਕਿ ਮਾਈ ਦੀ ਗੱਲ ਸਹੀ ਹੈ। ਅਸੀਂ ਹੁਣ ਕਿਵੇਂ ਕੱਲੀਆਂ ਰਹਿ ਸਕਦੀਆਂ ਹਾਂ? ਤੇਮੇ ਤੋਂ ਜ਼ਿਆਦਾ ਡਰ ਤਾਂ ਕੋਹੇ ਤੋਂ ਲੱਗਦਾ ਹੈ! ਉਨ੍ਹਾਂ ਦੋਵੇਂ ਮਰਦਾਂ ਨੇ ਤਾਂ ਆਵਦੇ ਪਿੰਡ ਵਾਪਸ ਚਲੇ ਜਾਣਾ ਏ!

ਹੁਣ ਕੀ ਹੋਵੇਗਾ ਸਾਡਾ!

# ਮੰਤਰੀ

## ੧੯੦੨



ਗਿਫੂਜੋਗੜ੍ਹ ਦੇ ਆਲ਼ੇ ਦੁਆਲ਼ੇ, ਹਰ ਇਮਾਰਤ ਦੇ ਉੱਪਰ, ਹਰ ਸੜਕ ਦੇ ਉੱਤੇ ਤੁਖਾਰ ਦੀ ਚਾਦਰ ਵਿਛੀ ਹੋਈ ਹੈ। ਹਰ ਪਾਸੇ ਹਿਮ ਦਾ ਰੇਗਿਸਤਾਨ ਜਾਪਦਾ ਸੀ। ਸ਼ਹਿਰ ਸਫ਼ੈਦ ਸੀ, ਉਸਦੇ ਬਾਹਰ ਖੇਤ ਵੀ, ਝਿੜੀਆਂ ਵੀ, ਰਣ ਵੀ। ਸਫ਼ੈਦ ਸੀ, ਪਰ ਇਸ ਚਿੱਟੇ ਦ੍ਰਿਸ਼ ਤੇ ਸਾਰੇ ਪਾਸੇ ਲਾਲ ਲਾਲ ਲਹੂ ਦੇ ਛਿੱਟੇ ਸਨ। ਰਣ'ਚ ਮੇਰੇ ਮਾਲਿਕ ਅਤੇ ਦੁਸ਼ਮਣ ਦੀਆਂ ਫੌਜਾਂ ਲੜ ਲੜ ਕੇ ਅੱਕ ਗਈਆਂ ਨੇ। ਪਰ ਜਿੰਨ੍ਹਾਂ ਚਿਰ ਕੋਈ ਜਿੱਤਦਾ ਨਹੀਂ, ਲੜਾਈ ਹੱਟਣੀ ਨਹੀਂ। ਮੈਂ ਆਵਦੀ ਘੋੜੀ ਤੇ ਬੈਠ ਕੇ ਦੂਰੋਂ ਲੜਾਈ ਤੇ ਨਜ਼ਰ ਟਿੱਕਾਕੇ ਦੇਖਦਾ ਸੀ। ਮੈਂ ਅਤੇ ਮੇਰਾ ਖੋਜੀ ਇੱਕ ਰੋਨਿਨ ਨਾਲ਼ ਗਿਫੂਜੋਗੜ੍ਹ ਮਹੀਨਾ ਪਹਿਲਾਂ ਵੜੇ ਸਨ। ਉਸ ਰੋਨਿਨ ਨੇ ਉਸੇ ਹੀ ਦਿਨ ਬੰਦੇ ਵੱਢ ਦਿੱਤੇ ਸੀ। ਮੈਂ ਉਸਦੀ ਮਦਦ'ਚ ਸ਼ੋਗਣ ਨਾਲ਼ ਗੱਲ ਕੀਤੀ ਸੀ। ਮੈਨੂੰ ਮੰਤਰੀ ਬਣਾਇਆ ਗਿਆ ਸੀ। ਉਹ ਰੋਨਿਨ ਖ਼ੂਹਣੀ ਵਾਂਗਰ ਖ਼ੁਦ ਲ਼ੜਦਾ ਸੀ। ਉਸਨੂੰ ਮੇਰੀ ਸੈਨੇ'ਚ ਦਾਖਲ ਕਰ ਦਿੱਤਾ ਸੀ। ਮੈਂ ਗੇਂਚਿਨ ਸੂਜ਼ੂਕੀ ਹਾਂ, ਹੁਣ ਗਿਫੂਜੋਗੜ੍ਹ ਦਾ ਖਾਸ ਮੰਤਰੀ ਅਤੇ ਮੁਸਾਸ਼ੀ ਦਾ ਜਥੇਦਾਰ। ਮੁਸਾਸ਼ੀ ਨੂੰ ਇਹ ਗੱਲ ਬਹੁਤੀ ਚੰਗੀ ਨਹੀਂ ਲੱਗੀ ਪਰ ਓਹ ਲੜਣਾ ਚਾਹੁੰਦਾ ਸੀ ਅਤੇ ਮੈਂ ਉਸਦੀ ਹਿਰਾਸਤ ਰੋਕ ਦਿੱਤੀ ਸੀ। ਇਸ ਲਈ ਉਸਨੇ ਚੁੱਪ ਚਾਪ ਹੋ ਕੇ ਮੇਰੀ ਸਿਪਾਹ ਸਲਾਰੀ ਹੇਠ ਲੜਾਣ ਲੱਗ ਪਿਆ ਸੀ। ਢੀਠ ਆਦਮੀ ਸੀ, ਉਂਝ ਓਹ। ਬਾਗ਼ੀ ਆਦਤ ਸੀ ਉਸਦੀ। ਆਦੇਸ਼ ਦੇ ਖਿਲਾਫ਼ ਜਾ ਕੇ ਖ਼ਤਰੇ ਨਾਲ਼ ਖੇਲਦਾ ਸੀ। ਪਰ ਲੋਕੀ ਉਸ ਤੋਂ ਡਰਦੇ ਸੀ ਅਤੇ ਹਰ ਵਾਰ ਮੇਰੀ ਫੌਜ ਜਿੱਤ ਜਾਂਦੀ ਸੀ। ਇਸ ਲਈ ਮੈਂ ਉਸ ਨੂੰ ਬਹੁਤਾ ਡਾਂਟਦਾ ਨਹੀਂ ਸੀ।

ਹੁਣ ਮੈਂ ਇੱਕ ਟਿੱਲੇ ਤੇ ਹਾਂ ਆਵਦੀ ਘੋੜੀ ਤੇ, ਦੋ ਕਿਲ੍ਹੇਦਾਰਾਂ ਨਾਲ਼; ਅਸੀਂ ਰਣ ਤੇ ਘਮਸਾਨ ਵੱਲ ਝਾਕਦੇ, ਹਿਮ ਦੇ ਦ੍ਰਿਸ਼ ਤੇ ਲੜਾਈ ਦੇ ਤਮਾਸ਼ੇ ਤੇ ਧਿਆਨ ਮਾਰਦੇ। ਸਾਡੇ ਪਾਸੇ, ਟਿੱਲੇ ਦੇ ਪੈਰਾਂ ਵੱਲ ਸਾਡੇ ਆਦਮੀ ਸਫ਼ ਬੰਦੀਆਂ'ਚ ਖੜ੍ਹੇ ਨੇ। ਪਿਆਦਾ ਫ਼ੌਜ ਮੂਹਰੇ, ਉਨ੍ਹਾਂ ਦੇ ਪਿੱਛੇ ਧਣਖਧਾਰੀਏ। ਸਾਡੇ ਘੋੜਸਵਾਰ ਫ਼ੌਜੀ ਸਾਡੇ ਪਿੱਛੇ ਟਿੱਲੇ ਥੱਲੇ ਲੁਕੇ ਸੀ। ਜੇ ਪੈਦਲ ਫ਼ੌਜ ਕਾਮਯਾਬ ਨਹੀਂ ਹੋਈ ਫਿਰ ਹੀ ਇੰਨ੍ਹਾਂ ਨੇ ਜਾਣਾ ਹੈ ਰਣ ਵਿੱਚ। ਇਸ ਵੇਲੇ ਕੱਲੇ ਪੈਦਲ ਸਮੁਰਾਈ ਹੀ ਰਣ'ਚ ਲੜ ਰਹੇ ਸੀ। ਉਨ੍ਹਾਂ ਦੇ ਸਿਰਾਂ ਉੱਪਰ ਤੀਰਾਂ ਦੀ ਛਹਿਬਰ ਲੱਗੀ ਸੀ। ਵੈਰੀ ਦਾ ਗਠਨ ਸਾਡੇ ਵਰਗਾ ਹੀ ਸੀ। ਚਿੱਟੇ ਮੈਦਾਨ ਤੇ ਡਿੱਗੇ ਬੰਦੇ ਕਾਲੀਆਂ ਲੀਕਾਂ ਵਾਂਗ ਸਨ, ਉਨ੍ਹਾਂ ਦੇ ਆਸ ਪਾਸ ਲਾਲ ਲਾਲ ਰੰਗ। ਮੇਰੀ ਅੱਖ ਤਾਂ ਕੇਵਲ ਇੱਕ ਬੰਦੇ ਵੱਲ ਟਿੱਕੀ। ਬਸ ਮੁਸਾਸ਼ੀ ਉੱਤੇ ਠਹਿਰੀ ਸੀ।ਹਵਾਈ ਚੱਕੀ ਵਾਂਗ ਉਸਦੀਆਂ ਬਾਹਾਂ ਹਿਲਦੀਆਂ ਸਨ। ਕਿਸੇ ਦਾ ਸੀਸ, ਕਿਸੇ ਦਾ ਹੱਥ, ਕਿਸੇ ਦੀ ਨਾੜ ਕੱਟੀ ਰਿਹਾ ਸੀ, ਜਿਵੇਂ ਘਿਓ ਵਿੱਚ ਛਰੀ ਘੁੰਮਾਓਂਦਾ ਹੋਵੇ। ਇਸ ਤਰ੍ਹਾਂ ਸਾਰੇ ਪਾਸੇ ਯੋਧੇ ਲੜ ਕੇ ਡਿੱਗ ਰਹੇ ਸੀ। ਕੱਤਾਨੇ ਆਵਦਾ ਉਦੇਸ਼ ਪੂਰਾ ਕਰ ਰਹੇ ਸੀ। ਮੇਰਾ ਚਾਲ ਕੰਮ ਕਰ ਰਿਹਾ ਸੀ। ਹੁਣ ਮੈਂ ਧਣਖਧਾਰੀਆਂ ਨੂੰ ਇਸ਼ਾਰਾ ਕੀਤਾ ਰੁਕ ਜੋ! ਅਰਸ਼ ਕਾਲਾ ਸੀ ਤੀਰਾਂ ਨਾਲ਼, ਪਰ ਹੁਣ ਇੱਕ ਦਮ ਨੀਲਾ ਰੰਗ ਦਿਸਦਾ ਸੀ। ਮੈਂ ਸਾਡੇ ਘੋੜਸਵਾਰ ਭੇਜ ਦਿੱਤੇ ਵੈਰੀ ਦੇ ਸੁਮਰਾਈਆਂ ਨੂੰ ਕੋਹ ਕਰਨ। ਇਸ ਦ੍ਰਿਸ਼ ਵਿੱਚ ਮੁਸਾਸ਼ੀ ਅੱਗੇ ਵੱਧਕੇ ਦੁਸ਼ਮਣ ਨੂੰ ਮਾਰੀ ਗਿਆ ਸੀ।

ਮੁਸਾਸ਼ੀ ਨੂੰ ਜਿਵੇਂ ਮਹਿਸੂਸ ਨਹੀਂ ਹੋਇਆ ਕਿ ਉਸਦੇ ਆਲ਼ੇ ਦੁਆਲ਼ੇ ਸਾਡੇ ਘੋੜਸਵਾਰ ਦੁਸ਼ਮਣ ਦੀ ਪਲ਼ਟਣ ਨੂੰ ਕੱਟਦੇ ਵੱਢਦੇ ਨੇ, ਉਹ ਦੋਹਾਂ ਬਾਹਾਂ ਨਾਲ਼ ਤਲਵਾਰਾਂ ਚਲਾ ਕੇ ਅੱਗੇ ਵਧੀ ਗਿਆ, ਹੁਣ ਕਿਸੇ ਦਾ ਸੀਸ ਹਿਮ ਤੇ ਡਿੱਗਦਾ, ਕਿਸੇ ਦੀ ਬਾਂਹ। ਇੰਝ ਮੁਸਾਸ਼ੀ ਦੁਸ਼ਮਣ ਦੇ ਪਾਸੇ, ਮੋਰਚੇ ਵੱਲ ਪਹੁੰਚ ਗਿਆ ਜਿੱਥੋਂ ਉਸਨੂੰ ਮਹਿਸੂਸ ਹੋਇਆ ਅਸੀਂ ਜਿੱਤ ਰਹੇ ਹਾਂ ਤੇ ਉਸਨੇ ਕੱਚੀ ਕੰਧ ਵਿੱਚ ਕੱਤਾਨਾ ਹੁੰਝ ਮਾਰੀ। ਕੱਤਾਨਾ ਕੰਧ'ਚ ਇੰਝ ਖਲੋ ਗਿਆ ਜਿਵੇਂ ਵਿਜੇ ਦੀ ਝੰਡੀ ਗੱਡੀ ਹੁੰਦੀ ਸੀ। ਫਿਰ ਉਹ ਕਦਰਤੀ ਉੱਪਰ ਝਾਕਿਆ, ਮੁੱਖ ਲਹੂ ਨਾਲ਼ ਲਿਬੜਿਆ, ਫਿਰ ਜਿੱਦਾਂ ਮੇਰੇ ਵੱਲ ਵਾਪਸ ਦੇਖ ਕੇ ਕਹਿੰਦਾ ਹੋਵੇ, - ਦੇਖ ਲਿਆ ਸੂਜ਼ੂਕੀਆ! ਮੈਂ ਸਾਰਿਆਂ ਤੋਂ ਜ਼ਬਰਦਸਤ ਲਸ਼ਕਰੀ ਹਾਂ!-।

ਮੈਂ ਆਵਦੀ ਘੋੜੀ ਦੀ ਲਗਾਮ ਖਿੱਚ ਕੇ ਉਸਦਾ ਸਿਰ ਸੱਜੇ ਪਾਸੇ ਕਰ ਕੇ ਉਸ ਔਧਰ ਵੱਲ ਲੈ ਕੇ ਗਿਆ, ਮਗਰੇ ਦੂਜੇ ਵੀ ਤੁਰ ਪਏ ਸੀ। ਇਹ ਮਿਯਾਮੋਤੋ ਮੁਸਾਸ਼ੀ ਸੱਚ ਮੁੱਚ ਖੱਬੀ ਖਾਨ ਸੀ। ਹੁਣ ਆਪਣੇ ਆਪ ਨੂੰ ਆਖ ਰਿਹਾ ਸੀ, ਕਿਉਂ ਮੈਂ ਉਸ ਨੂੰ ਮੇਰੇ ਨਾਲ਼ ਇੱਥੋਂ ਲਿਆਂਦਾ ਸੀ? ਜਦ ਤੱਕ ਅਸੀਂ ਤਿੰਨ ਹੀ ਰਣ'ਚ ਪੁੱਜੇ, ਸਾਡੀ ਫ਼ੌਜ ਬਚੇ ਜਿਊਂਦੇ ਦੁਸ਼ਮਣਾਂ ਦੇ ਸਿਰ ਕੱਟ ਦੇ ਸੀ। ਜਿੰਨ੍ਹਾਂ ਦੇ ਸੀਸਾਂ ਨੂੰ ਜਿਸਮਾਂ ਤੋਂ ਅੱਡ ਨਹੀਂ ਕਰਦੇ ਸੀ, ਉਹ ਖ਼ੁਦ ਸੇੱਪੂਕੂ ਕਰ ਰਹੇ ਸੀ। ਆਵਦੇ ਹੀ ਪੇਟਾਂ ਦੇ ਖਾਸ ਹਿੱਸੇ ਵਿੱਚ ਤੈਂਤੋ ( ਨਿੱਕੀ ਤਲਵਾਰ) ਖੋਭ ਕੇ ਇੱਕ ਪਾਸੇ ਤੋਂ ਦੂਜੇ ਪਾਸੇ ਬਲੈਡ ਗਾਹੁਕੇ ਖੁਦਕੁਸ਼ੀਆਂ ਕਰਦੇ ਸਨ, ਕਿਉਂਕਿ ਹਾਰਕੇ ਜਾਣਾ ਉਨ੍ਹਾਂ ਦੇ ਸਾਮੰਤ ਦੇ ਨਾਂ ਤੇ ਦਾਗ਼ ਸੀ।

ਸੇੱਪੂਕੂ ਸਾਡੀ ਜਾਤ ਲਈ ਜ਼ਰੂਰੀ ਹੈ, ਜਦ ਕੋਈ ਇੱਜ਼ਤ ਦਾ ਸਵਾਲ ਹੋਵੇ। ਜਦ ਸਾਡਾ ਸਾਮੰਤ ਮਰ ਜਾਂਦਾ ਜਾਂ ਹਾਰ ਜਾਂਦਾ, ਸਾਨੂੰ ਉਸ ਨਾਲ਼ ਮਰਨਾ ਪੈਂਦਾ ਹੈ, ਕਿਉਂਕਿ ਇੱਜ਼ਤ ਦੇ ਤੌਰ ਤੇ ਅਸੀਂ ਹਾਰੇ ਹੋਏ ਜਿਉਂਦੇ ਨਹੀਂ ਰਹਿ ਸਕਦੇ। ਜੇ ਕਿਸੇ ਨੇ ਸਾਮੰਤ ਨੂੰ ਮਾਰ ਦਿੱਤਾ ਹੋਵੇ ਤਾਂ ਸਾਮੰਤ ਦਾ ਬਦਲਾ ਲੈ ਕੇ ਸੇੱਪੂਕੂ ਕਰਨਾ ਪੈਂਦਾ ਹੈ, ਮਤਲਬ ਖੁਦਕੁਸ਼ੀ। ਜੇ ਸਮੁਰਾਈ ਲੜਣ ਤੋਂ ਕਦੇ ਡਰ ਗਿਆ, ਜਾਂ ਮੁਕਾਬਲੇ ਤੋਂ ਮੁੱਕਰ ਗਿਆ ਉਸਨੂੰ ਆਵਦੀ ਜਾਣ ਦੇਣੀ ਪੈਣੀ ਹੈ!

ਸੇੱਪੂਕੂ ਬੁਸ਼ੀਦੋ ਦੀ ਰਸਮ ਹੈ। ਸਮੁਰਾਈ ਇਸ ਨੂੰ ਦੁਸ਼ਮਣ ਦੇ ਹੱਥਾਂ'ਚ ਕੈਦ ਹੋਣ ਤੋਂ ਚੰਗਾ ਨਤੀਜਾ ਸਮਝਦੇ ਨੇ। ਜੇ ਕਿਸੇ ਸਮੁਰਾਈ ਨੇ ਪਾਪ ਕੀਤਾ ਜਾਂ ਕੋਈ ਹੋਰ ਦੋਸ਼ ਹੋਵੇ, ਉਸਨੂੰ ਆਵਦੇ ਟੱਬਰ ਦੀ ਇੱਜ਼ਤ ਰੱਖਣ ਲਈ ਸੇੱਪੂਕੂ ਕਰਨਾ ਪੈਂਦਾ ਹੀ ਹੈ। ਜਾਂ ਜੇ ਕਿਸੇ ਸਮੁਰਾਈ ਨੇ ਸ਼ਰਮ ਜਾਂ ਕੰਡਿਆਂ ਤੇ ਘਸੀਟਣਾ ਦੀ ਕੋਈ ਗੱਲ ਕੀਤੀ, ਉਸਨੂੰ ਇੰਝ ਹੀ ਤੈਂਤੋ ਨਾਲ਼ ਆਵਦਾ ਪੇਟ ਪਾੜਣਾ ਪੈਂਦਾ ਹੈ। ਖੱਬੇ ਤੋਂ ਸੱਜੇ ਪਾਸੇ ਪੇਟ ਨੂੰ ਚੀਰਿਆ ਜਾਣਾ ਚਾਹੀਦਾ ਹੈ। ਆਮ ਲੋਕ ਇਸ ਰੀਤ ਨੂੰ ਕਦੀ ਕਦੀ ਹਾਰਾਕੀਰੀ ਆਖਦੇ ਨੇ। ਇਸ ਦਾ ਮਤਲਬ ਹੈ ਪੇਟ ਕੱਟਣਾ। ਪਰ ਸਾਡੀ ਜਾਤ ਲਈ ਇਹ ਲਫ਼ਜ਼ ਨੀਚਾ ਹੈ।

ਸੇੱਪੂਕੂ ਕਰਨ ਤੋਂ ਬਾਅਦ ਆਮ ਗੱਲ ਸੀ ਆਵਦੀ ਗਰਦਨ ਨੂੰ ਲੰਬੀ ਕਰਕੇ ਨਾਲ਼ ਖੜ੍ਹੇ ਗਵਾਹ ਨੂੰ ਅਹੂਤੀ ਦੇਣੀ। ਉਸਨੇ ਫਿਰ ਤੁਹਾਡੀ ਧੋਣ ਕੱਟ ਕੇ ਸਿਰ ਲਾਹ ਦੇਣਾ। ਸਾਡੇ ਰਿਵਾਜ ਅਨੁਸਾਰ! ਜਾਤ ਦੀ ਇੱਜ਼ਤ ਹਮੇਸ਼ਾਂ ਜੀਵਨ ਤੋਂ ਪਹਿਲਾਂ ਆਉਂਦੀ ਹੈ! ਫਿਰ ਵੀ ਉਹ ਆਪ ਨਹੀਂ ਕਰ ਸਕਦੇ ਸੀ। ਆਗਿਆ ਹੀ ਮੰਗ ਕੇ ਕਰ ਸਕਦੇ ਸੀ। ਆਮ ਸਿਪਾਹੀਆਂ ਨੂੰ ਕੋਈ ਲੋੜ ਨਹੀਂ ਸੀ ਇੱਦਾਂ ਕਰਨ ਦੀ ਨਾਕੇ ਉਨ੍ਹਾਂ ਨੂੰ ਆਖਿਆ ਜਾਂਦਾ ਸੀ ਸੇੱਪੂਕੂ ਕਰੋਂ। ਜਦ ਲੜਾਈ ਰਣ ਉੱਤੇ ਜਿੱਤੀ ਜਾਂਦੀ ਸੀ, ਮੇਰੇ ਵਰਗਾ ਜਦ ਅਮਨ ਦਾ ਸਮਝੌਤਾ ਜਾਂ ਅਹਿਦਨਾਮਾ ਬਣਾਇਆ ਜਾਂਦਾ ਸੀ; ਜਿਹੜੀ ਫ਼ੌਜ ਹਾਰ ਗਈ ਸੀ ਉਨ੍ਹਾਂ ਨੂੰ ਡੈਮਯੋ ਨਾਮਜ਼ਦ ਕਰਨਾ ਪੈਂਦਾ ਸੀ ਸੇੱਪੂਕੂ ਕਰਨ ਲਈ। ਕਿਉਂਕਿ ਭਾਂਜ ਖਾਨ ਵਾਲ਼ੇ ਦਾ ਆਦਮੀ ਸੀ, ਖਾਸ ਸ਼ੋਗਣ ਦਾ ਸੈਨਾਪਤੀ, ਉਸਦੀ ਖੁਦਕੁਸ਼ੀ ਨਾਲ਼ ਦੁਨੀਆ ਨੂੰ ਪਤਾ ਲਗ ਜਾਂਦਾ ਸੀ ਕਿ ਜਿੱਤਨ ਵਾਲ਼ੀ ਫ਼ੌਜ ਤੋਂ ਹਾਰਨ ਵਾਲ਼ੀ ਫ਼ੌਜ ਨੀਵੀ ਸੀ। ਇਹ ਵੀ ਰਸਮ ਸੀ।ਗਿਫੂਜੋਗੜ੍ਹ ਦਾ ਡੈਮਯੋ ਮੈਂ ਸੀ। ਪਰ ਸਾਡਾ ਪਾਸਾ ਤਾਂ ਜਿੱਤ ਗਿਆ ਸੀ! ਮੇਰੀ ਮਰਜ਼ੀ ਸੀ ਜੇ ਮੈਂ ਉਨ੍ਹਾਂ ਦੇ ਮੰਤਰੀ ਨਾਲ਼ ਇੰਝ ਕਰਨਾ ਚਾਹੁੰਦਾ ਤਾਂ।

ਆਮ ਸਮੁਰਾਈਆਂ ਨੇ ਤਾਂ ਸੇੱਪੂਕੂ ਰਣ'ਚ ਹੀ ਕਰਨਾ ਸੀ ਅਤੇ ਸਾਡੇ ਸਾਹਮਣੇ ਕਰ ਰਹੇ ਸੀ। ਪਰ ਉਨ੍ਹਾਂ ਦੇ ਵੱਡੇ ਸਰਦਾਰਾਂ ਨਾਲ਼ ਇੱਵੇਂ ਨਹੀਂ ਕਰਨਾ ਸੀ। ਪਹਿਲਾ ਤਾਂ ਰਿਵਾਜ ਹੈ ਕਿ ਉਨ੍ਹਾਂ ਨੂੰ ਇਸ਼ਨਾਨ ਕਰਨ ਦੇਣਾ। ਫਿਰ ਚਿੱਟੇ ਸਿਰੋਪਾ ਪਾਉਣ ਤੋਂ ਬਾਅਦ ਉਨ੍ਹਾਂ ਨੂੰ ਆਵਦਾ ਸਭ ਤੋਂ ਜ਼ਿਆਦਾ ਪਸੰਦ ਵਾਲ਼ਾ ਅੰਨ ਪਾਣੀ ਖਾਣ ਦੇਣਾ। ਫਿਰ ਉਸਦੀ ਤਲਵਾਰ ਉਸਦੀ ਥਾਲ਼ੀ'ਚ ਰੱਖ ਦਿੱਤੀ ਜਾਂਦੀ ਹੈ; ਜਿਸ ਨਾਲ਼ ਉਸਨੇ ਸੇੱਪੂਕੂ ਕਰਨਾ ਹੈ। ਪਰ ਪਹਿਲਾਂ ਰੀਤ ਦੇ ਹਿਸਾਬ ਨਾਲ਼ ਉਸਨੂੰ ਕਜ਼ਾ ਵਾਲ਼ੀ ਗਜ਼ਲ ਲਿਖਣੀ ਪੈਂਦੀ ਏ। ਮੈਂ ਫੈਸਲਾ ਕਰ ਲਿਆ ਕਿ ਅਮਨ ਦੀ ਸੰਧੀ ਲਈ ਇੱਕ ਲਾਜ਼ਮੀ ਸ਼ਰਤ ਹੋਣੀ ਚਾਹੀਦੀ ਹੈ। ਮੈਂ ਵੀ ਉਨ੍ਹਾਂ ਦੇ ਡੈਮਯੋ ਦੀ ਸੇੱਪੂਕੂ ਮੰਗੂਗਾ।

ਪੰਜ ਦਿਨ ਠਹਿਰ ਕੇ ਮੈਂ ਗਿਫੂਜੋਗੜ੍ਹ ਦੀ ਮਹਿਸ਼ੂਸ ਛੱਲਾ ਕੋਠੀ ਵਿੱਚ ਆਵਦੀ ਮਨ ਪਸੰਦ ਗੇਸ਼ਾ ਨਾਲ਼ ਪਿਆ ਹਾਂ ਉਸਦੀ ਸੇਜ'ਤੇ। ਉਸਦੇ ਜਿਸਮ ਦਾ ਮੂਹਰਲਾ ਪਾਸਾ ਧਰਤੀ ਵੱਲ ਨੂੰ ਹੈ ਅਤੇ ਮੇਰੀ ਨਜ਼ਰ ਤੋਂ ਓਲ੍ਹੇ ਹੈ। ਉਸਦੀ ਪਿੱਠ ਨੰਗੀ ਸੀ। ਮੈਂ ਅੰਨਦ'ਚ ਤੱਕਲ਼ੇ ਨਾਲ਼ ਉਸਦੀ ਪਿੱਠ ਤੇ ਹਾਇਕੂ ਲਿਖ ਰਿਹਾ ਹਾਂ। ਕੁੜੀ ਹਸਦੀ ਏ, ਕਿਉਂਕਿ ਤੱਕਲ਼ੇ ਦੀ ਚੁੰਝ ਕੁਤਕੁਤਾੜੀਆਂ ਪੈਦਾ ਕਰਦੀ ਏ। ਕੁੜੀ ਦੇ ਮੁੱਖ ਤੇ ਚਿੱਟਾ ਚਿੱਟਾ ਰੰਗ ਲਾਇਆ ਹੋਇਆ ਏ। ਉਸਦੇ ਵਾਲ਼ ਸਿਰ ਦੇ ਉੱਪਰ ਜੂੜੇ'ਚ ਬੰਨ੍ਹੇ ਨੇ। ਸਮੁਰਾਈ ਲਈ ਆਮ ਗੱਲ ਸੀ ਘਰਵਾਲੀ ( ਭਲਾਂ ਵਿਆਹਾ ਵੀ ਹੋਵੇ) ਅਤੇ ਨਾਲ਼ੇ ਨਾਲ਼ ਬਾਹਰਵਾਲ਼ੀ ਰੱਖਣ ਦੀ। ਆਮ ਬਾਹਰਵਾਲ਼ੀ ਗੇਸ਼ਾ ਹੁੰਦੀ ਹੈ। ਹਰ ਸਮੁਰਾਈ ਨੂੰ ਲੜਣਾ ਆਉਂਦਾ ਹੈ, ਛੰਦਕਾਰੀ ਆਉਂਦੀ ਏ ਅਤੇ ਜ਼ਨਾਨੀਆਂ ਨਾਲ਼...ਮੈਨੂੰ ਹੋਰ ਜ਼ਿਆਦਾ ਕਹਿਣ ਦੀ ਲੋੜ ਵੀ ਕੀ ਹੈ? ਕੁੜੀਆਂ ਨੂੰ ਕੌਣ ਆਖਦਾ? ਸਾਡੇ ਸਮਾਜ ਵਿੱਚ ਤਾਂ ਜ਼ਨਾਨੀ ਦਾ ਮੁੱਲ ਕੀ ਹੈ? ਬੱਸ, ਮਾਂ ਬਣਕੇ ਬੱਚੇ ਪੈਦਾ ਕਰ। ਧੀ ਬਣਕੇ ਕਿਸੇ ਚੰਗੇ ਘਰ ਨਾਲ਼ ਜੋੜੀ ਬਣਾਉਣਾ ਭੈਣ ਬਣਕੇ ਜੋ ਭਰਾ ਕਹਿੰਦਾ ਕਰਨਾ।ਦੁਲਹਨ ਬਣ ਕੇ ਵਰ ਦੀ ਖੇਲ ਅਤੇ ਘਰ ਦੀ ਇੱਜ਼ਤ ਦਾ ਨਿਸ਼ਾਨਾ ਬਣਨਾ। ਗੇਸ਼ਾ ਬਣ ਕੇ ਮਰਦ ਨੂੰ ਖ਼ੁਸ਼ ਰੱਖਣਾ। ਵੈਸੇ ਹੋਰ ਮੈਨੂੰ ਕੀ ਚਾਹੀਦਾ? ਇਸ ਤੋਂ ਇਲਾਵਾ ਬੰਦਾ ਕੁੱਝ ਨਹੀਂ ਚਾਹੁੰਦਾ ਤੀਵੀ ਤੋਂ। ਸਾਡੇ ਲਈ ਤਾਂ ਖੇਡ ਹੈ। ਕੱਤਾਨੇ ਕੋਲ਼ ਜ਼ਿਆਦਾ ਹੱਕ ਨੇ। ਕਿਉਂ ਨਹੀਂ? ਜੇ ਕਦੀ ਰੰਨ ਨੂੰ ਬਰਾਬਰੀ ਦੇ ਦਿੱਤੀ ਤਾਂ ਆਦਮੀ ਦਾ ਕੀ ਹੋਵੇਗਾ? ਸਾਡੇ ਤਾਂ ਹਜ਼ਾਰ ਹਜ਼ਾਰ ਖੋਖਲ਼ੇਪਣ ਨੇ! ਫਿਰ ਵੀ ਵੱਡੇ ਘਰਾਂ'ਚ ਸਮੁਰਾਈ ਦੀਆਂ ਵਹੁਟੀਆਂ ਰਾਜ ਕਰ ਸਕਦੀਆਂ ਨੇ, ਉਹ ਵੀ ਟੇਢੇ ਰਾਹੀਂ ਰਾਹੀਂ! ਪਰ ਇਸ ਘਰ'ਚ ਨਹੀਂ! ਇਸ ਘਰ'ਚ ਇਹ ਗੇਸ਼ਾ ਮੇਰਾ ਪਿਆਦਾ ਹੈ! ਅਸੀਂ ਦੋਨੋਂ ਪੂਰੇ ਸਰੂਰ ਵਿੱਚ ਸਾਂ, ਜਦ ਬੂਹੇ ਤੇ ਠਕ ਠਕ ਹੋਈ।

-ਕੌਣ ਏ!- ਮੈਂ ਜ਼ੋਰਦਾਰ ਆਵਾਜ਼'ਚ ਆਖਿਆ।

-ਜੀ ਕਜ਼ੁਯੁਕੀ ਏ। ਤਹਾਡੇ ਲਈ ਜ਼ਰੂਰੀ ਸੰਦੇਸ਼ ਹੈ-। ਇਹ ਗੱਲ ਸੁਣ ਕੇ ਮੈਂ ਕੁੜੀ ਨੂੰ ਧੱਕ ਕੇ ਜਿਵੇਂ ਵੀ ਸੀ ਪਰ੍ਹਾਂ ਭੇਜ ਦਿੱਤਾ। - ਅੰਦਰ ਆ!-

-ਜੀ?-

– ਤੂੰ ਸੁਣਿਆ ਮੈਂ ਕੀ ਕਿਹਾ! ਅੰਦਰ ਆ ਲੱਲੂਆ!– ਨਾਲ਼ ਦੀ ਨਾਲ ਮੈਂ ਕਿਮੋਨੋ ਪਾ ਲਿਆ ਸੀ। ਕਜ਼ੁਯੁਕੀ ਅੰਦਰ ਆ ਗਿਆ ਏ। ਉਸਨੇ ਸਿਰ ਝੁੱਕਾ ਕੇ ਮੈਨੂੰ ਸੰਦੇਸ਼ ਫੜ੍ਹਾ ਦਿੱਤਾ। ਮੈਂ ਚੁੱਪ ਚਾਪ ਪੜ੍ਹ ਕੇ ਹੈਰਾਨ ਹੋ ਗਿਆ। ਮੇਰੇ ਖਿਲਾਫ਼ ਕਿਸੇ ਨੇ ਦਾਇਰ ਕੀਤਾ ਸੀ! ਆਮ ਮੈਂ ਇੰਨ੍ਹਾਂ ਚੀਜ਼ਾਂ ਦਾ ਫਿਕਰ ਨਹੀਂ ਕਰਦਾ। ਆਮ ਗਰੀਬ ਆਦਮੀ ਜੋ ਮਰਜ਼ੀ ਕਹਵੇ, ਮੰਤਰੀ ਜੋ ਮਰਜ਼ੀ ਕਰ ਸਕਦਾ ਏ! ਜੇ ਕਿਸੇ ਦੀ ਧੀ ਨੇ ਸਾਡੇ ਤੇ ਇਲਜ਼ਾਮ ਵੀ ਲਾਇਆ, ਉਸ ਆਦਮੀ ਦੀ ਹੀ ਬੇਇੱਜ਼ਤੀ ਹੋਵੇਗੀ ਨਾਕੇ ਸਾਡੀ! ਇਵੇਂ ਹੀ ਕਿਸੇ ਕਬੀਲੇ ਨੂੰ ਦੂਜੇ ਕਬੀਲੇ ਨਾਲ਼ ਲੜਾਉਣਾ, ਬਹੁਤ ਸੌਖਾ ਹੈ! ਕੋਈ ਇਲਜ਼ਾਮ ਸਾਡੇ ਤੇ ਨਹੀਂ ਆ ਸਕਦਾ! ਸੋ ਮੇਰੇ ਦਿਮਾਗ਼ ਨੂੰ ਇੱਕ ਦਮ ਸਮਝ ਨਹੀਂ ਲੱਗੀ ਕਿੰ ਮੇਰੇ ਤੇ ਇੱਦਾਂ ਹੋ ਗਿਆ!

ਊਜ ਤਾਂ ਲੱਗ ਗਈ ਸੀ! ਮੇਰੇ ਆਖੇਪਕ ਨੇ ਸਾਮੰਤ ਨੂੰ ਦੱਸਿਆ ਸੀ ਕਿ ਮੈਂ ਉਸਦੀ ਖਾਸ ਰਖੇਲ ਨਾਲ਼ ਯਾਰੀ ਕੀਤੀ ਏ। ਉਸ ਤੋਂ ਜ਼ਿਆਦਾ ਵੱਡਾ ਮਸਲਾ ਸੀ ਕਿ ਉਸ ਕੁੜੀ ਨੇ ਦੁਸ਼ਮਣ ਦੇ ਭੇਤੀਆ ਨਾਲ਼ ਸਿਲਸਿਲਾ ਪਾ ਲਿਆ ਸੀ! ਲਿਖਿਆ ਸੀ ਕਿ ਮੈਂ ਸ਼ਰਾਬ ਪੀ ਕੇ ਰਖੇਲ ਨੂੰ ਸਾਡੀ ਸਾਰੀ ਤਦਬੀਰ ਦੱਸ ਦਿੱਤੀ ਹੈ ਅਤੇ ਉਸਨੇ ਸਾਮੰਤ ਦੇ ਵੈਰੀਆਂ ਨੂੰ ਸਭ ਕੁੱਝ ਦੱਸ ਦਿੱਤਾ ਏ! ਮੈਨੂੰ ਪਤਾ ਨਹੀਂ ਜ਼ਿਆਦਾ ਡਰ ਇਹ ਸੀ ਜਾਂ ਸਾਮੰਤ ਦੀ ਰਖੇਲ ਨਾਲ਼ ਸਾਂਝੀਵਾਲ ਕਰਦਾ ਫੜ੍ਹਿਆ ਗਿਆ ਕਰਕੇ ਸੀ। ਮੈਂ ਸੇਜ ਤੇ ਬਹਿ ਕੇ ਸਿਰ ਹੱਥਾਂ'ਚ ਰੱਖ ਲਿਆ, ਜਿਵੇਂ ਸੀਸ ਤਲੀ ਤੇ ਰੱਖੀ ਦਾ!

ਕਜ਼ੁਯੁਕੀਆ ਬੋਲਿਆ, ਹੁਣ ਮੈਨੂੰ ਪਤਾ ਲੱਗਾ ਮੈਂ ਉੱਲੂ ਸੀ ਉਸਨੂੰ ਲੱਲੂ ਆਖਣ।ਉਸਨੂੰ ਸਾਫ਼ ਪਤਾ ਸੀ ਕਿ ਸੰਦੇਸ਼'ਚ ਕੀ ਲਿਖਿਆ ਏ। – ਮੰਤਰੀ ਜੀ, ਹੇਠਾਂ ਤੁਹਾਡੇ ਲਈ ਸਿਪਾਹੀ 'ਡੀਕਦੇ ਨੇ। ਆਵਦੀ ਕੱਤਾਨਾ ਮੈਨੂੰ ਦਿਓ–। ਮੈਂ ਚੁੱਪ ਚਾਪ ਹੱਥ ਵਧਾਇਆ ਕੱਤਾਨੇ ਵੱਲ। ਉਸਨੇ ਚੱਕ ਲਈ ਫਿਰ ਮੈਨੂੰ ਕੱਪੜੇ ਪਾਉਣ ਦਿੱਤੇ। ਮੈਂ ਉਸਨੂੰ ਕਮਰੇ ਦੇ ਬੂਹੇ'ਚੋਂ ਨਿਕਲਦੇ ਨੇ ਆਖਿਆ, – ਕੁੜੀ ਨਾਲ਼ ਕੀ ਬੀਤੀ?–।

–ਗਵਾਹ ਤਾਂ ਓਹੀ ਹੈ। ਉਸਨੇ ਇਕਬਾਲਨਾਮਾ ਤੇ ਸਹੀ ਪਾ ਦਿੱਤੀ ਏ। ਹੋਰ ਗਵਾਹਾਂ ਨੇ ਤੁਹਾਨੂੰ ਦੇਖਿਆ ਸੀ ਉਸਦੇ ਨਾਲ਼।ਸਾਮੰਤ ਸਭ ਜਾਣਦਾ ਏ। ਰਖੇਲ ਦਾ ਸਿਰ ਲਾਹ ਦਿੱਤਾ ਗਿਆ ਏ–। ਕਜ਼ੁਯੁਕੀ ਨੇ ਮੈਨੂੰ ਹੱਥ ਨਾਲ਼ ਇਸ਼ਾਰਾ ਕੀਤਾ ਪੌੜੀਆਂ ਉੱਤਰਨ ਲਈ। ਉਸਨੇ ਹੁਣ ਮੈਨੂੰ ਮੇਰੀ ਕੱਤਾਨਾ ਦੇ ਦਿੱਤੀ ਸੀ। ਮੈਂ ਪੇਟੀ'ਚ ਤੁੰਨ ਕੇ ਹੇਠਾਂ ਤੁਰ ਪਿਆ। ਕਾਸ਼! ਹੁਣੀ ਮੇਰੇ ਵਜ੍ਹਾ ਲੜਾਈ ਜਿੱਤੀ ਗਈ ਏ! ਹੁਣ ਮੇਰੀ ਇੱਕ ਗਲਤੀ ਨਾਲ਼...! ਜਦ ਹੇਠਾਂ ਪੁੱਜਿਆ, ਪੰਜ ਸਮੁਰਾਈ ਖਲੋਤੇ ਸੀ। ਸਭ ਤੋਂ ਮੂਹਰਲਾ ਮੁਸਾਸ਼ੀ ਸੀ! ਸਾਡੀਆਂ ਅੱਖਾਂ ਮਿਲੀਆਂ, ਜਿੱਦਾਂ ਉਸ ਦਿਨ ਰਣ'ਚ ਮਿਲੀਆਂ ਸੀ। ਮੈਂ ਹਾਂ ਮੰਤਰੀ ਜਿਸ ਦੇ ਦਿਮਾਗ਼ ਨੇ ਸਾਨੂੰ ਫਤਿਹੇ ਲੈਕੇ ਦਿੱਤੀ! ਇਹ ਆਮ ਸਮੁਰਾਈ ਸਿਪਾਹੀ...ਪਰ ਅੱਜ ਇਸ ਕੋਲ਼ ਉਸ ਦਿਨ ਵੈਰੀ ਦਾ ਸਾਹਮਣਾ ਕਰਨ ਲਈ ਖੂਭ ਇੱਜ਼ਤ ਮਿਲੀ। ਮੈਨੂੰ...ਖ਼ੈਰ ਮੈਂ ਕੁੱਝ ਕਹਿਣ ਬਿਨ੍ਹਾਂ ਲੰਘ ਕੇ ਗੇਸ਼ਾਖਾਨੇ'ਚੋਂ ਬਾਹਰ ਚਲਾ ਗਿਆ। ਮੇਰੇ ਪਿੱਛੇ ਉਸ ਹਰਾਮਜ਼ਾਦੇ ਦੀਆਂ ਅੱਖਾਂ। ਕਿਉਂ ਉਸ ਦਿਨ ਮੈਂ ਉਸ ਲਈ ਬੂਹਾ ਖੋਲ੍ਹਿਆ? ਮੈਂ ਉਸ ਲਈ ਤਰਲੇ ਕੀਤੇ ਸੀ ਸਾਮੰਤ ਨਾਲ਼, ਜਦ ਉਸਨੇ ਬੰਦੇ ਮਾਰੇ। ਮੇਰੇ ਲਈ ਅੱਜ ਕੁੱਝ ਕਰੂੰਗਾ, ਜਾਂ ਕੇਵਲ ਆਮ ਚੋਰ ਵਾਂਗਰ ਮੈਨੂੰ ਗ੍ਰਿਫਤਾਰ ਕਰਨ ਆਇਆ? ਦੇਖਲਾਂਗੇ!

ਉਹ ਰਾਤ ਸਰਦ ਸੀ। ਹਾਲੇ ਸਾਰੇ ਪਾਸੇ ਹਿਮ ਪਈ ਸੀ।ਹਿਮ ਦੇ ਕਣ ਡਿੱਗ ਰਹੇ ਸਨ। ਬਰਫ਼ ਵਿੱਚ ਸਾਡੇ ਪੈਰਾਂ ਦੇ ਠੱਪੇ ਕਦਮਾਂ ਦਾ ਸਫਰ ਸਾਫ਼ ਦਿਖਾਉਂਦੇ ਸਨ। ਮੇਰੇ ਕਦਮ ਟੁੱਟ ਰਹੇ ਸੀ, ਡਗਮਗਾਕੇ ਤੁਰਦਿਆਂ। ਹੁਣ ਮੌਤ ਵੱਲ ਜਾਂਦਾ ਹਾਂ ਅਤੇ ਬਹੁਤ ਡਰ ਲੱਗਦਾ ਹੈ। ਰਣ'ਚ ਡਰ ਨਹੀਂ ਆਉਂਦਾ ਸੀ। ਪਰ ਇਹ ਗੱਲ ਹੋਰ ਹੈ। ਸ਼ਰਮ ਦੀ ਗੱਲ ਏ।ਸੇੱਪੂਕੂ ਦੀ ਗੱਲ ਸੀ। ਪਰ ਵੀਰ ਦਾ ਸੇੱਪੂਕੂ ਨਹੀਂ! ਸਿੰਘ ਤਾਂ ਰਣ'ਚ ਹਾਰ ਕੇ ਸੇੱਪੂਕੂ ਕਰਦੇ ਨੇ! ਇਹ ਕਿਸੇ ਦੀ ਬਾਹਰਵਾਲ਼ੀ ਨਾਲ਼ ਸ਼ਹਿਵਤ ਖ਼ੁਸ਼ ਕਰਕੇ ਆਪਣੇ ਆਪ ਤੇ ਲਿਆਂਦਾ ਸੀ! ਸ਼ਰਮ! ਬਹੁਤ ਸ਼ਰਮ! ਪਰ ਜੇ ਸੇੱਪੂਕੂ ਕਰਨ ਨਾ ਦਿੱਤਾ ਫਿਰ ਤਾਂ ਸਿਰਫ਼ ਕੁੱਤੇ ਦੀ ਮੌਤ ਮਿਲਣੀ ਸੀ! ਇਹ ਵੀ ਕਦੀ ਨਹੀਂ ਹੋ ਸਕਦਾ! ਮੇਰੇ ਸੂਜ਼ੂਕੀ ਖਾਨਦਾਨ ਲਈ ਉਹ ਤਾਂ ਹੱਤਕ ਹੋਵੇਗੀ! ਉਸ ਤੋਂ ਬਿਹਤਰ ਹੈ ਇੱਥੇਂ ਹੀ ਕੱਤਾਨਾ ਕੱਢ ਕੇ ਇੰਨ੍ਹਾਂ ਸਮੁਰਾਈਆਂ ਨਾਲ਼ ਲੜ ਕੇ ਮਰ ਜਾਵਾਂ! ਮੇਰਾ ਹੱਥ ਹੱਥੀ ਵੱਲ ਗਿਆ ਪਰ ਇੱਕ ਹੋਰ ਹੱਥ ਨੇ ਆ ਕੇ ਮੇਰੇ ਹੱਥ ਉੱਪਰ ਹੱਥਲੀ ਰੱਖ ਦਿੱਤੀ ਸੀ। ਮੇਰੇ ਨਾਲ਼ ਮੁਸਾਸ਼ੀ ਬਰਾਬਰ ਹੋ ਗਿਆ ਸੀ। ਉਸਨੇ ਮੈਨੂੰ ਹਟਾਇਆ।

- ਰਹਿਣ ਦੇ! ਇੱਦਾਂ ਨਹੀਂ ਗੱਲ ਬਣ ਨ੍ਹੀਂ ਸੂਜ਼ੂਕੀਆ! ਉਸ ਦਿਨ ਤੂੰ ਮੇਰੀ ਮਦਦ ਕੀਤੀ ਸੀ। ਅੱਜ ਜੋ ਮੈਂ ਕਰ ਸਕਦਾ ਮੈਨੂੰ ਕਰ ਲੈਂਣ ਦੇ! ਕੁੱਤੇ ਦੀ ਮੌਤ ਤੋਂ ਸੇੱਪੂਕੂ ਚੰਗਾ ਹੈ, ਜੇ ਮੈਂ ਨ੍ਹੀਂ ਕਾਮਯਾਬ ਹੋਇਆ ਤਾਂ! ਠੀਕ?–। ਮੈਂ ਹੈਰਾਨ ਸੀ। ਕੀ ਮੈਂ ਇਸ ਵਾਰੇ ਗਲਤ ਸੀ?

- ਠੀਕ। ਪਰ ਜੇ ਤੂੰ ਮਾਲਿਕ ਨੂੰ ਮਨਾ ਨਹੀਂ ਸਕਿਆ, ਤੂੰ ਮੇਰਾ ਕੈਸ਼ਾਕੁਨਿਨ ਬਣੀ, ਯਾਨੀ ਤੂੰ ਮੇਰਾ ਸੀਸ ਲਾਹੀ–

- ਠੀਕ। ਪਹਿਲਾਂ ਮੈਨੂੰ ਮੌਕਾ ਤਾਂ ਦੇ। ਮੈਥੋਂ ਚੰਗਾ ਫੌਜੀ ਕੋਈ ਨਹੀਂ ਹੈ। ਹੋ ਸਕਦਾ ਸੁਣਲੂੰਗਾ ਮੈਨੂੰ–।

ਅਸੀਂ ਪਹੁੰਚ ਗਏ ਸਾਡੇ ਸਾਮੰਤ ਦੇ ਘਰ।

ਹਿਦੰਨੁਬੂ ਸਾਡੇ ਮਾਲਿਕ ਦਾ ਨਾਂ ਹੈ ਅਤੇ ਗਿਫੂਜੋਗੜ ਦਾ ਵਾਲੀ ਏ। ਕਿਲ੍ਹਾ ਲੰਬਾ ਅਤੇ ਚਿੱਟਾ ਹੈ। ਮੈਨੂੰ ਵੱਡੇ ਦਰਬਾਰ'ਚ ਲੈ ਗਏ। ਤਿੰਨ ਪਾਸੇ ਕਤਾਰਾਂ ਸੀ ਇੱਕ ਮੰਤਰੀਆਂ ਦੀ, ਇੱਕ ਮਨਸਬਦਾਰਾਂ ਦੀ ਅਤੇ ਇੱਕ ਜਰਨੈਲਾਂ ਦੀ; ਸਭ ਆਵਦੇ ਗੋਡਿਆਂ ਤੇ ਬੈਠੇ ਨੇ। ਸਾਹਮਣੀ ਕੰਧ ਦੇ ਮੂਹਰੇ ਹਿਦੰਨੁਬੂ ਇਸੇ ਹੀ ਤਰ੍ਹਾਂ ਬੈਠਾ ਹੈ। ਜਦ ਮੈ ਅੰਦਰ ਵੜਿਆ ਤਾਂ ਰੀਤ ਦੇ ਹਿਸਾਬ ਨਾਲ਼ ਗੋਡੇ ਭਾਰ ਡਿੱਗ ਕੇ ਮੱਥਾ ਟੇਕਿਆ। ਉਸਨੇ ਇਸ਼ਾਰਾ ਕੀਤਾ ਆਪਣੇ ਸਿਰ ਨੂੰ ਥੋੜ੍ਹਾ ਜਿਹਾ ਨੀਵਾਂ ਕਰਕੇ। ਮੇਰੇ ਪਿੱਛੇ ਮੁਸਾਸ਼ੀ ਸੀ। ਉਸਨੇ ਹਿਦੰਨੁਬੂ ਨੂੰ ਆਖਿਆ ਉਸ ਨਾਲ ਕੋਈ ਗੋਸ਼ਟ ਕਰਨੀ, ਸਾਰਿਆਂ ਤੋਂ ਪਰ੍ਹੇ। ਹਿਦੰਨੁਬੂ ਨੇ ਇਜਾਜ਼ਤ ਦੇ ਦਿੱਤੀ, ਪਰ ਦਰਬਾਰ ਦੇ ਸਾਹਮਣੇ ਗੱਲ ਕਰਨ। ਮੈਨੂੰ ਕਮਰੇ 'ਚੋਂ ਬਾਹਰ ਜਾਣ ਨੂੰ ਆਖਿਆ ਗਿਆ । ਮੈਂ ਚੁੱਪ ਚਾਪ ਬਾਹਰ ਆ ਗਿਆ, ਨਾਲ਼ ਹੀ ਦੂਜੇ ਸਮੁਰਾਈ ਜਿੰਨ੍ਹਾਂ ਨੇ ਮੈਨੂੰ ਮੁਸਾਸ਼ੀ ਨਾਲ਼ ਇੱਥੇਂ ਲਿਆਂਦਾ ਸੀ। ਬਹੁਤ ਬੇਇੱਜ਼ਤੀ ਦੀ ਗੱਲ ਸੀ! ਸਾਰਿਆਂ ਨੂੰ ਪਤਾ ਸੀ ਕਿ ਮੈਂ ਉਸਦੀ ਰਖੇਲ਼ ਨਾਲ਼ ਪਿਆ ਸੀ! ਹੁਣ ਸਭ ਨੂੰ ਪਤਾ ਏ ਕਿ ਮੇਰੇ ਮੂੰਹੋਂ ਵੈਰੀ ਨੂੰ ਉਸ ਰਖੇਲ ਦੇ ਰਾਹੀਂ ਸਾਡੀਆਂ ਤਜਵੀਜਾਂ ਨਿਕਲ ਗਈਆਂ ਸਨ! ਸ਼ਰਮ ਦੀ ਗੱਲ ਏ! ਚਾਰੇ ਹੀ ਰਾਖੀਏ ਮੇਰੇ ਵੱਲ ਤਾੜੀ ਗਏ, ਉਨ੍ਹਾਂ ਦੀਆਂ ਅੱਖਾਂ ਬਹੁਤ ਕੁੱਝ ਬੋਲਦੀਆਂ ਸਨ। ਕਾਫ਼ੀ ਦੇਰ ਲਈ ਮੁਸਾਸ਼ੀ ਅੰਦਰ ਸਾਮੰਤ ਨਾਲ਼ ਗੱਲ ਬਾਤ ਕਰੀ ਗਿਆ। ਵਕਤ ਮੇਰੇ ਲਈ ਖੜ੍ਹ ਗਿਆ ਸੀ।

ਬੇਇੱਜ਼ਤੀ।

ਬੇਇੱਜ਼ਤੀ ਜਿਹੜੀ ਸਮੁਰਾਈ ਲਈ ਰੋਗ ਹੈ! ਮੈਨੂੰ ਹੁਣ ਇੱਕ ਰਾਖੀ ਨੇ ਦੱਸਿਆ ਕਿ ਸਾਡੇ ਦੁਸ਼ਮਣ ਨੇ ਕਿਲ੍ਹੇ ਦੇ ਆਲ਼ੇ ਦੁਆਲ਼ੇ ਵੀ ਫੌਜ ਤਿਆਰ ਕਰ ਲਈ ਏ। ਉਨ੍ਹਾਂ ਨੂੰ ਹੁਣ ਪੂਰਾ ਪਤਾ ਏ ਸਾਡੀਆਂ ਕਮਜ਼ੋਰੀਆਂ ਦਾ। ਉਸ ਰਾਖੀ ਨੇ ਇਹ ਗੱਲ ਜਹਿਰੀਲੀ ਮੌਜ ਨਾਲ਼ ਕਹੀ। ਮੈਂ ਰੁੱਖੇ ਅੰਦਾਜ਼ ਨਾਲ਼ ਬੈਠਾ ਰਿਹਾ। ਕੁੱਝ ਦੇਰ ਬਾਅਦ ਬੂਹਾ ਰਿੜ੍ਹ ਕੇ ਖੁੱਲ੍ਹ ਗਿਆ। ਦਰ ਦੇ ਮੂੰਹ'ਚ ਮਸਾਸ਼ੀ ਹੀ ਖੜ੍ਹਾ ਹੈ। ਉਸਦੇ ਰੁਖ਼ ਤੋਂ ਹੀ ਮੈਂ ਸਮਝ ਗਿਆ ਹਾਂ ਕਿ ਉਸਦੀ ਕੋਈ ਫ਼ਰਿਆਦ ਚੱਲੀ ਨਹੀਂ ਲੱਗਦਾ। ਮੇਰੀਆਂ ਅੱਖਾਂ ਨੀਵੀਆਂ ਹੋ ਗਈਆਂ। ਰਣ'ਚ ਚਾਲ ਚਲਿਆ, ਪਰ ਰਣ ਤੋਂ ਬਾਹਰ ਜ਼ਬਾਨ ਅਤੇ ਜ਼ਨਾਨੀ ਨੇ ਨਾਕਾਮਯਾਬੀ ਕਰਾ ਦਿੱਤੀ ਸੀ!

ਬੇਇੱਜ਼ਤੀ।

ਮੈਂ ਦਰਬਾਰ'ਚ ਇੱਕ ਵਾਰ ਹੋਰ ਵੜਿਆ, ਲੱਤਾਂ ਥਰਥਰਾਉਂਦੀਆਂ ਹਨ, ਤੇ ਫਿਰ ਮੱਥਾ ਟੇਕਿਆ। ਹੁਣ ਤਾਂ ਮੈਨੂੰ ਸਜ਼ਾ ਦਿੱਤੀ ਜਾਵੇਗੀ, ਸੋ ਲੋਕਾਂ ਨੂੰ ਪਤਾ ਲੱਗੇ ਕੀ ਹੁੰਦਾ ਉਸ ਨਾਲ਼ ਜਿਸਨੇ ਸਾਮੰਤ ਦੀਆਂ ਜ਼ਨਾਨੀਆਂ ਨੂੰ ਹੱਥ ਲਾਉਣ ਦੀ ਹਿੰਮਤ ਕੀਤੀ ਏ! ਕੀ ਹੁੰਦਾ ਉਸ ਨਾਲ਼ ਜਿਸਨੇ ਸਾਮੰਤ ਨਾਲ਼ ਗੱਦਾਰੀ ਕੀਤੀ ਏ! ਹੁਣ ਇੱਕ ਹੀ ਰਾਹ ਸੀ: ਸੇੱਪੂਕੂ!

ਜਦ ਅਗਲੇ ਦਿਨ ਸੂਰਜ ਚੜ੍ਹਿਆ, ਮੈਨੂੰ ਤਿਆਰੀਆਂ ਕਰਨੀਆਂ ਪਈਆਂ। ਬਹੁਤ ਦੇਰ ਲਈ ਆਵਦੇ ਕਮਰੇ'ਚ ਬੈਠ ਕੇ ਆਵਦੀ ਜ਼ਿੰਦਗੀ ਬਾਰੇ ਸੋਚਿਆ। ਜੀਵਨ ਚੰਗਾ ਹੀ ਬੀਤਿਆ ਹੈ। ਸਮੁਰਾਈ ਲਈ ਮੌਤ ਚੰਗੀ ਹੋਣੀ ਚਾਹੀਦੀ ਹੈ। ਕੁਰਬਾਨੀ ਵਾਲ਼ੀ ਮੌਤ ਹੋਣੀ ਚਾਹੀਦੀ ਹੈ। ਇਸ ਤਰ੍ਹਾਂ ਜਮ ਕੇਵਲ ਜੰਗ'ਚ ਹੀ ਮਿਲ ਸਕਦਾ ਹੈ। ਇਸ ਤਰ੍ਹਾਂ ਦਾ ਦਿਹਾਂਤ ਮੇਰੀ ਕਿਸਮਤ'ਚ ਹੁਣ ਨਹੀਂ ਸੀ। ਕਾਸ਼! ਮੇਰੀ ਆਦਤਾਂ ਨੇ ਹੀ ਮੈਨੂੰ ਖਰਾਬ ਕਰ ਦਿੱਤਾ ਸੀ। ਮੈਂ ਉੱਠ ਕੇ ਬਾਹਰਲੀ ਬਾਰੀ ਖੋਲ੍ਹੀ। ਪੌਣ ਅੰਦਰ ਵੜੀ। ਮੇਰੇ ਜ਼ੁਲਫੇ ਹਵਾ'ਚ ਨੱਚੇ। ਹਾਂ, ਮੈਂ ਤਿਆਰ ਸੀ। ਆਵਦੇ ਨਸੀਬ ਦਾ ਸਾਹਮਣਾ ਕਰਨ ਲਈ ਤਿਆਰ ਸੀ। ਸਾਡੀਆਂ ਰੀਤਾਂ ਸਾਡੀਆਂ ਜ਼ੰਜ਼ੀਰਾਂ ਨੇ, ਪਰ ਮੇਰੇ ਵਿੱਚ ਹਿੰਮਤ ਨਹੀਂ ਸੀ ਪੁੱਠੇ ਸੰਸਕਾਰਾਂ ਨੂੰ ਤੋੜਣ ਦੀ। ਇਹ ਕਿਸੇ ਹੋਰ ਦਾ ਭੋਜ ਹੋ ਸਕਦਾ। ਜੇ ਰਿਵਾਜ ਤੋੜ ਦਿੱਤੇ ਫਿਰ ਕੀ ਰਿਹਾ ਸਭਿਆਚਾਰ ਦਾ? ਬਹੁਤ ਡਾਢੇ ਦਿਲ ਵਾਲਾ ਹੀ ਚੀਜ਼ਾਂ ਬਦਲ ਸਕਦਾ ਹੈ। ਮੈਂ ਘੁੰਮ ਕੇ ਇੱਕ ਚਿੱਟਾ ਕਿਮੋਨੋ ਚੱਕ ਲਿਆ ਪਾਉਣ ਲਈ ਅਤੇ ਬਿਸਤਰੇ ਤੇ ਰੱਖ ਦਿੱਤਾ। ਮੈਂ ਨੰਗਾ ਹੋਕੇ ਨਾਲ਼ ਦੇ ਕਮਰੇ'ਚ ਗਿਆ ਜਿੱਥੇਂ ਗੁਸਲ਼'ਚ ਤੱਤਾ ਤੱਤਾ ਪਾਣੀ ਭਰਿਆ ਹੋਇਆ ਸੀ। ਜਦ ਨ੍ਹਾ ਹਟਾ ਮੈਂ ਚਿੱਟਾ ਕਿਮੋਨੋ ਪਾ ਲਿਆ ਅਤੇ ਵਾਲ਼ਾਂ'ਚ ਕੰਘਾ ਫੇਰ ਲਿਆ, ਜੂੜਾ ਬੰਨ੍ਹ ਲਿਆ ਅਤੇ ਤੱਕਲ਼ਾ ਚੁੱਲ ਲਿਆ। ਹਾਇਕੁ ਦੇ ਆਵਦੇ ਆਦਾਬ ਹੁੰਦੇ ਨੇ। ਮੈਂ ਕਾਗ਼ਜ਼ ਚੱਕ ਲਿਆ ਅਤੇ ਮੇਜ਼ ਦੇ ਰੱਖ ਕੇ ਹਾਇਕੁ ਉਚਾਰਨ ਲੱਗ ਪਿਆ।

ਦੋਨੋਂ ਵਿਜਈ ਪਰਾਜਿਤ ਕੇਵਲ ਤਰੇਲ ਦੇ ਕਣ ਨੇ
ਬਿਜਲੀ ਚਮਕਣੀ ਹੈ ਇਹ ਕਾਇਨਾਤ
ਕੁੱਝ ਹੋਰ ਨਾ ਸੋਚੋਂ ਸਮਝੋਂ ਵੀ
ਹੁਣ ਆ ਰਹੀ ਖਟਮਿਠੀ ਰਾਤ।

ਮੈਂ ਕਾਗ਼ਜ਼ ਸਮੇਟ ਕੇ ਬਦਰੀ'ਚ ਤੁੰਨ ਦਿੱਤਾ ਤੇ ਕੱਤਾਨਾ ਚੱਕ ਕੇ ਡੂੰਘਾ ਸਾਹ ਭਰ ਕੇ ਨਿਕਲ ਗਿਆ ਕਮਰੇ'ਚੋਂ, ਅੰਨ ਜਲ ਵੱਲ ਕਦਮ ਚੱਕ ਕੇ। ਦਰਬਾਰ ਦੇ ਦਰ ਤੱਕ ਪੁੱਜਾ, ਵੇਖਿਆ ਮੁਸਾਸ਼ੀ ਉਸਦੇ ਕੋਲ਼ ਖੜ੍ਹਾ ਹੈ। ਇੱਕ ਸਿਪਾਹੀ ਨੇ ਬੂਹਾ ਰਿੜ੍ਹ ਕੇ ਖੋਲ੍ਹ ਦਿੱਤਾ। ਕੱਲ੍ਹ ਵਾਂਗ ਸਾਰੇ ਅੰਦਰ ਗੋਡੇ ਭਾਰ ਬੈਠੇ ਸਨ। ਸਾਹਮਣੇ ਹਿਦੰਨੁਬੂ ਬੈਠਾ ਹੈ, ਪੀਡਾ ਮੂੰਹ ਬਣਾਕੇ। ਅੱਖਾਂ ਚਾਰ ਕਰ ਕੇ ਅੰਦਰ ਵੜ ਗਿਆ, ਪਰ ਹੁਣ ਕਲਾਈ ਕੰਬ ਰਹੀ ਹੈ, ਮੱਥੇ ਤੇ ਤਰੇਲੀ ਆਉਂਦੀ ਹੈ। ਆਪਣੇ ਆਪ ਨੂੰ ਸੰਭਾਲ ਕੇ ਅੱਗੇ ਵਧਿਆ। ਜਦ ਸਾਮੰਤ ਤੋਂ ਪੰਜ ਕਦਮ ਦੂਰ ਸੀ, ਮੈਂ ਧਰਤੀ ਤੇ ਬਹਿ ਕੇ ਮੱਥਾ ਟੇਕਿਆ। ਇੱਕ ਸਿਪਾਹੀ ਮੇਰੇ ਵੱਲ ਆਇਆ। ਉਸ ਨੇ ਹੱਥ ਵਧਾਇਆ। ਮੈਂ ਆਪਣੇ ਆਪ ਨੂੰ ਕਾਬੂ ਵਿੱਚ ਲਿਆਕੇ, ਹੰਝੂ ਪੀ ਕੇ ਉਸਨੂੰ ਆਪਣਾ ਮਰਸੀਆ, ਆਵਦੀ ਮੌਤ ਦਾ ਕਲਾਮ ਫੜ੍ਹਾ ਦਿੱਤਾ। ਉਸਨੇ ਪਾਸੇ ਜਾ ਕੇ ਦਰਬਾਰ ਦੇ ਛੰਦਕਾਰ ਨੂੰ ਦੇ ਦਿੱਤਾ।

ਮੈਂ ਹੁਣ ਚੁੱਪ ਚਾਪ ਗੋਡੇ ਭਾਰ ਬੈਠਾ ਰਿਹਾ। ਛੰਦਕਾਰ ਨੇ ਸਭ ਨੂੰ ਪੜ੍ਹ ਕਿ ਸੁਣਾਇਆ ਅਤੇ ਮੇਰੇ ਸਾਹਮਣੇ ਇੱਕ ਦਾਸੀ ਨੇ ਥਾਲ਼ੀ ਰੱਖ ਦਿੱਤੀ। ਇਸ ਵਿੱਚ ਮੇਰੀ ਪਸੰਦ ਦਾ ਖਾਜਾ ਹੈ। ਓਨੀਗਿਰੀ, ਜਿਹੜਾ ਬੇਗਮੀ ਅਤੇ ਬੇਰ ਦਾ ਅਚਾਰ ਹੁੰਦਾ, ਜਿਸਨੂੰ ਸਮੰਦਰੀ ਓਗਰਾ ਵਿੱਚ ਲੁਪੇਟਿਆ ਹੁੰਦਾ।ਸੂਸ਼ੀ (ਕੱਚੀ ਮੱਛੀ), ਰਾਮਨ (ਤਰੀ ਤੇ ਨੂਡਲ) ਅਤੇ ਤੰਕਟਸੂ (ਸੂਰ ਦਾ ਮਾਸ ਪੂੜਾ ਵਿੱਚ ਲੁਪੇਟਾ)। ਇਸ ਭੋਜ ਨਾਲ਼ ਸਾਕੀ ਦਾ ਪਿਆਲਾ ਵੀ ਸੀ। ਮੈਨੂੰ ਆਰਾਮ ਨਾਲ਼ ਮੇਰਾ ਆਖੜਾ ਪਰਸ਼ਾਦ ਖਾਣ ਦਿੱਤਾ। ਹਰ ਗਰਾਹੀ ਨਾਲ਼ ਮਰਨ ਦਾ ਵੇਲਾ ਨੇੜੇ ਆ ਰਿਹਾ ਸੀ। ਹਰ ਘੁੱਟ ਭਰਨ ਨਾਲ਼ ਜੀਵਨ ਦੇ ਦਿਨ ਦੂਰ ਜਾ ਰਹੇ ਸੀ। ਹਾਰ ਕੇ ਖੁਰਾਕ ਖਾ ਲਈ ਸੀ। ਥਾਲ਼ੀ ਪਰ੍ਹਾਂ ਲੈ ਗਏ। ਹੁਣ ਹੋਰ ਥਾਲ਼ੀ ਮੇਰੇ ਸਾਹਮਣੇ ਰੱਖ ਦਿੱਤੀ। ਇਸ ਤੇ ਤੈਂਤੋ ਪਿਆ ਸੀ, ਰੁਮਾਲ ਵਿੱਚ ਵਲ੍ਹੇਟਿਆ, ਤਿੱਖਾ ਤੇ ਤਿਆਰ ਮੇਰੀ ਜਾਨ ਲੈਣ ਲਈ।

ਮੈਂ ਇਸ ਤੈਂਤੋ ਤੋਂ ਨਹੀਂ ਡਰਦਾ ਸੀ, ਪਰ ਕੈਸ਼ਾਕੁਨਿਨ ਦੀ ਤਲਵਾਰ ਤੋਂ। ਬਹੁਤ ਵਾਰੀ ਕੈਸ਼ਾਕੁਨਿਨ ਦਾ ਨਿਸ਼ਾਨਾ ਪੱਕਾ ਨਹੀਂ ਸੀ। ਬਹੁਤ ਵਾਰੀ ਮੈਂ ਦੇਖਿਆ ਆਦਮੀ ਦਾ ਗਾਟਾ ਸਾਫ਼ ਨਹੀਂ ਕੱਟਿਆ ਗਿਆ! ਤਿੰਨ ਚਾਰ ਝੱਟਕੇ ਮਾਰ ਮਾਰਕੇ ਟੁਕੜੇ ਟੁਕੜੇ ਕੀਤੇ, ਪਰ ਸਿਰ ਧੜ ਨਾਲ਼ ਅੱਧਾ ਜੁੜਿਆ ਰਹਿੰਦਾ! ਇਹ ਹਾਲ਼ ਮੈਂ ਨਹੀਂ ਚਾਹੁੰਦਾ ਸੀ! ਇਸ ਲਈ ਮੁਸਾਸ਼ੀ ਚੁਣਿਆ ਸੀ! ਮੈਂ ਡੂੰਘਾ ਸਾਹ ਲਿਆ। ਹੁਣ ਕੈਸ਼ਾਕੁਨਿਨ ਮੇਰੇ ਪਿੱਛੇ ਖਲੋਇਆ ਸੀ, ਉਸਦੀ ਤਲਵਾਰ ਉੱਚੀ ਕੀਤੀ ਅਤੇ ਪਿਆਸੀ। ਥਾਲ਼ੀ ਦੀ ਚਿਲਕਾਰ ਵਿੱਚ, ਉਸਦੀ ਅਕਸ ਦਿਸ ਰਹੀ ਹੈ। ਮੁਸਾਸ਼ੀ ਦਾ ਹੀ ਮੁੱਖ ਵਾਪਸ ਝਾਕਦਾ ਸੀ। ਇਸ ਨਾਲ਼ ਹੀ ਮੈਨੂੰ ਸੁਖ ਮਿਲ ਗਿਆ!

ਮੈਂ ਰੁਮਾਲ ਲਾਹ ਕੇ ਤੈਂਤੋ ਦੀ ਧਾਰ ਤੇ ਉਂਗਲੀਆਂ ਫੇਰੀਆਂ। ਰੁਮਾਲ ਹੱਥੀ ਤੇ ਬੰਨ੍ਹ ਦਿੱਤਾ, ਇਸ ਲਈ ਕਿ ਮੇਰਾ ਪਸੀਨੇ ਨਾਲ਼ ਹੱਥ ਨਾ ਤਿਲਕੇ।ਸਾਰੇ ਉਡੀਕਵਾਨ ਸਨ। ਗਲ਼ਾ ਸੁੱਕ ਗਿਆ, ਲੂੰ ਕੰਡੇ ਖੜ੍ਹੇ ਹੋ ਗਏ, ਪਾਣੀਓ ਪਾਣੀ ਮੈਂ ਤੈਂਤੋ ਦੀ ਹੱਥੀ ਘੁੱਟਕੇ ਫੜ੍ਹ ਲਈ। ਮੇਰੀਆਂ ਅੱਖਾਂ ਕਮਰੇ ਸੰਬਰ ਕੇ ਹਿਦੰਨੁਬੂ ਵੱਲ ਟਿੱਕੀਆਂ। ਹੋ ਸਕਦਾ ਜਿਹੜੇ ਰਿਵਾਜ ਅਸੀਂ ਪਾਕ ਪਵਿੱਤਰ ਸਮਝਦੇ ਹਾਂ, ਉਹ ਗਲਤ ਹੋਣ? ਫਰਕ ਨਹੀਂ ਪੈਂਦਾ। ਹੁਣ ਤਾਂ ਜੋ ਹੋਣਾ ਹੈ ਹੋਣਾ ਹੈ। ਮੇਰੇ ਹੱਥਾਂ ਨੇ ਧਾਰ ਦੀ ਅਣੀ ਮੇਰੇ ਪੇਟ ਵੱਲ ਕੀਤੀ।ਪੇਟ ਦੇ ਖੱਬੇ ਪਾਸੇ ਖੋਭ ਦਿੱਤਾ ਸੀ, ਤੈਂਤੋ ਨੂੰ। ਹਾਏ ਰੱਬਾ! ਬਹੁਤ ਦੁੱਖ ਲੱਗਿਆ। ਮਾਸ ਪਾੜ ਕੇ ਆਂਦਰਾਂ'ਚ ਗਰਮ ਗਰਮ ਦਰਦ, ਫਿਰ ਲਹੂ ਪੇਟ'ਚੋਂ ਖੁਰੀ ਵਟ ਗਿਆ! ਮੈਂ ਜੋਰ ਦੇਣੀ ਸਿੱਧੀ ਲਿਖੀਰ ਸੱਜੇ ਵੱਲ ਵਾਹੀ। ਧਾਰ ਨੇ ਮਾਸ, ਗੰਨ, ਗੁਰਦਾ, ਕੁਲੰਜ ਚੀਰ ਕੇ ਖੋਲ੍ਹ ਦਿੱਤਾ। ਬਹੁਤ ਜ਼ਿਆਦਾ ਦੁੱਖ ਲੱਗਿਆ। ਮੂੰਹ ਵਿੱਚੋਂ ਵੀ ਖ਼ੂਨ ਨਿਕਲਦਾ ਹੈ।

ਮੈਨੂੰ ਲੱਗਿਆ ਜਿਵੇਂ ਸੀਲ ਨਾਲ਼ ਮੁਸਾਸ਼ੀ ਦੀ ਤਲਵਾਰ ਗਰਦਨ ਵੱਲ ਡਿੱਗੀ...ਪਰ ਸੱਚ ਸੀ ਉਸਨੇ ਜੋਰ ਦੇਣੀ ਹੇਠ ਲਿਆਂਦੀ, ਕੰਮ ਨੂੰ ਛੇਤੀ ਕਰਨ ਲਈ। ਹਾਲੇ ਥੱਲੇ ਆਈ ਵੀ ਨਹੀਂ ਸੀ, ਜਦ ਕੰਡਿਆ ਨੂੰ ਮਹਿਸੂਸ ਹੋਇਆ ਕੁੱਝ ਨੇੜੇ ਆ ਰਿਹਾ ਸੀ। ਉਸ ਝਕਟੇ ਨੂੰ ਉਡੀਕਦਾ ਸੀ, ਮੈਂ। ਨੇੜੇ ਆਇਆ...

ਹਨੇਰਾ।

# ਮੰਗੇਤਰ

## ੧੯੦੯



ਮੈਂ ਬਾਰੀ'ਚੋਂ ਬਾਹਰ ਬਲੂਤ ਵੱਲ ਝਾਤੀ ਮਾਰੀ। ਬਰਸਾਤ ਦੇ ਦਿਨ ਨੇ, ਅਤੇ ਬਲੂਤ ਬਹੁਤ ਬਜਰ ਹੈ, ਮਤਾਹਚੀ ਵਾਂਗਰ ਨਹੀਂ। ਉਹ ਤੇ ਮੈਂ ਤਾਂ ਮੰਗੇਤਰ ਸਾਂ। ਪਰ ਜਦ ਉਹ ਤੇ ਤਕੋਜ਼ੇ ਉਸ ਸਾਲ ਲੜਣ ਗਏ ( ਮੈਂ ਹੀ ਉਨ੍ਹਾਂ ਦੀ ਮੱਦਦ ਕੀਤੀ ਸੀ ਪਿੰਡ'ਚੋਂ ਤਿੱਤਰ ਹੋਣ ਲਈ!) ਸਿਰਫ਼ ਤਕੋਜ਼ੇ ਵਾਪਸ ਮਿਯਾਮੋਤੋ ਪਰਤਿਆ ਸੀ। ਉਸ ਬਾਂਦਰ ਮਤਾਹਚੀ ਕੋਲ਼ ਦਮ ਨਹੀਂ ਸੀ।ਤਕੇਜ਼ੋ ਨੇ ਪਰਤਦਿਆ ਹੀ ਮੈਨੂੰ ਦੱਸ ਦਿੱਤਾ ਸੀ ਕਿ ਉਹ ਦੋਨੋਂ ਕਿਸੇ ਔਰਤ ਦੇ ਘਰ ਠਹਿਰੇ ਸਨ। ਤਕੋਜ਼ੇ ਦੀ ਭੈਣ ਉਧਾਲ਼ੀ ਗਈ ਜਿਸ ਬਾਰੇ ਮੈਂ ਹੁਣੀ ਤੁਹਾਨੂੰ ਦੱਸਦੀ ਹੈ। ਮਤਾਹਚੀ ਦੀ ਮਾਂ ਨੇ ਸੋਚਿਆ ਤਕੇਜ਼ੋ ਨੇ ਉਸ ਨੂੰ ਮਾਰ ਦਿੱਤਾ। ਪਰ ਸੱਚ ਬਾਅਦ ਮੈਨੂੰ ਪਤਾ ਲੱਗਾ! ਉਸ ਤੀਵੀਂ ਨੇ ਤਕੋਜ਼ੇ ਨੂੰ ਫੁਸਲਾਉਣ ਦੀ ਕੋਸ਼ਿਸ਼ ਕੀਤੀ ਸੀ। ਜਦ ਦੋਨਾਂ ਨੇ ਉਸ ਔਰਤ ਨੂੰ ਸਾਫ਼ ਕਿਹਾ ਕਿ ਅਸੀਂ ਪਿੰਡ ਵਾਪਸ ਜਾਣਾ ਏ ਤਾਂ ਉਸਨੇ ਮੇਰੇ ਪਿਆਰੇ ਨਮਕ ਹਲਾਲ ਮਤਾਹਚੀ ਨੂੰ ਮਨਾ ਲਿਆ ਆਪਣੇ ਕੋਲ਼ ਰਹਿਣ ਅਤੇ ਉਸਦੀ ਧੀ ਨਾਲ਼ ਵਿਆਹ ਕਰਨ ਲਈ! ਉਸ ਹੀ ਦਿਨ ਮਤਾਹਚੀ ਨੇ ਕਿਹਾ ਸੀ ਕਿ ਤੇਰੇ ਹੇਰਵਾ ਹੁੰਦਾ! ਪਰ ਉਸ ਚੁੜੇਲ ਨੇ ਆਵਦੀਆਂ ਚਾਲਾਂ ਨਾਲ਼ ਉਸ ਤੇ ਜਾਦੂ ਕਰ ਲਿਆ! ਮੇਰਾ ਤਾਂ ਦਿਲ ਹੀ ਟੁੱਟ ਗਿਆ! ਜਦ ਉਹ ਮਹੀਨੇ ਬਾਅਦ ਵੀ ਵਾਪਸ ਨਾ ਆਇਆ ਪਿੰਡ ਤਾਂ ਮੈਂ ਓਸੁਗੀ ਨੂੰ ਕਿਹਾ ਰਿਸ਼ਤਾ ਤੋੜ ਦਿਓ!

ਮੈਂ ਆਪਣੇ ਆਪ ਨੂੰ ਮੰਮਟੀ'ਚ ਕੈਦ ਕਰ ਲਿਆ। ਰੱਜ ਰੱਜ ਕੇ ਰੋਈ ਕਈ ਦਿਨਾਂ ਤੱਕ। ਕਿਸੇ ਨਾਲ਼ ਨਾ ਬੋਲੀ। ਹਾਰਕੇ ਇੱਕ ਦਿਨ ਤਕੇਜ਼ੋ ਅੰਦਰ ਆ ਗਿਆ ਮੇਰੇ ਨਾਲ਼ ਗੱਲ ਕਰਨ ਨੂੰ।ਉਸ ਨੇ ਸੋਚਿਆ ਕਿ ਕੀ ਪਤਾ ਮੈਂ ਉਸ ਨੂੰ ਸੁਣ ਕੇ ਹੋਸ਼'ਚ ਆ ਜਾਵੇਗੀ। ਉਸਨੇ ਨੇ ਮੈਨੂੰ ਬਹੁਤ ਪਿਆਰ ਨਾਲ਼ ਸਮਝਾਇਆ ਕਿ ਮਤਾਹਚੀ ਮੂਰਖ ਹੈ ਜਿਸ ਨੂੰ ਓਕੋ ਨੇ ਸੌਖੀ ਤਰ੍ਹਾਂ ਉਂਗਲ਼ੀਆਂ ਤੇ ਨਚਾਇਆ ਏ।ਉਹ ਤੇਰੇ ਕਾਬਲ ਨਹੀ ਹੈ! ਉਸਨੇ ਇਹ ਵੀ ਦੱਸਿਆ ਕਿ ਮਤਾਹਚੀ ਦੀ ਮਾਂ ਨੇ ਤਕੇਜ਼ੋ ਦੇ ਆਰੋਪ ਲਾਇਆ ਉਸਦੇ ਪੁੱਤਰ ਦੀਆਂ ਕਮਜ਼ੋਰੀਆਂ ਦਾ! ਓਸੁਗੀ ਨੇ ਇਹ ਵੀ ਕਿਹਾ ਕਿ ਤਕੇਜ਼ੋ ਨੇ ਉਸਦੇ ਪੁੱਤਰ ਨੂੰ ਮਾਰਿਆ ਹੋਵੇਗਾ, ਤਾਂ ਹੀ ਨਹੀਂ ਵਾਪਸ ਆਇਆ! ਇਸ ਲਈ ਤਕੇਜ਼ੋ ਲਈ ਬਹੁਤ ਅੜੰਗੇ ਪਾਏ। ਤਕੇਜ਼ੋ ਨੇ ਮੈਨੂੰ ਮਨਾ ਲਿਆ ਮਤਾਹਚੀ ਦਾ ਚੇਤ ਭੁੱਲਾਉਣ ਅਤੇ ਆਪਣੇ ਪਿੰਡ'ਚ ਖ਼ੁਸ਼ ਹੋ ਕੇ ਰਹਿਣ ਲਈ।

ਕੁੱਝ ਦਿਨਾਂ ਬਾਅਦ, ਤਕੇਜ਼ੋ ਦੀ ਭੈਣ ਛਾਈਂ ਮਾਈਂ ਹੋ ਗਈ! ਉਸਨੂੰ ਸ਼ੱਕ ਓਸੁਗੀ ਤੇ ਸੀ। ਇਹ ਗੱਲ ਤਕੇਜ਼ੋ ਨੇ ਹੀ ਮੈਨੂੰ ਹੀ ਦੱਸੀ। ਮੈਂ ਖ਼ੁਦ ਹੈਰਾਨ ਹੋ ਗਈ। ਓਹ ਜੰਗਲ'ਚ ਚਲਾ ਗਿਆ ਆਪਣੀ ਭੈਣ ਨੂੰ ਭਾਲਣ। ਜਦ ਵਾਪਸ ਆਇਆ ਤਾਂ ਉਸ ਨੇ ਦੋ ਬੰਦੇ ਮਾਰ ਦਿੱਤੇ ਸੀ ਜਿੰਨ੍ਹਾਂ ਨੇ ਇਕਬਾਲ ਕੀਤਾ ਕਿ ਓਸੁਗੀ ਨੇ ਉਨ੍ਹਾਂ ਨੂੰ ਪੈਸੇ ਦਿੱਤੇ ਸੀ ਭੈਣ ਨੂੰ ਚੱਕਣ ਲਈ, ਕਿਉਂਕਿ ਉਹ ਮੰਨਦੀ ਸੀ ਕਿ ਮਤਾਹਚੀ ਤਕੇਜ਼ੋ ਦੇ ਕਰਕੇ ਇਸ ਦੁਨੀਆ ਵਿੱਚ ਨਹੀਂ ਸੀ!

ਤਕੇਜ਼ੋ ਨੂੰ ਇੰਨ੍ਹਾਂ ਗੁੱਸਾ ਚੜ੍ਹ ਗਿਆ ਕਿ ਉਸਨੇ ਪਿੰਡ ਵਾਲ਼ਿਆਂ ਨੂੰ ਕਿਹਾ ਓਹ ਇਸ ਥਾਂ ਨਹੀਂ ਰਹਿ ਸਕਦਾ।ਮਤਾਹਚੀ ਨਾਲ਼ ਬਹੁਤ ਗੁੱਸਾ ਸੀ ਕਿ ਪਹਿਲਾਂ ਉਹ ਮੇਰੇ ਤੇ ਮਰਦਾ ਸੀ, ਹੁਣ ਇੱਕ ਰੰਡੀ ਦੀ ਵਜ੍ਹਾ ਕਰਕੇ ਪਿੰਡ ਵਾਪਸ ਨਹੀਂ ਆਇਆ। ਹੁਣ ਤਕੇਜ਼ੋ ਪਛਤਾਉਂਦਾ ਸੀ ਕਿ ਉਹ ਮਤਾਹਚੀ ਨੂੰ ਐਵੇਂ ਨਾਲ਼ ਲੈ ਕੇ ਗਿਆ ਸੀ। ਮੈਨੂੰ ਵੀ ਹੁਣ ਮਹਿਸੂਸ ਹੋ ਰਿਹਾ ਸੀ ਕਿ ਮੇਰੇ ਆਦਰ ਮਾਣ ਵੀ ਜ਼ਿਆਦਾ ਤੇਕੋਜ਼ੇ ਵੱਲ ਹੀ ਸੀ। ਤੇ ਕੀ ਮੈਂ ਗਲਤ ਬੰਦੇ ਨਾਲ਼ ਪ੍ਰੀਤ ਪਾਈ? ਇੱਦਾਂ ਦੇ ਖਿਆਲ ਉਸ ਦਿਨਾਂ ਵਿਚ ਮੇਰੇ ਮਨ'ਚ ਲੰਘਦੇ ਸੀ।

ਮੇਰਾ ਵੀ ਜੀ ਖੱਟਾ ਹੋ ਗਿਆ ਮਤਾਹਚੀ ਦੇ ਧਰੋਹ ਬਾਅਦ।ਤੇਕੋਜ਼ੋ ਦਾ ਭਿਕਸ਼ੂ, ਦੋਰਨ, ਜਿਹੜਾ ਉਸਦਾ ਚਾਚਾ ਸੀ ਅਤੇ ਜਿਸ ਨੇ ਤੇਕੋਜ਼ੇ ਨੂੰ ਪੜ੍ਹਾਇਆ ਸੀ; ਉਸ ਨਾਲ਼ ਮੈਂ ਗੱਲ ਕੀਤੀ ਕਿ ਨਾਰੀ ਦੀ ਕਰਮ ਰੇਖਾ ਕੀ ਹੈ। ਉਸਨੇ ਮੈਨੂੰ ਦੱਸਿਆ, ਕਿ ਬੋਧੀ ਸਿੱਖਿਆ ਦੇ ਤਿੰਨ ਹਜ਼ਾਰ ਸਾਲਾਂ ਲਈ ਜ਼ਨਾਨੀ ਬਾਰੇ ਇੱਕ ਹੀ ਉਪਦੇਸ਼ ਚਾਲਦਾ ਹੈ। ਜ਼ਨਾਨੀ ਖਬੀਸ ਹੈ। ਹੁਣ ਜਿਸ ਨੇ ਮਤਾਹਚੀ ਨੂੰ ਕਾਮ ਨਾਲ਼ ਉਸ ਥਾਂ ਰੋਕ ਕੇ ਰੱਖ ਲਿਆ, ਉਹ ਹੋਰ ਕੀ ਹੈ ਜੇ ਡੈਣ ਨਹੀਂ ਹੈ ਤਾਂ? ਪਰ ਜਿਹੜਾ ਧਰਮ ਸ਼ਾਸਤਰ ਵਿੱਚ ਲਿਖਿਆ ਹੈ, ਆਦਮੀ ਦੇ ਹੱਥੀ ਲਿਖਿਆ ਹੈ! ਮੈਨੂੰ ਜਿੰਨ੍ਹਾਂ ਮਰਜ਼ੀ ਗੁੱਸਾ ਸੀ ਉਸ ਓਕੋ ਤੇ, ਆਖਰ ਫੈਸਲਾ ਤਾਂ ਮਤਾਹਚੀ ਦਾ ਸੀ। ਪਰ ਫਿਰ ਵੀ ਬਾਬਾ ਦੋਰਨ ਨੇ ਜਵਾਬ ਦਿੱਤਾ ਕਿ ਪੋਥੀ'ਚ ਐਸਾ ਤਾਂ ਲਿਖਿਆ ਹੈ ਕਿਉਂਕਿ ਇਸਤਰੀ ਹਮੇਸ਼ਾ ਆਦਮੀ ਦੀਆਂ ਅੱਖਾਂ ਵਿੱਚ ਘੱਟਾ ਪਾਉਂਦੇ ਏ।

- ਪਰ ਬੰਦੇ ਵੀ ਸਾਨੂੰ ਝਾਂਸਾ ਦਿੰਦੇ ਨੇ!– ਮੈਂ ਖਿਝ ਕੇ ਕਿਹਾ।

- ਹਾਂ, ਪਰ ਬੁੱਧ ਖ਼ੁਦ ਬੰਦਾ ਸੀ–

- ਅੱਛਾ! ਇੱਕ ਗੱਲ ਦੱਸੋਂ, ਹੁਣ ਤੱਕ ਕਿਉਂ ਹਰ ਬਾਬਾ, ਹਰ ਸੰਤ, ਹਰ ਗੁਰੁ ਹਮੇਸ਼ਾ ਮਰਦ ਹੀ ਹੁੰਦਾ ਹੈ? ਕਿਉਂ? ਦੁਨੀਆ'ਚ ਤਾਂ ਔਰਤ ਹੀ ਤੁਹਾਨੂੰ ਲਿਆਉਦੀ ਏ? ਜੇ ਬੁੱਧ ਔਰਤ ਹੁੰਦੀ ਤਾਂ ਫਿਰ ਹੀ ਪੋਥੀ'ਚ ਲਿਖਿਆ ਹੋਣਾ ਆਦਮੀ ਹੀ ਪਾਪੀ ਹੈ?–

- ਕਿੱਥੇਂ ਇੰਝ ਕਹਿ ਰਿਹਾ ਹਾਂ? ਡੈਣ ਕਿਵੇਂ ਬੁੱਧ ਬਣ ਸਕਦੀ ਏ!- ਉਸਦਾ ਜਵਾਬ ਆਇਆ।

- ਬਾਬਾ ਜੀ, ਇਸ ਜਵਾਬ ਦਾ ਅਰਥ ਇਹ ਨ੍ਹੀਂ ਨਿਕਲ਼ਦਾ!-

- ਕੁੜੇ ਜੇ ਇਹ ਗੱਲਾਂ ਸਿੱਧੀਆਂ ਹੁੰਦੀਆਂ, ਕਿੱਥੇਂ ਲੋੜ ਹੋਣੀ ਸੀ ਭਿਕਸ਼ੂ ਦੀ? ਤਾਂ ਹੀ ਤਾਂ ਨਬੀ ਹੁੰਦੇ ਐ!-

- ਬੱਸ ਤੁਸੀਂ ਫਿਰ ਉਹ ਹੀ ਗੱਲ ਕੀਤੀ ਜਿਹੜੀ ਸੰਤਾਂ ਦੀ ਹੀ ਹੁੰਦੀ ਹੈ। ਸਿੱਧਾ ਤੀਰ ਵਾਂਗਰ ਜਵਾਬ ਨਹੀਂ ਦੇਣਾ। ਆਪਣਾ ਟੇਢਾ ਜਵਾਬ ਹੀ ਦੇਣਾ, ਜਿਸ ਵਿੱਚ ਜਿਹੜਾ ਮਤਲਬ ਤੁਸੀਂ ਕੱਢਣੇ ਚਾਹੁੰਦੇ ਨੇ ਨਿਕਲੂਗਾ!-

- ਮੈਂ ਔਰਤ ਦਾ ਵੈਰੀ ਨਹੀਂ ਹਾਂ ਕੁੜੇ! ਬੇਨੋਸੁੱਕੇ ਨੂੰ ਪੁੱਛੀ, ਉਸ ਨੂੰ ਸਿੱਖਿਆ ਦਿੰਦਾ ਕਿ ਔਰਤ ਤੇਰੀ ਮਾਂ ਹੈ, ਤੇਰੀ ਭੈਣ ਹੈ! ਪਰ ਜੋ ਪੋਥੀ'ਚ ਹੈ, ਸੋ ਹੈ।ਵੇਦਾਂ'ਚ ਬਹੁਤ ਜਾਤਾਂ ਨੀਵੀਆਂ ਨੇ, ਇਸਤਰੀ ਵੀ ਨੀਵੀ ਏ। ਜੇ ਵੇਦ ਕਹਿੰਦਾ ਹੈ, ਫਿਰ ਸੱਚ ਹੀ ਹੋਵੇਗਾ?-

- ਮੇਰਾ ਮੂਡ ਨਹੀਂ ਇਹ ਗੱਲ ਅੱਗੇ ਤੋਰਨ ਦਾ...-

- ਖਾਮੋਸ਼! ਸੁਣ ਜੋ ਮੈਂ ਤੈਨੂੰ ਦੱਸ ਰਿਹਾ! ਜਦ ਬੁੱਧ ਛੋਟਾ ਸੀ, ਉਸ ਨੇ ਬੋਹੜ ਹੇਠ ਬੈਠ ਕੇ ਧਿਆਨ ਕਰਨ ਦੀ ਕੋਸ਼ਿਸ਼ ਕੀਤਾ ਸੀ। ਪਰ ਉਸ ਦੇ ਆਲ਼ੇ ਦੁਆਲ਼ੇ, ਭੂਤਨੀਆਂ ਉੱਡ ਰਹੀਆਂ ਸਨ! ਇਸ ਲਈ ਉਸਨੇ ਨਿਰਨਾ ਬਣਾ ਲਿਆ ਕਿ ਤੀਵੀਆਂ ਤੇ ਆਸ ਨਹੀਂ ਰੱਖਣੀ ਚਾਹੀਦੀ। ਪਰ ਫਿਰ ਵੀ ਸਾਡਾ ਬੁੱਧ ਚੰਗਾ ਸੀ ਅਤੇ ਉਸਦੀ ਖਿਮਾ ਨਾਲ਼ ਜਦ ਉਹ ਖ਼ੁਦ ਬਜ਼ੁਰਗਵਾਰ ਹੋਇਆ ਉਸਨੇ ਜੋਗਣਾਂ ਨੂੰ ਵੀ ਚੇਲੀਆਂ ਬਣਾ ਲਿਆ-।

- ਕਿਉਂ? ਅੱਗੇ ਨਾਲ਼ੋ ਸਿਆਣਾ ਬਣ ਗਿਆ ਕਰਕੇ, ਜਾਂ ਬੁੱਢਾ ਠੇਰਾ!-

- ਖਾਮੋਸ਼! ਖਬਰਦਾਰ! ਪਹਾੜ ਨਾਲ਼ ਟੱਕਰ ਨਾ ਲੈ ਕੁੜੇ! ਹੋਰ ਵੀ ਦਰੀਨੇ ਭਾਰਤ'ਚ ਹੋਏ ਨੇ, ਜਿੰਨ੍ਹਾਂ ਨੇ ਧਰਮ ਸ਼ੁਰੂ ਕੀਤੇ, ਰੀਤ ਰਿਵਾਜ਼ ਸ਼ੁਰੂ ਕੀਤੇ, ਅਤੇ ਜ਼ਨਾਨੀਆਂ ਨਾਲ਼ ਨਫ਼ਰਤ ਸੀ..ਨਫ਼ਰਤ ਨ੍ਹੀਂ ਮੇਰਾ ਮਤਲਬ..ਡਰ! ਉਨ੍ਹਾਂ ਨੇ ਸਾਡੇ ਲਈ ਰਸਮਾਂ ਜ਼ਰੂਰੀ ਕੀਤੀਆਂ, ਜਿੰਨ੍ਹਾਂ ਵਿੱਚ ਕਿਹਾ ਹੈ ਬੰਦੇ ਨੂੰ ਚਾਰ ਤਰ੍ਹਾਂ ਦੀਆਂ ਤੀਵੀਆਂ ਦੀ ਉਪਮਾ ਕਰਨੀ ਚਾਹੀਦੀ ਏ! ਤਾਬੇਦਾਰ ਭੈਣਾਂ, ਪ੍ਰੇਮ ਕਰਨ ਵਾਲ਼ੀਆਂ ਯਾਰਣੀਆਂ, ਧਰਮੀ ਮਾਵਾਂ ਅਤੇ ਮਸਕੀਨ ਨੌਕਰਾਣੀਆਂ! ਇੰਨ੍ਹਾਂ ਨੂੰ ਮਰਦ ਵਹੁਟੀਆਂ ਬਣਾ ਸਕਦਾ ਹੈ-

- ਲੱਗਦਾ ਆਦਮੀ ਨੇ ਆਵਦੀ ਮੁਫ਼ਾਦ ਲਈ ਸਭ ਕੁੱਝ ਠੀਕ ਕੀਤਾ ਹੈ...-

- ਓਤਸੂ ਤੂੰ ਕਿਉਂ ਇੱਦਾਂ ਔਖੀ ਬਣ ਰਹੀ ਏ!-

- ਤੁਹਾਡੇ ਹਿਸਾਬ ਨਾਲ਼ ਤਾਂ ਮਤਾਹਚੀ ਬੇਕਸੂਰ ਹੈ...ਸਾਰਾ ਕਸੂਰ ਤਾਂ ਉਸ ਓਕੋ ਦਾ ਹੀ ਹੈ!-

- ਆਪ ਨੂੰ ਵਿਆਹ ਮਰਦ ਨਾਲ਼ ਨਹੀਂ ਕਰਨਾ ਚਾਹੀਦਾ...- ਭਿਕਸ਼ੂ ਨੇ ਕਹਿਣਾ ਸ਼ੁਰੂ ਕੀਤਾ ਸੀ, ਪਰ ਮੈਂ ਨੇ ਗੱਲ ਕੱਟ ਦਿੱਤੀ ਤੇ ਗੁੱਸੇ ਵਿੱਚ ਕਿਹਾ, - ਇਹ ਗੱਲ ਤਾਂ ਵਾਧੂ ਏ! ਹਾਸੋਹੀਣਾ ਗੱਲ ਹੈ.. ਆਪ ਨੂੰ ਵਿਆਹ ਮਰਦ ਨਾਲ਼ ਨਹੀਂ ਕਰਨਾ ਚਾਹੀਦਾ!-

- ਗੱਲ ਪੂਰੀ ਤਾਂ ਕਰਨ ਦੇ ਫਿਰ!..ਵਿਆਹ ਸੱਚ ਨਾਲ਼ ਕਰਨਾ ਚਾਹੀਦਾ!-

- ਸੱਚ? ਉਹ ਕੀ ਹੁੰਦਾ?-

- ਰੱਬ ਜਾਣੇ!- ਉਸਦੇ ਜਵਾਬ ਸੁਣ ਕੇ ਮੈਂ ਹੱਸਣ ਲੱਗ ਪਈ। ਉਹ ਵੀ ਹੱਸਣ ਲੱਗ ਪਿਆ ਸੀ।

- ਜੇ ਤੁਹਾਨੂੰ ਸੱਚ ਦੱਸਾ, ਮੇਰੇ ਲਈ ਤਾਂ ਇਸ ਵੇਲਾ ਸੱਚ ਹੈ..ਤਕੁਜ਼ੋ!-

- ਬੇਨੋਸੁੱਕੇ? ਤੂੰ ਕੀ ਕਹਿ ਰਹੀ ਏ? ਅੱਛਾ ਮੈਂ ਸਮਝ ਗਿਆ। ਉਹਨੇ ਤਾਂ ਪਿੰਡ ਛੱਡ ਦੇਣਾ... ਓਸੁਗੀ ਨੂੰ ਮਾਰਨਾ ਚਾਹੁੰਦਾ ਪਰ ਇੱਦਾਂ ਨਹੀਂ ਕਰੇਗਾ। ਜੇ ਤੇਰਾ ਸੱਚ ਇਹ ਹੈ ਤਾਂ ਉਸ ਨਾਲ਼ ਗੱਲ ਕਰ..ਅੱਛਾ?-।

ਪਰ ਸੱਚ ਕੀ ਸੀ? ਹੁਣ ਮੈਨੂੰ ਤਕੇਜ਼ੋ ਨਾਲ਼ ਪਿਆਰ ਹੋ ਗਿਆ? ਉਸ ਨੇ ਮੇਰੇ ਦਿਲ ਨਹੀਂ ਤੋੜਣਾ ਚਾਹਿਆ, ਤਾਂ ਹੀ ਤਾਂ ਉਸਨੇ ਕਿਸੇ ਨੂੰ ਦੱਸਿਆ ਨਹੀਂ ਕਿ ਕਿੱਥੇਂ ਸੀ ਮਤਾਹਚੀ, ਤੇ ਇਸ ਕਰਕੇ ਉਸ ਤੇ ਓਸੁਗੀ ਦਾ ਕਹਿਰ ਟੁੱਟ ਪਿਆ ਸੀ ਤੇ ਉਸਦੀ ਭੈਣ ਚੱਕੀ ਗਈ! ਆਮ ਬੰਦਾ ਜਦ ਭੈਣ ਚੱਕੀ ਜਾਵੇ ਡਰ ਨਾਲ਼ ਚੁਪ ਰਹਿੰਦਾ ਤੇ ਵਾਪਸ ਘਰ ਨਹੀਂ ਲੈ ਕੇ ਆਉਂਦਾ ਕਿਉਂਕਿ ਸਾਡੇ ਪੈਂਡੂ ਸਮਾਜ ਨੇ ਕਹਿਣਾ ਉਸ ਦਿਨਾਂ'ਚ ਕੁੜੀ ਦੀ ਇੱਜ਼ਤ ਲੁੱਟੀ ਗਈ। ਪਰ ਇਸ ਨੇ ਤਾਂ ਆਵਦੀ ਕੱਤਾਨੇ ਨਾਲ਼ ਗੱਲ ਕੀਤੀ ਤੇ ਭੈਣ ਵਾਪਸ ਲਿਆਂਦੀ। ਜਦ ਦਾ ਮੈਂ ਕਿਹਾ ਮਤਾਹਚੀ ਨੂੰ ਹੁਣ ਛੱਡ ਦੇਣਾ ਤਾਂ ਓਸੁਗੀ ਨੇ ਵੀ ਮੈਨੂੰ ਘਰੋਂ ਕੱਢ ਦਿੱਤਾ ਸੀ। ਉਹ ਦਿਨਾਂ ਵਿੱਚ ਫਿਰ ਮੈ ਮੁਸਾਸ਼ੀਆਂ ਦੇ ਘਰ ਰਹਿੰਦੀ ਸੀ। ਬਾਬਾ ਦੋਰਨ ਮੈਨੂੰ ਸਾਂਭ ਰਿਹਾ ਸੀ।

ਇੱਕ ਨਾ ਇੱਕ ਦਿਨ ਮੈਂ ਜ਼ਰੂਰ ਓਹ ਕੁੱਤੇ ਮਤਾਹਚੀ ਦਾ ਸਾਹਮਣਾ ਕਰਨਾ ਹੀ ਹੈ। ਜਦ ਲੱਭ ਗਿਆ ਬਹੁਤ ਕੁੱਝ ਉਸ ਨੂੰ ਅਤੇ ਉਸਦੀ ਓਕੋ ਨੂੰ ਸੁਣਾਵਾਂਗੀ! ਪਰ ਹੁਣ ਮੇਰਾ ਦਿਲ ਤਕੁਜ਼ੋ ਨੂੰ ਕੁੱਝ ਸੁਣਾਉਣਾ ਚਾਹੁੰਦਾ ਹੈ। ਜਦ ਉਸ ਵੇਲੇ ਸਾਫ਼ ਬਾਬਾ ਦੋਰਨ ਨੇ ਦੱਸਿਆ ਤਕੇਜ਼ੋ ਪਿੰਡ'ਚੋਂ ਚਲਿਆ ਏ, ਮੈਂ ਨੱਸ ਕੇ ਉਸ ਦੇ ਘਰ ਗਈ, ਪਰ ਉਹ ਤਾਂ ਓੱਥੇਂ ਹੈ ਨਹੀਂ ਸੀ! ਮੈਂ ਦੌੜ੍ਹ ਕੇ ਉਸ ਪੁਲ਼ ਵੱਲ ਗਈ , ਜਿਸ ਨੂੰ ਤੇਕੋਜ਼ੇ ਨੇ ਪਾਰ ਕਰਨਾ ਸੀ ਪਿੰਡ'ਚੋਂ ਨਿਕਲ਼ਨ ਲਈ। ਜਦ ਉਸ ਥਾਂ ਪੁੱਜੀ ਤਕੇਜ਼ੋ ਪੁਲ਼ ਦੇ ਦੂਜੇ ਪਾਸੇ ਪਹੁੰਚ ਗਿਆ ਸੀ। ਉਸਦੀ ਪਿੱਠ ਮੇਰੇ ਵੱਲ ਸੀ। ਸਮੁਰਾਈ ਦੀ ਵਰਦੀ ਪਾਈ , ਅਤੇ ਸਿਰ ਇੱਕ ਟੋਕਰੀ ਦੀ ਟਪੀ ਹੇਠ ਓਝਲਿਆ ਸੀ। ਮੈਂ ਨੱਸ ਕੇ ਉਸਦੀ ਕਲਾਈ ਫੜ੍ਹ ਲਈ। ਉਸ ਨੇ ਮੇਰੇ ਵੱਲ ਦੇਖਿਆ, ਹੈਰਾਨੀ ਨਾਲ਼।

-ਤਕੇਜ਼ੋਇਆ! ਯਾਦ ਨ੍ਹੀਂ ਤੈਨੂੰ? ਯਾਦ ਨ੍ਹੀਂ ਇਹ ਕਿਹੜਾ ਪੁਲ਼ ਏ? ਇਹ ਉਹ ਹੀ ਪੁਲ਼ ਹੈ ਜਿੱਥੇਂ ਮੈਂ ਵਾਦਾ ਕੀਤਾ ਸੀ ਕਿ ਇੱਥੇਂ ਹਰ ਰੋਜ ਖਲੋਕੇ ਤੇਰੇ ਅਤੇ...ਮਤਾਹਚੀ ਦੀ ਉਡੀਕ ਕਰਿਆਂ ਕਰਾਂਗੀ, ਜਿੰਨ੍ਹਾ ਚਿਰ ਤੱਕ ਤੁਸੀਂ ਵਾਪਸ ਨਹੀਂ ਘਰ ਆਉਂਦੇ? ਹੁਣ ਮੈਂ ਮਤਾਹਚੀ ਦਾ ਚੇਤਾ ਭੁਲਾ ਦਿੱਤਾ। ਮੈਂ ਦਿਲ ਵਿੱਚ ਝਾਤੀ ਮਾਰਕੇ ਵੇਖਿਆ ਕਿ ਸੱਚਾ ਪਿਆਰ ਤਾਂ ਤੇਰੇ ਲਈ ਹੀ ਸੀ। ਸਮਝਦਾ ਤੂੰ ਮੈਂ ਕੀ ਕਹਿ ਰਹੀ ਹਾਂ? ਮੈਂ ਤੈਨੂੰ ਪਿਆਰ ਕਰਦੀ ਹਾਂ। ਇਸ ਜਨਮ ਵਿੱਚ ਹੀ ਨਹੀਂ, ਅਗਲੇ ਜਨਮ ਵਿੱਚ ਵੀ ਪਿਆਰ ਕਰਾਂਗੀ! ਭਾਵੇਂ ਇਸ ਦੇਸ਼, ਜਾਂ ਹੋਰ ਦੇਸ਼'ਚ ਫਿਰ ਵਾਪਸ ਜਾਵਾਂਗੇ, ਭਾਂਵੇ ਕੋਈ ਵੀ ਸਦੀ ਹੋਵੇ, ਤੂੰ ਹਮੇਸ਼ਾ ਮੇਰਾ ਸਮੁਰਾਈ ਹੋਵੇਗਾ! ਜੇ ਹੁਣ ਤੂੰ ਮੈਨੂੰ ਛੱਡ ਵੀ ਦਿੱਤਾ, ਉਦੋਂ ਮੈਂ ਤੈਨੂੰ ਕਿਤੋਂ ਵੀ ਲੱਭ ਕੇ ਮਿਲਾਂਗੀ! ਮੈਂ ਤੇਰੀ ਹੀ ਹੈ! ਹਰ ਰੋਜ ਇੱਥੇਂ ਮਤਾਹਚੀ ਦੀ ਨਹੀਂ, ਪਰ ਤੇਰੀ ਹੀ ਡੀਕ ਸੀ। ਆਹੋ, ਸੱਚ ਹੈ ਤੇਰੀ ਹੀ ਡੀਕ'ਚ ਸੀ, ਮੇਰੀ ਜਾਨ! ਛੱਡ ਜਾਂ ਮੈਨੂੰ ਨਾਲ਼ ਲੈ ਕੇ ਜਾ, ਆਪਾਂ ਹਮੇਸ਼ਾ ਕਾਲ ਤੇ ਅੰਤ ਤੱਕ ਜੋੜੀ ਹੋਵੇਂਗੇ! ਤੂੰ ਮੇਰਾ ਸਮੁਰਾਈ, ਮੈਂ ਤੇਰੀ ਹੀਰ!-

- ਇਹ ਕੀ ਕਹਿ ਰਹੀ ਹੈਂ ਤੂੰ! ਤੂੰ ਤਾਂ ਮਤਾਹਚੀ ਦੀ ਸੀ! ਤੂੰ ਮੇਰੇ ਲਈ ਡੀਕ'ਚ ਇੱਥੇਂ ਖੜਦ੍ਹੀ ਸੀ? ਇਹ ਨਹੀਂ ਹੋ ਸਕਦਾ। ਮੈਂ ਤਾਂ ਆਵਦੀ ਜ਼ਿਆਰਤ ਤੇ ਚੱਲਿਆ, ਦੁਨੀਆ ਦਾ ਜ਼ਬਰਦਸਤ ਸਮੁਰਾਈ ਬਣਨ ਲਈ। ਇਸ ਯਾਤਰਾ'ਚ ਜ਼ਨਾਨੀ ਲਈ ਕੋਈ ਥਾਂ ਨ੍ਹੀਂ ਹੈ!-

- ਤੂੰ ਮੈਨੂੰ ਨਾਲ਼ ਲੈ ਕੇ ਜਾ ਤਕੇਜ਼ੋ! ਇੱਥੇਂ ਕੋਈ ਨਹੀਂ ਰਿਹਾ ਮੇਰੇ ਲਈ। ਕੁੱਝ ਨਹੀਂ ਰਿਹਾ!-

- ਮੈਂ ਕਿੱਥੇਂ ਤੈਨੂੰ ਲੈ ਕੇ ਜਾਵਾਂ! ਜ਼ਨਾਨੀ ਨਾਲ ਕਿਵੇਂ ਯਾਤਰਾ ਪੂਰਾ ਕਾਰਾਂਗਾ! ਜੇ ਮੈਂ ਕਿਸੇ ਦੀ ਤਲਵਾਰ ਦਾ ਬਲੀ ਬਣ ਗਿਆ, ਤੇਰਾ ਕੀ ਹੋਵੇਗਾ! ਪਿੰਡ'ਚ ਰਹਿ!-

- ਮੈਂ ਤੇਰੇ ਯਾਤਰਾ ਦੇ ਰਾਹ'ਚ ਨਹੀਂ ਆਵਾਂਗੀ! ਔਖਾਈਆਂ ਸਹਿ ਲਊਂਗੀ!-

- ਇਹ ਨਹੀਂ ਗੱਲ ਹੈ। ਮੈਂ ਕਿਵੇਂ ਦੁਨੀਆ ਦਾ ਉੱਤਮ ਸਮੁਰਾਈ ਬਣ ਸਕਾਂਗਾ ਜੇ ਨਾਲ਼ ਤੀਵੀਂ ਲੈ ਕੇ ਗਿਆ? ਲੋਕ ਹੱਸ ਹੱਸ ਕੇ ਕਹਿਣਗੇ, ਵੇਖ ਉਸ ਨੇ ਆਪਣੇ ਨਾਲ਼ ਇੱਕ ਆਇਆ ਰੱਖੀ ਹੈ, ਕੀ ਪਤਾ ਜਦ ਸੱਟਾ ਵੱਜੀਆਂ, ਖੱਸੀ ਦੇ ਪੱਟੀਆਂ ਬੰਨ੍ਹੇਗੀ!-

ਮੈਂ ਉਸਦੀ ਆਸਤੀਨ ਫੜ੍ਹ ਲਈ, ਤੇ ਖਿੱਚ ਕੇ ਤਰਲੇ ਕੀਤੇ। ਉਸ ਦੀਆ ਅੱਖਾਂ'ਚ ਪਿਆਰ ਦਿੱਸਦਾ ਸੀ ਤੇ ਡਰ ਵੀ, ਅਤੇ ਕਿਉਂਕਿ ਜੋ ਉਸ ਦੀ ਭੈਣ ਨਾਲ਼ ਬੀਤਿਆ, ਮਤਾਹਚੀ ਦੇ ਟੱਬਰ ਤੋਂ ਵੀ ਡਰ। ਹਾਂ, ਉਸ ਨੂੰ ਮੈਂ ਮੱਤ ਦਿੱਤੀ ਤਾਂ ਸੀ ਪਰ ਹੁਣ ਗੱਲ ਹੋਰ ਸੀ। ਓਹ ਪਛਤਾਉਂਦਾ ਸੀ, ਓਸੁਗੀ ਨਾਲ਼ ਦੁਸ਼ਮਣੀ। - ਛੱਡ ਮੇਰੀ ਬਾਂਹ!-।

-ਨ੍ਹੀਂ ਤਕੇਜ਼ੋ, ਮੈਂ ਨਹੀਂ ਛੱਡਣਾ ਤੈਨੂੰ। ਹਰ ਸਦੀ ਲਈ ਫੜ੍ਹ ਕੇ ਰੱਖਾਂਗੀ।ਤੂੰ ਮੈਨੂੰ ਝੂਠ ਬੋਲਿਆ-

-ਕਿਹੜਾ ਝੂਠ? ਮੈਂ ਤਾਂ ਤੇਰੀ ਮਦਦ ਕੀਤੀ ਓਤਸੂ!-

- ਤੂੰ ਉਸ ਰਾਤ ਕਿਹਾ ਸੀ ਤੂੰ ਕਦੀ ਨਹੀਂ ਮੈਨੂੰ ਛੱਡੇਗਾਂ!-

– ਮੈਂ ਇੱਦਾਂ ਨ੍ਹੀਂ ਕਿਹਾ! ਲੋਕ ਸਾਡੇ ਵੱਲ ਦੇਖ ਰਹੇ ਨੇ! ਸ਼ਰਮ ਦੀ ਗੱਲ ਹੈ!–

– ਦੇਖ ਲੈਣਦੇ ਲੋਕਾਂ ਨੂੰ! ਜਦ ਮੈਂ ਬਾਲ ਸੀ, ਮੈਨੂੰ ਮੇਰੇ ਮਾ-ਪਿਓ ਨੇ ਛਡ ਦਿੱਤਾ! ਫਿਰ ਮਤਾਹਚੀ ਨੇ ਛੱਡ ਦਿੱਤਾ! ਹੁਣ ਤੂੰ ਨਾ ਛੱਡ!–

–ਛੱਡ ਮੈਨੂੰ!–। ਮੈਨੂੰ ਮਹਿਸੂਸ ਹੋ ਗਿਆ ਕਿ ਇਹ ਸਾਰੇ ਆਦਮੀ ਇੱਕੋ ਜੇ ਨੇ। ਹਰ ਬੰਦਾ ਮਤਲਬੀ, ਆਪੋਧਾਪੀ ਹੀ ਹੈ! ਬੁੱਧ ਤੋਂ ਲੈ ਕੇ ਆਦਮੀ ਤਾਂ ਔਰਤ ਨੂੰ ਨਫ਼ਰਤ ਹੀ ਕਰਦਾ ਹੈ!। ਮੈਂ ਉਸਦੀ ਬਾਂਹ ਛੱਡ ਕੇ ਧਰਤੀ ਤੇ ਡਿੱਗ ਪਈ, ਤੇ ਮੇਰਾ ਰੋਂਣਾ ਨਿਕਲ਼ ਗਿਆ। ਫਿਰ ਉਸ ਨੇ ਸਨੇਹਮਈ ਆਵਾਜ਼ ਵਿੱਚ ਕਿਹਾ, – ਦੇਖ ਓਤਸੂ, ਜਦ ਮੇਰੀ ਭੈਣ ਚੱਕ ਲਈ ਉਨ੍ਹਾਂ ਨੇ, ਮੈਂ ਬਦਲ ਗਿਆ। ਉਸ ਰਾਤ ਜਦ ਮੈਂ ਤੈਨੂੰ ਸਲਾਹ ਦਿੱਤੀ ਸੀ ਮਤਾਹਚੀ ਨੂੰ ਛੱਡਣ ਦੀ, ਉਹ ਗੱਲ ਹੋਰ ਸੀ। ਬਹੁਤ ਕੁੱਝ ਬੀਤ ਗਿਆ। ਮੈਂ ਤੈਨੂੰ ਹੱਥ ਪੈਰ ਜੋੜ ਕੇ ਆਖਦਾ, ਹੁਣ ਚੀਜ਼ਾਂ ਬਦਲ ਗਈਆਂ ਨੇ। ਮੈਂ ਹੁਣ ਪਿੰਡ ਦਾ ਤਕੇਜ਼ੋ ਨਹੀਂ ਹਾਂ।ਬੇਨੋਸੁੱਕੇ ਨਹੀਂ ਹੈ। ਹੁਣ ਮੈਂ ਮਿਯਾਮੋਤੋ ਮੁਸਾਸ਼ੀ ਹੈ, ਇੱਕ ਹੋਰ ਹੀ ਬੰਦਾ, ਜਿਸ ਦੇ ਕਦਮ ਹੋਰ ਪਾਸੇ ਚਲੇ ਗਏ ਨੇ। ਜੇ ਤੂੰ ਮੇਰੇ ਨਾਲ਼ ਜੁੜ ਗਈ, ਕਦੀ ਨਹੀਂ ਖ਼ੁਸ਼ ਹੋਵੇਗੀ। ਮੇਰਾ ਹਰ ਇੱਕ ਪਲ, ਹਰ ਸਾਹ ਹੁਣ ਕੇਵਲ ਸਮੁਰਾਈ ਬਣਨ ਲਈ ਹੈ। ਔਖਾ ਹੋਵੇਗਾ। ਕੀ ਪਤਾ ਹੋਰ ਜਨਮ'ਚ ਸਾਡਾ ਕੁੱਝ ਬਣ ਸਕਦਾ। ਕੀ ਪਤਾ ਕੁੱਝ ਸਾਲਾਂ ਤੱਕ...ਪਰ ਤੈਨੂੰ ਆਵਦੀ ਜ਼ਿੰਦਗੀ ਬਰਬਾਦ ਮੇਰੇ ਡੀਕ'ਚ ਨਹੀਂ ਕਰਨੀ ਚਾਹੀਦੀ!–

– ਇਹ ਗੱਲਾਂ ਸੁਣ ਕੇ ਮੈਨੂੰ ਸਾਫ਼ ਦਿੱਸਦਾ ਤੂੰ ਮੇਰਾ ਜੀਵਨ ਸਾਥੀ ਹੀ ਹੈ–

– ਨਹੀਂ ਓਤਸੂ। ਮੈਨੂੰ ਮਾਫ਼ ਕਰਦੇ। ਪਰ ਇੱਦਾਂ ਨਹੀਂ ਹੋ ਸਕਦਾ–।

ਤਕੇਜ਼ੋ ਹਮੇਸ਼ਾ ਲਈ ਚਲਾ ਗਿਆ ਸੀ। ਮੈਂ ਖੜ੍ਹੀ ਰਹਿ ਗਈ। ਪਰ ਇਹ ਗੱਲਾਂ ਓਦੋਂ ਦੀਆਂ ਸਨ। ਹੁਣ ਮੈਂ ਬਾਰੀ'ਚੋਂ ਬਾਹਰ ਵੇਖਦੀ ਹਾਂ, ਬਲੂਤ ਵੱਲ। ਬਲੂਤ ਹਰ ਬੰਦੇ ਤੋਂ ਡਾਢਾ ਹੈ। ਮੁਸਾਸ਼ੀ ਤੋਂ ਵੀ। ਤੇ ਹਰ ਬਲੂਤ ਤੋਂ ਜ਼ਨਾਨੀ ਪਾਏਦਾਰ ਹੈ। ਹਰ ਜ਼ਨਾਨੀ। ਮੈਂ ਹੁਣ ਕਮਰੇ ਵੱਲ ਨਜ਼ਰ ਮਾਰੀ। ਫੂਟੰਨ ( ਜਪਾਨੀ ਮੰਜਾ) ਤੇ ਇੱਕ ਆਦਮੀ ਸੁੱਤਾ ਪਿਆ ਏ। ਉਸ ਦੀ ਪਿੱਠ ਮੇਰੇ ਵੱਲ ਸੀ। ਉਸ ਦੇ ਸਾਹਮਣੇ ਦੀਵਾਰ ਦੇ ਨਾਲ਼, ਕੱਤਾਨਾ ਮਿਆਨ'ਚ ਖੜ੍ਹੀ ਕੀਤੀ ਹੈ। ਮੇਰੀਆਂ ਅੱਖਾਂ ਤਲਵਾਰ ਤੋਂ ਬੰਦੇ ਵੱਲ ਗਈਆਂ। ਮੈਂ ਆਹ ਭਰੀ। ਹਾਂ, ਹੁਣ ਇੰਨ੍ਹਾਂ ਸਾਲਾਂ ਬਾਅਦ ਮੇਰੇ ਕੋਲ਼ ਹੀ ਆ ਗਿਆ ਸੀ। ਪਰ ਹੁਣ ਮੈਂ ਉਸਨੂੰ ਕਦੇ ਡੀਕਿਆ ਨਹੀਂ ਸੀ। ਮੇਰਾ ਵਿਆਹ ਹੋ ਗਿਆ ਸੀ। ਪਰ ਹੁਣ ਫਿਰ ਸਾਡਾ ਸਿਲਸਿਲਾ ਸ਼ੁਰੂ ਹੋ ਗਿਆ ਏ। ਫੂਟੰਨ ਦੇ ਦੂਜੇ ਪਾਸੇ ਇੱਕ ਆਲ਼ੇ ਵਿੱਚ, ਕੱਤਾਨੇ ਦੇ ਨੇੜੇ, ਸ਼ੀਸ਼ਾ ਟੰਗਿਆ ਹੈ। ਉਸ ਦੇ ਵਿੱਚ ਉਸ ਬੰਦੇ ਦਾ ਮੁਖੜਾ ਸਾਫ਼ ਦਿੱਸਦਾ ਹੈ।

ਮੈਂ ਉਸਦੇ ਮੁਖੜੇ ਵੱਲ ਸੀਲ ਨਾਲ਼ ਮੁਸਕਾਨ ਦਿੱਤੀ।

ਮੇਰਾ ਤਕੇਜ਼ੋ ਵਾਪਸ ਆ ਗਿਆ ਹੈ।

ਹਰ ਜਨਮ ਅਸੀਂ ਦੋਨੋਂ ਹੀ ਹੋਵਾਂਗੇ।

ਹਰ ਸਦੀ ਵਿੱਚ ਜਿਉਵਾਂਗੇ।

ਹਰ ਦੇਸ਼'ਚ ਵਸਾਂਗੇ।

ਮੈਂ ਤੇ ਮੇਰਾ ਸਮੁਰਾਈ।

# ਵੈਰੀ

## ੧੯੦੭



ਝੰਬ ਪੈ ਰਹੀ ਹੈ।ਮੈਨੂੰ ਲੱਗਦਾ ਜਿਵੇਂ ਮੇਰੇ ਤੇ ਅਸਮਾਨ ਤੋਂ ਤੀਰਾਂ ਦੀ ਛਹਿਬਰ ਡਿੱਗ ਰਹੀ ਹੈ ਅਤੇ ਧਰਤੀ ਤੇ ਵੱਜ ਵੱਜ ਕੇ ਛਿੱਟੇ ਟੱਪ ਰਹੇ ਨੇ। ਸਭ ਕੁੱਝ ਨਮਦਾਰ ਹੈ। ਧਰਤੀ ਅੰਬਰ ਸਭ ਕੁੱਝ ਨਮਦਾਰ ਹੈ। ਮੈਂ ਅਤੇ ਮੇਰਾ ਕੋਤਲ ਵੀ।ਸਾਹਮਣੇ ਇੱਕ ਖੋਖਾ ਹੈ, ਜਿਸ ਵਿੱਚ ਮੈਨੂੰ ਪਤਾ ਲੱਗਾ ਕਿ ਉਹ ਹੈ।...ਜਿਸਨੇ ਮੇਰੇ ਭਰਾ ਨੂੰ ਮਾਰਿਆ ਸੀ ਡੰਡੇ ਨਾਲ਼! ਮੈਂ ਆਵਦੇ ਕੋਤਲ ਨੂੰ ਰੋਕ ਲਿਆ। ਪਾਣੀ,ਆਬਸ਼ਾਰ ਵਾਂਗਰ ਮੇਰੀ ਟੋਪੀ ਤੋਂ ਸਰੀਰ ਤੇ ਰੋੜ੍ਹਕੇ ਆ ਰਿਹਾ ਹੈ, ਤੇ ਫਿਰ ਕੱਪੜਿਆਂ ਅਤੇ ਘੋੜੇ ਉੱਤੇ। ਮੈਂ ਘੋੜੇ ਤੋਂ ਉਤਰਕੇ ਬੱਲੀ ਤੇ ਲਗਾਮਾਂ ਬੰਨ੍ਹ ਦਿੱਤੀਆਂ। ਖੋਖੇ ਵੱਲ ਝਾਕਿਆ। ਦਰਅਸਲ ਕੁੱਲਾ ਹੀ ਸੀ। ਇੱਥੇਂ ਰਾਹੀ ਰਾਤ ਕੱਟਦੇ ਹੈ।ਮੈਨੂੰ ਦੱਸ ਪਈ ਸੀ ਕਿ ਉਹ ਵੀ ਅੱਜ ਇੱਥੇਂ ਹੀ ਹੋਵੇਗਾ। ਮੈਂ ਸੋਚਿਆ ਸਿੱਧਾ ਸਾਹਮਣਾ ਕਿਉਂ ਕਰਨਾ? ਸੁਣਿਆ ਅੱਜ ਕੱਲ੍ਹ ਬਹੁਤ ਜ਼ਬਰਦਸਤ ਪੱਲਥੇਬਾਜ਼ ਹੈ। ਮਾਰਨਾ ਹੀ ਹੈ ਉਸਨੂੰ, ਜਿਵੇਂ ਕਿਵੇਂ ਵੀ ਹੋਵੇ। ਮੇਰੇ ਪਿੱਛੇ ਦੋ ਹੋ ਬੰਦੇ ਹਨ, ਆਵਦੇ ਘੋੜਿਆ ਤੇ। ਉਹ ਵੀ ਉੱਤਰ ਆਏ। ਮੈਂ ਉਨ੍ਹਾਂ ਨੂੰ ਇਸ਼ਾਰਾ ਕੀਤਾ ਕੁੱਲੇ ਦੇ ਪਾਸਿਆ ਵੱਲ ਜਾਓ। ਇੱਕ ਖੱਬੇ ਪਾਸੇ, ਇੱਕ ਸੱਜੇ। ਉਹ ਮੀਂਹ ਵਿੱਚ ਭਿੱਜਦੇ ਭਿੱਜਦੇ ਆਪਣੇ ਕੱਤਾਨੇ ਕੱਢਕੇ ਚੱਲੇ ਗਏ। ਹੁਣ ਮੀਂਹ ਵੀ ਮੂਸਲਾਧਾਰ ਪੈ ਰਿਹਾ ਹੈ। ਮੈਂ ਆਪਣੇ ਮੂੰਹ ਤੋਂ ਪਾਣੀ ਪੂੰਝਿਆ।

ਉਸ਼ੇਰ ਸਾਰ ਅਸੀਂ ਇੱਥੇਂ ਪੁੱਜ ਗਏ ਹਾਂ। ਬੱਸ ਕੱਲੀ ਮੀਂਹ ਦੀ ਆਵਾਜ਼ ਸੁਣਦੀ ਹੈ। ਮੈਂ ਹੌਲੀ ਹੌਲੀ ਬੂਹਾ ਖੋਲ੍ਹਿਆ। ਅੰਦਰ ਹਨੇਰਾ ਹੈ। ਹੁਣ ਬਾਹਰੋਂ ਬਾਰਸ਼ ਦੀ ਆਵਾਜ਼ ਆ ਰਹੀ ਹੈ ਅਤੇ ਅੰਦਰੋਂ ਕਿਸੇ ਦੇ ਘੁਰਾੜਿਆਂ ਦੀ। ਇਸ ਤੋਂ ਇਲਾਵਾ ਖਾਮੋਸ਼ੀ ਹੈ।

- ਖਾਹੋ,ਖਾਹੋ,ਖਾਹੋ,ਖਾਹੋ,ਖਾਹੋ- ਹੀ ਸੁਣੀ ਜਾਂਦਾ ਹੈ, ਉਸ ਘੁਰਾੜੇਮਾਰ ਤੋਂ। ਹੌਲੀ ਹੌਲੀ ਅੱਖਾਂ ਹਨੇਰੇ'ਚ ਵੀ ਕਾਇਮ ਹੋ ਜਾਂਦੀਆਂ ਨੇ। ਹਾਂ, ਹੁਣ ਦਿੱਸਦਾ ਹੈ! ਦੋ ਹੀ ਆਦਮੀ ਪਏ ਨੇ! ਇੱਕ ਤਾਂ ਬੁੱਢਾ ਲੱਗਦਾ, ਇਸ ਥਾਂ ਦਾ ਠੇਕਾਦਾਰ। ਦੂਜਾ ਸਮੁਰਾਈ ਹੀ ਲੱਗਦਾ। ਉਸਦੀ ਕੱਤਾਨਾ ਮੰਜੇ ਦੇ ਪਾਸੇ ਨਾਲ਼ ਖੜ੍ਹੀ ਕੀਤੀ ਹੈ। ਇਹ ਹੀ ਮੁਸਾਸ਼ੀ ਹੋਵੇਗਾ! ਕਿੰਨ੍ਹੇ ਸਾਲ ਲੱਗੇ ਇਸ ਨੂੰ ਲੱਭਣ ਲਈ। ਪਹਿਲਾਂ ਤਾਂ ਉਹ ਮਤਾਹਚੀ ਭਾਲਣਾ ਪਿਆ! ਫਿਰ ਸਾਲਾਂ ਤੱਕ ਤਕੇਜ਼ੋ ਨੂੰ ਟੋਲਦਾ ਰਿਹਾ, ਪਰ ਇਹ ਨਾਂ ਕੋਈ ਜਾਣਦਾ ਹੀ ਨਹੀਂ ਸੀ! ਫਿਰ ਹਾਰਕੇ ਮਿਯਾਮੋਤੋ ਪੁੱਜਿਆ ਤੇ ਪੱਤਾ ਲੱਗਾ ਕਿ ਨਾਂ ਤਾਂ ਬੇਨੋਸੁੱਕੇ ਹੈ। ਪਰ ਫਿਰ ਵੀ ਕਿਤੇ ਨ੍ਹੀਂ ਪਹੁੰਚਿਆ! ਹਾਰਕੇ ਪਤਾ ਲੱਗਾ ਕਿ ਸਾਰੇ ਲੋਕ ਇਸ ਨੂੰ ਮਿਯਾਮੋਤੋ ਮੁਸਾਸ਼ੀ ਆਖਦੇ ਨੇ। ਫਿਰ ਵੀ ਔਖਾ ਸੀ, ਕਿਉਂਕਿ ਦਿਨੋਂ ਦਿਨ ਉਸਦੀ ਧਾਕ ਜੰਮਦੀ ਜਾਂਦੀ ਸੀ।ਐਨਾ ਸੌਖਾ ਨਹੀਂ ਸੀ, ਕਿਸੇ ਕਿਰਾਏਦਾਰ ਜੀਵ ਘਾਤੀ ਨੂੰ ਭਾਲਣ ਇਸ ਕੰਮ ਲਈ। ਪਰ ਹੁਣ ਦੋ ਗੁੰਡੇ ਮੇਰੇ ਨਾਲ਼ ਹਨ। ਮੈਂ ਕੋਹੇ ਹਾਂ, ਅਤੇ ਤੇਮਾ ਦਾ ਬਦਲਾ ਲੈਣਾ ਹੀ ਹੈ!

ਮੈਂ ਹੌਲੀ ਹੌਲੀ ਸੱਜੀ ਬਾਰੀ ਵੱਲ ਵੱਧਿਆ। ਮੈਂ ਬਾਰੀ ਖੋਲ੍ਹ ਕੇ ਆਪਣੇ ਸਾਥੀ ਨੂੰ ਅੰਦਰ ਵਾੜ ਦਿੱਤਾ। ਦੂਜੇ ਨੇ ਸਾਨੂੰ ਖੱਬੀ ਬਾਰੀ'ਚੋਂ ਵੇਖ ਲਿਆ ਤੇ ਖ਼ੁਦ ਅੰਦਰ ਆ ਗਿਆ ਹੈ। ਇੱਕ ਨੂੰ ਇਸ਼ਾਰਾ ਕੀਤਾ ਬੁੱਢੇ ਕੋਲ਼ ਜਾਣ ਦਾ। ਦੂਜੇ ਨਾਲ਼ ਮੰਜੇ ਵੱਲ ਤੁਰ ਪਿਆ। ਮੁਸਾਸ਼ੀ ਬਿਨ੍ਹਾਂ ਜਾਣਿਆ ਘੁਰਾੜੇ ਹੀ ਮਾਰੀ ਗਿਆ।

-ਖਾਹੋ, ਖਾਹੋ, ਖਾਹੋ, ਖਾਹੋ, ਖਾਹੋ-। ਅਸੀਂ ਆਵਦੀਆਂ ਤਲਵਾਰਾਂ ਦੀਆਂ ਨੋਕਾਂ ਉਸਦੀ ਹਿੱਕ ਵੱਲ ਕੀਤੀਆਂ ਅਤੇ ਹੱਥੀ ਫੜ੍ਹਕੇ ਬਾਹਾਂ ਉੱਪਰ ਚੱਕੀਆਂ। - ਖਾਹੋ, ਖਾਹੋ, ਖਾਹੋ...- ਪਤਾ ਨਹੀਂ ਕਿਵੇਂ, ਉਸਦੀ ਇੱਕ ਆਸਤੀਨ'ਚੋਂ ਇੱਕ ਛੁਰਾ ਨਿਕਲ਼ ਗਿਆ ਤੇ ਮੇਰੇ ਸਰੀਰ'ਚ ਖੋਭ ਦਿੱਤਾ। ਮੇਰੇ ਸਾਥੀ ਦੀ ਕੱਤਾਨੇ ਨੂੰ ਪਾਸੇ ਮਾਰਿਆ ਆਵਦੀ ਹਾਲੇ ਮਿਆਣ'ਚ ਪਈ ਤਲਵਾਰ ਨਾਲ਼ ਜਿਸਨੂੰ ਉਸਨੇ ਦੂਜੇ ਹੱਥ ਨਾਲ਼ ਚੱਕ ਲਈ ਸੀ ਮੰਜੇ ਦੇ ਪਾਸੇ ਤੋਂ। ਮੈਂ ਡਰ ਗਿਆ ਅਤੇ ਬਾਹਰ ਦੌੜ ਗਿਆ। ਹੁਣ ਮੀਂਹ'ਚ ਖੜ੍ਹਾ ਹਾਂ। ਮੇਰੇ ਪੇਟ'ਚੋਂ ਲਹੂ ਨਿਕਲ਼ ਨਿਕਲ਼ ਝਾੜ ਝੰਬ'ਚ ਰਲਦਾ ਹੈ; ਮੈਂ ਗੋਡੇ ਭਾਰ ਚਿੱਕੜ'ਚ ਹਾਂ, ਇੱਕ ਹੱਥ'ਚ ਹਾਲੇ ਕੱਤਾਨਾ ਤਿਆਰ। ਅੰਦਰੋਂ ਆਵਾਜ਼ਾਂ ਆ ਰਹੀਆਂ ਨੇ। ਜ਼ਿਆਦਾ - ਹਈ ਹਈ!- ਸੁਣ ਰਿਹਾ ਹੈ, ਉਹ ਵੀ ਮੇਰੇ ਸਾਥੀਆਂ ਦੀਆਂ ਚੀਕਾਂ ਲੱਗ ਰਹੀਆਂ ਨੇ! ਮੈਂ ਖੜ੍ਹ ਗਿਆ, ਲੜਣ ਲਈ ਤਿਆਰ।

ਫ਼ਲਕ ਦੇ ਅੱਥਰੂ ਜੋਰ ਦੇਣੀ ਡਿੱਗ ਰਹੇ ਨੇ, ਜਿਵੇਂ ਬੱਦਲ਼ ਹੇਠ ਨੇਜ਼ੇ ਭੇਜ ਰਹੇ ਨੇ। ਲਹੂ ਭਿੱਜਾ ਤੇ ਗੜੁੱਚਿਆ ਹਾਂ ਮੈਂ। ਬੂਹਾ ਖੁਲ੍ਹਦਾ ਤੇ ਬਾਹਰ ਤੇਮੇ ਦਾ ਕਾਤਲ, ਮਿਯਾਮੋਤੋ ਮੁਸਾਸ਼ੀ ਆ ਖੜ੍ਹਦਾ, ਇੱਕ ਹੱਥ'ਚ ਕੱਤਾਨਾ, ਇੱਕ'ਚ ਛੁਰਾ।

- ਕੋਣ ਹੈ ਤੂੰ?-

- ਮੈਂ ਕਹੇ ਹਾਂ। ਤੇਮੇ ਦਾ ਭਰਾ। ਯਾਦ ਹੈ?-

ਥੋੜ੍ਹਾ ਚਿਰ ਚੁੱਪ ਰਹਿੰਦਾ, ਫਿਰ ਬੋਲਿਆ, - ਆਹੋ ਯਾਦ ਹੈ। ਇੱਕ ਦਿਨ ਤਾਂ ਤੂੰ ਆਉਣਾ ਹੀ ਸੀ- ਫਿਰ ਛਾਲ ਮਾਰ ਕੇ ਮੇਰੇ ਵੱਲ ਆਉਂਦਾ ਏ ਇੱਲ ਵਾਂਗਰ, ਜਿਵੇਂ ਮੈਂ ਹੀ ਸੱਸਾ ਹੁੰਦਾ...

# ਗੇਸ਼ਾ

## ੧੯੧੮



ਮੈਂ ਤਾਂ ਆਦਮੀ ਦੀ ਖੇਡ ਹਾਂ।

ਉਸਨੂੰ ਖ਼ੁਸ਼ ਰੱਖਣ ਲਈ ਸਾਜ਼ ਵਜਾਉਂਦੀ ਹਾਂ।ਨੱਚਦੀ ਹਾਂ।ਖੇਡਾਂ ਖੇਡਦੀ ਹਾਂ। ਉਸ ਲਈ ਇੱਕ ਪਰਚਾਵਾ ਹਾਂ। ਕੁੱਝ ਮਰਦ ਤਾਂ ਮੈਨੂੰ ਯਾਰਨੀ ਸਮਝਦੇ ਹੈ। ਕੁੱਝ ਮੈਨੂੰ ਕਸਬਨ। ਮੈਂ ਤਾਂ ਖੇਡ ਹਾਂ।ਇੱਕ ਪੁਤਲੀ ਉਂਗਲੀਆਂ ਤੇ ਨੱਚਣ ਵਾਲੀ। ਜਦ ਮੈਂ ਬੱਚੀ ਸਾਂ, ਇੱਕ ਮੈਕੋ ਸੀ। ਮਤਲਬ ਇੱਕ ਗੁੱਡੀਆ, ਜਿਸ ਨੂੰ ਤਿਆਰ ਕਰ ਰਹੇ ਸਨ ਗੇਸ਼ਾ ਬਣਾਉਣ ਲਈ। ਜਦ ਮੈਂ ਮੈਕੋ ਬਣੀ ਸੀ ਮੇਰਾ ਤਾਂ ਨਾਂ ਬਦਲ ਦਿੱਤਾ ਅਤੇ ਨਵਾਂ ਨਾਂ ਦਿੱਤਾ।ਸੀ ਕਿਰਾ। ਹੁਣ ਨਾਂ ਹੈ ਮਿਸਾ। ਇਸ ਨਾਂ ਦਾ ਮਤਲਬ ਹੈ ਸੁੰਦਰ ਬਾਲੂ। ਕਿਰਾ ਦਾ ਮਤਲਬ ਸਾਉਲ਼ਾ। ਹੁਣ ਤਾਂ ਸਾਉਲ਼ਾ ਰੰਗ ਨਹੀਂ ਰਿਹਾ ਕਿਉਂਕਿ ਸਾਡੇ ਮੁਖੜੇ ਤੇ ਬਹੁਤ ਜ਼ਿਆਦਾ ਚਿੱਟਾ ਪਾਊਡਰ ਲਾਇਆ ਹੁੰਦਾ ਹੈ, ਰੰਗ ਗੋਰਾ ਕਰਨ ਨੂੰ। ਮੈਂ ਜਦ ਸ਼ੀਸ਼ੇ ਵਿੱਚ ਝਾਕੀ ਤਾਂ, ਮੈਨੂੰ ਲੱਗਾ ਕੋਈ ਸਫ਼ੈਦ ਭੂਤ ਵਾਪਸ ਤਾੜਦਾ ਰਿਹਾ ਹੋਵੇ! ਇੱਕ ਗੱਲ ਤਾਂ ਸਮਝਣੀ ਚਾਹੀਦੀ ਹੈ ਕਿ ਅਸੀਂ ਗਨਕਾਂ ਨਹੀਂ ਹਾਂ। ਗਨਕਾਂ ਫੁੱਲਾਂ ਵਾਂਗ ਹੁੰਦੀਆਂ ਸਾਡੇ ਬੰਦਿਆਂ ਦੀਆਂ ਨਜ਼ਰਾਂ ਵਿੱਚ। ਅਸੀਂ ਦਾੜ੍ਹੀ ਵਾਲ਼ੇ ਰੁੱਖ ਵਾਂਗਰ ਹਾਂ...ਫੁੱਲ਼ ਹੁੰਦੇ ਕੋਮਲ ਸੋਹਣੇ...ਦਾੜ੍ਹੀ ਗਿਆਤੇ। ਫਿਰ ਸਾਥੋਂ ਉਹ ਕੰਮ ਵੀ ਕਰਾਉਂਦੇ ਨੇ ਇਹ ਪਤਵੰਤ ਮਰਦ!

ਕੁੱਝ ਕੁੜੀਆਂ ਨਾਚ ਵਿੱਚ ਕਾਮਲ ਕਮਾਲ ਹਨ! ਕੁੱਝ ਸੁਖਨ ਵਿੱਚ ਮਾਹਰ ਹਨ। ਕਾਮ'ਚ ਅਸੀਂ ਸਾਰੀਆਂ ਪਰਬੀਨ ਹਾਂ! ਸਭ ਨੂੰ ਸੂਈ ਦੇ ਨੱਕ ਵਿੱਚੋਂ ਕੱਢਿਆ ਹੈ! ਆਹੋ, ਇਹੀ ਮੇਰੀ ਜ਼ਿੰਦਗੀ ਹੈ ਪੰਜ ਵਰ੍ਹਿਆਂ ਦੀ ਉਮਰ ਤੋਂ! ਅਠਾਰਾਂ ਤੋਂ ਬਾਅਦ ਕਾਮ ਦਾ ਚੱਕਰਾ ਸ਼ੁਰੂ ਹੋ ਜਾਂਦਾ ਹੈ! ਗੇਸ਼ਣਾਂ ਵੀ ਕਈ ਕਿਸਮ ਦੀਆ ਨੇ! ਓਏਰਨ ਤਾਂ ਕੇਵਲ ਗਾਉਂਦੀ ਹੈ ਅਤੇ ਸ਼ਾਇਰੀ ਸੁਣਾਉਂਦੀ ਹੈ ਜਾਂ ਵਾਜੇ ਵਜਾਉਂਦੀ ਹੈ।ਉਸ ਨੂੰ ਕੋਠੀ ਵਿੱਚ ਬੰਦ ਰਖਿਆ ਹੁੰਦਾ, ਤਾਂ ਕਿ ਕੋਈ ਉਸ ਨੂੰ ਹੱਥ ਨਾ ਲਾਵੇ! ਦੂਜੀਆਂ ਗੇਸ਼ਣਾਂ'ਚੋਂ ਇੱਕ ਕਿਸਮ ਆਦਮੀ ਦੀ ਸਹੇਲੜੀ ਹੁੰਦੀ, ਅਤੇ ਆਖਰੀ...ਦੱਸਣ ਦੀ ਲੋੜ ਨਹੀਂ ਹੈ। ਤਿੰਨਾਂ ਨਾਲ਼ ਵਕਤ ਕੱਟਣ ਲਈ ਬੰਦੇ ਨੂੰ ਕੁਟਣੀ ਨੂੰ ਪੈਸੇ ਦੇਣੇ ਪੈਂਦੇ ਹੈ। ਇਹ ਹੈ ਸਾਡਾ ਪੇਸ਼ਾ।

ਮੈਂ ਆਖਰੀ ਕਿਸਮ ਦੀ ਗੇਸ਼ਾ ਹਾਂ। ਇਹ ਮੇਰੀ ਮਰਜ਼ੀ ਦੀ ਗੱਲ ਨਹੀਂ। ਬਾਈ ਦੀ ਮਰਜ਼ੀ ਹੈ। ਜਦ ਮੈਕੋ ਸੀ, ਓਦੋਂ ਉਹ ਦਿਨ ਆਇਆ ਜਦੋਂ ਮੇਰਾ ਕੁਆਰਾਪੁਣਾ ਨਿਲਾਮ ਹੋਇਆ। ਉਸ ਤੋਂ ਬਾਅਦ ਮੈਂ ਮੇਰਾ ਜੀ ਖੱਟਾ ਹੋ ਗਿਆ। ਆਦਮੀ ਦੇ ਖ਼ੁਦ ਧੀਆਂ ਸਨ, ਪਰ ਇਸ ਦਾ ਕੀ ਮਤਲਬ ਹੈ? ਦੁਨੀਆਦਾਰੀ ਦੀ ਖੇਡ ਹੀ ਹੈ।

ਮੈਂ ਉਸ ਦਿਨ ਤੋਂ ਬਾਅਦ ਸੋਚਣ ਲੱਗ ਪਈ ਕਿ ਬੰਦੇ ਲਈ ਕਈ ਲਫ਼ਜ਼ ਨੇ। ਪਰ ਹਰ ਸ਼ਬਦ ਦਾ ਭਾਵ ਮੁਸਬਤ ਹੈ। ਪਰ ਜਿਹੜੇ ਲਫ਼ਜ਼ ਨਾਰੀ ਦਾ ਵਖਾਣ ਕਰਦੇ ਨੇ ਜਿਵੇਂ...ਔਰਤ,ਤੀਵੀਂ, ਜ਼ਨਾਨੀ ਅਬਲਾ,ਕੰਜ,ਡੈਣ, ਫਾਫਾਂ, ਭੰਡ, ਮੰਗ,ਰੰਨ,ਵੇਸਵਾ,ਰੰਡੀ, ਕੰਜਰੀ...ਹਾਲੇ ਤਾਂ ਬਹੁਤ ਹੋਰ ਨੇ! ਸਾਰੇ ਹੀ ਨਾਂਹਵਾਚੀ ਨੇ। ਜੋ ਰਹਿ ਗਏ, ਉਨ੍ਹਾਂ ਦਾ ਭਾਵ ਹੈ ਕਿ ਜ਼ਨਾਨੀ ਬੰਦੇ ਦੀ ਦਾਸਤਾ ਵਿੱਚ ਹੈ। ਰਾਤ ਦੀ ਤਰ੍ਹਾਂ ਹੈ ਇਸਤਰੀ, ਦਿਨ ਵਾਂਗ ਹੈ ਆਦਮੀ। ਕਿਉਂ? ਰਕਾਨ ਕਾਲੀ ਹੈ ਤੇ? ਆਦਮੀ ਗੋਰਾ ਹੈ? ਹਰ ਲਿੰਗ ਵੀ ਇਵੇਂ ਹੀ ਹੈ। ਸੋ ਮੇਰੇ ਵਰਗੀ ਦਾ ਜੀਵਨ ਭਾਵੇਂ ਗੇਸ਼ਾ ਭਾਵੇਂ ਸਾਹਿਬਣ, ਬੰਦੇ ਤੋਂ ਨੀਚ ਵਾਲਾ ਹੀ ਹੈ? ਪਰ ਇਹ ਗੁੱਸਾ ਕਦੇ ਮਿਟ ਵੀ ਜਾਂਦਾ ਜਦ ਕਦੀ ਕਦੀ ਕੋਈ ਚੰਗੇ ਦਿਲ ਵਾਲ਼ਾ ਵੀ ਮੇਰੇ ਬਿਸਤਰੇ'ਚ ਆ ਵੜਦਾ। ਕੀ ਪਤਾ ਹਰ ਆਦਮੀ ਤਾਂ ਨਹੀਂ ਦੋਗਲ਼ਾ ਹੈ?

ਪਰ ਮੈਂ ਉਸ ਮਰਦ ਦੀ ਵੀ ਖ਼ੇਡ ਹਾਂ।

ਇੱਕ ਦਿਨ ਆਦਮੀ ਆਇਆ ਜਿਸ ਨਾਲ਼ ਧੂਹ ਪਈ। ਜਵਾਨ ਹੈ। ਛਾਤੀ ਚੌੜ੍ਹੀ, ਚੇਹਰਾ ਚੰਦ ਵਰਗਾ, ਸੱਚਮੁੱਚ ਵਰਿਆਮ ਲਗਦਾ ਹੈ। ਹੈ ਤਾਂ ਰੋਡੂ ( ਕੰਨਾਂ ਦੇ ਆਲ਼ੇ ਦੁਆਲ਼ੇ ਵਾਲ਼ ਹੈ ਤੇ ਬੋਧੀ ਵੀ ਹੈ), ਦਾੜ੍ਹੀ ਵੀ ਰੱਖੀ ਨਹੀਂ। ਲੰਬਾ ਕੱਦ ਹੈ, ਤਕਰੀਬਨ ਪੰਜ ਫੁੱਟ ਛੇ। ਖ਼ੈਰ ਜਪਾਨੀ ਲਈ ਤਾਂ ਕਾਫ਼ੀ ਹੀ ਲੰਬਾ ਹੈ! ਜਦ ਉਸਨੇ ਕਿਮੋਨੋ ਲਾਹਿਆ, ਉਸਦੀਆਂ ਬਾਹਾਂ ਦੇ ਡੌਲ਼ੇ ਗੋਲ਼ੇ ਵਾਂਗ ਨੇ, ਅਤੇ ਢਿੱਡ ਦੇ ਸਾਫ਼ ਛੇ ਅੱਠ ਸਡੌਲ਼ ਤਵੇ ਜਾਪਦੇ ਨੇ। ਪੂਰਾ ਛੀਟਕਾ ਰਾਂਝਾ ਲੱਗਦਾ। ਉਸਦਾ ਨਾਂ ਤੋਸ਼ੀਰੋ ਹੈ।

ਤੋਸ਼ੀਰੋ ਲਈ ਮੈਂ ਪਹਿਲਾਂ ਗਾਉਂਦੀ ਐ। ਤੋਸ਼ੀਰੋ ਲਈ ਫਿਰ ਮੈਂ ਨੱਚਦੀ ਐ। ਤੋਸ਼ੀਰੋ ਲਈ ਫਿਰ ਮੈਂ ਚਿਕਾਰਾ ਵਜਾਉਂਦੀ ਐ। ਫਿਰ...ਉਸਦੇ ਜਿਸਮ'ਚ ਹੀ ਹੋਰ ਦੁਰਗੰਧ ਸਰੀਰਾਂ ਨੂੰ ਭੁੱਲਾਉਣਾ ਚਾਹੁੰਦੀ ਏ।ਪੂਜਾ ਭੇਟ ਵਾਂਗ, ਪਰ ਤਾਈ ਆਪਨੂੰ ਉਸਨੂੰ ਦੇ ਦਿੰਦੀ ਹਾਂ, ਕਿਉਂਕਿ ਅਸੀਲ ਆਦਮੀ ਹੈ, ਰਟ ਲਾਉਣ ਵਾਲ਼ਾ ਨਹੀਂ ਹੈ।ਦੂਜੇ ਸਾਰੇ ਧਗੜ ਨੇ। ਤੋਸ਼ੀਰੋ ਸਹਿਕਾਰੀ ਹੈ, ਜੋ ਮੈਂ ਚਾਹੁੰਦੀ ਹਾਂ ਕਰਦਾ ਹੈ। ਮੇਰੇ ਵਿੱਚ ਪਿਆਰ ਦੀ ਅੱਗ ਬਾਲਣੀ ਜਾਣਦਾ ਹੈ। ਘਰਕਦੀ ਘਰਕਦੀ ਸੋਚਦੀ ਹਾਂ ਹੋਰ ਤਾਂ ਸਾਰੇ ਆਪਣੇ ਜਿਸਮ ਦੀ ਭੱਖ ਹੀ ਪੂਰੀ ਕਰਦੇ ਨੇ, ਪਰ ਤੋਸ਼ੀਰੋ ਤਾਂ ਲੱਗਦਾ ਮੇਰੀਆਂ ਵੀ ਇੱਛਾਂ ਪੂਰੀਆਂ ਕਰੇਗਾ। ਕਿਉਂ ਨਹੀਂ? ਜੇ ਇਸ ਤਰ੍ਹਾਂ ਮੈਨੂੰ ਬਿਸਤਰੇ ਤੇ ਲੇਟਣਾ ਪੈਂਦਾ ਏ, ਫਿਰ ਮੈਂ ਕਿਉਂ ਨਹੀਂ ਆਪਣੇ ਕਾਮਾਤੁਰ ਪੂਰੇ ਕਰਾਂ? ਨਾਰੀ ਦੀਆਂ ਵੀ ਹਿਰਸਾਂ ਹੁੰਦੀਆਂ ਨੇ। ਕੱਲੇ ਮਰਦ ਦੇ ਹੀ ਹਿਰਾਟ ਲਈ ਮੈਂ ਗੁੱਡੀ ਨਹੀਂ ਹਾਂ। ਜੇ ਤੋਸ਼ੀਰੋ ਨੂੰ ਮੈਂ ਮਨਾਂ ਵੀ ਸਕਦੀ ਹਾਂ

ਕਿ ਇੱਥੋਂ ਮੈਨੂੰ ਲੈ ਜਾ, ਮੈਂ ਤਾਂ ਹੁਣ ਉਸਨੂੰ ਮਨਾਂ ਕੇ ਹੀ ਹਟੂ! ਤੋਸ਼ੀਰੋ ਜਵਾਨ ਸਮੁਰਾਈ ਹੈ ਜਿਸ ਨੇ ਹਾਲੇ ਤੱਕ ਵਿਆਹ ਨਹੀਂ ਕਰਵਾਇਆ ਹੈ। ਹੋ ਸਕਦਾ ਕਿ ਕਦੀ ਇਸ ਤਰ੍ਹਾਂ ਦਾ ਨਰਮ ਮਿਜ਼ਾਜ ਸੂਰਮਾ ਮੇਰੀ ਵਰਗੀ ਇਸਤਰੀ ਨੂੰ ਆਪਦੀ ਹੀਰ ਬਣਾ ਲਵੇ? ਹੋ ਸਕਦਾ? ਕਾਸ਼! ਇਹ ਮੇਰਾ ਕੂੜਾ ਸੁਪਨਾ ਹੈ, ਜਾਂ ਹੋਣੀ ਗੱਲ ਹੈ? ਜਦ ਉਹ ਤੇ ਮੈਂ ਪਿਆਰ ਕਰਨੋ ਹੱਟ ਜਾਂਦੇ ਹਾਂ ਤਾਂ ਫਿਰ ਹੋਸ਼ ਆ ਜਾਂਦੀ ਮੈਨੂੰ। ਹਾਂ, ਹੋਸ਼ ਵਿੱਚ ਕੱਚਾ ਸੱਚ ਹੀ ਸਾਹਮਣੇ ਆ ਖੜ੍ਹ ਜਾਂਦਾ।ਮੈਂ ਕੀ ਸੋਚ ਰਹੀ ਹਾਂ?

ਤੋਸ਼ੀਰੋ ਦੀ ਵੀ ਖੇਡ ਹਾਂ।




ਮੈਂ ਆਦਮੀ ਦੀ ਖ਼ੇਡ ਹਾਂ।ਉਸ ਲਈ ਪਰਚਾਵਾ ਹਾਂ। ਕੁੱਝ ਮਰਦ ਤਾਂ ਮੈਨੂੰ ਯਾਰਨੀ ਸਮਝਦੇ ਹੈ। ਕੁੱਝ ਮਰਦ ਮੈਨੂੰ ਕਸਬਨ।

ਕੁੱਝ ਦਿਨਾਂ ਬਾਅਦ ਤਾਂ ਤੋਸ਼ੀਰੋ ਆਇਆ ਨਹੀਂ। ਅੱਗੇ ਆਮ ਹੀ ਹਰ ਜੁਮੇਰਾਤ ਆਉਂਦਾ ਸੀ, ਸੱਤ ਵੱਜੇ ਤੀਕ। ਉਂਝ ਵੈਸੇ ਮੈਨੂੰ ਤਾਂ ਕੋਈ ਫਰਕ ਨਹੀਂ ਕਿ ਕੋਈ ਸਾਡਾ ਖਰੀਦਾਰ ਆਉਂਦਾ ਜਾਂ ਨਹੀਂ। ਸਗੋਂ ਮੇਰੇ ਲਈ ਤਾਂ ਇਹ ਦਮ ਲੈਣ ਸਮਾਂ ਹੁੰਦਾ ਹੈ। ਪਰ ਤੋਸ਼ੀਰੋ ਬਿਨ੍ਹਾਂ ਮੇਰਾ ਦਿਲ ਦੁੱਖਦਾ ਹੈ। ਉਸਦੀਆਂ ਮਿੱਠੀਆਂ ਗੱਲਾਂ ਬਾਤਾਂ ਦੀ ਘਾਟ ਮਹਿਸੂਸ ਹੁੰਦੀ ਏ! ਮੈਂ ਉਸਦੀ ਗੁੱਡੀ ਨਹੀਂ ਹੈ, ਪਰ ਉਹ ਮੇਰਾ ਗੁੱਡਾ ਹੈ! ਇਸ ਪੁੱਠੀ ਜ਼ਿੰਦਗੀ ਦਾ ਇੱਕ ਹੀ ਪੁਰਸਕਾਰ ਹੈ। ਫਿਰ ਇੱਕ ਹੋਰ ਹੂਰ ਨੇ ਮੈਨੂੰ ਦੱਸ ਦਿੱਤਾ ਕਿ ਉਹ ਕਿਉਂ ਨਹੀਂ ਪਹੁੰਚਿਆ। ਮੈਂ ਤਾਂ ਉੱਥੇਂ ਹੀ ਹੋਸ਼ ਗਵਾ ਡਿੱਗਣ ਲੱਗੀ ਸੀ! ਕਿਉਂ ਕੰਨ ਭਰੇ! ਦੇਹ ਤਿਆਗ ਕਰਨਾ ਚਾਹਿਆ! ਪਤਾ ਲੱਗਾ ਹੈ ਕਿ ਉਸਨੇ ਮਿਯਾਮੋਤੋ ਨਾਲ਼ ਟੱਕਰ ਲਈ ਹੈ। ਉਸ ਬੁੱਢੇ ਨਾਲ਼ ਜਿਹੜਾ ਹਾਲ਼ੇ ਵੀ ਨੌਜਵਾਨਾਂ ਦਾ ਅੰਤ ਕਰ ਦਿੰਦਾ ਹੈ! ਮੈਂ ਡੁਸਕ ਡੁਸਕ ਕੇ ਰੋਈ! ਮੇਰੇ ਸਾਰੇ ਸੁਪਨੇ ਤੋੜ ਦਿੱਤੇ, ਉਸਨੇ! ਹੁਣ ਤਾਂ ਦੂਜੀਆ ਗੇਸ਼ਣਾਂ ਵਾਂਗ ਮੈਂ ਤੁਰਦੀ ਫਿਰਦੀ ਲਾਸ਼ ਹੀ ਹੈ, ਜਿਸਦੀ ਕੋਈ ਆਸ ਨਹੀਂ ਹੈ। ਜਿਸਦਾ ਜਿਉਂਦੇ ਰਹਿਣ ਦਾ ਤਰਕ ਕੋਈ ਵੀ ਨਹੀਂ ਹੋਵੇਗਾ! ਜੀ ਕਰਦਾ ਜ਼ਹਿਰ ਪੀ ਕੇ ਮਰਜਾ! ਪਰ ਹਾਰਕੇ ਮੈਂ ਚੇਤਾ ਭੁੱਲਾ ਦਿੱਤਾ! ਹੋਰ ਕੀ ਕਰਦੀ? ਸੋਚ ਲਿਆ ਮੈਂ ਕੀ ਹਾਂ।

ਮੈਂ ਤਾਂ ਨਰ ਦੀ ਖੇਡ ਹਾਂ।

ਪਰ ਗੱਲ ਇੱਥੇਂ ਵੀ ਨਹੀਂ ਮੁੱਕੀ।

ਪੰਜ ਦਿਨ ਬੀਤ ਗਏ, ਤੇ ਇੱਕ ਹੋਰ ਅਸਾਮੀ ਆਇਆ। ਉੱਪਰੋਂ ਉਸਨੇ ਕੇਸਾਂ ਦੀ ਹਜਾਮਤ ਕੀਤੀ ਸੀ, ਐਨ ਮੇਰੇ ਤੋਸ਼ੀਰੋ ਵਾਂਗਰ। ਉਸਦੇ ਲਾਲ ਕਿਮੋਨੋ ਪਾਇਆ ਤੇ ਅੱਧਾ ਅਨਦਾੜ੍ਹੀਆ ਹੈ। ਮੈਂ ਤਾਂ ਹਾਲੇ ਵੀ ਤੋਸ਼ੀਰੋ ਲਈ ਸੋਗ ਮਨਾਉਂਦੀ ਪਈ ਹਾਂ। ਪਰ ਮੈਨੂੰ ਆਦੇਸ਼ ਦਿੱਤਾ ਕਿ ਉਸਨੂੰ ਬੈਠਕ'ਚ ਲਿਜਾਕੇ ਅਗਵਾਨੀ ਕਰ। ਲੋਥ ਵਾਂਗਰ ਤੁਰੀ ਉਸ ਸੁਫ਼ੇ ਵੱਲ। ਹੋਸ਼ ਨਹੀਂ ਹਾਂ। ਨੀਵੀਂ ਪਾਈ ਧਰਤੀ ਵੱਲ ਝਾਕੀ ਜਾਂਦੀ ਤੁਰ ਰਹੀ ਹਾਂ। ਜਦ ਪੁੱਜੀ ਚੁੱਪ ਚਾਪ ਬਿਨ੍ਹਾਂ ਤਕੱਲਫ਼ ਬਹਿ ਗਈ, ਗੋਡੇ ਭਾਰ ਉਸਦੇ ਸਾਹਮਣੇ। ਚਾਹਦਾਨੀ ਆਦਿ ਸਾਡੇ ਵਿਚਾਲੇ ਧਰੇ ਹੋਏ ਹਨ। ਹੱਥ ਆਪਣੇ ਆਪ ਚੱਲਦੇ ਹੈ, ਹਰ ਰਸਮ ਪੂਰਾ ਕਰਦੇ। ਫਿਰ ਮੇਰੀ ਨੀਵੀਂ ਕੀਤੀ ਨਜ਼ਰ ਨੇ ਉਸਦੇ ਹੱਥ ਦੇਖੇ ਪਿਆਲੀ ਨੂੰ ਚੱਕਦੇ। ਜਿਵੇਂ ਉਸ ਦੀ ਪਿਆਲੀ ਉਸਦੇ ਹੋਠ ਵੱਲ ਗਈ, ਮੇਰੀਆਂ ਅੱਖਾਂ ਵੀ ਉਸ ਤਰ੍ਹਾਂ ਮਗਰ ਗਈਆਂ। ਇੰਝ ਉਸਦਾ ਮੁਖ ਦੇਖਿਆ। ਇੱਕ ਦਮ ਸਮਝ ਨਹੀਂ ਆਈ ਕੌਣ ਸੀ। ਜਦ ਪਹਿਲਾਂ ਮੈਨੂੰ ਨਾਂ ਦੱਸਿਆ ਮੈਂ ਧਿਆਨ ਨਹੀਂ ਕੀਤਾ। ਹੁਣ ਜਿਹੜੇ ਵੇਰਵੇ ਦਿੱਤੇ, ਸਭ ਨਜ਼ਰ ਆਏ। ਹਰ ਤਫ਼ਸੀਲ। ਹੁਣ ਉਸਦਾ ਨਾਂ ਯਾਦ ਆ ਗਿਆ! ਉਸਨੂੰ ਜਾਣਦੀ ਹਾਂ!

ਮਿਯਾਮੋਤੋ ਹੈ!

ਮਿਯਾਮੋਤੋ ਵੀ ਕਈ ਬਾਰ ਸਾਡੀ ਕੋਠੀ ਆਇਆ ਹੈ।ਜੀਅ ਕਰਦਾ ਸੀ ਉਸਨੂੰ ਮਰਾ ਦਿਆਂ! ਪਰ ਕੀ ਕਰਦੀ? ਮੈਂ ਤਾਂ ਗਸ਼ ਖਾ ਡਿੱਗਣ ਲੱਗੀ, ਜਦ ਉਸਨੇ ਮੇਰੀ ਕਲਾਈ ਫੜ੍ਹ ਲਈ। ਉਹ ਚਾਹ ਰੱਖ ਕੇ, ਆਪਣੇ ਗੋਡਿਆ ਤੇ ਤੁਰ ਕੇ ਹੀ ਮੇਰੇ ਕੋਲ਼ ਆ ਗਿਆ ਅਤੇ ਬਾਹਾਂ'ਚ ਲੈ ਲਿਆ। ਹਾਏ ਮੈਂ ਮਰਜਾ! ਇਹ ਤਾਂ ਤੋਸ਼ੀਰੋ ਦਾ ਵੈਰੀ ਹੈ, ਉਸਦਾ ਹਤਿਆਰਾ!

ਮੈਂ ਹੁਣ ਉਸਦੀ ਖੇਡ ਹਾਂ?

- ਆਪਣੇ ਆਪ ਨੂੰ ਸੰਭਾਲ – ਅਸੀਲ ਆਵਾਜ਼ ਵਿੱਚ, ਉਸਨੇ ਕਿਹਾ; ਐਨ ਜਿੱਦਾਂ ਮੇਰਾ ਤੋਸ਼ੀਰੋ, ਉਸਦਾ ਸ਼ਿਕਾਰ ਬੋਲਦਾ ਹੁੰਦਾ ਸੀ!

- ਤੂੰ…ਤੂੰ…ਤੂੰ…– ਹੋਰ ਕੁੱਝ ਮੈਂਥੋਂ ਕਹਿ ਨਹੀਂ ਹੋਇਆ।

- ਮੈਂ ਜਾਂਦਾ ਹਾਂ ਤੂੰ ਤੋਸ਼ੀਰੋ ਦੀ ਕਾਮਣੀ ਏ।ਰੜਕ ਨਹੀਂ ਰੱਖਣੀ ਮੇਰੇ ਨਾਲ਼… ਮੈਂ ਕੇਵਲ ਮਾਫ਼ੀ ਮੰਗਣ ਆਇਆ ਸੀ।ਸੱਚ। ਉਸ ਅਭੈ ਆਦਮੀ ਨੂੰ ਮਾਰਨਾ ਨਹੀ ਚਾਹੁੰਦਾ ਸੀਗਾ… ਪਰ ਗੱਲ ਨੂੰ ਸਮਝੀ...ਉਸ ਨੇ ਮੇਰੇ ਸਾਮੰਤ ਦਾ ਅਪਮਾਨ ਕੀਤਾ! ਕੀ ਕਰਾਂ…–

- ਕੀ ਕਰਾਂ? ਕੀ ਕਰਾਂ! ਤੁਸੀਂ ਸਾਰੇ ਇੱਕੋਂ ਜਿਹੇ ਨੇ! ਬਾਂਦਰ! ਸਾਲੇ!...– ਇੱਕ ਦਮ ਮੈਨੂੰ ਗੁੱਸਾ ਚੜ੍ਹ ਗਿਆ।

- ਦੇਖ…ਨਿਆਂ ਭੇੜ ਸੀ…–

- ਤੂੰ ਏਥੇਂ ਆਇਆ ਕਿਉਂ?- ਮੈਂ ਤਾਂ ਉਸਨੂੰ ਸੁਣਦੀ ਵੀ ਨਹੀਂ।

- ਮੈਂ ਮਾਫ਼ੀ ਮੰਗਣ ਆਇਆ...ਮੈਂ ਹੁਣ ਸਾਮੰਤ ਦਾ ਸਿਪਾਹ ਸਲਾਰ ਹਾਂ। ਕੁੱਝ ਭੋਜ ਹੁਣ ਹੈ ਮੇਰੇ...ਮੈਂ ਤੇਰੇ ਲਈ ਮੁੰਡਾ ਭਾਲੂਗਾ...ਵਿਆਹ ਲਈ...-

- ਕੀ?- ਮੇਰੇ ਪਹਿਲਾਂ ਤਾ ਇਹ ਗੱਲ ਨਹੀਂ ਪੱਲੇ ਪਈ ਕਿ ਇੱਕ ਗੇਸ਼ਾ ਤੋਂ ਖਿਮਾ ਲੈਂਣ ਆਇਆ ਮਹਾਨ ਸਮੁਰਾਈ। ਤੇ ਫਿਰ ਇੱਕ ਗੇਸ਼ਾ ਦਾ ਰਿਸ਼ਤਾ ਵੀ ਮੰਗਣ ਆਇਆ...ਪਰ ਮੈਂ ਤਾਂ ਇਹ ਨਹੀਂ ਚਾਹੁੰਦੀ ਹਾਂ। ਇਨੀ ਅਸਾਨੀ ਨਾਲ਼ ਮੈਂ ਇਸ ਨੂੰ ਮਾਫ਼ੀ ਨਹੀਂ ਦੇਣੀ! ਸਾਲੇ...ਕੀ ਸੋਚਦੇ ਇਹ ਬੰਦੇ? ਪਰ ਮੈਂ ਮੂੰਹੋਂ ਕੁੱਝ ਨਹੀਂ ਕਿਹਾ। ਚੁੱਪ ਹੋ ਕੇ ਬੈਠੀ ਰਹੀ।

- ਇਸ ਥਾਂ'ਚੋਂ ਨਿਕਲ਼ ਕੁੜੀਏ। ਤੇਰੇ ਲਈ ਚੰਗਾ ਨਹੀਂ...- ਉਸ ਨੇ ਫਿਰ ਅੱਗੇ ਕਿਹਾ।

- ਤੈਨੂੰ ਕੀ ਮੇਰੇ ਨਾਲ਼ ਕੀ ਹੁੰਦਾ?-

- ਤੂੰ...ਤੂੰ ...ਮੈਂ ਬਹੁਤ ਦੇਰ ਪਹਿਲਾਂ ਇੱਕ ਕੁੜੀ ਨੂੰ ਜਾਣਦਾ ਸੀ। ਉਸਦਾ ਨਾਂ ਓਤਸੂ ਸੀ। ਬੱਸ ਤੂੰ ਤੇ ਉਹ ਵੇਖਣ'ਚ ਇੱਕੋਂ ਜਿਹੀਆਂ ਹੀ ਲੱਗਦੀਆਂ ਨੇ-

- ਅੱਛਾ! ਜਜ਼ਬਾਤੀ ਖੂਨੀ ਹੈ! ਦਿਲ ਭਰ ਆਇਆ? ਮੈਂ ਕਿਤੇ ਨ੍ਹੀਂ ਜਾ ਸਕਦੀ ਮੁਸਾਸ਼ੀ ਜੀ। ਕਿਤੇ ਨਹੀਂ। ਸਮਾਜ ਦੀਆਂ ਅੱਖਾਂ'ਚ ਮੈਂ ਹਮੇਸ਼ਾ ਗਸ਼ਤੀ ਹੀ ਰਹਾਂਗੀ। ਕਿਹੜੇ ਮੂਰਖ ਨਾਲ਼ ਵਿਆਹੇਗਾ ਮੈਨੂੰ? ਆਪਣੇ ਨਾਲ਼? ਜਾਂ ਕਿਸੇ ਆਸ਼ਨਾਈ ਫੌਜੀ ਨਾਲ਼? ਮੇਰਾ ਆਸ ਸੀ ਕਿ ਕੀ ਪਤਾ, ਕੀ ਪਤਾ ਇੱਕ ਦਿਨ ਜੇ ਮੈਂ ਆਵਦਾ ਦਿਲ ਤੋਸ਼ੀਰੋ ਨੂੰ ਦੇਦੀ, ਹੋ ਸਕਦਾ...ਹੋ ਸਕਦਾ...ਕਾਸ਼! ਹੁਣ ਕੀ ਹੋਣਾ? ਜੋ ਜਿਵੇਂ ਬੀਤਿਆ, ਊਈ ਬਾਕੀ ਹੈ। ਕੱਲ੍ਹ ਉਸਦੀ ਖੇਡ ਸੀ, ਅੱਜ ਤੁਹਾਡੀ ਹੋ ਸਕਦੀ ਐ..ਕੱਲ੍ਹੋਂ ਹੋਰ ਕਿਸੇ ਦੀ ਹੋਵੇਗੀ? ਚੱਲ੍ਹੋਂ-

ਮੈਂ ਉਸਦੀ ਪਿਆਲੀ ਚੱਕ ਕੇ ਉਸਨੂੰ ਫੜ੍ਹਾ ਦਿੱਤੀ...- ਚਾਹ ਠੰਢੀ ਹੋ ਰਹੀ ਸੀ...- ਉਸਨੇ ਲੈ ਲਈ ਪਰ ਸ਼ਰਮਿੰਦਾ ਜਿਹਾ ਲੱਗ ਰਿਹਾ ਸੀ। ਮੈਂ ਇਸ ਦੇ ਕਸੂਰ ਨਾਲ਼ ਭਰੀ ਜ਼ਮੀਰ ਦੀ ਬਲੀ ਨਹੀਂ ਹਾਂ ਨਾ ਕੇ ਹੋਣਾ ਏ। ਮੈਂ ਚੁੱਪ ਚਾਪ ਰਸਮ ਰਿਵਾਜ ਪੂਰੇ ਕੀਤੇ ਫਿਰ ਮੱਥਾ ਟੇਕ ਕੇ ਕਿਹਾ, - ਜਨਾਬ, ਜੇ ਕੋਈ ਹੋਰ ਲੋੜਾਂ ਨੇ ਤਾਂ ਦੱਸੋਂ, ਗੀਤ, ਸੰਗੀਤ ਜਾਂ...- ਆਖਰੀ ਗੱਲ ਹਵਾ'ਚ ਛੱਡ ਦਿੱਤੀ।

ਉਸਨੇ ਕੁੱਝ ਨਹੀਂ ਕਿਹਾ। ਚੁੱਪ ਚਾਪ ਚਾਹ ਪੀ ਕੇ ਉੱਠ ਪਿਆ। ਦਰ ਵੱਲ ਗਿਆ। ਹੱਥ ਨਾਲ਼ ਬੂਹਾ ਖੋਲ੍ਹਕੇ ਪਾਸੇ ਕੀਤਾ, ਫਿਰ ਘੁੰਮਕੇ ਬੋਲਿਆ, - ਮੈਨੂੰ ਮਾਫ਼ ਕਰ ਭੈਣੇ-। ਫਿਰ ਚਲਾ ਗਿਆ। ਮੈਂ ਸੁਣਿਆ ਹੈ ਕਿ ਉਹ ਕਈ ਵਾਰ ਪਹਿਲਾਂ ਸਾਡੀ ਕੋਠੀ ਆਇਆ ਸੀ, ਪਰ ਉਸ ਦਿਨ ਤੋਂ ਬਾਅਦ ਕਦਮ ਇੱਧਰ ਕਦੇ ਨਹੀਂ ਵਾਧੇ।

ਮੈਂ ਉੱਠ ਗਈ। ਘੰਟੇ ਤੀਕਰ ਕਿਸੇ ਲਈ ਨੱਚਣਾ ਹੈ। ਉਸ ਲਈ ਤਿਆਰੀਆਂ ਕਰਨੀਆਂ ਨੇ।

ਹਰ ਇੱਕ ਦੀ ਖ਼ੇਡ ਹਾਂ।

# ਪਾਠਕ

## ੧੬੨੦



ਮੈਂ ਸ਼ਾਇਰੀ ਦਾ ਸ਼ਿਸ਼ ਹਾਂ।

ਮੈਂ ਜੀਵਨ ਦਾ ਵਿਦਿਆਰਥੀ ਹਾਂ।

ਮੈਂ ਹਾਇਕੁ ਦਾ ਸਿਖਾਂਦਰੂ ਹਾਂ।

ਹਾਇਕੁ ਇੱਕ ਵਿਲੱਖਣ ਸ਼ਾਇਰੀ ਹੈ। ਇਸ ਦੀ ਮਰਯਾਦਾ ਹੈ। ਬੱਸ ਸਹੀ ਵਿਧੀ ਨਾਲ਼ ਹੀ ਲਿੱਖ ਸਕਦੈ ਆਂ। ਗਲਤ ਲਿਖਿਆ ਤਾਂ ਹਾਇਕੁ ਨਹੀਂ ਰਹਿੰਦੀ। ਫਿਰ ਤਾਂ ਆਮ ਗਜ਼ਲ ਹੈ ਜਿਹੜਾ ਆਮ ਅਨਾੜੀ ਆਦਮੀ ਅੰਕਿਤ ਕਰ ਸਕਦਾ ਹੈ। ਲਕੀਰ ਦੇ ਫ਼ਕੀਰ ਜ਼ਿਆਦੇ ਨੇ ਇਸ ਦੁਨੀਆ ਵਿੱਚ। ਪ੍ਰਤਿਭਾਵਾਨ ਘੱਟ। ਸੋ ਹਾਇਕੁ ਦੇ ਜ਼ਾਬਤੇ ਕੀ ਨੇ?

ਹਮੇਸ਼ਾ ਖੰਡ ਕਾਵਿ ਹੰਦਾ ਹੈ। ਹਮੇਸ਼ਾ ਦੋ ਵਖਰੇ ਦ੍ਰਿਸ਼ ਕੱਠੇ ਕੀਤੇ ਹੁੰਦੇ ਨੇ। ਹਮੇਸ਼ਾ ਇੰਨ੍ਹਾਂ ਦ੍ਰਿਸ਼ਾਂ ਦੇ ਵਿਚਕਾਰ ਜੋੜਣ ਵਾਲ਼ਾ ਸ਼ਬਦ ਹੁੰਦਾ ਹੈ। ਹਮੇਸ਼ਾ ਸਤਾਰਾਂ ਸਗਣ ਹੁੰਦੇ ਨੇ। ਇਹ ਸਗਣ ਵੀ ਅੱਡ ਕਰ ਸਕਦੇ ਨੇ, ਪਹਿਲੇ ਵਾਕ'ਚ ਪੰਜ, ਦੂਜੇ'ਚ ਸੱਤ ਅਤੇ ਤੀਜੇ'ਚ ਫਿਰ ਪੰਜ। ਹਮੇਸ਼ਾ ਰੁੱਤ ਬਾਰੇ ਜਾਂ ਧਰਤੀ ਬਾਰੇ ਜਾਂ ਬੂਟਿਆਂ ਜਾਨਵਰਾਂ ਬਾਰੇ ਤਸ਼ਬੀਹ ਹੁੰਦੀ ਏ। ਇਹ ਹੈ ਚੱਜਦਾ ਹਾਇਕੁ। ਇਸ ਤਰੀਕੇ ਨਾਲ਼ ਜੱਗ ਦੀ ਬਾਬਤ ਜੋ ਮਰਜ਼ੀ ਸ਼ਾਇਰ ਕਹਿ ਸਕਦਾ ਹੈ।

ਆ ਮੇਰੀ ਹਾਇਕੁ ਹੈ:-

ਸੂਰਜ ਸੁਸਤ ਹੈ

ਹਵਾ ਵੱਗੇ ਯਾਰ ਜਾਵੇ

ਸੇਕ ਨਾ ਆਵੇ

ਪਰ ਮੈਂ ਤਾਂ ਬਾਲਿਕਾ ਹੀ ਹਾਂ। ਸਾਡੇ ਘਰ ਓਸਾਕਾ ਦੇ ਬਾਹਰ ਹੈ। ਇਸ ਵੇਲੇ ਇੱਥੇਂ ਇੱਕ ਜ਼ਬਰਦਸਤ ਸਮੁਰਾਈ ਠਹਿਰਿਆ ਹੈ। ਉਹ ਕਹੀ ਚੀਜ਼ਾਂ' ਕਾਬਲ ਹੈ। ਉਸਨੂੰ ਸੁਲੇਖਕਾਰੀ,ਪੱਥਰ ਕਲਾ ਅਤੇ ਚਿੱਤਰ ਕਲਾ ਆਉਂਦੀਆਂ ਹਨ। ਉਸਨੂੰ ਹਾਇਕੁ ਵੀ ਆਉਂਦੀ ਹੈ। ਪਰ ਮਸ਼ਹੂਰੀ ਉਸਦੀ ਗਤਕੇ'ਚ ਹੈ। ਮੈਂ ਉਸਦੀ ਹਾਇਕੁ ਪੜ੍ਹ ਕੇ ਹੈਰਾਨ ਹੋ ਜਾਂਦਾ। ਕਿਵੇਂ ਸਮੁਰਾਈ ਇੰਨ੍ਹਾਂ ਚੰਗਾ ਲਿਖ ਸਕਦਾ ਹੈ? ਉਸਦੀ ਚਿੱਤਰਕਾਰੀ ਤਾਂ ਲਾਜਵਾਬ ਹੈ!

ਇਹ ਸਮੁਰਾਈ ਮੇਰਾ ਹੁਣ ਉਸਤਾਦ ਵੀ ਹੈ। ਨਾਂ ਹੈ ਮੁਸਾਸ਼ੀ। ਹਰ ਬੰਦਾ ਉਸ ਤੋਂ ਡਰਦਾ ਹੈ, ਪਰ ਮੈਨੂੰ ਪਤਾ ਨ੍ਹੀਂ ਕਿਉਂ ਨਹੀਂ ਡਰ ਲੱਗਦਾ। ਸਗੋਂ ਮੈਂ ਤਾਂ ਉਸਨੂੰ ਆਦਰ ਕਰਦਾ। ਉਸਨੇ ਮੈਨੂੰ ਸਿੱਖਾਇਆ ਕਿਵੇਂ ਸੁਲੇਖਕਾਰੀ'ਚ ਅੱਖਰ ਬਣਾਉਣਾ, ਕਿਵੇਂ ਹਾਇਕੁ'ਚ ਵਾਕ ਉਸਾਰਨਾ। ਹਾਂ, ਲੜਣਾ ਵੀ ਸਿੱਖਾਇਆ ਹੈ।

ਲੋਕਾਂ ਦੀਆਂ ਅੱਖਾਂ'ਚ ਉਹ ਤਾਂ ਮਹਾਨ ਕੱਤਨਾਧਾਰੀ ਹੈ। ਖ਼ੁਦ ਆਪਨੂੰ ਗੱਤਕੇਬਾਜ਼ ਆਖਦਾ ਹੈ, ਉਹ ਵੀ ਜਪਾਨ ਦਾ ਸਭ ਤੋਂ ਪਰਬੀਨ। ਪਰ ਜੇ ਮੈਂ ਆਵਦੀ ਦਿਲ ਦੀ ਗੱਲ ਦੱਸਾਂ, ਮੈਨੂੰ ਤਾਂ ਵਾਹ ਵਾਹ ਦਾ ਮੁਸੱਵਹ ਜਾਪਦਾ। ਸੁਇਬੋਕੁਗਾ ਦਾ ਮਾਹਰ ਹੈ। ਮੈਂ ਉਸਨੂੰ ਧਿਆਨ ਨਾਲ਼ ਦੇਖਦਾ ਸਾਂ ਜਦ ਉਸਨੇ ਰੋਜ਼ੰਜ਼ੂ ( ਮਘਾਂ ਕਾਹੀਆਂ ਵਿੱਚ) ਵਾਇਆ। ਇਸ ਤਸਵੀਰ ਵਿੱਚ ਕੋਈ ਰੰਗ ਨਹੀਂ ਵਰਤਿਆ ਉਸਨੇ।ਸੁਇਬੋਕੁਗਾ ਕਾਲਾ'ਕ੍ਰਮ ਬੇਰੰਗ ਤਸਵੀਰ ਹੁੰਦੀ ਜਿਸ ਨੂੰ ਕੋਲ਼ੇ ਜਾਂ ਕੱਜ਼ਲ ਰੰਗ ਦੀ ਸਿਆਹੀ ਨਾਲ਼ ਵਾਹੀਦਾ। ਇੰਞ ਉਸਨੇ ਪੰਛੀ ਇਸ ਤਰ੍ਹਾਂ ਚਿੱਤਰ ਪਟ ਉੱਤੇ ਵਾਹੇ ਕਿ ਜਿਉਂਦੇ ਲੱਗਦੇ ਹਨ। ਜਿਸ ਹੱਥ ਨਾਲ਼ ਉਹ ਜਾਨ ਲੈਂਦਾ ਉਸ ਹੀ ਹੱਥ'ਚ ਉਹ ਕਲਤ ਵੀ ਹੈ ਕਿ ਜੋ ਨਹੀਂ ਜਿਉਂਦਾ ਹੈ, ਉਸ ਨੂੰ ਜਿਉਂਦਾ ਹੀ ਲੱਗਣ ਲਾ ਦਿੰਦਾ ਹੈ! ਆਮ ਚਿੱਤਰਕਾਰ ਵਾਂਗਰ ਕੂਚੀ ਨਹੀਂ ਵਰਤਦਾ, ਪਰ ਖੁਸ਼ਖਤੀ ਵਰਤਦਾ।ਸਿਆਹੀ ਨਾਲ਼ ਪੀਲੇ ਪੀਲ਼ੇ ਕਾਗ਼ਜ਼ ਤੇ ਹੰਸ ਚਿੱਟੇ ਚਿੱਟੇ ਲੱਗਦੇ ਨੇ। ਰੁੱਖ ਦੀਆਂ ਟਾਹਣੀਆਂ ਕਾਲ਼ੀਆਂ ਕਾਲ਼ੀਆਂ ਜਾਪਦੀਆਂ। ਉਸ ਰੁੱਖ ਦੀਆਂ ਜੜ੍ਹਾਂ ਅੱਧੀਆਂ ਧਰਤੀ ਤੋਂ ਬਾਹਰ ਨੇ, ਉਨ੍ਹਾਂ ਵਿੱਚ ਮਘ ਬੈਠੇ ਨੇ। ਅੱਧਾ ਰੁੱਖ ਝੀਲ'ਚ ਡੁੱਬਿਆ ਹੈ, ਜਿਸ ਤੇ ਦੋ ਪੰਛੀ ਨੇ। ਪਟ ਦੇ ਦੂਜੇ ਪਾਸੇ ਨੌਂ ਹੋਰ ਮਘ ਨੇ, ਕਿਸੇ ਦਾ ਸਿਰ ਪਾਣੀ ਵਿੱਚ ਮੱਛੀ ਭਾਲਦਾ, ਕਿਸੇ ਦਾ ਸੀਸ ਪੰਖ ਪਿੱਛੇ ਧਕਿਆ, ਆਵਦੇ ਚੰਝ ਨਾਲ਼ ਖੁਰਕ ਕਰਦਾ। ਚਾਰ ਜਣਿਆਂ ਦੇ ਸਿਰ ਜਲ ਵਿੱਚ ਹੈ, ਇਸ ਲਈ ਉਨ੍ਹਾਂ ਦੀਆਂ ਦੁੰਬਾਂ ਜਾਨੀ ਛੜ ਤੀਰਾਂ ਵਾਂਗ ਗਗਨ ਵੱਲ ਵਧਦੇ ਨੇ। ਪਿੰਡੇ ਤੇ ਖੰਬ ਦੁੱਧ ਵਾਂਗਰ ਚਿੱਟੇ ਨੇ, ਛੜ ਪੂਰੀ ਕਾਲ਼ੀ ਹੈ। ਬਹੁਤ ਸੁੰਦਰ ਤਸਵੀਰ ਹੈ ਉਸਦੀ ਰੋਜ਼ੰਜ਼ੂ।

ਮੈਂ ਉਸਦਾ ਪਾਠਕ ਹਾਂ। ਇਹ ਮੇਰੀ ਚੰਗੀ ਕਿਸਮਤ ਹੈ। ਜਿਵੇਂ ਉਹ ਤਸਵੀਰਾਂ ਵਹਾਂਉਦਾ, ਉਸ ਤਰ੍ਹਾਂ ਹੀ ਕੱਤਾਨੇ ਹਵਾ'ਚ ਚਲਾਉਂਦਾ। ਇਹ ਹੂੰਝੇ ਝਟਕੇ ਵਾਂਗ ਨੇ। ਮਿਯਾਮੋਤੋ ਮੁਸਾਸ਼ੀ ਕਈ ਚੀਜ਼ਾਂ ਵਿੱਚ ਕਲਾਵੰਤ ਹੈ।

# ਆਦਿ ਕਾਲ

੦੦੦੦



ਮੈਨੂੰ ਕਾਲ ਦਾ ਨਾਂ ਵੀ ਦੇ ਸਕਦੇ ਹੋ, ਬਰਹਮ ਵੀ ਸਦ ਸਕਦੇ ਹੋ, ਜਾਂ ਫਿਰ ਕੁੱਝ ਵੀ ਨਹੀਂ। ਲੋਕਾਂ ਲਈ ਔਖਾ ਹੈ ਸਮਝਣ ਮੈਂ ਕੀ ਹਾਂ। ਇਸ ਲਈ ਬਹੁਤ ਜ਼ਿਆਦਾ ਲੋਕ ਮੈਨੂੰ ਰੱਬ ਦਾ ਰੂਪ ਦਿੰਦੇ ਨੇ। ਗੁਰੂਾਂ ਨੇ ਸਮਝਾਇਆ ਸੀ ਕਿ ਸਭ ਦੀ ਸੋਚ ਤੋਂ ਪਰ੍ਹਾਂ ਹਾਂ ਮੈਂ।ਮੈਨੂੰ ਇਲਮ ਨੇ ਵੀ ਸਮਾਜ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ।ਉਨ੍ਹਾਂ ਲਈ ਵਿਰੋਧਾਭਾਸ ਹਾਂ। ਮੈਂ ਹੋ ਨਹੀਂ ਸਕਦਾਂ! ਸੱਚ ਹੈ ਦੋਨੋਂ ਧਾਰਮਿਕ ਤੇ ਅਧਰਮੀ ਗਲਤ ਨੇ। ਦੋਨੋਂ ਹੀ ਸਹੀ ਵੀ ਨੇ।

ਜੇ ਤੁਹਾਨੂੰ ਲੱਗਦਾ ਮੈਂ ਕੋਈ ਕਾਦਰ ਕਰਨਹਾਰ ਹਾਂ, ਤੁਸੀਂ ਗਲਤ ਨੇ। ਮੇਰੇ ਵੱਜੇ ਬਹੁਤ ਕੁੱਝ ਹੋਇਆ, ਪਰ ਕਰਮਾਂ, ਪੂਜਾ, ਜਨਮ ਮਰਨ ਦੇ ਚੱਕਰ ਮੈਂ ਨਹੀਂ ਸ਼ੁਰੂ ਕੀਤੇ ਜਾ ਕਦੀ ਕਿਹਾ ਹੋਇਆ ਏ। ਇਹ ਤਾਂ ਇਨਸਾਨ ਦੀ ਹਿੰਡ ਹੈ ਕਿ ਧਰਮ ਦੀਨ ਸੱਚ ਬੋਲਦੇ। ਦਸ ਨੀਲ ਜਨਵਾਰ ਹੈ, ਆਦਮੀ ਤਾਂ ਇੱਕ ਹੀ ਹੈ। ਫਿਰ ਕਿਵੇਂ ਹੋ ਸਕਦਾ ਕਿ ਤੁਹਾਡੇ ਖਿਆਲਾਂ ਦੇ ਹਿਸਾਬ ਨਾਲ਼ ਜੱਗ ਕੰਮ ਕਰਦਾ? ਕੀ ਕੱਲੇ ਤੁਹਾਡੇ ਕੋਲ਼ ਆਤਮੇ ਏ? ਬਾਕੀ ਜੀਵਾਂ ਨੂੰ ਕਦੀ ਆਖਿਆ? ਅੱਛਾ, ਹਾਂ ਉਹ ਬੋਲ਼ ਲਿਖ ਨਹੀਂ ਸਕਦੈ! ਕੀ ਪਤਾ ਅੰਤਰ ਜਾਮਤੇ ਨਾਲ਼ ਆਪਸ ਵਿੱਚ "ਬੋਲਦੇ" ਹੀ ਨੇ? ਤੇ ਜਿਹੜਾ ਤੁਸੀ ਬੋਲ ਸਕਦੇ ਹੋ ਤਾਂ ਅੰਨ੍ਹੇ ਹੱਥ ਬਟੇਰੇ ਦੀ ਗੱਲ ਹੈ। ਮੈਂ ਨਹੀਂ ਤੁਹਾਡੇ ਸੁਰਖਾਬ ਦਾ ਪਰ ਲਗਾਇਆ! ਪੋਥੀ ਵੀ ਤਾਂ ਬੰਦਾ ਲਿਖਦਾ। ਹਾਂ ਜੇ ਇਸ ਹੀ ਰਾਹੀਂ ਤੁਹਾਡੇ ਪੱਲੇ ਮੇਰਾ ਹੋਣਾ ਸਮਝ ਆਉਂਦਾ, ਠੀਕ ਹੈ। ਪਰ ਇਸ ਦਾ ਇਹ ਨਹੀਂ ਮਤਲਬ ਕਿ ਤੁਹਾਡਾ ਧਰਮ ਦੂਜੇ ਤੋਂ ਜ਼ਿਆਦਾ ਸਹੀ ਹੈ।

ਇੰਝ ਮੈਂ ਕਹਿ ਸਕਦਾ ਹਾਂ ਕਿ ਨਾਸਤਿਕ ਸਹੀ ਵੀ ਹੈ, ਗਲਤ ਵੀ ਹੈ। ਉਸ ਕੋਲ਼ ਤੁਹਾਡੇ ਵੱਲ ਵੇਖ ਹੱਸਣ ਦਾ ਹੱਕ ਨਹੀਂ ਹੈ। ਪਰ ਦੂਜੇ ਪਾਸੇ ਤੁਹਾਨੂੰ ਵੀ ਬੇਦੀਨ ਦੇ ਬਿਬੇਕੀ ਸੋਚਾਂ ਨੂੰ ਖਿਆਲ ਦੇਣਾ ਚਾਹੀਦਾ। ਇੰਨ੍ਹਾਂ ਹੀ ਫਰਕ ਹੈ, ਕਿ ਉਨਾਂ ਨੇ ਤੁਹਾਡੇ ਵਾਂਗਰ ਪੋਥੀ ਨਹੀਂ ਬਣਾਈ। ਉਹ ਤਰਕਸ਼ੀਲ ਤੇ ਚੱਲਦੇ ਨੇ। ਆਪਣੇ ਵੱਲੋਂ ਉਹ ਵੀ ਸਹੀ ਨੇ। ਸੱਚ ਹੈਂ, ਮੈਂ ਹਾਂ, ਸੀਗਾ ਤੇ ਰਹਾਂਗਾ। ਪਰ ਮੈਂ ਪਰਵਚਨ ਤੋਂ ਹੱਦੋਂ ਵੱਧ ਹਾਂ। ਸੱਚ ਹੈ ਇਨਸਾਨ ਨੂੰ ਆਪਣਾ ਇਲਮ ਵਰਤਨਾ ਚਾਹੀਦਾ, ਤੇ ਜਦ ਇਸ ਰਾਹ ਜਾਵੇ ਤਾਂ ਬਹੁਤ ਕੁੱਝ ਕਰ ਸਕਦਾ। ਹਾਰਕੇ ਇੱਕ ਦਿਨ ਇਨਸਾਨ ਵੀ ਖ਼ਤਮ ਹੋ ਜਾਵੇਗਾ, ਪਰ ਉਸ ਵਕਤ ਤੱਕ ਦਿਮਾਗ਼ ਵਰਤੋਂ!

ਮੈਂ ਕੀ ਐ? ਸ਼ੁਰੂ ਹੀ ਹਾਂ। ਤੁਹਾਡੇ ਆਲ਼ੇ ਦੁਆਲ਼ੇ ਹਾਂ। ਜਦ ਧਮਾਕਾ ਹੋਇਆ, ਮੈਂ ਆ ਗਿਆ। ਜਦ ਫਿਰ ਧਮਾਕਾ ਹੋਵੇਗਾ, ਖ਼ੈਰ ਮੈਂ ਹੋਂਦ'ਚੋਂ ਨਿਕਲ਼ ਜਾਵਾਂਗਾ। ਕੀ ਪਤਾ। ਮੇਰੇ ਤੇ ਤਕਵਾ ਨਾ ਕਰੋ। ਮੈਨੂੰ ਸਮਝਣ ਦੀ ਕੋਸ਼ਿਸ਼ ਨਾ ਕਰੋ। ਬੱਸ ਆਪਣੇ ਦਿਮਾਗ਼ਾਂ ਨੂੰ ਤੰਗ ਨਾ ਰੱਖੋਂ। ਮੈਂ ਇੰਝ ਹੀ ਤੁਹਾਡੇ ਪੱਲੇ ਪਾਵਾਂਗਾ। ਹਰ ਦਿਨ ਤੁਸੀਂ ਇਲਮ ਨਾਲ਼ ਮੇਰੇ ਨੇੜੇ ਆ ਰਹੇ ਹੋ ਅਤੇ ਫਿਰ ਹੀ ਸਮਝ ਲੱਗਣੀ ਹੈ। ਮੈਂ ਕਿਸੇ ਨੂੰ ਬਚਾ ਨਹੀਂ ਸਕਦਾ, ਮਾਰ ਨਹੀਂ ਸਕਦਾ। ਚੀਜ਼ਾਂ ਜਿਉਂਦੀਆਂ ਹੀ ਹੁੰਦੀਆਂ, ਫਿਰ ਖ਼ਤਮ ਹੋ ਜਾਂਦੀਆਂ ਨੇ। ਇੱਕ ਗੱਲ ਹੈ। ਇਸ ਵੇਲੇ ਤੁਹਾਡੀ ਆਦਮ ਜ਼ਾਤ ਇਸ ਵੇਲੇ ਬਹੁਤ ਤਰੱਕੀ ਕਰ ਰਹੀ ਤੇ ਦਿਨੋਂ ਦਿਨ ਸਮਝ ਰਹੀ ਹੈ ਕਿ ਇਸ ਜੀਵਨ ਵਿੱਚ ਆਪਣੇ ਆਪ ਨੂੰ ਖ਼ੁਦ ਕਿਵੇਂ ਸੰਭਾਲਣਾ।

ਮੈਂ ਤਾਂ ਸ਼ੁਰੂ ਤੇ ਵੀ ਹੈ, ਤੇ ਅੰਤ ਤੇ ਵੀ ਹੋਣਾ ਹੈ। ਹਵਾ ਵਾਂਗ, ਸੂਰਜ ਵਾਂਗ ਅਤੇ ਸਮੁੰਦਰ ਵਾਂਗਰ। ਮੈਂ ਕਿਸੇ ਜੀਵ ਨੂੰ ਨਹੀਂ ਬਣਾਇਆ, ਪਰ ਧਮਾਕੇ ਨੇ ਮੇਰੇ ਇੰਨ੍ਹੇ ਤੱਤ ਧਾਤ ਦਿੱਤੇ ਨੇ, ਕਿ ਖ਼ੁਦ ਜੀਵਨ ਸ਼ੁਰੂ ਹੋ ਗਿਆ। ਇਹ ਤਾਂ ਕੁਦਰਤ ਹੀ ਹੈ। ਉਸ ਤੋਂ ਬਾਅਦ ਕਿਸਮਤ ਹਰ ਕੋਈ ਆਪਣੀ ਬਣਾਉਂਦਾ ਜਾਂ ਦੂਜਿਆਂ ਦੇ ਕਰਨ ਕਾਰਨ ਉਸਦੀ ਜ਼ਿੰਦਗੀ ਤੇ ਅਸਰ ਕਰਦਾ ਹੈ। ਸੋ ਇਸ ਤਰ੍ਹਾਂ ਇੱਕ ਇਨਸਾਨ ਨੇ ਆਪਣੇ ਹੀ ਫੈਸਲੇ ਬਣਾਏ ਜਦ ਉਸ ਨੇ ਪਿੰਡ ਛੱਡ ਕੇ ਯਾਤਰਾ ਸ਼ੁਰੂ ਕੀਤੀ। ਜੋ ਉਸ ਨਾਲ਼ ਹੋਇਆ ਜਾਂ ਹੋਣਾ ਮੇਰੇ ਹੱਥਾਂ'ਚ ਨਹੀਂ। ਸੱਚ ਹੈ ਮੇਰੇ ਕੋਲ਼ ਹੱਥ ਵੀ ਨਹੀਂ ਹੈ, ਰੂਪ ਵੀ ਨਹੀਂ ਹੈ। ਮੈਂ ਹੋਂਦ ਹਾਂ। ਬੱਸ ਹੋਰ ਕੁੱਝ ਨਹੀਂ। ਮੈਂ ਕਿਸੇ ਦੀ ਮਦਦ ਜੋਗਾ ਨਹੀਂ ਹਾਂ। ਨਾ ਕਿ ਕੋਈ ਮੇਰੀ ਮਦਦ ਜੋਗਾ ਹੈ। ਪੁਲਾੜ ਹਾਂ। ਧਰਤੀ ਹਾਂ। ਅੰਬਰ ਹਾਂ। ਕੁੱਝ ਹਾਂ। ਕੁੱਝ ਨਹੀਂ ਹਾਂ। ਸਭ ਕੁੱਝ ਹਾਂ। ਪਰ ਰੱਬ ਨਹੀਂ ਹਾਂ। ਧਮਾਕਾ ਹੋਇਆ, ਮੈਂ ਆਇਆ, ਸਭ ਕੁੱਝ ਆਇਆ।

ਆਦਿ ਕਾਲ ਹਾਂ।

ਜੀ? ਕੀ? ਕਿਹਾ? ਇਹ ਕੀ ਹੋ ਰਿਹਾ? ਮੈਂ ਤਾਂ ਕੇਵਲ ਇੱਕ ਕਹਾਣੀ ਪੜ੍ਹ ਰਿਹਾ ਸੀ? ਕੋਈ ਕਾਲ ਨਾਲ਼ ਗੱਲ ਕਰਨ ਨਹੀਂ ਆਇਆ? ਜੇ ਲਾਸ਼ ਜਾਂ ਕੁੱਤਾ ਵਿੱਚ ਸ਼ਾਮਲ ਹੋ ਸਕਦੈ, ਮੈਂ ਕਿਉਂ ਨਹੀਂ? ਜੇ ਪਸੰਦ ਕਰਦੇ ਮੈਂ ਚੁੱਪ ਹੋ ਜਾਂਦਾ। ਪਰ ਆਮ ਤਾਂ ਤੁਸੀਂ ਰੱਬ ਨਾਲ਼ ਗੱਲ ਕਰਨਾ ਚਾਹੁੰਦੇ ਹੋ। ਅੱਛਾ! ਉਦੋਂ ਹੀ ਗੱਲ ਕਰਨੀ ਜਦ ਤੁਹਾਨੂੰ ਕੁੱਝ ਚਾਹੀਦਾ?

ਚੱਲ ਫਿਰ ਮੈਂ ਚੁੱਪ ਹੋ ਜਾਂਦਾ!

# ਵਹੁਟੀ

## ੧੯੦੯



– ਓਤਸੂ ਕੁੜੇ – ਦੋਰਨ ਚਾਚੇ ਨੇ ਉੱਚੀ ਦੇਣੀ ਮੈਨੂੰ ਬੁਲਾਇਆ।ਮੈਂ ਮੰਦਰ ਦੇ ਬਾਹਰ ਬੈਠੀ,ਜਿੱਥੇਂ ਬੁੱਧ ਦੀ ਬੁੱਤ ਖੜ੍ਹੀ ਸੀ। ਚਾਚਾ ਹੌਲੀ ਹੌਲੀ ਪਹਾੜੀ ਚੜ੍ਹਕੇ ਮੇਰੇ ਕੋਲ਼ ਆਇਆ ਅਤੇ ਮੇਰੇ ਮੁਖ ਵੱਲ ਦੇਖ ਕੇ ਬੋਲਿਆ, – ਹੁਣ ਤਾਂ ਪੂਰਾ ਸਾਲ ਹੋ ਗਿਆ ਉਹਨੂੰ ਆਵਦੀ ਯਾਤਰਾ ਤੇ ਤੁਰਿਆ। ਕੀ ਪਤਾ ਨੀਹੋਨ ਦੇ ਕਿਸੇ ਹਿਸੇ'ਚ ਕਿਸੇ ਨਾਲ਼ ਲੜ ਰਿਹਾ ਹੋਵੇ...ਸ਼ਾਇਦ...–

– ਸ਼ਾਇਦ ਹੋ ਸਕਦਾ ਕਿਸੇ ਨੇ ਮਾਰ ਦਿੱਤਾ ਹੋਵੇ? ਐਂ ਕਹਿਣ ਹੀ ਲੱਗੇ ਸੀ?– ਮੈਂ ਉਸਦੇ ਕਹਿਣ ਤੋਂ ਪਹਿਲਾਂ ਹੀ ਉਸਨੂੰ ਉੱਚੀ ਦੇਣੀ ਆਖਿਆ ਸੀ। ਉਸ ਨੇ ਸਿਰ ਹਿਲਾਕੇ ਕਿਹਾ, – ਤੈਨੂੰ ਵਿਆਹ ਕਰਨਾ ਚਾਹੀਦਾ ਕੁੜੇ–। ਸੋ ਫਿਰ ਉਸ ਹੀ ਸਾਲ ਬਾਬਾ ਦੋਰਨ ਨੇ ਮੇਰੇ ਲਈ ਇੱਕ ਦੂਰਲੇ ਕਸਬੇ'ਚ ਰਿਸ਼ਤਾ ਲੱਭ ਲਿਆ ਸੀ। ਹੁਣ ਹੋਰ ਤਾਂ ਮੇਰਾ ਵਿਆਹ ਕਰਨ ਲਈ ਕੋਈ ਰਿਹਾ ਹੀ ਨਹੀਂ ਸੀ। ਮਤਾਹਚੀ ਦੀ ਮਾਂ ਉਸ ਨੂੰ ਭਾਲਣ ਚਲੀ ਗਈ ਸੀ। ਇੱਕ ਕੋਈ ਆਦਮੀ ਜਿਸ ਦਾ ਨਾਂ ਕਹੇ ਸੀ ਸਾਡੇ ਗਰਾਂ ਪਹੁੰਚ ਗਿਆ ਤਕੇਜ਼ੋ ਨੂੰ ਟੋਲਦਾ। ਲੋਕ ਇੱਧਰ ਉੱਧਰ ਜਾ ਰਹੇ ਸੀ, ਪਰ ਮੈਂ ਤਾਂ ਹਾਲੇ ਤਕੇਜ਼ੋ ਲਈ ਮੁਰਝਾਉਦੀ ਸੀ। ਇਸ ਲਈ ਦੋਰਨ ਨੇ ਇੱਕ ਵਰ ਲੱਭ ਲਿਆ ਅਤੇ ਉਸਦੇ ਘਰ ਵਿਆਹ ਕਰਾ ਦਿੱਤਾ ਮੇਰਾ। ਮਤਾਹਚੀ ਬਾਰੇ ਉਸ ਨੂੰ ਦੱਸਣਾ ਪਿਆ ਸੀ ਕਿਉਂਕਿ ਤਕੇਜ਼ੋ ਨੇ ਕਈ ਰਿਸ਼ਤੇਦਾਰ ਮਤਾਹਚੀ ਦੇ ਮਾਰੇ ਸੀ ਜਦ ਉਸਦੀ ਭੈਣ ਚੱਕੀ ਸੀ। ਸੱਚ ਸੀ, ਹੁਣ ਸਾਡੇ ਪਿੰਡ ਵਿੱਚ ਲੁੜੀਂਦਾ ਸੀ। ਮਤਲਬ ਸਾਰੀ ਵਾਗ ਡੋਰ ਉਸਦੇ ਮਗਰ ਸੀ। ਪੰਚਾਇਤ ਉਸਦੇ ਮਗਰ ਸੀ। ਇਸ ਲਈ ਚੰਗਾ ਹੀ ਸੀ ਕਿ ਉਹ ਚੱਲੇ ਗਿਆ ਸੀ। ਹੋ ਸਕਦਾ ਏ ਹੁਣ ਤਾਂ ਮਤਾਹਚੀ ਵੀ ਉਸ ਨਾਲ਼ ਦੁਸ਼ਮਣੀ ਰੱਖੇਗਾ। ਇਸ ਕਰਕੇ ਮੇਰੇ ਹੋਣ ਵਾਲੇ ਪਤੀ ਨੂੰ ਸਾਰਾ ਕੁੱਝ ਦੱਸ ਦਿੱਤਾ ਸੀ। ਉਹ ਵੀ ਇਕੱਲਾ ਹੀ ਸੀ। ਮਤਲਬ ਮਾਂ–ਪਿਉਂ ਨਹੀਂ ਸੀ। ਇਸ ਕਰਕੇ ਦੋਰਨ ਨੇ ਜੋੜੀ ਸਹੀ ਸਮਝੀ ਹਵੇਗੀ। ਪਰ ਇੱਕ ਗੱਲ ਸੀ, ਉਸ ਦੇ ਤਿੰਨ ਨਿਆਣੇ ਸਨ ਪਹਿਲੀ ਸ਼ਾਦੀ ਤੋਂ। ਜਦ ਮੈਂ ਓਸੁਗੀ ਨੂੰ ਕਿਹਾ ਮੰਗਣਾ ਤੋੜ ਦੇਣਾ ਏ, ਉਹ ਸਾਰੀ ਦੁਨੀਆ ਨੂੰ ਦੱਸ ਬੈਠਾ ਤੇ ਸਾਰੇ ਮੈਨੂੰ ਲਾਇਤਬਾਰ ਸਮਝਣ ਲੱਗ ਪਏ। ਕਿਸੇ ਨੇ ਨਹੀਂ ਆਖਿਆ ਮਤਾਹਚੀ ਹੋਰ ਔਰਤ ਨਾਲ਼ ਕੀ ਕਰ ਰਿਹਾ ਸੀ। ਇਸ ਕਿੱਸੇ ਵਿੱਚ ਦੋ ਹੀ ਦੋਸ਼ੀ ਸਨ। ਮੈਂ ਅਤੇ ਤਕੇਜ਼ੋ। ਇੱਕ ਨੇ ਮੰਗਣਾ ਤੋੜ ਦਿੱਤਾ ਸੀ। ਇੱਕ ਨੇ ਓਸੁਗੀ ਦੇ ਦੋ ਚਾਰ ਰਿਸ਼ਤੇਦਾਰ ਮਾਰ ਦਿੱਤੇ ਸੀ। ਪਰ ਕਿਸੇ ਨੇ ਉਸ ਦੀ ਭੈਣ ਦਾ ਸੋਚਿਆ? ਓਦੋਂ ਪੰਚਾਇਤ ਕਿੱਥੇਂ ਸੀ? ਖ਼ੈਰ ਮੇਰਾ ਵਿਆਹ ਹੋ ਗਿਆ ਮਿਯਾਮੋਤੋ'ਚ ਹੀ ( ਦੋਰਨ ਅਤੇ ਮੁਸਾਸ਼ੀਆਂ ਦਾ ਕੁਟੰਬ ਹੀ ਉੱਥੇਂ ਸਨ) ਮਛੇਰੇ ਨਾਲ਼। ਆਹੋ, ਮੇਰਾ ਵਰ ਮਛੇਰਾ ਸੀ। ਉਸਦਾ ਪਿੰਡ ਸਾਇਲ ਨਾਲ ਸੀ। ਗਰਾਂ ਦਾ ਨਾਂ ਯੋਸ਼ੀਓਕਾ ਸੀ। ਮਿਯਾਮੋਤੋ ਤੋਂ ਬਹੁਤ ਦੂਰ ਸੀ।

ਜਦ ਸਾਡਾ ਵਿਆਹ ਹੋ ਕੇ ਹੱਟਿਆ ਮੈਂ ਉਸਨੂੰ ਸੱਚ ਹੀ ਦੱਸ ਦਿੱਤਾ ਆਪਣੇ ਭਾਵਾਂ ਵਾਰੇ, ਤਕੇਜ਼ੋ ਬਾਰੇ। ਉਸਨੇ ਗੁੱਸਾ ਨਹੀਂ ਕੀਤਾ। ਸਗੋਂ ਕਿਹਾ ਕਿ ਸਮੇਂ ਨਾਲ਼ ਤੂੰ ਮੈਨੂੰ ਵੀ ਪਿਆਰ ਕਰਨਾ ਲੱਗ ਜਾਵੇਂਗੀ। ਉਸ ਮਛੇਰੇ, ਜਾਨੀ ਮੇਰੇ ਵਰ ਦਾ ਨਾਂ, ਇੱਚੀਗੁਰੂ ਸੀ। ਸਾਰੇ ਪਿਆਰ ਨਾਲ਼ ਉਸ ਨੂੰ ਗੁਰੂ ਹੀ ਸਦਦੇ ਸੀ। ਗੁਰੂ ਨੇ ਮੈਨੂੰ ਆਪਣੇ ਨਿਆਣਿਆਂ ਦੀਆਂ ਮੂਰਤਾਂ ਦਿਖਾਈਆਂ। ਬੱਚੇ ਬਹੁਤ ਸਜੀਲੇ ਸਨ। ਇੱਕ ਵੱਡਾ ਮੁੰਡ ਸੀ , ਜਿਸ ਦਾ ਨਾਂ ਵੀ ਇੱਚੀਗੁਰੂ ਸੀ, ਪਰ ਉਸਨੂੰ ਸਭ ਇੱਚੀ ਆਖਦੇ ਸੀ। ਦੂਜੀ ਧੀ ਸੀ, ਸੈਈਕੋ। ਇੱਕ ਸਭ ਤੋਂ ਨਿੱਕਾ ਮੁੰਡਾ ਸੀ, ਸਿਰਫ਼ ਪੰਜਾਂ ਸਾਲਾਂ ਦਾ। ਉਸਦਾ ਨਾਂ ਅਰਾਸ਼ੀ ਸੀ। ਤਸਵੀਰਾਂ ਦੇਖ ਕੇ ਮੇਰਾ ਮਨ ਸ਼ੁਰੂ ਹੋ ਗਿਆ ਸੀ ਤਕੇਜ਼ੋ ਤੋਂ ਦੂਰ ਹੋਣਾ। ਹੁਣ ਲਈ, ਘੱਟੋ ਘੱਟ। ਹੌਲੀ ਹੌਲੀ ਗੁਰੂ ਨਾਲ਼ ਪਿਆਰ ਵੀ ਹੋਣ ਲੱਗ ਗਿਆ ਸੀ।

ਗੁਰੂ ਨੇ ਮੈਨੂੰ ਭਿਕਸ਼ੂ , ਮਤਲਬ ਬਾਬਾ ਦੋਰਨ, ਨਾਲ਼ ਮੰਦਰ ਛੱਡ ਕੇ ਯੋਸ਼ੀਓਕਾ ਵਾਪਸ ਚੱਲੇ ਗਿਆ ਸੀ। ਉਸ ਦੇ ਬੱਚੇ ਕੱਲੇ ਸਨ ਅਤੇ ਉਸ ਨੂੰ ਕੰਧਾਂ ਕੋਠਿਆਂ ਦਾ ਫਿਕਰ ਸੀ। ਉਸਦੀ ਜਾਇਦਾਦ ਕਾਫ਼ੀ ਸੀ। ਖ਼ੁਦ ਜਰ ਖਰੀਦ ਕੇ ਆਪਣੇ ਆਪ ਨੂੰ ਕਾਮਯਾਬ ਕੀਤਾ ਸੀ ਅਤੇ ਕੁੱਝ ਦਿਹਾਤੀ ਜਲਦੇ ਸਨ। ਨੇੜੇ ਦੇ ਸਾਮੰਤ ਦੀ ਅੱਖ ਵੀ ਜ਼ਮੀਨ ਤੇ ਸੀ, ਕਿਉਂਕਿ ਗੁਰੂ ਦੇ ਇੱਕ ਥਾਈ ਸਮੁੰਦਰੀ ਹੱਲੇ ਤੋਂ ਰੱਖਿਆ ਹੋ ਸਕਦੀ ਸੀ ਜੇ ਉੱਥੇਂ ਕਿਲ੍ਹਾ ਖੜ੍ਹਾ ਕੀਤਾ ਜਾਵੇ। ਇਸ ਲਈ ਉਸ ਦਾ ਜਾਣਾ ਜ਼ਰੂਰੀ ਸੀਗਾ।

ਮੈਨੂੰ ਸਾਲ ਬਾਅਦ ਖਤ ਮਿਲਿਆ ਕਿ ਤੂੰ ਹੁਣ ਆਜਾ, ਘਰ ਤਿਆਰ ਹੈ। ਖ਼ੁਦ ਨਹੀਂ ਆਇਆ, ਮੇਰੇ ਲਈ ਉਸਨੇ ਰਾਖੀ ਭੇਜਿਆ, ਇੱਕ ਜਵਾਨ ਪੈਂਡੂ ਜਿਸ ਨੂੰ ਲੜਣਾ ਆਉਂਦਾ ਸੀ ਪਰ ਸਮੁਰਾਈ ਨਹੀਂ ਸੀ। ਇਸ ਲਈ ਉਸ ਕੋਲ਼ ਤਲਵਾਰ ਨਹੀਂ ਸੀ ਪਰ ਤੰਗਲੀ ਹੀ ਸੀ। ਇਸ ਨਾਲ਼ ਜਾਣਦਾ ਸੀ ਉਹ ਲੜਣਾ। ਦੋਰਨ ਨੂੰ ਫਿਕਰ ਸੀ ਕਿ ਇਸ ਨੇ ਕਿਵੇਂ ਮੈਨੂੰ ਇੰਨ੍ਹੇ ਦੂਰ ਥਾਂ ਸੰਭਾਲ ਕੇ ਲੈ ਕੇ ਜਾਣਾ ਹੈ। ਉਸ ਨੇ ਚਾਰਾਂ ਸਮੁਰਾਈਆਂ ਦਾ ਇੰਤਜ਼ਾਮ ਕੀਤਾ। ਚਾਰੇ ਹੀ ਪਿੰਡ ਦੇ ਮੁੰਡੇ ਸਨ। ਮੈਨੂੰ ਘੋੜੀ ਤੇ ਬਿਠਾ ਦਿੱਤਾ ਅਤੇ ਪੰਜ ਹੀ ਪੈਦਲ ਮੇਰੇ ਨਾਲ਼ ਯੋਸ਼ੀਓਕਾ ਵੱਲ ਤੁਰ ਪਏ। ਕੁੱਜ ਪੰਜ ਮਹੀਨੇ ਲੱਗੇ ਓੱਥੇਂ ਪਹੁੰਚਣ ਤੇ! ਰਾਹ'ਚ ਅਸੀਂ ਸਾਡੇ ਪਿੰਡ ਦਾ ਨਾਂ ਕਹੀ ਵਾਰੀ ਸੁਣਿਆ ਸੀ, ਕਿਉਂਕਿ ਲੋਕ ਤਕੇਜ਼ੋ ਬਾਰੇ ਗੱਲਾਂ ਕਰਦੇ ਸਨ। ਹਰ ਉਸਨੂੰ ਮਿਯਾਮੋਤੋ ਮੁਸਾਸ਼ੀ ਆਖਦਾ ਸੀ।

ਕਿਸਮਤ ਨਾਲ਼ ਅੱਧੇ ਰਾਹ ਬਿਨ੍ਹਾਂ ਕਿਸੇ ਵਾਕਿਆ ਪੁੱਜੇ । ਹਰ ਕਦਮ ਮੈਂ ਸੋਚਦੀ ਸਾਂ ਕਿ ਇੱਚੀ ਦਾ ਨਿਆਜ਼ ਕਿਵੇਂ ਜਿੱਤੇਗੀ। ਕੀ ਸੈਈਕੋ ਮੈਨੂੰ ਮਾਂ ਸਮਝ ਲੈਵੇਗੀ? ਅਤੇ ਕਿਹੜੀਆਂ ਰੌਣਾ ਨਿੱਕੇ ਅਰਾਸ਼ੀ ਲਈ ਖਰੀਦ ਕੇ ਲਿਜਾਵਾਂ? ਇੱਕ ਨਗਰ ਪੁੱਜੇ ਜਿੱਥੋਂ ਮੈਨੂੰ ਤਿੰਨਾਂ ਲਈ ਕੁੱਝ ਮਿਲ ਗਿਆ ਸੀ। ਇੱਚੀ ਲਈ ਲੱਕੜੀ ਦੀ ਕੱਤਾਨਾ ਖਰੀਦੀ।ਸੈਈਕੋ ਲਈ ਚੀਨੀ ਮਿੱਟੀ ਦੀ ਗੁੱਡੀ ਲਈ ਅਤੇ ਨਿੱਕੇ ਅਰਾਸ਼ੀ ਲਈ ਡਮਰੂ ਲਿਆ। ਹਾਰਕੇ ਬਿਨ੍ਹਾਂ ਔਖਾਈ ਅਸੀਂ ਯੋਸ਼ੀਓਕਾ ਦੇ ਨੇੜੇ ਪਹੁੰਚ ਗਏ ਸੀ। ਉਸ ਵੇਲੇ ਅਸੀਂ ਪਿੰਡ ਤੋਂ ਕੇਵਲ ਦੋ ਕੋਹ ਦੂਰ ਸੀ। ਕੁੱਕੜ ਉਡਾਰੀ ਗੱਲ ਸੀ। ਸੈਈਜੁਰੂ ਨਾਂ ਦਾ ਇੱਕ ਸਮੁਰਾਈ ਯੋਸ਼ੀਓਕਾ ਪਿੰਡ ਦਾ ਸਾਡੇ ਵੱਲ ਆਇਆ। ਸਾਡਾ ਖੋਜੀ ਇੱਕ ਦਮ ਡਰ ਗਿਆ। ਇੱਕ ਟੱਕ ਵੇਖਾਕੇ ਸੈਈਜੁਰੂ ਨੇ ਉਸਦੀ ਤੰਗਲੀ ਹੇਠ ਕਰਾ ਦਿੱਤੀ। ਪਰ ਮੇਰੇ ਚਾਰ ਰਾਖੀ ਇੰਨ੍ਹਾਂ ਛੇਤੀ ਨਹੀਂ ਡਰੇ।

- ਓਏ ਤੂੰ ਕੌਣ ਏ, ਰੋਹਬ ਚਲਾਂਦਾ ਏ! ਪਰ੍ਹਾਂ ਜਾ ਤੇ ਸਾਨੂੰ ਰਹਿਣ ਦੇ! ਦਿੱਸਦਾ ਨਹੀਂ ਸਾਡੇ ਨਾਲ਼ ਦੇਵੀ ਹੈ?-
- ਤੂੰ ਦੱਸ ਤੂੰ ਕੌਣ ਹੈ ਸੋਹਣਿਆ?-
- ਅਸੀਂ ਗੁਰੂ ਦੇ ਘਰ ਚਲੇ ਹਾਂ, ਹੱਟ ਪਰ੍ਹਾਂ-
- ਗੁਰੂ? ਓਹ ਮਛੇਰਾ? ਇਹ ਉਸਦੀ ਵਹੁਟੀ ਹੈ ਨਾ?- ਹੱਸ ਕੇ ਮੇਰੇ ਨੇੜੇ ਆ ਗਿਆ। ਹੁਣ ਖੋਜੀ'ਚ ਹਿੰਮਤ ਆ ਗਈ, ਉਸ ਨੇ ਤੰਗਲੀ ਸਾਡੇ ਅਤੇ ਸੈਈਜੁਰੂ ਦੇ ਵਿਚਾਲੇ ਕਰ ਦਿੱਤੀ, - ਪਿੱਛੇ ਰਹੋ ਸੈਈਜੁਰੂਆ!-
- ਤੂੰ ਕੀ ਕਰਲੇਗਾਂ?- ਸੈਈਜੁਰੂ ਨੇ ਹੱਥ ਨਾਲ਼ ਤੰਗਲੀ ਹੇਠਾ ਕਰ ਦਿੱਤੀ ਅਤੇ ਉਸਦੀ ਬਾਂਹ ਮਰੋੜ ਕੇ ਉਸ ਨੂੰ ਪਰ੍ਹਾਂ ਕਰ ਦਿੱਤਾ ਸੀ।
- ਸੁਣ ਸੈਈਜੁਰੂ ਜੀ, ਸਾਡੇ ਪਿੰਡ ਦੀ ਧੀ ਐ, ਤੇ ਹੁਣ ਤੱਕ ਅਸੀਂ ਇਸ ਦੀ ਇੱਜ਼ਤ ਬਚਾਕੇ ਰੱਖੀ ਹੈ। ਸਾਡਾ ਤੇਰਾ ਨਾਲ਼ ਕੋਈ ਕੰਮ ਨਹੀਂ ਅਤੇ ਤੇਰਾ ਸਾਡੇ ਨਾਲ਼ ਨਹੀਂ-
- ਸ਼ਾਇਦ...ਗੁਰੂ ਦੀ ਵਹੁਟੀ? ਅੱਛਾ- ਉਹ ਹੱਸ ਕੇ ਪਾਸੇ ਤੁਰ ਗਿਆ ਸੀ ਤੇ ਫਿਰ ਸਾਨੂੰ ਕਿਹਾ, - ਜਾਓ ਫਿਰ।ਦੇਖਦੇ ਕੀ ਨੇ?-। ਪਰ ਹੁਣ ਮੇਰੇ ਰਾਖਿਆਂ ਦਾ ਲਹੂ ਉੱਬਲ਼ ਰਿਹਾ ਸੀ।
- - ਤੂੰ ਕੌਣ ਹੁੰਦਾ?-
- ਮੈਂ ਕੋਈ ਨਹੀਂ। ਸਿਰਫ ਯੋਸ਼ੀਓਕਾ ਦੇ ਸਾਮੰਤ ਦਾ ਸਰਦਾਰ। ਬੱਸ।- ਸਾਰੇ ਆਦਮੀ ਖਲੋਏ ਰਹੇ, ਫਿਰ ਹਾਰਕੇ ਇੱਕ ਰਾਖੇ ਨੇ ਕਿਹਾ, - ਚੱਲੋਂ-, ਤੇ ਅਸੀਂ ਅੱਗੇ ਤੁਰ ਪਏ।

ਇਸ ਤੋਂ ਇਲਾਵਾ ਕੁੱਝ ਨਹੀਂ ਹੋਇਆ ਯੋਸ਼ੀਓਕਾ ਦੇ ਰਾਹ ਤੇ। ਪਰ ਸਾਨੂੰ ਪਤਾ ਲੱਗ ਗਿਆ ਕਿ ਗੁਰੂ ਅਤੇ ਸਾਰੇ ਪਿੰਡ ਵਿੱਚ ਕੁੱਝ ਪੰਗਾ ਹੋਇਆ ਸੀ ਜਾਂ ਹੋਣ ਲੱਗਾ ਸੀ। ਸੋ ਇਸ ਤਰ੍ਹਾਂ ਉਸ ਸਾਲ ਮੈਂ ਆਵਦੇ ਨਵੇਂ ਘਰ ਪੁੱਜੀ ਸੀ। ਜਦ ਪਿੰਡ ਵਿੱਚ ਅਸੀਂ ਵੜੇ, ਸਾਰੇ ਪੈਂਡੂ ਸਾਡੇ ਵੱਲ ਝਾਕਦੇ ਸੀ। ਮੈਂ ਹੀ ਘੋੜੀ ਤੇ ਸੀ। ਮੇਰੇ ਸੰਗੀ ਪੈਦਲ ਸਨ। ਲੋਕਾਂ ਨੇ ਤੰਗਲੀ ਵਾਲੇ ਨੂੰ ਪਛਾਣ ਲਿਆ ਸੀ। ਹੌਲੀ ਹੌਲੀ ਸੜਕ ਲੰਘ ਕੇ ਸਾਇਲ ਵੱਲ ਵਧੇ। ਹੁਣ ਸਾਡੇ ਵੱਲ ਝਾਕਣ ਨੂੰ ਕੋਈ ਨਹੀਂ ਰਿਹਾ ਸੀ। ਸਰਕੰਡਾਂ ਵਿੱਚਾਲੇ ਡਗਰਾ ਸੀ ਜਿਹੜਾ ਸਾਨੂੰ ਗੁਰੂ ਦੇ ਘਰ ਵੱਲ ਲੈ ਕੇ ਜਾਂਦਾ ਸੀ। ਦੂਰ ਤੱਕ ਘਰ ਦਿੱਸਦਾ ਸੀ, ਉਸਦੇ ਪਿੱਛੇ ਬਹਿਰ। ਗੌਰੇ ਦਿਲਾਂ ਨਾਲ਼ ਅਸੀਂ ਉਸ ਘਰ ਵੱਲ ਵਧੇ।

ਗੁਰੂ ਅਤੇ ਉਸ ਦੇ ਤਿੰਨ ਨਿਆਣੇ ਬੂਹੇ ਸਾਹਮਣੇ ਖੜ੍ਹੇ ਸੀ।ਗੁਰੂ ਬਾਰੇ ਥੋੜ੍ਹ ਜਿਹਾ ਹੋਰ ਕਹਿਣਾ ਚਾਹੀਦੀ ਹੈ। ਮੇਰੇ ਤਕੋਜ਼ੇ ਤੋਂ ਕੱਦ ਨਿੱਕਾ ਸੀ, ਪਰ ਮਤਾਹਚੀ ਤੋਂ ਥੋੜ੍ਹਾ ਲੰਬਾ ਸੀ। ਸਿਰ ਉਸਦਾ ਗੋਲ਼ ਗੋਲ਼ ਸੀ ਅਤੇ ਛਾਤੀ ਵੀ ਗੋਲ਼ ਜਿਹੀ ਸੀ, ਲੱਤਾਂ ਬਾਹਾਂ ਵੀ ਇੰਝ ਹੀ ਜਾਪਦੀਆਂ ਸਨ। ਉੱਪਰਲੇ ਬੁੱਲ੍ਹ ਉੱਤੇ ਮੁਛ ਨੱਚਦੀ ਸੀ। ਗੁਰੂ ਹਮੇਸ਼ਾ ਕਿਸਾਨ ਦੇ ਲੀੜੇ ਲੱਤਾਂ'ਚ ਹੁੰਦਾ ਸੀ। ਇੱਚੀ ਆਵਦੇ ਬਾਪੂ ਪਿੱਛੇ ਖਲੋਇਆ ਸੀ, ਉਸ ਤੋਂ ਲੰਬਾ। ਇੱਚੀ ਦੇ ਵੀ ਪਿਤਾ ਵਰਗੇ ਕੱਪੜੇ ਪਾਏ ਸੀ।ਸੈਈਕੋ ਆਵਦੇ ਬਾਬਲ ਦੇ ਖੱਬੇ ਪਾਸੇ ਖੜ੍ਹੀ ਸੀ, ਉਸਦੇ ਮੁਖ ਤੇ ਕੁੱਝ ਬੇਵਸਾਹੀਆਂ ਮੇਰੇ ਬਾਰੇ ਮਤ ਮਾਰ ਰਹੀਆਂ ਸਨ। ਮਾਂ ਦੀ ਥਾਂ ਹੋਰ ਤੀਵੀਂ ਕਿਵੇਂ ਲੈ ਸਕਦੀ ਏ? ਗੁਰੂ ਦੇ ਮੂਹਰੇ ਉਸਦੀਆਂ ਬਾਹਾਂ ਦੀ ਆੜ ਵਿੱਚ ਅਰਾਸ਼ੀ ਖੜ੍ਹੋਤਾ ਸੀ। ਉਸਦੇ ਰੁਖ਼ ਤੇ ਹਰਸ਼ ਅਤੇ ਸਨਸਨੀ ਜਿਹੀ ਸੀ। ਮੈਂ ਆਵਦੀ ਘੋੜੀ ਨੂੰ ਰੋਕ ਦਿੱਤਾ ਸੀ ਅਤੇ ਮੇਰੇ ਚਾਰ ਸਮੁਰਾਈ ਰਾਖੀ ਅਤੇ ਖੋਜੀ ਸਾਰੇ ਖੜ੍ਹ ਗਏ ਸਨ। ਫਿਰ ਗੁਰੂ ਨਾਲ ਉਸਦੇ ਖੋਜੀ ਨੇ ਗੱਲ ਕੀਤੀ ਅਤੇ ਸਾਨੂੰ ਵਿਦਾ ਕਰਕੇ ਪਿੰਡ ਵੱਲ ਤੁਰ ਪਿਆ ਸੀ।

ਸਾਨੂੰ ਸਾਰਿਆਂ ਨੂੰ ਅੰਦਰ ਬੁਲਾ ਲਿਆ ਅਤੇ ਸਾਰਿਆਂ ਨੂੰ ਖਵਾਇਆ। ਫਿਰ ਮੇਰੇ ਪੈਂਡੂ ਆਵਦੇ ਕਮਰਿਆਂ'ਚ ਚੱਲੇ ਗਏ।ਮੈਂ,ਗੁਰੂ ਤੇ ਬੱਚੇ ਹੀ ਬੈਠੇ ਰਹੇ। ਮੈਂ ਉਨ੍ਹਾਂ ਦੇ ਤੋਹਫ਼ੇ ਉਨ੍ਹਾਂ ਨੂੰ ਦਿੱਤੇ।ਅਰਾਸ਼ੀ ਤਾਂ ਹੁੱਰਾਂ ਮਾਰਦਾ ਟੱਪਦਾ ਸੀ, ਆਵਦੇ ਡਮਰੂ ਤੇ ਡੱਗੇ ਮਾਰਦਾ। ਫਿਰ ਇੱਚੀ ਨੂੰ ਉਸਦੀ ਲੱਕੜੀ ਵਾਲ਼ੀ ਕੱਤਾਨਾ ਫੜ੍ਹਾ ਦਿੱਤੀ। ਬਹੁਤ ਧੰਨਵਾਦ ਸੀ ਅਤੇ ਆਦਰ ਮਾਣ।ਸੈਈਕੋ ਨੂੰ ਉਸਦੀ ਚੀਨੀ ਮਿੱਟੀ ਦੀ ਗੁੱਡੀ ਦੇ ਦਿੱਤੀ ਸੀ। ਉਸਨੇ ਲੈ ਲਈ ਪਰ ਮੈਨੂੰ ਸਮਝ ਲੱਗੀ ਕਿ ਉਸਦਾ ਦਿਲ ਜਿੱਤਨਾ ਏਨਾ ਸੌਖਾ ਨਹੀਂ ਹੋਣਾ। ਜਦ ਬੱਚੇ ਸੌਂ ਗਏ ਮੈਂ ਗੁਰੂ ਨੂੰ ਸਾਡੇ ਸਫ਼ਰੇ ਬਾਰੇ ਦੱਸਿਆ ਅਤੇ ਜਦ ਕੁੱਝ ਵਾਟ ਯੋਸ਼ੀਓਕਾ ਦੇ ਬਾਹਰ ਕੀ ਬੀਤਿਆ ਸੀ। ਉਸਦੇ ਮੂੰਹ ਤੇ ਝੜ ਵਰਗੀ ਨੁਹਾਰ ਚੜ੍ਹ ਗਈ ਸੀ।

ਸੈਈਜੁਰੂ ਬਾਰੇ ਫਿਰ ਉਸਨੇ ਮੈਨੂੰ ਸਭ ਕੁੱਝ ਦੱਸ ਦਿੱਤਾ ਸੀ। ਇਹ ਸਾਮੰਤ ਦਾ ਖਾਸ ਆਦਮੀ ਸੀ , ਜਿਸ ਨੇ ਹਰ ਰੋਜ ਗੁਰੂ ਤੇ ਜੋਰ ਪਾਇਆ ਆਵਦੀ ਜ਼ਮੀਨ ਉਨ੍ਹਾਂ ਨੂੰ ਵੇਚਣ ਲਈ। ਗੁਰੂ ਨੇ ਕਿਹਾ ਫਿਕਰ ਨਾ ਕਰ, ਹੁਣ ਤੇਰੇ ਸਮੁਰਾਈ ਵੀ ਆਏ ਨੇ। ਪਰ ਮੈਨੂੰ ਪਤਾ ਸੀ ਕਿ ਉਨ੍ਹਾਂ ਨੇ ਤਾਂ ਸਾਡੇ ਪਿੰਡ ਵਾਪਸ ਜਾਣਾ ਚਾਹੁੰਣਾ ਹੈ। ਇਸ ਲਈ ਮੈਂ ਥੋੜ੍ਹਾ ਜਿਹਾ ਡਰ ਗਈ ਸੀ। ਖ਼ੈਰ ਇੰਝ ਪੰਜ ਹਫਤੇ ਬੀਤ ਗਏ, ਤੇ ਕੁੱਝ ਹੋਇਆ ਨਹੀਂ। ਸਗੋਂ ਮੈਂ ਤੇ ਸੈਈਕੋ ਮੰਦਰ ਤੱਕ ਗਏ ਇੱਕ ਰਾਖੇ ਦੇ ਨਾਲ਼, ਬੁੱਧ ਦੇ ਬੁੱਤ ਕੋਲ਼ ਪੂਜਾ ਕਰਨ। ਇਸ ਤਰ੍ਹਾਂ ਹੌਲੀ ਹੌਲੀ ਅਸੀਂ ਘੁਲ਼ਣ ਮਿਲ਼ਣ ਲੱਗ ਪਏ ਦਿਨੋਂ ਦਿਨ। ਹਰ ਦਿਨ ਜਦ ਮੰਡਰ ਗਏ, ਦੂਰ ਸਾਨੂੰ ਸੈਈਜੁਰੂ ਦਿੱਸਦਾ ਸੀ, ਕਾਨਿਆਂ ਵਿੱਚ ਖੜ੍ਹਾ ਸਾਡੇ ਵੱਲ ਤਾੜਦਾ। ਹਾਰਕੇ ਮੇਰੇ ਰਾਖੇ ਘਰ ਜਾਣਾ ਚਾਹੁੰਦੇ ਸਨ। ਦੋ ਚਲੇ ਗਏ ਤੇ ਦੋ ਰਹਿ ਗਏ, ਜਦ ਗੁਰੂ ਨੇ ਉਨ੍ਹਾਂ ਨੂੰ ਕਾਇਲ ਕਰ ਲਿਆ ਰਹਿਣ ਲਈ ਕਿ ਜਿੰਨ੍ਹਾਂ ਚਿਰ ਤਾਰੀਖ ਹਜ਼ੂਰ ਵਿੱਚ ਨਹੀਂ ਆਉਂਦੀ। ਸਾਮੰਤ ਨੇ ਕਚਹਿਰੀ'ਚ ਨਾਲ਼ਸ਼ ਪਾਈ ਕਿ ਗੁਰੂ ਜੇ ਜ਼ਮੀਨ ਸਾਮੰਤ ਨੂੰ ਨਹੀਂ ਦਿੰਦਾ ਤਾਂ ਇਲਾਕੇ ਦੀ ਦਫ਼ਾਹ ਨਹੀਂ ਹੋ ਸਕਣੀ ਅਤੇ ਧਰਤੀ ਸਾਮੰਤ ਨੂੰ ਦੇਣੀ ਚਾਹੀਦੀ ਹੈ। ਇੰਝ ਦਿਨ ਲੰਘੀ ਗਏ।ਮੈਨੂੰ ਉਸ ਵੇਲੇ ਇਹ ਨਹੀਂ ਪਤਾ ਸੀ ਕਿ ਜਿਹੜੇ ਦੋ ਰਾਖੇ ਵਾਪਸ ਗਏ, ਮਿਯਾਮੋਤੋ ਤੱਕ ਤਾਂ ਪਹੁੰਚੇ ਵੀ ਨਹੀਂ। ਸੱਚ ਸੀ ਸੈਈਜੁਰੂ ਨੇ ਉਨ੍ਹਾਂ ਨੂੰ ਖਤਮ ਕਰ ਦਿੱਤਾ ਹੋਵੇਗਾ।

ਭਰ ਸਿਆਲ਼ ਬਾਅਦ ਇੱਕ ਹੋਰ ਰਾਖਾ ਚਲਾ ਗਿਆ। ਤਰੀਖ ਗਾਹਾਂ ਕਰ ਦਿੱਤੀ ਸੀ। ਫਿਰ ਬਸੰਤ ਆਈ। ਲੋਕਾਂ ਨੇ ਗੁਰੂ ਤੇ ਤਹੁਮਤ ਲਾਈ ਕਿ ਉਸ ਨੇ ਮੱਛੀ ਦੀ ਥਾਂ ਸੱਪ ਦਾ ਮਾਸ ਵੇਚਿਆ ਸੀ। ਇਹ ਸਭ ਸਾਮੰਤ ਦੀ ਚਾਲ਼ ਸੀ। ਜਦ ਵੀ ਅਸੀਂ ਪਿੰਡ ਜਾਂਦੇ ਸਾਂ, ਉਸਦੇ ਸਮੁਰਾਈ ਸਾਨੂੰ ਤੰਗ ਕਰਦੇ ਸੀ। ਇੱਕ ਦਿਨ ਆਇਆ ਜਦ ਮੇਰੇ ਰਾਖੇ ਨੇ ਉਨ੍ਹਾਂ ਦਾ ਸਾਹਮਣਾ ਕੀਤਾ। ਮੈਂ ਤੇ ਸੈਈਕੋ ਗੁਰੂ ਨਾਲ਼ ਸਾਂ। ਮੁੰਡੇ ਘਰ ਸੀ। ਉਨ੍ਹਾਂ ਚਾਰ ਆਦਮੀਆਂ ਨੇ ਰਾਖੇ ਤੇ ਠਕਰ ਮਾਰੀਆਂ ( ਜਿੰਨ੍ਹਾਂ ਦੀ ਗਿਣਤੀ ਵਿੱਚ ਸੈਈਜੁਰੂ ਵੀ ਸੀ) ਅਤੇ ਜਦ ਉਸਨੇ ਆਵਦੀ ਕੱਤਾਨਾ ਕੱਢੀ, ਉਨ੍ਹਾਂ ਆਵਦੀਆਂ ਵੀ ਕੱਢ ਲਈਆਂ। ਗੁਰੂ ਉਸਦੀ ਮਦਦ ਕਰਨ ਅੱਗੇ ਆਇਆ, ਪਰ ਮੈਂ ਰੋਕ ਦਿੱਤਾ ਕਿਉਂਕਿ ਮੈਂ ਚਾਹੁੰਦੀ ਸੀ ਸੈਈਕੋ ਨੂੰ ਨਾ ਕੁੱਝ ਹੋ ਜਾਵੇ। ਕਿਸਮਤ ਇੱਕ ਪਲ'ਚ ਹੀ ਬਦਲ ਜਾਂਦੀ ਹੈ। ਉਸ ਹੀ ਪਲ ਕਿਸੇ ਨੇ ਸੀਟੀ ਮਾਰੀ।ਜਿੱਥੋਂ ਸੀਟੀ ਦੀ ਆਵਾਜ਼ ਆਈ ਸਾਰਿਆਂ ਉੱਧਰ ਝਾਕਿਆ। ਉੱਥੋਂ ਤਕੇਜ਼ੋ ਖੜ੍ਹਾ ਸੀ!

ਤਕੇਜ਼ੋ ਖੜ੍ਹਾ ਸੀ।

ਮੈਂ ਤੇ ਰਾਖੀ ਦੋਵਾਂ ਨੇ ਓਦੋਂ ਹੀ ਨਾਲ਼ ਦੀ ਨਾਲ਼ ਕਿਹਾ, - ਬੇਨੋਸੁੱਕੇ!-। ਉਸ ਨੇ ਜਵਾਬ ਵਿੱਚ ਕਿਹਾ, - ਬੇਨੋਸੁੱਕੇ ਨਹੀਂ...ਮਿਯਾਮੋਤੋ ਮੁਸਾਸ਼ੀ-। ਇਨ੍ਹਾਂ ਸੁਣਕੇ ਹੀ ਸਮੁਰਾਈਆਂ ਨੇ ਆਵਦੀਆਂ ਤਲਵਾਰਾਂ ਹੇਠ ਕਰ ਲਈਆਂ ਸਨ। ਕੇਵਲ ਸੈਈਜੁਰੂ ਨੇ ਇੰਝ ਨਹੀਂ ਕੀਤਾ। ਉਸ ਦੀਆਂ ਅਤੇ ਰਾਖੇ ਦੀਆਂ ਅੱਖਾਂ ਇੱਕ ਦੂਜੇ ਤੇ ਹੀ ਸਨ, ਅਤੇ ਇੱਕ ਦੂਜੇ ਦੀਆਂ ਕੱਤਾਨੇ ਇੱਕ ਦੂਜੇ ਦੇ ਗਲ਼ ਵੱਲ ਟਿਕਾਈਆਂ ਸਨ। ਤਕੇਜ਼ੋ ਉਨ੍ਹਾਂ ਕੋਲ਼ ਆਕੇ ਖੜ੍ਹ ਗਿਆ ਸੀ ਤੇ ਹੱਸ ਕੇ ਆਵਦੇ ਹੱਥਾਂ ਨਾਲ਼ ਦੋਨਾਂ ਦੀਆਂ ਤਲਵਾਰਾਂ ਹੇਠਾਂ ਕਰ ਦਿੱਤੀਆਂ।

- ਤੂੰ ਆਪ ਨੂੰ ਕੀ ਸਮਝਦਾ ਓਏ!- ਸੈਈਜੁਰੂ ਨੇ ਕਹਿਣਾ ਸ਼ੁਰੂ ਕੀਤਾ।
- ਅਹ ਅਹ। ਮੈਂ ਸਾਮੰਤ ਲਈ ਕੰਮ ਕਰਦਾ ਤੇ ਉਸ ਨੇ ਸਾਫ ਮੈਨੂੰ ਕਿਹਾ ਸੜਕ ਤੇ ਕੋਈ ਝਗੜਾ ਨਹੀਂ ਹੋਣ ਦੇਣਾ...-
- ਤੂੰ ਹੈ ਕੌਣ ਏ ਓਏ, ਸੋਣਿਆ? ਮੈਂ ਤਾਂ ਤੈਨੂੰ ਜਾਣਦਾ ਨ੍ਹੀਂ!-ਦਬਕਾ ਮਾਰ ਕੇ ਕਿਹਾ।

- ਮੈਂ ਹੁਣੀ ਆਪਣੇ ਆਪ ਨੂੰ ਪਰੀਚਿਤ ਕਰਵਾਇਆ ਹਜ਼ੂਰ! ਛੱਡਦੇ ਇੰਨ੍ਹਾਂ ਨੂੰ। ਮੈਂ ਵੀ ਹੁਣ ਤੁਹਾਡੇ ਨਾਲ਼ ਕੰਮ ਕਰਦਾ-। ਇੱਦਾਂ ਕਹਿ ਕੇ ਉਹ ਸਾਰੇ ਸਮੁਰਾਈਆਂ ਨਾਲ਼ ਹੱਥ ਮਿਲਾਉਣ ਲੱਗ ਪਿਆ।ਸੈਈਜੁਰੂ ਨੂੰ ਵੀ ਪਰ੍ਹਾਂ ਚਲਾ ਗਿਆ ਲੈ ਕੇ। ਉਸ ਰਾਤ ਮੈਂ ਗੁਰੂ ਨੂੰ ਦੱਸਿਆ ਸੀ ਕਿ ਇਹ ਓਹੀ ਤਕੇਜ਼ੋ ਹੈ ਜਿਸਦੀ ਵਿਆਹ ਕਰਨ ਤੋਂ

ਪਹਿਲਾਂ ਡੀਕ'ਚ ਸੀ, ਜਦ ਬੂਹੇ ਤੇ ਠਕ ਠਕ ਹੋਈ। ਤਾਂ ਗੁਰੂ ਨੇ ਦਰਵਾਜ਼ਾ ਖੋਲ੍ਹਿਆ, ਤਕੇਜ਼ੋ ਖੜ੍ਹਾ ਸੀ। ਉਸ ਨੂੰ ਅੰਦਰ ਆਉਣ ਦਿੱਤਾ ਅਤੇ ਅਸੀਂ ਤਿੰਨੇ ਗੋਡਿਆਂ ਭਾਰ ਟਾਟ ਤੇ ਬਹਿ ਗਏ। ਫਿਰ ਗੁਰੂ ਨੇ ਮੈਨੂੰ ਕਿਹਾ ਚਾਹ ਬਣਾਕੇ ਲਿਆ, ਕਿਉਂਕਿ ਰੀਤੀ ਰਿਵਾਜ਼ ਤਾਂ ਪੂਰੇ ਕਰਨੇ ਸੀ ਜਦ ਪ੍ਰਾਹੁਣਾ ਆਉਂਦਾ ਹੈ। ਜਦ ਮੈਂ ਚਾਹ ਲੈ ਕਿ ਵਾਪਸ ਤਾਂ ਦਵੇਂ ਹੱਸ'ਹੱਸ ਕੇ ਗੱਲਾਂ ਕਰ ਰਹੇ ਸਨ। ਤਕੇਜ਼ੋ ਨੇ ਦੱਸਿਆ ਕਿ ਉਹ ਯੋਸ਼ੀਓਕਾ ਆ ਗਿਆ ਅਤੇ ਸਾਮੰਤ ਤੋਂ ਨੌਕਰੀ ਲੈ ਲਈ ਤੇ ਫਿਰ ਤੁਹਾਡੇ ਬਾਰੇ ਪਤਾ ਲੱਗ ਗਿਆ ਸੀ। ਉਸਨੇ ਕਿਹਾ ਜਿੰਨ੍ਹਾਂ ਚਿਰ ਉਹ ਇਸ ਪਿੰਡ'ਚ ਹੈ, ਸਾਨੂੰ ਸਾਮੰਤ ਅਤੇ ਸੈਈਜੁਰੂ ਦਾ ਕੋਈ ਫਿਕਰ ਨਹੀਂ ਕਰਨ ਦੀ ਲੋੜ...ਖ਼ੈਰ ਤਾਰੀਖ ਤੱਕ। ਉਸਨੇ ਗੁਰੂ ਨੂੰ ਤਸੱਲੀ ਦਿੱਤੀ ਕੇ ਜੋ ਮੇਰੇ ਤੇ ਇਹਦੇ ਅਤੇ ਮਤਾਹਚੀ ਵਿਚਕਾਰ ਬੀਤਿਆ ਏ, ਉਸ ਦਾ ਫਿਕਰ ਨਾ ਕਰੇ। ਓਤਸੂ ਹੁਣ ਸਿਰਫ਼ ਤੇਰੀ ਵਹੁਟੀ ਹੈ। ਪਰ ਇਹ ਝੂਠ ਸੀ। ਤਕੇਜ਼ੋ ਜਿੰਨ੍ਹਾਂ ਮਰਜ਼ੀ ਪਤਵੰਤ ਸੀ...ਮੈਂ ਤਾਂ ਉਸ ਨੂੰ ਵੇਖ ਕੇ ਸ਼ੁਦਾਈ ਹੋ ਗਈ ਸਾਂ।

ਅੱਗਲੇ ਹੀ ਦਿਨ ਸਾਡਾ ਸਿਲਸਿਲਾ ਸ਼ੁਰੂ ਹੋ ਗਿਆ। ਮੈਂ ਉਸ ਨੂੰ ਹਾਲੇ ਵੀ ਚਾਹੁੰਦੀ ਸੀ।

ਚਾਰ ਮਹੀਨੇ ਇੰਝ ਹੀ ਬੀਤ ਗਏ ਜਦ ਦੀ ਤਾਰੀਖ ਦਿੱਤੀ ਸੀ। ਹੁਣ ਪੰਜਾਂ ਦਿਨਾਂ ਤੱਕ ਅਦਾਲਤ ਨੇ ਫੈਸਲਾ ਕਰ ਦੇਣਾ ਸੀ। ਉਸੀ ਦਿਨ ਸਾਮੰਤ ਨੇ ਸੈਈਜੁਰੂ ਦੇ ਰਾਏ ਤੇ ਤਕੇਜ਼ੋ ਨੂੰ ਪਿੰਡ ਤੋਂ ਬਾਹਰ ਕੋਈ ਕੰਮ ਤੇ ਭੇਜ ਦਿੱਤਾ ਸੀ। ਤਕੇਜ਼ੋ ਤਾਂ ਹਮੇਸ਼ਾ ਚਾਮਲਦਾ ਤੇ ਭਾਲਦਾ ਸੀ ਕਿਸੇ ਨਾ ਕਿਸੇ ਨਾਲ਼ ਆਵਦੀ ਕੱਤਾਨਾ ਨੂੰ ਟਾਕਰਾ ਕਰਨ ਨੂੰ। ਮੌਕਾ ਮਿਲ ਗਿਆ ਸੀ। ਅੱਗਲੇ ਦਿਨ ਮੈਂ ਤੇ ਸੈਈਕੋ ਫਿਰ ਮੰਦਰ ਗਈਆਂ ਰਾਖੇ ਨਾਲ਼, ਬੁੱਧ ਦੀ ਪੂਜਾ ਕਰਨ। ਘਰ ਗੁਰੂ ਅਤੇ ਦੋਨੋਂ ਮੁੰਡੇ ਹੀ ਸਨ। ਉਸ ਦਿਨ ਸਭ ਕੁੱਝ ਬਦਲ ਗਿਆ ਸੀ।

ਜਦ ਮੈਂ ਤੇ ਸੈਈਕੋ ਘਰ ਵਾਪਸ ਪੁੱਜੀਆਂ ( ਸਾਡੇ ਨਾਲ਼ ਮਿਯਾਮੋਤੋ ਦਾ ਸਮੁਰਾਈ, ਮੇਰਾ ਰਾਖਾ ਰਹਿਆ ਹੋਇਆ) ਮਕਾਨ ਦੇ ਆਲ਼ੇ ਦੁਆਲ਼ੇ ਕਹੀ ਪੈਂਡੂ ਸਨ। ਘਰ ਸਾਫ਼ ਨਹੀਂ ਦਿੱਸਦਾ ਸੀ। ਸਾਡੇ ਅੱਗੇ ਰਾਖਾ ਹੋ ਗਿਆ ਤੇ ਉਸਨੇ ਲੋਕਾਂ ਨੂੰ ਪਰ੍ਹਾਂ ਕੀਤਾ। ਮੇਰੀ ਹੂਕ ਨਿਕਲ਼ ਗਈ। ਜਦ ਰਾਖੇ ਨੇ ਘਰ ਦੇ ਅੱਗੇ ਪਹੰਚਾ ਦਿੱਤਾ ਮੈਂ ਉੱਥੇਂ ਯਖ ਹੋ ਕੇ ਖੜ੍ਹ ਗਈ।ਸੈਈਕੋ ਮੂਹਰੇ ਦੌੜ੍ਹ ਕੇ ਲਾਸ਼ਾਂ ਨੂੰ ਹੇਠਾਂ ਲਿਉਂਣ ਦੀ ਕੋਸ਼ਿਸ਼ ਕਰ ਰਹੀ ਸੀ, ਨਾਲ਼ੇ ਪਿੱਟ ਪਿੱਟ ਕੇ ਰੋਂਦੀ ਸੀ। ਮੈਨੂੰ ਹੁਣ ਕਾਂਬਾ ਲੱਗਣ ਲੱਗ ਪਿਆ। ਜੋ ਮੇਰੇ ਤੇ ਤਕੇਜ਼ੋ'ਚ ਬੀਤਿਆ, ਉਸ ਲਈ ਇਸ ਵੇਲੇ ਆਪਣੇ ਆਪਨੂੰ ਕਸੂਰਵਾਰ ਠਹਿਰਾਉਂਦੀ ਹਾਂ। ਬਹੁਤ ਕਸੂਰਵਾਰ। ਮੈਂ ਖੜ੍ਹੀ ਰਹਿੰਦੀ ਹਾਂ। ਧਰਤੀ ਘੁੰਮਦੀ ਜਾਪਦੀ ਹੈ।ਸੈਈਕੋ ਨੂੰ ਰਾਖੇ ਨੇ ਖਿੱਚ ਕੇ ਪਿੱਛੇ ਕਰ ਲਿਆ।

ਮੈਂ ਘਰ'ਚ ਵੇਖਦੀ ਹਾਂ।ਛਤੀਰ ਤੋਂ ਤਿੰਨ ਲੋਥਾਂ ਲਮਕਦੀਆਂ ਨੇ। ਇੱਕ ਨਿੱਕਾ ਅਰਾਸ਼ੀ ਹੈ, ਜਿਸ ਨੂੰ ਹੁਣੇ ਸੈਈਕੋ ਨੇ ਲਾਹੁਣ ਦੀ ਕੋਸ਼ਿਸ਼ ਕੀਤੀ ਸੀ । ਗੱਭੇ ਇੱਚੀ ਖੜ੍ਹਾ ਹੈ ਅਤੇ ਉਸ ਦੇ ਸੱਜੇ ਪਾਸੇ ਗੁਰੂ। ਵਿਚਾਰਾ ਗੁਰੂ ਜਿਸ ਨੇ ਮੇਰੇ ਨਾਲ਼ ਵਿਆਹ ਕੀਤਾ। ਜਿਸਨੂੰ ਪਤਾ ਸੀ ਕਿ ਮੈਂ ਮਤਾਹਚੀ ਨਾਲ਼ ਮੰਗਣਾ ਤੋੜਿਆ। ਜਿਸ ਨੂੰ ਇਹ ਵੀ ਪਤਾ ਸੀ ਕਿ ਮੇਰੇ ਦਿਲ'ਚ ਤਕੇਜ਼ੋ ਹੈ। ਜਿਸ ਨੇ ਤਕੇਜ਼ੋ ਨੂੰ ਘਰ ਵਿੱਚ ਮਹਿਮਾਨ ਬਣਾ ਕੇ ਮੈਥੋਂ ਹੀ ਚਾਹ ਬਣਵਾਕੇ ਪਿਆਈ ਸੀ! ਜਿਸ ਦੇ ਪਿੱਠ ਪਿੱਛੇ ਮੈਂ ਤਕੇਜ਼ੋ ਨਾਲ਼...

ਰਾਖੇ ਨੇ ਆਵਦੀ ਕੱਤਾਨੇ ਨਾਲ਼ ਤਿੰਨ ਹੀ ਰੱਸੇ ਕੱਟ ਦਿੱਤੇ ਤੇ ਲਾਸ਼ਾਂ ਆਲੂਆਂ ਦੀਆਂ ਬੋਰੀਆਂ ਵਾਂਗਰ ਹੇਠ ਡਿੱਗ ਪਈਆਂ। ਰਾਖੇ ਨੇ ਗੁੱਸੇ ਵਿੱਚ ਕਿਹਾ ਕਿ ਉਹ ਇਸ ਹੀ ਵਕਤ ਸਾਮੰਤ ਕੋਲ਼ ਚਲਿਆ ਏ ਤੇ ਤੁਰ ਵੀ ਪਿਆ। ਉਸਦੀ ਨਜ਼ਰ ਵਿੱਚ ਇਹ ਸਾਮੰਤ ਦੇ ਕਾਰਨ ਹੀ ਹੋਇਆ। ਕਿਉਂਕਿ ਤਿੰਨ ਦਿਨਾਂ ਤੱਕ ਤਾਰੀਖ ਸੀ ਕਚਹਿਰੀ ਵਿੱਚ। ਏਹੋ ਹੀ ਕਾਰਨ ਹੈ। ਹੋਰ ਕੀ ਹੋ ਸਕਦਾ, ਮੈਂ ਹੁਣ ਸੋਚੀ ਪੈ ਗਈ।ਸੈਈਕੋ ਨੇ ਮੈਨੂੰ ਜਫੀ ਪਾਈ ਤੇ ਮੇਰੇ ਸੀਨ੍ਹੇ'ਚ ਆਪਣਾ ਮੂੰਹ ਲੁਕੋ ਲਿਆ। ਮੈਂ ਹਾਲੇ ਵੀ ਹੈਰਾਨੀ ਨਾਲ਼ ਤਿੰਨਾਂ ਹੀ ਲਾਸ਼ਾਂ ਵੱਲ ਤਾੜੀ ਗਈ। ਇੰਝ ਮੇਰੇ ਨਾਲ਼ ਹੀ ਕਿਉਂ ਸਭ ਕੁੱਝ ਹੁੰਦਾ? ਏ ਕਰਮ ਸੱਚ ਮੁੱਚ ਬੁੱਧ ਨੇ ਪਹਿਲਾਂ ਹੀ ਲਿਖੇ ਹੋਏ ਨੇ?

ਉਸ ਰਾਤ ਜਦ ਅਸੀਂ ਦੋਨੋਂ ਘਰ ਲਾਸ਼ਾਂ ਤੇ ਪਿੱਟ ਦੀਆਂ ਪਈਆਂ ਸਾਂ, ਤਾਂ ਮਹਿਸੂਸ ਹੋਇਆ ਕੇ ਉਦੋਂ ਮੇਰੇ ਰਾਖੇ ਨੇ ਸਾਮੰਤ ਨਾਲ਼ ਸਾਹਮਣਾ ਇਸ ਗੱਲ ਬਾਰੇ ਕੀਤਾ ਸੀ, ਉਸ ਨੇ ਪਹਿਲਾਂ ਸਿਰ ਫੇਰਿਆ ਸੀ, ਫਿਰ ਉਸਦੇ ਸਮੁਰਾਈਆਂ ਨੇ ਰਾਖੇ ਨੂੰ ਵੱਢ ਦਿੱਤਾ ਸੀ। ਹੁਣ ਸਾਡੇ ਲਈ ਕੋਈ ਨਹੀਂ ਹੈ।ਉਠਾਲ੍ਹਾ ਬਾਅਦ ਘਰ ਬੈਠੀਆਂ ਸੁੰਞ ਵਿੱਚ। ਹੁਣ ਕੋਈ ਨਹੀਂ ਪਿੰਡ'ਚੋਂ ਬਾਹਰ ਆਇਆ ਸਾਡੇ ਕੋਲ਼। ਬੱਸ ਦੁਨੀਆ ਵਿੱਚ ਇਕੱਲੀਆਂ ਹੀ ਰਹਿ ਗਈਆਂ ਨੇ।

ਫਿਰ ਮੈਨੂੰ ਥੋੜ੍ਹਾ ਜਿਹਾ ਹੋਸ਼ ਆਇਆ ਕਿ ਕੱਲ੍ਹ ਨੂੰ ਤਰੀਖ ਹੈ। ਇੰਝ ਹੋਰ ਦਿਨ ਨਹੀਂ ਬੀਤ ਸਕਦੈ। ਜੇ ਮੈਂ ਕਚਹਿਰੀ ਵਿੱਚ ਨਹੀਂ ਪਹੁੰਚੀ ਤਾਂ ਇਹ ਸਭ ਕੁੱਝ ਸਾਮੰਤ ਦਾ ਹੋ ਜਾਣਾ। ਮੈਂ ਆਪਣੇ ਆਪ ਅਤੇ ਸੈਈਕੋ ਨੂੰ ਤਿਆਰ ਕਰ ਲਿਆ ਅਤੇ ਤੁਰ ਕੇ ਦੋਨੋਂ ਪਿੰਡ ਪਹੁੰਚ ਗਈਆਂ। ਜਦ ਸਾਨੂੰ ਕਚਹਿਰੀ ਵਿੱਚ ਲੋਕਾਂ ਨੇ ਦੇਖਿਆ, ਉਹ ਸਭ ਹੈਰਾਨ ਹੋ ਗਏ। ਸਾਮੰਤ ਉੱਥੇਂ ਹੈ, ਆਵਦੇ ਗੋਡੇ ਭਾਰ ਧਰਤੀ ਤੇ ਬੈਠਾ ਆਪਣੇ ਆਪ ਨੂੰ ਦੁੱਧ ਧੋਤਾ ਵਿਖਾਉਦਿਆ ਹੋਇਆ। ਮੈਂ ਖ਼ੁਦ ਨੂੰ

ਮੁਨਸਫ਼ੀ ਦੇ ਸਾਹਮਣੇ ਕੀਤਾ ਤੇ ਧਰਤੀ ਤੇ ਮੱਥਾ ਟੇਕਿਆ। ਨੇੜੇ ਸਾਮੰਤ ਦੇ ਚਾਰ ਸਮੁਰਾਰੀ ਬੈਠੇ ਸਨ।ਸੈਈਜੁਰੂ ਬਾਹਰ ਸੀਗਾ, ਪਰ ਕਿਸੇ ਨੇ ਉਸ ਨੂੰ ਮੇਰੇ ਬਾਰੇ ਦੱਸ ਦਿੱਤਾ ਤੇ ਉਹ ਅੰਦਰ ਆ ਖੜ੍ਹਾ ਹੋ ਗਿਆ, ਮੇਰੇ ਵੱਲ ਘੂਰੀਆਂ ਵੱਟਦਾ।

- ਤੂੰ ਕੌਣ ਹੈ- ਮੁਨਸਫ਼ੀ ਨੇ ਮੈਨੂੰ ਪੁੱਛਿਆ।

- ਜੀ ਮੈਂ ਗੁਰੂ ਦੀ ਵਹੁਟੀ ਹਾਂ...ਬੇਵਾ ਏ। ਇਹ ਉਸਦੀ ਧੀ, ਸੈਈਕ ਹੈ। ਅਸੀਂ ਆਪਣਾ ਹੱਕ ਦੱਸਣ ਆਈਆਂ ਹਾਂ-

- ਅੱਛਾ। ਮੈਂ ਸਭ ਕਾਗ਼ਜ਼ ਪੜ੍ਹ ਲਏ ਨੇ ਇਸ ਇਸਤਗਾਸੇ ਬਾਰੇ। ਸਾਡਾ ਪਿੰਡ ਜਦ ਖਤਰੇ'ਚ ਹੋਵੇਗਾ ਫਿਰ ਤੂੰ ਕੀ ਤਜਵੀਜ ਰੱਖਦੀ ਏ?-

ਮੈਂ ਸਾਮੰਤ ਵੱਲ ਝਾਕੀ ਫਿਰ ਸੈਈਜੁਰੂ ਵੱਲ। ਉਨ੍ਹਾਂ ਤੋਂ ਮੈਂ ਡਰਦੀ ਨਹੀਂ। ਮੈਂ ਅਕਸਰ ਮਿਯਾਮੋਤੋ ਦੀ ਸ਼ੇਰਣੀ ਹਾਂ। ਮੈਂ ਮੁਨਸਫ਼ੀ ਵੱਲ ਅੱਖਾਂ ਕਰ ਕੇ ਕਿਹਾ, ਖਾਹਸ਼ੀ ਸਖ਼ਤ ਆਵਾਜ਼ ਵਿੱਚ, - ਜਦੋਂ ਵੀ ਲੋੜ ਹੋਵੇ, ਸਾਡੇ ਜ਼ਮੀਨ ਤੇ ਪਿੰਡ ਅਤੇ ਸਾਮੰਤ ਵੀ ਕਿਲ੍ਹੇਬੰਦੀ ਤਿਆਰ ਕਰ ਸਕਦੈ ਹੋਂ। ਪਰ ਧਰਤੀ ਸਾਡੀ ਹੀ ਰਹਿਣੀ।ਇਸ ਤੋਂ ਜ਼ਿਆਦਾ ਪਿੰਡ ਨੂੰ ਕੀ ਸ਼ਾਹਦੀ ਚਾਹੀਦੀ ਏ?-

- ਤੂੰ ਤਾਂ ਤੀਵੀਂ ਏ! ਉਹ ਵੀ ਬਾਹਰਲੀ!- ਜ਼ਬਰਦਸਤੀ ਨਾਲ਼ ਸੈਈਜੁਰੂ ਨੇ ਕਿਹਾ। ਉਸ ਦੇ ਬਾਂਹ ਤੇ ਸਾਮੰਤ ਨੇ ਹੱਥ ਰੱਖ ਦਿਤਾ, ਉਸ ਨੂੰ ਖਾਮੋਸ਼ ਕਰਨ ਲਈ।

- ਤੇ ਤੂੰ ਤਾਂ ਡੰਗਰ ਹੈ- ਮੈਂ ਵਾਪਸ ਖੁਣਸ ਕੇ ਕਿਹਾ।ਮੁਨਸਫ਼ੀ ਨੇ ਦੋਨਾਂ ਵੱਲ ਝਾਕ ਕੇ ਬੋਲਿਆ,- ਦੋਨੋਂ ਚੁੱਪ ਰਹੋ।ਨਹੀਂ ਤਾਂ ਅਦਾਲਤ ਹੱਤਕ ਦਾ ਜੁਰਮ ਲਾਉਣਾ ਪਊ!। ਅਸੀਂ ਫੈਸਲਾ ਬਣਾਲਿਆ ਹੈ। ਜੇਕਰ ਗੁਰੂ ਦੀ ਬੇਵਾ ਨੂੰ ਕੋਈ ਇਤਰਾਜ਼ ਹੈ ਉਸਦੀ ਜ਼ਮੀਨ ਨੂੰ ਪਿੰਡੇ ਦੀ ਦਫ਼ਾਹ ਲਈ ਵਰਤਣ ਤੇ, ਤਾਂ ਫਿਰ ਸਾਮੰਤ ਜੀ ਉਸ ਦੀ ਜ਼ਮੀਨ ਉਸਦੀ ਹੀ ਰਹਿਵੇਗੀ-।

ਦੋਨੋਂ ਸਾਮੰਤ ਅਤੇ ਸੈਈਜੁਰੂ ਖ਼ੁੱਸ਼ ਨਹੀਂ ਲੱਗਦੇ ਹਨ। ਪਰ ਉਨ੍ਹਾਂ ਦੇ ਕੰਡਿਆਂ ਤੇ ਘਸੀਟਾਂ ਹੋਰ ਪਈਆਂ ਸਨ।ਮੁਨਸਫ਼ੀ ਨੇ ਅੱਗੇ ਕਿਹਾ ਕਿ ਇਹਦੇ ਟੱਬਰ ਦੇ ਖ਼ੂਨ ਦੀ ਘੋਖ ਕਰਨੀ ਹੈ ਅਤੇ ਜੇ ਪਤਾ ਲੱਗਿਆ ਕਿ ਜ਼ਮੀਨ ਲਈ ਉਨ੍ਹਾਂ ਦਾ ਹੱਥ ਵਿੱਚ ਹੈ, ਤਾਂ ਸ਼ੋਗਣ ਤੀਕ ਗੱਲ ਪਹੁੰਚ ਜਾਣੀ ਹੈ। ਸਭ ਨੇ ਮੱਥੇ ਮੁਨਸਫ਼ੀ ਦੇ ਸਾਹਮਣੇ ਮੱਥੇ ਟਕੇ ਤੇ ਫਿਰ ਬਾਹਰ ਆ ਗਏ।ਜਦ ਮੈਂ ਤੇ ਸੈਈਕੋ ਬਾਹਰ ਪੁੱਜੀਆਂ ਤਾਂ ਸਾਮੰਤ ਅਤੇ ਉਸਦੇ ਪੰਜੇ ਹੀ ਕੁੱਤੇ ਖੜ੍ਹੇ ਸੀ। ਖ਼ੁਦ ਸਾਮੰਤ ਨੇ ਮੈਨੂੰ ਕੁੱਝ ਨਹੀਂ ਕਿਹਾ, ਪਰ ਆਪਣੇ ਕੁੱਤੇ ਰਾਹੀਂ (ਸੈਈਜੁਰੂ) ਮੈਨੂੰ ਸੁਣਾ ਦਿੱਤਾ।

- ਸੋਹਣੀਏ, ਇਹ ਨਾ ਸੋਚ ਤੇਰੀ ਜ਼ਮੀਨ ਸਾਡੇ ਹੱਥੋਂ ਨਿਕਲ਼ ਜਾਵੇਗੀ। ਬੱਸ ਅੱਜ ਨਹੀਂ ਤਾਂ ਕੱਲ੍ਹ। ਤੇ ਜਿਹੜਾ ਕੇਸ ਦਾਇਰ ਕੀਤਾ, ਇਸ ਦਾ ਕੁੱਝ ਨਹੀਂ ਬਣਨਾ ਸੋਹਣੀਏ। ਕੋਈ ਸਬੂਤ ਹੈ ਨਹੀਂ ਕਿਸ ਨੇ ਉਨ੍ਹਾਂ ਤਿੰਨਾਂ ਨੂੰ ਫਾਹੇ ਦਿੱਤਾ...-

- ਤੇਰੇ ਵਰਗੇ ਕੁੱਤੇ ਨੇ ਹੀ ਕੀਤਾ ਹੋਵੇਗਾ ਸੈਈਜੁਰੂਆ!- ਮੈਂ ਜਵਾਬ ਦਿੱਤਾ

- ਓਏ! ਬਹੁਤ ਹੀ ਤੇਜ਼ ਜੀਬ ਹੈ ਇਸ ਗੁੱਡਿਆ ਦੀ ਤੇ!- ਸੈਈਜੁਰੂ ਨੇ ਕਹਿਣਾ ਸ਼ੁਰੂ ਕੀਤਾ, ਜਦ ਸਾਮੰਤ ਖ਼ੁਦ ਬੋਲਿਆ, - ਭੈਣੇ, ਮਾਫ਼ ਕਰਨਾ। ਸਾਡੇ ਇਸ ਵਿੱਚ ਕੋਈ ਹੱਥ ਨਹੀਂ ਹੈ। ਤੁਹਾਡੇ ਦੋਨਾਂ ਲਈ ਬਹੁਤ ਅਫਸੋਸ ਹੈ ਇਸ ਬਾਰੇ-।

- ਦੇਖੂਗੀ...- ਮੈਂ ਨੇ ਅੱਖਾਂ ਆਵਦੀਆਂ ਅੱਖਾਂ ਉਸ ਦੀਆਂ ਅੱਖਾਂ ਤੇ ਗੱਡ ਕੇ ਕਿਹਾ।

ਸਾਮੰਤ ਤੁਰ ਗਿਆ। ਅਸੀਂ ਦੋਨੋਂ ਖੜ੍ਹੀਆਂ ਰਹੇ ਗਈਆਂ। ਗੁੱਸਾ ਬਹੁਤ ਸੀ ਉਸ ਵੇਲੇ। ਪਰ ਇਸ ਤੋਂ ਜ਼ਿਆਦਾ ਕੀ ਕਰ ਸਕਦੀ ਸੀ? ਸਾਮੰਤ ਆਵਦੇ ਘੋੜੇ ਤੇ ਸਵਾਰ ਹੋ ਕੇ ਚਲਾ ਗਿਆ। ਸਾਰੇ ਲੋਕ ਹੁਣ ਖਿੰਡ ਗਏ ਅਤੇ ਮੈਂ ਤੇ ਸੈਈਕੋ ਘਰ ਵੱਲ ਤੁਰ ਪਈਆਂ। ਮੈਂ ਆਵਦਾ ਸਵਾਰ ਨਹੀਂ ਲਿਆਂਦਾ ਕਿਉਂਕਿ ਸੈਈਕੋ ਨੂੰ ਤੁਰਣਾ ਪੈਂਣਾ ਸੀ। ਸਾਡੇ ਸਾਹਮਣੇ ਉਹ ਪੰਜਾਂ ਸਮੁਰਾਈਆਂ'ਚੋਂ ਦੋ ਰਾਹ ਰੋਕਣ ਲਈ ਖੜ੍ਹ ਗਏ। ਅਸੀਂ ਪਾਸੇ ਹੋਣ ਦੀ ਕੋਸ਼ਿਸ਼ ਕੀਤੀ ਤੇ ਉਹ ਵੀ ਸ਼ੀਸ਼ੇ'ਚ ਪਰਛਾਵੇਂ ਵਾਂਗ ਨਾਲ਼ ਹੀ ਨਾਲ਼ ਹਿੱਲ ਗਏ। ਸਾਡੇ ਪਿੱਛੇ ਦੂਜੇ ਤਿੰਨ, ਜਿੰਨ੍ਹਾਂ'ਚ ਸੈਈਜੁਰੂ ਵੀ ਹੈ ਖਲੋਤੇ ਸੀ।

- ਪਾਸੇ ਹੱਟ ਜੋ ਨਹੀਂ ਤਾਂ ਮੈਂ ਤੁਹਾਨੂੰ ਕੁੱਤੇ ਦੀ ਮੌਤ ਮਾਰਾਂਗੀ!- ਮੈਂ ਸੱਪ ਵਾਂਗਰ ਸ਼ੂਕੀ।

- ਕੀ ਕਿਮੋਨੋ ਵਿੱਚ ਤੈਂਤੋ ਲੁਕੋਇਆ! ਦੱਸ ਹੋਰ ਕੀ ਲੁਕੋਇਆ ਮੇਰੀ ਜਾਨ!- ਇੱਕ ਨੇ ਹੱਸ ਕੇ ਕਿਹਾ। ਉਸਨੇ ਮੇਰੀ ਬਾਂਹ ਫੜ੍ਹਣ ਦੀ ਕੋਸ਼ਿਸ਼ ਕੀਤੀ। ਆਲ਼ੇ ਦੁਆਲ਼ੇ ਜਿਹੜੇ ਲੋਕ ਸੀ, ਉਨ੍ਹਾਂ ਨੇ ਦਰਵਾਜ਼ੇ ਬਾਰੀਆਂ ਬੰਦ ਕਰ ਦਿੱਤੀਆਂ ਅਤੇ ਇਮਾਰਤਾਂ'ਚ ਦੌੜ੍ਹਕੇ ਲੁਕ ਗਏ। ਕੋਈ ਇਸ ਵਿੱਚ ਸ਼ਾਮਲ ਨਹੀਂ ਹੋਣਾ ਚਾਹੁੰਦਾ ਸੀ। ਮੈਂ ਸੱਚ ਮੁੱਚ ਕਿਮੋਨੋ'ਚੋਂ ਤੈਂਤੋ ਕੱਢ ਕੇ ਉਸਦੇ ਹੱਥ ਫਿਰ ਮੁਖ ਨੂੰ ਚੀਰ ਦਿੱਤਾ। ਉਹ ਹੈਰਾਨ ਹੋ ਗਿਆ।ਸੈਈਜੁਰੂ ਤੋਂ ਇਲਾਵਾਂ ਸਾਰਿਆਂ ਨੇ ਆਵਦੀਆਂ ਕੱਤਾਨੇ ਕੱਢ ਲਈਆਂ।

ਮੈਨੂੰ ਹੁਣ ਪੂਰਾ ਪਤਾ ਸੀ ਕਿ ਹੁਣ ਇੰਨ੍ਹਾਂ ਨੇ ਇੱਥੇਂ ਹੀ ਸਾਨੂੰ ਮਾਰ ਦੇਣਾ ਤੇ ਬਾਅਦ'ਚ ਕਹਿਣਗੇ ਕਿ ਮੈਂ ਹੀ ਅਸ਼ਾਂਤੀ ਸ਼ੁਰੂ ਕੀਤੀ ਸੀ। ਨਾਲ਼ੇ ਜ਼ਨਾਨੀ ਕਿੰਞ ਸਮੁਰਾਈ ਦੇ ਹੱਥ ਲਾ ਸਕਦੀ ਹੈ? ਮਰਦ ਦੀ ਦੁਨੀਆ ਹੈ ਨਾ? ਪਰ ਮੈਂ ਉਨ੍ਹਾਂ ਕਮਜ਼ੋਰ ਜ਼ਨਾਨੀਆਂ ਦੀ ਗਿਣਤੀ ਵਿੱਚ ਨਹੀਂ ਆਉਣਾ ਚਾਹੁੰਦੀ ਜਿਹੜੀਆਂ ਬਿਨ੍ਹਾਂ ਚੁਨੌਤੀ ਜੋ ਆਦਮੀ ਚਾਹੁੰਦਾ ਕਬੂਲ ਕਰਦੀਆਂ ਹੈ ਤੇ ਕਹਿੰਦੀਆਂ ਹੈ ਕਿ, - ਬੱਸ, ਇਹ ਤਾਂ ਰੀਤ ਹੈ, ਔਰਤ ਦਾ ਕਰਮ ਹੈ!-। ਨਹੀਂ! ਕਰਮਾਂ ਨੂੰ ਖ਼ੁਦ ਬਣਾਇਆ ਜਾਂਦਾ ਏ। ਉਨ੍ਹਾਂ ਮਰਦਾਂ ਦਾ ਰੋਹਬ ਅੱਜ ਹੱਟੇਗਾ ਹੀ! ਭਾਵੇਂ ਮੈਂ ਮਰ ਜਾਵਾਂ! ਮੈਂ ਤੈਂਤੋ ਤਿਆਰ ਕਰ ਲਿਆ, ਉਸ ਪੰਜ ਤਲਵਾਰਾਂ ਖਿਲਾਫ਼।

- ਸਮੁਰਾਈ ਬੜੇ ਵੱਡੇ ਨੇ! ਇੱਕ ਬੱਚੀ ਅਤੇ ਇੱਕ ਜ਼ਨਾਨੀ ਨਾਲ਼ ਹੀ ਲੜ ਸਕਦੈ! ਬੱਕਰੀ ਨਾਲ਼ ਟੱਕਰ ਕਰਨਾ ਆਸਾਨ ਹੈ। ਕਦੇ ਸ਼ੇਰ ਨਾਲ਼ ਵੀ ਤਲਵਾਰ ਮਿਲਾ ਕੇ ਦੇਖੋਂ!- ਪਾਸਿਓ ਮੈਨੂੰ ਸਾਫ਼ ਤਕੇਜ਼ੋ ਦੀ ਆਵਾਜ਼ ਸੁਣਾਈ ਦਿੱਤੀ! ਅਸੀਂ ਸਾਰੇ ਉਸ ਵੱਲ ਝਾਕੇ।
- ਇਹ ਗੱਲ ਤੇਰੇ ਮਤਲਬ ਦੀ ਨਹੀਂ ਹੈ। ਤੂੰ ਕੀ ਏਥੇਂ ਕਰ ਰਿਹਾ? ਤੈਨੂੰ ਤਾਂ ਸਾਮੰਤ ਨੇ ਬੁੱਤੀ ਕੱਢਣ ਭੇਜਿਆ ਸੀ ਸੋਹਣਿਆ!- ਗੁੱਸੇ ਵਿੱਚ ਸੈਈਜੁਰੂ ਨੇ ਉੱਤਰ ਦਿੱਤਾ ਮੇਰੇ ਤਕੇਜ਼ੋ ਨੂੰ।
- ਸੋਹਣਿਆ ਉਹ ਕੰਮ ਤਾਂ ਕਰ ਦਿੱਤਾ। ਹੁਣ ਬੱਸ ਇਹ ਸਮਝੋਂ ਕਿ ਮੈਂ ਸਾਮੰਤ ਦਾ ਗੁਲਾਮ ਨ੍ਹੀਂ ਹਾਂ। ਹੁਣ ਤਾਂ ਰੋਨਿਨ ਹੀ ਹਾਂ-
- ਅੱਛਾ! ਇਹ ਗੱਲ ਹੈ! ਫਿਰ ਤਾਂ ਅਸੀਂ ਅੱਜ ਤੈਨੂੰ ਸੂਤ ਕਰਦੈ ਐ ਸੋਹਣਿਆ!-
- ਚੱਲ ਆ ਫਿਰ ਸੋਹਣਿਆ। ਦੇਖ ਲੈਂਦੇ ਏ!- ਤਕੇਜ਼ੋ ਸੜਕ ਦੇ ਮੁਧ ਖੜ੍ਹ ਗਿਆ। ਮੈਂ ਇੱਕ ਹੱਥ ਨਾਲ਼ ਤੈਂਤੋ ਵੱਧਾ ਕੇ ਦੂਜੇ ਨਾਲ਼ ਸੈਈਕੋ ਦਾ ਹੱਥ ਪਕੜ ਲਿਆ ਤੇ ਉਸ ਨੂੰ ਇਮਾਰਤਾਂ ਦੇ ਵੱਲ ਲੈ ਖੜ੍ਹੀ ਗਈ। ਤਕੇਜ਼ੋ ਦੇ ਹੱਥ ਹਾਲ਼ੇ ਉਸ ਦੀਆਂ ਆਸਤੀਨਾਂ'ਚ ਲੁਕੇ ਸਨ। ਉਸ ਤੇ ਸੈਈਜੁਰੂ ਦੇ ਵਿਚਕਾਰ ਚਾਰ ਹੀ ਸਮੁਰਾਈ ਖੜ੍ਹੇ ਹੈ ਆਵਦੀਆਂ ਕੱਤਾਨੇ ਨਾਲ਼। ਕੇਵਲ ਸੈਈਜੁਰੂ ਨੇ ਆਵਦੀ ਤਲਵਾਰ ਮਿਆਨ'ਚ ਵਾਪਸ ਪਾ ਲਈ ਹੈ। ਉਸ ਨੇ ਗੁੜ੍ਹਕ ਕੇ ਬੋਲਿਆ, - ਜੇ ਤੂੰ ਮੇਰੇ ਤਕੀਰ ਪੁੱਜਾ ਤੇਰੀ ਜ਼ਨਾਨੀ ਅਤੇ ਉਸਦੀ ਮਤੇਈ ਨੂੰ ਕਦੀ ਹੱਥ ਨ੍ਹੀਂ ਲਾਵਾਂਗੇ। ਕੋਈ ਸ਼ੱਕ?-।
- ਅੱਛਾ। ਦੇਖਦੇ ਯੋਸ਼ੀਓਕਾ ਦੇ ਸਮੁਰਾਈ ਕਿਸ ਮਿੱਟੀ ਦੇ ਏ!-। ਇੰਞ ਕਹਿ ਕੇ ਦੁਲਾਂਘ ਭਰਦਾ ਤਕੇਜ਼ੋ ਅੱਗੇ ਆ ਵਧਇਆ ਪਹਿਲੇ ਸਮੁਰਾਈ ਵੱਲ। ਜੋ ਹੋਇਆ, ਤਿੰਨ ਚਾਰ ਪੱਲਾਂ'ਚ ਹੀ ਹੋਇਆ।

ਤਕੇਜ਼ੋ ਦੇ ਸਿਰ ਦੇ ਉੱਪਰ ਪਹਿਲੀ ਕੱਤਾਨਾ ਆ ਰਹੀ ਹੈ, ਪਰ ਉਸ ਨੇ ਆਪਨੂੰ ਪਾਸੇ ਕਰਕੇ ਨਾਲ਼ ਹੀ ਹੱਥ ਆਸਤੀਨਾਂ'ਚੋਂ ਕੱਢ ਕੇ ਤਲਵਾਰ ਨਾਲ਼ੇ ਨਾਲ਼ ਪਹਿਲਾਂ ਮੂਹਰੇ ਕੀਤੀ ਫਿਰ ਜੋ ਦੂਜੇ ਦੀ ਹੇਠ ਆਈ, ਤਕੇਜ਼ੋ ਨੇ ਧਾਰ ਦੋਹਾਂ ਹੱਥਾਂ ਨਾਲ਼ ਫੜ੍ਹ ਆਵਦੇ ਸੀਸ ਉੱਪਰ ਇੰਞ ਰਖੀ ਕੇ ਦੂਜੇ ਦੀ ਧਾਰ ਨੇ ਉਸਦੀ ਤਲਵਾਰ ਦੀ ਧਾਰ ਤੇ ਖਿਸਕ ਕੇ ਤਕੇਜ਼ੋ ਪਿੱਛੇ ਚਲੀ ਗਈ। ਇਸੇ ਹੀ ਵਕਤ ਤਕੇਜ਼ੋ ਦੀ ਕੱਤਾਨਾ ਨੇ ਉਸ ਆਕਰਮਣਕਾਰੀ ਦੇ ਕਪਾਲ ਵਿੱਚ ਕੁਤ ਦਿੱਤਾ। ਫਿਰ ਤਕੇਜ਼ੋ ਆਵਦੇ ਸੱਜੇ ਪਾਸੇ ਵੱਲ ਗਿਆ ਜਿੱਥੋਂ ਦੂਜਾ ਸਮੁਰਾਈ ਤਲਵਾਰ ਉਸ ਵੱਲ ਵਧਾਉਂਦਾ ਹੈ,ਤੇ ਉਸਦੇ ਸੱਟ ਵਾਰ ਤੇ ਵੀ ਜਵਾਬੀ ਵਾਰ ਕਰਕੇ ਉਸਦਾ ਪੇਟ ਖੋਲ੍ਹ ਦਿੱਤਾ। ਲਹੂ ਦੇ ਛਿੱਟੇ ਸਾਰੇ ਪਾਸੇ ਗਏ। ਫਿਰ ਤੇਜ਼ੀ ਨਾਲ਼ ਡਿੱਘ ਡਿੱਘ ਕੇ ਤੀਜੇ ਕੋਲ਼ ਪੁੱਜ ਗਿਆ। ਉਸ ਵੈਰੀ ਨੇ ਆਵਦੀ ਕੱਤਾਨਾ ਜੋਰ ਨਾਲ਼ ਤਕੇਜ਼ੋ ਦੇ ਸਿਰ ਵੱਲ ਲਿਆਂਦੀ ਪਰ ਤਕੇਜ਼ੋ ਨੇ ਉਸ ਦੀ ਬਾਂਹ ਕੱਟਕੇ ਸੁੱਟ ਦਿੱਤੀ। ਜੋ ਸਣੇ

ਧਰਤੀ ਤੇ ਤਲਵਾਰ ਪਕੜ ਕੇ ਪਈ ਸੀ। ਉਸਦੇ ਫਿਰ ਹੇਠਾਂ ਜਿੱਥੇਂ ਕਮੀਜ਼ ਦਾ ਤੀਰਾ ਹੁੰਦਾ ਹੈ, ਬਹੁਤ ਖੂਨ ਨਿਕਲ ਰਿਹਾ ਹੈ, ਜਿਵੇਂ ਫੁਹਾਰਾ ਪਾਣੀ ਕੱਢਦਾ ਹੈ। ਬਾਂਹ ਟੁੰਡ ਮੁੰਡ ਕਰ ਕੇ ਚੌਥੇਂ ਦੇ ਸਾਹਮਣੇ ਪੁੱਜਾ ਹੁਣ ਤਕੇਜ਼ੋ । ਉਸ ਬੰਦੇ ਦੇ ਮੂਹੋਂ ਹੀ ਦਿੱਸਦਾ ਸੀ ਕੇ ਪੇਟ'ਚ ਵੱਟ ਜਿਹੇ ਉੱਠਦੇ ਨੇ। ਦਾਬੇ ਨਾਲ਼ ਦੋਨਾਂ ਦੀਆਂ ਅੱਖਾਂ ਮਿਲੀਆਂ। ਫਿਰ ਉਸ ਹੀ ਵਕਤ ਤਲਵਾਰਾਂ ਚੱਲੀਆਂ! ਇੱਕ ਦੋਂ ਝਟਕੇ ਬਾਅਦ ਤਕੇਜ਼ੋ ਹੀ ਖੜ੍ਹਾ ਹੈ। ਦੂਜੇ ਦੀ ਛਾਤੀ ਚੀਰ ਦਿੱਤੀ ਹੈ। ਹੁਣ ਸੈਈਜੁਰੂ ਵੱਲ ਵਧਿਆ। ਜਦ ਨੇੜੇ ਜਿਹਾ ਹੋਇਆ ਸੈਈਜੁਰੂ ਬੋਲਿਆ, ਉਸ ਦੀਆਂ ਅੱਖਾਂ'ਚ ਖੂਨ ਉਤਰ ਆਇਆ, - ਬੱਸ! ਠੀਕ ਸੋਹਣਿਆ। ਠੀਕ। ਤੇਰੀ ਜ਼ਨਾਨੀ ਨੂੰ ਕੁੱਝ ਨ੍ਹੀਂ ਕਹਿੰਦੇ। ਪਰ ਤੇਰੇ ਵਰਗੇ ਨੇ ਕਿੰਨ੍ਹੀ ਕੁ ਦੇਰ ਲਈ ਏਥੈਂ ਅਕਟਣਾ ਏ? ਤੂੰ ਇੰਨ੍ਹਾਂ ਨੂੰ ਨਾਲ਼ ਨਹੀਂ ਲੈ ਕੇ ਜਾਵੇਗਾ। ਅੱਜ ਜਿੱਤ ਗਿਆ...ਪਰ ਇਹ ਨਾ ਸੋਚੀ ਯੋਸ਼ੀਓਕਾ ਦੀ ਸ਼ੈਲੀ ਤੋਂ ਬਚ ਲਵੇਂਗਾ!-

- ਤੇਰੇ ਲਈ ਤਾਂ ਹੁਣੀ ਕੱਤਾਨਾ ਪਿਆਸੀ ਹੈ!-
- ਲੋਕਾਂ ਦੇ ਸਾਹਮਣੇ ਮੁਕਾਬਲਾ ਕਰੀਏ! ਇਸ ਗਰਾਂ ਦੇ ਕੁੱਤਿਆਂ ਸਾਹਮਣੇ ਨਹੀਂ! ਰੈਂਦਾਜੀ ਮੰਦਰ ਬਾਹਰ, ਜਿੱਥੇਂ ਸਾਰੀ ਦੁਨੀਆਂ ਗਵਾ ਹੋ ਸਕੇ!-
- ਕੀਓਤੋ?-
- ਆਹੋ, ਕੀਓਤੋ-, ਸੈਈਜੁਰੂ ਦੱਬਵਾਂ ਜਿਹਾ ਮੂੰਹੋਂ ਬੋਲਿਆ।
- ਹੁਣੇ ਹੀ ਕੱਢ ਤਲਵਾਰ ਜੇ ਮਰਦ ਹੈ ਤਾਂ- ਤਕੇਜ਼ੋ ਨੇ ਜਵਾਬ ਦਿੱਤਾ।
- ਇਥੇਂ ਮਰਨ ਦਾ ਨਜ਼ਾਰਾ ਕੀ ਏ? ਇੰਨ੍ਹਾਂ ਸਾਹਮਣੇ? ਨਹੀਂ ਤਾਂ ਰਣ ਤੇ ਆ ਕੇ ਲੜ!-
- ਠੀਕ। ਮੈਂ ਕੀਓਤੋ ਰੈਂਦਾਜੀ ਮੰਦਰ ਤੈਨੂੰ ਜਵਾਬ ਦਿਓਗਾ ... ਸੋਹਣਿਆ!-।
- ਚੇਤ ਦੇ ਅੱਠਵੇਂ ਦਿਨ ਠੀਕ!। ਜਦ ਤਕੇਜ਼ੋ ਪੱਕਾ ਹੋ ਗਿਆ ਕਿ ਸੱਚ ਮੁੱਚ ਸੈਈਜੁਰੂ ਨੇ ਆਵਦਾ ਕੱਤਾਨਾ ਨਹੀਂ ਕੱਢਣਾ ਹੈ, ਤਕੋਜ਼ੋ ਆਵਦੀ ਮਿਆਨ'ਚ ਪਾ ਕੇ ਸਾਡੇ ਵੱਲ ਆ ਗਿਆ।

ਮੈਂ ਤੇ ਕੁੜੀ ਤੇਕੋਜ਼ੋ ਦੀਆਂ ਬਾਹਾਂ'ਚ ਚਲੀਆਂ ਗਈਆਂ ਜਦ ਉਸ ਨੇ ਕਲਾਵਾ ਮਾਰਿਆ। ਮੇਰੇ ਹੱਥ ਹਾਲੇ ਵੀ ਤੋਂਤੋ ਪਕੜਿਆ ਹੈ। ਬਾਂਹ ਕੰਬ ਰਹੀ ਐ।ਸੈਈਕੋ ਨੂੰ ਹਾਲੇ ਸਮਝ ਨਹੀਂ ਹੈ ਮੈਂ ਤੇ ਤਕੇਜ਼ੋ ਆਪਸ ਵਿੱਚ ਪਿਆਰ ਕਰਦੇ ਹਨ। ਇੰਨ੍ਹਾਂ ਤਾਂ ਸੈਈਜੁਰੂ ਸਮਝਗਿਆ, ਇਸ ਲਈ ਸਾਡੇ ਵੱਲ ਦੇਖਦਾ ਕਟਾਕ ਮਾਰਦਾ ਹੈ। ਪਰ ਸੈਈਕੋ ਦੀਆਂ ਅੱਖਾਂ ਅੰਨੀਆਂ ਪਿਆਰ ਨਾਲ਼ ਭਰੀਆਂ ਹਨ। ਹੁਣ ਉਸ ਨੇ ਮੈਨੂੰ ਆਵਦੀ ਛਾਤੀ ਨਾਲ਼ ਲਿਆ। ਹੁਣ ਮੇਰੇ ਵੱਲ ਵੇਖਕੇ ਬੋਲੀ-ਅੰਮੜੀ-।

# ਕੁੱਖ ਵਿੱਚੋਂ

## ੨੦੧੦

# 侍

ਮਾਂ ਦੀ ਰਹਿਮ ਵਿੱਚ ਪਲ ਰਹੀ ਹਾਂ।ਖ਼ੂਬਸੂਰਤ ਦੁਨੀਆ ਵੇਖਣ ਲਈ ਤਿਆਰ ਹੋ ਰਹੀ ਹਾਂ। ਮਾਂ'ਪਿਉ ਦੇ ਸੁਮੇਲ ਨਾਲ਼ ਹੀ ਜੀਵਨ ਮਿਲਦਾ ਹੈ।ਮਾਂ ਨੇ ਮੈਨੂੰ ਆਪਣੀ ਕੁੱਖ ਦਾ ਨਿੱਘ ਬਖਸ਼ਿਆ ਹੈ। ਮੈਂ ਮਾਂ ਦੀਆਂ ਸਾਰੀਆਂ ਸੋਚਾਂ ਅਤੇ ਅਨੁਭਵ ਕੁੱਖ ਵਿੱਚ ਹੀ ਮਹਿਸੂਸ ਕਰ ਰਹੀ ਹਾਂ। ਮੈਨੂੰ ਲਗਦਾ ਹੈ ਸੰਸਾਰ ਬਹੁਤ ਰੰਗੀਲਾ ਹੈ ਤੇ ਇਸ ਨੂੰ ਵੇਖਣ ਲਈ ਮੇਰੇ ਮਨ ਵਿੱਚ ਗੁਦਗੁਦੀ ਉਠਦੀ ਹੈ। ਬਾਪੂ ਨਾਲ਼ ਗੱਲਾਂ ਕਰਨ, ਮਾਂ ਦੀ ਗੋਦ ਵਿੱਚ ਮਚਲਣ ਅਤੇ ਵੱਡੇ ਵੀਰ ਨਾਲ਼ ਖ਼ੇਡਣ ਲਈ ਮੈਂ ਬੇਤਾਬ ਹਾਂ। ਅੰਬਰ ਦੀ ਨਿਲੱਤਣ, ਧਰਤੀ ਦੇ ਸ਼ਬਜ਼ਬਾਗ, ਸਮੁੰਦਰ ਦੀਆਂ ਮੱਛੀਆਂ ਵੇਖਣ; ਹਵਾ ਦੀ ਸੁਗੰਧ ਮਾਨਣ ਅਤੇ ਲਹਿਰਾਂ ਦਾ ਸੰਗੀਤ ਸੁਣਨ ਲਈ ਮੈਂ ਬਹੁਤ ਕਾਹਲੀ ਹਾਂ।ਮਾਂ ਦੇ ਮਨੋਂ ਹੀ ਜਦ ਸਮੁੰਦਰ, ਮੱਛੀਆਂ, ਪੰਛੀ, ਗਗਨ, ਤਾਰੇ ਵੇਖਦੀ ਹਾਂ ਤਾਂ ਮੇਰਾ ਮਨ ਉਛਲਣ ਲਗਦਾ ਹੈ।

ਪਰ ਹੁਣ ਮੈਨੂੰ ਹੋਰ ਤਰ੍ਹਾਂ ਦਾ ਸਹਿਮ ਹੋ ਰਿਹਾ ਹੈ! ਮਾਂ ਦੇ ਭਾਵਾਂ ਤੋਂ ਸਮਝਦੀ ਹਾਂ ਕਿ ਉਹ ਹੀ ਬਾਪ, ਉਹ ਹੀ ਭਰਾਂ...ਉਹ ਹੀ ਮਾਂ ਮੈਨੂੰ ਰੱਦਣ ਲੱਗੇ ਹੈ! ਕੋਈ ਮਸ਼ੀਨ ਰਾਹੀਂ ਲੱਤ ਮਾਰਨ ਲੱਗੇ ਨੇ! ਮੈਨੂੰ ਇਸ ਗੱਲ ਦੀ ਸਮਝ ਨਹੀਂ ਲੱਗ ਰਹੀ ਹੈ। ਕਿਉਂ? ਮੈਂ ਕੀ ਕੀਤਾ? ਜੇ ਮੈਂ ਚਾਹੀਦੀ ਨਹੀਂ ਸੀ ਤਾਂ ਬਣਾਈ ਕਿਉਂ? ਇਹ ਕੀ ਪੁੱਠੀ ਗੱਲ ਹੈ? ਕੋਈ ਮਾਂ ਨੇ ਥੋੜੋਂ ਮੇਰਾ ਇਸਤਰੀ ਲਿੰਗ ਸੈਟ ਕੀਤਾ! ਇਹ ਤਾਂ ਬਾਪ ਦੇ ਵੀਰਜ ਦਾ ਫੈਸਲਾ ਸੀ! ਮਾਂ ਦੀ ਕੋਈ ਗਲਤੀ ਨਹੀਂ! ਬਾਪ ਦੀ ਹੈ। ਉਸਨੂੰ ਮਾਰੋਂ! ਮਾਂ ਨੂੰ ਕਿਉਂ ਝਾੜ ਝਪਾੜ ਕਰਦੇ ਨੇ? ਤੇ ਇਸ ਵਿੱਚ ਮੇਰਾ ਕੀ ਕਸੂਰ ਹੈ? ਮੈਂ ਕੋਈ ਵਿਕਾਰ ਨਹੀਂ ਹਾਂ! ਨਾ ਕੇ ਮੈਂ ਆਖਿਆ ਸੀ ਬਾਪ ਨੂੰ ਮਾਂ ਨਾਲ਼ ਪੈਣ ਨੂੰ ਨਾ ਕੇ ਮੈਂ ਆਖਿਆ ਸੀ ਹੋਂਦ'ਚ ਆਉਣ ਨੂੰ! ਪਰ ਮੈਂ ਹਾਂ! ਆਹੋ, ਮੈਂ ਹਾਂ! ਇਸ ਲਈ ਤੁਹਾਡਾ ਕੀ ਹੱਕ ਬਣਦਾ ਮੇਰੀ ਜਾਨ ਲੈਣ ਦਾ? ਹਾਲੇ ਤਾਂ ਮੈਂ ਤੁਹਾਡੀ ਗੰਦੀ ਦੁਨੀਆ'ਚ ਆਈ ਵੀ ਨਹੀਂ ਹੈ! ਪਹਿਲਾਂ ਜਿਓਣ ਤਾਂ ਦਿਓ!

ਇਹ ਕੀ ਹੋ ਰਿਹਾ? ਇਹ ਕੀ ਮੈਨੂੰ ਕੱਟ ਰਿਹਾ? ਹਾਏ ਬਹੁਤ ਦਰਦ ਲੱਗ ਰਿਹਾ! ਬਹੁਤ ਦੁੱਖ! ਇੰਝ ਵੀਰੇ ਨੂੰ ਕਿਉਂ ਨਹੀਂ ਕੀਤਾ ਸੀ! ਮਾਂ ਦੀਆਂ ਸੋਚਾਂ ਤੋਂ ਹੀ ਮੈਨੂੰ ਪਤਾ ਲੱਗਦਾ ਹੈ ਉਹ ਤਾਂ ਕਮਜ਼ੋਰ ਸੁੱਖਾਂ ਦਾ ਅਮਲ ਹੈ। ਘਰ ਕੰਮ ਤਾਂ ਕਰਦਾ ਨਹੀਂ, ਬਾਪ ਦੇ ਪੈਸੇ ਖਰਚਦਾ, ਬੱਸ! ਪਰ ਸਮਾਜ ਦੀਆਂ ਅੱਖਾਂ'ਚ ਰਾਜ ਕੁਮਾਰ ਹੈ! ਮੇਰੇ ਵਾਂਗ ਝੰਜਟ ਨਹੀਂ ਹੈ। ਮੈਂ ਕਿਉਂ ਭਾਰ ਹੈ? ਜੇ ਮੈਨੂੰ ਜਿਓਣ ਦਾ ਮੌਕਾ ਮਿਲੇ ਤਾਂ ਮੈਂ ਵੀ ਦਿਖਾਉਂਦੀ ਇਹ ਪੜ੍ਹ ਕੇ! ਜਿੰਨ੍ਹਾ ਬੋੱਝ ਮੈਂ ਸਹਿ ਸਕਦੀ ਮਰਦ ਕਿਵੇਂ ਸਹਿ ਸਕਦੈ? ਮੌਕਾ ਤਾਂ ਦਿਓ!

ਹਾਏ! ਇਹ ਕੀ ਕਰ ਰਹੇ ਓ! ਬਹੁਤ ਦੁੱਖ ਲੱਗਦਾ ਹੈ! ਹਾਏ ਰੋਣਾ ਆਉਂਦਾ! ਮੇਰੇ ਤੇ ਕੋਈ ਤਰਸ ਨਹੀਂ ਆਉਂਦਾ ਤੁਹਾਨੂੰ?ਹਾਲੇ ਨੌਂ ਮਹੀਨੇ ਤਾਂ ਹੋਏ ਵੀ ਨਹੀ! ਡਾਕਟਰ ਆਵਦੇ ਜਮੂਰ ਨਾਲ਼ ਮੇਰਾ ਕੋਮਲ ਕੋਮਲ ਸਿਰ ਖਿੱਚਦਾ ਹੈ।ਬੱਚੇਦਾਨੀ ਵਿੱਚ ਹੀ ਮੇਰੇ, ਇੱਕ ਸੱਜਰਾ ਭਰੂਣ ਨੂੰ ਮਾਂ ਦੇ ਕੁੱਖ ਵਿੱਚੀ ਹੀ ਜਮੂਰ ਨਾਲ਼ ਤੋੜ ਮਰੋੜ ਕੇ ਫੇਹ ਰਿਹਾ ਹੈ! ਪਹਿਲਾਂ ਮੇਰਾ ਸਿਰ, ਫਿਰ ਬਾਹਾਂ ਲੱਤਾ, ਫਿਰ ਸਰੀਰ। ਬਹੁਤ ਦੁੱਖ ਲੱਗ ਰਿਹਾ ਮਾਂ! ਤੂੰ ਕਿਉਂ ਨਹੀਂ ਕੁੱਝ ਕਹਿੰਦੀ ਜਾਂ ਕਰਦੀ? ਮੈਂ ਕੀ ਕੀਤਾ ਤੁਹਾਨੂੰ? ਕੀ ਮੈਂ ਇਨਸਾਨ ਨਹੀਂ ਹਾਂ?

ਕੋਹ ਦਿੱਤਾ ਮੈਨੂੰ, ਤੇ ਹਾਲੇ ਜਿਉਣ ਦਾ ਮੌਕਾ ਵੀ ਨਹੀਂ ਮਿਲਿਆ! ਜਹਾਲਤ ਲੋਕ! ਜੇ ਰੱਬ ਹੈ, ਤੁਹਾਡੇ ਪੁੱਤਰਾਂ ਨੂੰ ਬਦਅਸੀਸ ਹੋਵੇ! ਫਿੱਟੇ ਮੂੰਹ! ਤੁਹਾਡਾ ਟੱਬਰ ਵਾਰ ਹੋ ਜਾਵੇ! ਤੁਹਾਡੀ ਨੀਚ ਕੌਮ ਮੁਕ ਜਾਵੇ! ਮੈਂ ਕੀ ਕੀਤਾ! ਜਦ ਹਰ ਜਵਾਨ ਮੁੰਡੇ ਲਈ ਕੁੜੀ ਨਾ ਰਹੀ ਕਿਉਂਕਿ ਤੁਸੀਂ ਪਹਿਲਾਂ ਹੀ ਮਾਰ ਸੁੱਟਣੀਆਂ, ਫਿਰ ਦੇਖੀਓ! ਤੁਹਾਡੇ ਖਾਨਦਾਨ ਦਾ ਨਾਂ ਕਿੰਝ ਬਚਿਆ ਰਹੇਗਾ?

ਹਾਏ! ਉਸ ਡਾਕਟਰ ਨੇ ਤਾਂ ਮੇਰਾ ਪੇਡੂ ਭੰਨ ਦਿੱਤਾ! ਹਾਏ ਉਸ ਨੇ ਮੇਰੂ ਤੋੜ ਦਿੱਤੀ! ਬਹੁਤ ਦੁੱਖ ਲੱਗਦਾ! ਮਾਂ ਤੂੰ ਉਸ ਕੁੱਤੇ ਪਿਉਂ ਨਾਲ਼ ਲੜਦੀ ਕਿਉਂ ਨ੍ਹੀਂ? ਹਾਏ! ਇਹ ਉਸਦਾ ਖਿਆਲ ਨਹੀਂ ਸੀ, ਪਰ ਤੇਰਾ ਸੀ! ਕਿਸ ਤਰ੍ਹਾਂ ਦੀ ਮਾਂ ਹੈ ਤੂੰ? ਚੰਗਾ ਮੈਂ ਤੇਰੀ ਨਹੀਂ ਹੋਈ...ਜ਼ਿੰਦਗੀ'ਚ ਤੇਰੀ ਵਰਗੀ ਕਮਜ਼ੋਰ ਜ਼ਨਾਨੀ ਨੇ ਕੀ ਕਰਨਾ! ਜਿਸ ਵਿੱਚ ਸਮਾਜ ਦੇ ਖ਼ਿਲਾਫ਼ ਜਾਣ ਦੀ ਹਿੰਮਤ ਨਹੀਂ ਹੈ!

ਹੁਣ ਉਸ ਡਾਕਟਰ ਨੇ ਮੇਰੇ ਨਿੱਕੇ ਨਿੱਕੇ ਤੋੜੇ ਗਏ ਹਿੱਸੇ ਇੱਕ ਲੋਹੇ ਦੀ ਪਰਾਤ'ਚ ਪਾ ਦਿੱਤੇ। ਲਹੂ'ਚ ਤਰਦੀ ਮੇਰੀ ਲਾਸ਼। ਜਦੋਂ ਨੂੰ ਤੁਸੀਂ ਘਰ ਵਾਪਸ ਪਰਤਣਾ, ਉਦੋਂ ਤੱਕ ਉਸ ਡਾਕਟਰ ਨੇ ਮੈਨੂੰ ਪਰਾਤ'ਚੋਂ ਕੂੜੇਦਾਨ'ਚ ਸੁੱਟ ਦੇਣਾ! ਹਾਲੇ ਜਿਉਣ ਦਾ ਮੌਕਾ ਵੀ ਨਹੀਂ ਮਿਲਿਆ ਸੀ!

ਆਦਮੀ ਦੀ ਦੁਨੀਆ ਹੈ।ਇਸ ਵਿੱਚ ਕੀ ਕਰਨਾ?ਜੇ ਜਿਓਂਦੀ ਵੀ ਰਹਿੰਦੀ, ਤਾਂ ਜਿਓਂਦੀ ਵੀ ਹਾਰਣਾ ਹੀ ਸੀ।

# ਪਿਤਾ

## ੧੫੯੯



ਸਾਲੇ ਸ਼ੋਗਣ ਨੇ ਥੋੜ੍ਹੀ ਜੀ ਹੀ ਸ਼ਰਾਬ ਪੀਣ ਬਾਅਦ, ਮੈਨੂੰ ਆਪਣੀ ਅਰਦਲ ਤੋਂ ਹਟਾ ਦਿੱਤਾ! ਉਜਰਤ ਰੁਕ ਗਈ! ਰਣ'ਚ ਜੋ ਮੈਂ ਉਸ ਦਿਨ ਦੇਖਿਆ ਉਸਨੇ ਮੇਰਾ ਦਿਲ ਤੋੜ ਦਿੱਤਾ! ਨਾੜਾਂ'ਚ ਲਹੂ ਜਮ ਗਿਆ! ਜਿਹੜਾ ਪਾਸਾ ਜਿੱਤ ਗਿਆ ਸੀ ਉਸ ਨੇ ਵਿਪੱਖਾਂ ਸਰਦਾਰਾਂ ਦੇ ਸੀਸ ਭਾਲਾਂ ਉੱਤੇ ਵਿਖਾਉਣ ਲਈ ਲਾ ਦਿੱਤੇ! ਜਿਹੜਾ ਬਚ ਗਿਆ ਸੀ ਉਸਦੇ ਸਿਰ ਨੇ ਕੱਤਾਨਾ ਦਾ ਗੁੱਸਾ ਵੇਖਿਆ। ਘੋੜ੍ਹੇ ਵੀ ਮਾਰ ਗਏ ਅਤੇ ਮੇਰੇ ਦੋਸਤ ਵੀ ਮਾਰੇ ਗਏ! ਫਿਰ ਮੈਂ ਕਿਉਂ ਲੜਾ ਉਸ ਲਈ? ਇਸ ਦਾ ਕੀ ਏ ਜੇ ਮੈਨੂੰ ਹੁਣ ਰੋਨਿਨ ਬਣਾ ਦਿੱਤਾ? ਮੇਰੀ ਇੱਜ਼ਤ ਤਾਂ ਗਈ! ਸ਼ਾਇਦ ਹੁਣ ਤਾਂ ਹੀ ਇਹ ਸ਼ਰਾਬ ਪੀਂਦਾ ਹੈ। ਤਾਈਂਓ ਹਰ ਰਾਤ ਸਾਕੀ ਦੀ ਸ਼ੀਸ਼ੀ ਵਿੱਚ ਆਪਣੇ ਆਪ ਨੂੰ ਗਵਾਉਂਦਾ ਏ?

ਮੈਂ ਆਵਦਾ ਪਿੰਡ ਛੱਡ ਦਿੱਤਾ। ਗਰਾਂ'ਚ ਟੱਬਰ ਹੈ ਮੇਰਾ, ਤੇ ਮੇਰੇ ਬੇਨੋਸੁੱਕੇ ਦੀ ਰਾਖੀ ਕਰੋਂਗੇ। ਮੇਰਾ ਹੀ ਮੁੰਡਾ ਸਦਾ ਇਹ ਸੋਚਦਾ ਕਿ ਮੈਂ ਉਸਨੂੰ ਨਫ਼ਰਤ ਕਰਦਾਂ ਹਾਂ। ਮੈਂ ਤਾਂ ਉਸਨੂੰ ਆਵਦੀ ਜਾਨ ਤੋਂ ਜ਼ਿਆਦਾ ਪਿਆਰ ਕਰਦਾਂ ਹਾਂ! ਫਿਰ ਸਖ਼ਤ ਤਾਂ ਹੋਣਾ ਪੈਂਦਾ, ਨਹੀਂ ਤਾਂ ਐਨੇ ਬਿਨ੍ਹਾਂ ਮੁੰਡੀਰ ਕੁੱਝ ਸਮਝਦੀ ਨਹੀਂ? ਲ਼ੋਕੀ ਤਾਂ ਕਹਿੰਦੇ ਨੇ ਕਿ ਮਨੀਸੈ ਨੂੰ ਗਣਰੂ ਯੋਸ਼ੀਟੈਕਾ ਨੇ ਮਾਰ ਦਿੱਤਾ। ਸੱਚੀ? ਮੈਂ ਤਾਂ ਜਿਓਂਦਾ ਹਾਂ! ਕੀ ਹੁਣ ਮੈਂ ਤੁਹਾਡੇ ਨਾਲ਼ ਬੋਲ ਨ੍ਹੀਂ ਰਿਹਾ? ਕੀ ਖਿਆਲ ਏ? ਕੋਈ ਕਿਸੇ ਗਣਰੂ ਯੋਸ਼ੀਟੈਕੇ ਨੇ ਮੈਨੂੰ ਨਹੀਂ ਮਾਰਿਆ! ਦੇਖ ਆ ਖਲੋਤਾ ਹਾਂ ਤੁਹਾਡੇ ਸਾਹਮਣੇ!

ਸੱਚ ਹੈ ਕਿ ਮੈਂ ਕੋਟਲ਼ੇ ਤੋਂ ਕੋਟਲ਼ੇ ਤੁਰੀ ਗਿਆ, ਖਿਚੜੀ ਲਈ ਕੰਮ ਕਰਦਾ। ਕਦੀ ਕਿਸੇ ਟੱਬਰ ਦੀ ਸੁਲ੍ਹਾ ਕਰਵਾਉਂਦਾ, ਕਦੀ ਕਿਸੇ ਸੇਠ ਲਈ ਕਰਜ਼ਾਈ ਤੋਂ ਪੈਸੇ ਦੀ ਉਗਰਰਾਈ ਕਰਦਾ ਅਤੇ ਕਦੀ ਕਿਸੇ ਨੂੰ ਮਾਰਦਾ...ਸਾਕੀ ਲਈ। ਕਦੀ ਮੈਂ ਕਿਸੇ ਚੰਗੇ ਕਮਰੇ'ਚ ਸੌਂਦਾ ਸੀ ਹਾਂ, ਕਦੇ ਖੇਤ ਵਿੱਚ ਹੀ। ਇਹ ਹਾਲ ਹੋ ਗਿਆ ਹੁਣ ਮੇਰਾ। ਰੋਨਿਨ ਦੀ ਜ਼ਿੰਦਗੀ। ਕਾਸ਼! ਪਰ ਹੁਣ ਆਪਣਾ ਮੂੰਹ ਕਾਲ਼ਾ ਕਰਕੇ ਮਿਯਾਮੋਤੋ ਕਿਵੇਂ ਵਾਪਸ ਜਾ ਸਕਦਾ ਏ? ਜਿੱਥੇਂ ਮੈਂ ਸਦਾ ਚੰਗੇ ਕੱਪੜੇ ਪਾਉਂਦਾ ਸਾਂ ਤੇ ਹੁਣ ਆ ਲੀੜੇ ਪਾਏ ਵੇਖੋ। ਸਭ ਕੁੱਝ ਵੇਚ ਦਿੱਤਾ, ਬਿਨ੍ਹਾਂ ਕੱਤਾਨਾ ਤੋਂ।ਕੰਗਾਲੀ ਵੀ ਕੀ ਚੀਜ਼ ਹੁੰਦੀ ਹੈ। ਆਈ ਚਲਾਈ ਵਿੱਚ ਮੈਂ ਬਹੁਤ ਕੁੱਝ ਸਿੱਖ ਗਿਆ। ਮਹਿਸੂਸ ਹੋ ਗਿਆ ਕਿ ਅਮੀਰੀ ਤਾਂ ਖਾਸ ਚੀਜ਼ ਨਹੀਂ ਹੈ। ਖਾਸ ਗੱਲਾਂ.ਚੋਂ...ਗੱਲ ਵੀ ਨਹੀਂ...ਆਮ ਹਾਲ ਤਾਂ ਗੁਰਬਤ ਹੈ। ਹੁਣ ਪਤਾ ਲੱਗਾ ਸਾਡਾ ਬੁੱਧ ਕੀ ਕਹਿੰਦਾ ਸੀ। ਉਸ ਨੇ ਕੀ ਵੇਖਿਆ ਉਸ ਦਿਨ ਜਦ ਉਹ ਰਾਜ ਮਹੱਲ'ਚੋਂ ਸਭ ਕੁੱਝ ਛੱਡ ਬਾਹਰ ਨਿਕਲ਼ ਗਿਆ। ਬੱਸ ਉਸੇ ਤਰ੍ਹਾਂ ਹੀ ਮੇਰੇ ਵੀ ਦਿਨ ਬੀਤੇ ਗਏ। ਇੱਕ ਦਿਨ ਸੱਚ ਮੁੱਚ ਗਣਰੂ ਯੋਸ਼ੀਟੈਕਾ ਮਿਲ ਗਿਆ ਸੀ, ਪਰ ਸਾਡੀ ਲੜਾਈ ਨਹੀਂ ਹੋਈ। ਹਾਂ ਉਸ ਦੇ ਸਾਹਮਣੇ ਮੇਰੀ ਅਤੇ ਇੱਕ ਮੋਟੇ ਸ਼ਾਹੂਕਾਰ ਦੀ ਜ਼ਰੂਰ ਲੜਾਈ ਹੋਈ। ਉਸ ਸਾਹੂਕਾਰ ਨੇ ਚਾਕੂ ਕੱਢ ਕੇ ਮੈਨੂੰ ਮਾਰਨ ਦੀ ਕੋਸ਼ਿਸ਼ ਕੀਤੀ ਤੇ ਮੈਂ ਫੁਰਤੀ ਨਾਲ਼ ਸੜਕ ਤੇ ਹੀ ਸਾਰਿਆਂ ਸਾਹਮਣੇ ਉਸ ਦੀ ਬਾਂਹ ਉਸ ਦੀ ਦੇਹ ਤੋਂ ਜੁਦਾ ਕਰ ਦਿੱਤੀ।ਯੋਸ਼ੀਟੈਕਾ ਦੇਖੀ ਗਿਆ, ਪਰ ਉਸਨੇ ਕੁੱਝ ਕੀਤਾ ਨਹੀਂ। ਲੋਕਾਂ ਦੇ ਸਾਹਮਣੇ ਬਹੁਤ ਦੇਰ ਬਾਅਦ ਯੋਸ਼ੀਟੈਕਾ ਨੇ ਮੇਰੀ ਕੱਤਾਨਾ ਸਜ ਧਜ ਨਾਲ਼ ਦਿਖਾਈ।ਠਹਿਰੋਂ, ਤੇ ਤੁਹਾਨੂੰ ਪਤਾ ਲੱਗੇਗਾ ਕਿਵੇਂ ਉਸਦੇ ਪਾਸ ਮੇਰੀ ਤਲਵਾਰ ਆਈ।

ਬੇਨੋਸੁੱਕੇ ਬਾਰੇ ਮੈਂ ਬਹੁਤ ਸੋਚਿਆ। ਦਿਲ ਦੁੱਖਦਾ ਹੈ, ਪਰ ਮੈਨੂੰ ਪਤਾ ਉਸਨੇ ਤਾਂ ਇਹੀ ਸੋਚਣਾ ਕਿ ਚੰਗਾ ਹੋ ਗਿਆ! ਉਸ ਲਈ ਮੈਂ ਜ਼ਿਆਦਾ ਹੀ ਸਖ਼ਤ ਸੀ, ਪਰ ਮੈਂ ਮੰਨਦਾ ਇਸ ਸਖ਼ਤੀ ਨਾਲ਼ ਉਹ ਚੰਗਾ ਵਧੀਆ ਸਿਆਣਾ ਬੰਦਾ ਬਣਾ ਗਿਆ ਹੋਵੇਗਾ! ਨਾਲ਼ੇ ਦੋਰਨ ਨੇ ਉਸ ਨੂੰ ਉਹ ਸਿਖਾਉਣਾ ਏ ਜੋ ਮੈਂ ਨਹੀਂ ਸਿੱਖਾ ਸਕਦਾ। ਹੋ ਸਕਦਾ ਕੀ ਪਤਾ ਇੱਕ ਦਿਨ ਮੈਂ ਆਵਦੇ ਬੇਟੇ ਨੂੰ ਫਿਰ ਮਿਲ ਪਵਾਂ!

ਯੋਸ਼ੀਟੈਕਾ ਉਸ ਦਿਨ ਤੋਂ ਬਾਅਦ ਮੈਂ ਫਿਰ ਨਹੀਂ ਦੇਖਿਆ, ਸੋ ਪਤਾ ਨਹੀਂ ਉਸਨੇ ਚਰਚੇ ਉਸ ਫੈਲਾਏ ਜਾਂ ਹੋਰ ਕਿਸੇ ਨੇ। ਮੈਂ ਹਾਰਕੇ ਇੱਕ ਗਰਾਂ ਪੁੱਜਿਆ ਜਿਸਦੇ ਲੋਕਾਂ ਨੂੰ ਮਿਯਾਮੋਤੋ ਬਾਰੇ ਕੁੱਝ ਨਹੀਂ ਪਤਾ ਸੀ ਅਤੇ ਨਾ ਹੀ ਮੇਰਾ ਕਿ ਮੈਂ ਕੌਣ ਹਾਂ।

ਇਸ ਠੇਰ੍ਹੀ'ਚ ਸਮਝੋਂ ਮਨੀਸੈ ਦੀ ਅਸਲੀਂ ਅਫ਼ਸਾਨਾ ਖਤਮ ਹੋਇਆ ਗਿਆ।

ਜੋਰ ਦੇਣੀ ਮੀਂਹ ਪੈ ਰਿਹਾ ਸੀ ਜਦ ਮੈਂ ਪਿੰਡ ਦੇ ਇੱਕ ਛੱਤ ਵਾਲ਼ੇ ਫਾਟਕ'ਦਰਵਾਜ਼ੇ ਦੇ ਹੇਠ ਬਰਸ਼ ਤੋਂ ਬੱਚਣ ਲਈ ਸ਼ਰਨ ਲਈ। ਸੱਚ ਹੈ ਕਿ ਇਹ ਫਾਟਕ'ਦਰਵਾਜ਼ਾ ਬਹੁਤ ਵੱਡਾ ਸੀ ਕੀਓਤੋ ਦੀਆਂ ਵੱਡੀਆਂ ਮਹਿਰਾਬਾਂ ਵਾਂਗਰ। ਪਤਾ ਲੱਗਾ ਕੇ ਇਸ ਦੇ ਦੋ ਮੰਜ਼ਲ ਸਨ ਤੇ ਉਪਰਲੇ ਤੇ ਲਾਸ਼ਾ ਰੱਖਦੇ ਸੀ ਜਦ ਕੋਈ ਮਰ ਜਾਵੇ। ਹੇਠਲੀ ਮੰਜ਼ਲ'ਚ ਵੀ ਪੁੱਠੇ ਕੰਮ ਕਰਦੇ ਸੀ। ਜਦ ਕਿਸੇ ਨੇ ਬਾਲ ਤੋਂ ਪਿੱਛਾ ਛਡਾਉਣਾ ਹੁੰਦਾ, ਇੱਥੇਂ ਛੱਡ ਦਿੰਦੇ ਸੀ। ਇਸ ਲਈ ਮੈਂ ਹਾਲ਼ੇ ਬੈਠਾ ਹੀ ਸਾਂ ਜਦ ਇੱਕ ਗੀਗੇ ਬੱਚੇ ਦੀ ਆਵਾਜ਼ ਕੰਨਾਂ'ਚ ਆ ਖੜਕੀ। ਮੈਂ ਅਵਾਜ਼ ਵੱਲ ਤੁਰ ਪਿਆ ਤੇ ਵੇਖਿਆ ਕਿ ਇੱਕ ਕਿਮੋਨੋ ਵਿੱਚ ਫਰਸ਼ ਤੇ ਬਾਲਕ ਲੇਟਿਆ ਪਿਆ ਸੀ, ਉੱਚੀਉੱਚੀ ਰੋਂਦਾ!

ਕਿੱਦਾਂ ਦੇ ਲੋਕ ਨੇ! ਕਿਮੋਨੋ ਪਟੰਬਰ ਦਾ ਸੀ। ਇਸ ਤੋਂ ਹੀ ਮੈਂ ਸਮਝ ਗਿਆ ਕਿ ਕਿਸੇ ਨੇ ਵਿਆਹ ਤੋਂ ਬਿਨ੍ਹਾਂ ਹੀ ਬੱਚਾ ਪੈਦਾ ਕਰ ਲਿਆ ਅਤੇ ਉਸ ਵਿਚਾਰੇ ਬਾਲ ਨੂੰ ਇਸ ਥਾਈਂ ਛੱਡ ਦਿੱਤਾ ਏ! ਕਿਹੋ ਜਿਹਾ ਸਮਾਜ ਹੈ ਸਾਡਾ! ਮੈਂ ਬਾਲ ਨੂੰ ਕਿਮੋਨੋ ਸਣੇ ਚੱਕ ਲਿਆ ਤੇ ਉਸਦੇ ਰੋਂਣ ਦਾ ਜੋਸ਼ ਠੰਡਾ ਕਰਨ ਦੀ ਕੋਸ਼ਿਸ਼ ਕੀਤੀ ਤਾਂ ਓਦੋਂ ਨੂੰ ਇੱਕ ਕਾਮਾ ਆ ਖੜ੍ਹਾ।

- ਤੇਰਾ ਹੈ?- ਉਸਨੇ ਮੈਨੂੰ ਆਖਿਆ।
- ਨਹੀਂ-
- ਫਿਰ ਤੂੰ ਇਸ ਦਾ ਕਿਮੋਨੋ ਚੋਰੀ ਕਰਦਾਂ ਏ!-
- ਚੁੱਪ! ਮੈਂ ਲੱਗਦਾ ਜਿਵੇਂ ਮੈਨੂੰ ਕਿਮੋਨੋ ਦੀ ਲੋੜ ਹੈ?-
- ਲੱਗਦਾ। ਜੇ ਤੂੰ ਨਹੀਂ ਲੈਣਾ ਮੈਨੂੰ ਦੇਦੇ!-
- ਬਾਲ?-
- ਨਹੀਂ ਕਿਮੋਨੋ!-
- ਤੇਰੀ ਹਿਮੰਤ ਕਿਵੇਂ...-
- ਕੁੱਝ ਕਹਿਣ ਤੋਂ ਪਹਿਲਾਂ ਸੋਚੋ ਸਰਦਾਰ ਜੀ! ਇਸ ਥਾਂ ਆਮ ਹੀ ਵੱਡੇ ਘਰ ਵਾਲਾ ਆਵਦਾ ਪਾਪ ਛੱਡ ਜਾਂਦਾ ਏ! ਤੁਹਾਡੀ ਕੌਮ ਦੇ ਹੀ ਉੱਚੇ ਉੱਚੇ ਲੋਕ ਇੰਨ੍ਹਾਂ ਬਾਲਾਂ ਦੇ ਜੀਵਨ ਨੂੰ ਵੀ ਇੱਕ ਖੇਲ ਹੀ ਸਮਝਦੇ ਨੇ!-
- ਜੇ ਤੈਨੂੰ ਏਨ੍ਹਾਂ ਹੀ ਫਿਕਰ ਹੈ ਤੂੰ ਇਸ ਬੱਚੇ ਨੂੰ ਲੈ ਕੇ ਪਾਲ ਲੈ-
- ਭਾਲ਼ਿਆ ਵੀ ਤਾਂ ਤੁਸੀਂ ਹੈ! ਬੱਸ ਕਿਮੋਨੋ ਫੜ੍ਹਾ ਦਿਓ...-
- ਖ਼ਬਰਦਾਰ!-

ਉਸ ਵੇਲੇ ਮੈਂ ਪਹਿਲੀ ਵਾਰ ਮਹਿਸੂਸ ਕੀਤਾ ਕਿ ਉਹ ਬੰਦਾ ਕੱਲਾ ਨਹੀਂ ਸੀ; ਉਸ ਨਾਲ਼ ਦੋ ਹੋਰ ਆਦਮੀ ਸਨ। ਇੱਕ ਮੇਰੇ ਖੱਬੇ ਪਾਸੇ ਆ ਖੜ੍ਹਿਆ ਅਤੇ ਦੂਜਾ ਥੋੜ੍ਹਾ ਜਿਹਾ ਮੇਰੇ ਪਿੱਛੇ। ਡਾਕੂ ਸਨ। ਮੈਂ ਬੱਚੇ ਨੂੰ ਹੌਲੀ ਹੌਲੀ ਭੁੰਜੇ ਵਾਪਸ ਰਖਿਆ। ਜਿਸ ਨਾਲ਼ ਮੈਂ ਗੱਲਾਂ ਕਰਦਾਂ ਸਾਂ ਉਸਨੇ ਕਿਤੋਂ ਚਾਕੂ ਕੱਢ ਲਿਆ ਅਤੇ ਦੂਜਿਆਂ ਦੇ ਹੱਥਾਂ ਵਿੱਚ ਡੰਡੇ ਸਨ।

- ਦੇਖੋਂ, ਬਾਲ ਤਾਂ ਮਾਸੂਮ ਹੈ...ਉਸਨੂੰ..-
- ਸਮੁਰਾਈ ਜੀ, ਅਸੀਂ ਤਾਂ ਇਥੇਂ ਹੀ ਬਾਲ ਨੂੰ ਰਹਿਣ ਦੇਣਾ। ਜੇ ਤੁਸੀਂ ਨਾਲ਼ ਲੈ ਕੇ ਜਾਣੇ ਚਾਹੁੰਦੇ ਹੋ ਤਾਂ ਤੁਹਾਡੀ ਮਰਜ਼ੀ...ਪਰ ਕਿਮੋਨੋ ਦੇ ਦਿਓ!-
- ਠੰਡ'ਚ ਬਾਲ ਨੇ ਮਰ ਜਾਣਾ-
- ਤੁਸੀਂ ਵੀ ਮਰ ਜਾਣਾ ਜੇ ਨਹੀਂ ਦਿੱਤਾ ਤਾਂ!-
- ਇੱਕ ਕੱਪੜੇ ਲਈ ਜਾਨ ਲਉਂਗੇ?-
- ਰੇਸ਼ਮ ਦਾ ਮੁੱਲ ਹੈ-
- ਮੀਂਹ ਵਿੱਚ ਭਿਜ ਜਾਣਾ-
- ਤੇ ਤੁਸੀਂ ਮਰ ਜਾਣਾ। ਦਿਓ..ਹੌਲੀ ਹੌਲੀ...-

ਅਰਸ਼'ਚੋਂ ਜੋਰ ਦੇਣੀ ਬਿਜਲੀ ਚਮਕੀ, ਸਾਡੇ ਚਾਰਾਂ ਦੇ ਚਿਹਰੇ ਉਸਦੇ ਚਾਨਣ ਇੱਕ ਦੂਜੇ ਨੂੰ ਪਲ ਭਰ ਲਈ ਸਾਫ਼ਸਾਫ਼ ਦਿੱਸੇ ਸੀ। ਬਾਲ ਰੋਈ ਗਿਆ। ਚਾਕੂ ਵਾਲੇ ਨੇ ਮੇਰੇ ਵੱਲ ਚਾਕੂ ਚਲਾਇਆ, ਤੇ ਮੈਂ ਪਾਸੇ ਹੋ ਗਿਆ, ਨਾਲ਼ ਦੀ ਨਾਲ਼ ਹੀ ਜਿਹੜਾ ਮੇਰੇ ਪਿੱਛੇ ਖੜ੍ਹਾ ਸੀ ਨੇ ਮੇਰੇ ਤੇ ਝਪਟਾ ਮਾਰਿਆ, ਪਰ ਮੈਂ ਉਸਦੇ ਚਾਕੂ ਵਾਲ਼ੇ ਸਾਥੀ ਦੇ ਠੁੱਡ ਮਾਰਿਆ, ਫਿਰ ਦੋਨੋਂ ਇੱਕ ਦੂਜੇ ਵਿੱਚ ਵੱਜ ਕੇ ਥੱਲੇ ਡਿੱਗ ਪਏ। ਪਰ ਤੀਜੇ ਨੇ ਮੇਰੇ ਸਿਰ ਵੱਲ ਡੰਡਾ ਚਲਾਇਆ। ਮੈਂ ਮਸਾਂ ਪਿੱਛੇ ਹੋਇਆ। ਉਸਨੇ ਫਿਰ ਇੰਝ ਕੀਤਾ। ਬਾਲ ਛੜੀਆਂ ਮਾਰਦਾ ਸੀ। ਮੈਂ ਹੁਣ ਪਿੱਛੇ ਹੁੰਦਾਂਹੁੰਦਾ ਛਹਿਬਰ'ਚ ਆ ਖੜ੍ਹਾ ਹੋਇਆ। ਦੂਜੇ ਵੀ ਖੜ੍ਹ ਹਏ ਅਤੇ ਤਿੰਨੇ ਹੀ ਸੜਕ ਤੇ ਆ ਗਏ, ਮੇਰੇ ਆਲ਼ੇ ਦੁਆਲ਼ੇ। ਹੁਣ ਕੱਤਾਨਾ ਮੇਰੇ ਹੱਥਾਂ'ਚ ਤਿਆਰ ਸੀ। ਮੀਂਹ ਜੋਰ ਦੇਣੀ ਪੈ ਰਿਹਾ ਸੀ। ਧਰਤੀ ਗਿੱਲੀ ਗਲੌਰੀ ਸੀ। ਅਸੀਂ ਤਿਲਕਣ ਤੋਂ ਡਰਦੇ ਸਾਂ। ਪਰ ਇਸ ਤੋਂ ਵੀ ਜ਼ਿਆਦਾ ਇੱਕ ਦੂਜੇ ਦੇ ਹਥਿਆਰਾਂ ਤੋਂ। ਉਹ ਇੱਕ ਮਾਮੂਲੀ ਰੇਸ਼ਮ ਦੀ ਕਿਮੋਨੋ ਪਿੱਛੇ ਮਰਨ ਮਾਰਨ ਤੇ ਉਤਾਰੂ ਸਨ!

- ਇੱਦਾਂ ਕਰ…ਆਵਦੀ ਤਲਵਾਰ ਦੇ ਦੇ ਸਾਨੂੰ! ਖਾਕਾ ਕਿਮੋਨੋ ਰੱਖ ਸਕਦਾ!-
- ਕੱਤਾਨਾ ਜੇ ਵੇਚਣੀ ਹੁੰਦੀ ਤਾਂ ਮੈਂ ਕਦੋਂ ਦੀ ਖ਼ੁਦ ਦੀ ਭੁੱਖ ਨੂੰ ਮਿਟਾਉਣ ਖਾਤਰ ਵੇਚ ਦਿੱਤੀ ਹੁੰਦੀ! ਅੱਜ ਨਾ ਤਾਂ ਤੁਹਾਨੂੰ ਕਿਮੋਨੋ ਹੀ ਮਿਲਣਾ ਤੇ ਨਾ ਹੀ ਕੱਤਾਨਾ…-
- ਠੀਕ ਏ। ਫਿਰ ਤੈਨੂੰ ਮਾਰ ਕੇ ਦੋਨਾਂ ਹੀ ਲੈ ਲਵਾਂਗੇ!-

ਇੱਕੋਂ ਹੀ ਵਾਰੀ ਤਿੰਨਾਂ ਨੇ ਮੇਰੇ ਵੱਲ ਛਾਲ ਮਾਰੀ। ਮੈਂ ਕੱਤਾਨੇ ਦੀ ਨੋਕ ਨਾਲ਼ ਇੱਕ ਨੂੰ ਪਿੱਛੇ ਡਰਾ ਕੇ ਰੱਖਿਆ ਅਤੇ ਦੂਜੀ ਦਾ ਡੰਡਾ ਅੱਧ ਵਿੱਚੋਂ ਕੱਟ ਦਿੱਤਾ। ਚਾਕੂ ਵਾਲਾ ਨੇ ਬਿਨ੍ਹਾਂ ਨਿਸ਼ਾਨਾ ਸ੍ਹੇਧੁਂ ਚਾਕੂ ਇੱਧਰ ਉੱਧਰ ਚਲਾਇਆ, ਪਰ ਹਾਲੇ ਤੱਕ ਕਿਸੇ ਤੋਂ ਮੇਰੇ ਕੱਟ ਜਾਂ ਸੱਟ ਨਹੀਂ ਵੱਜੀ। ਫਿਰ ਚਾਕੂ ਵਾਲੇ ਨੇ ਕਿਹਾ, -ਸਮੁਰਾਈ ਜੀ, ਬਾਹਲਾ ਵੱਡਾ ਹੀਰੋ ਨਾ ਬਣ!-

- ਤੂੰ ਤਾਂ ਅਸੁਰ ਏ!-
- ਮੈਂ ਅਸੁਰ! ਹਾ!- ਉਸ ਨੇ ਕਿਲਕਾਰੀ ਮਾਰੀ, - ਮੈਂ! ਬੱਚੇ ਦੇ ਮਾਂਪਿਉਂ ਫਿਰ ਕੀ ਨੇ? ਮੌਜ ਮੇਲਾ ਕਰ ਕੇ ਆਪਣੇ ਆਪ ਨੂੰ ਇਸ ਭੋਜ ਤੋਂ ਪਰ੍ਹਾਂ ਕਰ ਲਿਆ ਤੇ ਬੱਚੇ ਨੂੰ ਤਿਆਗ ਦਿੱਤਾ! ਮੈਂ ਅਸੁਰ ਹਾਂ! ਹਾ!
- ਤੂੰ ਕੁੱਝ ਜਾਣਦਾ ਇਸ ਬੱਚੇ ਦੇ ਮਾਂਪਿਉਂ ਬਾਰੇ?-
- ਕੀ ਜਾਣਨਾ? ਕਈਕਈ ਵਾਰੀ ਕੋਈ ਔਲਾਦ ਨੂੰ ਸੁੱਟ ਦਿੰਦਾ ਐ, ਤੇ ਕਈਕਈ ਵਾਰੀ ਕਿਸੇ ਨੂੰ ਉਸਦੀ ਔਲਾਦ ਸੁੱਟ ਦਿੰਦੀ ਏ!-
- ਤੇਰੇ ਦਿਮਾਗ਼ ਖਰਾਬ ਏ!- ਮੈਂ ਬੱਚੇ ਵੱਲ ਝਾਤੀ ਮਾਰੀ, ਜੋ ਹਾਲੇ ਵੀ ਰੋਂਦਾ ਏ। - ਦਿੱਸਦਾ ਨਹੀਂ ਇਹਦਾ ਜਨਮ ਤਾਂ ਚਾਰ ਪੰਜ ਮਹੀਨੇ ਪਹਿਲਾਂ ਹੋਇਆ ਐ? ਇਸ ਨੂੰ ਛੱਡਣ ਲਈ ਪਤਾ ਨਹੀਂ ਮਾਂਪਿਉਂ ਨੇ ਕੀ ਭੁਗਤਾ!-
- ਬੱਚਾ ਰੱਖ ਲੈ! ਸਾਨੂੰ ਕੱਤਾਨਾ ਤੇ ਕਿਮੋਨੋ ਲੈ ਲੈਣ ਦੇ। ਸਾਡੇ ਵੀ ਬੱਚੇ ਨੇ ਜਿੰਨ੍ਹਾਂ ਦੇ ਪੇਟ ਭਰਨ ਵਾਲੇ ਨੇ! ਉਨ੍ਹਾਂ ਦਾ ਇਹ ਚੀਜ਼ਾਂ ਵੇਚਕੇ ਹੀ ਢਿੱਡ ਭਰਨਾ ਏ! ਤੂੰ ਤਾਂ ਵਿਚਾਰਾ ਖ਼ੁਦ, ਮੌਤ ਦੇ ਨੇੜੇ ਤੇੜੇ ਹੀ ਲੱਗਦਾ! ਇੱਕ ਵੇਲੇ ਮੈਂ ਇੱਕ ਤਸਵੀਰ ਤੇ ਬੰਦਾ ਦੇਖਿਆ ਸੀ, ਜੋ ਕੰਧ ਤੋਂ ਲੱਟਕਦਾ ਸੀ। ਉਸ ਦੇ ਉੱਪਰ ਜੰਗਲ਼ੀ ਜਾਨਵਰ ਸਨ। ਜੋ ਦਾੜ੍ਹਨ ਨੂੰ ਤਿਆਰ ਸਨ ਜੇ ਉਹ ਉੱਪਰ ਚੜ੍ਹਿਆ ਤਾਂ! ਤੇ ਉਸ ਦੇ ਹੇਠਾਂ ਇੱਕ ਨਾਗਾ ਸੀ ਜਿਸ ਨੇ ਉਸ ਨੂੰ ਖਾ ਲੈਣਾ ਸੀ। ਪਰ ਬੰਦੇ ਦੀ ਕਿਸਮਤ ਉਸ ਦੇ ਹੱਥਾਂ'ਚ ਨਹੀਂ ਸੀ।ਕੋਈ ਰਹਿਮ ਨਹੀਂ ਸੀ! ਇੱਕ ਚਿੱਟਾ ਚੂਹਾ ਦੰਦਾਂ ਨਾਲ਼ ਰੱਸੇ ਨੂੰ ਕੁਤਰ ਰਿਹਾ ਸੀ ਅਤੇ ਦੂਜੇ ਪਾਸੇ ਇੱਕ ਕਾਲ਼ੀ ਮਾਣੋਂ ਬਿੱਲੀ ਚਿੱਥ ਰਹੀ ਸੀ! ਚਿੱਟਾ ਚੂਹਾ ਦਿਨ ਦਾ ਰੂਪ, ਬਿੱਲੀ ਰਾਤ ਦਾ ਰੂਪ! ਬੰਦਾ ਕੁੱਝ ਨਹੀਂ ਕਰ ਸਕਦਾ! ਬੱਸ ਭੋਗਣਾ ਹੀ ਪੈਂਦਾ ਮੇਰੇ ਯਾਰ!-
- ਆ ਲੈ ਫਿਰ ਕੱਤਾਨਾ!-

ਉਸਨੇ ਫਿਰ ਮੇਰੇ ਵੱਲ ਚਾਕੂ ਮਾਰਿਆ, ਪਰ ਮੇਰੀ ਤਲਵਾਰ ਦੀ ਧਾਰ ਨੇ ਅਪਸਾਰ ਕਰ ਦਿੱਤਾ, ਉਸ ਹੀ ਵਕਤ ਉਹ ਜਿਸਦਾ ਡੰਡਾ ਪਹਿਲਾਂ ਅੱਧ ਵਿੱਚੋਂ ਕੱਟ ਦਿੱਤਾ ਸੀ, ਨੇ ਦੋਨਾਂ ਕੱਟੇ ਹੋਏ ਹਿੱਸਿਆਂ ਨਾਲ਼ ਮੇਰੇ ਮਾਰਨ ਦੀ ਕੋਸ਼ਿਸ਼ ਕੀਤੀ, ਪਰ ਮੈਂ

ਦੋਂ ਝਟਕਿਆਂ ਨਾਲ਼ ਇੱਕ ਬਾਂਹ ਕੱਟ ਦਿੱਤੀ ਅਤੇ ਇੱਕ ਪੈਰ ਲਾਹ ਦਿੱਤਾ ਥੱਲੇ ਪਿੰਞਣੀ ਤੋਂ ਗਿੱਟੇ ਕੋਲੋਂ! ਉਹ ਚੀਕਦਾ ਥੱਲੇ ਡਿੱਗ ਪਿਆ। ਤੀਜਾ ਨੇ ਥਿੜਕ ਕੇ ਮੇਰੇ ਪਿੱਛੇ ਪਹੁੰਚ ਗਿਆ। ਮੇਰੀ ਪਿੱਠ ਉਸ ਵੱਲ ਸੀ, ਉਸਦੀ ਮੇਰੇ ਵੱਲ। ਮੇਰੀ ਤਲਵਾਰ ਮੇਘਾਂ ਵੱਲ ਵਧਾਈ ਸੀ, ਅੱਖਾਂ ਉਨ੍ਹਾਂ ਦੇ ਝੂਠੇ ਗੱਪੀ ਲੀਡਰ ਤੇ। ਫਿਰ ਉਹ ਆਦਮੀ ਜਿਹੜਾ ਡੰਡੇ ਨਾਲ਼ ਹੁਣ ਮੇਰੇ ਵੱਲ ਪਿੱਠ ਕਰ ਕੇ ਖੜ੍ਹਾ ਸੀ, ਦਾ ਵੀ ਉਤਲਾ ਹਿੱਸਾ, ਜਾਨੀ ਪੇਟ ਤੋਂ ਉੱਪਰਲੀ ਧੜ ਢਿਲਕ ਗਈ। ਕਸ਼ਟ ਦੇਣ ਵਾਲ਼ੇ ਨੇ ਹੈਰਾਨੀ ਨਾਲ਼ ਉਸ ਦੇ ਕੱਲੇ ਖੜ੍ਹੇ ਲੱਕ ਤੇ ਲੱਤਾਂ ਵੱਲ ਵੇਖਿਆ। ਹੁਣ ਮੈਂ ਉਸ ਵੱਲ ਆਪਣਾ ਕੱਤਾਨਾ ਨਿਸ਼ਾਨਾ ਲਾ ਕੇ ਚਲਾਵਾਂ ਮਾਰਿਆ। ਪਰ ਕਿਸਮਾਤ ਨਾਲ਼ ਦੂਰ ਜਾ ਕੇ ਫਾਟਕ ਵਿੱਚ ਫਸ ਗਿਆ। ਬੰਦਾ ਸਗੋਂ ਬੱਚੇ ਵੱਲ ਵਧਿਆ, ਨਾ ਕੇ ਮੇਰੇ ਵੱਲ। ਮੈਂ ਚਿੱਕੜ ਵਿੱਚੋਂ ਨੱਸਣ ਹੀ ਲੱਗਾ ਸਾਂ, ਜਦ ਪਤਾ ਨਹੀਂ ਕਿੱਥੋਂ, ਉਸ ਡਾਕੂ ਦੇ ਹੋਰ ਗਿੱਦੜ ਆ ਸੜਕ ਤੇ ਖੜ੍ਹ ਗਏ, ਮੇਰੇ ਆਸ ਪਾਸ, ਹਰ ਦੇ ਹੱਥਾਂ'ਚ ਕੁੱਝ ਨਾ ਕੁੱਝ। ਬੱਸ, ਇੰਨ੍ਹਾਂ ਖੜਦੁੰਬ ਇੱਕ ਕਿਮੋਨੋ ਲਈ ਸੀ!

ਹੁਣ ਉਸਨੇ ਮੈਨੂੰ ਟਿੱਚਰ ਕਰਦੇ ਨੇ ਬੱਚਾ ਵੀ ਚੱਕ ਲਿਆ ਅਤੇ ਕਿਮੋਨੋ ਵੀ। ਹੱਸ ਕੇ ਦੇਖੀ ਗਿਆ ਮੇਰੇ ਵੱਲ।ਫਿਰ ਵਿਚਾਰੇ ਬੱਚੇ ਨੂੰ ਉਹਨੇ ਗਿੱਟੇ ਤੋਂ ਪਕੜ ਕੇ ਉੱਲਟਾ ਕਰ ਕੇ ਡੋਰੇ ਸੁੱਟੇ ਹੁਣ ਉਨ੍ਹਾਂ ਵੱਲ ਜਾਣ ਲਈ। ਮੈਂ ਬਿਨ੍ਹਾਂ ਹਥਿਆਰ ਤੋਂ ਵਧਿਆ। ਉਹ ਪੰਜ ਬਦਮਾਸ਼ ਸਨ।ਮੈਂ ਕੇਂਜੁਤਸੂ ਵਰਤਦਿਆ ਹਰ ਇੱਕ ਦੇ ਠਿੱਬੀ ਮਾਰੀ, ਜਾਂ ਲੱਤਾਂ ਪੈਰ ਮਾਰੇ ਜਾਂ ਘਸੁੰਨ ਜੜੇ। ਇਸ ਤਰ੍ਹਾਂ ਮੈਂ ਉਸ ਕੁੱਤੇ ਤੱਕ ਪਹੁੰਚ ਕੇ ਇੱਕ ਦੋ ਚਾਰ ਲਾਉਣ ਲੱਗਾ ਸਾਂ ਜਦ ਉਸ ਨੇ ਬੱਚਾ ਛੱਡ ਦਿੱਤਾ। ਮੈਂ ਮਸਾਂ ਆਵਦੇ ਹੱਥ ਅੱਗੇ ਕਰ ਕੇ ਕਾਕੇ ਨੂੰ ਫੜ੍ਹ ਲਿਆ। ਪਰ ਕਿਸੇ ਨੇ ਮੇਰੇ ਲੱਤ ਮਾਰੀ ਤੇ ਮੈਨੂੰ ਗਿੱਲੀ ਮਿੱਟੀ ਵਿੱਚ ਡੇਗ ਦਿੱਤਾ, ਬੱਚਾ ਮੇਰੇ ਹੇਠ ਅਤੇ ਮੈਂ ਉਸ ਦੇ ਉੱਪਰ ਢਾਲ ਵਾਂਗਰ ਉਸ ਨੂੰ ਬਚਾਉਂਦਾ। ਗੁੰਡੇ ਹੁਣ ਮੇਰੀ ਪਿੱਠ ਤੇ ਹਥਿਆਰਾਂ ਨਾਲ਼ ਵਾਰ ਕਰ ਰਹੇ ਸੀ। ਮੂੰਹ ਮੇਰਾ ਮਿੱਟੀ ਵਿੱਚ ਸੀ, ਬਾਲ ਧਰਤੀ ਤੇ ਮੇਰੇ ਵਿਚਾਲੇ ਸੀ। ਪਹਿਲਾਂ ਜਿਸ ਨੇ ਗੱਲ ਸ਼ੁਰੂ ਕੀਤੀ ਸੀ, ਹੁਣ ਕਿਮੋਨੋ ਫੜ੍ਹ ਕੇ ਫਾਟਕ'ਚ ਜਾ ਖੜ੍ਹਾ ਹੋਇਆ।

ਮੈਂ ਹਮੇਸ਼ਾ ਹੀ  ਇਹ ਸੋਚਿਆ ਸੀ ਕਿ ਬਹਾਦਰੀ ਨਾਲ਼ ਮਰਣਾ ਏ ਕਿਸੇ ਰਣ'ਚ ਜਾਂ ਆਵਦੇ ਸ਼ੋਗਣ ਜਾਂ ਸਾਮੰਤ ਦੀ ਸੇਵਾ ਵਿੱਚ, ਇੱਜ਼ਤ ਨਾਲ਼, ਨਾਂ ਬਣਾ ਕੇ। ਕਦੀ ਸੋਚਿਆ ਹੀ ਨਹੀਂ ਸੀ ਕਿ ਆਮ ਪੈਂਡੂ ਗੁੰਡਿਆਂ ਨੇ ਮੈਨੂੰ ਰਿੱਬ ਵਿੱਚ ਇਸ ਤਰ੍ਹਾਂ ਮਾਰ ਦੇਣਾ ਹੈ! ਇਸ ਤਰ੍ਹਾਂ ਇੱਕ ਕਿਮੋਨੋ ਦੀ ਖਾਤਰ!  ਮੈਂ ਕਿਸ ਤਰ੍ਹਾਂ ਦਾ ਸਮੁਰਾਈ ਹਾਂ ਜਿਸਦੀ ਕਿਸਮਤ ਇਹੋ ਜਿਹੀ ਨਿਕਲ਼ ਗਈ! ਇਸ ਤੋਂ ਚੰਗੀ ਮੌਤ ਸੱਚ ਮੁੱਚ ਗਣਰੂ ਯੋਸ਼ੀਟੈਕਾ ਦੇ ਹੱਥੋਂ ਹੋਣੀ ਸੀ!

ਉਸ ਦਿਨ ਗਣਰੂ ਯੋਸ਼ੀਟੈਕਾ ਵੀ ਉਸ ਪਿੰਡ'ਚ ਹੀ ਸੀਗਾ। ਪਰ ਉਹ ਇਸ ਕਾਰੇ ਤੋਂ ਬਾਅਦ ਪੁੱਜਿਆ ਸੀ। ਕਿਸੇ ਨੇ ਮੇਰੀ ਕੱਤਾਨਾ ਫਾਟਕ ਦੀ ਕੰਧ'ਚੋਂ ਕੱਢ ਕੇ ਮੇਰੀ ਪਿੱਠ'ਚੋਂ ਲੰਘਾ ਕੇ ਮੈਨੂੰ ਮਾਰ ਦਿੱਤਾ। ਮੇਰੀ ਕੱਤਾਨਾ ਮੇਰੇ ਸਰੀਰ'ਚੋਂ ਲੰਘ ਕੇ ਬਾਲ ਦੇ ਜਿਸਮ ਵਿੱਚੋਂ ਲੰਘ ਕੇ ਧਰਤੀ ਨਾਲ਼ ਜਾ ਲੱਗੀ ਸੀ। ਅਸੀਂ ਦੋਨੋਂ ਇੰਝ ਹਮੇਸ਼ਾ ਲਈ ਹੀ ਚੁੱਪ ਹੋ ਗਏ। ਬੱਸ, ਇੱਕ ਕੀਮਤੀ ਕੱਪੜੇ ਦੇ ਮੁੱਲ ਉੱਤੇ ਜਿਸ ਵਿੱਚ ਬੱਚੇ ਦੀ ਮਾਂ ਨੇ ਉਸ ਨੂੰ ਲਪੇਟਿਆ ਸੀ, ਠੰਡ ਤੋਂ ਬਚਾਉਣ ਲਈ। ਹੁਣ ਮੇਰੀ ਇਸ ਗੁੰਡਿਆਂ ਹੱਥੋਂ ਹੋਈ ਘਟੀਆ ਮੌਤ ਦੀ ਬੇਇੱਜ਼ਤੀ ਨੂੰ ਬਚਾਉਣ ਲਈ, ਗਣਰੂ ਯੋਸ਼ੀਟੈਕਾ ਨੇ ਦੁਨੀਆ ਨੂੰ ਦੱਸਿਆ ਕਿ ਮੈਂ ਹੀ ਉਸਨੂੰ ਹੀ ਮਾਰਿਆ ਏ। ਮੈਂ ਤਾਂ ਬੱਚੇ ਨੂੰ ਵੀ ਬਚਾ ਨਹੀਂ ਸਕਿਆ! ਜੱਗ ਕਿੱਦਾਂ ਦਾ ਆ!

# ਸੂਰਬੀਰ

## ੧੬੧੨



ਕੀ ਕੋਈ ਲੋੜ ਹੈ ਦੱਸਣ ਦੀ ਕਿ ਮੈਂ ਕੌਣ ਹਾਂ? ਇਹ ਤਾਂ ਸਭ ਨੂੰ ਪਤਾ ਏ! ਮੈਂ ਨੀਹੋਨ ਦਾ ਸਭ ਤੋਂ ਆਦਰਸ਼ਕ ਸਮੁਰਾਈ ਹਾਂ! ਸਮੁਰਾਈ ਦੀਆਂ ਜਾਤਾਂ'ਚੋਂ ਸਭ ਤੋਂ ਉੱਚੀ ਖੱਤਰੀ ਜਾਤ ਦਾ ਯੋਧਾ ਹਾਂ ਮੈਂ! ਹਾਲੇ ਤੱਕ ਜਪਾਨ'ਚ ਕੋਈ ਨਹੀਂ ਜੰਮਿਆ ਜੋ ਮੇਰਾ ਮੁਕਾਬਲਾ ਕਰ ਸਕਿਆ ਹੋਵੇ! ਮੇਰਾ ਨਾਂ ਜਾਣੀ ਇੱਕ ਡਰ! ਮੇਰਾ ਨਾਂ ਹੈ ਸਨਮਾਨ! ਮੇਰਾ ਨਾਂ ਹੈ ਸੱਸਾਕੀ ਕੋਜਿਰੋ! ਮੈਂ ਗਣਰੂ ਦੇ ਜਜ਼ੀਰੇ ਦਾ ਸਭ ਤੋਂ ਮਸ਼ਹੂਰ ਪੁੱਤ ਹਾਂ। ਇਸ ਲਈ ਲੋਕ ਮੈਨੂੰ ਗਣਰੂਵਾਲ਼ਾ ਵੀ ਆਖਦੇ ਨੇ। ਹਾਲੇ ਤੱਕ ਕੋਈ ਸੂਰਮਾ ਪੈਦਾ ਨਹੀਂ ਹੋਇਆ ਜੋ ਮੇਰੇ ਨਾਲ਼ ਟਕੱਰ ਲਵੇ, ਅਤੇ ਮੇਰੀ ਗੱਤਕੇਬਾਜ਼ੀ ਅੱਗੇ ਟਿਕ ਸਕੇ। ਕੋਈ ਨਹੀਂ।ਮੇਰੀ ਕੇਂਜੁਤਸੂ ਅਬਾਬੀਲ ਦੀ ਉਡਾਰੀ ਵਾਂਗ ਮੇਰੀ ਲੰਬੀ ਤਲਵਾਰ ਨੂੰ ਦਸ਼ਮਣ ਦੇ ਸੀਸ ਤੇ ਲਿਆਉਂਦੀ ਹੈ। ਮੈਂ ਕੱਤਾਨਾ ਨਹੀਂ ਵਰਤਦਾ! ਉਹ ਤਾਂ ਜੁਵਾਕਾਂ ਦੀ ਖੇਡ ਹੈ। ਮੇਰੀ ਤਲਵਾਰ ਤਾਂ ਬਹੁਤ ਲੰਬੀ ਭਾਰੀ ਹੈ।ਨੋਦਚੀ ਸਦੀ ਦਾ। ਖੰਡਾ ਹੈ ਮੇਰੀ ਤਲਵਾਰ। ਇਸ ਨੂੰ ਦੋ ਹੱਥਾਂ ਨਾਲ਼ ਹੀ ਫੜ੍ਹ ਸਕਦੇ ਹਾਂ। ਮੇਰੀਆਂ ਬਾਹਾਂ'ਚ ਬਹੁਤ ਜਾਨ ਹੈ।ਹੋਰ ਸਮੁਰਾਈ ਜਿੰਨ੍ਹੀ ਸੌਖੀ ਤਰ੍ਹਾਂ ਕੱਤਾਨਾ ਚਲਾਉਂਦੇ, ਮੈਂ ਇਸ ਤਰ੍ਹਾਂ ਖੰਡੇ ਨੂੰ ਚਲਾਉਂਦਾ ਹਾਂ।

ਪਰ ਮੈਨੂੰ ਪਤਾ ਲੱਗ ਹੈ ਕਿ ਇੱਕ ਹੋਰ ਸੂਰਬੀਰ ਹੈ ਜੋ ਸਾਡੇ ਦੇਸ਼ ਦੇ ਹਰ ਕੋਣ'ਚੇ ਤੁਰਦਾ ਫਿਰਦਾ ਹੈ ਅਤੇ ਉਸਦੀ ਆਦਤ ਹੈ ਹਰ ਸਮੁਰਾਈ ਤੇ ਚਾਂਗ ਮਰਨੀ। ਕਹਿੰਦੇ ਨੇ ਇਸ ਬੰਦਾ ਨੇ ਹਾਲੇ ਤੱਕ ਕਿਸੇ ਤੋਂ ਹਾਰ ਨਹੀਂ ਮੰਨੀ। ਇਹ ਸੁਣ ਕਿ ਹੱਡਾਂ ਵਿੱਚ ਪਾਰਾ ਬਣਕੇ ਰਚ ਗਿਆ ਉਹ। ਸੋ ਜਦ ਉਸ ਸਾਲ ਪਤਾ ਲੱਗਿਆ ਕਿ ਉਸ ਨੇ ਕੀਓਤੋ ਵਿੱਚ ਸੈਈਜੁਰ, ਯੋਸ਼ੀਓਕਾ ਦੇ ਇੱਕ ਜੰਗ ਬਹਾਰਰ, ਦੀ ਧੜ ਸਿਰ ਨਾਲੋਂ ਜੁਦਾ ਕਰਨ ਦੀ ਕੋਸ਼ਿਸ਼ ਕਰਨੀ ਹੈ, ਤਾਂ ਮੈਂ ਪਹਿਲਾਂ ਹੀ ਪੁੱਜ ਗਿਆ। ਸਾਰੀ ਦੁਨੀਆ ਨੂੰ ਪਤਾ ਸੀ ਕਿ ਇਸ ਦਿਨ ਸੈਈਜੁਰ ਤੇ ਮਿਯਾਮੋਤੋ ਮੁਸਾਸ਼ੀ ਦੀ ਲੜਾਈ ਹੋਣੀ ਏ। ਮੈਂ ਵੀ ਆਮ ਲੋਕਾਂ ਦੇ ਇੱਜੜ'ਚ ਖੋਲੋਇਆ ਸਾਂ ਉਸ ਦਿਨ। ਪੂਰਾ ਪਤਾ ਕੀ ਹੋਇਆ। ਕਿਉਂਕਿ ਮੈਂ ਉੱਚੀ ਜਾਤ ਦਾ ਭੱਦਰ ਪੁਰਸ਼ ਹਾਂ, ਮੈਂ ਆਪਦਾ ਭੇਸ ਬਦਲਿਆ ਸੀ। ਗਵਾਹ ਹਾਂ ਉਸ ਲੜਾਈ ਦਾ। ਖਿੱਝ ਆ ਜਾਂਦੀ ਮੈਨੂੰ ਜਦ ਉਸ ਲੜਾਈ ਬਾਰੇ ਅਫ਼ਵਾਹਾਂ ਸੁਣੀ ਦੀਆਂ ਏ। ਮੁਸਾਸ਼ੀ ਤਾਂ ਨੀਚੀ ਜਾਤ ਦਾ (ਮੈਥੋਂ, ਭਾਵੇਂ ਆਮ ਲੋਕਾਂ ਤੋਂ ਨਹੀਂ) ਹੈ, ਇੱਕ ਕਿਸਾਨ ਸਮੁਰਾਈ ਜਿਸ ਨੂੰ ਗਰਾਂ'ਚੋਂ ਨਿਕਲ਼ ਨਹੀਂ ਦੇਣਾ ਚਾਹੀਦਾ ਸੀ! ਲੜਨਾ ਜਾਣਦਾ...ਪਰ ਮੇਰੇ ਵਾਂਗਰ ਨਹੀਂ। ਨਾ ਮੂੰਹ ਨਾ ਸਿਰ! ਜੰਗਲ਼ੀ ਲੱਗਦਾ ਸੀ!

ਸੋ ਇੱਕ ਦਿਨ ਇਸ ਲੜਾਈ ਤੋਂ ਕਹੀ ਸਾਲਾਂ ਬਾਅਦ ਮੈਂ ਆਪਣੇ ਜਜ਼ੀਰ, ਗਣਰੂ, ਵਾਪਸ ਪਹੁੰਚਣ ਨੂੰ ਕਾਹਲ਼ਾ ਹਾਂ, ਕਿਉਂਕਿ ਮੈਂ ਨੀਹੋਨ ਸਰਜ਼ਮੀਨ ਆਇਆ ਸੀ ਰਸਦ ਲੈਣ ਜਦ, ਮੈਂ ਇੱਕ ਸਰਾਂ ਵਿੱਚ ਉਸ ਦਿਨ ਦੀ ਲੜਾਈ ਬਾਰੇ ਇੱਕ ਦੋ ਬੋਲਦੇ ਸੁਣ ਲਏ ਸੀ।ਮੁਸਾਸ਼ੀ ਦੀਆਂ ਸਿਫ਼ਤਾਂ ਕਰ ਰਹੇ ਸਨ ਜਿਵੇਂ ਉਨ੍ਹਾਂ ਨੇ ਖ਼ਦ ਉਸ ਬਾਘੜਬਿੱਲੇ ਨੂੰ ਲੜਦੇ ਦੇਖਿਆ ਹੋਵੇ! ਸੋ ਉਸ ਦਾ ਜਸ ਇੱਥੇਂ ਤੀਕਰ ਪੁੱਜ ਗਿਆ ਸੀ! ਮੈਂ ਸਰਾਂ ਦੇ ਵੱਡੇ ਕਮਰੇ'ਚ ਜਿੰਨ੍ਹੇ ਵੀ ਉਸ ਲੜਾਈ ਬਾਰੇ ਬੜ ਬੜ ਕਰਦੇ ਸਨ, ਨੂੰ ਮੈਂ ਆਲ਼ੇ ਦੁਆਲ਼ੇ ਕਰ ਲਿਆ ਸੀ। ਉਨ੍ਹਾਂ ਨੂੰ ਮੈਂ ਫਿਰ ਆਪਣਾ ਮੁਲਾਂਕਣ ਦਿੱਤਾ।

- ਸੱਚ ਹੈ ਲੋਕੋ ਯੋਸ਼ੀਓਕਾ ਵਾਲੇ ਦੇ ਲੜਣ ਦਾ ਤਰੀਕਾ ਕਮਜ਼ੋਰ ਸੀ। ਉਨ੍ਹਾਂ ਪਿੰਡਾਂ ਦੇ ਜੋਧਾਂ ਨੇ ਆਪਣੀ ਧਾਕ ਜਮਾਈ ਸੀ ਪਹਿਲੀ ਪੀੜ੍ਹੀ ਦੇ ਕਾਰਨਾਮਿਆਂ ਤੇ! ਪਹਿਲੇ ਸਮੁਰਾਈ ਤਕੜੇ ਸਾਂ। ਪਰ ਜਦ ਪੀੜ੍ਹੀ ਦਰ ਪੀੜ੍ਹੀ ਕੇਂਪੋ ਵੀ ਸਿਖਾਇਆ ਜਾਂਦਾ ਹੈ, ਕੁੱਝ ਨਾ ਕੁੱਝ ਉਰ੍ਹਾਂ ਪਰ੍ਹਾਂ ਹੋ ਜਾਂਦਾ ਹੈ! ਓਦੋਂ ਤੱਕ ਚੌਥੀ ਪੀੜ੍ਹੀ ਦਫ਼ਨ ਹੋ ਜਾਂਦੀ, ਉਨ੍ਹਾਂ ਨੂੰ ਬਾਬਿਆਂ ਨਾਲ਼ ਨਹੀਂ ਦਫ਼ਨ ਕਰਦੈ, ਕਿਉਂਕਿ ਇਹ ਦਾਦਿਆਂ ਨਾਨਿਆਂ ਜਿੱਡੇ ਹੁਨਰਮੰਦ ਨ੍ਹੀਂ ਹਨ ਨਾ! ਇਸ ਲਈ ਸੈਈਜੁਰ ਤਾਂ ਇੱਕ ਆਮ ਲੜਣ ਵਾਲ਼ਾ ਹੀ ਸੀ! ਹੁਣ ਮੈਂ ਤੁਹਾਡੀਆਂ ਤਰੀਫ਼ਾਂ ਉਸ ਮੁਸਾਸ਼ੀ ਮਿਯਾਮੋਤੋ ਬਾਰੇ ਸੁਣ ਸੁਣ ਕੇ ਅੱਕ ਗਿਆ ਹਾਂ ਯਾਰੋਂ! ਮੈਂ ਵੀ ਗਤਕੇ ਬਾਰੇ ਜਾਣਦਾ! ਮੇਰੇ ਸਾਹਮਣੇ ਤੁਸੀਂ ਆਮ ਦਿਹਕਾਨ, ਖੇਤੀਕਾਰ ਕੀ ਜਾਣਦੇ ਹੋਂ ਗਤਕੇਬਾਜ਼ੀ ਬਾਰੇ? ਕੁੱਝ ਵੀ ਨਹੀਂ!- ਮੈਂ ਘਮੰਡ ਨਾਲ਼ ਕਿਹਾ। ਮੈਂ ਸਾਰਿਆਂ ਦੀਆਂ ਅੱਖਾਂ ਵਿੱਚ ਦੇਖਿਆ ਕਿ ਕੁੱਝ ਖਿੱਝ ਗਏ ਅਤੇ ਕੁੱਝ ਡਰਦੇ ਜਿਹੇ ਸੀ। ਪਰ ਕਿਸੇ ਦੀ ਹਿੰਮਤ ਨਹੀਂ ਸੀ ਮੇਰੇ ਖਿਲਾਫ਼ ਕੁੱਝ ਕਹਿਣ ਦੀ। ਮੈਂ ਆਪਣਾ ਬਰਤਾਂਤ ਅੱਗੇ ਤੋਰਿਆ, - ਵੈਸੇ ਮੈਂ ਤੁਹਾਡੇ ਵਰਗੇ ਜਾਹਲਾਂ ਪੈਂਡੂਆਂ ਦੀਆਂ ਟਪਾਰਾਂ ਨੂੰ ਰੱਦਣ ਦੀ ਕੋਸ਼ਿਸ਼ ਵੀ ਨਹੀਂ ਕਰਨੀ ਸੀ! ਪਰ ਤੁਹਾਡੀ ਗੱਪਾਂ ਨੇ ਤਾਂ ਸਮਾਜ ਦੀਆਂ ਸੋਚਾਂ ਤੇ ਬੁਰੀ ਅਸਰ ਕਰ ਦੇਣਾ ਹੈ। ਕੰਨ ਸਾਫ਼ ਕਰਕੇ ਸੱਚ ਸੁਣੋਂ!- ਅਤੇ ਹੁਣ ਸਭ ਧਿਆਨ ਨਾਲ਼ ਅਤੇ ਵਫ਼ਾਦਾਰੀ ਨਾਲ਼ ਮੇਰੀਆਂ ਗੱਲਾਂ ਸੁਣ ਰਹੇ ਸੀ।

- ਪਹਿਲੀ ਗੱਲ ਤਾਂ ਇਹ ਕਿ ਮੁਸਾਸ਼ੀ ਕਰ ਕੀ ਰਿਹਾ ਹੈ। ਮਤਲਬ ਉਸਦਾ ਹਰ ਜਪਾਨੀ ਸੁਮਰਾਈ ਨਾਲ਼ ਲੜਨ ਦਾ ਦਾਈਆ ਕੀ ਹੈ? ਜਿਹੜਾ ਕਿ ਉਸ ਨੇ ਯੋਸ਼ੀਓਕਾ ਦੇ ਸਮੁਰਾਈ ਨਾਲ਼ ਉਸਦੇ ਗਰਾਂ ਨਹੀਂ ਕਿਤੇ, ਹੋਰ ਕੀਓਤੋ ਦੇ ਸ਼ਹਿਰ ਲੜਨ ਦਾ ਫੈਲਸਾ ਕੀਤਾ ਸੀ ਦਾ ਇੱਕ ਹੀ ਮਤਲਬ ਹੈ। ਕਿ ਉਸਨੇ ਸ਼ਹਿਰ ਵਾਸੀਆਂ ਸਾਹਮਣੇ ਆਪਣੇ ਆਪ ਨੂੰ ਮਸ਼ਹੂਰ ਕਰਨਾ ਸੀ। ਜੇ ਉਸਦੀ ਯਾਰਨੀ ਦੇ ਵਰ ਦੀ ਇੱਜ਼ਤ ਦਾ ਸਵਾਲ ਸੀ ( ਮੈਨੂੰ ਪਤਾ ਉਹ ਓਤਸੂ ਇੱਕ ਇੱਚੀਗੁਰੂ ਮਛੂਏ ਦੀ ਤੀਵੀਂ ਸੀ) ਤਾਂ ਫਿਰ ਕੋਟਲ਼ੇ'ਚ ਹੀ ਝਗੜਾ ਮਿਟਾ ਦੇਣਾ ਸੀ! ਬਈ ਉਹ ਤਰਲੇ ਮਾਰ ਰਿਹਾ ਆਪਣੇ ਆਪ ਨੂੰ ਮਸ਼ਹੂਰ ਕਰਨ ਲਈ! ਹੋਰ ਕੁੱਝ ਨਹੀਂ ਲੋਕੋਂ! ਓਤਸੂ ਦੇ ਵਰ ਦੇ ਨਾਂ ਦੀ ਇੱਜ਼ਤ ਲਈ ਨਹੀਂ ਯੋਸ਼ੀਓਕਾ ਗਿਆ ਸੀ ਉਹ! ਨਹੀਂ! ਇਹ ਹੋ ਨਹੀਂ ਸਕਦਾ! ਉਂਝ ਉਸ ਨਾਲ਼...ਸਮਝ ਗਏ! ਨਹੀਂ? ਫਿਰ ਵੀ ਤੁਸੀਂ ਸਭ ਅਕਲ ਦੇ ਦੁਸ਼ਮਣ ਹੋਂ! ਕੋਈ ਗੱਲ ਨਹੀਂ...ਗੱਲ ਇਹ ਹੈ ਕੇ ਯੋਸ਼ੀਓਕਾ ਵਰਗਿਆਂ ਨਾਲ਼ ਲੜ ਕੇ ਉਹ ਆਪਣਾ ਨਾਂ ਬਣਾ ਸਕਦਾ ਹੈ! ਕੀਓਤੋ'ਚ ਯੋਸ਼ੀਓਕਾ ਦੇ ਪਿੰਡ ਤੋਂ ਸਮੁਰਾਈ ਬਹੁਤ ਦੇਰ ਪਹਿਲਾਂ ਆ ਕੇ ਇੱਕ ਕੇਂਜੁਤਸੂ ਸ਼ਾਲਾ ਸੇਟ ਕਰ ਹਟੇ ਨੇ! ਫਿਰ ਉਸਨੇ ਯੋਸ਼ੀਓਕਾ ਦੀ ਕੇਂਜੁਤਸੂ ਦੀ ਬੇਇੱਜ਼ਤੀ ਕਰਕੇ ਆਪਣਾ ਨਾਂ ਬਣਾ ਲਿਆ! ਸੱਚ ਹੈ ਕਿ ਯੋਸ਼ੀਓਕਾ ਦੀ ਕੇਂਜੁਤਸੂ ਅੱਜ ਕੱਲ੍ਹ ਬਿਹੀ ਹੈ। ਜੇ ਤੁਹਾਡੇ ਕੋਲ਼ ਹਿੰਮਤ ਜਾਂ ਸਮੁਰਾਈ ਦੀ ਬੁਨਿਆਦੀ ਤਬੀਅਤ ਹੁੰਦੀ ਤਾਂ ਤੁਹਾਡੇ ਵਰਗੇ ਡੁੰਨ ਵੀ ਪਲੱਥੇ ਨਾਲ਼ ਉਸ ਸੈਈਜੁਰ ਨੂੰ ਮਾਰ ਸਕਦੈ ਸੀ! ਇਹ ਤਾਂ ਬੜਾ ਸਸਤਾ ਰਸਤਾ ਹੈ ਮਸ਼ਹੂਰੀ ਲੈਣ ਦਾ! ਇੱਕ ਇਸ਼ਤਿਹਾਰਬਾਜ਼ੀ ਹੈ! ਮੈਂ ਕੀ ਕਰਦਾ! ਤੁਹਾਨੂੰ ਕੀ ਪਤਾ ਇਸ਼ਤਿਹਾਰਬਾਜ਼ੀ ਕੀ ਹੈ! ਜੱਟ ਲੋਕ ਹੋਂ। ਜਿਸ ਨੂੰ ਜੰਗ'ਚ ਗਤਕਾ ਖੇਲਣਾ ਆਉਂਦਾ, ਉਸਨੂੰ ਪਤਾ ਇਹ ਕੇਵਲ ਇੱਕ ਤਮਾਸ਼ਾ ਸੀ! ਮੇਰੇ ਵਰਗੇ ਉੱਚੀ ਜਾਤ ਵਾਲ਼ਿਆਂ ਨੂੰ ਹੀ ਹੱਕ ਹੈ ਲੜਨ ਦਾ ਤਲਵਾਰ ਨਾਲ਼! ਸਮੁਰਾਈ ਗਰਾਂ ਤੋਂ ਦਰਜਾ ਬਦਰਜਾ ਤਾਂ ਤੁਹਾਥੋਂ ਇੱਕ ਮੰਜ਼ਲ ਹੀ ਉੱਚੇ ਨੇ। ਜੋ ਵੇਦ ਦੀ ਸਿਆਣਪ ਨੇ ਕਿਹਾ ਸੋਂ ਸੱਚ ਹੀ ਹੈ! ਬੁੱਧ ਵੀ ਸਮਝਦਾ ਸੀ ਵੇਦਾਂ ਦੀ ਦਨਾਈ! ਅਸੀਂ ਉੱਚੇ! ਤੁਸੀਂ ਨੀਚੇ! ਰਾਜ ਤਾਂ ਮੰਤਰੀ ਲੋਕ ਜਾਂ ਖੱਤਰੀ ਹੀ ਕਰ ਸਕਦੇ, ਹੈ ਨਾ? ਆਮ ਜਨਤਾ ਕੀ ਜਾਣਦੀ, ਕਿ ਨਹੀਂ? ਵੇਦ ਸੱਚ ਹੈ! ਪਿਤਾ ਨੂੰ ਵੀ ਬੇਟੇ ਨੂੰ ਮੰਨਣਾ ਚਾਹੀਦਾ। ਜੇ ਕੱਲ੍ਹੂੰ ਪੁੱਤ ਪਿਉਂ ਖਿਲਾਫ਼ ਕਦਮ ਚੱਕੇ ਤਾਂ ਸਾਡਾ ਸਮਾਜ ਤਾਂ ਗਿਰ ਗਿਆ! ਇਸ ਲਈ ਜੋ ਅਸੀਂ ਦੱਸਦੇ ਆਂ ਚੁੱਪ ਚਾਪ ਕਰੀ ਜਾਓ! ਰੀਤੀ ਰਿਵਾਜ ਨਾਲ਼ ਸਬੰਧ ਰਖੋਂ! ਸਾਨੂੰ ਸਭ ਸਮਝ ਹੈ ਤਹੁਾਡੇ ਲਈ ਠੀਕ ਕੀ ਹੈ ਕੀ ਨਹੀਂ। ਜਿੰਨ੍ਹਾਂ ਚਿਰ ਤੁਹਾਡੇ ਵਰਗੇ ਤਫਰੀਹ ਹੀ ਭਾਲਦੇ ਨੇ। ਮੁਸਾਸ਼ੀ ਦੀਆਂ ਲੜਨ ਵਾਲ਼ੀਆਂ ਕਹਾਣੀਆਂ ਨਾਲ਼ ਇਹੀ ਤੁਹਾਨੂੰ ਮਿਲਦਾ! ਕੁੱਝ ਸਿਆਣੇ ਮੈਨੂੰ ਕਹਿਣਗੇ ਕਿ ਮੈਂ ਕਿਉਂ ਤੁਹਾਨੂੰ ਇਹ ਸਭ ਦੱਸ ਰਿਹਾ? ਚੰਗਾ ਏ  ਕਿ ਜਨਤਾ ਨੂੰ ਦਿਮਾਗ਼ ਖਰਚਣਾ ਨਹੀਂ ਆਉਂਦਾ! ਇਸ ਕਰਕੇ ਸਾਡਾ ਰਾਜ ਹਮੇਸ਼ਾ ਹੀ ਰਹਿਵੇਗਾ! ਪਰ ਮੈਥੋਂ ਫਿਰ ਵੀ ਜਿੱਦਾਂ ਦਾ ਮੁਸਾਸ਼ੀ ਦੇ ਅਨਿਆਂ ਤੇ ਝੂਠ ਨਾਲ਼ ਸਮਾਜ ਤੇ ਅਸਰ ਪੈ ਰਿਹਾ ਏ, ਸਹਾਰ ਨਹੀਂ ਹੁੰਦਾ। ਲੋਕਾਂ ਨੂੰ ਟੁੰਬ ਰਿਹਾ ਏ ਪਿੰਡਾਂ ਦਾ ਸਮੁਰਾਈ! ਲੜਾਈ ਜਿੱਤਣ ਲਈ ਵੀ ਵਕਤ ਸਿਰ ਤੇ ਨਹੀਂ ਪੁੱਜਦਾ ਸਾਲਾ! ਬਿੰਦ ਕੁ ਬਾਅਦ ਸਮੁਰਾਈ ਦੇ ਪੇਟ'ਚ ਵੱਟ ਜਿਹਾ ਉੱਠਦਾ ਏ ਉਸ ਲਈ ਇੰਤਰਜ਼ਾਰ ਕਰਦੈ ਨੂੰ! ਇਹ ਵੀ ਮਿਯਾਮੋਤੋ ਦੀ ਚਾਲ ਹੈ! ਦੂਜੀ ਚਾਲ ਏ ਹੈ ਕਿ ਉਸਨੇ ਕਦੇ ਇੱਕ ਨਾਲ਼ ਮੁਕਾਬਲਾ ਨਹੀਂ ਕਰਨਾ, ਹਮੇਸ਼ਾ ਕਈਆਂ ਨਾਲ਼ ਕਰਨਾ! ਇੰਝ ਜਨਤਾ ਹਮੇਸ਼ਾ ਮੁਸਾਸ਼ੀ ਨੂੰ ਗਲ਼ ਲਾ ਲੈਂਦੀ ਐ! ਜਦ ਲੜਨ ਦਾ ਵਕਤ ਆਉਂਦਾ, ਮੈਂ ਦੇਖਿਆ ਉਹ ਸੌਖੇ ਮੁਕਾਬਲਿਆਂ'ਚ ਕਿਸੇ ਨਾ ਕਿਸੇ ਕਪਟ ਨਾਲ਼ ਜਿੱਤ ਕੇ ਦੌੜ ਜਾਂਦਾ ਹੈ! ਨੱਸਦਾ ਜਦ ਉਸ ਨੂੰ ਪੂਰਾ ਪਤਾ ਹੁੰਦ ਕਿ ਜੇ ਉਹ ਰਣ ਤੇ ਖੜ੍ਹਾ ਰਿਹਾ ਤਾਂ ਉਸ ਨੇ ਭਾਂਜ ਖਾ ਜਾਣੀ ਏ! ਕੋਈ ਜ਼ਿਆਦਾ ਗਤਕੇਬਾਜ਼ੀ ਨਹੀਂ ਆਉਂਦੀ। ਬੱਸ ਜਦ ਜਿੱਤਦਾ, ਜਿੱਤਦਾ ਕੇਵਲ ਸੀਨਾ ਜ਼ੋਰੀ ਨਾਲ਼ ਜੀ ਹੈ! ਉਸਦੀ ਸਭ ਤੋਂ ਮਸ਼ਹੂਰ ਗੱਲ ਤਾਂ ਇਹ ਹੈ ਕਿ ਕਿੰਨੀ ਕਾਹਲੀ'ਚ ਨੱਠ ਜਾਂਦਾ!- ਦੱਸ ਤਾਂ ਮੈਂ ਇੰਨ੍ਹਾਂ ਲੋਕੋਂ ਨੂੰ ਹੋਰ ਵੀ ਬਹੁਤ ਕੁੱਝ ਦੇਵਾਂ, ਪਰ ਇੰਨ੍ਹਾਂ ਦੇ ਸਿੱਧੇ ਸਾਦੇ ਦਿਮਾਗ਼ ਅਤੇ ਖਿਆਲ ਕਦੀ ਨਹੀਂ ਬਦਲਣੇ! ਉਸ ਥਾਂ ਹੀ ਖੜ੍ਹੇ ਰਹਿਣਾ ਇੰਨ੍ਹਾਂ! ਗੱਲਾਂ ਬਹੁਤ ਸਾਰੀਆਂ ਕਰਨੀਆਂ, ਪਰ ਹਿੰਮਤ ਹੈਨੀ ਕੁੱਝ ਬਦਲਣ ਦੀ ਇੰਨ੍ਹਾਂ'ਚ। ਦੇਸ਼ ਦੇ ਸਦਗੁਣ ਗਾਹ ਕੇ ਇੰਨ੍ਹਾਂ ਦੇ ਗਲ਼ ਭਰ ਜਾਂਦੇ ਨੇ। ਦੇਸ ਹੀ ਇੰਨ੍ਹਾਂ ਦਾ ਦੁਸਮਣ ਹੈ, ਪਰ ਇੰਨ੍ਹਾਂ ਨੂੰ ਕਦੀ ਇਸ ਗੱਲ ਦਾ ਸਮਝ ਨਹੀਂ ਆਉਣੀ ਤੇ ਨਾ ਕਦੇ ਆ ਸਕਦਾ ਏ! ਬਹੁਤ ਸੌਖਾ ਹੈ ਇੰਨ੍ਹਾਂ ਨੂੰ ਰੀਤਾਂ ਰਿਵਾਜ਼ਾਂ ਦੀਆਂ ਜ਼ੰਜੀਰਾਂ ਨਾਲ਼ ਹੀ ਗੁਲਾਮ ਰੱਖਣਾ। ਮੁਸਾਸ਼ੀ ਵਰਗੇ ਦੇ ਨਾਂ ਤੇ ਕਲੰਕ ਲਾਉਂਣਾ ਜ਼ਰੂਰੀ ਹੈ। ਇਹ ਆਮ ਅਣਪੜ੍ਹ ਲੋਕ ਸੱਚੇ ਵਰਿਆਮ ਦੇ ਖ਼ੁਦ ਜੁਤੇ ਮਾਰਣਗੇ, ਤੇ ਝੂਠੇ ਗਾਜ਼ੀ ਦੇ ਪੈਰ ਛੂਹਣਗੇ! ਹੁਣ ਮੈਂ ਮੁਸਾਸ਼ੀ ਦਾ ਨਾਂ ਮਿਟੀ'ਚ ਮਿਲਾਉਂਣਾ ਹੀ ਮਿਲਉਂਣਾ ਏ! ਹੁਣ ਮੇਰੇ ਮੂੰਹੋਂ ਲਫ਼ਜ਼ ਪੁਰਲ ਪੁਰਲ ਨਿਕਲ਼ਦੇ ਨੇ, ਜਿਵੇਂ ਪਾਣੀ ਬਾਂਧ ਉੱਤੋਂ ਡੁੱਲ੍ਹਦਾ।

- ਤੁਸੀਂ  ਇੱਕ ਗੱਲ ਸਮਝੋਂ ਮੇਰੇ ਬੇਲੀਓ! ਆਮ ਲੋਕਾਂ ਨੂੰ ਲੱਗਦਾ ਕਿ ਇੱਕਲੇ ਜੋਧਵੀਰ ਲਈ ਕਈਆਂ ਨੂੰ ਹਾਰ ਦੇਣੀ ਮੁਸ਼ਕਲ ਹੈ! ਇਹ ਨਹੀਂ ਹੈ ਕਿ ਜੇ ਦਸਾਂ ਨਾਲ਼ ਲੜਨਾ, ਕਿ ਦਸ ਹੀ ਇੱਕ ਆਦਮੀ ਤੋਂ ਜ਼ਰਬਦਸਤ ਨੇ। ਮੇਰੇ ਵਰਗੇ ਗਤਕੇਬਾਜ਼ੀ ਨੂੰ ਪਤਾ ਕਿ ਇੱਕ ਜਾ ਦਸਾਂ ਦੀ ਗੱਲ ਨਹੀਂ ਹੁੰਦੀ, ਗੱਲ ਸਿਰਫ ਲੜਣ ਦੇ ਤਰੀਕੇ ਦੀ ਹੁੰਦੀ

ਏ! ਹੁਣ ਸੁਣੋਂ! ਮੈਂ ਇਕ ਬਹੁਤ ਪਿਆਰੀ ਜਿਹੀ ਬੁੱਢੀ ਨਾਲ਼ ਦੂਜੇ ਦਿਨ ਗੱਲ ਬਾਤ ਕੀਤੀ ਸੀ। ਉਸਦਾ ਨਾਂ ਓਸੁਗੀ ਹੈ। ਉਸਨੇ ਮੈਨੂੰ ਸਭ ਕੁੱਝ ਉਸ ਸਾਲ਼ੇ ਮੁਸਾਸ਼ੀ ਬਾਰੇ ਦੱਸ ਦਿੱਤਾ ਏ! ਸੱਚ ਹੈ, ਪਤਾ ਕਿਉਂ, ਕਿਉਂਕਿ ਓਸੁਗੀ ਉਸਦੇ ਪਿੰਡ, ਮਿਯਾਮੋਤੋ ਤੋਂ ਹੀ ਹੈ।ਓਸੁਗੀ ਦੇ ਕਹੀ ਰਿਸਤੇਦਾਰਾਂ ਨੂੰ ਉਸ ਡਾਕੂ ਨੇ ਮਾਰਿਆ ਹੈ! ਓਸੁਗੀ ਦੀ ਓਤਸੂ ਬਹੂ ਬਣਨ ਲੱਗੀ ਸੀ।ਓਸੁਗੀ ਦੇ ਮੰਡੇ, ਮਤਾਹਚੀ ਨਾਲ਼ ਵਿਆਹ ਹੋਣਾ ਸੀ। ਪਰ ਮੁਸਾਸ਼ੀ ਨੇ ਕੰਮ ਖਰਾਬ ਕਰ ਦਿੱਤਾ ਸੀ!...- ਮੈਂ ਉਨ੍ਹਾਂ ਨੂੰ ਦੱਸ ਦਿੱਤਾ ਜੋ ਓਸੁਗੀ ਨੇ ਮੈਨੂੰ ਦੱਸਿਆ ਸੀ ਮੁਸਾਸ਼ੀ ਬਾਰੇ। ਫਿਰ ਜਦ ਸਭ ਨੂੰ ਪਤਾ ਲੱਗਾ ਗਿਆ ਕਿ ਕਿਵੇਂ ਮਤਾਹਚੀ ਅਤੇ ਓਤਸੂ ਦਾ ਰਿਸ਼ਤਾ ਖਰਾਬ ਕੀਤਾ, ਅਤੇ ਕਿਵੇਂ ਫਿਰ ਉਸ ਓਤਸੂ ਦਾ ਯੋਸ਼ੀਓਕਾ ਪਿੰਡ ਵਿਆਹ ਕਰਕੇ ਫਿਰ ਵੀ ਉਸ ਕੁੜੀ ਨਾਲ਼ ਯਾਰੀ ਰੱਖੀ। ਮੈਂ ਲੋਕਾਂ ਦੇ ਪੱਲੇ ਪਾਇਆ ਕਿ ਕਿਸ ਤਰ੍ਹਾਂ ਦਾ ਕਮੀਨਾ ਮੁਸਾਸ਼ੀ ਸੀਗਾ। ਮੈਂ ਆਪਣੀ ਗੱਲ ਇੰਝ ਮੁਕਾਈ ਫਿਰ…

- ਸੁਣੋਂ ਮੇਰੇ ਬੇਲੀਓ! ਇਸ ਤਰ੍ਹਾਂ ਦੇ ਲਫੰਗੇ ਦੀਆਂ ਸਿਫ਼ਤਾਂ ਨਾ ਕਰੋਂ! ਜਨਤਾ ਦੀਆਂ ਕਦਰਾਂ ਤੇ ਗਲਤ ਅਸਰ ਪਾਵੇਗਾ! ਤਾਈਂ ਹੀ ਮੈਂ ਤੁਹਾਨੂੰ ਇਹ ਗੱਲ ਦੱਸੀਆਂ ਹੈ। ਮੈਨੂੰ ਤਾਂ ਕੋਈ ਫਰਕ ਨਹੀਂ ਕੀ ਯੋਸ਼ੀਓਕਾ ਨੂੰ ਕੀ ਹੁੰਦਾ ਨਾ ਕੇ ਜੋ ਮਿਯਾਮੋਤੋ ਕੋਟਲ਼ੇ ਹੋਇਆ…ਮੈਂ ਤਾਂ ਸਮ ਦਰਸ਼ੀ ਤੁਹਾਨੂੰ ਦਿੱਤੀ ਹੈ। ਮੈਂ ਸੱਚਾ ਦਿਲ ਦਾ ਸਮੁਰਾਈ ਹਾਂ ਜਿਸਨੇ ਬੁਸ਼ੀਡੋ ਦਾ ਰਾਹ ਚੱਕਿਆ ਹੈ। ਚੰਗਾ ਰਾਹ। ਸੱਚ ਦੱਸਾ! ਇਹ ਗੱਲਾਂ ਨੂੰ ਯਾਦ ਰੱਖਣਾ!- ਮੈਂ ਚੁੱਪ ਹੋ ਕੇ ਪੈੱਗ ਪੀ ਲਿਆ। ਬੋਲ਼ ਬੋਲ਼ ਕੇ ਸੰਘ ਸੁੱਕ ਗਿਆ ਸੀ ਮੇਰਾ।




ਮੁਸਾਸ਼ੀ ਦੀਆਂ ਸਿਫ਼ਤਾਂ ਕਰ ਰਹੇ ਸਨ ਜਿਵੇਂ ਉਨ੍ਹਾਂ ਨੇ ਖ਼ਦ ਉਸ ਬਾਘੜੱਬਿੱਲੇ ਨੂੰ ਲੜਦੇ ਦੇਖਿਆ ਸੀ!

ਮੈਂ ਫਿਰ ਉੱਠ ਕੇ ਸਾਕੀ ਦੇ ਪੈਸੇ ਮੇਜ਼ ਉੱਤੇ ਰੱਖ ਕੇ ਸਭ ਨੂੰ ਵਿਦਾ ਲੈ ਕੇ ਬਾਹਰ ਤੁਰ ਆਇਆ। ਹੁਣ ਮੇਰਾ ਨਿੱਕਾ ਜਿਹਾ ਬਣਾਇਆ ਹੋਇਆ ਦਰਬਾਰ ਟੁੱਟ ਕੇ ਆਪਸ ਵਿੱਚ ਗੱਲਾਂ ਕਰਨ ਲੱਗ ਗਿਆ ਸੀ। ਜੋ ਮੈਂ ਸੱਚ ਦੱਸਿਆ ਸੀ ਪੱਕਾ ਉਨ੍ਹਾਂ ਜ਼ਰੂਰ ਇਸ ਗੱਲ ਨੂੰ ਪਿੰਡ ਵਿੱਚ ਉਡਾ ਕੇ ਖਿੰਡ ਦੇਣਾ ਏ। ਮੈਂ ਤਾਂ ਸੱਚ ਦਾ ਗੁਲਾਮ ਸੀ ਅਤੇ ਇੱਕ ਸੁਸ਼ੀਲ ਆਦਮੀ ਸਾਂ, ਨਾ

ਕੇ ਉਸ ਮੁਸਾਸ਼ੀ ਵਾਂਗਰ ਇੱਕ ਗਰਾਂ ਦਾ ਕੁੱਤਾ। ਮੈਂ ਵੇਖਿਆ ਤੇ ਪਤਾ ਲੱਗਾ ਕਿ ਮੇਰੇ ਤੋੜੇ ਲਈ ਫ਼ਿਊਜ਼ ਚਾਹੀਦੇ ਨੇ। ਮੈਂ ਸਰਾਂ ਦੀ ਮਾਲਕਣ ਵੱਲ ਝਾਕ ਕੇ ਤੇ - ਪੈਸੇ ਰੱਖ ਦਿੱਤੇ- ਕਿਹਾ । ਤੁਹਾਡੇ ਕੋਲ਼ ਤੋੜਾਂ ਦੇ ਫ਼ਿਊਜ਼ ਹੈਗੇ ਨੇ?-। ਉਹ ਚੱਲ੍ਹੇ ਦੇ ਨਾਲ਼ ਪੈਰਾਂ ਭਾਰ ਬੈਠੀ, ਗਾਹਕਾਂ ਲਈ ਖਾਣਾ ਬਣਾ ਰਹੀ ਸੀ। ਉਸ ਨੇ ਮੇਰੇ ਵੱਲ ਉੱਪਰ ਦੇਖ ਕੇ ਜਵਾਬ ਦਿੱਤਾ, - ਫ਼ਿਊਜ਼? ਆਹੋ, ਪਿੱਛੇ ਟੰਗੇ ਨੇ। ਇਸ ਅੱਡੇ'ਚ ਅਸੀਂ ਬਹੁਤ ਕੁੱਝ ਵੇਚਦੇ ਆ ਜਨਾਬ। ਜਿੰਨ੍ਹੇ ਮਰਜ਼ੀ ਚੱਕ ਲਊ! ਇੱਕ ਫ਼ਿਊਜ਼ ਦਾ ਮੁਲ ਪੰਜ ਕੋਛੋਸਨ ਹੈ-।

ਮੈਂ ਪਿੱਛੇ ਗਿਆ।ਤੇ ਕਮਰੇ ਦੇ ਕੋਣੇ'ਚ ਟੰਗੇ ਹੋਏ। ਫਿਊਜ਼ਾਂ ਦਾ ਇੱਕ ਗੁੱਛਾ ਖਿੱਚ ਲਿਆ, ਕੁੱਝ ਭੁੰਜੇ ਡਿੱਗ ਪਏ। ਜਦ ਮੈਂ ਕੋਡਾ ਹੋਇਆ ਉਨ੍ਹਾਂ ਨੂੰ ਫਰਸ਼ ਤੋਂ ਚੱਕਣ ਲਈ ਤਾਂ ਮੈਂ ਹਨੇਰੇ'ਚੋਂ ਦੋ ਪੈਰ ਬਾਹਰ ਨਿਕਲ਼ਦੇ ਦੇਖੇ। ਮੇਰੀਆਂ ਅੱਖਾਂ ਪੈਰਾਂ ਤੋਂ ਲੱਤ ਤੱਕ ਖੱਜਲ ਕੇ ਰੁਕ ਗਈਆਂ। ਮੈਂ ਹੈਰਾਨ ਹੋ ਗਿਆ ਸਾਂ; ਕਿ ਬੈਂਚ ਤੇ ਕਈ ਪਿਆ ਹੈ। ਹੁਣ ਮੇਰੀ ਨਜ਼ਰ ਉਸਦੇ ਮੁਖ ਤੱਕ ਗਈ।ਮੈਂ ਉਸਦਾ ਜੰਗਲ਼ੀ ਮੁਖੜਾ ਇੱਕ ਦਮ ਪਛਾਣ ਲਿਆ! ਹਨੇਰੇ'ਚ ਉਸਦਾ ਮੂੰਹ ਮੇਰੇ ਵੱਲ ਵਧਿਆ। ਹਾਂ ਉਹੀ ਸੀ!

ਮੇਰੇ ਵੱਲ ਇਹ ਮੁਸਾਸ਼ੀ ਹੀ ਤਾੜਦਾ ਸੀ!

ਮੈਂ ਇੱਕ ਦੋ ਕਦਮ ਪਿੱਛੇ ਹਟਿਆ। ਇਹ ਇੱਥੇਂ ਕਿਵੇਂ? ਕੀਓਤੋ ਕਿਉਂ ਨਹੀਂ ਹੁਣ ਸੀ, ਜਿੱਥੇਂ ਆਖਰੀ ਬਾਰੇ ਇਸ ਨੂੰ ਵੇਖਿਆ? ਸਾਡੇ ਇੱਲਾਕੇ ਕਿਉਂ ਆਇਆ? ਉਸਦਾ ਹੱਥ ਹੁਣ ਹਨੇਰੇ ਵਿੱਚੋਂ ਵਧਿਆ, ਤੇ ਇੱਕ ਤੀਲ੍ਹੀ ਨਾਲ਼ ਉਸਨੇ ਨੇੜੇ ਮੇਜ਼ ਤੇ ਬੈਠੀ ਪਈ ਸ਼ਮ੍ਹੇ ਨੂੰ ਜਗਾ ਦਿੱਤਾ। ਹੁਣ ਸਾਫ਼ ਮੈਨੂੰ ਦਿੱਸਦਾ ਸੀ ਮੁਸਾਸ਼ੀ ਟਕੋਰਵੀਂ ਮੁਸਕਾਨ ਮਸਕਾਉਂਦਾ।

-ਅੱਛਾ!-, ਉਹ ਹੌਲੀ ਹੌਲੀ ਉੱਠ ਕੇ ਮੇਰੇ ਸਾਹਮਣੇ ਖੜ੍ਹ ਗਿਆ। - ਅੱਛਾ। ਮੈਂ ਉਸ ਵੇਲੇ ਕੋਸ਼ਿਸ਼ ਕੀਤੀ ਉਸਨੂੰ ਤਬੱਸਮ ਨਾਲ਼ ਜਵਾਬ ਦੇਣ ਦੀ, ਪਰ ਮੂੰਹ ਨੇ ਇਨਕਾਰ ਕਰ ਦਿੱਤਾ। ਮੈਨੂੰ ਪੂਰਾ ਪਤਾ ਸੀ ਕਿ ਇਹ ਕਮਰਾ ਤਾਂ ਵੱਡੇ ਕਮਰੇ ਦੇ ਨਾਲ਼ ਹੀ ਹੈ। ਇਹ ਵੀ ਪੂਰੀ ਸਮਝ ਸੀ ਕਿ ਇਸ ਅੱਡੇ ਦੀਆਂ ਦਵਾਰਾਂ ਪਤਲੇ ਅਸਾਰ ਦੀਆਂ ਹਨ, ਕਿਉਂਕਿ ਲਕੜ ਦੀਆਂ ਹੀ ਬਣਾਈਆਂ ਸਨ। ਇਸ ਲਈ ਜੋ ਵੀ ਮੈਂ ਕਿਹਾ ਸੀ ਸਰਾਂ ਵਿੱਚ ਉਸਨੇ ਸਭ ਸੁਣ ਲਿਆ ਸੀ। ਹਰ ਸ਼ਬਦ। ਹਰ ਸਖ਼ਤ ਨੁਕਤਾਚੀਨੀ। ਮੈਂ ਸ਼ਰਾਮਸਾਰ ਸਾਂ ਅਤੇ ਉਸ ਦੀਆਂ ਅੱਖਾਂ ਵਿੱਚ ਇੱਕ ਤਿੱਖੀਰ ਮੁਸਕੜੀ ਸੀ। ਫਿਰ ਵੀ ਮੈਂ ਤੇਜ਼ ਹਾਂ ਅਤੇ ਮੈਂ ਉਸੇ ਹੀ ਵਕਤ ਆਪਣੇ ਆਪ ਨੂੰ ਸੰਭਾਲ ਕੇ ਕਿਹਾ, - ਮੁਸਾਸ਼ੀ ਜੀ! ਮੈਂ ਤਾਂ ਤੁਹਾਨੂੰ ਇੱਥੇਂ...?-

- ਦੇਰ ਹੋ ਗਈ ਸੱਸਾਕੀ ਜੀ! ਖ਼ੁਸ਼ ਹਾਂ ਕਿ ਸਾਡੀ ਮੁਲਾਕਾਤ ਫਿਰ ਹੋਈ।-
- ਹਾਂ-, ਪਤਾ ਨਹੀਂ ਕਿਉਂ ਮੈਂ ਬੋਲ਼ਣ ਤੋਂ ਹਟ ਨਹੀਂ ਸਕਿਆ! ਹੁਣ ਵੀ ਉਹੀ ਬੋਲ਼ੀ ਗਿਆ, - ਮੈਂ ਕਹਿਣਾ ਚਾਹੁੰਦਾ ਸਾਂ ਕਿ ਜਦ ਦਾ ਆਖਰੀ ਵਾਰੀ ਸਾਡਾ ਸੰਜੋਗੀ ਮੇਲਾ ਹੋਇਆ ਸੀ, ਤਾਂ ਤੂੰ ਖੁਦ ਨੂੰ ਬਹੁਤ...ਆਪਣੀ ਤਮੀਜ..ਮਤਲਬ ਤੁਸੀਂ ਕਾਫ਼ੀ...ਮਸ਼ਹੂਰ ਅਤੇ ਮੁਮਤਾਜ਼ ਹੋ ਗਏ!-
- ਅੱਛਾ?-
- ਹਾਂ ਜੀ। ਲੈ ਜਦ ਆਖਰੀ ਬਾਰ ਤੁਹਾਨੂੰ ਲੜਦੇ ਦੇਖਿਆ, ਮੈਂ ਸੋਚਾ ਕਿ ਬੰਦਾ ਇੰਝ ਲੜ ਕਿਵੇਂ ਸਕਦਾ ਹੈ! ਸ਼ਾਬਾਸ਼ ਮੁਸਾਸ਼ੀ ਜੀ! ਇਨਸਾਨ ਤੁਹਾਡੇ ਵਾਂਗ ਇੱਦਾਂ ਲੜ ਕੇ ਵੀ ਸੁੱਖੀ ਸਾਂਦੀ ਹੋਵੇ?, ਕਮਾਲ ਦੀ ਗੱਲ ਏ!-
- ਹਾਂ- ਉਸਦੇ ਬੁੱਲ੍ਹਾਂ ਤੇ ਹਾਲੇ ਵੀ ਢੀਠਤਾ ਵਾਲ਼ੀ ਮੁਸਕਾਨ ਸੀ। ਤੇ ਉਸ ਨੇ ਸਿਰਫ਼ ਏਨਾ ਹੀ ਕਿਹਾ, - ਮਹਿਰਬਾਨੀ, ਅੱਛਾ ਤੁਸੀਂ ਉਸ ਦਿਨ ਮੇਰੀ ਲੜਾਈ ਦੇ ਗਵਾਹ ਸੈ। ਤੁਹਾਡੀ ਇਸ ਲਈ ਵੀ ਮਹਿਰਬਾਨੀ ਹੈ,

ਕਿ ਤੁਸੀਂ ਬਹੁਤ ਚੱਜ ਨਾਲ਼ ਉਸ ਲੜਾਈ ਦੀ ਸਮੀਖਿਆ ਦਿੱਤੀ ਇਸ ਪਿੰਡ ਦੇ ਲੋਕਾਂ ਨੂੰ! ਇਹ ਮੌਕਾ ਹਮੇਸ਼ਾ ਨਹੀਂ ਮਿਲਦਾ ਖ਼ੁਦ ਨੂੰ ਹੋਰਾਂ ਦੀਆਂ ਅੱਖੋਂ'ਚੋਂ ਵੇਖਣ ਦਾ ਤੇ ਮੈਂ ਕ੍ਰਿਤੱਗ ਹਾਂ ਤੁਹਾਡੀਆਂ ਟਿੱਪਣੀਆਂ ਲਈ। ਮੈਂ ਕਦੀ ਨਹੀਂ ਭੁਲਾਊਗਾ ਸੱਸਾਕੀ ਜੀ। ਤੁਹਾਡੇ ਬਾਰੇ ਵੀ ਬਹੁਤ ਸੁਣਿਆ ਐ। ਅੱਜ ਤੱਕ ਸਾਰੇ ਜਪਾਨ'ਚੋਂ ਕੋਈ ਨਹੀਂ ਤੁਹਾਡੀ ਤਲਵਾਰ ਨੂੰ ਜਵਾਬ ਦੇ ਸਕਿਆ। ਇਹ ਵੀ ਅਵਾਈ ਸਹੀ ਹੈ ਨਾ?-

- ਜੀ-

- ਜੀ।ਮੈਂ ਕਦੀ ਨਹੀਂ ਭੁਲਾਊਗਾ ਸੱਸਾਕੀ ਜੀ।-ਉਸਨੇ ਤਾਂ ਚੁੱਪ ਚਾਪ, ਸਹਿਜੇ ਹੀ ਇੰਝ ਕਿਹਾ, ਪਰ ਮੈਂ ਉਸੇ ਵੇਲੇ ਹੀ ਸਮਝ ਗਿਆ ਸੀ ਕਿ ਹੁਣ ਮੁਸਾਸ਼ੀ ਨੇ ਮੈਨੂੰ ਵੀ ਚੁਨੌਤੀ ਦੇ ਦਿੱਤੀ ਹੈ। ਸੱਚ ਸੀ ਕਿ ਮੈਂ ਵੀ ਆਕੜ ਵਾਲ਼ਾ ਸੀ ਅਤੇ ਮੁਸਾਸ਼ੀ ਵੀ। ਹੁਣ ਹਰ ਯੋਸ਼ੀਓਕਾ ਦਾ ਭਾਂਜ ਕਰ ਕੇ ਉਸ ਲਈ ਕੌਣ ਰਿਹਾ ਸਾਰੇ ਜਪਾਨ ਵਿੱਚ ਲੜਣ ਵਾਲ਼ਾ? ਤੇ ਮੈਨੂੰ ਵੀ ਸਾਫ਼ ਸਮਝ ਸੀ ਕਿ ਮੇਰੇ ਲਈ ਵੀ ਕੋਈ ਨਹੀਂ ਰਿਹਾ ਬੱਕਰਾ ਬੁਲਾਉਣ ਨੂੰ। ਇੱਕ ਦਿਨ ਤਾਂ ਇਹ ਹੋਣਾ ਹੀ ਸੀ। ਨਾਲ਼ੇ ਜੋ ਮੈਂ ਉਸ ਬਾਰੇ ਕਿਹਾ ਸੀ ਮੇਰੇ ਵੱਲੋਂ ਤਾਂ ਪੂਰਾ ਹੀ ਸੱਚ ਸੀ ਤੇ ਫਿਰ ਵੀ ਇੱਦਾਂ ਹੀ ਕਹੂੰਗਾ ਲੋਕਾਂ ਦੇ ਸਾਹਮਣੇ, ਹਾਂ ਉਸ ਦੇ ਸਾਹਮਣੇ। ਥੋੜ੍ਹੀ ਬਹੁਤੀ ਗੱਲ ਵੱਧਾ ਦਿੱਤੀ ਪਰ ਮੈਂ ਸੱਚ ਮੁੱਚ ਲੜਦੇ ਨੂੰ ਵੇਖਿਆ ਸੀ ਇਸ ਨੂੰ ਤੇ ਇਹੀ ਮੇਰਾ ਖਿਆਲ ਸੀ।

- ਮੈਂ ਵੀ ਖ਼ੁਸ਼ ਹਾਂ ਕਿ ਤੁਸੀਂ ਇੱਦਾਂ ਸੋਚਦੇ ਹੋਂ। ਮੈਂ ਵੀ ਚਾਹੁੰਦਾ ਤੁਹਾਨੂੰ ਜੋ ਮੈਂ ਕਿਹਾ ਉਸਦਾ ਕਦੀ ਨਾ ਚੇਤਾ ਭੁੱਲੇ। ਮੈਨੂੰ ਤਾਂ ਯਾਦ ਹੀ ਰਹਿਣਾ ਮੁਸਾਸ਼ੀ ਜੀ। ਯਾਦ ਹੀ ਰਹਿਣਾ-।

ਉਸ ਦਿਨ ਸਾਡੀ ਲੜਾਈ ਨਹੀਂ ਹੋਈ। ਪਰ ਹੌਲੀ ਹੌਲੀ ਉਹ ਰੋਨਿਨ ਮਸ਼ਹੂਰ ਹੋ ਗਿਆ ਅਤੇ ਮੈਂ ਵੀ ਮਸ਼ਹੂਰ ਹੋ ਗਿਆ। ਇਸ ਨਾਲ਼ ਜੋ ਪਹਿਲਾਂ ਪਹਿਲਾਂ ਸਾਡੇ ਵਿੱਚ ਸੀ ਉਸ ਬਾਰੇ ਲੋਕਾਂ ਵਿੱਚ ਗੱਲ ਉੱਡ ਗਈ। ਭਾਵੇਂ ਮੈਂ ਤੇ ਉਹ ਲੜਨਾ ਨਹੀਂ ਵੀ ਚਾਹੁੰਦੇ ਸੀ, ਪਰ ਲੋਕਾਂ ਨੇ ਤਾਂ ਸਾਡੀ ਆਪਸ ਵਿੱਚ ਤੁਲਨਾ ਕਰ ਦਿੱਤਾ ਸੀ।ਕਿ ਵੇਖੇ ਇਹਨਾਂ ਦੋਨਾਂ ਸਮੁਰਾਈਆਂ'ਚੋਂ ਕੌਣ ਜ਼ਿਆਦਾ ਤਕੜਾ ਹੈ?

ਪਰ ਹਰ ਮਹੀਨੇ ਮੈਂ ਆਪਣੇ ਆਪ ਨੂੰ ਉਨ੍ਹਾਂ ਲੋਕਾਂ ਵਿੱਚ ਹੀ ਘਿਰਿਆ ਪਾਇਆ ਜਿਹੜੇ ਉਸ ਗੁੰਡੇ ਦੀਆਂ ਸਿਫ਼ਤਾਂ ਕਰਦੇ ਸੀ! ਮੈਂ ਉਸ ਦਿਨ ਜੋ ਸਰਾਂ'ਚ ਕਿਹਾ ਸੀ ਹਰੇਕ ਨੂੰ ਕਹਿੰਦਾ ਰਿਹਾ। ਜਿੱਤਦਾ ਤਾਂ ਮੁਸਾਸ਼ੀ ਸੀ, ਪਰ ਤਲਵਾਰ ਦਾ ਮਾਲਕ ਮੇਰੇ ਵਰਗਾ ਵੀ ਕੋਈ ਨਹੀਂ ਸੀ! ਇੱਕ ਦਿਨ ਮੇਰੇ ਗੁਰਦੇਵ, ਤਦਾਤੋਸ਼ੀ ਨੇ ਮੈਨੂੰ ਵਗਾਂਰ ਕੇ ਕਿਹਾ ਕਿ ਤੈਨੂੰ ਉਸਦਾ ਮੁਕਾਬਲਾ ਕਰਨਾ ਹੀ ਪੈਣਾ, ਨਹੀਂ ਤਾਂ ਸਾਡੀ ਕੇਂਜਿਤੂ ਦੀ ਸ਼ੈਲੀ ਦਾ ਲੋਕ ਮੁਜ਼ਾਕ ਉਡਉਂਣਗੇ! ਮੈਂ ਫਿਰ ਉਸਨੂੰ ਸੰਦੇਸ਼ ਭੇਜ ਦਿੱਤਾ ਲੜਨ ਲਈ। ਸਾਡੀ ਆਖਰੀ ਮੁਲਾਕਾਤ ਤੋਂ ਬਾਅਦ ਮੁਸਾਸ਼ੀ ਕੀਓਤੋ ਹੀ ਪੁੱਜ ਗਿਆ ਸੀ। ਪਰ ਹੁਣ ਤਾਂ ਉਸਨੂੰ ਸੰਦੇਸ਼ ਭੇਜ ਦਿੱਤਾ ਸੀ। ਪਰ ਮੈਂ ਤਾਂ ਕਦੀ ਵੀ ਮਿਯਾਮੋਤੋ ਗਰਾਂ'ਚ ਉਸ ਨਾਲ਼ ਟੱਕਰਣ ਲਈ ਤਿਆਰ ਨਹੀਂ ਸੀ ਹੋਣਾ! ਨਾ ਹੀ ਕੀਓਤੋ, ਜਿੱਥੇਂ ਜਿਵੇਂ ਉਸ ਨੇ ਯੋਸ਼ੀਓਕਾ ਨਾਲ਼ ਕੀਤਾ, ਓਵੇਂ ਮੇਰੇ ਨਾਲ਼ ਵੀ ਕਰ ਸਕਦਾ ਸੀ। ਪਰ ਹੁਣ ਇਸ ਦਾ ਫੈਸਲਾ ਮੇਰੇ ਹੱਥਾਂ'ਚ ਨਹੀਂ ਸੀ। ਲੋਕਾਂ ਨੂੰ ਪਤਾ ਲੱਗ ਗਿਆ ਸੀ, ਕਿ ਅਸੀਂ ਉਸ ਦਿਨ ਹੀ ਇਸ਼ਾਰਾ ਕਰ ਦਿੱਤਾ ਸੀ ਲੜਨ ਦਾ ਇੱਕ ਦੂਜੇ ਨਾਲ਼ ਜਿਸ ਦਿਨ ਮੈਂ ਤੋੜ ਲਈ ਫ਼ਿਊਜ਼ ਟੋਲਦਾ ਸੀ। ਫੈਸਲਾ ਤਾਂ ਤਦਾਤੋਸ਼ੀ ਦੇ ਹੱਥ'ਚ ਵੀ ਨਹੀਂ ਸੀ ਹੁਣ; ਹਾਂ ਸਾਡੀ ਪੰਚਾਇਤ ਦੇ ਹੱਥ ਜ਼ਰੂਰ ਸੀ!

ਪਤਝੜ ਆਈ। ਪਤਝੜ ਗਈ। ਸਿਆਲ਼ ਆਇਆ। ਸਿਆਲ਼ ਗਿਆ। ਦਰਖਤਾਂ ਤੇ ਫੁੱਲ ਲੱਗੇ ਸਨ। ਫਿਰ ਪੰਚਾਇਤ ਨੂੰ ਮੁਸਾਸ਼ੀ ਤੋਂ ਜਵਾਬ ਮਿਲ ਗਿਆ। ਮੁਸਾਸ਼ੀ ਕੀਓਤੋ'ਚ ਉਡੀਕ ਦਾ ਸੀ, ਕਿ ਕਦੋਂ ਤੇ ਕਿੱਥੇਂ ਯੁੱਧ ਹੋਣਾ ਏ। ਫਿਰ ਪੰਚਾਇਤ ਨੇ ਮੇਰੇ ਘਰ ਕਾਕੂਬਈ ਭੇਜਿਆ, ਉਨ੍ਹਾਂ'ਚੋਂ ਇੱਕ ਵੱਡੇਰਾ।

ਮੈਂ ਗੋਡਿਆਂ ਭਾਰ ਬੈਠਾ ਸੀ, ਕਲਾਈ ਤੇ ਬਹਿਰੀ ਰੱਸੀ ਨਾਲ਼ ਦਸਤੇ ਤੇ ਬੰਨ੍ਹੀ ਸੀ।ਕਾਕੂਬਈ ਨੇ ਕੋਈ ਰੀਤ ਰਿਵਾਜ਼ ਨਹੀਂ ਕੀਤਾ, ਇੱਕ ਦਮ ਸਿੱਧਾ ਗੱਲ ਤੇ ਆ ਗਿਆ ਸੀ। ਉਸ ਨੇ ਮੈਨੂੰ ਨਾਮਾਵਲੀ ਪੜ੍ਹ ਕੇ ਸੁਣਾਈ।- ਕਈ ਥਾਵਾਂ ਬਾਰੇ ਅਸੀਂ ਸੋਚਿਆ। ਪਰ ਹਰ ਥਾਂ ਰੱਦ ਕਰ ਦਿੱਤੀ ਕਿਉਂਕਿ ਇਹ ਵੇਕਿਆ ਕਿ ਜ਼ਰੂਰੀ ਹੈ ਕਿ ਉੱਥੇਂ ਬਹੁਤੇ ਲੋਕ ਨਾ ਪਹੁੰਚ ਸਕਣ। ਖਾਸ ਬੰਦੇ ਹੀ ਗਵਾਹ ਹੋਣੇ ਚਾਹੀਦੇ ਹੈ। ਅਸੀਂ ਕੰਢੇ ਤੇ ਵੰਝਾਂ ਨੂੰ ਇੱਕ ਦੂਜੇ ਨਾਲ਼ ਬੰਨ੍ਹਕੇ ਵਾੜ ਗੱਡ ਸਕਦੈ ਪਰ ਫਿਰ

ਵੀ ਜ਼ਿਆਦਾ ਲੋਕ ਆ ਕੇ ਕੰਮ ਖਰਾਬ ਕਰ ਸਕਦੈ ਨੇ। ਪਰ ਜਨਤਾ ਵੀ ਚਾਹੀਦੀ ਗਵਾਹ ਹੋਣ ਲਈ, ਪਰ ਹਰ ਮੂਰਖ ਨੂੰ ਨਹੀਂ ਆਉਣ ਦੇਣਾ-।

ਮੈਂ ਬਹਿਰੀ ਦੀਆਂ ਅੱਖਾਂ ਵੱਲ ਧਿਆਨ ਕੀਤਾ, ਉਸ ਦੀ ਚੁੰਝ ਵੱਲ ਤੇ ਹੌਲੀ ਹੌਲੀ ਕਾਕੂਬਈ ਨੂੰ ਜਵਾਬ ਦਿੱਤਾ...-ਅੱਛਾ-। ਉਹ ਤਾਂ ਚਰਚਾ ਪੜ੍ਹ ਕੇ ਇਸ ਤੋਂ ਜ਼ਿਆਦਾ ਭਾਲਦਾ ਸੀ; ਤੇ ਹੁਣ ਉਸ ਦੀ ਨਜ਼ਰ ਨੀਵੀਂ ਹੋ ਗਈ। ਫਿਰ ਉਸ ਨੇ ਕਿਹਾ, - ਏਹ ਉਹ ਬਹਿਰੀ ਹੈ ਜਿਹੜੀ ਸਰਦਾਰ ਤਦਾਤੋਸ਼ੀ ਨੇ ਤੈਨੂੰ ਓਦੋਂ ਦਿੱਤੀ ਸੀ, ਜਦੋਂ ਪਤਝੜ'ਚ ਤੁਸੀਂ ਦੋਨੋਂ ਸ਼ਿਕਾਰ ਖੇਡਣ ਗਏ ਸੈ?-

- ਹਾਂ। ਇਸ ਦਾ ਨਾਂ ਅਮਾਈਮੀ ਹੈ-, ਮੈਂ ਰੱਸੀ ਖਿੱਚ ਕੇ ਇੱਕ ਨੇੜਲੇ ਸੇਵਕ ਦੇ ਦਸਤੇ ਤੇ ਅਮਾਈਮੀ ਨੂੰ ਧਰ ਦਿੱਤਾ।- ਹਰ ਰੋਜ਼ ਇਸ ਨਾਲ਼ ਪਿਆਰ ਵਧਿਆ ਹੈ। ਪਿੰਜਰੇ'ਚ ਤਾੜਦੇ ਦੇ। ਚਾਹ ਆ ਰਹੀ ਹੈ। ਰੀਤ ਤਾਂ ਨਿਭ੍ਹਾਉਂਣੂ ਚਾਹੀਦੀ ਹੈ ਗੱਲਾਂ ਬਾਤਾਂ ਕਰਨ ਤੋਂ ਪਹਿਲਾਂ, ਕਿ ਨ੍ਹੀਂ ਕਾਕੂਬਈਆ?-

- ਠੀਕ। ਜਿੱਦਾਂ ਮੈਂ ਤੈਨੂੰ ਦੱਸ ਦਿੱਤਾ, ਕਿ ਪੰਚਾਇਤ ਨੇ ਤਾਂ ਫ਼ੈਸਲਾ ਕਰ ਲਿਆ।ਤਦਾਤੋਸ਼ੀ ਦੇ ਸਾਮੰਤਦਾਰੀ ਦੇ ਵਿੱਚ ਹੀ ਤੁਸੀਂ ਦੋਨਾਂ ਨੇ ਲੜਨਾ। ਜਪਾਨ ਨੂੰ ਪਤਾ ਲੱਗੇ ਕਿ ਤੂੰ ਹੀ ਉੱਤਮ ਹੈ ਅਤੇ ਮੁਸਾਸ਼ੀ ਤਾਂ ਦੋਮ ਹੈ। ਨਾਲੇ ਸਾਡੇ ਸਮੁਰਾਈ ਬਿਹਤਰੀਨ ਨੇ। ਸੋ ਇਸ ਇਲਾਕੇ'ਚ ਲੜਾਈ ਹੋਵੇਗੀ। ਗਵਾਹ ਵੀ ਜ਼ਰੂਰੀ ਚਾਹੀਦੇ, ਪਰ ਹਰ ਆਮ ਪੈਂਡੂ ਨ੍ਹੀਂ। ਇਸ ਲਈ ਜਜ਼ੀਰਾ ਤੇ ਲੜਨਾ ਚਾਹੀਦਾ। ਮੁਕਾਬਲਾ ਫੁਨਾਸ਼ੀਮਾ ਤੇ ਹੋਣਾ ਚਾਹੀਦਾ। ਬਹੁਤ ਛੋਤਾ ਟਾਪੂ ਹੈ-।

ਮੈਂ ਸੋਚ ਕੇ ਉਸ ਨੂੰ ਕਿਹਾ, - ਮੁਸਾਸ਼ੀ ਦੇ ਪੁੱਜਣ ਤੋਂ ਪਹਿਲਾਂ ਧਰਤੀ ਨਾਲ਼ ਮੇਲ਼ ਜੋਲ਼ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਪਤਾ ਲੱਗ ਜਾਂਦਾ ਕਿ ਮੁਕਾਬਲਾ ਕਿਸ ਦੇ ਹੱਕ'ਚ ਜਾਵੇਗਾ, ਹੈ ਨਾ ਕਾਕੂਬਈਆ? ਸੂਰਜ ਕਿੱਥੇ ਹੈ, ਧਰਤੀ ਕਿੰਝ ਹੈ ਅਤੇ ਕਿੰਨ੍ਹੇ ਕੁ ਸੈਂਡਲ ਵੀ ਕੱਸਣੇ। ਮੈਂ ਫੁਨਾਸ਼ੀਮਾ ਨੂੰ ਨਹੀਂ ਜਾਣਦਾ। ਮੈਂ ਕੱਲਾ ਨ੍ਹੀਂ ਇੰਝ ਸੋਚਦਾ। ਉਹ ਵੀ ਇੱਦਾਂ ਹੀ ਸੋਚਦਾ ਹੋਵੇਗਾ। ਸਮਝਦਾਂ ਏ?-

- ਫਿਰ ਕਿਸ ਜਜ਼ੀਰੇ ਤੇ?-

- ਜਿੱਥੇਂ ਮੈਂ ਪਲਿਆਂ ਅਤੇ ਚੰਗੀ ਤਰ੍ਹਾਂ ਜਾਣਦਾ...ਗਣਰੂ ਬਾਰੇ! ਮੈਂ ਤਾਂ ਗਣਰੂਵਾਲ਼ਾ ਹੀ ਹਾਂ!- ਚਾਹ ਆ ਗਈ ਸੀ ਅਤੇ ਅਸੀਂ ਦੋਨਾਂ ਨੇ ਪੀ ਲਈ। ਪੰਚਾਇਤ ਮੇਰੇ ਖਿਆਲ ਨਾਲ਼ ਖ਼ੁਸ਼ ਸੀ, ਤਦਾਤੋਸ਼ੀ ਵੀ ਖ਼ੁਸ਼ ਸੀ। ਮੈਂ ਉਸ ਤੋਂ ਬਾਅਦ ਹਰ ਦਿਨ ਬਾਹਰ ਗਿਆ ਅਮਾਈਮੀ ਨਾਲ਼। ਮੈਂ ਨਹੀਂ ਚਾਹੁੰਦਾ ਸੀ ਕਿ ਘਰ ਬੈਠਾ ਰ੍ਹਵਾਂ। ਲੋਕਾਂ ਨੇ ਤਾਂ ਇਹੀ ਸੋਚਣ ਲੱਗ ਜਾਣਾ ਹੈ ਕਿ ਮੈਂ ਉਸ ਮੁਸਾਸ਼ੀ ਤੋਂ ਡਰਦਾ ਹਾਂ। ਰੋਜ਼ ਅਮਾਈਮੀ ਦੀ ਉਡਾਈ ਵੇਖ ਕੇ ਸ਼ਿਕਾਰ ਬਾਰੇ ਕੁੱਝ ਨਵਾਂ ਸਿੱਖਣ ਨੂੰ ਮਿਲਦਾ ਸੀ ਮੈਨੂੰ। ਇੰਝ ਹੀ ਮੈਂ ਆਵਦੀ ਤਲਵਾਰ ਚਲਾਉਣੀ ਸਿੱਖ ਗਿਆ।

ਫਿਰ ਮੁਸਾਸ਼ੀ ਉਸੇ ਹੀ ਸਰਾਂ ਪੁੱਜ ਗਿਆ ਜਿੱਥੇਂ ਉਸ ਰਾਤ ਅਸੀਂ ਮਿਲੇ ਸੀ। ਉਸ ਨੂੰ ਆਮੰਤਰਨ ਦਿੱਤਾ ਮੇਰੇ ਘਰ ਆ ਕੇ ਚਾਹ ਪੀਣ ਦਾ। ਉਸਨੇ ਇਨਕਾਰ ਕਰ ਦਿੱਤਾ। ਉਸ ਨੂੰ ਸਾਮੰਤ, ਸਰਦਾਰ ਤਦਾਤੋਸ਼ੀ ਨੇ ਵੀ ਨਿਓਂਦਾ ਘੱਲਿਆ। ਪਰ ਆਇਆ ਨਹੀਂ। ਸਿਰਫ਼ ਤਾਰੀਕ ਮੰਗੀ ਇੱਕ ਪੱਤਰ ਤੇ। ਕਿਉਂਕਿ ਸਾਡਾ ਹੱਕ ਸੀ ਮੁਕਾਬਲਾ ਕਿੱਥੇਂ ਹੋਵੇਗਾ, ਉਸਦਾ ਹੱਕ ਸਹੀ ਕਦ ਹੋਵੇਗਾ, ਮਤਲਬ ਕਿਸ ਵਕਤ।

ਹਰ ਰਾਤ ਉਹ ਉਸ ਹੀ ਅੱਡੇ ਵਿੱਚ ਮੈਂ ਸੁਣਿਆ ਸਾਕੀ ਪੀ ਪੀ ਕੇ ਖ਼ੁਸ਼ ਹੁੰਦਾ ਸੀ। ਲੋਕਾਂ ਨਾਲ਼ ਹੱਸਦਾ ਖੇਡਦਾ ਸੀ! ਮੈਂ ਹਰ ਦਿਨ ਆਪਣੀ ਗਤਕੇਬਾਜ਼ੀ ਤੇ ਧਿਆਨ ਦਿੰਦਾ ਸੀ। ਫਿਰ ਉਸ ਨੇ ਸੰਦੇਸ਼ ਭੇਜਿਆ ਜਿਸ ਵਿੱਚ ਉਸਨੇ ਵਕਤ ਦਾ ਉਹ ਘੰਟਾ ਲਿੱਖ ਦਿੱਤਾ ਸੀ ਜਿਸ'ਚ ਲੜਨਾ ਸੀ। ਉਸਨੇ ਪਰਚੇ ਤੇ ਲਿੱਖਿਆ ਸੀ - ਠੀਕ ਤਾਰਿਆਂ ਦੀ ਛਾਵੇਂ। ਪਹੁ ਫੁੱਟਣ ਤੋਂ ਪਹਿਲਾਂ-। ਇਹ ਕੀ ਚਾਲ ਸੀ ਉਸਦੀ? ਉਸ ਘੁਸਮੁਸੇ'ਚ ਕੀ ਫਾਇਦਾ? ਸੂਰਜ ਤਾਂ ਅੰਬਰ'ਚ ਚੜ੍ਹਿਆ ਨ੍ਹੀਂ ਹੋਵੇਗਾ? ਇਹ ਕੀ ਚਾਲ ਉਸਦੀ? ਜੇ ਹੋਰ ਕੁੱਝ ਨਹੀਂ ਮੈਨੂੰ ਪਤਾ ਸੀ, ਇੰਨ੍ਹਾਂ ਤਾਂ ਪਤਾ ਹੀ ਸੀ ਕਿ ਉਸਨੇ ਕੋਈ ਨਾ ਕੋਈ ਚਾਲ ਖੇਡਣੀ ਹੈ!

ਮੇਰੇ ਹਿਸਾਬ ਨਾਲ ਉਸਨੂੰ ਹਨੇਰੇ'ਚ ਲੜਣ ਦਾ ਕੋਈ ਫਾਇਦਾ ਨਹੀਂ ਸੀ। ਕਾਸ਼! ਕੀ ਕਰਦਾ ਸੀ? ਜਦੋਂ ਪੰਚਾਇਤ ਨੂੰ ਮਨਜ਼ੂਰ ਸੀ ਅਤੇ ਉਨ੍ਹਾਂ ਨੇ ਤਿਆਰੀਆਂ ਕਰ ਲਈਆਂ ਗਵਾਹਾਂ ਨੂੰ ਵਕਤ ਤੋਂ ਪਹਿਲਾਂ ਹੀ ਉੱਥੇਂ ਲਿਆਉਣ ਵਾਸਤੇ। ਮੈਂ ਵੀ ਤਿਆਰ ਹੋ ਗਿਆ ਸੀ। ਮੈਂ ਉਸ ਨੂੰ ਜਾਣਦਾ ਸੀ। ਬੱਸ ਹੋਰ ਕੁੱਝ ਨਹੀਂ ਸਹੀ ਵਕਤ ਨਹੀਂ ਪੁੱਜਣਾ! ਹਾਂ! ਉਸ ਨੇ ਉਸ਼ੇਰ ਸਾਰ ਆਉਣਾ, ਸੋ ਓਦੋਂ ਸੂਰਜ ਹਾਲ਼ੇ ਨੀਵਾਂ ਹੀ ਹੋਵੇਗਾ! ਤੇ ਜਵਾਰ ਭਾਟੇ ਨੇ ਪਾਣੀ ਨੂੰ ਥੋੜ੍ਹਾਂ ਜਿਹਾ ਗਿੱਲੇ ਰੇਤ ਤੇ ਧਕ ਸੁੱਟਣਾ

ਹੈ। ਬੱਸ ਧਰਤੀ ਗਿੱਲੀ ਹੋਵੇਗੀ ਅਤੇ ਉਸਨੇ ਇਸ ਵੇਲਾ ਤਾਂ ਹੀ ਚੁਣਿਆ ਕਿਉਂਕਿ ਸਵੇਰੇ ਉੱਠ ਕੇ ਲੋਕ ਰਾਜ਼ੀ ਨਹੀਂ ਅਤੇ ਰਾਤ ਤੋਂ ਹੰਭੇ ਹੁਟੇ ਹੋਂਣਗੇ। ਬੱਸ ਇਹ ਹੀ ਉਸ ਦੀ ਚਾਲ ਏ! ਠੀਕ ਜੇ ਉਹ ਹਰ ਰਾਤ ਤਰੀਕ ਤੋਂ ਪਹਿਲਾਂ ਸ਼ਰਾਬ ਪੀਣਾ ਚਾਹੁੰਦਾ ਹੈ ਤਾਂ  ਉਸਦੀ ਮਰਜ਼ੀ ਹੈ! ਮੈਂ ਤਾ ਵੇਲੇ ਸਿਰ ਸੌਂ ਜਾਣਾ!

- ਮੁਸਾਸ਼ੀ ਲਈ ਹੋਰ ਕੋਈ ਨਹੀਂ ਰਿਹਾ ਜਪਾਨ'ਚ ਮੁਲਾਬਲਾ ਕਰਨ ਵਾਲ਼ਾ। ਮੇਰੇ ਲਈ ਵੀ ਉਸ ਤੋਂ ਛੁੱਟ ਕੋਈ ਨਹੀਂ ਰਿਹਾ ਮੁਕਾਬਲਾ ਕਰਨ ਲਈ। ਉਸੇ ਦਿਨ ਦੇ ਸ਼ਬਦ ਯਾਦ ਆ ਗਏ ਮੈਨੂੰ। -ਮੈਂ ਵੀ ਖ਼ੁਸ਼ ਹਾਂ ਕਿ ਤੁਸੀਂ ਇੱਦਾਂ ਸੋਚਦੇ ਹੋਂ। ਮੈਂ ਵੀ ਚਾਹੁੰਦਾ ਹਾਂ ਕਿ ਤੁਹਾਨੂੰ ਜੋ ਮੈਂ ਕਿਹਾ ਉਸਦਾ ਕਦੀ ਨਾ ਚੇਤਾ ਭੁੱਲੇ। ਮੈਨੂੰ ਤਾਂ ਯਾਦ ਹੀ ਰਹਿਣਾ ਮੁਸਾਸ਼ੀ ਜੀ। ਯਾਦ ਹੀ ਰਹਿਣਾ-। ਮੈਂ ਨੀਹੋਨ ਦਾ ਸਭ ਤੋਂ ਆਦਰਸ਼ਕ ਸਮੁਰਾਈ ਹਾਂ! ਸਮੁਰਾਈ ਦੀਆਂ ਜਾਤਾਂ'ਚੋਂ ਸਭ ਤੋਂ ਉੱਚੀ ਖਤਰੀ ਜਾਤ ਦਾ ਜੋਧਾ! ਹਾਲੇ ਤੱਕ ਜਪਾਨ'ਚ ਕੋਈ ਨਹੀਂ ਜੰਮਿਆ ਜੋ ਮੇਰਾ ਮੁਕਾਬਲਾ ਕਰ ਸਕੇ! ਮੇਰਾ ਨਾਂ ਹੈ ਡਰ! ਮੇਰਾ ਨਾਂ ਹੈ ਸਨਮਾਨ! ਮੇਰਾ ਨਾਂ ਹੈ ਸੱਸਾਕੀ ਕੋਜਿਰੋ! ਮਿਯਾਮੋਤੋ ਮੁਸਾਸ਼ੀ ਕੀ ਐ? ਕੁੱਝ ਵੀ ਨਹੀਂ ਹੈ!

# ਰਾਹੀ

੨੦੧੪

侍

ਮੈਂ ਆਪਣੇ ਪਾਸਪੋਰਟ ਵੱਲ ਝਾਤੀ ਮਾਰੀ। ਹਵਾਈ ਅੱਡੇ ਤੇ, ਖਾਸ ਦਿੱਲੀ ਏਅਰਪੋਰਟ, ਦੇ ਆਵਾਸਦਾਰ ਨੇ ਚੈੱਕ ਕਰਕੇ ਜਦ ਮੈਨੂੰ ਵਾਪਸ ਪਾਸਪੋਰਟ ਦਿੱਤਾ, ਮੇਰੀਆਂ ਅੱਖਾਂ ਵੀ ਪਲ ਭਰ ਲਈ ਉਸ ਪਾਸਪੋਰਟ ਤੇ ਟਿਕ ਗਈਆਂ। ਤੇ ਮੇਰਾ ਮੁਖੜਾ ਬਹੁਤ ਗੰਭੀਰ ਜਾਪਦਾ ਸੀ ਕਿਉਂਕਿ ਹੁਣ ਹਵਾਈ ਅੱਡਿਆਂ'ਚ ਕਾਇਦਾ ਹੈ, ਕਿ ਕੋਈ ਪਾਸਪੋਰਟ ਤੇ ਆਪਣੇ ਮੂੰਹ ਤੇ ਸੰਵੇਦਨ ਨਹੀਂ ਦਿਖਾ ਸਕਦਾ। ਇਸ ਦਾ ਕਾਰਨ ਹੈ ਕਿ ਹਕੂਮਤ ਉਗਰਵਾਦੀ ਨੂੰ ਸੌਖੀ ਤਰ੍ਹਾਂ ਪਛਾਣ ਸਕਦੀ ਹੈ। ਮੇਰਾ ਜਪਾਨੀ ਚੇਹਰਾ ਤਾਂ ਬਹੁਤ ਹੀ ਪੀਡਾ ਲੱਗ ਰਿਹਾ ਹੈ! ਤਸਵੀਰ ਦੇ ਇੱਕ ਪਾਸੇ ਮੇਰੇ ਬਾਰੇ ਸਾਰੇ ਲਾਜ਼ਮੀ ਤਫਸੀਲ ਲਿੱਖੇ ਹੋਏ ਹੈ।

ਮੇਰਾ ਨਾਂ: ਅਰਾਤਾ ਓਗੁਰੀ

ਜਨਮ ਦੀ ਥਾਂ: ਟੋਕੀਓ

ਮੁਲਕ: ਜਪਾਨ

ਉਮਰ: ਪੰਜਤਾਲੀ

ਹੋਰ ਵੀ ਲਾਜ਼ਮੀ ਵੇਰਵੇ ਹਨ। ਬੱਸ ਇੱਕ ਇਹ ਨਹੀਂ ਲਿਖਿਆ ਕਿ ਮੈਂ ਅੱਜ ਦਿੱਲੀ ਕਿਸ ਕੰਮ ਲਈ ਆਇਆ। ਇਸ ਬਾਰੇ ਤਾਂ ਮੈਂ ਵੀ ਦੱਸ ਸਕਦਾ, ਕਿ ਮੈਂ ਇੰਡੀਆ ਕਾਰਖਾਨੇਦਾਰੀ ਲਈ ਆਇਆ ਹਾਂ। ਕਿਉਂਕਿ ਹੁਣ ਸਭ ਨੂੰ ਪਤਾ ਹੈ ਤੇ ਦੱਸਿਆ ਗਿਆ ਕਿ ਇੰਡੀਆ ਨਵੀ ਮੰਡੀ ਹੈ ਬਿੱਗ ਬਿਜ਼ਨਿਸ ਲਈ। ਇਸ ਲਈ ਮੇਰੀ ਕੰਪਣੀ ਨੇ ਇੱਥੇਂ ਮੈਨੂੰ ਇੱਥੇ ਭੇਜਿਆ ਹੈ। ਕਿ ਮੈਂ ਵੀ ਤਫਤੀਸ਼ ਕਰਨੀ ਹੈ ਇਸ ਦੇਸ਼ ਦੀ।

ਆਵਾਸਦਾਰ ਮੇਰੇ ਵੱਲ ਮੁਸਕਰਾ ਕੇ ਮੈਨੂੰ ਇਸ਼ਾਰਾ ਕਰ ਦਿੰਦਾ ਹੈ ਅੱਗੇ ਜਾਣ ਲਈ। ਮੈਂ ਇੱਕ ਗੱਲ ਦੇਖੀ, ਕਿ ਜਿੰਨ੍ਹਾਂ ਵੀ ਇਸੇ ਦੇਸ਼ ਦੇ ਵਾਸੀ ਮੈਂਥੋਂ ਪਹਿਲਾਂ ਲੰਘੇ ਉਨ੍ਹਾਂ ਨੂੰ ਤਾਂ ਕਿਸੇ ਤੋਂ ਕੋਈ ਮੁਸਕਾਨ ਨਹੀਂ ਮਿੱਲੀ। ਲੱਗਦਾ ਸਿਰਫ਼ ਮੇਰੇ ਵਰਗੇ ਵਿਦੇਸ਼ੀ ਲਈ ਇਹ ਸਤਕਾਰ ਲਾਜ਼ਮੀ ਰੱਖਿਆ ਗਿਆ ਹੈ। ਇਹ ਕਿਸ ਤਰ੍ਹਾਂ ਦੇ ਲੋਕ ਨੇ ਜੋ ਆਪਣੇ ਲੋਕਾਂ ਤੋਂ ਜ਼ਿਆਦਾ ਗੈਰ ਮੁਲਕੀ ਨੂੰ ਵੱਧ ਇੱਜ਼ਤ ਦਿੰਦੇ ਨੇ? ਮੇਰਾ ਪਹਿਲਾਂ ਖਿਆਲ ਇੰਨ੍ਹਾਂ ਬਾਰੇ ਇਹ ਹੈ ਕਿ ਇੰਨ੍ਹਾਂ ਦੀ ਆਪਣੇ ਵਿੱਚ ਕੋਈ ਅਣਖ ਨਹੀਂ ਹੈ। ਮੈਂ ਇਹ ਵੀ ਦੇਖਿਆ ਕੇ ਇੱਕ ਰਾਹੀ ਜਿਹੜਾ ਮੈਨੂੰ ਭਾਰਤੀ ਬੰਦਾ ਲੱਗਦਾ ਸੀ ਤੋਂ ਵੀ ਪੈਸੇ ਲੈਏ ਸੀ ਉਸ ਹੀ ਆਵਾਸਦਾਰ ਨੇ, ਉਸ ਬੰਦੇ ਨੂੰ ਦੁਆਰ'ਚੋਂ ਲੰਘਾਉਣ ਖਾਤਰ! ਅੱਛਾ! ਕੁੱਝ ਕੁੱਝ ਤਾਂ ਇਸ ਦੇਸ ਬਾਰੇ ਹੁਣੇ ਹੀ ਸਮਝ ਗਿਆ! ਭਾਰਤੀ ਅਸੂਲ ਜਪਾਨੀ ਅਸੂਲਾਂ ਤੋਂ ਕਾਫ਼ੀ ਅੱਲਗ ਨੇ! ਮੈਂ ਇਹ ਨਹੀਂ ਕਹਿ ਰਿਹਾ ਸਾਡੇ ਵਤਨ'ਚ ਇੰਝ ਨਹੀਂ ਹੁੰਦਾ ਹੈ, ਪਰ ਹੁੰਦਾ ਆਮ ਬੰਦੇ ਨਾਲ਼? ਉਹ ਵੀ ਸਿੱਧਾ ਸਭ ਦੇ ਸਾਹਮਣੇ? ਮੈਂ ਸੋਚਦਾਂ ਇੱਥੋਂ ਕਿਵੇਂ ਬਿਜ਼ਨਿਸ ਕਰੂੰਗਾ ਮੈਂ। ਖੈਰ ਆਵਾਸਖਾਨਾ ਲੰਘ ਕੇ ਜਦ ਗੇਟ ਤੋਂ ਬਾਹਰ ਆਇਆ ਤਾਂ ਇੱਕ ਗੱਡੀਚਾਲਕ ਮੈਨੂੰ ਉਡੀਕ ਰਿਹਾ ਏ। ਉਸਦੇ ਹੱਥ ਵਿੱਚ ਉੱਚਾ ਕੀਤਾ ਹੋਇਆ ਇਸ਼ਤਿਹਾਰ ਹੈ ਜਿਸ ਤੇ ਅੰਗ੍ਰੇਜ਼ੀ ਵਿੱਚ ਮੇਰਾ ਨਾਂ, ਅਰਾਤਾ ਓਗੁਰੀ, ਗਲਤ ਤਰ੍ਹਾਂ ਲਿਖਿਆ ਹੋਇਆ ਹੈ। ਥੋੜ੍ਹੀ ਜਿਹੀ ਖਿੱਝ ਆਉਂਦੀ ਹੈ ਮੈਨੂੰ ਕਿ ਇਹ ਲੋਕ ਇੰਗਲਿਸ਼ ਵਿੱਚ ਲਿੱਖ ਸਕਦੇ ਨੇ, ਪਰ ਮੇਰੀ ਜ਼ਬਾਨ'ਚ ਕਿਉਂ ਨਹੀਂ ਲਿੱਖ ਸਕਦੇ? ਸਾਡੇ ਮੁਲਕ'ਚ ਤਾਂ ਹਰ ਚੀਜ਼ ਆਪਣੀ ਭਾਸ਼ਾ'ਚ ਹੀ ਲਿਖੀ ਹੁੰਦੀ ਹੈ। ਇੰਨ੍ਹਾਂ ਲੋਕਾਂ ਨੇ ਤਾਂ ਹਾਲੇ ਤੱਕ ਵੀ ਗੋਰਿਆਂ ਦੀ ਬੋਲੀ ਨਹੀਂ ਛੱਡੀ!

ਮੈਂ ਉਸ ਨੂੰ ਇਸ਼ਾਰਾ ਕਰਦਾ ਹਾਂ ਕਿ ਮੈਂ ਹੀ ਮਿਸਟਰ ਓਗੁਰੀ ਹਾਂ।ਹੁਣ ਮੈਂ ਉਸ ਦੇ ਮਗਰ ਗੱਡੀ ਵਿੱਚ ਬਹਿ ਜਾਂਦਾ ਹਾਂ। ਇਸ ਤੋਂ ਪਹਿਲਾਂ ਜਿਵੇਂ ਚਿੜ ਦੀਆਂ ਮੱਖੀਆਂ ਹੁੰਦੀਆਂ, ਚਾਰ ਪੰਜ ਲਾਲ ਵਰਦੀਆਂ'ਚ ਕੁਲੀ ਮੈਥੋਂ ਮੇਰਾ ਸੂਟਕੇਸ ਨੂੰ ਖੋਹਣ ਦੀ ਕੋਸ਼ਿਸ਼ ਕਰਦੇ ਹੈ! ਮੈਂ ਵੇਖ ਹਟਿਆ ਕਿ ਕਿਵੇਂ ਇਹ ਲਾਪਰਵਾਹੀ ਨਾਲ਼ ਲੋਕਾਂ ਦੇ ਸੂਟਕੇਸ ਸੁੱਟ ਦੇ ਨੇ ਅਤੇ ਉਜਾੜਦੇ ਨੇ। ਇੱਥੇਂ ਤਾਂ ਕੋਈ ਸਿਸਟਮ ਨਹੀਂ ਲੱਗਦਾ। ਮੈਂ ਜਹਾਜ਼ ਤੇ ਇੱਕ ਰਿਸਾਲੇ'ਚ ਪੜ੍ਹਿਆ ਸੀ ਕਿ ਇਸ ਦੇਸ ਦੇ ਕੇਵਲ ਚਾਲ੍ਹੀ ਪ੍ਰਤਿਸ਼ਤ ਹੀ ਆਮਦਨ ਕਰ ਦਿੰਦੇ ਨੇ।ਮੈਂ ਸੋਚਦਾ, ਫਿਰ ਮੁਲਕ ਕਿਵੇਂ ਚਲਦਾ? ਸਾਡੇ ਦੇਸ'ਚ ਤਾਂ ਕਰ ਦਿੱਤੇ ਬਿਨ੍ਹਾਂ ਮੁਲਕ ਨਹੀਂ ਚਲ ਸਕਦਾ, ਕਰ ਦਿੱਤੇ ਬਿਨ੍ਹਾਂ ਸਰਵਿਸ ਕਿਵੇਂ ਮਕਤ ਲਈ ਮਿਲ ਸਕਦੀ ਹੈ? ਸੜਕਾਂ ਆਦਿ ਕਿਵੇਂ ਸੁਆਰਦੇ ਨੇ? ਬਈ ਹੱਦ ਦੀ ਗੱਲ ਹੈ! ਖੈਰ ਮੇਰਾ ਸੂਟਕੇਸ ਹੁਣ ਗੱਡੀ ਦੀ ਡਿੱਗੀ ਵਿੱਚ ਹੈ ਅਤੇ ਮੇਰਾ ਗੁਥਲਾ ਮੇਰੇ ਕੋਲ ਸੀਟ ਤੇ ਪਿਆ ਹੈ, ਜਿਸਦੀ ਜ਼ਿਪ ਖੁਲ੍ਹੀ ਹੈ , ਤੇ ਜੋ ਇੰਝ ਲੱਗ ਰਿਹਾ ਜਿਵੇਂ ਕਿਸੇ ਦਾ ਵਿੰਗਾ ਟੇਢਾ ਮੂੰਹ ਅੱਡਿਆ ਹੁੰਦਾ ਏ! ਇਸ ਮੂੰਹ ਵਿੱਚੋਂ ਇੱਕ ਨਾਵਲ ਮੇਰੇ ਵੱਲ ਝਾਕ ਰਿਹਾ ਹੈ…ਮੁਸਾਸ਼ੀ ਜਿਸ ਦਾ ਲਿਖਾਰੀ ਈਜੀ ਯੋਸ਼ੀਕਵਾ ਹੈ। ਉਸਦੇ ਕਵਰ ਤੋਂ ਮੁਸਾਸ਼ੀ ਦੀ ਤਸਵੀਰ ਮੇਰੇ ਵੱਲ ਦੇਖ ਰਹੀ ਹੈ, ਇੱਕ ਇੱਕ ਹੱਥ'ਚ ਕੱਤਾਨਾਂ ਫੜ੍ਹੀਆਂ ਹੈ। ਮੈਂ ਇਸ ਕਿਤਾਬ ਨੂੰ ਵੀ ਜਹਾਜ਼ ਵਿੱਚ ਬੈਠਾ ਪੜ੍ਹਦਾ ਆਇਆ ਹਾਂ ਅਤੇ ਹੁਣ ਅੱਧ ਤੱਕ ਪਹੁੰਚ ਗਿਆ ਹਾਂ। ਇਸ ਤੋਂ ਇਲਾਵਾਂ ਮੇਰੀ ਰੀਪੋਰਟ ਦੀ ਫਾਈਲ ਅਤੇ ਛੰਦਫੱਟੀ (ਲੈਪਟੋਪ) ਹੀ ਨੇ। ਦਿਨ ਚੜ੍ਹ ਗਿਆ ਏ ਅਤੇ ਮੈਂ ਟੈਕਸੀ ਦੀ ਬਾਰੀ'ਚੋਂ ਬਾਹਰ ਇੰਡੀਆ ਨੂੰ ਧਿਆਨ ਨਾਲ਼ ਦੇਖਦਾ ਹਾਂ। ਸੜਕਾਂ ਤਕਰੀਬਨ

ਖਾਲੀ ਹੀ ਨੇ। ਕਿਤੇ'ਕਿਤੇ ਕਿਸੇ ਦੀ ਜੂਸ ਮੰਡੀ ਜਾਂ ਸਬਜ਼ੀ ਮੰਡੀ ਸੈਟ ਆਪ ਕੀਤੀ ਹੈ। ਬੰਦੇ ਇੱਧਰ ਉੱਧਰ ਤੁਰ ਫਿਰ ਰਹੇ ਨੇ ਆਪਸੀ ਗੱਲਾਂ'ਚ ਰੁੱਝੇ। ਇੱਕ ਦਮ ਮੈਨੂੰ ਮਹਿਸੂਸ ਨਹੀਂ ਹੁੰਦਾ ਪਰ ਹੌਲੀ ਹੌਲੀ ਸੁਝਦਾ ਹੈ ਕਿ ਸਿਰਫ਼ ਮਰਦ ਹੀ ਤੁਰਦੇ ਫਿਦਰੇ ਨੇ! ਇਹ ਕੀ ਗੱਲ, ਕੋਈ ਜ਼ਨਾਨੀ ਨਹੀਂ ਦਿਸ ਰਹੀ ਇਸ ਮੁਲਕ'ਚ!

ਸਾਡੇ ਜਪਾਨ ਵਰਗਾ ਮੁਲਕ ਨਹੀਂ ਹੈ। ਯੂਰਪਾ ਵਰਗਾ ਵੀ ਨਹੀਂ ਹੈ ਇਹ ਭਾਰਤ। ਜ਼ਿਆਦਾ ਸੜਕਾਂ ਕੱਚੀਆ ਨੇ, ਅਤੇ ਲੋਕ ਅੱਧੇ ਨੰਗੇ ਹੀ ਤੁਰ ਫਿਰਦੇ ਨੇ। ਸੜਕਾਂ ਤੇ, ਸਾਰਿਆਂ ਦੇ ਸਾਹਮਣੇ, ਬਿਨ੍ਹਾਂ ਸ਼ਰਮ ਕੀਤਿਆਂ ਹੀ ਆਦਮੀ ਸ਼ਰ੍ਹਲਾ ਛੱਡ ਰਹੇ ਨੇ। ਕਈ ਵਾਰੀ ਗਲਤ ਪਾਸੇ ਗੱਡੀਆਂ ਚੱਲਦੀਆਂ ਦੇਖਦਾਂ ਹਾਂ। ਇੱਕ ਥਾਈਂ ਪੁਲਸੀਆ ਖੜ੍ਹਾ ਸੀ ਜਿਸ ਦੇ ਸਾਹਮਣੇ ਇੱਕ ਵਿਚਾਰੇ ਮੁੰਡੇ ਤੇ ਪਤਾ ਨਹੀਂ ਕਿਉਂ, ਦੋ ਹੋਰ ਬੰਦੇ ਉਸਦੀ ਕੁੱਟਮਾਰ ਕਰਕੇ ਉਸਦੀ ਪੱਗੜੀ ਨੂੰ ਢਾਉਂਣ ਲੱਗ ਪਏ। ਸਾਡੇ ਦੇਸ਼'ਚ ਤਾਂ ਪੁਲਸ ਨੇ ਉਸ ਮੁੰਡੇ ਨੂੰ ਬਚਾਕੇ ਉਨ੍ਹਾਂ ਬੰਦਿਆਂ ਦੇ ਕੰਨ ਖਿੱਚਣੇ ਸਨ ਜਾਂ ਕਾਬੂ ਪਾ ਲੈਣਾ ਸੀ। ਪਰ ਇਸ ਪੁਲਸੀਏ ਨੇ ਅਰਾਮ ਨਾਲ਼ ਆਪਣਾ ਸੈੱਲ ਫੋਨ ਕੱਢਿਆ ਤੇ ਕੁੱਝ ਕਰਨ ਲੱਗ ਪਿਆ। ਇਸ ਤਰ੍ਹਾਂ ਚਲਦੇ ਚਲਦੇ ਅਸੀਂ ਨਵੀਂ ਦਿੱਲੀ ਵੱਲ ਪੁੱਜ ਗਏ ਜਿੱਥੇਂ ਹੋਟਲ ਸੀ। ਇਸ ਛਤੌਂਲ਼ ਤੇ ਵੱਡੇ ਵੱਡੇ ਮਾਲ ਸਨ, ਵੱਡੇ ਵੱਡੇ ਉਬਰਬਜ਼ਾਰ ਸਨ ਅਤੇ ਵੱਡੇ ਵੱਡੇ ਹੋਟਲ ਸਨ। ਹੁਣ ਇੰਝ ਲਗੱਦਾ ਸੀ ਜਿਵੇਂ ਮੈਂ ਆਪਣੇ ਆਵਦੇ ਮੁਲਕ ਵਰਗੇ ਥਾਂ ਪਹੁੰਚ ਗਿਆ ਹੋਵਾਂ, ਪਰ ਇੱਥੇਂ ਵੀ ਗੰਧ ਸਾਫ਼ ਦਿੱਸਦਾ ਸੀ। ਮੇਰੇ ਲਈ ਇਹ ਇੰਡੀਆ ਦੀ ਪਹਿਲੀ ਪੈਂਠ ਸੀ।

ਹੋਟਲ'ਚ ਨਾਮ ਰਜਿਸਟਰ ਵਿੱਚ ਦਰਜ ਕਰਾਕੇ ਆਪਣੇ ਕਮਰ'ਚ ਚਲਾ ਗਿਆ, ਜਿੱਥੇਂ ਗੁਥਲਾ ਸੁੱਟ ਕੇ ਟੀਵੀ ਚਲਾ ਲਿਆ ਅਤੇ ਨਾਲ਼ੇ ਨਾਲ਼ ਛੰਦਫੱਟੀ ਕੱਢ ਕੇ ਮੇਜ਼ ਤੇ ਟਿਕਾ ਦਿੱਤੀ ਤੇ ਕੱਪੜੇ ਕੱਢ ਕੇ ਅਲਮਾਰੀ'ਚ ਟੰਗ ਦਿੱਤੇ। ਟੀਵੀ ਤੇ ਪ੍ਰੋਗਰਾਮ ਆ ਰਿਹਾ ਸੀ ਜਿਸਦੀ ਭਾਸ਼ਾ ਪੱਲੇ ਨਾ ਪਈ, ਪਰ ਦੇਖ ਕੇ ਸਾਫ਼ ਦਿੱਸਦਾ ਸੀ ਸਾਡੇ ਦੇਸ਼ ਵਾਂਗਰ ਲੋਕਾਂ ਨੂੰ ਖ਼ੁਸ਼ ਰੱਖਣ ਲਈ ਸੀ; ਕੋਈ ਦਿਮਾਗ਼ ਵਰਤਨ ਦੀ ਲੋੜ ਨਹੀਂ ਸੀ। ਟੀਵੀ ਚੈਨਲ ਬਦਲ ਕੇ ਦੇਖਿਆ। ਸਾਰੇ ਪਾਸੀ ਉਸੇ ਹੀ ਤਰ੍ਹਾਂ ਦੇ ਪ੍ਰੋਗਰਾਮ ਚਲ ਰਹੇ ਸਨ। ਅਚਾਨਕ ਇੱਕ ਤੇ ਬਿਗ ਬੌਸ ਚਲਦਾ ਸੀ। ਬਿਗ ਬੌਸ ਬਹੁਤਾ ਦਿਮਾਗ਼ ਖਰਚਣ ਵਾਲ਼ਾ ਪ੍ਰੋਗਰਾਮ ਨਹੀਂ ਸੀ ਲੱਗਦਾ। ਬੱਸ ਜਨਤਾ ਲਈ ਅਫੀਮ ਦੇ ਨਸੇ ਦਾ ਕੰਮ ਕਰਦਾ ਏ, ਉਨ੍ਹਾਂ ਦਾ ਧਿਆਨ ਗੌਰਾ ਗੱਲਾਂ ਅਤੇ ਸੂਝਵਾਨ ਚੀਜ਼ਾਂ ਤੋਂ ਪਰ੍ਹਾਂ ਰੱਖਣ ਵਾਲ਼ਾ ਲੱਗਦਾ ਸੀ, ਮੈਨੂੰ। ਖੈਰ ਮੈਨੂੰ ਹਿੰਦੀ ਆਉਂਦੀ ਤਾਂ ਨਹੀਂ ਸੀ, ਸੋ ਮੈਂ ਪਾਸਾ ਫਿਰ ਚੈਨਲ ਬਦਲ ਕੇ ਬੀਬੀਸੀ ਵਰਲਡ ਸਰਵਿਸ ਲਾ ਲਈ। ਇਸ ਨੂੰ ਵੇਖਣ ਬਾਅਦ ਕੱਪੜੇ ਬਦਲ ਲਏ ( ਜਪਾਨ ਤੋਂ ਦਿੱਲੀ ਤੱਕ ਸਫਰ ਲੰਬਾ ਸੀ) ਤੇ ਫਿਰ ਮੁਸਾਸ਼ੀ ਨਾਵਲ ਪੜ੍ਹਣ ਲੱਗ ਪਿਆ। ਘੱਟਾ ਬੀਤਣ ਤੋਂ ਬਾਅਦ ਜਿੰਨ੍ਹਾਂ ਨਾਲ਼ ਸੌਦਾ ਕਰਨਾ ਸੀ, ਉਨ੍ਹਾਂ ਦਾ ਫੋਨ ਆ ਗਿਆ। ਜੋ ਠੀਕ ਘੰਟੇ ਤੱਕ ਮੈਨੂੰ ਲੋਬੀ ਤੋਂ ਚੱਕਣ ਆਉਣਗੇ। ਮੈਂ ਛੰਦਫੱਟੀ ਚਾਲੂ ਕਰ ਕੇ ਕੰਮ ਕਰਨ ਲੱਗ ਪਿਆ।

ਸੱਸਾਕੀ ਅਤੇ ਮੁਸਾਸ਼ੀ ਦੀ ਮੁਲਾਕਾਤ ਹੋ ਹਟੀ ਸੀ ਅਤੇ ਨਾਵਲ ਹੋਰ ਗਾਹਾਂ ਪੜ੍ਹਣ ਨੂੰ ਜੀ ਕਰਦਾ ਸੀ ਪਰ ਹੁਣ ਲਈ ਛੱਡ ਦਿੱਤਾ ਕਿਉਂਕਿ ਕੰਮ ਜ਼ਰੂਰੀ ਹੈ ਅਤੇ ਉਨ੍ਹਾਂ ਨਾਲ਼ ਮਿਲਨ ਤੋਂ ਪਹਿਲਾਂ ਕੁੱਝ ਚੀਜ਼ਾਂ ਯਾਦ ਕਰ ਕੇ ਇਜਲਾਸ ਲਈ ਤਿਆਰ ਹੋਣਾ ਸੀ।

ਤਿੰਨ ਘੰਟਿਆਂ ਬਾਅਦ ਮੈਂ ਉਨ੍ਹਾਂ ਦੀ ਫੈਕਟਰੀ'ਚ ਖਲੋਤਾ ਹਾਂ। ਕਮਾਲ ਦੀ ਗੱਲ ਹੈ! ਨਜ਼ਰ ਮਾਰਿਆ ਸਾਫ਼ ਦਿੱਸਦਾ ਸੀ ਕਿ ਕੋਈ ਹੈਲਥ ਤੇ ਸੈਫਟੀ ਨਹੀਂ ਹੈ! ਕੰਮ ਕਰਨ ਵਾਲੇ ਅੱਧੇ ਤਾਂ ਜੁਵਾਕ ਹੀ ਸਨ! ਮੈਥੋਂ ਇਹ ਗੱਲ ਲੁਕੋਣ ਦੀ ਕੋਸ਼ਿਸ਼ ਕੀਤੀ ਗਈ ਪਰ ਮੈਂ ਵੀ ਜਾਣਦਾ ਹਾਂ ਖ਼ੁਦ ਨੂੰ ਧੱਕਣਾ। ਮੇਰੀ ਘੋਖਣ ਦੀ ਨਜ਼ਰ ਤੇਜ ਹੈ, ਤਾਈ ਹੀ ਤਾਂ ਮੈਨੂੰ ਇੱਥੇਂ ਭੇਜਿਆ ਗਿਆ ਏ। ਇਸ ਬਾਰ'ਚੇ ਪਰਬੰਧ ਬਹੁਤਾ ਚੰਗਾ ਨਹੀਂ ਸੀ, ਕਿਉਂਕਿ ਜਦ ਮੈਂ ਮਜ਼ਦੂਰਾਂ ਨੂੰ ਸਿੱਧੇ ਸਵਾਲ ਪੁੱਛਣ ਲੱਗ ਪਿਆ। ਉਨ੍ਹਾਂ ਦੇ ਜਵਾਬਾਂ ਤੋਂ ਅਤੇ ਮੂੰਹ ਵੇਖਕੇ ਹੀ ਮਹਿਸੂਸ ਹੁੰਦਾ ਸੀ ਕਿ ਉਨ੍ਹਾਂ ਨੂੰ ਉੱਥੇਂ ਦੇ ਪਰਬੰਧ ਨੇ ਖਾਮੋਸ਼ ਕੀਤਾ ਹੈ। ਸਾਡੇ ਕਾਮਿਆਂ ਵਾਂਗਰ ਮਜ਼ਦੂਰ ਏਨੇ ਪੜ੍ਹੇ ਲਿਖੇ ਨਹੀਂ ਲੱਗਦੇ। ਉਨ੍ਹਾਂ ਨੂੰ ਮੇਰੇ ਖਿਆਲ ਵਿੱਚ ਅਪਣੇ ਹੱਕਾਂ ਬਾਰੇ ਵੀ ਕੁੱਝ ਨਹੀਂ ਪਤਾ, ਨਾ ਹੀ ਇਸ ਕਿ ਦੇਸ਼'ਚੋਂ ਬਾਹਰ ਦੁਨੀਆ ਕਿਵੇਂ ਬਿਜ਼ਨਿਸ ਕਰਦੀ ਹੈ। ਇੰਨ੍ਹਾਂ ਗੱਲ ਦੀ ਮੈਨੂੰ ਬਹੁਤੀ ਹੈਰਾਨੀ ਨਹੀਂ ਸੀ ਕਿਉਂਕਿ ਮੈਂ ਰਿਪੋਰਟ ਪੜ੍ਹੀ ਸੀ ਜਿਸ ਵਿੱਚ ਸਾਫ਼ ਲਿਖਿਆ ਸੀ ਕਿ ਇੱਥੇਂ ਦੇ ਗ੍ਰੈਜੂਏਟ ਜ਼ਰੂਰ ਡਿਗਰੀ ਲੈਕੇ ਬੈਠੇ ਨੇ ਪਰ ਪ੍ਰਸ਼ਨ ਪੱਤਰ ਪਾਸ ਕਰਨ ਤੋਂ ਛੁੱਟ ਉਨ੍ਹਾਂ ਨੂੰ ਇਸ ਬਾਰੇ ਕੁੱਝ ਨਹੀਂ ਕਰਨਾ ਸਿਖਾਇਆ, ਜਿਸਨੂੰ ਯੂਨੀਵਰਸਿਟੀ ਤੇ ਕਾਲਜ ਵਿੱਚ ਜਿਹੜਾ ਵਿਹਾਰੀ'ਚ ਵਰਤ ਸਕਦੇ, ਜਾਂ ਜਿਸ ਨੂੰ ਪ੍ਰਯੋਗਿਕ ਸਮਝ ਸਕਦੇ ਨੇ। ਇਸ ਲਈ ਅਸਲੀ ਦੁਨੀਆ ਦੇ ਮੁਕਾਬਲੇ'ਚ ਕੰਮ ਤਾਂ ਕਰਨਾ ਨਹੀਂ ਆਉਂਦਾ ਸੀ, ਤੇ ਨਾਲ਼ੇ ਅੰਗ੍ਰੇਜ਼ੀ ਭਾਸ਼ਾ ਵੀ ਉਨ੍ਹਾਂ ਦੀ ਇੰਨ੍ਹੀ ਕਾਇਮ ਨਹੀਂ ਹੈ। ਸੋ ਜ਼ਿਆਦੇ ਕਰਮਚਾਰੀ ਤੇ ਮੁਲਾਜ਼ਮ ਬੱਸ ਇਸੇ ਲਈ ਬੇਕਾਰ ਨੇ।

ਮੈਂ ਬਹੁਤਾ ਖ਼ੁਸ਼ ਨਹੀਂ ਸੀ ਜਦ ਪਤਾ ਲੱਗਾ ਇਹ ਲੋਕ ਬੱਚਿਆਂ ਨੂੰ ਕੰਮ ਲਈ ਵਰਤਦੇ ਨੇ। ਬੱਚੇ ਤਾਂ ਇਸ ਉਮਰੇ ਸਕੂਲ ਹੋਣੇ ਚਾਹੀਦੇ ਨੇ। ਮੇਰੇ ਤੋਂ ਪਰਦੇ ਨਾਲ਼ ਗੱਲ ਛਪਾਉਣ ਦੀ ਕੋਸ਼ਿਸ਼ ਕੀਤੀ ਪਰ ਮੈਨੂੰ ਤਾਂ ਪਤਾ ਹੀ ਲੱਗ ਹੀ ਗਿਆ।ਪ੍ਰਬੰਧ ਵੀ ਹਿੰਡ ਨਾਲ਼ ਭਰਿਆ ਲੱਗਦਾ ਸੀ। ਉਨ੍ਹਾਂ'ਚੋਂ ਇੱਕ ਬੰਦਾ ਸੀ ਜਿਸ ਨੇ ਅਮਰੀਕਾ ਕੰਮ ਕੀਤਾ ਸੀ ਤੇ ਉਸ ਦੇ ਅਸੂਲ ਉਸ

ਦੇਸ਼ ਦੀਆਂ ਮਾਨਤਾਵਾਂ ਨਾਲ਼ ਮਿਲਦੇ ਸਨ, ਪਰ ਇੱਥੇ ਸਭ ਉਸਨੂੰ ਗੌਲਦੇ ਹੀ ਨਹੀਂ ਸਨ। ਉਸ ਆਦਮੀ ਦੀ ਸੋਚ ਕਹਿੰਦੀ ਸੀ ਕਿ ਆਮ ਕਾਮੇ ਦੇ ਖਿਆਲ ਵੀ ਸੁਣਨੇ ਚਾਹੀਦੇ ਨੇ, ਅਤੇ ਮੁਲਾਜ਼ਮਾਂ ਨਾਲ਼ ਸੰਚਾਰ ਕਰਕੇ ਬਿਜ਼ਨਿਸ ਅੱਗੇ ਹੋ ਸਕਦਾ ਹੈ। ਪਰ ਜਦ ਉਹ ਇੰਡੀਆ ਵਾਪਸ ਆਇਆ ਤਾਂ ਉਸਨੂੰ ਆਪਣੇ ਬੌਸ ਦੀ ਹਰ ਗੱਲ ਭਾਵੇਂ ਗਲਤ ਹੀ ਹੋਵੇ, ਬੱਸ ਸੁਣਨੀ ਪੈਂਦੀ ਸੀ, ਕੋਈ ਵੀ ਨੁਕਸ ਕੱਢਣ ਤੋਂ ਬਿਨ੍ਹਾਂ। ਅਮੀਰਕਾ'ਚ ਤਾਂ ਆਦਮੀ ਬੌਸ ਦੇ ਮੂੰਹ ਤੇ ਗਲਤੀ ਕੱਢ ਸਕਦਾ ਏ ਜੋ ਕੋਈ ਹੋਵੇ! ਉਂਝ ਬੌਸ ਨਾਲ਼ ਵਾਪਸ ਬੋਲਣਾ ਚੰਗਾ ਨਹੀਂ ਹੈ। ਪਰ ਕੰਪਨੀ ਦੇ ਫਾਇਦੇ ਲਈ ਜ਼ਰੂਰ ਚੰਗਾ ਹੈ। ਪਰ ਇੰਡੀਆ'ਚ ਤਾਂ ਬੌਸ ਨੂੰ ਕੋਈ ਦੇਵਤਾ ਮਨ ਕੇ ਨਾਜ਼ ਉਠਾਉਣ ਵਾਲ਼ੇ ਵੀ ਬਹੁਤਾ ਨੇ। ਖਾਸਕਰ ਪ੍ਰਬੰਧ ਨੂੰ! ਜਦ ਮੈਂ ਉਨ੍ਹਾਂ ਨੂੰ ਮਿਲਿਆ ਸੀ ਤਾਂ ਇਹ ਵੀ ਸਾਫ਼ ਦਿਸ ਗਿਆ ਸੀ ਕਿ ਕਿਸ ਤਰ੍ਹਾਂ ਦੇ ਆਦਮੀ ਨੇ ਜੋ ਫੈਕਟਰੀ ਦੇ ਮਾਲਿਕ ਹਨ।

ਕੰਪਨੀ ਦਾ ਨਿਗਰਾਨਕ ਆਪਣੇ ਡੈਸਕ ਦੇ ਪਿੱਛੇ ਲੁਕਿਆ ਬੈਠਾ ਲੱਗਦਾ ਸੀ। ਬਿਲਕੁਲ ਪਤਲਾ ਲਿਸਾ ਜਿਹਾ ਬੰਦਾ ਸੀ। ਮੈਨੂੰ ਤਾਂ ਇੱਕ ਮੱਛਰ ਜਿਹਾ ਜਾਪਦਾ ਸੀ, ਜਿਵੇਂ ਕੋਈ ਕੰਮਜ਼ੋਰ ਕੀੜ੍ਹੀ ਹੁੰਦੀ। ਦਾੜ੍ਹੀ ਤਾਂ ਰੱਖੀ ਨਹੀਂ ਸੀ ਪਰ ਮੁੱਛ ਤਾਂ ਮੂੰਹ ਦੇ ਹਿਸਾਬ ਨਾਲੋਂ ਜ਼ਿਆਦੀ ਵੱਡੀ ਸੀ। ਮੈਨੂੰ ਤਾਂ ਉਸ ਵੱਲ ਵੇਖਕੇ ਡਰ ਲੱਗਦਾ ਸੀ ਕਿ ਕਿਤੇ ਉਸਦੀਆਂ ਮੁੱਛਾਂ ਦੇ ਭਾਰ ਥੱਲੇ ਬੁੱਲ੍ਹਾਂ ਨਾ ਬਹਿ ਜਾਣ! ਐਨਕਾਂ ਮੋਟੀਆਂ ਸੀ। ਉਨ੍ਹਾਂ ਦਾ ਫਰੇਮ ਕਾਲਾ ਸੀ। ਚਿੱਟੀ ਕਮੀਜ਼ ਅੰਗ੍ਰੇਜ਼ੀ ਸਟਾਇਲ ਪਾਈ ਸੀ, ਤੇ ਉਸਦੇ ਗਰੇਬਾਨ ਤੋਂ ਪਤਲੀ ਕਾਲੀ ਟਾਈ ਲਮਕਦੀ ਸੀ। ਹੋਠਾਂ ਤੇ ਮੁਸਕਾਨ ਸੀ ਪਰ ਅੱਖਾਂ ਵਿੱਚ ਖਿੱਝ ਸੀ, ਮੈਂ ਤਾਂ ਆ ਕੇ ਸਮੀਖਿਆ ਕਰ ਗਿਆ। ਹੋ ਸਕਦਾ ਹੁਣ ਮੈਂ ਆਪਣੀ ਕੰਪਨੀ ਨੂੰ ਸਲਾਹ ਦਿਊਂਗਾ ਕਿ ਇੰਡੀਆ ਵਿੱਚ ਸਰਮਾਇਆ ਅਤੇ ਪੈਸੇ ਨਾ ਲਾਉਣਾ, ਖਾਸ ਤੌਰ ਤੇ ਇਸ ਕੰਪਨੀ ਵਿੱਚ। ਇਸ ਦਾ ਡਰ ਉਸਨੂੰ ਵੀ ਸੀ। ਉਸ ਦੀਆਂ ਅੱਖਾਂ ਮੇਰੀਆ ਅੱਖਾਂ ਵਿੱਚ ਸੂਈਆਂ ਵਾਂਗ ਖੁੱਬੀਆਂ ਸੀ। ਮੈਂ ਹਿੰਦੀ ਨਹੀਂ ਬੋਲਦਾ ਅਤੇ ਉਹ ਜਪਾਨੀ ਨਹੀਂ। ਗੱਲ ਬਾਤ ਅੰਗ੍ਰੇਜ਼ੀ'ਚ ਹੋਈ।

- ਅੱਛਾ ਮਿਸਟਰ ਓਗੁਰੀ, ਹੁਣ ਤੁਸੀਂ ਸਾਡੀ ਫੈਕਟਰੀ ਵੀ ਦੇਖ ਲਈ, ਸਾਡੀਆਂ ਮਾਇਕੀ ਇਤਲਾਹਾਂ ਵੀ ਪੜ੍ਹ ਲਈਆਂ ਅਤੇ ਸਟਾਫ ਨਾਲ਼ ਗੱਲ ਬਾਤ ਵੀ ਕਰ ਲਈ। ਸਾਫ਼ ਦਿੱਸਦਾ ਜਿੰਨ੍ਹਾ ਤੁਹਾਨੂੰ ਸਾਡਾ ਮਾਲ ਕੋਲ਼ਿਆਂ ਦੇ ਭਾਅ'ਚ ਦਿੱਸਦਾ ਹੈ, ਇੰਨ੍ਹਾਂ ਕਿਸੇ ਹੋਰ ਦਾ ਇੰਡੀਆ ਜਾਂ ਕਿਸੇ ਹੋਰ ਦੇਸ਼ ਵਿੱਚ ਨਹੀਂ ਤੁਸੀਂ ਵੇਖਣਾ, ਔਰ ਬਹੁਤ ਚੰਗੀ ਕਵਾਲੀਟੀ ਦਾ ਵੀ ਹੈ! ਹੋਰ ਦੱਸੋਂ ਇਸ ਤੋਂ ਜ਼ਿਆਦਾ ਕੀ ਚਾਹੀਦਾ ਹੈ? ਇੰਡੀਆ ਹੁਣ ਦਿਨੋ ਦਿਨ ਤੱਰਕੀ ਕਰ ਰਿਹਾ ਹੈ ਮਿਸਟਰ ਓਗੁਰੀ ਜੀ! ਸੋ ਸਹੀ ਤਾਂ ਹੁਣੇ ਪਾ ਲਉ! ਟੌਪ ਜੋਬ ਕਰਾਂਗੇ ਅਸੀਂ, ਹਾਂ!-

- ਹੂੰ। ਮਿੱਟੀ ਦੇ ਭਾਅ ਵਾਲ਼ੀ ਚੀਜ਼ ਬਹੁਤੀ ਚੰਗੀ ਵੀ ਨਹੀਂ ਹੁੰਦੀ ਮਲਹੋਤਰਾ ਸਾਹਿਬ। ਮੈਂ ਮੰਨਦਾ ਕਿ ਸਮਾਨ ਚੰਗਾ ਹੈ ਅਤੇ ਸਹੀ ਕੀਮਤ ਦਾ ਵੀ ਹੈ। ਪਰ ਇੱਕ ਗੱਲ ਮੇਰੀ ਜ਼ਮੀਰ ਨੂੰ ਚੁਭਦੀ ਹੈ। ਕਿ ਤੁਹਾਡੇ ਸਟਾਫ ਦੇ ਕੰਮ ਕਰਨ ਵਾਲ਼ੇ ਹਲਾਤ ਬਹੁਤੇ ਚੰਗੇ ਨਹੀਂ ਹੈ...ਚਲੋ ਜੇ ਹੋਰ ਕੁੱਝ ਨਹੀਂ ਤਾਂ ਜੋਦੋਂ ਕਦੀ ਸਾਡੀ ਕੰਪਨੀ ਦੀ ਛਾਣ ਬੀਣ ਹੋਵੇਗੀ ਤੇ ਇਹ ਸਭ ਕੁੱਝ ਮੂਹਰੇ ਆਵੇਗਾ ਤਾਂ ਸਾਡੀ ਹੀ ਸ਼ਾਖ ਮੈਲ਼ੀ ਹੋਵੇਗੀ...-

- ਅਸੀਂ ਬਹੁਤ ਹੁਸ਼ਿਆਰ ਰਹਿਣ ਵਾਲ਼ੇ...-

- ...ਜਿੰਦਾਂ ਮੇਰੇ ਨਾਲ਼ ਫੂਕ ਫੂਕ ਕੇ ਪੈਰ ਰੱਖਦੇ ਐ?- ਇਹ ਗੱਲ ਸੁਣ ਕੇ ਇੱਕ ਪਲ ਲਈ ਚੁੱਪ ਹੋ ਗਿਆ, ਫਿਰ ਮੁਸਕਰਾ ਕੇ ਬੋਲਿਆ,

- ਦੇਖ ਮਿਸਟਰ ਓਗੁਰੀ, ਬਿਜ਼ਨਿਸ ਵਿੱਚ ਜੋ ਵੀ ਕੁੱਝ ਕੀਤਾ ਜਾਂਦਾ ਉਹ ਕੁੱਝ ਖੱਟਣ ਲਈ ਹੀ ਕਰੀਦਾ? ਨਹੀਂ ਤਾਂ ਫਾਇਦਾ ਕੀ ਹੋਊ? ਤੁਹਾਡੀ ਕੰਪਨੀ ਜਾਂ ਮੇਰੀ ਕੰਪਨੀ, ਹੋਰ ਕਿਸ ਚੀਜ਼ ਲਈ ਨੇ? ਸਾਨੂੰ ਕੁੱਝ ਚੀਜ਼ਾਂ ਕਰਨੀਆਂ ਪਈਆਂ ਤੁਹਾਡੀ...ਤੱਵਜੋ ਲੈਣ ਲਈ...-

- ..ਸਮਝਦਾ..ਕਿਸੇ ਦਾ ਹੱਥ ਗਰਮ ਕੀਤਾ, ਮੈਂ ਅੱਛੀ ਤਰ੍ਹਾਂ ਸਮਝਦਾ ਇੰਡੀਆ'ਚ ਬਿਜ਼ਨਿਸ ਕਿਵੇਂ ਕਰਦੈ ਨੇ ਮਲਹੋਤਰਾ ਸਾਹਿਬ। ਸਾਡੀ ਕੌਮ ਗੋਰਿਆਂ ਦੀ ਕੌਮ ਤੋਂ ਵੀ ਜ਼ਿਆਦਾ ਕਾਮਯਾਬ ਹੈ। ਪਤਾ ਕਿਉਂ? ਕਿਉਂਕਿ ਅਸੀਂ ਦਿਲ ਨਾਲ਼ ਕੰਮ ਕਰਦੇ ਹਾਂ। ਅਸੀਂ ਆਪਣੀ ਸਟਾਫ ਦੀ ਰਾਖੀ ਕਰਦੇ ਆਂ। ਉਸ ਦੇ ਬਦਲੇ ਸਾਡੀ ਸਟਾਫ ਸਾਡੇ ਲਈ ਬਹੁਤ ਮਿਹਨਤ ਨਾਲ਼ ਕੰਮ ਕਰਦੀ ਹੈ। ਇੱਥੇਂ ਤਾ ਇੰਦਾਂ ਲੱਗਦਾ ਨਹੀਂ ਮੈਨੂੰ। ਤੁਹਾਡੇ ਸਮਾਜ ਦਾ ਤਾਂ ਰੂਪ ਅੱਜ ਵੇਖਿਆ ਮੈਂ। ਇਸ ਕਾਰਖਾਨੇ'ਚ ਨਹੀਂ। ਬਾਹਰ ਸੜਕਾਂ ਤੇ। ਉਸ ਤੋਂ ਪਤਾ ਲੱਗ ਗਿਆ ਕਿ ਕਿੱਦਾਂ ਦਾ ਮੁਲਕ ਹੈ ਇਹ ਮਲਹੋਤਰਾ ਸਾਹਿਬ। ਹੋਰ ਭਵੇਂ ਤੁਸੀਂ ਜੋ ਮਰਜ਼ੀ ਲੁਕੋ ਸਕਦੈ ਹੋਂ...ਪਰ ਅੱਜ ਤੱਕ ਤੁਸੀਂ ਆਪਣੇ ਕੰਗਾਲੀ ਵਿੱਚ ਵਸਦੇ ਵਸਨੀਕ ਨਹੀਂ ਲੁਕੋ ਸਕੇ! ਸਾਡਾ ਦੇਸ਼ ਵੀ ਕਦੇ ਗੋਰਿਆਂ ਦੇ ਪਿੱਛੇ ਹੀ ਸੀ। ਹਰ ਪੱਖ ਤੋਂ! ਪਰ ਅਸੀਂ ਸੋਚ ਸਮਝ ਕੇ ਉਨ੍ਹਾਂ ਤੋਂ ਬਹੁਤ ਕੁੱਝ ਸਿੱਖ ਗਏ। ਹੁਣ ਉਨ੍ਹਾਂ ਤੋਂ ਬਿਹਤਰ ਹਾਂ। ਸਾਡੇ ਦੇਸ਼ ਦੇ ਵੱਡੇ ਬੰਦਿਆਂ ਨੇ ਕਦੀ ਨਹੀਂ ਉਨ੍ਹਾਂ ਨੂੰ ਸਾਡੇ ਉਪਰ ਰਾਜ ਕਰਨ ਦਿੱਤਾ...ਜਾਂ ਉਨ੍ਹਾਂ ਦੇ ਨਾਂ ਹੇਠ ਸਾਡੇ ਤੇ

ਰਾਜ ਕੀਤਾ...ਜਰਾ ਸੋਚ ਸਮਝਕੇ ਜਿੱਦਾਂ ਇਸ ਵੇਲੇ ਆਪਣੀ ਫੈਕਟਰੀ ਚਲਾ ਰਹੇ ਹੋਂ, ਉਸ'ਚ ਕੁੱਝ ਬਦਲਾਉ ਕਰੋ! ਫਿਰ ਮੈਂ ਦੇਖ ਕੇ ਦੱਸਾਂਗਾ ਕਿ ਤੁਹਾਨੂੰ ਠੇਕਾ ਦਿਊਗੀ ਸਾਡੀ ਕੰਪਨੀ ਕੁੱਝ ਸਮਾਨ ਪੇਸ਼ ਕਰਨ ਲਈ ਕਿ ਨਹੀਂ। ਹੋਰ ਵੀ ਕਾਫ਼ੀ ਕੰਪਨੀਆਂ ਨੇ ਇਸ ਦੇਸ਼ ਵਿੱਚ...ਅਤੇ ਜਾਂ ਫਿਰ ਹੋਰ ਰਾਸ਼ਟਰਾਂ ਵਿੱਚ ਵੀ। ਤੇ ਹਾਂ, ਜੇ ਸਾਡੇ ਨਾਲ਼ ਬਿਜ਼ਨਿਸ ਕਰਨਾ ਵੀ ਪਿਆ ਤਾਂ ਸਾਫ਼ ਦੱਸ ਕਿ ਆਪਣੇ ਪ੍ਰਬੰਧ ਨੂੰ ਸਾਡੇ ਹਿਸਾਬ ਨਾਲ਼ ਹੀ ਕਰਨਾ ਪਵੇਗਾ ਮਲਹੋਤਰਾ ਸਾਹਿਬ। ਮੈਂ ਹਾਲੇ ਦੋ ਹੋਰ ਦਿਨਾਂ ਲਈ ਹੋਟਲ'ਚ ਹੋਵਾਂਗਾ। ਜੇ ਤੁਸੀਂ ਇਸ ਫਰਦ ਦੇ ਹਿਸਾਬ ਨਾਲ਼ ਅੱਗੇ ਗੱਲ ਤੋਰਨਾ ਚਾਹੁਣੇ ਹੋਂ ਤਾਂ..ਗੁਡ ਏ..ਨਹੀਂ ਤਾਂ....- ਮੈਂ ਉਸ ਨੂੰ ਫਰਦ ਦੇ ਦਿੱਤੀ ਤੇ ਉੱਠਕੇ ਤੁਰ ਪਿਆ।

- ਇੱਕ ਗੱਲ ਹੋਰ ਮਲਹੋਤਰਾ ਸਾਹਿਬ। ਤੁਹਾਡੇ ਦੇਸ਼ ਕੋਲ ਬਹੁਤ ਚੰਗਾ ਭਵਿਖ ਹੈ। ਇਹ ਤੁਹਾਡੇ ਤੇ ਐ ਕਿ ਕਿਵੇਂ ਇਸਨੂੰ ਬਣਾ ਸਕਦੈ ਹੋਂ। ਮੈਂ ਆਪਣੇ ਹੋਟਲ'ਚ ਹੋਵਾਂਗਾ। ਵਿਦਾ-। ਉਸ ਨੂੰ ਕਹਿ ਕੇ ਟੈਕਸੀ ਲੈਣ ਚਲਾ ਗਿਆ। ਮੈਂ ਸਿੱਧਾ ਹੋਟੇਲ ਨਹੀਂ ਜਾਣਾ ਚਾਹੁੰਦਾ ਸੀ, ਪਰ ਇਸ ਦਿੱਤੀ ਸ਼ਹਿਰ ਨੂੰ ਦੇਖਣਾ ਚਾਹੁੰਦਾ ਸੀ।

ਟੈਕਸੀ ਉਨ੍ਹਾਂ ਨੇ ਮੈਨੂੰ ਲੈਣ ਨਹੀਂ ਦਿੱਤੀ ਸੀ। ਉਨ੍ਹਾਂ ਨੇ ਆਪਣਾ ਗੱਡੀਵਾਨ ਮੈਨੂੰ ਵਾਪਸ ਲੈ ਕੇ ਜਾਣ ਭੇਜ ਦਿੱਤਾ। ਉਸ ਦੀਆਂ ਅੱਖਾਂ ਆਪਣੇ ਪਿੱਛੇ ਵੇਖਣ ਵਾਲੇ ਸ਼ੀਸ਼ੇ, ਕੰਡਤੱਕਣੀ-ਦਰਪਣ, ਰਾਹੀ ਮੇਰੇ ਵੱਲ ਝਾਕ ਦੀਆਂ ਸਨ। ਦੋ ਤੇਜ ਅੱਖਾਂ ਸਨ। ਮੈਨੂੰ ਤਾਂ ਉਸ ਦਾ ਸਿਰ ਹੀ ਪਿੱਛੋਂ ਦਿੱਸਦਾ ਸੀ। ਉਸ ਨੇ ਮੈਨੂੰ ਇੱਥੋਂ ਲਿਆਂਦਾ ਵੀ ਸੀ। ਉਸਦੇ ਸਿਰ ਤੇ ਪੱਗ ਬੰਨ੍ਹੀ ਸੀ, ਜਿਸ ਬਾਰੇ ਉਸ ਵੇਲੇ ਮੈਨੂੰ ਕੁੱਝ ਨਹੀਂ ਪਤਾ ਸੀ। ਬਾਅਦ'ਚ ਉਸ ਨਾਲ਼ ਗੱਲਾਂ ਬਾਤਾਂ ਕਰਦਿਆਂ ਕੱਠਿਆਂ ਰਾਤ ਬਿਤਾਕੇ ਪਤਾ ਲੱਗਾ ਕਿ ਇਹ ਸਿੱਖ ਦੀ ਪੱਗ ਹੁੰਦੀ ਹੈ ਅਤੇ ਉਹ ਸਰਦਾਰ ਸੀ। ਖ਼ੈਰ ਉਸ ਵੇਲੇ ਉਹਨੇ ਮੈਨੂੰ ਪੁੱਛਿਆ, - ਸਰ ਜੀ ਸਿੱਧਾ ਹੋਟਲ?...-

- ਨਹੀਂ- ਮੈਂ ਜਵਾਬ ਦਿੱਤਾ। ਉਸ ਦੀਆਂ ਅੱਖਾਂ ਹੁਣ ਕੰਡਤੱਕਣੀ-ਦਰਪਣ ਰਾਹੀਂ ਮੇਰੇ ਹਾਵਾਂ ਭਾਵਾਂ ਤੋਂ ਮੁਖ ਦੀ ਛਾਣਬੀਣ ਕਰ ਰਹੀਆਂ ਸਨ, ਕਿ ਮੈਂ ਕੀ ਸੋਚਦਾ ਹਾਂ ਅਤੇ ਕਿਉਂ ਨਹੀਂ ਆਪਣੇ ਟਿਕਾਣੇ ਤੇ ਜਾਣਾ ਚਾਹੁੰਦਾ। ਉਸ ਨੇ ਮੈਨੂੰ ਪਿੱਛੇ ਸਿਰ ਘੁੰਮਾਏ ਬਿਨ੍ਹਾਂ ਆਖਿਆ, - ਸਰ, ਤੁਸੀਂ ਦਿੱਲੀ ਦੀ ਸੈਰ ਕਰਨੀ ਏ?-। ਜਵਾਬ ਵਿੱਚ ਮੈਂ ਸੀਸ ਉਪਰ ਹੇਠ ਹਾਂ ਲਈ ਕੀਤਾ। ਉਸ ਨੇ ਫਿਰ ਆਖਿਆ, - ਪਹਿਲਾਂ ਕਿੱਥੇਂ ਜਾਣਾ ਚਾਹੁੰਦੇ ਹੋਂ? ਫਿਕਰ ਨਾ ਕਰੋਂ, ਮੈਂ ਉਨ੍ਹਾਂ ਨੂੰ ਆਵਦੇ ਸੈੱਲ ਤੇ ਦੱਸ ਦਿੰਦਾ ਕਿ ਤੁਹਾਡੀ ਸੈਰ ਕਰਾ ਰਿਹਾ ਹਾਂ। ਚਿੰਤਾ ਨਾ ਕਰੋਂ-। ਉਸ ਦੀਆਂ ਸ਼ਰਬਤੀ ਲੋਇਣ ਇੱਕ ਵਾਰ ਹੋਰ ਮੈਥੋਂ ਜਵਾਬ ਮੰਗਦੀਆਂ ਲੱਗਿਆਂ।

- ਤੇਰਾ ਨਾਂ ਕੀ ਐ?- ਮੈਂ ਉਸ ਨੂੰ ਪੁੱਛਿਆ।
- ਸਰ ਮੇਰਾ ਨਾਂ ਹੈ ਤਰਲੋਚਨ, ਤਰਲੋਚਨ ਖੋਸਾ-।
- ਚਲ ਤਰਲੋਚਨ...-
- ਤੋਚੀ...ਤੁਸੀਂ ਤੋਚੀ ਸਦ ਸਕਦੈ ਹੋ...-
- ਚਲ ਫਿਰ ਤੋਚੀ, ਆਪਣੀ ਦਿੱਲੀ ਦਿਖਾ ਮੈਨੂੰ-
- ਸਰ ਦਿੱਲੀ ਮੇਰਾ ਸ਼ਹਿਰ ਨ੍ਹੀਂ ਹੈ...ਮੈਂ ਵੀ ਬਾਹਰੋਂ ਹਾਂ।ਪਰ ਤੁਹਾਡੇ ਚੀਨ ਜਿੰਨ੍ਹਾਂ ਦੂਰ ਨਹੀਂ ਪਰ...-
- ਖੋਸਾ ਸਾਹਿਬ ਮੈਂ ਚੀਨ ਤੋਂ ਨਹੀਂ ਹਾਂ। ਜਪਾਨ ਤੋਂ ਹਾਂ-
- ਠੀਕ। ਸੌਰੀ ਸਰ...-
- ਸੌਰੀ ਸੂਰੀ ਦੀ ਲੋੜ ਨਹੀਂ। ਚਲ ਕੋਈ ਨਹੀਂ ਜੇ ਤੇਰਾ ਸ਼ਹਿਰ ਨਹੀਂ ਏ ਤਾਂ, ਪਰ ਤੂੰ ਅਕਸਰ ਇਸ ਨੂੰ ਜਾਣਦਾ ਹੈ? ਹਾਂ? ਚੰਗਾ, ਫਿਰ ਤੂੰ ਹੀ ਮੈਨੂੰ ਦੱਸ ਕੀ ਵੇਖਣ ਵਾਲ਼ਾ ਹੈ...-
- ਸਰ ਸਾਡੇ ਮਾਲ ਬਹੁਤ ਸੁੰਦਰ ਨੇ, ਕਾਮਨਵੇਲਥ ਖੇਡਾਂ ਲਈ ਬਹੁਤ ਸਮਾਟ ਬਣਾ ਦਿੱਤਾ...ਸਭ ਮੋਡਨ ਸ਼ੋਡਨ...-

- ਤੋਚੀ ਮੈਨੂੰ ਮਾਲ ਆਦਿ ਦਿਖਾਉਂਣ ਦੀ ਕੋਈ ਲੋੜ ਨਹੀਂ। ਇਸ ਤਰ੍ਹਾਂ ਦੇ ਥਾਂ ਜਪਾਨ'ਚ ਬਹੁਤ ਨੇ। ਨਾਲੇ ਤੁਹਾਡੇ ਮਾਲ ਸ਼ਾਉਲ ਤਾਂ... ਇੰਨ੍ਹੇ ਉੱਨਤ ਨਹੀਂ...-

- ਅੱਛਾ ਜੀ। ਜਿਵੇਂ ਤੁਸੀ ਕਹਿੰਦੇ ਹੋਂ, ਮਿਸਟਰ?-

- ਅਰਾਤਾ...ਮੇਰਾ ਨਾਂ ਅਰਾਤਾ ਹੈ-

- ਅਰਾਡਾ?? ਸਰ ਗੁਸਾ ਨਾ ਕਰਿਓ ਸਾਨੂੰ ਤਾਂ ਮਸਾਂ ਗੋਰਿਆਂ ਦੇ ਨਾਂ ਕਹਿ ਹੰਦੇ ਨੇ। ਤੁਹਾਡੇ ਨਾਂ ਤਾਂ ਬਹੁਤ ਔਖੇ ਲੱਗਦੇ ਨੇ...ਤੇ...-

- ਇੱਦਾਂ ਕਰ..ਮੈਂ ਤੈਨੂੰ ਤੋਚੀ ਹੀ ਸੱਦਦਾਂ ਖੋਸਾ ਸਾਹਿਬ, ਤੇ ਤੂੰ ਮੈਨੂੰ ਅਰੀ ਸਦ ਲੈ-

- ਠੀਕ ਅਰੀ ਸਰ-

- ਆਹ ਸਰ ਸੁਰ ਵੀ ਕਰਨੋ ਹਟਜਾ! ਹੁਣ ਤੂੰ ਆਫਿਸ'ਚ ਨਹੀਂ ਹੈ-

- ਠੀਕ ਸਰ..ਸੌਰੀ, ਅਰੀ ਜੀ...( ਮੈਂ ਉਸ ਨੂੰ ਇਸ਼ਾਰਾ ਦਿੱਤਾ ਕਿ ਜੀ ਨਹੀਂ ਕਹਿਣ ਦੀ ਲੋੜ)...ਅੱਛਾ, ਅਰੀ, ਤੁਸੀਂ ਲਾਲ ਕਿਲ੍ਹਾ ਦੇਖਣਾ?-

- ਜ਼ਰੂਰ ਦਿਖਾ। ਸੱਚ ਇਹ ਤੇਰੇ ਸਿਰ ਤੇ ਕਿਉਂ ਬੰਨ੍ਹਿਆ?ਇਹ ਇੱਥੇਂ ਹਰ ਆਮ ਭਾਰਤੀ ਦੇ ਤਾਂ ਮੈਂ ਨਹੀਂ ਵੇਖਿਆ-।

- ਸਰ...ਸੌਰੀ, ਅਰੀ ਇਹ ਪੰਜਾਬ ਦਾ ਖਾਸ ਚਿੰਨ੍ਹ ਹੈ, ਉਸ ਤੋਂ ਵੀ ਜ਼ਿਆਦਾ ਸਿੱਖੀ ਦਾ...-

- ਸਿੱਖੀ?-

- ਜੀ ਹਾਂ-। ਫਿਰ ਲਾਲ ਕਿਲ੍ਹੇ ਜਾਂਦੇ ਉਸਨੇ ਆਪਣੇ ਪਿੰਡ ਕੋਟ ਕਰੋੜ ਖੁਰਦ ਬਾਰੇ ਦੱਸਿਆ ਅਤੇ ਮੈਨੂੰ ਸਭ ਕੁੱਝ ਸਿੱਖ ਕੌਮ ਬਾਰੇ। ਉਸ ਤੋਂ ਬਹੁਤ ਕੁੱਝ ਸਿੱਖਿਆ। ਉਸ ਨੂੰ ਪੰਜਾਬ, ਭਾਰਤ ਬਾਰੇ ਬਹੁਤ ਪਤਾ ਸੀ। ਇਸ ਕਰਕੇ ਲਾਲ ਕਿਲ੍ਹਾ ਵੇਖਣ ਬਾਅਦ ਮੈਂ ਉਸ ਦੀਆਂ ਸਾਰੀਆਂ ਦਿਲ ਦੀਆਂ ਗੱਲਾਂ ਸੁਣ ਕੇ ਉਸ ਨੂੰ ਆਖਿਆ, - ਮੈਨੂੰ ਉਸ ਥਾਂ ਲੈ ਕੇ ਜਾ ਜਿੱਥੇ ਉਸ ਚਾਰ ਦਿਨਾਂ ਲਈ ਦਿੱਲੀ ਵਿੱਚ ਲੁੱਟ ਮਾਰ ਹੋਇਆ ਸੀ। ਤ੍ਰਿਲੋਕਪੁਰੀ, ਸ਼ਾਹਦਾਰਾ ਆਦਿ-

- ਅਰੀ, ਤੁਹਾਨੂੰ ਉੱਥੇ ਜਾ ਕੇ ਕੀ ਮਿਲਣਾ ਹੁਣ?-

- ਤੋਚੀ, ਤੇਰੇ ਦੇਸ਼ ਦਾ ਅਸਲੀ ਰੂਪ-।

ਮੈਂ ਕੀ ਸੋਚਾ? ਤੋਚੀ ਦੀਆਂ ਗੱਲਾਂ ਸੁਣ ਸੁਣਕੇ ਮੈਂ ਕਲ਼ੇਜਾ ਫੜ੍ਹ ਲਿਆ! ਅੱਜ ਤੱਕ ਤੋਚੀ ਦੇ ਲੋਕਾਂ, ਸਿੱਖਾਂ ਨੂੰ ਸਰਕਾਰ ਤੋਂ ਇਨਸਾਫ਼ ਨਹੀਂ ਮਿਲਿਆ! ਮੇਰੇ ਖਿਆਲ'ਚ ਜੇ ਹਾਲੇ ਤੱਕ ਨਹੀਂ ਮਿਲਿਆ ਤਾਂ ਲੱਗਦਾ ਦਿੱਲੀ ਦੇ ਸਿੱਖਾਂ ਨੂੰ ਕਦੀ ਨਹੀਂ ਮਿਲੇਗਾ ਇਨਸਾਫ਼! ਤੋਚੀ ਇੱਕ ਹੀ ਗੱਲ ਨੂੰ ਵਾਰ ਵਾਰ ਕਹਿੰਦਾ ਰਿਹਾ ਕਿ ਇਸ ਹੋਈ ਨਸਲਕੁਸੀ ਦੇ ਬਾਰੇ'ਚ, -ਦੁੱਧ ਦਾ ਦੁੱਧ ਪਾਣੀ ਦਾ ਪਾਣੀ ਕਰਨਾ ਚਾਹੀਦਾ ਹੈ, ਅਰੀ, ਪਰ ਇੱਦਾਂ ਐਨੇ ਸਾਲ ਲੰਘ ਜਾਣ ਤੱਕ ਵੀ ਨਹੀਂ ਹੋਇਆ। ਹੁਣ ਤਾਂ ਨਵੀਂ ਸਰਕਾਰ ਨੇ ਆਉਣਾ ਹੈ। ਕੀ ਪਤਾ...- ਪਰ ਕੀ ਉਸ ਨੂੰ ਨਵੀਂ ਸਰਕਾਰ ਤੇ ਮਾਣ ਹੋਵੇਗਾ, ਇਸ ਤਰ੍ਹਾਂ ਦਾ ਉਸ ਦੀਆਂ ਗੱਲਾਂ'ਚੋਂ ਤਾਂ ਨਹੀਂ ਸੰਚਾਰ ਹੋਇਆ। ਇੰਨ੍ਹਾਂ ਥਾਂਵਾਂ ਨੂੰ ਵੇਖਣ ਤੋਂ ਬਾਅਦ ਮੈਂ ਉਸ ਨੂੰ ਆਖਿਆ ਹੋਟਲ ਵਾਪਸ ਲੈ ਚੱਲ। ਜਾਂਦੇ ਜਾਂਦੇ ਮੈਂ ਇੱਕ ਸੜਕ ਵਿਕਰੇਤੇ ਤੋਂ ਅਖਬਾਰ ਖਰੀਦ ਲਿਆ। ਅੰਗ੍ਰੇਜ਼ੀ ਅਖਬਾਰ ਸੀ ਕਿਉਂਕਿ ਇਸ ਥਾਂ ਤਾਂ ਜਪਾਨੀ ਅਖਬਾਰ ਆਮ ਕਿਤੇ ਮਿਲਦੇ ਨਹੀਂ।

ਅਖਬਾਰ ਦੇ ਹਿਸਾਬ ਨਾਲ਼ ਸਰਕਾਰ ਦੇ ਬੱਸ ਗਿਣਤੀ ਦੇ ਹੀ ਦਿਨ ਸਨ।ਜ਼ਰੂਰ ਕੋਈ ਪਹਿਲੀ ਵਾਰ ਨਵਾਂ ਲੀਡਰ ਪ੍ਰਧਾਨ ਮੰਤਰੀ ਬਣਨ ਲੱਗਾ ਸੀ, ਜਿਸ ਦਾ ਜਨਮ ਇੰਡੀਆ'ਚ ਹੋਇਆ ਸੀ। ਅੱਜ ਦੇ ਇੰਡੀਆ ਵਿੱਚ ਹੀ, ਨਾ ਕੇ ਗੋਰੇ ਸ਼ਾਹੀਆਂ ਦੇ, ਨਾ ਹੀ ਕੇ ਮੁਗਲਾਂ ਦੇ। ਇਸ ਮੰਤਰੀ ਨੇ ਲੋਕਾਂ ਨਾਲ਼ ਕਹੀ ਅਹਿਦ ਕੀਤੇ ਹਨ ਅਤੇ ਲੋਕਾਂ ਨੂੰ ਆਪਣੇ ਭਰੋਸੇ'ਚ ਲਿਆ ਹੋਇਆ ਹੈ। ਇਹ ਬਹੁਤ ਹੀ ਜਾਦੂਗਰ ਤੇ ਮਨ ਨੂੰ ਮੋਹਣਾ ਜਾਪਦਾ ਏ ਜਦ ਵੀ ਕੋਈ ਤਕਰੀਰ ਕਰਦਾ ਹੈ। ਜਿੱਥੇਂ

ਪਹਿਲਿਆਂ ਨੇ ਅੰਗ੍ਰੇਜ਼ੀ ਵਿੱਚ ਭਾਸ਼ਣ ਦਿੱਤੇ, ਇਸਨੇ ਹਿੰਦੀ ਵਿੱਚ ਲੋਕਾਂ ਨਾਲ ਗੱਲ ਬਾਤ ਕੀਤੀ। ਨਵੇਂ ਤਰ੍ਹਾਂ ਦਾ ਲੀਡਰ ਲੱਗਦਾ ਸੀ ਕਈਆਂ ਨੂੰ। ਪਰ ਕਈ ਇਸ ਤਰ੍ਹਾਂ ਦੇ ਵੀ ਲੋਕ ਵੀ ਸਨ ਜਿੰਨ੍ਹਾਂ ਦੇ ਕਈ ਸੰਸੇ ਸਨ ਇਸ ਪ੍ਰਤੀ। ਜਿੰਨ੍ਹਾਂ ਨੇ ਇਸ ਦੀਆਂ ਪੁਰਾਣੀਆਂ ਚਾਲਾਂ ਤੇ ਨਿਗ੍ਹਾ ਮਾਰ ਕੇ ਡਰ ਨਾਲ਼ ਸੋਚਿਆ ਸੀ ਕਿ ਇਸ ਨੇ ਖੌਰੇ ਕਿਹੜੇ ਰਸਤੇ ਸਾਡੇ ਦੇਸ਼ ਨੂੰ ਲੈ ਕੇ ਜਾਣਾ ਹੈ? ਖ਼ੈਰ ਇਹੋ ਜਿਹੇ ਫਿਕਰ ਅਖਬਾਰਾਂ'ਚ ਜ਼ਿਆਦਾ ਨਹੀਂ ਸਨ, ਪਰ ਜਦੋਂ ਬਾਅਦ'ਚ ਆਪਣੇ ਛੰਦਫੱਟੀ ਤੇ ਜਾ ਕੇ ਇੰਟਰਨੈਟ ਤੇ ਖੋਜ ਕੀਤੀ ਤਾਂ ਲੱਗਦਾ ਸੀ ਖਾਸ ਨਾਬਾਲਗੀਆਂ ਨੂੰ ਜਾਂ ਜਿਹੜੇ ਮੁਲਕ'ਚੋਂ ਬਾਹਰ ਬੈਠੇ ਹਨ, ਨੂੰ ਇਸ ਦੇ ਰਿਕਾਰਡ ਦੀ ਚਿੰਤਾ ਸੀ। ਕਈ ਲੋਕਾਂ ਨੂੰ ਤਾਂ ਪਹਿਲਾਂ ਹੀ ਕਲ਼ਜੀਭੀ ਨਾਲ਼ ਲੱਗਦਾ ਸੀ ਕਿ ਜਿਹੜਾ ਮਰਜ਼ੀ ਕੁਰਸੀ ਤੇ ਬਹਿ ਜਾਵੇ, ਉਹੀ ਹਾਲ਼ ਹੋਣਾ ਜੋ ਹੁੰਦਾ ਆਇਆ, ਕੁੱਝ ਨਹੀਂ ਬਦਲਣਾ! ਇਹ ਤਾਂ ਤੋਚੀ ਵੀ ਮੈਨੂੰ ਕਹਿ ਗਿਆ ਕਿ, – ਮਹਿੰਗਾ ਰੋਵੇ ਇੱਕ ਵਾਰ ਤੇ ਸਸ਼ਤਾ ਰੋਵੇ ਵਾਰ ਵਾਰ–। ਜਦ ਮੈਂ ਪੁੱਛਿਆ ਕਿ ਕੀ ਮਤਲਬ, ਹੱਸਕੇ ਬੋਲਿਆ, –ਮਤਲਬ, ਅਰੀ ਅਸੀਂ ਤਾਂ ਚੱਜ ਦੇ ਬੰਦੇ ਨੂੰ ਤਾਕਤ ਦੇਣ ਵਾਲਿਆਂ'ਚੋਂ ਨਹੀਂ ਗੇ। ਹਮੇਸ਼ਾ ਚਲਦਾ ਜਿਹਾ ਕੰਮ ਹੀ ਕਰਦੇ ਆਂ। ਹਮੇਸ਼ਾ ਇੰਨ੍ਹਾਂ ਲੀਡਰਾਂ ਦੀਆਂ ਗੱਲਾਂ'ਚ ਆ ਜਾਂਦੇ ਹਾਂ, ਜਾਂ ਐਵੇਂ ਮਾੜੀ ਜ੍ਹੀ ਗੱਲ ਤੇ ਮੰਨ ਜਾਂਦੇ ਹਾਂ। ਦੰਭੀ ਹੈ ਇਹ ਸਭ ਲੋਕ! ਕੁੱਝ ਨਹੀਂ ਬਦਲਣਾ ਇੱਥੇਂ!–

- ਪਰ ਤੈਨੂੰ ਤਾਂ ਡਰ ਲੱਗਦਾ ਹੋਵੇਗਾ ਕਿ ਇਸ ਨੇ ਵੋਟਾਂ ਲੈਣ ਲਈ ਪਹਿਲਾਂ ਵੀ ਜਾਤ ਪਾਤ ਅਤੇ ਧਰਮ ਦੀਨ ਦਾ ਪੱਤਾ ਖੇਡਿਆ?–

- ਸਭ ਇਸ ਤਰ੍ਹਾਂ ਹੀ ਕਰਦੇ ਨੇ। ਚਲੋ ਦੇਖਦੇਂ ਹਾਂ ਕਿ ਇਸ ਹੇਠ ਦੇਸ਼ ਕਿਸ ਰਾਹ ਜਾਂਦਾ ਹੈ।ਧਮਕੀ ਨਾਲ਼ ਗੱਲਾਂ ਕਰਦਾ! ਆਹੋ ਏਹ ਗੱਲ ਤਾਂ ਹੈ ਕਿ ਇਸ ਨੇ ਹਿੰਦੂ ਮੁਸਲਮਾਨ ਵਿੱਚ ਪਾੜਾ ਪਾਇਆ। ਇਹ ਗਲਤ ਸੀ। ਪਰ ਹੁਣ ਕਹਿੰਦਾ ਮੈਂ ਬਦਲ ਗਿਆ ਹਾਂ। ਦੇਖਦੇ। ਡਰ ਤਾਂ ਹੈ ਇਸ ਦੀ ਪਾਰਟੀ ਦੇ ਹੀ ਕਈ ਨੇ ਜਿੰਨ੍ਹਾਂ ਦੇ ਖਿਆਲ ਨਿਹਾਇਤ ਨੇ, ਕਹਿ ਸਕਦੇ ਹਾਂ ਸ਼ਾਇਦ ਹਿੰਸਾ ਵਾਦੀ ਨੇ। ਡਰ ਹੈ, ਕਿ ਇਹ ਸਭ ਨੂੰ ਇੱਕ ਆਦਰਸ਼ ਲਈ ਇਕੋਂ ਇੱਕ ਹੀ ਬਣਾਉਣੇ ਚਾਹੁੰਦੇ ਨੇ–

- ਇਸ ਵਿੱਚ ਕੀ ਗਲਤ ਵੀ ਕੀ ਹੈ? ਸਗੋਂ ਦੇਸ਼ ਇਕੱਠਾ ਹੋਵੇਗਾ?–

- ਅਰੀ ਇਹ ਦੇਸ਼ ਦੇਸ਼ਾਂ ਦਾ ਪਹਿਲਾਂ ਹੀ ਬਣਾਇਆ ਆ। ਹਰ ਦੀ ਆਵਾਜ਼ ਨੂੰ ਦਬਾਉਣਾ ਚੰਗਾ ਨਹੀਂ ਹੈ, ਆਹੋ। ਇੱਕੋ ਚੰਗੇ ਉੱਤਮ ਲਈ ਦੂਜੀਆਂ ਆਵਾਜ਼ਾਂ ਨੂੰ ਦਬਾਕੇ ੧੯੮੪ ਤੋਂ ਵੀ ਜ਼ਿਆਦੇ ਪੰਗੇ ਹੋ ਸਕਦੇ ਨੇ। ਸਿੱਖਾਂ ਨੂੰ ਤਾਂ ਪਹਿਲਾਂ ਹੀ ਹਿੰਦੂਆਂ ਦਾ ਇੱਕ ਅੰਗ ਬਣਾ ਕੇ ਰਖਿਆ ਹੈ ਇਸ ਦੇਸ ਦੇ ਕਾਨੂੰਨ ਨੇ। ਕੱਲ੍ਹ ਨੂੰ ਮੁਸਲਮਾਨ, ਜੈਨੀ, ਜਾਂ ਬੁੱਧੀ ਜਾਂ ਇਸਾਈਆਂ ਦਾ ਕੀ ਹੋਵੇਗਾ? ਇੰਡੀਆ ਤਾਂ ਮੁਗਲ ਤੇ ਗੋਰਿਆਂ ਨੇ ਬਣਾਇਆ ਹੈ, ਆਹੋ। ਦੇਖਦੇ ਨੇ ਕਿਸ ਰਸਤੇ ਸਾਡਾ ਮਹਾਨ ਦੇਸ਼ ਜਾ ਰਿਹਾ–।

ਜੋ ਤੋਚੀ ਨੇ ਫਿਕਰ ਨਾਲ਼ ਕਿਹਾ ਉਸ ਫਿਕਰ ਦੀ ਚਰਚਾ ਅਖਬਾਰ ਵਿੱਚ ਵੀ ਦੱਸੀ ਸੀ। ਪਰ ਦੂਜੇ ਪਾਸੇ ਦੇਸ਼ ਨੂੰ ਬਹੁਤ ਆਸ ਸੀ। ਬਹੁਤ ਜ਼ਿਆਦਾ ਆਸ। ਵੈਸੇ ਜਦ ਤੋਚੀ ਨੇ ਮੈਨੂੰ ਆਵਦੇ ਪੰਜਾਬੀ ਸਿੱਖਾਂ ਬਾਰੇ ਦੱਸਿਆ ਸੀ ਤਾਂ ਮੈਂ ਧਿਆਨ ਨਾਲ਼ ਗੱਲ ਸੁਣੀ ਸੀ ਕਿਉਂਕਿ ਮੈਨੂੰ ਮੇਰੇ ਵਤਨ ਦੇ ਸਮੁਰਾਈਆਂ ਦਾ ਚੇਤਾ ਆ ਰਿਹਾ ਸੀ। ਲੱਗਦਾ ਸੀ ਕਿ ਇੰਨ੍ਹਾਂ ਦੇ ਸਰਦਾਰਾਂ ਦੇ ਅਸੂਲ ਤੇ ਰਹਿਤਾਂ ਸਾਡੇ ਬੂਸ਼ੀਡੋ ਵਰਗੇ ਸਨ। ਲੜਦੇ ਵੀ ਸਾਡੇ ਮਾਹਨ ਸਮੁਰਾਈਆ ਵਾਂਗਰ ਸੀ। ਇੱਕ ਫਰਕ ਜ਼ਰੂਰ ਹੈ। ਸਾਡਾ ਮੁਲਕ ਹੁਣ ਬਹੁਤ ਕਾਮਯਾਬ ਹੈ। ਅਸੀਂ ਗੋਰਿਆਂ ਦੀ ਰੀਸ ਕਰਕੇ ਉਨ੍ਹਾਂ ਦੇ ਕੰਧੇਂ ਨਾਲ਼ ਖੜ੍ਹ ਗਏ। ਪਰ ਸਨਅਤੀਕਰਨ ਦੀ ਦੌੜ੍ਹ ਵਿੱਚ ਕਹੀ ਰੀਤੀ ਰਿਵਾਜ਼ ਗਵਾ ਬੈਠੇ। ਅਸੀਂ ਖ਼ੁਦ ਆਪਣੇ ਸਮੁਰਾਈਆਂ ਨੂੰ ਆਪ ਹੀ ਅੰਤ ਤੇ ਬੰਦੂਕਾਂ ਨਾਲ਼ ਖਤਮ ਕਰ ਦਿੱਤਾ, ਕਿਉਂਕਿ ਉਨ੍ਹਾਂ ਦੇ ਖਿਆਲ ਅਤੇ ਜਿਉਂਣ ਦੇ ਤਰੀਕੇ ਸਾਡੇ ਲਈ ਮੁੱਢ ਕਦੀਮੀ ਸਨ। ਪਰ ਅਸੀਂ ਵਿਕਾਸ ਚਾਹੁੰਦੇ ਸੀ। ਹੁਣ ਹੋ ਸਕਦਾ ਵਿਕਾਸ ਲਈ ਇੰਡੀਆ ਵੀ ਆਪਣੇ ਸਮੁਰਾਈਆਂ ਨੂੰ ਇਤਿਹਾਸ ਦੇ ਪੰਨਿਆਂ ਤੋਂ ਮਿਟਾ ਦੇਵੇ? ਹੁਣ ਕੀ ਕਹਿ ਸਕਦੇ ਹਾਂ ਲੋਕਾਂ ਦਾ ਡਰ ਵੀ ਸਹੀ ਹੋ ਸਕਦਾ।

ਖ਼ੈਰ ਮੈਂ ਬਹੁਤ ਕੁੱਝ ਜਾਣ ਲਿਆ ਸੀ ਤੋਚੀ ਖੋਸੇ ਦੀ ਕੌਮ ਬਾਰੇ ਅਤੇ ਅੱਜ ਕੱਲ੍ਹ ਦੇ ਇੰਡੀਆ ਬਾਰੇ।

# ਬਹਿਰੀ

## ੧੬੧੨



ਅਮਾਈਮੀ ਨਾਂ ਤਾਂ ਇਨਸਾਨਾਂ ਨੇ ਦਿੱਤਾ ਹੈ ਮੈਨੂੰ। ਉਂਝ ਮੇਰਾ ਨਾਂ ਤਾਂ ਮੇਰੀ ਆਵਦੀ ਜ਼ਬਾਨ'ਚ ਹੋਰ ਹੀ ਹੈ, ਜੋ ਆਮ ਆਦਮੀ ਦੀ ਜ਼ਬਾਨ ਤੇ ਬਹੁਤ ਔਖਾ ਹੀ ਚੜ੍ਹੇਗਾ। ਖ਼ੈਰ ਕੋਈ ਫਰਕ ਨਹੀਂ ਪੈਂਦਾ ਕਿ ਮੇਰਾ ਨਾਂ ਕੀ ਹੈ, ਕਿਉਂਕਿ ਤੁਹਾਡੇ ਵੀ ਪੱਲੇ ਨਹੀਂ ਪੈਣਾ। ਚੁੰਝ ਦੀ ਅਵਾਜ਼ ਗਲ਼ ਦੀ ਅਵਾਜ਼ ਤੋਂ ਵੱਖਰੀ ਚੀਜ਼ ਹੈ। ਬੱਸ ਸਮਝੋਂ ਮੈਂ ਤੁਹਾਡੀ ਬੋਲੀ ਤੇ ਤਾਂ ਸੌਖੀ ਤਰ੍ਹਾਂ ਹੀ ਪਕੜ ਬਣਾ ਲਈ ਹੈ। ਬੱਸ।

ਹੁਣ ਮੈਂ ਗਗਨ'ਚ ਉੱਚੇ ਤੋਂ ਉੱਚੇ ਖੁਲ੍ਹਿਆਂ ਥਾਂਵਾਂ ਉੱਡ ਤੇ ਰਿਹਾ ਹਾਂ, ਆਵਦੇ ਸ਼ਿਕਾਰ ਨੂੰ ਢੂੰਡਦਾ; ਮੇਰੇ ਖੰਬ ਖੁੱਲ੍ਹੇ ਅਤੇ ਚੌੜੇ ਨੇ; ਮੈਂ ਹਵਾ ਦੀਆਂ ਲਹਿਰ ਉੱਤੇ ਪਲਨਾਟ ਕੇ ਟਿਕਿਆ ਹਾਂ। ਮਤਲਬ ਉੱਡਦਾ ਹਾਂ ਪੰਖਾਂ ਨੂੰ ਹਿਲਾਏ ਬਿਨ੍ਹਾਂ; ਬੱਸ ਹਵਾ ਦੀ ਹੀ ਮਦਦ ਨਾਲ਼। ਮਾਫ਼ ਕਰਨਾ, ਚੇਤਾ ਹੀ ਭੁੱਲ ਗਿਆ ਸੀ ਕਿ ਮੇਰੀ ਤਾਂ ਭਾਸ਼ਾ ਹੀ ਤੁਹਾਡੇ ਲਈ ਅਜੀਬ ਹੈ, ਨਵੀਂ ਹੈ ਅਤੇ ਮੈਂ ਬਿਨ੍ਹਾਂ ਸੋਚਿਆ ਹੀ ਕਦੀ ਕਦੀ ਬਹਿਰੀ ਬਾਜ਼ਾਂ ਦੇ ਲਫ਼ਜ਼ ਵਰਤ ਜਾਂਦਾ। ਪਲਨਾਟ ਦਾ ਮਤਲਬ ਹੈ, ਹਵਾ ਦੀ ਮਦਦ ਨਾਲ਼ ਤੇ ਖ਼ੁਦ ਨੂੰ ਸਰਕਾਉਣਾ, ਖੰਬ ਹਿਲਾਉਣ ਤੋਂ ਬਿਨ੍ਹਾਂ। ਆਪਣੀ ਬੋਲੀ'ਚ ਇਹ ਤਾਂ ਰੋਜ਼ ਦਾ ਕੰਮ ਹੋਣ ਕਰਕੇ ਸਭ ਪੰਛੀ ਇਸ ਨੂੰ ਜਾਣਦੇ ਨੇ। ਜਿਵੇਂ ਹਿਮੇਸਤਾਨ ਰਹਿਣ ਵਾਲੇ ਵਾਸੀਆਂ ਲਈ ਸੌ ਸ਼ਬਦ ਹੈ ਬਰਫ ਤੇ ਸਨੋ ਲਈ, ਜਾਂ ਜਿਵੇਂ ਸਮੁੰਦਰੀ ਜਹਾਜ਼ੀਆਂ ਲਈ ਸੌ ਸ਼ਬਦ ਹੈ ਪਾਣੀ ਦੇ ਹਰ ਆਲਮ ਲਈ। ਮਾਫ਼ ਕਰਨਾ। ਕਈ ਕਈ ਵਾਰੀ ਚੁੰਝ'ਚੋਂ ਕੁੱਝ ਨਵਾਂ ਤਾਜਾ ਨਿਕਲ਼ ਆਉਂਦਾ ਹੈ ਬੇਲੀਓ! ਹੋ ਸਕਦਾ ਮੇਰੀ ਕਥਾ ਸੁਣ ਕੇ ਤੁਹਾਡੀ ਸ਼ਬਦਾਵਲੀ ਵੀ ਹੋਰ ਕਾਇਮ ਹੋ ਜਾਵੇ! ਹੋ ਸਕਦਾ ਮੈਂ ਤੁਹਾਡੇ ਲਈ ਮਗ਼ਜ਼ ਖਾਣ ਵਾਲਾ ਕਲ਼ਪਾ ਹੋਵਾਂ! ਠੀਕ ਹੋਵੇਗਾ ਜੇ ਨਾ ਵੀ ਪਸੰਦ ਆਵੇ ਤਾਂ ਜਦ ਵੀ ਮਰਜ਼ੀ ਕਿਤਾਬ ਰੱਖ ਦਿਓ, ਜਾਂ ਮੇਰੇ ਸਫ਼ੇ ਪੜ੍ਹਨ ਤੋਂ ਬਿਨ੍ਹਾਂ ਅੱਗੇ ਤੁਰ ਜਾਇਓ! ਸ਼ਾਇਦ, ਅਮਾਈਮੀ ਦੀ ਸੋਚ ਦੀ ਕੁੱਝ ਆਪਣੀ ਦਿਲਚਸਪੀ ਹੋਵੇਗੀ! ਸ਼ਾਇਦ ਮੈਂ ਆਪਣੇ ਮਾਲਿਕ, ਸੱਸਾਕੀ ਬਾਰੇ ਵੀ ਕੁੱਝ ਜਾਣਦਾ ਹੋਵਾਂ! ਕਈ ਕਈ ਵਾਰੀ ਨਿੱਕਾ ਜਿਹਾ ਬਿਓਰਾਵਾਰ ਨੂੰ ਵੀ ਹਾਜ਼ਮ ਕਰਨ ਲਈ ਪਾਠਕ ਲਾਲਚੀ ਹੁੰਦਾ, ਹੈ ਨਾ? ਖੈਰ, ਜਿੱਦਾਂ ਤੁਹਾਨੂੰ ਦੱਸ ਕੇ ਹਟਿਆਂ, ਮੈਂ ਉੱਡ ਰਿਹਾ ਸੀ, ਅੰਬਰ'ਚ, ਬੱਦਲਾਂ ਨਾਲ਼, ਧਰਤੀ ਵੱਲ ਤੱਕਦਾ, ਸ਼ਿਕਾਰ ਨੂੰ ਟੋਲ਼ਦਾ। ਮੈਂ ਪੰਦਰਾਂ ਮੀਲ ਦੇ ਲਾਗੇ ਰੁੱਖਾਂ ਦੇ ਉੱਪਰ ਪਲਨਾਟ ਦਾ ਹਾਂ। ਮੇਰੀ ਤਿੱਖੀ ਨਜ਼ਰ ਧਰਤੀ ਤੇ ਗਹੁ ਨਾਲ਼ ਛਾਣਬੀਨ ਕਰ ਰਹੀ ਹੈ। ਮੇਰੀਆਂ ਅੱਖਾਂ ਤੁਹਾਡੇ ਖੀਣ ਨੈਣਾਂ ਤੋਂ ਜ਼ਿਆਦਾ ਸ਼ਕਤੀ ਵਾਲ਼ੀਆਂ ਨੇ! ਘਰ ਬਾਲੂ, ਸੱਸੇ ਅਤੇ ਮੂਸੇ ਵੀ ਇੰਨ੍ਹੀ ਉੱਚੀ ਵਾਟ ਤੋਂ ਹੀ ਵੇਖ ਲੈਂਦਾ ਹਾਂ, ਅਤੇ ਉਡਾਰੀ ਮਾਰ ਕੇ ਉਸ ਨੂੰ ਪੰਜਿਆਂ'ਚ ਫੜ੍ਹ ਕੇ ਉਸੇ ਹੀ ਵਕਤ ਥਾਂ ਤੇ ਮਾਰਦਾ ਹਾਂ। ਕਦੀ ਕਦੀ ਵੱਡੇ ਜਾਨਵਰ ਨੂੰ ਪੱਥਰ ਤੇ ਸੁੱਟ ਕੇ ਥਾਂ ਤੇ ਮਾਰਦਾ ਹਾਂ! ਕਈ ਢੰਗ ਆਉਂਦੇ ਹੈ ਮੈਨੂੰ ਬੇਲੀਓ!

ਹੁਣ ਮੇਰੀ ਨਜ਼ਰ ਇੱਕ ਸਹੇ ਤੇ ਟਿਕੀ ਹੈ।ਖੰਭ ਪਿੱਛੇ ਕਰਕੇ, ਸਿਰ ਤੀਰ ਵਾਂਗ ਕਰਕੇ, ਉਸ ਵੱਲ ਝਪਟ ਕੇ ਜਾਂਦਾ ਹੈ, ਜਿਵੇਂ ਨੇਜ਼ਾ ਜਾਂਦਾ ਹੈ ਠੀਕ ਨਿਸ਼ਾਨੇ ਤੇ। ਉਸ ਨੂੰ ਤਾਂ ਪਤਾ ਨਹੀਂ ਲੱਗਿਆ ਕਿ ਮੈਂ ਕਿੱਥੋਂ ਆ ਕੇ ਉਸ ਨੂੰ ਪੰਜਿਆਂ'ਚ ਫੜ੍ਹ ਲਿਆ ਹੈ। ਉਸਦੇ ਪਿਆਰੇ ਨਿੱਕੇ ਦਿਮਾਗ਼'ਚ ਬੱਸ ਆਸ ਪਾਸ ਦੇਖਣ ਦੀ ਹੀ ਸਮਰੱਥਾ ਹੈ, ਪਰ ਉੱਚੀ ਥਾਂ ਤੋਂ ਦਵਾ ਦਵ ਆਉਂਦਾ ਬਾਜ਼! ਮੇਰੇ ਤੇ ਇੱਕ ਦਮ ਝਪਟਿਆ, ਇਹ ਗੱਲ ਸੁੱਝੀ ਹੀ ਨਹੀਂ ਹੋਣੀ ਉਸਨੂੰ।ਮੇਰੇ ਪੰਜੇ ਬਹੁਤ ਤਿੱਖੇ ਨੇ।ਪੰਜਿਆਂ ਨਾਲ਼ ਉਸਦੇ ਚਿੱਟੇ ਸਰੀਰ ਨੂੰ ਵੱਢ ਕੇ ਲਹੂ ਨਾਲ਼, ਲਾਲ ਲਾਲ ਕਰ ਦਿੱਤਾ ਹੈ। ਹੁਣ ਉਸ ਦੀ ਮਰੀ ਲਾਸ਼ ਬੇਜਾਨ ਲਮਕਦੀ ਮੇਰੇ ਪੰਜਿਆਂ ਦੀ ਪਕੜ ਵਿੱਚ ਹੈ। ਇਸ ਕਰਕੇ ਤਾਂ ਸੱਸਾਕੀ ਦੇ ਹੱਡਾਂ ਵਿੱਚ ਪਾਰਾ ਬਣਕੇ ਰਚ ਗਿਆ ਹਾਂ ਮੈਂ। ਉਹ ਤਾਂ ਹਰ ਰੋਜ਼ ਗਹੁ ਨਾਲ਼ ਮੇਰੇ ਤਰੀਕੇ ਤਸ਼ਖੀਸ ਕਰਦਾ ਹੈ। ਖਗੋਲ ਤੋਂ, ਦਰਖਤਾਂ ਵਿੱਚਾਲੇ ਸਾਫ਼ ਦਿੱਸਦਾ ਹੈ, ਉਹ ਆਵਦੀ ਤਲਵਾਰ, ਕੱਤਾਨੇ, ਨਾਲ਼ ਡੱਕੇ ਡੋਲੇ ਖਾਂਦਾ ਮੇਰੀਆਂ ਉਡਾਰੀਆਂ ਦੀ ਰੀਸ ਕਰਦਾ।ਉਸੇ ਕੱਤਾਨੇ ਨਾਲ਼ ਪਰਹਾਰ ਚਲਾਉਂਦਾ! ਹਰ ਇੱਕ ਪੰਛੀ ਵੱਲ ਧਿਆਨ ਨਾਲ਼ ਵੇਖਦਾ ਹੈ, ਖਾਸ ਮੇਰੀਆਂ ਉਡਾਰੀਆਂ ਵੱਲ। ਸੋ ਇਹ ਹੈ ਉਹ ਨਿੱਕਾ ਜਿਹਾ ਬਿਓਰਾਵਾਰ, ਜਿਸ ਬਾਰੇ ਹੁਣ ਤੁਹਾਨੂੰ ਪੂਰਾ ਪਤਾ ਲੱਗ ਗਿਆ ਹੋਵੇਗਾ। ਇਹ ਹੈ ਉਸ ਦਾ ਇੱਕੋ ਇੱਕ ਟੀਚਾ ਕਿ ਕੁੱਝ ਵੀ ਹੋਵੇ ਮਿਯਾਮੋਤੋ ਮੁਸਾਸ਼ੀ ਨੂੰ ਮਾਰਨਾ ਹੈ।

ਸਹੇ ਦੀ ਲੋਥ ਮੈਂ ਹੁਣ ਸੱਸਾਕੀ ਕੋਲ ਲੈ ਕੇ ਜਾਂਦਾ ਹਾਂ।ਉਹ ਖ਼ੁਸ਼ ਹੈ ਕਿ ਮੈਂ ਸ਼ਿਕਾਰ ਕਰਨ'ਚ ਕਾਮਯਾਬ ਹਾਂ। ਮੈਂ ਉਸਦੇ ਦਿੱਤੇ ਦਸਤੇ ਤੇ ਆ ਬੈਠਦਾ ਹਾਂ। ਸਹੇ ਦੇ ਕਲੇਜੇ ਨੂੰ ਤਾਂ ਧੱਕ ਧੱਕ ਕਰਨ ਦਾ ਮੌਕਾ ਵੀ ਨਹੀਂ ਮਿਲਿਆ ਕਿਉਂਕਿ ਮੈਂ ਉਸ ਨੂੰ ਫਟਾ ਫਟ ਟਿਕਾਣੇ ਲਾ ਦਿੱਤਾ ਸੀ।ਦੇਖ ਲੈ ਮੇਰੇ ਮਾਲਿਕ! ਦੇਖ ਕਿਵੇਂ ਮੈਂ ਸ਼ਿਕਾਰ ਕਰਦਾ ਹਾਂ! ਹੁਣ ਤੁਹਾਨੂੰ ਵੀ ਉਸ ਦਿਨ, ਸਾਹਮਣਾ ਕਰਨਾ ਪੈਣਾ ਉਸ ਮੁਸਾਸ਼ੀ ਦਾ। ਇੰਝ ਹੀ ਮਾਰਨਾ ਜਿਵੇਂ ਮੈਂ ਇਸ ਸਹੇ ਨੂੰ ਮਾਰਿਆ ਹੈ। ਇੱਕ ਦਮ। ਇੱਕ ਹੀ ਗਲਤੀ ਨਾਲ਼ ਸ਼ਿਕਾਰ ਹੱਥੋਂ ਨਿਕਲ਼ ਜਾਂਦਾ ਹੈ! ਉਂਝ ਇੱਕ ਗੱਲ ਸੱਚ ਹੈ। ਮੈਂ ਤਾਂ ਸਹੇਆਂ ਦਾ ਸ਼ਿਕਾਰ ਕੀਤਾ। ਤੂੰ ਤਾਂ ਸਿੰਗ ਫਸਾਉਂਣੇ ਨੇ, ਸੋ ਬਰਾਬਰ ਦੀ ਗੱਲ ਵੀ ਹੋ ਸਕਦੀ ਹੈ।ਅਸਮਾਨ ਤੋਂ ਉਸ ਨੂੰ ਵੀ ਦੇਖਿਆ ਹੈ ਮੈਂ, ਹਰ ਰੋਜ਼ ਤਿਆਰੀਆਂ ਕਰਦੇ ਨੂੰ। ਬਚ ਕੇ ਰਹਿਣਾ! ਸੱਚ ਮੁੱਚ ਉਸ ਨੂੰ ਵੀ ਕੱਤਾਨੇ ਦੀ ਬਾਜ਼ੀ ਆਉਂਦੀ ਹੈ। ਤੇਰੀ ਬਰਾਬਰੀ ਕਰ ਸਕਦਾ! ਮੈਂ ਦੱਸਣ ਦੀ ਕੋਸ਼ਿਸ਼ ਕਰਦਾ, ਪਰ ਚੁੰਝ ਤੋਂ ਜਿਹੜੀ ਬੋਲੀ ਨਿਕਲ਼ਦੀ ਉਸਦੇ ਪੱਲੇ ਤਾਂ ਪੈਂਦੀ ਹੀ ਨਹੀਂ ਹੈ।ਮਿਯਾਮੋਤੋ ਹਰ ਦਿਨ ਸ਼ਰਾਬੀ ਨਹੀਂ ਹੁੰਦਾ।ਉਹ ਵੀ ਤੁਹਾਡੇ ਵਾਂਗ ਤਿਆਰੀਆਂ ਹੀ ਕਰ ਰਿਹਾ ਏ!

ਹੁਣ ਮਿਯਾਮੋਤੋ ਬਾਰੇ ਚਿਤਾਵਨੀ ਤਾਂ ਦੇ ਦਿੱਤੀ ਹੈ। ਹੁਣ ਉਸਦੀ ਮਰਜ਼ੀ ਚੰਗਾ ਹੈ ਜੇ ਮੇਰੀ ਗੱਲ ਨੂੰ ਸਮਝੇ ਤੇ ਪਰਵਾਹ ਕਰੇ!

# ਨਸ਼ੇਬਾਜ਼

੨੦੧੫

侍

ਟੀਵੀ ਚਲ ਰਿਹਾ ਹੈ।

ਮੈਂ ਟੀਵੀ ਤੇ ਇੱਕ ਜਪਾਨੀ ਫਿਲਮ ਵੇਖ ਰਿਹਾ ਹਾਂ, ਜਿਹੜੀ ਟੀਟੂ ਨੇ ਮੈਨੂੰ ਇੰਟਰਨੈਟ ਤੋਂ ਬੇਜਾਬਤਾ ਉਤਾਰ ਕੇ ਦਿੱਤੀ ਹੈ। ਨਾਂ ਤਾਂ ਇਸ ਵੇਲੇ ਯਾਦ ਨਹੀਂ। ਪਰ ਚਿਲਮਨ ਤੇ ਇੱਕ ਅਦਾਕਾਰ ਆਵਦੀ ਤਲਵਾਰ ਨੂੰ ਬਹੁਤ ਫੁਰਤੀ ਚਲਾ ਰਿਹਾ ਹੈ। ਜੋ ਇੰਨ੍ਹੀ ਜੋਰ ਨਾਲ਼ ਚਲਾ ਰਿਹਾ ਹੈ ਕਿ ਬੱਸ ਇੱਕੋਂ ਵਾਰ ਨਾਲ਼ ਹੀ ਕਿਸੇ ਦੀ ਬਾਂਹ ਕੱਟ ਰਿਹਾ ਹੈ, ਕਿਸੇ ਦੀ ਧੌਣ ਕੱਟਰਿਹਾ ਹੈ। ਆਹੋ, ਯਾਦ ਆਇਆ, ਅਦਾਕਾਰ ਦਾ ਨਾਂ ਤੋਸ਼ੀਰੋ ਮੀਫੂਨ ਹੈ।ਤੇ ਫਿਲਮ ਇੱਕ ਸਮੁਰਾਈ ਵਾਲੀ ਪਿਕਚਰ ਹੈ...ਆਹੋ...ਮੁਸਾਸ਼ੀ ਦੀ! ਖ਼ੈਰ ਇਸ ਵੇਲੇ ਮੇਰਾ ਜ਼ਿਆਦਾ ਧਿਆਨ ਮੂਵੀ ਵੱਲ ਨਹੀਂ ਹੈ। ਮੈਂ ਇਕੱਲਾਂ ਹੀ ਹਾਂ ਕਮਰੇ'ਚ। ਮੇਰੇ ਸਾਹਮਣੇ, ਮੇਜ਼ ਤੇ ਕਰੈਕ, ਭੰਗ ਅਤੇ ਹੋਰ ਨਸ਼ੀਲੀਆਂ ਵਸਤੂਆਂ ਪਈਆਂ ਨੇ। ਜੋ ਜੈਲ੍ਹੀ ਨੇ ਦਿਵਾਈਆਂ ਹਨ ਮੈਨੂੰ। ਮੇਰਾ ਮਸੇਰਾ ਓਹ ਸਾਲ਼ਾ ਤੋਚੀ ਹੈ।ਜਦ ਵੀ ਸਾਡੇ ਪਿੰਡ ਆਉਂਦਾ ਹੈ, ਮੈਨੂੰ ਮੇਰੇ ਅੱਬਾ ਅੰਮਾਂ ਸਾਹਮਣੇ ਨਿਕੰਮਾ, ਬੇਕਾਰ ਆਖਦਾ। ਕਹਿੰਦਾ ਹੈ ਕਿ ਇਹ ਸਭ ਗੌਰਮਿੰਟ ਦੀ ਚਾਲ ਹੈ ਪੰਜਾਬ ਦੇ ਨੌਜਵਾਨਾਂ ਨੂੰ ਇਸ ਪਾਸੇ ਲਾਈ ਰੱਖਣ ਦੀ। ਸਾਲਾ ਵੱਡਾ ਸਿਆਣਾ! ਅੱਬਾ ਖਿੱਝ ਕਿ ਮੇਰੇ ਨਾਲ਼ ਦੋ ਚਾਰ ਹੋ ਜਾਂਦਾ। ਪਰ ਹੁਣ ਤੋਚੀ ਜਦੋਂ ਦਾ ਦਿੱਲੀ ਗਿਆ, ਉਹ ਇੰਨ੍ਹਾਂ ਬਿਜ਼ੀ ਹੁੰਦਾ, ਕਿ ਕੇਵਲ ਮਸਾਂ ਆਪਣੇ ਮਾਂ-ਪਿਉ ਨੂੰ ਮਿਲਣ ਹੀ ਆਪਣੇ ਪਿੰਡ ਕੋਟ ਕਰੋੜ ਖੁਰਦ ਜਾਂਦਾ। ਅੱਜ ਅੱਬਾ ਖੇਤ ਜਾਣ ਤੋਂ ਬਾਅਦ ਸਿੱਧਾ ਠੇਕੇ ਗਿਆ ਹੈ ਅਤੇ ਅੱਮਾਂ ਤੇ ਰਾਣੀ ਨਾਲ਼ ਦੇ ਪਿੰਡ ਗਏ ਨੇ। ਸੋ ਜੈਲ੍ਹੀ ਦੀਆਂ ਦਿੱਤੀਆਂ ਮਠਿਆਈਆਂ ਦਾ ਪੂਰਾ ਅੰਨਦ ਲੈ ਰਿਹਾ ਹਾਂ।

ਮੈਨੂੰ ਕੀ ਫਰਕ ਪੈਂਦਾਂ ਏ ਜੇ ਮੇਰੇ ਕੋਲ਼ ਨੌਕਰੀ ਨਹੀਂ ਹੈ ਤਾਂ? ਮੇਰੇ ਅੱਬਾ ਕੋਲ਼ ਬਥੇਰੇ ਪੈਸੇ ਜਮ੍ਹਾ ਕੀਤੇ ਹੋਏ ਨੇ ਜੋ ਮੈਥੋਂ ਖਾਧੇ ਪੀਤੇ ਨਹੀਂ ਮੁੱਕਣੈ। ਭੈਣ ਨੂੰ ਤਾਂ ਉਨ੍ਹਾਂ'ਚੋਂ ਕੁੱਝ ਮਿਲਣਾ ਨਹੀਂ ਹੈ! ਬੱਸ ਮੇਰੇ ਹੀ ਨੇ! ਨੌਕਰੀਆਂ ਤਾਂ ਅੱਜ ਕੱਲ੍ਹ ਮਿਲਦੀਆਂ ਵੀ ਨ੍ਹੀ! ਇਹ ਸਾਲ਼ੇ ਬ੍ਰਈਆਂ ਨੇ ਜੱਟਾਂ ਦਾ ਨਮਕ ਖਾਧਾ! ਹੁਣ ਹੋਰ ਜਾਤਾਂ ਨੂੰ ਚਾਲੀ ਪਰਸੈਂਟ ਦਿੰਦੇ ਆ, ਤੇ ਅਸੀਂ ਘਰ ਮੱਖੀਆਂ ਮਾਰ ਰਹੇ ਹਾਂ! ਫਿਰ ਮੇਰੇ ਵਰਗੇ ਨੂੰ ਕੰਮ ਕਿੱਥੋਂ ਮਿਲਣਾ ਹੂੰ? ਭਾਹਰ ਤੋਂ ਅਮਰੀਕਾ ਜਾਣ ਲਈ ਅੱਬਾ ਨਹੀਂ ਚੁਆਨੀ ਖਰਚਦਾ! ਜਿੰਮ੍ਹੀਦਾਰ ਦਾ ਪੁੱਤਰ ਹਾਂ ਮੈਂ! ਕਿਉਂ ਲੱਗਾਂ ਦਫ਼ਤਰ ਵਿੱਚ ਕਿਸੇ ਦਾ ਨੌਕਰ? ਕਿਉਂ? ਮੈਨੂੰ ਕੀ ਲੋੜ ਹੈ? ਇਸ ਕੰਮ ਲਈ ਤਾਂ ਸਾਲੇ ਬ੍ਰਈਆਂ ਨੂੰ ਛੱਡਣਾ ਚਾਹੀਦਾ, ਸਾਡੇ ਪੰਜਾਬ ਵਿੱਚ! ਇੱਕ ਦਿਨ ਰਾਣੀ ਦਾ ਵਿਆਹ ਵੀ ਕਰਨਾ ਹੈ! ਪਰ ਮੇਰੇ ਵਰਗੇ ਦਾ ਵਿਆਹ ਕਿਵੇਂ ਹੋਊ? ਇੱਥੇਂ ਤਾਂ ਹਰ ਕੁੜੀ ਬਾਹਰ ਜਾਣ ਲਈ ਕਾਹਲ਼ੀ ਹੈ! ਪਤਾ ਨ੍ਹੀਂ ਕੀ ਭੂਤ ਸਵਾਰ ਹੋਇਆ ਹਰ ਕੁੜੀ ਆਵਦਾ ਵਿਆਹ ਸਮੁੰਦਰੋਂ ਪਾਰ ਹੀ ਕਰਵਾਉਣਾ ਚਾਹੁੰਦੀ ਹੈ! ਹੁਣ ਦੱਸੋਂ ਮੇਰੇ ਵਰਗਿਆਂ ਲਈ ਕੀ ਰਿਹਾ ਇੱਥੇਂ? ਬੱਸ ਇਹ ਸਭ ਕੁੱਝ ਨੂੰ ਭੁਲਾਉਣ ਲਈ ਹੀ ਨਸ਼ੇ ਦਾ ਸਹਾਰਾ ਲੈਂਦਾ ਹਾਂ ਮੈਂ ਬੱਸ ਹੁਣ ਤਾਂ ਇਸ'ਚੋਂ ਹੀ ਆਰਾਮ ਮਿਲਦਾ ਜਦ ਹਸੀਸ, ਕੌਕੀਨ ਜਾਂ ਭੰਗ ਖਾਂਧਾ ਹਾਂ! ਕਿਉਂ ਨਾ ਖਾਵਾਂ? ਦੁੱਖ ਦੂਰ ਹੋ ਜਾਂਦਾ ਏ! ਥੋੜ੍ਹੇ ਚਿਰ ਲਈ ਇਹ ਸਭ ਕੁੱਝ ਭੁੱਲ ਜਾਂਦਾ ਏ! ਕੀ ਮੈਂ ਕਿਸੇ ਹੋਰ ਦਾ ਨੁਕਸਾਨ ਕਰ ਰਿਹਾ ਹਾਂ? ਬਿਲਕੁਲ ਨਹੀਂ। ਤੋਚੀ ਕਹਿ ਰਿਹਾ ਸੀ ਕਿ ਮੇਰੇ ਵਰਗਿਆ ਨੇ ਪੰਜਾਬ ਨੂੰ ਥੱਲੇ ਲ੍ਹਾ ਦਿੱਤਾ? ਪਾਗਲ ਤਾਂ ਉਹ ਹੈ! ਜੋ ਇਹ ਕਹਿ ਰਿਹਾ ਸੀ ਕਿ ਅਸੀਂ ਹੱਕਾਂ ਲਈ ਲੜਨਾ ਦਾ ਚੇਤਾ ਭੁਲਾ ਦਿੱਤਾ, ਕਿਉਂਕਿ ਅਸੀਂ ਸਾਰੇ ਨਸ਼ੇਬਾਜ਼ ਹਾਂ ਅਤੇ ਹੁਣ ਕੇਂਦਰ ਸਾਨੂੰ ਇੰਝ ਰੱਖਣ'ਚ ਖ਼ੁਸ਼ ਹੈ। ਪਰ ਮੈਨੂੰ ਤਾਂ ਨਹੀਂ ਇੰਦਾਂ ਲੱਗ ਰਿਹਾ। ਆਪਣਾ ਪੰਜਾਬ ਤਾਂ ਬਈ ਪੈਸਿਆਂ'ਚ ਖੇਡਦਾ ਏ! ਹੋਰ ਕੀ ਚਾਹੀਦਾ? ਜੈਲ੍ਹੀ ਨੂੰ ਉਡੀਕ ਕੇ ਕੀ ਕਰਨਾਂ? ਮੈਂ ਤਾਂ ਤਿੰਨ ਹੀ ਨਸ਼ਿਆਂ ਨੂੰ ਹੁਣੇ ਈ ਸਰੀਰ'ਚ ਪਾ ਲੈਂਦਾ! ਕਰੈਕ ਨੂੰ ਲੈਣ ਲਈ ਮੇਜ਼ ਤੇ ਇੱਕ ਚਿਮਚਾ ਅਤੇ ਮੋਮ ਬੱਤੀ ਹੈ। ਮੈਂ ਜੈਲ੍ਹੀ ਦੇ ਦਿੱਤੇ ਹੋਏ ਕੌਕੀਨ ਨੂੰ ਚਿਮਚੇ'ਚ ਪਾਕੇ, ਅਤੇ ਉਸਨੂੰ ਮੋਮ ਬੱਤੀ ਦੀ ਲਾਟ ਉੱਤੇ ਰੱਖਦਾ ਹਾਂ। ਇੱਕ ਚੁਰਟ ਦੇ ਲਾਈਟਰ ਨਾਲ਼ ਹੋਰ ਗਰਮ ਕਰ ਕੇ ਬੈਕਿੰਗ ਪਾਊਡਰ ਵਿੱਚ ਘੋਲ਼ਕੇ ਬੀੜੀ ਵਿੱਚ ਭੰਗ ਨਾਲ਼ ਵੇਲਕੇ ਪੀਣ ਲੱਗਦਾ ਹਾਂ। ਲਾਈਟਰ ਨਾਲ਼ ਬਾਲਦਾ ਹਾਂ ਉਸਨੂੰ। ਆਹੋ, ਹੁਣ ਮੈਂ ਆਪਣੇ ਆਪ ਤੋਂ ਦੂਰ ਚਲਾ ਗਿਆ ਹਾਂ! ਦੁਨੀਆ ਤੋਂ ਵੀ ਦੂਰ ਦੂਰ ਦੂਰ, ਹੋਰ ਦੂਰ ਦੂਰ ਚਲਾ ਗਿਆ!

ਕੰਧ ਤੇ ਸ਼ੀਸ਼ਾ ਲੱਗਾ ਹੈ ਜਿਸ'ਚੋਂ ਮੈਨੂੰ ਆਵਦਾ ਪਰਛਾਵਾਂ ਦਿੱਸ ਰਿਹਾ ਹੈ। ਉਸ ਵਿੱਚੋਂ ਧੂੰਆਂ ਦਿਸ ਰਿਹਾ ਹੈ ਪਿੱਛੋਂ; ਅੱਖਾਂ ਟੱਡੀਆਂ ਗਈਆਂ, ਜਿਸਮ ਪਹਿਲਾਂ ਨਾਲੋਂ ਭਖ ਰਿਹਾ ਅਤੇ ਧੜਕਣ ਤੇਜ ਤੇਜ ਚਲ ਰਹੀ ਹੈ। ਡੋਲ਼ੇ ਝੰਜੋੜਦੇ ਨੇ। ਪਰ ਹੁਣ ਮੇਰਾ ਮਨ ਬਹੁਤ ਖ਼ੁਸ਼ ਹੈ। ਮੈਂ ਤਾਂ ਦੂਰ ਦੂਰ ਦੂਰ ਦੂਰ ਦੂਰ ਦੂਰ ਚਲੇ ਗਿਆ ਹਾਂ! ਭੁੱਖ ਮਰ ਗਈ, ਨੀਂਦ ਉੱਡ ਗਈ, ਹਾਂ ਹੁਣ ਮੈਂ ਆਪਣੇ ਆਪ'ਤੇ ਬਹੁਤ ਯਕੀਨ ਕਰ ਰਿਹਾ ਹਾਂ ਕਿ ਮੈਂ ਜੋ ਮਰਜ਼ੀ ਕਰ ਸਕਦੈ, ਕੁੱਝ ਵੀ! ਤੋਚੀ ਤਾਚੀ ਡਿੱਗੇ ਡੂੰਠੇ ਖੂਹ'ਚ! ਮੇਰਾ ਭਰੋਸਾ ਬਹੁਤ ਵੱਧ ਗਿਆ ਹੈ! ਕੁੱਝ ਵੀ ਕਰ ਸਕਦੈ! ਕੁੱਝ ਵੀ! ਪਹਿਲੀ ਵਾਰ ਤਾਂ ਮੈਂ ਤਾਂ ਤਿੰਨ ਦਿਨ, ਦਿਨ ਰਾਤ'ਚੋਂ ਇੱਕ ਮਿੰਟ ਵੀ ਨਹੀਂ ਸੁੱਤਾ ਸੀ! ਹਾਂ! ਹੁਣ ਮੇਰੀ ਜੇਬ'ਚ ਇੱਕ ਗੋਲੀ ਵੀ ਹੈ! ਉਹ ਵੀ ਹਜ਼ਮ ਕਰ ਲਈ। ਹੁਣ ਬਾਰੀਆਂ ਖੋਲ੍ਹਦਾ, ਧੂੰਏ ਨੂੰ ਬਾਹਰ ਕੱਢਣ ਲਈ। ਮੈਂ ਤਿਆਰ ਹਾਂ ਇਸ ਰਾਤ ਪੂਰਾ ਅੰਨਦ ਲੈਣ ਲਈ! ਮੇਜ਼ ਤੋਂ ਸਮਾਨ ਚੁੱਕ ਕੇ ਲੁਕੋਂਦਾ ਹਾਂ। ਇਹ ਸਾਲੀ ਗੋਲੀ'ਚ ਪਤਾ ਨਹੀਂ ਕੀ ਹੈ? ਅੱਜ ਬਿਲਕੁਲ ਵੱਖਰਾ ਹੋਰ ਹੀ ਅਸਰ ਹੈ? ਮੇਰੀਆਂ ਅੱਖਾਂ ਟੀਵੀ ਵੱਲ

ਜਾਂਦੀਆਂ ਨੇ। ਉਸ ਜਪਾਨੀ ਫਿਲਮ ਵੱਲ। ਓ ਰੱਬਾ! ਇਹ ਕੀ ਹੋ ਰਿਹਾ ਹੈ? ਪਤਾ ਨਹੀਂ ਉਸ ਗੋਲੀ ਵਿੱਚ ਕੀ ਪਾਇਆ ਹੈ! ਜੈਲ਼ੀ ਨੇ ਕੁੱਝ ਏਲਏਸਡੀ ਬਾਰੇ ਕਿਹਾ ਸੀ। ਸਿਰ ਘੁੰਮ ਰਿਹਾ ਹੈ।

ਕਮਰਾ ਘੁੰਮ ਰਿਹਾ ਹੈ।ਮੇਰੀ ਅਕਲ, ਦੂਰ ਦੂਰ ਦੂਰ ਦੂਰ ਦੂਰ ਦੂਰ ਦੂਰ ਦੂਰ ਦੂਰ...ਜਾ ਰਹੀ ਹੈ! ਇਹ ਕੀ ਹੋ ਰਿਹਾ ਹੈ! ਉਹ ਜਪਾਨੀ ਤਾਂ ਟੀਵੀ'ਚੋਂ ਨਿਕਲ਼ ਕੇ ਕਮਰੇ'ਚ ਆ ਖੜੋਤਾ ਏ! ਉਸ ਦਾ ਰੰਗ ਹਾਲੇ ਫਿਲਮ ਵਾਂਗ ਕਰੋਮ ਕਾਲਾ ਚਿੱਟਾ ਹੈ! ਜਿਸ ਤਰ੍ਹਾਂ ਫਿਲਮ ਦਾ ਪੁਰਾਣਾ ਬਲੈਕ ਵਾਈਟ ਹੈ, ਉਹ ਹੈ! ਉਸ ਦ ਹੱਥ'ਚ ਜਪਾਨੀ ਤਲਵਾਰ ਹੈ! ਮੇਰੇ ਵੱਲ ਵੱਧ ਰਿਹਾ ਹੈ, ਸਾਲਾ ਕੋਈ ਭੂਤ ਲੱਗਦਾ! ਅੱਜ ਪਹਿਲੀ ਵਾਰ ਦਿਮਾਗ਼ ਹਿੱਲ ਗਿਆ ਲੱਗਦਾ ਮੇਰਾ! ਇਹ ਤਾਂ ਅਣਹੋਣੀ ਗੱਲ ਹੈ! ਉਹ ਜਪਾਨੀ ਬੋਲੀ'ਚ ਦਬਕੇ ਮਾਰਕੇ ਕਹਿ ਰਿਹਾ ਹੈ ਕੁੱਝ ਮੈਨੂੰ! ਤੋਸ਼ੀਰੋ ਮੀਫੂਣ, ਮੇਰੀ ਬੈਠਕ ਵਿੱਚ ਆਇਆ ਖੜ੍ਹਾ ਹੈ! ਮੁਸਾਸ਼ੀ ਦੇ ਰੂਪ ਵਿੱਚ। ਸਾਲੇ ਜੈਲ਼ੀ ਨੇ ਇਹ ਕੀ ਬਲਾ ਦੇ ਦਿੱਤਾ ਮੈਨੂੰ ਐਤਕੀ! ਮੈਂ ਕਮਰੇ'ਚੋਂ ਬਾਹਰ ਦੌੜ ਰਿਹਾ ਅਤੇ ਉਹ ਭੂਤ ਮੇਰੇ ਮਗਰ ਭੱਜ ਰਿਹਾ, ਤਲਵਾਰ ਇੱਧਰ ਉੱਧਰ ਮਾਰ ਰਿਹਾ! ਮੈਂ ਬਾਹਰ ਦਰਾਂ'ਚ ਆ ਪੁੱਜਾ। ਉਹ ਦਰਵਾਜ਼ੇ ਤੋਂ ਗਾਂਹ ਨਹੀਂ ਵੱਧਦਾ। ਲੱਗਦਾ ਇਸ ਤੋਂ ਅੱਗੇ ਨਹੀਂ ਆ ਸਕਦਾ ਸਾਲਾ! ਮੇਰੇ ਵੱਲ ਘੂਰ ਘੂਰ ਕੇ ਦੇਖਦਾ। ਮੈਂ ਹੱਸਕੇ ਉਸ ਵੱਲ ਉਂਗਲੀ ਕਰਦਾ। ਹੁਣ ਮੈਂ ਸਾਡੇ ਵੇੜ੍ਹੇ'ਚ ਖੜ੍ਹਾ ਹਾਂ। ਚੱਕਰ ਆ ਰਹੇ ਨੇ।ਉਲਟੀ ਆ ਜਾਂਦੀ।ਖਾਦਾ ਪੀਤਾ ਬਾਹਰ ਆ ਡੁੱਲ਼ਦਾ ਜਿਵੇਂ ਫੁਹਾਰੇ'ਚੋਂ ਪਾਣੀ ਬਾਹਰ ਆਉਂਦਾ ਹੁੰਦਾ। ਆਪਣੇ ਆਪ ਤੋਂ ਦੂਰ ਦੂਰ ਦੂਰ ਦੂਰ ਦੂਰ ਦੂਰ ਦੂਰ ਦੂਰ ਦੂਰ ਹੋ ਗਿਆ ਹਾਂ।ਊਲ ਜਲੂਲ ਸੋਚਾ ਦਿਮਾਗ਼'ਚ ਲੰਘ ਰਹੀਆਂ ਨੇ; ਬੇ ਸਿਰ ਪੈਰ ਵਾਕ ਹੁਣ ਬਕ ਰਿਹਾ ਹਾਂ ਮੈਂ।

ਜਦ ਫਿਰ ਅੱਖਾਂ ਖੁੱਲ਼ੀਆਂ ਤਾਂ ਉੱਪਰ ਸਾਫ਼ ਆਸਮਾਨ ਸ਼ਾਂਤੀ ਦੇ ਰਿਹਾ ਸੀ। ਮੈਂ ਸਿੱਧਾ ਪਿਆ ਸੀ ਜੈਲ਼ੀ ਦੀ ਜੀਪ ਵਿੱਚ।ਇੱਥੇਂ ਕਿਵੇਂ ਪਹੁੰਚਿਆਂ, ਮੈਨੂੰ ਕੁੱਝ ਪਤਾ ਨਹੀਂ, ਕੋਈ ਸਮਝ ਨਹੀਂ ਸੀ। ਸੋਚਣ ਸਮਝਣ ਤੋਂ ਬਿਨ੍ਹਾਂ ਮੈਂ ਫਿਰ ਬਕਣਾ ਲੱਗ ਪਿਆ ਉਸ ਸਮੁਰਾਈ ਬਾਰੇ, ਜਿਹੜਾ ਟੀਵੀ ਦੇ ਚਿਲਮਨ'ਚੋਂ ਪੈਰ ਕੱਢ ਕੇ, ਤੇ ਫਿਰ ਹੱਥ ਸਿਰ ਕੱਢ ਕੇ ਬਾਹਰ ਦੁਨੀਆ'ਚ ਆ ਗਿਆ ਸੀ। ਜੋ ਸਾਡੇ ਬੈਠਕ ਵਿੱਚ ਆ ਖੜ੍ਹਾ ਸੀ! ਪਰ ਮੇਰੀ ਬੁੜਬੁੜ ਵੱਲ ਕਿਸੇ ਨੇ ਕੋਈ ਧਿਆਨ ਨਾ ਦਿੱਤਾ। ਮੈਂ ਆਵਦਾ ਸਿਰ ਘੁੰਮਾਕੇ ਸਾਹਮਣੇ ਵੇਖਿਆ।ਜੈਲ਼ੀ ਜੀਪ ਚਲਾ ਰਿਹਾ ਸੀ ਅਤੇ ਉਸਦੇ ਬਰਾਬਰ ਮੂਹਰੇ ਟੀਟੂ ਬੈਠਾ ਸੀ ਜੋ ਹੱਸਦਾ ਹੋਇਆ ਸ਼ਰਾਬ ਪੀ ਰਿਹਾ ਸੀ, ਉਹ ਵੀ ਸੁੱਕੀ, ਸਿੱਧੀ ਬੋਤਲ ਮੂੰਹ ਲਾਕੇ। ਕੋਈ ਸੁਰਤ ਨਹੀਂ ਉਹ ਕਦੋਂ ਮੇਰੇ ਘਰੇ ਆ ਕੇ ਵੇੜ੍ਹੇ'ਚੋਂ ਮੈਨੂੰ ਚੱਕ ਕੇ ਇੰਝ ਜੀਪ ਦੇ ਪਿੱਛੇ ਪਾ ਕੇ ਸੈਰ ਕਰਨ ਲੱਗ ਪਏ ਸਨ। ਅੱਖਾਂ ਮੀਟ ਕੇ ਹਵਾ ਸੁੰਙੀ। ਫਿਰ ਜਦ ਹੋਸ਼ ਆਈ ਤਾਂ ਵੇਖਿਆ ਕਿ ਕੁੱਝ ਕੁੜੀਆਂ ਸੜਕ ਤੇ ਤੁਰ ਰਹੀਆਂ ਸਨ ਤੇ ਟੀਟੂ ਤੇ ਜੈਲ਼ੀ ਉਨ੍ਹਾਂ ਨੂੰ ਛੇੜਦੇ ਸੀ। ਮੈਂ ਵੀ ਸੀਟ ਤੇ ਸਿੱਧਾ ਹੋ ਕੇ ਉਨ੍ਹਾਂ ਨਾਲ਼ ਪਟੋਲਿਆਂ ਨੂੰ ਵੀ ਛੇੜਨ ਲੱਗ ਪਿਆ।ਮੇਰੀ ਭੈਣ ਰਾਣੀ ਵੀ ਉਨ੍ਹਾਂ'ਚ ਹੋ ਸਕਦੀ ਹੈ, ਪਰ ਇਹ ਗੱਲ ਤਾਂ ਮੇਰੇ ਹੁਣ ਪਲੇ ਨਹੀਂ ਸੀ। ਇੱਕ ਵਾਰ ਤਾਂ ਜੈਲ਼ੀ ਨੇ ਜੀਪ ਉਨ੍ਹਾਂ ਕੋਲ਼ ਜਾ ਰੋਕੀ ਤੇ ਫਿਰ ਮੈਂ ਤੇ ਟੀਟੂ ਦੋਨੋਂ ਜੀਪ'ਚੋਂ ਉਤਰੇ ਤੇ ਤਿੰਨਾਂ ਕੁੜੀਆਂ ਨੂੰ ਘੇਰਨ ਲੱਗ ਪਏ। ਪਰ ਅਸੀਂ ਤਾਂ ਨਸ਼ੇ'ਚ ਅੰਨ੍ਹੇ ਹੋਣ ਕਰਕੇ...ਪਤਾ ਨਹੀਂ ਕੀ ਹੋਇਆ...ਖਣੀ ਇੱਕ ਨੇ ਮੇਰੇ ਚਪੇੜ ਵੀ ਜੜੀ...ਯਾਦ ਨ੍ਹੀਂ। ਹੁਣ ਮੈਂ ਕਿਸੇ ਢਾਬੇ ਵਿੱਚ ਬੈਠਾ ਹਾਂ ਜੈਲ਼ੀ ਬਾਹਰ ਮੂਤ ਕਰ ਰਿਹਾ ਅਤੇ ਟੀਟੂ...ਪਤਾ ਨਹੀਂ, ਹਾਲੇ ਉਸ ਏਲਏਸਡੀ ਦੇ ਅਸਰ...ਹਾਏ...!..ਹਾਏ! ਬਹੁਤ ਦੂਰ ਦੂਰ ਦੂਰ ਦੂਰ ਦੂਰ ਦੂਰ ਦੂਰ ਦੂਰ ਦੂਰ ਦੂਰ ਦੂਰ ਦੂਰ ਹਾਂ ਆਪਣੇ ਆਪ ਤੋਂ। ਬਹੁਤ ਖ਼ੁਸ਼ ਸੀ। ਪਰ ਹੁਣ ਨਹੀਂ। ਹੁਣ ਨਹੀਂ ਖ਼ੁਸ਼ ਹਾਂ।

ਹੁਣ ਕਿਸੇ ਮੰਜੇ ਤੇ ਲੇਟਿਆ ਹੋਇਆ ਹਾਂ। ਇਹ ਵੀ ਪਤਾ ਨਹੀਂ ਕਿਸਦੇ ਘਰ'ਚ ਹਾਂ। ਮੈਂ ਆਵਦੇ ਸਰੀਰ ਨੂੰ ਹਿਲਾ ਨਹੀਂ ਸਕਦੈ! ਪਿੰਡਾ ਕੰਭ ਰਿਹਾ ਹੈ। ਠੰਢ ਬਹੁਤ ਲੱਗ ਰਹੀ ਹੈ...ਰਾਣੀ ਦਾ ਵਿਆਹ...ਅੱਬਾ ਅੰਮੀ ਘਰ ਆ ਗਏ?...ਜੈਲ਼ੀ ਨੇ ਕਿਸੇ ਕੁੜੀ ਨੂੰ...ਈਵ ਟੀਜ਼ਿੰਗ...ਸ਼ਾਇਦ ਉਸ ਤੋਂ ਵੀ ਜ਼ਿਆਦਾ ਕੁੱਝ...? ਸਿਰ ਦੁੱਖ ਰਿਹਾ...ਪਸੀਨਾ ਆ ਰਿਹਾ...ਪੰਜ ਦਿਨ ਬੀਤ ਗਏ ਜਦ ਦਾ ਆਖਰੀ ਵਾਰ ਸੁੱਤਾ ਸੀ...ਇੱਕ ਸੌੜ ਵੀਹ ਘੰਟਿਆਂ ਲਈ ਨੀਂਦ ਨਹੀ ਲਈ...ਉਸ ਜਪਾਨੀ ਨੇ ਤਲਵਾਰ ਚਲਾਈ ਮੇਰੇ ਵੱਲ...ਸਾਲਾ ਭੂਤ! ਟੀਟੂ ਦੇ ਹੱਥ ਪਿਸਤੌਲ??? ਕੁੜੀ ਧਰਤੀ ਤੇ ਪਈ ਏ...ਬਿੰਨ੍ਹ ਕੱਪੜੇ...ਉਪਰ ਜੈਲ਼ੀ? ਨਹੀਂ...ਮੈਂ ਸੀ? ਜੀਪ ਨਾਲ਼ ਹਾਦਸਾ ਹੋ ਗਿਆ ਸੀ? ਮੈਂ ਹੀ...ਕੀ? ਸਿਰ ਘੁੰਮ ਰਿਹਾ ਹੈ। ਸੰਸਾਰ ਤੋਂ ਬਹੁਤ ਬਹੁਤ ਬਹੁਤ ਬਹੁਤ ਬਹੁਤ ਬਹੁਤ ਬਹੁਤ ਬਹੁਤ ਬਹੁਤ ਬਹੁਤ ਬਹੁਤ ਬਹੁਤ ਬਹੁਤ ਬਹੁਤ ਬਹੁਤ ਬਹੁਤ ਦੂਰ ਚਲੇ ਗਿਆ ਹਾਂ। ਦੂਰ। ਆਪਣੇ ਆਪ ਤੋਂ ਬਹੁਤ ਦੂਰ ਦੂਰ ਹਾਂ। ਉੱਠ ਨਹੀਂ ਹੁੰਦਾ। ਅੱਖਾਂ ਮੀਟਦਾ।

ਜਦ ਫਿਰ ਅੱਖਾਂ ਖੋਲ੍ਹਦਾ, ਉਹ ਸਮੁਰਾਈ ਖੜ੍ਹਾ ਹੈ, ਬੇਰੰਗ ਚੇਹਰਾ, ਬੇਰੰਗ ਕੱਪੜੇ...ਪੁਰਾਣੀਆਂ ਫਿਲਮਾਂ ਵਾਂਗ, ਚਿੱਟਾ ਕਾਲ਼ਾ...ਉਸ ਦੀਆਂ ਅੱਖਾ ਮੇਰੇ ਵੱਲ ਘੂਰ ਘੂਰ ਕੇ ਦੇਖ ਰਹੀਆਂ ਨੇ...ਉਹ ਆਵਦੀ ਤਲਵਾਰ ਚੁੱਕ ਕੇ ਮੇਰੇ ਵੱਲ ਚਲਾਉਂਦਾ! ਮੈਂ ਡਰ ਨਾਲ਼ ਕੰਬ ਕੇ ਉੱਠ ਬੈਠਦਾ ਹਾਂ। ਕੋਈ ਜਪਾਨੀ ਜੋਧਾ ਨਹੀਂ ਖਲੋਇਆ ਹੈ। ਮੈਨੂੰ ਤਾਪ ਚੜ੍ਹਿਆ ਹੈ। ਆਹੋ ਤਾਪ ਚੜ੍ਹਿਆ। ਗਲ਼ਾ ਸੁੱਕਦਾ ਹੈ। ਦੋ ਹੋਰ ਮੰਜੇਂ ਹੋਰ ਪਏ ਨੇ। ਇੱਕ ਤੇ ਟੀਟੂ, ਇੱਕ ਤੇ ਜੈਲ਼ੀ। ਜੈਲ਼ੀ ਦੀ ਬਾਂਹ ਇੱਕ ਪਾਸੇ ਲਮਕਦੀ ਹੈ, ਹੱਥ ਵਿੱਚ ਅੱਧੀ ਖਾਲੀ ਬੋਤਲ ਹੈ। ਅਸੀਂ ਕਿਸੇ ਦੇ ਘਰ'ਚ ਹਾਂ, ਪਰ ਪਤਾ ਨਹੀਂ ਕਿਸ ਦੇ। ਮੈਂ ਉਦਾਸ ਹੋ ਰਿਹਾ ਹਾਂ। ਬਹੁਤ ਉਦਾਸ। ਹਾਲੇ ਪੂਰਾ ਕੁੱਝ ਨਹੀਂ ਯਾਦ ਆ ਰਿਹਾ ਹੈ। ਹਾਂ, ਇੰਨਾ ਪਤਾ ਕਿ ਅਸੀਂ ਸ਼ਹਿਰ ਗਏ ਸੀ, ਪਿੰਡੋਂ, ਸ਼ਰਾਬ

ਪੀਤੀ, ਕੁੜੀਆਂ ਨੂੰ ਛੇੜਿਆ, ਪੰਗੇ ਲਏ ਕਦੇ ਕਿਸੇ ਨਾਲ਼ ਤੇ ਕਦੇ ਕਿਸੇ ਨਾਲ਼...ਹੋਰ ਅਫੀਮ ਲੈ ਕੇ ਖਾਧੀ...ਇੱਕ ਥਾਂ ਜੀਪ ਕਿਸੇ ਦੇ ਵਿੱਚ ਵੱਜ ਗਈ ਸੀ। ਜੋ ਲੱਗਦਾ ਉੱਥੇ ਹੀ ਛੱਡ ਦਿੱਤੀ ਸੀ। ਫਿਰ...ਕੀ? ਨੀਂਦ ਆ ਗਈ। ਡੂੰਘੀ ਨੀਂਦ।

ਕੁੱਕੜ ਦੀ ਬਾਂਗ ਨੇ ਮੈਨੂੰ ਉੱਠਾ ਦਿੱਤਾ ਹੈ। ਸਿਰ ਹਾਲੇ ਵੀ ਦੁੱਖਦਾ ਸੀ।ਹੁਣ ਭੁੱਖ ਬਹੁਤ ਲੱਗੀ ਸੀ। ਕੁੱਕੜ ਦੀਆਂ ਬਾਂਗਾਂ ਨੇ ਮੇਰੇ ਸਿਰ ਦੇ ਅੰਦਰ ਚਪੇੜਾਂ ਮਾਰੀਆਂ। ਜੈਲ਼ੀ ਉੱਠ ਪਿਆ ਸੀ ਤੇ ਹੁਣ ਮੰਜੇ ਤੇ ਬੈਠਾ ਦਾਲ ਸ਼ਾਲ ਖਾ ਰਿਹਾ ਹੈ, ਮੋਢਿਆਂ ਤੇ ਕੰਬਲ ਹੈ। ਟੀਟੂ ਹਾਲੇ ਵੀ ਘਰਾੜੇ ਮਾਰ ਰਿਹਾ ਹੈ। ਅਸੀਂ ਕਿਸੇ ਦੇ ਘਰ ਸੀ ਪਤਾ ਨਹੀਂ ਕਿਹੜੇ ਪਿੰਡ ਵਿੱਚ।

-ਕਿਉਂ? ਠੀਕ ਏਂ?- ਹੱਸ ਕੇ ਜੈਲ਼ੀ ਨੇ ਪੁੱਛਿਆ।

-ਨਹੀਂ ਯਾਰ। ਸਾਲਾ ਸਿਰ ਦੁੱਖ ਰਿਹਾ ਹੈ...- ਮੈਂ ਉਸ ਨੂੰ ਉਤਾਰ ਦਿੱਤਾ।

-ਸੁੱਖੇ, ਤੂੰ ਵੀ ਤਾਂ ਯਾਰ ਸਿਰਾ ਬੰਦਾ ਏ! ਤੈਨੂੰ ਪਤਾ ਤੂੰ ਪਾਗਲ ਵਾਂਗ ਟੀਟੂ ਦੇ ਪਸਤੌਲ ਨਾਲ਼ ਮੱਖੀਆਂ ਤੇ ਗੋਲੀਆਂ ਚਲਾ ਰਿਹਾ ਸੀ!- ਉਸਨੇ ਹੱਸ ਕੇ ਕਿਹਾ।

-ਯਾਦ ਨਹੀਂ ਕੁੱਝ ਜੇਲ਼ੀਆ। ਆਹੋ ਯਾਰ, ਸੱਚੀ ਕੁੱਝ ਯਾਦ ਨਹੀਂ।- ਮੈਂ ਆਵਦੇ ਸਿਰ ਤੇ ਹੱਥ ਲਾ ਕੇ ਜਵਾਬ ਦਿੱਤਾ।

-ਨਹੀਂ? ਸੱਚ ਪੁੱਛੇ ਤਾਂ ਮੈਨੂੰ ਵੀ ਕੁੱਛ ਹੀ ਚੀਜ਼ਾਂ ਚੇਤੇ ਨੇ..ਕੁੱਝ ਸਾਫ਼ ਨ੍ਹੀਂ ਹੈ, ਸਭ ਕੁੱਝ ਹੋਰ ਬੱਸ ਧੁੰਧਲਾ ਜਿਹਾ...ਪਰ ਮਜ਼ਾ ਜ਼ਰੂਰ ਅਸੀਂ ਲਿਆ, ਹੈ ਨਾ?-।

- ਸਾਲਿਆ, ਉਸ ਗੋਲੀ ਵਿੱਚ ਕੀ ਸੀ? ਦਿਮਾਗ਼ ਹਿੱਲ ਗਿਆ ਉਸ ਨੂੰ ਲੈ ਕੇ...!-

- ਕ੍ਰੈਕ ਨਾਲ਼ ਮਲਾਵਤ ਕੀਤੀ ਹੋਣੀ ਏ, ਹੋਰ ਭੈਣ ਦਾ ਯਾਰ ਗੋਲੀ'ਚ ਕੀ ਹੋਣਾ -

-ਪੁਠੀਆਂ ਚੀਜ਼ਾਂ ਨਾ ਦਿਆ ਕਰ ਬਾਬਾ ਮੈਨੂੰ...-

- ਤੂੰ ਪੁੱਠੇ ਕੰਮ ਨਾ ਕਰਿਆ ਕਰ! ਉਸ ਰਾਤ ਤੇਰਾ ਕੀ ਭੜਥੂ ਪਾਇਆ ਸੀ ਕਿ ਕੋਈ ਭੂਤ..ਟੀਵੀ ਵਿੱਚੋਂ ਨਿਕਲ਼ ਕੇ ਮੇਰੇ ਮਗਰ ਲੱਗ ਗਿਆ ਹੈ! ਸਾਨੂੰ ਤਾਂ ਬਹੁਤ ਹਾਸਾ ਆਇਆ ਤੇਰੀਆਂ ਗੱਲਾਂ ਸੁਣਕੇ ਟੈਟ ਸਾਬ-।

-ਰਹਿਣ ਦੇ! ਸਾਲੀ ਗੋਲੀ ਦਾ ਹੂ ਐਨਾ ਅਸਰ ਸੀ, ਹੋਰ ਕੀ?- ਮੈਂ ਉਸਦੀ ਥਾਲੀ ਵੱਲ ਝਾਕਿਆ, ਤੇ ਉਸ ਨੇ ਮੁਸਕਾਨ ਦੇ ਕਿ ਮੇਰੇ ਮੁੱਖ ਤੋਂ ਮੇਰੀਆਂ ਸੋਚਾਂ ਪੜ੍ਹ ਕੇ ਕਿਹਾ, - ਸ਼ੀਰੋ! ਓਏ ਸ਼ੀਰੋ! ਸੁੱਖੇ ਨੂੰ ਵੀ ਇੱਕ ਥਾਲੀ ਲਿਆ!-। ਮੈਂ ਦੇਖਿਆ ਕੇ ਜੈਲ਼ੀ ਦੇ ਮੰਜੇ ਪਿੱਛੇ ਸਬਾਤ'ਚ ਕੋਈ ਕੁੜੀ ਪੈਰਾਂ ਭਾਰ ਬਹਿ ਕੇ ਰੋਟੀਆਂ ਪੱਕ੍ਹਾ ਰਹੀ ਸੀ। -ਜੈਲ਼ੀ ਇਹ ਘਰ ਕੀਹਦਾ ਹੈ?-।

ਜੈਲ਼ੀ ਹੱਸ ਹੱਸ ਕੇ ਜਵਾਬ ਦਿੰਦਾ, -ਮੇਰੀ ਸਹੇਲੀ ਏ...-

-ਹਾਂ ਪਰ ਘਰ ਕਿਸਦਾ? ਉਸਦੇ ਬਾਪ...-

- ਡਰ ਨਾ। ਉਸ ਦਾ ਬਾਪ ਤਾਂ ਬਹੁਤ ਦੇਰ ਪਹਿਲਾਂ ਮਰ ਗਿਆ ਸੀ। ਮੇਰੀ ਗਰਲਫਰੈਂਡ ਹੈ।ਸ਼ੀਰੋ। ਮਾਈ ਉਸਦੀ ਸਾਨੂੰ ਇੱਥੇ ਆ ਕੇ ਸ਼ਰਾਬ ਪੀ ਲੈਣ ਦਿੰਦੀ ਹੈ, ਅਤੇ ਭੰਗ ਖਾ ਲੈਣ ਦਿੰਦੀ ਏ-

- ਹੈ? ਸਮਝ ਨਹੀਂ ਕਿਹੜੀ ਮਾਂ ਇਸ ਤਰ੍ਹਾਂ...?-

- ਤੂੰ ਸਮਝਣ ਦੀ ਕੋਸ਼ਿਸ਼ ਨਾ ਕਰ। ਤੂੰ ਬੱਸ ਸਮਝ ਕਿ ਇੱਥੋਂ ਹੀ ਸਾਡਾ ਮਾਲ ਮਿਲਦਾ ਹੈ, ਮਾਈ ਹੀ ਤਾਂ ਹਾਜਰ ਕਰਦੀ ਐ! ਬੱਸ, ਹੋਰ ਨਾ ਪੁੱਛ ਤੂੰ ਬਾਹਲਾ!-

ਸ਼ੀਰੋ ਬਾਹਰ ਆ ਕੇ ( ਉਸ ਦੇ ਸਿਰ ਤੇ ਚੁੰਨੀ ਹੈ, ਅੱਧਾ ਮੂੰਹ ਲੁਕੋਂਦੀ) ਮੇਰੇ ਸਾਹਮਣੇ ਥਾਲੀ ਧਰ ਕਿ ਵਾਪਸ ਚਲੀ ਜਾਂਦੀ ਹੈ। ਮੈਂ ਰੋਟੀ ਖਾਣ ਲੱਗ ਪੈਂਦਾ ਹਾਂ। ਬਹੁਤ ਭੁੱਖ ਹੈ। ਜਦ ਸਾਰਾ ਕੁੱਝ ਖਾ ਪੀ ਲਿਆ ਮੈਂ ਜੈਲ਼ੀ ਨੂੰ ਆਖਿਆ, - ਯਾਰ,

ਤੂੰ ਚੰਗੀ ਗੱਲ ਨ੍ਹੀਂ ਕੀਤੀ। ਉਸ ਗੋਲੀ ਤੇ ਕ੍ਰੈਕ ਖਾਣ ਨਾਲ਼ ਤਾਂ ਮੇਰਾ ਹਾਲ ਬਹੁਤ ਬੁਰਾ ਹੈ। ਇੰਝ ਫਿਰ ਨਾ ਕਰੀ ਯਾਰ; ਮਰਵਾਤਾ ਸੀ ਇਸ ਵਾਰ ਮੈਨੂੰ-।

- ਝੂਠ ਨਾ ਬੋਲ ਸਾਲਿਆ! ਤੂੰ ਤਾਂ ਕਦੇ ਨਹੀਂ ਹਟ ਸਕਦਾ! ਤੂੰ ਹੋਰ ਕਰਨਾ ਵੀ ਕੀ ਐ। ਟੀਟੂ ਨੂੰ ਵੇਖ! ਹਾ ਹਾ!-

- ਜੈਲ਼ੀ ਹੋਰ ਜੋ ਕੁੱਝ ਮਰਜ਼ੀ ਹੋਵੇ, ਯਾਰ ਥੋੜ੍ਹਾ ਬਹੁਤਾ ਤਾਂ ਚੇਤਾ ਤਾਂ ਰਹਿੰਦਾ ਹੀ ਹੈ ਮੈਨੂੰ। ਧਰਮ ਨਾ, ਇਸ ਗੋਲੀ ਨਾਲ਼ ਕੁੱਝ ਨਹੀਂ ਯਾਦ..ਤੇਰੀ ਜੀਪ..ਮੈਂ...-

- ਟੋਹੇ'ਚ ਡਿੱਗ ਗਈ ਸੀ। ਫਿਕਰ ਨਾ ਕਰ! ਸ਼ੀਰੋ ਦਾ ਇੱਕ ਰਿਸ਼ਤੇਦਾਰ ਪੁਲਸੀਆ ਹੈ, ਉਸ ਨੇ ਸਾਰਾ ਕੁੱਝ ਠੀਕ ਕਰਾ ਦੇਣਾ, ਆਹੋ-।

- ਮੈਂ...ਮੈਨੂੰ ਲੱਗ ਰਿਹਾ ਕੱਲੀ ਜੀਪ ਦੀ ਹੀ ਗੱਲ ਨਹੀਂ...ਹੋਰ ਕੁੱਝ ਵੀ ਹੋਇਆ ਸੀ..ਪਰ ਯਾਦ ਨਹੀਂ??-

- ਛੱਡ ਦੇ ਗੱਲ ਨੂੰ ਹੁਣ ਤੂੰ! ਜਾਣਨਾ ਵੀ ਕੀ ਐ? ਮੁਸ਼ਕ ਮਾਰਦਾ ਏ ਸਾਲਿਆ! ਕਾਸ਼! ਚੱਲ!-, ਉਸ ਨੇ ਪਤਾ ਨਹੀਂ ਕਿਉਂ, ਖਿੱਝ ਕੇ ਦਬਕਾ ਮਾਰਿਆ।

ਮੈਂ ਇਸਨਾਨ ਕਰਨ ਤੁਰ ਪਿਆ, ਤੇ ਮੈਂ ਟੀਟੂ ਦੀ ਆਵਾਜ਼ ਸੁਣੀ। ਉਹ ਹੁਣ ਉੱਠ ਗਿਆ ਸੀ। ਮੈਨੂੰ ਮਹਿਸੂਸ ਹੋਇਆ ਕਿ ਸਾਤੋਂ ਛੁੱਤ ਸਿਰਫ਼ ਸ਼ੀਰੋ ਹੈ ਇੱਥੇਂ। ਮੈਨੂੰ ਥੋੜ੍ਹੀ ਜਿਹੀ ਸ਼ਰਮ ਲੱਗੀ ਇਸ ਬਾਰੇ। ਮੇਰੇ ਮਨ'ਚ ਪਤਾ ਨਹੀਂ ਇਹ ਖਿਆਲ ਕਿੱਥੋਂ ਉੱਠਣ ਲੱਗਾ, ਕਿ ਜੇ ਮੇਰੇ ਘਰ ਮੁੰਡੇ ਇੰਝ ਰਾਣੀ ਕੋਲ਼ ਆਉਂਦੇ ਤਾਂ ਮੈਂ ਉਨ੍ਹਾਂ ਨੂੰ ਖਾਕ ਵਿੱਚ ਮਿਲ਼ਾ ਦੇਣਾ ਸੀ! ਨ੍ਹਾਉਂਦਾ ਨ੍ਹਾਉਂਦਾ ਕੋਸ਼ਿਸ਼ ਕਰ ਰਿਹਾ ਸੀ ਸਭ ਕੁੱਝ ਚੇਤੇ ਕਰਨ ਦੀ। ਹਾਲੇ ਵੀ ਥੋੜੇਂਥੋੜੇ ਝੌਲੇ ਪੈਂਦੇ ਸੀ, ਉਸ ਸਮੁਰਾਈ ਦੇ; ਚੇਤਾ ਆਉਂਦਾ ਸੀ ਜੀਪ ਦੇ ਪਿੱਛੇ ਬੈਠੇ ਦਾ...ਤੇ..ਹਾ! ਓ ਰੱਬਾ ਕੀ ਕੀਤਾ ਮੈਂ ਓਏ! ਸੋਚਦਾਂਸੋਚਦਾ ਮੈਂ ਇਸਨਾਨ ਕਰਨੋ ਹਟ ਗਿਆ। ਉੱਥੋਂ ਹੀ ਭੁੰਜੇ ਬਹਿਕੇ ਕੱਠਾ ਜਿਹਾ ਹੋ ਕੇ ਰੋਣ ਲੱਗ ਪਿਆ। ਪਿੱਠ'ਚ ਕੰਗਰੋੜ ਨੂੰ ਝਰਨਾਟ ਛਿੜੀ ਠੰਢ ਨਾਲ਼, ਤੇ ਡਰ ਜਿਹਾ ਲੱਗਿਆ।

ਕੁੜੀਆਂ ਨੂੰ ਛੇੜਦੇ ਸੀ! ਇੱਕ ਨੇ ਮੇਰੇ ਚਪੇੜ ਵੀ ਜੜੀ ਸੀ। ਟੀਟੂ ਨੇ ਪਸਤੌਲ ਕੱਢ ਕੇ ਉਨ੍ਹਾਂ ਨੂੰ ਧੌਂਸ ਵਿਖਾਈ। ਪੂਰਾ ਯਾਦ ਨ੍ਹੀਂ, ਪਰ ਉਹ ਨੱਸ ਗਈਆਂ।ਇੱਕ ਵਿਚਾਰੀ ਨੱਠ ਨਹੀਂ ਸਕੀ। ਮੈਨੂੰ ਲੱਗਦਾ ਕਿ ਮੈਂ ਉਸ ਦੀ ਕਲਾਈ ਮਰੋੜਕੇ ਤੇ ਧੱਕਾ ਦੇਕੇ ਜੀਪ ਵਿੱਚ ਸੁੱਟਿਆ ਸੀ।ਖਣੀ ਓਹੀ ਸੀ ਜਿਸ ਨੇ ਮੇਰੇ ਚਪੇੜ ਮਾਰੀ ਸੀ! ਹਾਏ ਰੱਬਾ! ਢਾਬੇ ਜਾਣ ਤੋਂ ਬਾਅਦ ਪਤਾ ਨਹੀਂ ਕੀ ਹੋਇਆ, ਪਰ ਇੰਨ੍ਹਾਂ ਤਾਂ ਹੁਣ ਯਾਦ ਹੈ ਕਿ ਇਸ ਹੀ ਪਿੰਡ ਦੇ ਬਾਹਰ ਜਿੱਥੇਂ ਆਕੇ ਰੁਕੇ ਸੀ, ਉਸ ਕੁੜੀ ਨੂੰ ਮੈਂ ਹੀ ਇੱਕ ਇੱਖ'ਚ ਲੈ ਕੇ ਗਿਆ ਸਾਂ! ਹਾਂ ਮੈਂ ਹੀ! ਫਿਰ ਜੈਲ਼ੀ ਤੇ ਟੀਟੂ ਨੇ ਮੈਨੂੰ ਰੋਕਣ ਦੀ ਥੋੜ੍ਹੀ ਜਿਹੀ ਕੋਸ਼ਿਸ਼ ਕੀਤੀ, ਪਰ ਨਸ਼ੇ ਦੇ ਅਸਰ ਕਰਕੇ ਜ਼ਿਆਦਾ ਜੋਰ ਨਹੀਂ ਲਾਇਆ। ਪਰ ਮੈਂ ਖਿੱਝ ਕੇ ਉਸ ਕੁੜੀ ਨੂੰ..ਜਿਸ ਦੇ ਮੁਖ ਦੀ ਥਾਂ ਹੁਣ ਰਾਣੀ ਦਾ ਚੇਹਰਾ ਹੀ ਦਿੱਸ ਰਿਹਾ! ਮੈਂ! ਮੈਂ ਕੱਲੇ ਨੇ!

ਯਾਦ ਹੈ! ਬਾਅਦ'ਚ ਜੈਲ਼ੀ ਨੇ ਇਸ ਸ਼ੀਰੋ ਦੇ ਰਿਸ਼ਤੇਦਾਰ ਨੂੰ ਫੋਨ ਮਾਰਿਆ, ਤੇ ਉਹ ਆ ਗਿਆ ਤੇ ਸਾਨੂੰ ਗੱਡੀ'ਚ ਬਿਠਾ ਕੇ ਇੱਥੇਂ ਆ ਛੱਡਿਆ, ਸ਼ੀਰੋ ਦੇ ਘਰੇ। ਉਹ ਤਾਂ ਪੁਲਸ ਦਾ ਬੰਦਾ ਸੀ। ਉਸਨੇ ਹੀ ਖੁਰਾ ਖੋਜ ਤਾਂ ਮਿਟਾ ਦਿੱਤਾ ਹੋਵੇਗਾ। ਹਾਏ! ਮੈਂ ਕੀ ਕੀਤਾ! ਰਾਣੀ ਵਰਗੀ ਸੀ!

ਜੈਲ਼ੀ ਦੋ ਤਿੰਨ ਹਾਕਾਂ ਮਾਰ ਮੇਰੇ ਕੋਲ਼ ਆ ਖੜ੍ਹਾ ਗਿਆ। ਉਸਨੇ ਮੈਨੂੰ ਵੇਖ ਕੇ ਕਿਹਾ, - ਓ ਸ਼ਿਟ-, ਉਸ ਨੂੰ ਸਮਝ ਆ ਗਈ ਕਿ ਮੈਨੂੰ ਹੁਣ ਸਭ ਯਾਦ ਆ ਗਿਆ ਏ। ਉਸ ਨੇ ਮੈਨੂੰ ਕਿਹਾ ਕੇ ਸੁੱਖਾ ਕੱਪੜੇ ਪਾ, ਹੁਣ ਹੋਰ ਨਾ ਬਾਹਲਾ ਸੋਚ। ਫਿਰ ਉਸ ਨੇ ਅਤੇ ਟੀਟੂ ਨੇ ਸੱਭ ਕੁੱਝ ਚੁੱਪ ਚਾਪ ਦੱਸ ਦਿੱਤਾ। ਦੋਵੇਂ ਬਹੁਤ ਹੌਲੀਂਹੌਲੀ ਬੋਲ ਰਹੇ ਨੇ ਬੱਸ ਘਸਰ ਮੁਸਰ ਹੀ ਸੁਣਦੀ ਹੈ, ਕਿਉਂਕਿ ਇਹ ਨਹੀਂ ਚਾਹੁੰਦੇ ਕਿ ਸ਼ੀਰੋ ਕੁੱਝ ਸੁਣੇ, ਅਤੇ ਉਸ ਨੂੰ ਕੁੱਝ ਪਤਾ ਲੱਗੇ।

ਮੈਂ ਖਾਮੋਸ਼ ਹੋ ਕੇ ਕਾਫ਼ੀ ਦੇਰ ਲਈ ਮੰਜੇ ਤੇ ਬੈਠਾ ਰਿਹਾ। ਲੱਗਦਾ ਤੋਚੀ ਮੇਰੇ ਬਾਰੇ ਸਹੀ ਹੀ ਕਹਿੰਦਾ ਸੀ। ਹੁਣ ਤਾਂ ਲੱਗ ਰਿਹਾ ਕਿ ਮਸਾਂ ਵਾਲ਼ ਵਾਲ਼ ਬਚੇ, ਤੇ ਉਹ ਵੀ ਤਾਈ ਕਾਮਯਾਬ ਹੋਏ ਕਿ ਜੈਲ਼ੀ ਨੂੰ ਇੰਨਾ ਤਾਂ ਹੋਸ਼ ਸੀ ਕਿ ਉਸਨੇ ਫੋਨ ਕਰਕੇ ਸ਼ੀਰੋ ਦੇ ਮਸੇਰੇ ਨੂੰ ਸੱਦ ਲਿਆ ਸੀ! ਆਥਣੇ ਜਿਹੇ ਇੱਕ ਗੱਡੀ ਆਈ ਸਾਨੂੰ ਲੈਣ। ਬੱਸ ਸਾਨੂੰ ਪਿੰਡ ਤੋਂ ਦੂਰ ਦੂਰ ਦੂਰ ਲੈ ਗਈ।

ਸਾਲ ਬੀਤ ਗਿਆ, ਕਿਸੇ ਨੂੰ ਉਸ ਕੁੜੀ ਦੇ ਕਤਲ ਕਰਨ ਵਾਲ਼ਾ ਨਹੀਂ ਮਿਲਿਆ। ਇਸ ਤਰ੍ਹਾਂ ਦੇ ਕੇਸ ਤਾਂ ਅਧਿਕ ਨੇ। ਕਿਸਮਤ ਨਾਲ਼ ਮੈਂ ਬਚ ਗਿਆ। ਪਰ ਸੱਚ ਹੈ ਮੈਂ ਹਾਲੇ ਵੀ ਅਫੀਮ ਖਾ ਰਿਹਾ ਹਾਂ। ਹਾਲੇ ਵੀ ਅੱਬਾ, ਅੰਮਾ ਦੀਆਂ ਕਿਸੇ ਗੱਲਾਂ ਨੂੰ ਨਹੀਂ ਸੁਣ ਰਿਹਾ। ਪੁੱਠੀ ਲਤ ਦੀ ਆਦਤ ਬਣ ਗਈ ਹੈ। ਹੁਣ ਤਾਂ ਕੁੜੀ ਦਾ ਵੀ ਚੇਤਾ ਭੁੱਲਿਆ ਸੀ, ਪਰ ਇੱਕ ਗੱਲ ਫਿਰ ਹੋ ਗਈ ਜਿਸ ਕਰਕੇ ਯਾਦ ਪਰਤ ਆਈ।

ਉਸ ਰਾਤ ਵਾਂਗਰ ਮੇਰੇ ਮਾਵੇ'ਚ ਕਿਸੇ ਨੇ ਉਸ ਏਲਏਸਡੀ ਵਰਗੀ ਨਸ਼ੀਲੀ ਚੀਜ਼ ਪਾ ਦਿੱਤੀ ਸੀ। ਟੋਟ ਨੂੰ ਪਰ੍ਹਾਂ ਕਰਨ ਲਈ ਮੈਂ ਤਾਂ ਹਟ ਨਹੀਂ ਸਕਿਆ ਫੀਮ ਖਾਣ ਤੋਂ। ਬੱਸ ਉਸ ਰਾਤ ਵਾਂਗ ਅਜੀਬ ਚੀਜ਼ਾਂ ਦਿੱਸਣ ਲੱਗ ਪਈਆਂ ਅਤੇ ਬਦਨ ਵੀ ਤਪ ਰਿਹਾ ਹੈ। ਉਹ ਸਾਲਾ ਮੁਸਾਸ਼ੀ ਫਿਲਮ ਵੇਖੇ ਬਿਨ੍ਹਾਂ ਹੀ ਮੇਰੇ ਸਾਹਮਣੇ ਆ ਖੜ੍ਹਾ ਹੋਇਆਿ ਉਸ ਰਾਤ ਵਾਂਗਰ। ਮੈਂ ਉਸ ਨੂੰ ਇੱਕ ਕਿਚਨ ਕਰਦ ਨਾਲ਼ ਮਾਰਨ ਦੀ ਕੋਸ਼ਿਸ਼ ਕਰ ਰਿਹਾ ਹਾਂ। ਪਰ ਜਦ ਉਸਦੇ ਕਟਾਕਸ਼ ਮੂੰਹ ਤੇ ਦੋ ਤਿੰਨ ਝਟਕੇ ਮਾਰ ਹਟਿਆ, ਤਾਂ ਉਸਦਾ ਮੁਖ ਪੱਘਰ ਜਾਂਦਾ ਹੈ ਅਤੇ ਉਸਦੀ ਥਾਂ ਰਾਣੀ ਖਲੋਈ ਹੈ...ਉਸਦੀਆਂ ਗੱਲ੍ਹਾਂ ਤੇ ਦੋ ਚੀਰ, ਜਿੱਥੇਂ ਮੈਂ ਕਰਦ ਮਾਰੀ! ਹੁਣ ਫਿਰ ਮੇਰਾ ਦਿਮਾਗ਼ ਕੰਮ ਨਹੀਂ ਕਰ ਰਿਹਾ। ਮੈਂ ਤਾਂ ਹੁਣ ਹਕੀਕਤ ਤੋਂ ਬਹੁਤ ਦੂਰ ਦੂਰ ਦੂਰ ਹਾਂ! ਮੈਂ ਫਿਰ ਕਰਦ ਨਾਲ਼ ਝਟਕੇ ਮਾਰੇ, ਕਿਉਂਕਿ ਹੁਣ ਫਿਰ ਸਾਲਾ ਸਮੁਰਾਈ ਦਾ ਮੁੱਖੜਾ ਹੀ ਸਾਹਮਣੇ ਹੈ!

ਫਿਰ ਉੱਚੀ ਜਿਹੀ ਠਾਹ ਹੁੰਦੀ! ਮੈਂ ਹੇਠ ਦੇਖਦਾ, ਸਮੁਰਾਈ ਦੇ ਹੋਠ ਤੋਂ ਰਾਣੀ ਦੀ ਆਵਾਜ਼'ਚ ਚੀਕ ਨਿਕਲ਼ਦੀ ਹੈ। ਮੇਰੇ ਢਿੱਡ'ਚ ਕੁੱਝ ਲੰਘ ਗਿਆ ਹੈ। ਪੇਟ ਲਾਲ ਲਾਲ ਹੋ ਜਾਂਦਾ, ਕਮੀਜ਼ ਹੁਣ ਪੂਰੀ ਤਰ੍ਹਾਂ ਖੂਨ ਵਿੱਚ ਲਤਪਤ ਹੈ। ਮੇਰੇ ਖ਼ੂਨ ਨਾਲ਼ ਲਤਪਤ। ਘੁੰਮੇਰ ਜਿਹੀ ਆਉਂਦੀ ਹੈ ਤੇ ਮੈਂ ਉੱਥੇਂ ਖੜ੍ਹਾ ਹੀ ਘੁੰਮਕੇ ਡਿੱਗ ਪੈਂਦਾ। ਧਰਤੀ ਵੱਲ ਡਿੱਗਦੇ ਜਾਂਦੇ ਨੂੰ ਅੱਬਾ ਦਿੱਸਦਾ, ਖਲੋਇਆ ਉਸ ਥਾਂ ਜਿਹੜਾ ਮੇਰੇ ਪਿੱਛੇ ਸੀ। ਉਸਦੇ ਹੱਥ ਵਿੱਚ ਬੰਦੂਕ, ਜਿਸ ਦੀ ਨਾਲ਼ੀ ਦੇ ਮੂੰਹ'ਚੋਂ ਧੂੰਆ ਨਿਕਲਕੇ ਉੱਡ ਰਿਹਾ ਹੈ।

ਧਰਤੀ ਤੇ ਡਿੱਗਦਾ ਹਾਂ, ਤਾਂ ਯਾਦ ਆ ਜਾਂਦਾ ਉਸ ਰਾਤ ਮੈਂ ਕਿੰਝ ਉਸ ਕੁੜੀ ਜਿਸ ਦੀ ਉਮਰ ਮੇਰੀ ਭੈਣ ਦੀ ਹੀ ਹੋਵੇਗੀ, ਨੂੰ ਘੜੀਸ ਕੇ ਇੱਖ'ਚ ਲੈ ਕੇ ਗਿਆ...ਆਹੋ...ਹੁਣ...ਸਰੀਰ ਠੰਢਾ ਹੋਈ ਜਾਂਦਾ। ਅਫੀਮ ਦੀ ਅਸਰ ਲੱਥ ਗਿਆ। ਹੁਣ ਜ਼ਰੂਰ ਅਸਲ'ਚ ਦੂਰ ਦੂਰ ਦੂਰ ਦੂਰ ਦੂਰ ਦੂਰ ਦੂਰ ਦੂਰ ਦੂਰ ਦੂਰ ਜਾ ਰਿਹਾ ਹਾਂ। ਪਰ ਐਤਕੀ ਨਸ਼ੇ ਦਾ ਅਸਰ ਨਹੀਂ ਉੱਠਣਾ। ਹਨੇਰਾ ਹਾਜ਼ਮ ਕਰ ਗਿਆ...।

# ਆਕੀ

## ੨੨੯੯



ਮੈਂ ਮੁਨਾਰੇ ਦੇ ਦੋ ਸੌ ਅਠਵੰਞਵੀਂ ਮੰਜ਼ਲ ਦੀ ਬਾਰੀ'ਚੋਂ ਬਾਹਰ ਆਪਣੇ ਸ਼ਹਿਰ, ਰਣਜੀਤਪੁਰ ਵੱਲ ਤੱਕਦੀ ਹਾਂ। ਸਾਡਾ ਮੁਨਾਰਾ ਤੋਂ ਫਿਰ ਵੀ ਕੋਈ ਖਾਸ ਉੱਚਾ ਨਹੀਂ, ਇਸ ਤੋਂ ਉੱਚੇ ਤਾਂ ਹੋਰ ਬਹੁਤ ਬੁਰਜ ਨੇ। ਕਈ ਤਾਂ ਪੰਜ ਸੌ ਪਚਾਨ੍ਹਵਿਆਂ ਮੰਜ਼ਲ ਤੀਕਰ ਪਹੁੰਚ ਗਏ ਹਨ, ਜਿੱਵੇਂ ਕੱਚ ਦੇ ਕਿਲ੍ਹੇ ਉਂਗਲੀਆਂ ਵਾਂਗ ਆਸਮਾਨ ਦੀ ਛੱਤ ਨੂੰ ਛੋਹਣ ਦੀ ਕੋਸ਼ਿਸ਼ ਕਰਦੇ ਹੋਣ। ਬਾਰੀ ਇੱਕ ਟੀਵੀ ਸਕਰੀਨ ਵਰਗੀ ਦੂਰਬੀਨ ਹੈ, ਅੱਖ ਹੈ, ਜਿਸਦਾ ਸ਼ੀਸ਼ਾ ਦੇਖਣ ਵਾਲੇ ਲਈ ਚਿਲਮਨ ਹੈ, ਬਾਰੀ'ਚੋਂ ਦੁਨੀਆਂ ਨੂੰ ਤਾੜਣ ਲਈ। ਪਰ ਦੁਨੀਆ ਤਾਂ ਅੱਖਾਂ ਤੋਂ ਓਲ੍ਹੇ ਹੀ ਹੈ, ਕਿਉਂਕਿ ਸਾਡੇ ਰਣਜੀਤਪੁਰ ਦੇ ਕੱਚ ਵਾਲ਼ੇ ਬੁਰਜ ਰਾਹ'ਚ ਆਉਂਦੇ ਨੇ। ਨਿਗ੍ਹਾ ਇੰਨ੍ਹਾਂ ਤੋਂ ਉੱਪਰ ਨਹੀਂ ਜਾ ਸਕਦੀ। ਜਿਵੇਂ ਜੰਗਲ਼'ਚ ਧਰਤੀ 'ਤੇ ਰਹਿਣ ਵਾਲ਼ੇ ਜਾਨਵਰਾਂ ਲਈ ਰੁੱਖ ਸੂਰਜ ਦੀਆਂ ਕਿਰਨਾਂ ਉਨ੍ਹਾਂ ਤੱਕ ਆਉਣ ਨਹੀਂ ਦਿੰਦੇ, ਉਹ ਨੂਰ ਦਾ ਸਰੋਤ ਨਹੀਂ ਜਾਹਰ ਕਰਦੇ, ਉਸੇ ਤਰ੍ਹਾਂ ਇਹ ਮੁਨਾਰੇ ਵੀ ਮੇਰੇ ਲਈ ਅੜਚਨ ਨੇ ਸੰਸਾਰ ਦਾ ਮਜ਼ਾ ਲੈਣ ਲਈ। ਸਿਰਫ਼ ਮੇਰੇ ਲਈ ਹੀ ਨਹੀਂ, ਇਹ ਤਾਂ ਰਣਜੀਤਪੁਰ ਦੇ ਵਸਨੀਕ ਲਈ ਹੀ ਹੈ। ਸਾਡਾ ਸੁੰਦਰ ਸ਼ਹਿਰ ਰਣਜੀਤਪੁਰ, ਜਿਸ ਵਿੱਚ ਅੱਜ ਕੱਲ੍ਹ ਸ਼ਹਿਰੀਆਂ ਦੀ ਗੁੰਜਾਨ ਅਬਾਦੀ ਤਕਰੀਬਨ ਸੱਤ ਕਰੋੜ ਹੈ। ਪੰਜਾਬ'ਚ ਤਾਂ ਹੁਣ ਖਰਬਾਂ ਦੀ ਅਬਾਦੀ ਹੋਵੇਗੀ, ਭਾਰਤ ਦੀ ਤਾਂ ਮੈਨੂੰ ਸੁੱਝਦੀ ਵੀ ਨਹੀਂ। ਕੀੜੀਆਂ ਵਾਂਗਰ ਇਨਸਾਨ ਹੁਣ ਇਸ ਨਛੱਤਰ ਤੇ ਵਸਦੇ ਨੇ; ਹੋਰ ਸਾਰੀਆਂ ਜਿਊਣ ਵਾਲੀਆਂ ਚੀਜ਼ਾਂ ਲਈ ਇੱਥੇ ਥਾਂ ਨਹੀਂ ਰਹੀ। ਖੈਰ ਜ਼ਿਆਦਾ ਵਿਕਸਿਤ ਮੁਲਕਾਂ ਵਿੱਚ, ਜਿੰਨ੍ਹਾਂ ਦੀ ਗਿਣਤੀ'ਚ ਹੁਣ ਭਾਰਤ ਆ ਖੜ੍ਹਿਆ ਹੈ।

ਬਾਰੀ'ਚੋਂ ਸ਼ਾਹਿਰ ਦਾ ਮੂੰਹ ਦਿੱਸਦਾ ਹੈ। ਉਹ ਮੂੰਹ ਜਿਸਦੀ ਠੋਡੀ ਦੀ ਥਾਂ ਮੁਨਾਰੇ ਦੀ ਨੀਂਹ ਹੈ ਜਿਸ ਦੀ ਜ਼ਮੀਨ ਤੇ ਲੋਕ ਇੱਧਰ ਉੱਧਰ ਤੁਰਦੇ ਫਿਰਦੇ ਨੇ। ਜਨਤਾ ਬਹੁਤ ਹੈ। ਪਰ ਇੰਨ੍ਹੀ ਉੱਚੀ ਬੁਲੰਦੀ ਤੋਂ ਦਿੱਸਦੇ ਨਹੀਂ ਹਨ। ਉਹ ਮੂੰਹ ਜਿਸ ਦਾ ਨੱਕ ਹੈ ਲੰਬੇ ਲੰਬੇ ਕੱਚ ਦੇ ਕਿਲ੍ਹੇ ਅਤੇ ਅੱਖ ਹੈ ਉਡਾਰੀਆਂ ਮਾਰਦੀਆਂ ਗੱਡੀਆਂ। ਅੱਜ ਕੱਲ੍ਹ ਤਾਂ ਗੱਡੀ ਜ਼ਮੀਨ ਤੇ ਚੱਲਦੀ ਹੀ ਨਹੀਂ, ਨਿੱਕੇ ਹਵਾਈ ਜਹਾਜ਼ ਵਾਂਗ ਉੱਡ ਸਕਦੀ ਹੈ। ਜਿਵੇਂ ਕਿਸੇ ਜ਼ਨਾਨੀ ਦੇ ਨੱਕ ਤੋਂ ਨਕੇਲ ਜੰਜੀਰੀ, ਕੰਨ ਤੱਕ ਜਾਂਦੀ ਹੁੰਦੀ, ਉਸੇ ਤਰ੍ਹਾਂ ਗੱਡੀਆਂ ਮਾਰਗ ਤੇ ਉਡਾਰੀ ਮਾਰਦੀਆਂ ਜਾਂਦੀਆਂ ਨੇ ਰਣਜੀਤਪੁਰ ਦੇ ਫ਼ਲਕੱਦ੍ਰਿਸ਼ ਤੇ। ਹਰ ਗੱਡੀ ਚਮਕਦੀ ਹੈ ਤਾਰੇ ਵਾਂਗਰ। ਜੇ ਕਦੀ ਗੱਡੀ ਦੇ ਗੱਡੀਵਾਨ ਨੇ ਗਲਤੀ ਨਾਲ਼ ਆਵਦੀ ਗੱਡੀ ਨੂੰ ਇਸ ਮਾਰਗ ਤੋਂ ਅੱਲਗ ਕਰਕੇ ਸਿੱਧਾ ਉੱਪਰ ਜਾਂ ਹੇਠ ਜਾਣ ਦੀ ਕੋਸ਼ਿਸ਼ ਕੀਤੀ ਉਸ ਦੇ ਮਗਰ ਆਉਣ ਲਈ ਪੁਲਸ ਦੀਆਂ ਗੱਡੀਆਂ ਅੰਬਰ ਤੇ ਵਹਾ ਰਹੀਆਂ ਹਨ। ਜਿਵੇਂ ਭੇਡਾਂ ਨੂੰ ਕੁੱਤਾ ਉਨ੍ਹਾਂ ਦੇ ਵਾੜੇ'ਚ ਦੌੜ੍ਹ ਕੇ ਮਗਰ ਪੈ ਜਾਂਦਾ ਹੈ, ਉਸ ਤਰ੍ਹਾਂ ਇਹ ਪੁਲਸ ਦੀਆਂ ਗੱਡੀਆਂ ਉਨ੍ਹਾਂ ਦੇ ਮਗਰ ਪੈ ਜਾਂਦੀਆਂ ਨੇ।

ਪੁਲਸ। ਸਾਡੀ ਪੁਲਸ ਦੀ ਵੀ ਤਾਂ ਅੱਜ ਕੱਲ੍ਹ ਹੋਰ ਗੱਲ ਹੈ। ਅੱਧੇ ਤਾਂ ਸਮੁਰਾਈ ਨੇ। ਇਹ ਵੀ ਇੱਕ ਦੂਰ ਦੀ ਸੁੱਝਣੀ ਸੁੱਝੀ ਸਰਕਾਰ ਨੂੰ ਸੌ ਸਾਲ ਪਹਿਲਾਂ ਦੀ। ਕਿ ਜਪਾਨ ਦੀ ਰੀਤ ਦੀ ਰੀਸ ਵਿੱਚ ਕਰਕੇ, ਸਾਡੀ ਪੁਲਸ ਲਈ ਵੀ ਨਵੇਂ ਵਿਭਾਗ ਦੀ ਸਿਰਜਣਾ ਕਰ ਦਿੱਤੀ ਸੀ। ਇਸ ਦਾ ਕੰਮ ਸੀ ਸਾਨੂੰ ਖ਼ੁਦ ਨੂੰ ਆਪਣੇ ਆਪ ਲਈ ਸੋਚਣ ਤੋਂ ਰੋਕਣਾ। ਬਹੁਤ ਕਾਮਯਾਬ ਹੋਈ। ਜੋ ਸਰਕਾਰ ਚਾਹੁੰਦੀ ਉਹੀ ਹੋ ਸਕਦਾ ਸੀ। ਜੇ ਕਿਸੇ ਨੇ ਹੋਰ ਰਾਹ ਜਾਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਤੇ ਭਾਰਤੀ ਸਮੁਰਾਈ ਗੇੜਾ ਮਾਰਦਾ ਸੀ। ਉਦੋਂ ਹੀ ਹੁੱਲੜਬਾਜ਼ ਅਲੋਪ ਹੋ ਜਾਂਦਾ ਸੀ। ਸਮੁਰਾਈ ਸਿਪਾਹੀਆਂ ਦੇ ਕਪਤਾਨਾਂ ਨੇ ਜਪਾਨੀ ਕਿਮੋਨੋ ਪਾਈ ਹੁੰਦੀ ਹੈ, ਜਿਸਦਾ ਰੰਗ ਹਮੇਸ਼ਾ ਕੇਸਰੀਆ ਹੁੰਦਾ ਹੈ। ਏਨ੍ਹਾਂ ਦੇ ਮੁਖ ਤੇ ਕੋਈ ਨਕਾਬ ਨਹੀਂ ਹੁੰਦਾ। ਬੱਸ ਭਾਲ਼ ਤੇ ਚਿੱਟਾ ਤਿਲਕ ਹੁੰਦਾ ਹੈ। ਇਹ ਹੁੰਦੇ ਹੈ ਮੰਤਰੀ ਦੇ ਬਾਇਤਬਾਰ ਸ਼ਿਕਾਰੀ ਕੁੱਤੇ। ਦੁਨੀਆ ਇੰਨ੍ਹਾਂ ਤੋਂ ਬਹੁਤ ਡਰਦੀ ਹੈ। ਰਣਜੀਤਪੁਰ ਐਸਾ ਵੈਸਾ ਹੁਣ ਸ਼ਹਿਰ ਹੈ।

ਖ਼ੁਸ਼ਬੂ ਮੇਰੇ ਵੱਲ ਵਧਦੀ ਹੈ ਮੇਰੇ ਪਿੱਛੋਂ, ਰਸੋਈ'ਚੋਂ। ਮੈਂ ਸੁਗੰਧੀ ਨੂੰ ਸੁੰਘਦੀ ਹਾਂ। ਤਾਜ਼ੇ ਸਮੋਸੇ ਬਣਾਏ ਹੈ। ਉਨ੍ਹਾਂ ਦੀ ਮਿੱਠੀ ਮਸਾਲੇਦਾਰ ਮਹਿਕ ਨਾਸਾਂ ਤੇ ਛਾਪਾ ਮਾਰਦੀ ਹੈ। ਬੁੱਲ੍ਹੀਆਂ ਗਿੱਲੀਆਂ ਹੋ ਜਾਂਦੀਆਂ ਨੇ, ਧਿਆਨ ਹੁਣ ਸ਼ਹਿਰ ਵੱਲ ਝਾਕਣ ਤੋਂ ਹੱਟ ਜਾਂਦਾ ਏ। ਮੈਂ ਘੁੰਮਦੀ ਹਾਂ। ਆਇਆ ਰਸੋਈ'ਚ ਖਾਣਾ ਤਿਆਰ ਕਰ ਰਹੀ ਹੈ। ਉਸ ਨੇ ਰਸੋਈ ਦਾ ਦਰ ਕੇਵਲ ਇੱਕ ਪਲ ਲਈ ਖੋਲ੍ਹਿਆ ਸੀ, ਜਿਸ ਨਾਲ਼ ਬੈਠਕ'ਚ ਹੋਰ ਸੁਗੰਧ ਫੈਲ ਗਈ ਹੈ। ਲੱਡੂ, ਗੁਲਾਬ ਜਾਮਨ, ਆਲੂ, ਦਾਲ ਅਤੇ ਸਮੋਸੇ। ਹਵਾਸ ਤੇ ਹਮਲਾ ਹੋਣ ਤੋਂ ਇੱਕ ਦਮ ਬਾਅਦ ਮੇਰਾ ਧਿਆਨ ਭੁੱਖ ਵੱਲ ਗਿਆ। ਨਜ਼ਰ ਹੁਣ ਫਿਰ ਰਸੋਈ ਦੇ ਬੂਹੇ ਵੱਲ ਟਿਕੀ ਹੈ। ਜੋ ਹੁਣ ਬੰਦ ਹੈ। ਕਮਰਾ ਚਿੱਟਾ ਹੈ। ਦਰਵਾਜ਼ੇ ਵੀ ਵਿ ਚਿੱਟੇ ਹੈ। ਇਸ ਲਈ ਜਦ ਰਸੋਈ ਦਾ ਬੂਹਾ ਬੰਦ ਹੋ ਜਾਂਦਾ, ਅੱਖਾਂ ਨੂੰ ਪਤਾ ਵੀ ਨਹੀਂ ਲੱਗਦਾ ਕਿੱਥੇਂ ਉਹ ਬੂਹਾ ਹੈ। ਕਿੱਥੇਂ ਉਹ ਰਸੋਈ ਹੈ। ਸਿਰਫ਼ ਖ਼ੁਸ਼ਬੂ ਤੋਂ ਹੀ ਅੰਦਾਜ਼ਾ ਲੱਗਦਾ ਹੈ। ਮੇਰੇ ਅਤੇ ਉਸ ਰਸੋਈ ਦੇ ਮੱਧ ਵਿੱਚ ਇੱਕ ਉੱਦਮ ਚੱਕਰ ਹੈ। ਕੱਚ ਦਾ ਸ਼ੀਸ਼ਾ ਜਿਹੜਾ ਖ਼ੁਦ ਲਮਕਦਾ ਕਮਰੇ ਦੇ ਵਿਚਕਾਰ, ਕਿਸੇ ਵੀ ਸਹਾਰੇ ਤੋਂ ਬਿਨ੍ਹਾਂ। ਇਸ ਦਾ ਕਾਰਨ ਹੈ ਕਿ ਇਹ ਸ਼ੀਸ਼ਾ ਨਹੀਂ ਹੈ ਪਰ ਇੱਕ ਕਲਚਿਲਮਨ, ਜਿਹੜੀ ਆਪਣੇ ਆਪ ਨੂੰ ਹਵਾ'ਚ ਉਡਦੀ ਰੱਖ ਸਕਦੀ ਹੈ। ਇਸ ਦਾ ਕੱਚ ਬਹੁਤ ਪਤਲਾ ਹੈ। ਇਸ ਕਰਕੇ ਪਾਸਿਉਂ ਦਿਸਦੀ ਵੀ ਨਹੀਂ ਹੈ। ਸਾਹਮਿਣਓ ਵੀ ਐਨਕਾ ਵਾਂਗਰ ਇਸ ਦੇ ਆਰ ਪਾਰ ਦਿਸਦਾ ਹੈ, ਜਿਵੇਂ ਹੈ ਹੀ ਨਹੀਂ। ਪਰ ਰੋਸ਼ਨੀ ਦੇ ਕਿਰਨ ਫੜ੍ਹ ਲੈਂਦੀ ਕਰਕੇ ਪਤਾ ਲੱਗ ਜਾਂਦਾ ਹਵਾ'ਚ ਖੜ੍ਹੀ ਹੈ।

ਪੁਰਾਣੇ ਜ਼ਮਾਨੇ'ਚ ਟੀਵੀ ਸਕਰੀਨ ਹੁੰਦੀ ਸੀ। ਅੱਜ ਇਹ ਕਲਚਿਲਮਨ ਹੈ। ਜੋ ਤੁਹਾਡੇ ਨਾਲ਼ ਤੁਰ ਸਕਦੀ ਹੈ ਹਵਾ ਵਿੱਚ ਤੁਹਾਡੇ ਮਗਰ ਜਿਧਰ ਮਰਜ਼ੀ। ਇਸ ਦੇ ਰਾਹੀਂ ਹੀ ਦੁਨੀਆ ਨਾਲ਼ ਗੱਲ ਬਾਤ ਕੀਤੀ ਜਾਂਦੀ ਹੈ। ਇਸ ਦੇ ਹੀ ਰਾਹੀਂ ਚਲਦੀਆਂ ਤਸਵੀਰਾਂ ਦੇਖ ਸਕਦੇ ਹੋਂ ਜਾਂ ਇਬਾਰਤ ਪੜ੍ਹ ਸਕਦੇ ਹੋਂ। ਅੱਖਰ ਦੌੜ੍ਹਦੇ ਹੈ ਇਸਦੇ ਮੁੱਖ ਤੇ ਇੱਕ ਪਾਸੇ ਤੋਂ ਦੂਜੇ ਪਾਸੇ ਵੱਲ। ਲਫ਼ਜ਼ਾਂ ਦੇ ਬਾਵਜੂਦ, ਤੁਹਾਨੂੰ ਫਿਰ ਵੀ ਇਸਦੇ ਕੱਚ ਰਾਹੀਂ ਜੋ ਇਸਦੇ ਪਿੱਛੇ ਹੋ ਰਿਹਾ ਹੈ ਕਮਰੇ ਵਿੱਚ, ਸਾਫ਼ ਦਿੱਸਦਾ ਹੈ। ਇਸ ਦੇ ਹੀ ਰਾਹੀਂ ਸਰਕਾਰ ਵੀ ਤੁਹਾਡੇ ਤੇ ਆਵਦੀ ਸ਼ੱਕੀ ਅੱਖ ਰੱਖ ਸਕਦੀ ਹੈ।ਖ਼ਾਸ ਸਮੁਰਾਈ। ਉਨ੍ਹਾਂ ਦੀ ਅੱਖ ਸਾਰਿਆਂ ਤੇ ਆਲ਼ੇ ਦੁਆਲ਼ੇ ਹੈ। ਇਸਦੇ ਰਾਹ ਸੁਣਦਾ ਵੀ ਹੈ। ਹਰ ਕਲਚਿਲਮਨ ਸਰਕਾਰ ਦੀ ਇੱਕ ਸਥਾਵਰ ਚੀਜ਼ ਹੈ ਅਤੇ ਉਨ੍ਹਾਂ ਦੀ ਸਵਾਰਥ ਲਈ ਹੈ। ਹਰ ਘਰ ਵਿੱਚ ਹੈ, ਹਰ ਇਮਾਰਤ ਵਿੱਚ, ਸਾਰੇ ਪਾਸੇ ਉਡਦੀਆਂ ਨੇ। ਹੁਣ ਇਸ ਕਲਚਿਲਮਨ ਦੇ ਸ਼ੀਸ਼ੇ ਵਿੱਚ ਆਵਦਾ ਮੁੱਖੜਾ ਅਤੇ ਜਿਸਮ ਦਿੱਸ ਰਿਹਾ ਹੈ। ਮੇਰੇ ਨੀਲੀ ਸਲਵਾਰ ਕਮੀਜ਼ ਪਾਈ ਹੈ। ਸਿਰ ਨੀਲੀ ਚੁੰਨੀ ਨਾਲ਼ ਢੱਕਿਆ ਹੈ। ਹਰ ਇਸਤਰੀ ਨੂੰ ਇਹ ਵਰਦੀ ਪਾਉਂਣੀ ਪੈਂਦੀ ਹੈ। ਇਹ ਕਾਨੂੰਨ ਹੈ। ਵਰਦੀ ਦਾ ਰੰਗ ਜਾਤ ਦੇ ਹਿਸਾਬ ਅਤੇ ਲਿੰਗ ਦੇ ਹਿਸਾਬ ਨਾਲ਼ ਸਰਕਾਰ ਨੇ ਚੁਣੇ ਹੋਏ ਨੇ। ਮੇਰਾ ਨੀਲਾ ਹੈ। ਮੁਖ ਉਦਾਸੀ ਨਾਲ਼ ਅੱਕਿਆ ਹੈ।

ਮੇਰੀ ਜਾਤ ਦੀਆਂ ਜ਼ਨਾਨੀਆਂ ਨੂੰ ਨੀਲੀ ਵਰਦੀ'ਚ ਸਲਵਾਰ ਕਮੀਜ਼ ਪਾਉਂਣੀ ਪੈਂਦੀ ਹੈ। ਸਾਥੋਂ ਉੱਚੀ ਜਾਤ ਦੀਆਂ ਨਾਰੀਆਂ ਨੂੰ ਫ਼ਰੋਜ਼ੀ ਅਤੇ ਉਸ ਤੋਂ ਉਪਰਲੀ ਜਾਤ ਦੀ ਨੂੰ ਸੋਸਨੀ। ਅਤੇ ਉਸ ਤੋਂ ਉੱਚੀ ਜਾਤ ਦੀਆਂ ਜੋ ਮਰਜ਼ੀ ਪਾ ਸਕਦੀਆਂ ਨੇ ਕਿਉਂਕਿ ਉਨ੍ਹਾਂ ਦੀ ਬ੍ਰਾਹਮਣ ਜਾਤ ਹੈ। ਅਸਲ ਭਾਰਤੀ ਨੇ, ਉਹ ਕਾਨੂੰਨ ਦੀ ਨਜ਼ਰ ਵਿੱਚ। ਜਿਹੜੀਆਂ ਤੀਵੀਆਂ ਦੀ ਜਾਤ ਮੇਰੀ ਜਾਤ ਤੋਂ ਵੀ ਨੀਵੀ ਹੈ, ਉਨ੍ਹਾਂ ਕੋਲ਼ ਕੋਈ ਹੱਲ ਨਹੀਂ ਤੇ ਉਹ ਲੀੜੇ ਪਾਕੇ ਮੁਨਾਰੇ ਦੇ ਪੈਰਾਂ ਵਿੱਚ ਵਸਦੀਆਂ ਨੇ। ਪੰਜਾਬ ਇੱਕ ਵਾਰ ਜਾਤ ਪਾਤ ਨੂੰ ਛੱਡਣ'ਚ ਸ਼ੁਰੂ ਹੋ ਗਿਆ ਸੀ। ਪਰ ਇਕਵੀਂ ਸਦੀ ਵਿੱਚ ਫਿਰ ਸਭ ਕੁੱਝ ਬਦਲ ਗਿਆ। ਹਰ ਭਾਰਤੀ ਨੂੰ ਵੇਦਾਂ ਦੇ ਹਿਸਾਬ ਨਾਲ਼ ਜਿਊਣਾ ਲਈ ਮਜਬੂਰ ਕੀਤਾ ਗਿਆ ਸੀ। ਪੰਜਾਬ ਵਿੱਚ ਹਰ ਇੱਕ ਧਰਮੀਆਂ ਅਤੇ ਅਧਰਮੀਆਂ ਤੇ ਅੰਕੁਸ਼ ਲਾ ਦਿੱਤਾ ਗਿਆ। ਕੇਵਲ ਹਿੰਦਵਾ ਧਰਮ ਦੇ ਹੀ ਸਦੱਸ ਹੋਣ ਨੂੰ ਹੀ ਸਹੀ ਮੰਨਿਆ ਗਿਆ। ਹੌਲੀ ਹੌਲੀ ਪੰਜਾਬ ਵਿੱਚੋਂ ਸਿੱਖੀ ਮੁਕਾ ਦਿੱਤੀ, ਫਿਰ ਇਸਲਾਮ, ਫਿਰ ਜੈਣ, ਫਿਰ ਨਾਸਤਿਕ ਮਗਰ ਹੋ ਗਏ...ਹਾਰਕੇ ਸੰਮਲਿੰਗੀ ਤੇ ਜ਼ਨਾਨੀ ਦੇ। ਹਰ ਔਰਤ ਨੂੰ ਆਵਦੇ ਆਦਮੀ ਨੂੰ ਦੇਵ ਦੇ ਬਰਾਬਰ ਰੁਤਬਾ ਦੇਣਾ ਤੇ ਖ਼ੁਸ਼ ਰਖਣਾ ਪੈਂਦਾ ਹੈ। ਵੇਦ ਦੇ ਹਰ ਸ਼ਬਦ ਦੇ ਹਿਸਾਬ ਨਾਲ਼ ਹੀ ਹਰ ਪੰਜਾਬੀ ਨੂੰ ਜਿਊਣ ਲਈ ਮਜਬੂਰ ਕੀਤਾ ਗਿਆ ਸੀ। ਹਾਰਕੇ ਪੰਜਾਬੀ ਜ਼ਬਾਨ ਨੂੰ ਠੱਲ੍ਹ ਦਿੱਤਾ। ਜ਼ਬਾਨਬੰਦੀ ਨੂੰ ਲਾਗੂ ਕਰ ਦਿੱਤਾ ਗਿਆ। ਇਸ ਲਈ ਸਮੁਰਾਈ ਤਾਇਨਾਤ ਕੀਤੇ ਗਏ। ਜੇ ਕਿਸੇ ਦੇ ਘਰ ਗੁਟਕਾ ਜਾਂ ਪੰਜਾਬੀ ਸਾਹਿਤ'ਚ ਕਿਤਾਬ ਲੱਭ ਜਾਂਦੀ ਤਾਂ ਉਸ ਅਦਬ ਨੂੰ ਸਮੁਰਾਈ ਸਾੜ ਦਿੰਦੇ ਸੀ। ਅਤੇ ਜਿਸ ਦੀ ਕਿਤਾਬ ਹੁੰਦੀ ਸੀ, ਉਹ ਗਾਇਬ ਹੋ ਜਾਂਦਾ।ਇਹ ਤਾਂ ਹੁਣ ਆਮ ਗੱਲਾਂ ਸੀ। ਇਹ ਸੀ ਨਵਾਂ ਇੰਡੀਆ। ਇੰਡੀਆ ਸ਼ਬਦ ਨੂੰ ਵੀ ਨਹੀਂ ਰਹਿਣ ਦਿੱਤਾ। ਹਿੰਦੁਸਤਾਨ ਹੀ ਰਿਹਾ।

ਮੇਰੇ ਬਰਾਬਰ ਦੇ ਮਰਦਾਂ ਨੂੰ ਵੀ ਨੀਲਾ ਰੰਗ ਪਾਉਣਾ ਪੈਂਦਾ ਹੈ, ਅਤੇ ਜਿਹੜਾ ਰੰਗ ਦੂਜੀ ਜਾਤ ਦੀਆਂ ਮਹਿਲਾਵਾ ਨੂੰ ਪਾਉਣਾ ਪੈਂਦਾ ਹੈ, ਉਨ੍ਹਾਂ ਦੇ ਆਦਮੀ ਵੀ ਉਹੀ ਰੰਗ ਪਹਿਨਦੇ ਨੇ। ਪਰ ਇੱਕ ਹੋਰ ਫਰਕ ਜ਼ਰੂਰ ਹੈ। ਕਿ ਮਰਦ ਜੋ ਮਰਜ਼ੀ ਪਾ ਸਕਦਾ, ਜ਼ਨਾਨੀ ਕੇਵਲ ਸਲਵਾਰ ਕਮੀਜ਼ ਹੀ ਪਾ ਸਕਦੀ। ਸੋ ਹੁਣ ਮੈਂ ਉਸ ਕਲਚਿਲਮਨ'ਚ ਆਵਦੇ ਉਦਾਸ ਮੁੱਖੜੇ ਵੱਲ ਦੇਖ ਕੇ ਸਾਹ ਭਰਦੀ ਹਾਂ।

ਹਰ ਚੀਜ਼ ਇੱਸ ਕਮਰੇ'ਚ ਚਿੱਟੇ ਰੰਗ ਦੀ ਹੈ। ਮੇਜ਼, ਕੁਰਸੀਆਂ, ਸੋਫਾ ਅਤੇ ਕੰਧਾਂ। ਉਂਝ ਉਨ੍ਹਾਂ ਤੇ ਤਸਵੀਰਾਂ ਪ੍ਰਸਾਰੀਆਂ ਹੋਈਆਂ ਨੇ ਜਿਵੇਂ ਛੱਤ ਦੀਆਂ ਬੱਤੀਆਂ'ਚੋਂ ਪਰਾਣੇ ਦਿਨਾਂ'ਚ ਸਿਨੇਮਾ ਦਾ ਪ੍ਰੋਜੈਕਟਰ ਚਿਲਮਨ ਤੇ ਫਿਲਮਾਂ ਪ੍ਰਸਾਰਦਾ ਹੁੰਦਾ ਸੀ। ਇੰਨ੍ਹਾਂ ਤਸਵੀਰਾਂ ਦੀਆਂ ਦੋ ਖਾਸ ਗੱਲਾਂ ਨੇ। ਪਹਿਲੀ ਇਹ ਕਿ ਫਿਲਮ ਹੀ ਹੈ, ਮਤਲਬ ਨਿੱਚਲੀ ਮੂਰਤ ਨਹੀਂ ਹੈ। ਉਸਤੇ ਲੋਕ ਤੁਰਦੇ ਫਿਰਦੇ ਨੇ, ਜਿਵੇਂ ਵੀਡੀਓ'ਚ ਹੀ ਹੁੰਦੇ ਨੇ। ਦੂਜੀ ਗੱਲ ਇਹ ਹੈ ਕਿ ਹਰ ਤਸਵੀਰ ਰਾਮਾਇਣ ਜਾਂ ਮਹਾਭਾਰਤ ਦੇ ਦ੍ਰਿਸ਼ਾਂ ਦੀ ਹੈ। ਇੰਝ ਇਹ ਤਸਵੀਰਾਂ ਲਗਾਤਾਰ ਸਾਰਾ ਦਿਨ ਚਲਦੀਆਂ ਨੇ। ਇੰਨ੍ਹਾਂ ਤੋਂ ਬਗੈਰ ਫਿਰ ਸਿਰਫ਼ ਟੱਬਰ ਦੇ ਚਿੱਤਰ ਨੇ, ਜੋ ਹੱਸਦੇ, ਖੇਡਦੇ ਅਤੇ ਤੁਰਦੇ ਫਿਰਦੇ ਨੇ। ਹੋਰ ਚੀਜ਼ਾਂ ਤਾਂ ਕੇਵਲ ਤਸੱਵਰ'ਚ ਹੀ ਨੇ। ਇੱਕ ਥਾਂ ਜਿੱਥੇ ਹਾਲੇ ਸਰਕਾਰ ਪੁੱਜੀ ਨਹੀਂ। ਮੇਰੇ ਦਿਮਾਗ਼'ਚ ਹੈ।

ਇੱਕ ਦਰਵਾਜ਼ਾ ਖੁੱਲ੍ਹਦਾ। ਜਪਾਨੀ ਬੂਹੇ ਵਾਂਗਰ ਕੰਧ ਨਾਲ਼ ਸਮਤਲ ਰਹਿ ਕੇ ਮੂਹਰੇ ਪਿੱਛੇ ਜਾਣ ਦੀ ਥਾਂ ਕੰਧ ਵਿੱਚ ਹੀ ਰਿੜ੍ਹਦਾ। ਉਸੇ ਦਰ ਦੇ ਦੂਜੇ ਪਾਸੋਂ ਮੇਰੀ ਮਾਂ, ਸੁਰਜੀਤ, ਬੈਠਕ ਅੰਦਰ ਵੜਦੀ ਹੈ। ਉਸਦੇ ਵੀ ਮੇਰੇ ਵਰਗੀ ਹੀ ਸਲਵਾਰ ਕਮੀਜ਼ ਪਾਈ ਹੈ। ਉਸ ਦਾ ਨਾਂ ਸਿਰਫ਼ ਸੁਰਜੀਤ ਹੈ। ਕੌਰ ਅਤੇ ਸਿੰਘ ਲਾਉਣਾ ਮਨ੍ਹਾ ਹੈ ਨਾਂ ਪਿੱਛੇ।ਬੰਸ ਦੀ ਥਾਂ ਬੱਸ ਹਰ ਇੱਕ ਦਾ ਦੂਜਾ ਨਾਂ ਹੈ ਉਸਦੇ ਮੁਨਾਰੇ ਦੇ ਨੰਬਰ ਅਤੇ ਮਕਾਨ ਦੇ ਅੰਕ ਤੇ ਹਿਸਾਬ ਨਾਲ਼। ਇਸ ਲਈ ਮਾਂ ਦਾ ਨਾਂ ਹੈ, ਸੁਰਜੀਤ ਮੁਨਾਰਾ ਸਤਾਹਠ, ਮੰਜ਼ਲ ਅਠਵੰਞਾ, ਮਕਾਨ ਛੱਬੀ। ਇਸ ਲੰਬੇ ਨਾਂ ਨੂੰ ਨਿੱਕਾ ਕਰਨ ਲਈ ਇੰਝ ਲਿਖਿਆ ਜਾਂਦਾ ਹੈ: ਸੁਰਜੀਤ

ਮ੬੭.੫੮.੨੬, ਜਿਸ ਵਿੱਚ ਮੱਮਾ ਦਾ ਮਤਲਬ ਮੁਨਾਰਾ, ਮੰਜ਼ਲ ਅਤੇ ਮਕਾਨ। ਮੇਰਾ ਨਾਂ ਹੈ ਵੀਨਾ ਮ੬੭.੫੮.੨੬। ਸ਼ੁਗਲ ਨਾਲ਼ ਮੇਰੀਆਂ ਸਹੇਲੀਆਂ ਮੈਨੂੰ ਵੀਨਾ ਛੱਬੀ ਕਹਿਕੇ ਬੁਲਾਉਂਦੀਆਂ ਨੇ।

-ਵੀਨਾ ਤੁਮ ਕਿਆ ਕਰਤੀ ਹੈ?- ਕਿਉਂਕਿ ਪੰਜਾਬੀ ਵਿੱਚ ਬੋਲ਼ਣਾ ਮਨ੍ਹਾ ਹੈ।

- ਮਾਤਾ ਕੁੱਛ ਨਹੀਂ। ਸੋਚ ਰਹੀ ਥੀ-।

-ਤੁਮ ਸੋਚ ਨਾ। ਉਂਨ ਸਾਲੀ ਕੋ ਪੂਛ ਖਾਣਾ ਕਬ ਤਿਆਰ ਹੋਗਾ। ਜ੍ਹਾ-। ਮੈਂ ਰਸੋਈ ਵੱਲ ਵਧ ਗਈ। ਮੈਂ ਮਾਂ ਜੀ ਦੇ ਕਹੇ ਲਫ਼ਜ਼ਾਂ ਨੂੰ ਥੋੜ੍ਹਾ ਜਿਹਾ ਨਾਜ਼ਕ ਤਰੀਕੇ ਨਾਲ਼ ਆਖਿਆ ਉਸ ਬਰਦੀ ਨੂੰ। ਫਿਰ ਮੈਂ ਬੈਠਕ'ਚ ਆ ਕੇ ਮਾਂ ਨੂੰ ਕਿਹਾ ਬੱਸ ਥੋੜ੍ਹਾ ਚਿਰ ਹੀ ਹੋਰ ਲੱਗਣਾ ਹੈ। ਮੈਂ ਨੇ ਢੂੰ ਮਾਰੀ ਤੇ ਸਫ਼ੈਦ ਸੋਫੇ ਤੇ ਬਹਿ ਕੇ ਇੱਕ ਰਸਾਲਾ ਪੜ੍ਹਣ ਲੱਗ ਪਈ। ਜੋ ਪਰਾਣੇ ਜ਼ਮਾਨੇ ਵਾਂਗ ਕਾਗ਼ਜ਼ ਤੇ ਨਹੀਂ ਛਪਿਆ ਹੋਇਆ ਸੀ, ਸਗੋਂ ਇਹ ਤਾਂ ਕੱਚ ਦੀ ਚਾਦਰ ਤੇ ਸੀ, ਮਸਾਂ ਸੱਤ ਅੱਠ ਪੋਟੇ ਪੋਟੇ ਚੌੜੀ ਅਤੇ ਬਾਰਾਂ ਇੰਚ ਲੰਬੀ। ਇਸ ਤੇ ਇਉਂ ਅੱਖਰ ਆਉਂਦੇ ਸੀ ਕਿ ਉਂਗਲੀ ਨਾਲ਼ ਹਿੱਲਾਕੇ ਪੜ੍ਹ ਸਕਦੇ ਸੀ।ਬਰਦੀ ਖਾਣੇ ਨੂੰ ਮੇਜ਼ ਤੇ ਰੱਖਣ ਦੌਰਾਨ, ਅਸੀਂ ਦੋਨੋਂ ਕੁੱਝ ਬੋਲੇ ਬਿਨ੍ਹਾਂ ਬੈਠੀਆਂ ਰਹੀਆਂ। ਜਦ ਉਹ ਰਸੋਈ'ਚ ਵਾਪਸ ਮਹਿਵ ਹੋ ਗਈ, ਫਿਰ ਹੀ ਮਾਂ ਬੋਲੀ, ਕੱਚ ਰਸਾਲੇ ਤੋਂ ਅੱਖਾਂ ਹਿਲਾਏ ਬਗ਼ੈਰ ਹੀ।

- ਤੁਮਾਰਾ ਬਾਪ ਹਮੇਸ਼ਾ ਦੇਰ ਲਗਾਤਾ। ਜੇ ਅਬੀ ਹੀ ਨਹੀਂ ਲੌਤਾ, ਤੋ ਹਮ ਨੇ ਤੋ ਖਾਣਾ ਸ਼ੁਰੂ ਕਰ ਦੇਣਾ ਹੈ ਵੀਨਾ। ਆਪ ਕੋ ਕਿਹਾ ਲਗਤਾ ਹੈ ਕਿ ਮੁਜੇ ਸਮਝ ਨਹੀਂ!- ਕਹਿ ਕੇ ਮਾਂ ਮੇਜ਼ ਵੱਲ ਵਧ ਗਈ। ਮੈਂ ਸੋਚਾਂ, ਹੁਣ ਆਓ ਬਾਪੂ! ਫਿਰ ਮੈਂ ਵੀ ਬੈਠ ਗਈ। ਬਿੰਦ ਕੁ ਬਾਅਦ ਹੀ ਮੁੱਖ ਦਰਵਾਜ਼ਾ ਖੁਲ੍ਹ ਗਿਆ ਅਤੇ ਬਾਪ ਅੰਦਰ ਆ ਵੜੇ। ਮਾਂ ਨੇ ਉਸਦੀ ਝਾੜ ਝੰਬ ਕਰਨੀ ਸ਼ੁਰੂ ਕਰ ਦਿੱਤੀ ਪਰ ਉਸਨੇ ਹੱਥ ਉਪਰ ਕਰਕੇ ਇੱਕ ਹੀ ਸ਼ਬਦ ਉਬਾਰਿਆ, -ਬੱਸ-। ਇਸ ਨਾਲ਼ ਹੀ ਮਾਂ ਚੁੱਪ ਹੋ ਗਈ। ਅਸੀਂ ਖਾਣਾ ਖਾਣ ਲੱਗ ਪਏ।ਕੱਪੜਿਆਂ ਵਾਂਗ ਸਾਡੇ ਭਾਂਡੇ ਵੀ ਨੀਲੇ ਸਨ, ਪਰ ਇਹ ਤਾਂ ਬੱਸ ਕੇਵਲ ਸਬੱਬੀ ਗੱਲ ਸੀ।

ਬਾਪੂ ਜੀ ਦਾ ਨਾਂ ਰਾਣਾ ਮ੬੭.੫੮.੨੬ ਸੀ। ਇੱਕ ਵਾਰ ਮਾਂ ਤੋਂ ਪਾਸੋ ਚੋਰੀ ( ਅਤੇ ਉਸ ਕਲਚਿਲਮਨ ਹਟਵੇਂ) ਉਸਨੇ ਮੈਨੂੰ ਬਾਗ਼ੀ ਬਣ ਕੇ ਪੰਜਾਬੀ ਵਿੱਚ ਦੱਸਿਆ ਸੀ ਕਿ ਇੱਕ ਵਾਰ ਸਾਡੀ ਗੋਤ ਦਾ ਨਾਂ ਖੋਸਾ ਹੁੰਦਾ ਸੀ। ਹੋਰ ਕੁੱਝ ਇਸ ਬਾਰੇ ਨਹੀਂ ਕਿਹਾ ਪਰ ਮੈਂ ਉਸ ਵੇਲੇ ਨਿਹਾਲ ਹੋ ਗਈ ਸੀ ਕਿ ਸਾਡਾ ਨੰਬਰਾਂ ਤੋਂ ਛੁੱਟ ਹੋਰ ਵੀ ਨਾਂ ਹੋ ਸਕਦਾ ਹੈ। ਉਸ ਦਿਨ ਤੋਂ ਬਾਅਦ ਇਹ ਗੱਲ ਕਦੀ ਫਿਰ ਨਹੀਂ ਤੁਰੀ, ਪਰ ਕਦੇ ਕਦੇ ਬਾਪੂ ਮੈਨੂੰ ਇੱਕ ਦੋ ਪੰਜਾਬੀ ਸ਼ਬਦਾਂ ਵਿੱਚ ਓਲ੍ਹੇ ਓਲ੍ਹੇ ਕੁੱਝ ਦੱਸ ਦਿੰਦਾ ਸੀ ਪਰਾਣੇ ਜ਼ਮਾਨੇ ਬਾਰੇ। ਅੱਜ ਤੱਕ ਮੈਨੂੰ ਕੋਈ ਸਮਝ ਨਹੀਂ ਹੈ ਕਿ ਉਸਨੇ ਪੰਜਾਬੀ ਕਿੱਥੋਂ ਸਿੱਖੀ ਸੀ ਪਰ ਉਨ੍ਹਾਂ ਕਰਕੇ ਮੈਂ ਹੌਲੀ ਹੌਲੀ ਖ਼ੁਦ ਟੁੱਟੀ ਫੁੱਟੀ ਪੰਜਾਬੀ ਸਿੱਖਕੇ ਬੋਲਣ ਲੱਗ ਪਈ। ਤਾਂ ਹੀ ਤਾਂ ਮੈਂ ਤੁਹਾਨੂੰ ਇਹ ਸਭ ਕੁੱਝ ਹੁਣ ਦੱਸ ਸਕਦੀ ਹਾਂ ਪੰਜਾਬੀ'ਚ। ਮੈਨੂੰ ਇਹ ਵੀ ਬਾਅਦ ਪਤਾ ਲੱਗ ਗਿਆ ਸੀ, ਕਿ ਸਾਡੇ ਪੜਦਾਦੇ ਦਾ ਪੜਦਾਦਾ ਇੱਕ ਤਰਲੋਚਨ ਸਿੰਘ ਖੋਸਾ ਸੀ। ਸਿੰਘ ਨਾਂ ਲੈਣਾ ਤਾਂ ਅੱਜ ਕੱਲ੍ਹ ਪੰਜਾਬ ਵਿੱਚ ਮਨ੍ਹਾ ਹੈ। ਇਸ ਤੋਂ ਸਿਵਾ ਮੈਨੂੰ ਆਵਦੇ ਇਤਿਹਾਸ ਬਾਰੇ ਕੁੱਝ ਨਹੀਂ ਪਤਾ।

ਅਸੀਂ ਖਾਣਾ ਖਾਈ ਗਏ, ਅਤੇ ਸਾਡੇ ਪਿੱਛੇ ਕੰਧਾਂ ਤੇ ਰਾਮਾਇਣ ਚੱਲਦੀ ਰਹੀ। ਸਾਡੇ ਕੋਲ਼ ਇੱਕ ਕਰੜੇ ਪੰਡੇ ਵਾਂਗਰ ਕਲਚਿਲਮਨ ਚੱਕਰ ਮਾਰਦਾ ਆਵਦੀ ਅੱਖ ਸਾਡੇ ਤੇ ਰੱਖਦਾ ਸੀ। ਬਾਪੂ ਜੀ ਦੀ ਅੱਖ ਉਸ ਵੱਲ ਗਈ ਤੇ ਫਿਰ ਫੁਲਕੇ ਤੋਂ ਬੁਰਕੀ ਤੋੜਕੇ ਮੇਰੇ ਵੱਲ ਝਾਕ ਕੇ ਬੋਲੇ, - ਵੀਨਾ ਤੁਮ ਹਮਾਰੇ ਕਲਚਿਲਮਨ ਰਾਹੀਂ ਜ਼ਰੂਰ ਹਮਾਰਾ ਇਤਿਹਾਸ ਪੜ੍ਹਤੀ ਔਰ ਦੇਖਤੀ ਹੈ?-

- ਹਾਂ ਜੀ- ਮੈਂ ਕਿਹਾ

- ਯੇ ਕੈਸਾ ਸਵਾਲ ਪੂਛਨੇ ਵਾਲਾ! ਸਭ ਕੋ ਸਕੂਲ ਮੇ ਹਮਾਰੀ ਹਿਸਟਰੀ ਕੇ ਬਾਰੇ ਮੇ ਬਤਾਤੇ ਹੈ!- ਮਾਂ ਨੇ ਡਰਕੇ ਕਲਚਿਲਮਨ, ਜਿਸਦੀ ਅੱਖ ਵੀ, ਉਸਦੀ ਨਜ਼ਰ ਵਿੱਚ ਟੰਗ ਅੜਾਉਣੀ ਹੈ, ਵੱਲ ਦੇਖਿਆ। ਉਸਨੂੰ ਡਰ ਸੀ ਕਿ ਬਾਪੂ ਜੀ ਅੱਜ ਬਾਗ਼ੀ ਸਵਾਲਾਂ ਤੇ ਚਰਚਾ ਖੁਲ੍ਹਕੇ ਸਰਕਾਰ ਦੇ ਸਾਹਮਣੇ ਹੀ ਕਰਨ ਲੱਗ ਪਏ ਸੈਂ ਅਤੇ ਇਸਦਾ ਸਾਡੇ ਤੋਂ ਲੇਖਾ ਲੈਣਾ ਹੋ ਸਕਦਾ ਹੈ।

- ਤੁਮ ਕਿਉਂ ਡਰਤੀ ਸੁਰਜੀਤ? ਮੈਂ ਸਿਰਫ਼ ਗ਼ੀ ਦੇਖਤਾ ਥਾ ਕੇ ਹਮਾਰੀ ਬੇਟੀ ਕੋ ਮਾਸਟਰ ਨੇ ਭਲੀ ਭਾਂਤ ਹਮਾਰਾ ਇਤਿਹਾਸ ਸਿਖਾਇਆ ਹੈ, ਜਾਂ ਵੀਨਾ ਨੇ ਖ਼ੁਦ ਜੋ ਵਾਂਝਾ ਹੈ ਕਲਚਿਲਮਨ ਮੇਂ ਪੂਰਾ ਕਰ ਲਿਆ ਹੈ। ਬੱਸ।ਤੋ ਇਸ ਕਾ ਕਿਆ ਡਰ ਹੈ? ਸੋ ਵੀਨਾ? ਬਤਾਓ…-

- ਕਿਆ ਬਤਾਓ ਬਾਪੂ, ਕਿਆ ਸੋਚ ਰਹੇ ਹੋਂ?-

- ਹਮ ਨੇ ਯੇਹੀ ਦੇਖਾ ਕਿ ਤੁਝੇ ਕਬੀਂ ਨਹੀਂ ਮਾਲੂਮ ਹੋਗਾ ਕੇ ਬੇਦੇਸੀ ਲੋਗਾਂ ਕਾ ਝੂਠ ਹਮਾਰੇ ਇਤਿਹਾਸ ਕੇ ਉਲਟੇ ਰਾਸਤੇ ਜਾਤਾ ਹੈ। ਮਤਲਬ ਉਂਨਕੀ ਕਿਤਾਬੋਂ ਮੇ ਜੋ ਲਿਖਾ...- ਬਾਪੂ ਨੇ ਅੱਗੇ ਕਿਹਾ। ਮੈਂ ਵੀ ਥੋੜ੍ਹੀ ਜਿਹੀ ਕੁੱਪਤੀ ਹੋ ਕੇ ਬਾਪੂ ਜੀ ਨੂੰ ਆਖਿਆ, - ਕਿਸ ਕਿਤਾਬੋਂ ਮੇ? ਕੈਸਾ ਝੂਠ। ਹਮੇਂ ਤੋ ਇਸਕੇ ਬਾਰੇ ਮੇ ਕੁਛ ਮਾਲੂਮ ਨਹੀਂ...- ਮਾਂ ਨੇ ਮੇਰੇ ਵੱਲ ਖਿੱਝ ਕੇ ਦੇਖਿਆ ਫਿਰ ਕਲਚਿਲਮਨ ਵੱਲ ਬੇਚੈਨ ਅੱਖ ਮਾਰੀ ਅਤੇ ਬਾਪੂ ਜੀ ਵੱਲ ਖੱਟੇ ਦਿਲ ਨਾਲ਼ ਮਾੜੀ ਨਜ਼ਰ ਟਿਕਾ ਕੇ ਪੁੱਛਿਆ, - ਜੀ ਹਮੇਂ ਬੀ ਪ੍ਰਕਾਸ਼ ਡਾਲੋਂ!।

ਬਾਪੂ ਜੀ ਨੇ ਬਿਨ੍ਹਾਂ ਬੋਲਿਆਂ ਆਵਦੀ ਥਾਲ਼ੀ ਵਿੱਚ ਚਮਚੇ ਨਾਲ਼ ਕੀਮੇ ਵਾਲੇ ਪਿਆਲੇ'ਚੋਂ ਕੀਮਾ ਪਾਇਆ ਅਤੇ ਅਸੀਂ ਦੋਨੋਂ, ਉਨ੍ਹਾਂ ਚਿਰ ਉਸਦੇ ਵੱਟੇ ਦੜ ਦੀ ਡੀਕ'ਚ ਰਹੀਆਂ। ਜਦ ਚਮਚਾ ਰੱਖ ਦਿੱਤਾ ਫਿਰ ਬਾਪੂ ਜੀ ਨੇ ਕਿਹਾ, - ਮਲਤਬ ਉਸ ਮੁਲਕੋਂ ਮੇ ਬੱਚਿਆਂ ਕੋ ਸਿਖਾ ਜਾਤਾ ਹੈ ਕਿ ਭਾਰਤ ਮੇ ਟੀਵੀ ਔਰ ਪਰਮਾਣੂ ਬੰਬ ਔਰ ਗਾਡੀਆਂ, ਰਾਮਾ ਸੀਤਾ ਕੇ ਜੁਗ ਮੇਂ ਨਹੀਂ ਬਣਾਏ ਥੇ, ਕਿਆ ਜੇਹੀ ਹਮਾਰੇ ਦੇਸ ਕੀ ਕਹਾਣੀ ਘੜਨੀ ਹੈ। ਬੱਸ।ਫਿਕਰ ਨਾ ਕਰ ਸੁਰਜੀਤ..ਵੀਨਾ ਕੋ ਤੋ ਪੂਰਾ ਮਾਲੂਮ ਹੈ, ਕਿ ਯੇ ਵਿਦੇਸੀ ਝੂਠੇ ਹੈ।ਸੱਚ ਤੋ ਯੇਹੀ ਹੈ ਕਿ ਹਮਾਰੇ ਵੇਦੋਂ ਕੇ ਹਿਸਾਬ ਸਭ ਸੇ ਪਹਿਲੇ ਤੋ ਤਕਨਾਲੋਜੀ ਭਾਰਤ ਮੇ ਹੀ ਪੈਦਾ ਹੁਈ ਥੀ। ਜਬ ਮੁਸਲਮਾਨੋਂ ਕਾ ਰਾਜ ਸ਼ੁਰੂ ਹੂਆ...- ਬਾਪੂ ਤੇਜੀ ਸੀ, ਕਿਉਂਕਿ ਮੈਨੂੰ ਪੂਰੀ ਸਮਝ ਸੀ ਕਿ ਇਹ ਸਭ ਕਲਚਿਲਮਨ ਲਈ ਨਾਟਕ ਸੀ। ਅਸਲ'ਚ ਗੱਲ ਤਾਂ ਮੈਨੂੰ ਦੱਸ ਰਹੇ ਸੀ ਕਿ ਸੱਚ ਤਾਂ ਹੈ ਜੋ ਉਨ੍ਹਾਂ ਦੇਸਾਂ ਦੀਆਂ ਕਿਤਾਬਾਂ'ਚ ਲਿਖਿਆ ਹੈ। ਸਾਨੂੰ ਝੂਠਾ ਇਤਿਹਾਸ ਸਕੂਲਾਂ'ਚ ਸਿਖਾ ਰਹੇ ਨੇ।

ਬਾਪੂ ਜੀ ਅੱਗੇ ਤੁਰੇ, ਹੁਣ ਥੋੜੀ ਜਿਹੀ ਸੋਘ ਨਾਲ਼ ਕਲਚਿਲਮਨ ਵੱਲ ਦੀਆਂ ਅੱਖਾਂ ਦੇ ਪਾਸਿਉਂ ਦੇਖਦੇ ਬੋਲੇ, - ਸ਼ੁਰੂ ਮੇ ਹਾਲੇ ਬੀ ਕਿਤਾਬਾਂ ਛਾਪਣੇ ਕਾ ਰੀਵਾਸ ਥਾ। ਹਾਲੇ ਹਰ ਕਿਸੀ ਆਦਮੀ ਕੋ ਕੰਪਿਊਟਰ ਚਲਾਨਾ ਨਹੀਂ ਆਤਾ ਥਾ ਔਰ ਆਮ ਆਦਮੀ ਕੇ ਲੀਏ ਕਾਫ਼ੀ ਮਹਿੰਗਾ ਥਾ। ਇਸੇ ਲੀਏ ਹਾਲੇ ਬੀ ਕਾਗ਼ਜ਼ ਮੇ ਕਿਤਾਬੇਂ ਛਪ ਰਹੀ ਥੀ। ਸਮੁਰਾਈ ਪੁਲੀਸ ਕੋਲ਼ ਇੱਕ ਅੱਗ ਭੜਕਾਉਣ ਵਾਲੀ ਰਫ਼ਲ ਥੀ ਜਿਸਕੇ ਏਕ ਪਾਸੇ ਵਿਆਸ ਥਾ ਜਿਸ ਮੇ ਸੇ ਆਗ ਆਤੀ ਔਰ ਨਾਲੀ ਕੇ ਦੂਸਰੇ ਪਾਸੇ ਏਕ ਡਿੱਘੀ ਥੀ ਜਿਸਕੇ ਬੀਚ ਤੇਲ ਥਾ। ਇਸੇ ਲੀਏ ਸਮੁਰਾਈਆਂ ਕੋ ਲੋਗ ਝੋਕਾਬਾਜ਼ੀ ਬੁਲਾਤੇ ਥੇ। ਔਰ ਵੋ ਸਭੀ ਕਿਤਾਬੋਂ ਕੋ ਇਕੱਠਾ ਕਰ ਗਲੀ ਕੇ ਬੀਚ ਢੇਰ ਲਗਾ ਕਰ ਸਾੜਤੇ ਥੇ। ਹਾਰਕੇ ਕਿਤਾਬੋਂ ਕੀ ਪਰਥਾਏਂ ਕੰਪਿਊਟਰ ਕੀਆਂ ਢੇਰੀਆਂ ਲਗਾ ਦੀਆਂ ਔਰ ਹਰ ਯੂਸੀਬੀ, ਹਰ ਕਲਬਦਨੀ ( ਹਾਰਡਡ੍ਰਾਈਵ) ਕੀ ਚਿਖਾ ਬਣਾ ਦੀ-।

ਮਾਂ ਹੁਣ ਬਹੁਤ ਪਰੇਸ਼ਾਨ ਹੋ ਗਈ।ਕਲਚਿਲਮਨ ਦਗ ਦਗ ਜਗਦਾ ਸੀ ਲਾਲ ਲਾਲ ਰੰਗ ਨਾਲ਼। ਹੁਣ ਤਾਂ ਬਾਪੂ ਜੀ ਵੀ ਉਸ ਵੱਲ ਦੇਖ ਕੇ ਚੁੱਪ ਹੋ ਗਿਆ। ਫਿਰ ਉਸ ਕਲਚਿਲਮਨ ਨੂੰ ਖਾਮੋਸ਼ ਕਰਨ ਲਈ, ਪਲ਼ੋਸਣ ਲਈ ਥੋੜਾ ਅੱਗੇ ਬੋਲੇ, - ਯੇ ਸਭ ਝੂਠ ਹੋ। ਵਿਦੇਸ਼ੀ ਝੂਠ ਹੈ। ਇਸ ਗਾਂਢੇ ਸਾਂਢੇ ਮੇ ਸੇ ਬਚਕੇ ਰਹਿਣਾ, ਅੱਛਾ? ਬੱਸ ਯੇ ਹੀ ਸਮਝਾਣਾ ਚਾਹਤਾ ਥਾ। ਇਨ ਕੈਸੇ ਤੁਮਾਰੇ ਸਕੂਲ ਵਾਲ਼ੋਂ ਨੇ ਨਹੀਂ ਬਤਾਯਾ ਥਾ। ਬੱਸ। ਸਰਕਾਰ ਜੋ ਕਰਤਾ, ਹਮਾਰੇ ਫਾਇਦਾ ਕੇ ਲੀਏ ਕਰਤੀ ਹੈ-। ਇਸ ਗੱਲ ਨਾਲ਼ ਹੀ ਲਾਲ ਲਾਲ ਲਿਸ਼ਕ ਹੱਟ ਗਈ ਅਤੇ ਕਲਚਿਲਮਨ ਸ਼ਾਤ ਹੋ ਗਿਆ ਸੀ। ਪਰ ਮੈਂ ਇਸ ਤੋਂ ਸਮਝ ਗਈ ਕਿ ਕੇ ਬਾਪੂ ਜੀ ਹਲਾਤਾਂ ਨਾਲ਼ ਖ਼ੁਸ਼ ਨਹੀਂ ਸੀ ਅਤੇ ਇਹ ਹੀ ਗੱਲ ਦਾ ਮੈਨੂੰ ਸਮਝਾਉਣਾ ਚਾਹੁੰਦੇ ਸੀ। ਹੋ ਸਕਦਾ ਕਿ ਜਾਣਬੁੱਝ ਕੇ ਕਲਚਿਲਮਨ ਦੇ ਸਾਹਮਣੇ ਗੱਲ ਕੀਤੀ ਸੀ। ਖਣੀ, ਜਾਂ ਸਰਕਾਰ ਨੂੰ ਕੋਈ ਉਲਾਹਮਾ ਭੇਜਣਾ ਚਾਹੁੰਦੇ ਸੀ। ਉਸ ਤੋਂ ਬਾਅਦ ਅਸੀਂ ਤਿੰਨੇ ਹੀ ਚੁੱਪ ਚਾਪ ਰੋਟੀ ਖਾਈ ਗਏ। ਹੁਣ ਥੋੜ੍ਹਾ ਜਿਹਾ ਡਰ ਮੈਨੂੰ ਵੀ, ਮਾਂ ਵਾਂਗ ਬਾਪੂ ਜੀ ਲਈ ਆਇਆ। ਉਨ੍ਹਾਂ ਨੂੰ ਕੁੱਝ ਹੋ ਨਾ ਜਾਵੇ। ਸਮੁਰਾਈ ਮਸ਼ਹੂਰ ਨੇ ਮੁੱਠ ਭੇੜ ਲਈ, ਮਤਲਬ ਨਕਲੀ ਐਨਕਾਉਂਟਰਾਂ ਲਈ।

ਉਸ ਰਾਤ ਮੈਂ ਸਿਰਫ ਬਾਪੂ ਜੀ ਲਈ ਹੀ ਨਹੀਂ ਫਿਕਰ ਕਰਦੀ ਸੀ, ਮਾਂ ਲਈ ਵੀ ਕਰਦੀ ਸੀ ਤੇ ਖ਼ੁਦ ਲਈ ਅਤੇ ਕਿਸੇ ਹੋਰ ਲਈ ਵੀ। ਪਤਾ ਨਹੀਂ ਕੌਣ ਸੀ ਉਹ, ਕਿਉਂਕਿ ਹਾਲੇ ਤਾਂ ਕੇਵਲ ਸੋਚਦੀ ਹੀ ਸੀ। ਪਰ ਇਹ ਸੋਚ ਦਾ ਰੂਪ ਬੇਪਛਾਣ ਕੋਈ ਮੁੰਡਾ ਬਣ ਗਿਆ। ਪਤਾ ਨਹੀਂ ਕੌਣ। ਉਹ ਕਿਸੇ ਵੇਲੇ ਵੀਹਵੀ ਸਦੀ ਦੇ ਕੱਪੜਿਆਂ'ਚ ਮੇਰੇ ਸਾਹਮਣੇ ਖੜ੍ਹਾ ਹੈ। ਕਿਸੇ ਵੇਲੇ ਜਪਾਨੀ ਤਲਵਾਰ ਫੜ੍ਹੀ, ਜਿਵੇਂ ਇਹ ਦੋਨੋਂ ਥਾਈਂ ਇੱਕ'ਇੱਕ ਵਾਰ...ਪਹਿਲਾਂ ਵੀ ਜਿਓਈ ਹੋਵਾਂ ਮੈਂ। ਕਿਸੇ ਪਹਿਲੇ ਜਨਮਾਂ'ਚ। ਪਰ ਇਹ ਕਿਵੇਂ ਹੋ ਸਕਦਾ? ਕਦੀ ਉਹ ਲੱਗਦਾ ਜਿਵੇਂ ਅੱਜ ਕੱਲ੍ਹ ਦੇ ਸਮਾਜ'ਚ ਹੀ ਖਲੋਤਾ ਹੋਵੇ, ਮੇਰੇ ਵੱਲ ਹੱਥ ਵਧਾਉਂਦਾ, ਜਿਵੇਂ ਮੈਨੂੰ ਕਿਸੇ ਚੀਜ਼ ਤੋਂ ਬਚਾਉਣ ਦੀ ਕੋਸ਼ਿਸ਼ ਕਰ ਰਿਹਾ ਹੋਵੇ। ਮੇਰਾ ਮਨ ਬੋਲਿਆ ਮੇਰਾ ਨਾਲ...

ਮੈਂ ਉਸਦੇ ਮੁਖੜੇ ਵੱਲ ਸੀਲ ਨਾਲ਼ ਮੁਸਕਾਨ ਦਿੱਤੀ... ਜਿਵੇਂ ਉਹ ਮੇਰਾ ਰਾਂਝਾ ਹੋਵੇ...ਜੋ ਵਾਪਸ ਆ ਗਿਆ ਹੋਵੇ... ਹਰ ਜਮਮ'ਚ ਅਸੀਂ ਹੀ ਦੋਨੋਂ ਹੋਵਾਂਗੇ।ਹਰ ਸਦੀ ਵਿੱਚ ਜਿਉਏ ਅਤੇ ਜਿਉਵਾਂਗੇ। ਹਰ ਦੇਸ਼'ਚ ਵਸਾਂਗੇ। ਮੈਂ ਤੇ ਮੇਰਾ ਸਮੁਰਾਈ! ਸਮੁਰਾਈ? ਹਾਂ ਉਸਦਾ ਰੂਪ ਹੁਣ ਅੱਜ ਕੱਲ੍ਹ ਦੇ ਭਾਰਤੀ ਸਰਕਾਰੀ ਸਮੁਰਾਈ ਦਾ ਸੀ! ਮੈਂ ਡਰ ਗਈ! ਇਹ ਕਿਸ

ਤਰ੍ਹਾਂ ਦਾ ਸੁਪਨਾ ਹੈ! ਮੇਰੇ ਸੁਪਨੇ ਦਾ ਕੌਣ ਸਮੁਰਾਈ ਹੋਇਆ? ਅੱਖਾਂ ਖੋਲ੍ਹੇ ਬਿਨ੍ਹਾਂ ਪਲੰਘ'ਚ ਪਈ ਫੁਸਰ ਫੁਸਰ ਕਰਦੀ ਬੋਲੀ...-ਮਿਯਾਮੋਤੋ-।

# ਦੋਸਤ

# ੧੬੦੯



ਮੈਂ ਮਾਂ ਤੋਂ ਡਰਦਾ ਸਾਂ। ਹਾਂ, ਮੈਂ ਡਰਦਾ ਸਾਂ ਮਾਂ ਤੋਂ । ਮੈਨੂੰ ਡਰ ਸੀ ਕਿ ਜੇ ਮੈਂ ਉਸਨੂੰ ਦੱਸਿਆ ਕਿ ਮੈਂ ਘਰ ਨਹੀਂ ਪਰਤਨਾ ਕਿਉਂਕਿ ਮੈਂ ਅੱਕੇਮੀ  ਨਾਲ਼ ਵਿਆਹ ਕਰਨ ਬਾਰੇ ਸੋਚਦਾ ਸੀ, ਨਾ ਕੇ ਮੇਰੀ ਮੰਗੇਤਰ ਓਤਸੂ ਨਾਲ਼, ਮਾਂ ਨੇ ਮੈਨੂੰ ਮਾਰ ਦੇਣਾ! ਉਸ ਤੋਂ ਵੀ ਕਿਤੇ ਜ਼ਿਆਦਾ ਅਸਲ ਵਿੱਚ ਡਰ ਇਹ ਸੀ ਕਿ ਮੈਂ ਤਾਂ ਅੱਕੇਮੀ ਦੀ ਮਾਂ, ਓਕੋ ਨਾਲ਼ ਸ਼ਾਦੀ ਕਰ ਲਈ ਸੀ। ਤੇਮੇ ਦਾ ਭਰਾ ਆਇਆ ਸੀ ਸਾਨੂੰ ਲੱਭਣ ਕਿਉਂਕਿ ਮੈਂ ਅਤੇ ਤਕੇਜ਼ੋ ਨੇ ਉਸਦੇ ਵੀਰ ਤੇਮੇ ਨੂੰ ਮਾਰ ਦਿੱਤਾ ਸੀ। ਪਰ ਮੈਂ ਤਾਂ ਉਸਦੇ ਹੱਥ ਨਹੀਂ ਆਇਆ, ਕਿਉਂਕਿ ਓਕੋ ਦੀ ਸਲਾਹ ਨਾਲ਼ ਅਸੀਂ ਤਿੰਨੇ ਕੀਓਤੋਂ ਨੱਸ ਗਏ ਸਾਂ।ਬੇਨੋਸੁੱਕੇ ਤਾ ਸੇਕੀਗ੍ਰਾਰਾ ਦੀ ਲੜਾਈ ਤੋਂ ਬਾਅਦ ਇਨ੍ਹਾਂ ਨਾਲ਼ ਥੋੜ੍ਹਾ ਚਿਰ ਹੋਰ ਰਹਿ ਕੇ ਮਿਯਾਮੋਤੋ ਵਾਪਸ ਚਲਾ ਗਿਆ ਸੀ। ਜ਼ਰੂਰ ਉਸਨੇ ਹੀ ਮਾਂ ਨੂੰ ਦੱਸਿਆ ਹੋਵੇਗਾ ਕੇ ਮੈਂ ਜਿਉਂਦਾ ਹਾਂ। ਜੋ ਖ਼ੁਦ ਸਾਡੇ ਪਿੰਡ ਹਿੰਗ ਲੱਗੇ ਨਾ ਫਟਕੜੀ ਪੁੱਜ ਗਿਆ । ਪਰ ਓਕੋ ਇਸ ਗੱਲ ਤੋਂ ਵੀ ਸੁੱਖੀ ਨਹੀਂ ਸੀ। ਉਸ ਨੇ ਹਿੰਡ ਕੀਤੀ ਸੀ ਕਿ ਮੈਂ ਓਤਸੂ ਨੂੰ ਜ਼ਰੂਰ ਖ਼ਤ ਲਿਖਕੇ ਭੇਜਾਂ ਤੇ ਕਹਾਂ ਕੇ ਮੈਂ ਵਿਆਹ ਕਰ ਲਿਆ ਹੈ ਅਤੇ ਉਹ ਹੁਣ ਮੇਰਾ ਖਿਆਲ ਦਿਲ'ਚੋਂ ਕੱਢ ਦੇਵੇ! ਜਦ ਮੈਂ ਉਸ ਖ਼ਤ ਨੂੰ ਵਾਂਸ ਦੀ ਨਾਲ਼ ਵਿੱਚ ਪਾਇਆ ਤਾਂ ਉਸਨੇ ਵੀ ਆਵਦੀ ਲਿਖੀ ਹੋਈ ਚਿੱਠੀ ਉਸ ਵਿੱਚ ਤੁੰਨ ਦਿੱਤੀ। ਪਰ ਮੈਂ ਤਾਂ ਉਸ ਵੇਲੇ ਓਕੋ ਦੀਆਂ ਲੋਲੋ ਪੋਪੀਆਂ'ਚ ਉਲਝਿਆ ਸੀ। ਮੈਂ ਮਤਾਹਚੀ, ਜਿਸ ਨੇ ਗਰਾਂ'ਚੋਂ ਕਦਮ ਚੁੱਕੇ ਸੀ ਸਮੁਰਾਈ ਬਣਨ ਲਈ, ਪਰ ਹੁਣ ਇੱਕ ਖਲਨਾਇਕਾ ਦਾ ਪਿੱਠੂ ਬਣਕੇ ਰਹਿ ਗਿਆ ਸੀ!

ਮੇਰਾ ਖਾਸ ਦੋਸਤ ਬੇਨੋਸੁੱਕੇ ਤਾਂ ਉਡ ਗਿਆ। ਹੁਣ ਤੀਕਰ ਉਸ ਕੋਲੋਂ, ਜਾਂ ਓਤਸੂ ਤੋਂ ਜਾਂ ਫਿਰ ਮਾਂ ਤੋਂ ਕੋਈ ਖਬਰ ਨਹੀਂ ਆਈ ਉਨ੍ਹਾਂ ਬਾਰੇ। ਉਂਝ ਉਹ ਹੁਣ ਸਭ ਕਿੱਥੋਂ ਜਵਾਬ ਭੇਜੂਗੇ? ਉਨ੍ਹਾਂ ਨੂੰ ਕਿਵੇਂ ਪਤਾ ਹੋਵੇਗਾ ਕੇ ਮੈਂ ਉਸ ਤੋਂ ਬਾਅਦ ਨੌਂ ਸਾਲਾਂ ਤੋਂ ਕੀਓਤੋਂ ਵੱਸਦਾਂ ਹਾਂ ਇਨ੍ਹਾਂ ਦੋਨਾਂ ਜ਼ਨਾਨੀਆਂ ਨਾਲ਼, ਉਸ ਇੱਕ ਚਾਹ ਘਰ ਵਿੱਚ, ਜਿਹੜਾ ਬਾਹਰੋਂ ਚਾਹ ਲਈ ਹੈ ਪਰ ਹੋਰ ਚੀਜ਼ਾਂ ਲਈ ਜ਼ਿਆਦਾ ਕੰਮ ਦਿੰਦਾ! ਮੈਂ ਤਾਂ ਕੰਮ ਕਰਨ ਨੂੰ ਤਿਆਰ ਸੀ, ਪਰ ਉਸ ਓਕੋ ਨੇ ਮੇਰੀ ਇੱਕ ਨਾ ਚੱਲਣ ਦਿੱਤੀ! ਕਹਿੰਦੀ ਮੇਰੇ ਘਰ ਵਾਲ਼ਾ ਕਦੇ ਕਾਮਾਂ ਨਹੀਂ ਹੋਵੇਗਾ! ਪਰ ਉਸ ਦੀਆਂ ਆਦਤਾਂ ਤਾਂ ਸਫੈਦ ਹਾਥੀ ਵਾਂਗ ਸੀ, ਮਹਿੰਗੀਆਂ! ਇਸ ਲਈ ਮੈਨੂੰ ਘਰ ਦੇ ਪਿੱਛੇ ਕਮਰੇ'ਚ ਲੁਕੋਇਆ ਰੱਖਿਆ, ਉਹ ਅਤੇ ਉਸ ਦੀ ਧੀ, ਜੋ ਹੁਣ ਬਾਈਆਂ ਵਰ੍ਹਿਆਂ ਦੀ ਹੈ।ਪੈਸੇ ਲਈ ਬੈਠਕ'ਚ ਚਾਹ ਵਰਤਾਉਂਦੀਆਂ ਬੇਗਾਨੇ ਮਰਦਾਂ ਨੂੰ; ਉਨ੍ਹਾਂ ਆਦਮੀਆਂ ਨੂੰ ਲੱਗਦਾ ਪੈਸੇ ਲਈ ਚਾਹ ਤੋਂ ਜ਼ਿਆਦਾ ਕੁੱਝ ਮਿਲ ਸਕਦਾ ਇੰਨ੍ਹਾਂ ਦੋਨੋਂ ਤੋਂ! ਮੈਂ ਸੋਚਦਾ ਤਾਂ ਮੈਨੂੰ ਖ਼ੁਦ ਤੇ ਘਿਣ ਜਿਹੀ ਆਉਂਦੀ ਇਹ ਕਿਸ ਤਰ੍ਹਾਂ ਦੀ ਜ਼ਿੰਦਗੀ ਹੈ? ਮੈਂ ਕਿਸ ਤਰ੍ਹਾਂ ਦਾ ਆਦਮੀ ਬਣ ਗਿਆ? ਬੱਸ ਮੈਨੂੰ ਸਾਕੀ ਸ਼ਰਾਬ ਦਿੰਦੀਆਂ ਰਹਿੰਦੀਆਂ! ਇੱਕ ਦਿਨ ਓਹ ਸਾਲੇ ਸਮੁਰਾਈ ਯੋਸ਼ੀਓਕਾ ਦੇ ਮਦਰੱਸੇ'ਚੋਂ ਆਏ, ਜ਼ਰੂਰ ਐਕੇਮੀ ਦੇ ਅੱਲ੍ਹੜ ਮਛੋਹਰ ਤੋਂ ਭਰ ਜਵਾਨ...ਖ਼ੈਰ ਓਕੋ ਨੇ ਰੁੱਖਾ ਜਵਾਬ ਦੇਣ ਦੀ ਥਾਂ ਉਨ੍ਹਾਂ ਨਾਲ਼ ਟਾਲ ਟਾਲ ਮਟੋਲ ਕੀਤੀ। ਅੱਕੇਮੀ  ਤਾਂ ਤੇਜ ਹੈ, ਉਸਨੇ ਬੰਦੇ ਨੂੰ ਸਾਕੀ ਨਾਲ਼ ਸ਼ਰਾਬੀ ਕਰ ਦਿੱਤਾ ਸੀ, ਪਰ ਇੱਲ ਸਾਲਾ ਓਕੋ ਦੇ ਮਗਰ ਹੀ ਉਸਦੇ ਪਿੱਛੇ ਸਾਡੇ ਕਮਰੇ'ਚ ਪਹੁੰਚ ਗਿਆ ਸੀ! ਮੈਂ ਪੀਤੀ ਸੀ, ਫੇਰ ਵੀ ਉਸ ਸਾਲੇ, ਜਿਸ ਨੂੰ ਓਕੇ ਸੈਈਜੁਰੂ ਕਹਿਕੇ ਬੁਲਾਉਂਦੀ ਸੀ, ਨੂੰ ਮੈਂ ਮਾਰਨ ਲੱਗਾ ਪਰ ਓਕੋ ਨੇ ਮੈਨੂੰ ਖਿੱਚ ਕੇ ਪਰ੍ਹਾਂ ਕਰ ਦਿੱਤਾ ਅਤੇ ਉਸਨੂੰ ਕਮਰੇ'ਚੋਂ ਬਾਹਰ। ਅਗਲੇ ਦਿਨ ਜਦ ਮੈਂ ਸਰੂਰੀ ਹਾਲ'ਚ ਉੱਠਿਆ, ਦੋਨੋਂ ਕਸਬਨਾਂ ਯੋਸ਼ੀਓਕਾ ਆਦਮੀਆਂ ਨਾਲ਼ ਮੇਲੇ ਚਲੀਆਂ ਗਈਆਂ ਸਨ!

ਮੈਨੂੰ ਇੰਨ੍ਹਾਂ ਤਾਂ ਪਤਾ ਲੱਗ ਹੀ ਗਿਆ ਸੀ ਕਿ ਉਹ ਸੈਈਜੁਰ ਯੋਸ਼ੀਓਕਾ ਪਿੰਡ ਤੋਂ ਆਇਆ ਸੀ ਅਤੇ ਯੋਸ਼ੀਓਕਾ ਦੇ ਮਦਰੱਸੇ'ਚ ਰਹਿ ਰਿਹਾ ਸੀ। ਇੱਕ ਸਮਾਂ ਹੁੰਦਾ ਸੀ ਕਿ ਯੋਸ਼ੀਓਕਾ ਮਦਰੱਸੇ ਦੇ ਸਮੁਰਾਈ ਸਭ ਤੋਂ ਜ਼ਬਰਦਸਤ ਯੋਧੇ ਹੁੰਦੇ ਸਨ। ਪਰ ਅੱਜ ਕੱਲ੍ਹ ਕਮਜ਼ੋਰ ਨੇ। ਉਸ ਰਾਤ ਚੇਤ ਦਾ ਪੰਜਵਾਂ ਦਿਨ ਸੀ ਅਤੇ ਮੈਂ ਗੁੱਸੇ ਵਿੱਚ ਬਾਹਰ ਤੁਰ ਪਿਆ। ਚਿਤ ਕਰਦਾ ਸੀ ਇਨ੍ਹਾਂ ਦੋਨਾਂ ਔਰਤਾਂ ਨੂੰ ਛੱਡ ਕੇ ਵਾਪਸ ਮਾਂ ਕੋਲ ਮਿਯਾਮੋਤੋ ਚਲੇ ਜਾਵਾਂ, ਜਾਂ ਤਲਵਾਰ ਖਰੀਦ ਕੇ ਸਮੁਰਾਈ ਬਣਨਾ ਸਿੱਖ ਕੇ ਕੋਈ ਡੈਮਯੁ ਲਈ ਕੰਮ ਕਰਾਂ ਅਤੇ ਫਿਰ ਦਿਖਾਵਾਂ ਆਵਦੀ ਘਰਵਾਲੀ ਨੂੰ ਕਿ ਹੱਕ ਹਲਾਲ ਦੀ ਕਮਾਈ ਕੀ ਹੁੰਦੀ ਹੈ। ਪਰ ਮੈਂ ਤਾਂ ਸਭ ਤੋਂ ਨੇੜਲੇ ਢਾਬੇ ਪਹੁੰਚ ਗਿਆ ਜਿੱਥੇ ਮੈਂ ਰਾਤ ਤੱਕ ਸਾਕੀ ਪੀ ਪੀ ਕੇ ਬੇਹਾਲ ਹੋ ਗਿਆ ਸੀ। ਹਾਰਕੇ ਉਸ ਢਾਬੇ ਵਾਲੇ ਨੇ ਮੈਨੂੰ ਧੱਕਾ ਦੇਕੇ ਗੱਲੀ'ਚ ਕੱਢ ਦਿੱਤਾ। ਗੁਸੇ ਵਿੱਚ ਮੈਂ ਸਿੱਧਾ ਘਰ ਨਹੀਂ ਗਿਆ...ਤੇ ਜਾਣ ਬੁੱਝ ਕੇ ਯੋਸ਼ੀਓਕਾ ਦੇ ਮਦਰੱਸੇ ਵੱਲ ਦੀ ਗਿਆ, ਜਿਸ ਦੇ ਸਾਹਮਣੇ ਗਾਲ੍ਹਾਂ ਕੱਢਕੇ ਮਨ ਹੌਲਾ ਕਰ ਕੇ ਫੇਰ ਕਦਮ ਚੁੱਕੇ ਘਰ ਜਾਣ ਲਈ। ਘਰ! ਮਤਲਬ ਚਾਹ ਘਰ, ਜਿਸ ਦਾ ਮਤਲਬ ਹੈ ਸ਼ਾਇਸਤਾ ਛੱਲਾ ਕੋਠੀ! ਮੈਂ ਆਵਦੀ ਜ਼ਿੰਦਗੀ ਨਾਲ਼ ਕੀ ਕਰ ਲਿਆ ਇਨ੍ਹਾਂ ਚੋਰਨੀਆਂ ਨਾਲ਼ ਰਹਿ ਕੇ! ਉਸ ਦਿਨ ਤਾਂ ਤੇਮਾ ਸੱਚ ਹੀ ਬੋਲਦਾ ਸੀ! ਐਵੀਂ ਉਸ ਨੂੰ ਮਾਰ ਦਿੱਤਾ! ਖ਼ੈਰ ਐਸੇ ਵੈਸੇ ਖਿਆਲਾਂ ਵਿੱਚ ਮਨ ਗਲਤ ਡੁੱਬਿਆ ਹੋਇਆ ਇਧਰ ਉਧਰ ਡੋਲਦਾ ਸੀ ਜਦ ਕਿਸੇ ਨੇ ਜ਼ੋਰ ਦੇਣੀ ਮੇਰੇ ਮੋਢੇ ਤੇ ਹੱਥ ਰੱਖ ਕੇ ਮੈਨੂੰ ਘੁੰਮਾਇਆ ਤਾਂ; ਹਨੇਰਾ ਸੀ, ਪਰ ਮੈਨੂੰ ਮਹਿਸੂਸ ਹੋਇਆ ਕਿ ਉਹ ਯੋਸ਼ੀਓਕਾ ਦਾ ਸਮੁਰਾਈ ਸੀ। ਹਨੇਰੇ'ਚ ਲੱਗਦਾ ਸੀ ਕਿ ਉਸ ਨਾਲ਼ ਦੋ ਹੋਰ ਵੀ ਸਨ, ਜਿਨ੍ਹਾਂ ਦੇ ਹੱਥਾਂ'ਚ ਕੱਤਾਨੇ ਤਿਆਰ ਰੱਖੇ ਸਨ। ਉਸ ਨੇ ਮੇਰੇ ਹਾਲ ਵੱਲ ਦੇਖ ਕੇ ਕਿਹਾ, - ਬਾਈ ਇਹ ਤਾਂ ਹੋਰ ਕੋਈ ਹੈ।ਚੱਲ-। ਪਰ ਮੈਂ ਹੁਣ ਖਿੱਝ ਗਿਆ। ਮੈਂ ਸੋਚਦਾ ਸੀ ਕੇ ਮੇਰੀਆਂ ਗਾਲ੍ਹਾਂ ਕੱਢੀਆਂ ਕਰਕੇ ਬਾਹਰ ਆਏ ਨੇ ਮੇਰੇ ਨਾਲ਼ ਟੱਕਰ ਲੈਣ ਲਈ।

-ਕਿਹੜਾ ਮੈਨੂੰ ਹੱਥ ਲਾਉਣ ਦੀ ਹਿੰਮਤ ਕਰ ਰਿਹਾ! ਉਹਦੀ ਭੈਣ ਦੀ...- ਮੈਂ ਕਹਿਣਾ ਸ਼ੁਰੂ ਕੀਤਾ ਜਦ ਦੂਜੇ ਨੇ ਮੇਰੇ ਵੱਲ ਦੇਖ ਕੇ ਕਿਹਾ, - ਮਿਯਾਮੋਤੋ ਮੁਸਾਸ਼ੀ?-।

-ਮਿਯਾਮੋਤੋ? ਕੋਣ ਮੁਸਾਸ਼ੀ?-

- ਇਹਨੂੰ ਛੱਡ। ਚੱਲ ਚਲੀਏ!-। ਇੰਝ ਕਹਿ ਕੇ ਦੌੜ ਗਏ, ਜ਼ਰੂਰ ਕਿਸੇ ਦਾ ਸ਼ਿਕਾਰ ਕਰ ਰਹੇ ਸਨ। ਪਰ ਮੈਂ ਤਾਂ ਹੈਰਾਨ ਸੀ ਮਿਯਾਮੋਤੋ, ਮੇਰੇ ਪਿੰਡ ਦਾ ਨਾਂ ਇੰਨ੍ਹੀ ਦੇਰ ਬਾਅਦ ਸੁਣਨ ਤੋਂ। ਉਸ ਰਾਤ ਜਦ ਓਕੋ ਵਾਪਸ ਘਰ ਪੁੱਜੀ ਮੈਂ ਉਸਨੂੰ ਸਾਫ਼ ਹੀ ਪੁੱਛ ਲਿਆ ਉਹ ਉਸ ਸੈਈਜੁਰੂ ਨਾਲ਼ ਕੀ ਕਰ ਰਹੀ ਸੀ। ਪਰ ਉਸ ਨੇ ਤਾਂ ਜਵਾਬ ਰੋਹਬ ਕੱਸਿਆ ਦਿੱਤਾ, - ਚੁੱਪ ਹੋ ਜਾ ਨਕੰਮਾ! ਤੈਨੂੰ ਕੀ? ਸਾਕੀ ਲਈ ਪੈਸੇ ਮਿਲਦੇ ਨੇ ਤੈਨੂੰ? ਇਸ ਤੋਂ ਜ਼ਿਆਦਾ ਤੈਨੂੰ ਕੀ ਚਾਹੀਦਾ ਹੈ? ਮੈਂ ਹੀ ਹਰ ਰੋਜ ਕੰਮ ਕਰਕੇ ਤੈਨੂੰ ਪਾਲਦੀ ਹਾਂ!-

- ਰਾਤ ਯੋਸ਼ੀਓਕਾ ਦੇ ਮਦਰੱਸੇ ਸਾਹਮਿਣਉਂ ਲੰਘਿਆ। ਤਾਂ ਉਨ੍ਹਾਂ ਨੇ ਸੋਚਿਆ ਹੋਣਾ ਕਿ ਮੈਂ ਕੋਈ ਮਿਯਾਮੋਤੋ ਮੁਸਾਸ਼ੀ ਹਾਂ। ਉਹ ਕੌਣ ਹੈ? ਯੋਸ਼ੀਓਕਾ ਨਾਲ਼ ਉਸਦਾ ਕੀ ਮਤਲਬ ਹੈ? ਇਹ ਸੈਈਜੁਰੂ ਕੌਣ ਹੈ?-

- ਚੁੱਪ ਹੋ ਜਾ ਫੋਸੜ ਗੀਦੀ ਜਿਹਾ!-। ਉਸ ਦਿਨ ਚੇਤ ਦਾ ਛੇਵਾਂ ਦਿਨ ਸੀ।ਜਦ ਓਕੋ ਬਾਹਰ ਗਈ ਮੈਂ ਅੱਕੇਮੀ ਨੂੰ ਪੁੱਛਿਆ ਕਿ ਉਹ ਸੈਈਜੁਰੂ ਕੌਣ ਹੈ? ਉਸ ਨੇ ਦੱਸ ਦਿੱਤਾ ਕਿ ਇੱਕ ਪਿੰਡ ਹੈ ਜਿਸ ਦਾ ਨਾਂ ਵੀ ਯੋਸ਼ੀਓਕਾ ਹੈ, ਅਤੇ ਇਸੇ ਹੀ ਗਰਾਂ'ਚੋ ਮਦਰੱਸੇ ਦੇ ਪਹਿਲੇ ਸਮੁਰਾਈ ਕੀਓਤੋ ਆਏ ਸੀ।ਸੈਈਜੁਰੂ ਨੇ ਦੋ ਦਿਨ ਬਾਅਦ ਇੱਕ ਰੈਂਦਾਜੀ ਮੰਦਰ'ਚ ਕਿਸੇ ਨਾਲ਼ ਲੜਣਾ ਹੈ। ਕੋਈ ਯੁੱਧ ਹੋਣਾ ਹੈ। ਜਦ ਮੈਂ ਪੁੱਛਿਆ ਕਿਸੇ ਨਾਲ਼, ਉਸ ਨੇ ਇਨ੍ਹਾਂ ਦੱਸਿਆ ਕਿ ਕਿਸੇ ਮਿਯਾਮੋਤੋ ਮੁਸਾਸ਼ੀ ਨਾਲ਼।

- ਮਿਯਾਮੋਤੋ! ਪਰ ਮਿਯਾਮੋਤੋ, ਇਹ ਤਾਂ ਮੇਰਾ ਪਿੰਡ ਹੈ।ਪਰ ਮੈਂ ਤਾਂ ਕਿਸੇ ਮੁਸਾਸ਼ੀ ਨੂੰ ਜਾਣਦਾ ਨਹੀਂ!-

- ਨੌਂ ਸਾਲ ਹੋ ਗਏ ਮਤਾਹਚੀ ਜੀ ( ਉਹ ਕਦੀ ਮੈਨੂੰ ਬਾਪੂ ਜਾਂ ਹੋਰ ਕੁੱਝ ਨਹੀਂ ਆਖਦੀ ਸੀ। ਕਿਉਂਕਿ ਪਹਿਲਾਂ ਸਾਡੇ ਦੋਨਾਂ ਦਾ ਵੀ ਵਿਆਹ ਹੀ ਹੋਣਾ ਸੀ। ਹੁਣ ਉਸ ਦੀ ਮਾਂ ਨਾਲ਼ ਵਿਆਹਿਆ ਹਾਂ। ਉਸੇ ਕਰਕੇ ਹੀ ਤਾਂ ਮੈਂ ਹੁਣ ਓਕੋ ਦੀਆਂ ਉਂਗਲੀਆਂ ਤੇ ਨੱਚਣ ਵਾਲੀ ਕਠਪੁਤਲੀ ਹਾਂ) ਜਦ ਦਾ ਮਿਯਾਮੋਤੋ ਛੱਡਿਆ...ਕੀ ਪਤਾ ਤੇਰੇ ਇੱਥੋਂ ਆਉਣ ਤੋਂ ਬਾਅਦ ਉਸ ਥਾਈ ਕੋਈ ਨਵਾਂ ਆ ਗਿਆ ਹੋਵੇ, ਜਾਂ ਕੋਈ ਬੱਚਾ ਹੁਣ ਮਰਦ ਬਣ ਗਿਆ ਹੋਵੇ?-

- ਸ਼ਾਇਦ। ਪਰ ਇੱਕ ਗੱਲ ਤੈਨੂੰ ਵੀ ਮਹਿਸੂਸ ਹੋਵੇਗੀ?-

-ਕੀ?-

- ਸਾਡੀ ਜ਼ੁਬਾਨ ਦੀ ਵਰਨ ਮਾਲਾ'ਚ ਵੀ ਮੁਸਾਸ਼ੀ ਲਿਖਣ ਲਈ ਉਹੀ ਅੱਖਰ ਨੇ ਜਿਨ੍ਹਾਂ ਨਾਲ਼...-

- ਤਕੇਜ਼ੋ?- ਉਸ ਦੀਆਂ ਅੱਖਾਂ ਵਿੱਚ ਚਮਕ ਤੇ ਮੁੱਖ ਤੇ ਲਾਲੀ ਆ ਗਈ ਸੀ, ਜਿਸ ਤੋਂ ਸਾਫ਼ ਦਿੱਸਦਾ ਸੀ ਕਿ ਅੱਜ ਤੱਕ ਵੀ ਮਨ ਉਸਦਾ ਮੇਰੇ ਦੋਸਤ ਤਕੇਜ਼ੋ ਤੇ ਹੀ ਜਾਂਦਾ ਸੀ। ਜੇ ਉਸ ਨੇ ਮੈਨੂੰ ਮਰਦ ਨਹੀਂ ਸਮਝਿਆ, ਤਾਂ ਤਕੇਜ਼ੋ ਨੂੰ ਹੀ ਐਸਾ ਸਮਝਿਆ ਹੋਣਾ। ਤਕੇਜ਼ੋ ਨੇ ਹੀ ਤੇਮਾ ਮਾਰਿਆ ਸੀ। ਇਸ ਚਮਕ ਨੂੰ ਵੇਖ ਕੇ ਮੈਨੂੰ ਗੁੱਸਾ ਅਤੇ ਈਰਖਾ ਹੋਈ।

-ਆਹੋ। ਤਕੇਜ਼ੋ ਅਤੇ ਮੁਸਾਸ਼ੀ ਉਨ੍ਹਾਂ ਹੀ ਅੱਖਰਾਂ ਨਾਲ਼ ਲਿਖੇ ਜਾ ਸਕਦੈ ਨੇ। ਹੋ ਸਕਦਾ ਮੇਰਾ ਪੁਰਾਣਾ ਮਿੱਤਰ ਹੀ ਹੋਵੇ?-

- ਹੋ ਸਕਦਾ। ਕਿ ਮੁਸਾਸ਼ੀ ਅਤੇ ਤਕੇਜ਼ੋ ਇੱਕ ਹੀ ਆਦਮੀ ਹੋਵੇ, ਇਨ੍ਹਾਂ ਤਾਂ ਤੈਨੂੰ ਦੱਸ ਸਕਦੀ ਹਾਂ ਕਿ ਰਾਤ ਉਹ ਮਦਰੱਸੇ ਗਿਆ ਸੀ ਸੈਈਜੁਰੂ ਨੂੰ ਮਿਲਣ। ਸੈਈਜੁਰੂ ਤਾਂ ਸਾਡੇ ਕੋਲ਼ ਸੀ। ਖ਼ੈਰ ਮੁਸਾਸ਼ੀ ਨੂੰ ਵੀਹ ਸਮੁਾਰਾਈਆਂ ਨੇ ਮਾਰਨ ਦੀ ਕੋਸ਼ਿਸ਼ ਕੀਤੀ ਸੀ। ਪਤਾ ਨਹੀਂ ਕਿਵੇਂ, ਪਰ ਉਹ ਚਾਰ ਬੰਦਿਆਂ ਨੂੰ ਮਾਰ ਕੇ ਨਿੱਕਲ਼ ਗਿਆ। ਉਸ ਦਾ ਪਿੱਛਾ ਕੀਤਾ...ਪਰ ਉਹ ਕਿਤੋਂ ਨਹੀਂ ਲੱਭਿਆ-।

- ਇਹ ਮੇਰਾ ਤਕੇਜ਼ੋ ਕਿਵੇਂ ਹੋ ਸਕਦਾ! ਉਸ ਨੂੰ ਤਾਂ ਮਸਾਂ ਨੇਜ਼ਾ ਹੀ ਵਰਤਨਾ ਆਉਂਦਾ ਹੈ!- ਮੈਂ ਕਿਹਾ ਸੀ।

- ਨੌਂ ਸਾਲਾਂ'ਚ ਸਮੁਰਾਈ ਬਣ ਸਕਦਾ ਹੈ ਆਦਮੀ। ਖ਼ੈਰ ਰੋਨਿਨ ਵੀ ਹੋ ਸਕਦਾ ਏ। ਹੁਣ ਕੀਓਤੋ ਰੈਂਦਾਜੀ ਮੰਦਰ ਜਾ ਕੇ ਹੀ ਪਤਾ ਲੱਗਣਾ। ਕਿ ਕਿਉਂ ਸੈਈਜੁਰੂ ਨੇ ਜਾਣ ਬੁੱਝ ਕੇ ਇਹ ਯੁੱਧ ਪਿੰਡ'ਚ ਨਹੀਂ ਕੀਤਾ ਹੋਵੇਗਾ। ਕੀਓਤੋ'ਚ ਗਵਾਹ ਵਧੇਰੇ ਨੇ, ਜਿੰਨ੍ਹਾਂ ਦੇ ਸਾਹਮਣੇ ਵੈਰੀ ਨੂੰ ਮਾਰ ਸਕਦਾ-।

- ਲੱਗਦਾ ਹੈ ਕਿਤੇ ਮੁਸਾਸ਼ੀ ਤਾਂ ਨਹੀਂ ਬੱਕਰੀ ਦਾ ਬੁੱਚਾ!-

- ਲੱਗਦਾ ਹੈ ਕੇ ਮੁਸਾਸ਼ੀ ਹੀ ਤਕੇਜ਼ੋ ਹੋ ਸਕਦਾ। ਮੈਂ ਤੇਰੇ ਨਾਲ਼ ਚੱਲੂੰਗੀ। ਮਾਈ ਨੂੰ ਨਹੀਂ ਦੱਸਣਾ-।

-ਠੀਕ-। ਇੰਝ ਕਹਿ ਕੇ ਮੈਂ ਢਾਬਿਆਂ ਵੱਲ ਤੁਰ ਪਿਆ। ਮੈਂ ਪਤਾ ਲੈਣਾ ਚਾਹੁੰਦਾ ਸੀ, ਕੇ ਕੀ ਹੈ ਜੋ ਜਨਤਾ ਇਸ ਮਿਯਾਮੋਤੋ ਬਾਰੇ ਜਾਣਦੀ ਸੀ। ਸੱਚ ਮੁੱਚ ਉਹ ਤਕੇਜ਼ੋ, ਮੇਰਾ ਬਚਪਨ ਦਾ ਦੋਸਤ ਹੀ ਹੋਵੇਗਾ? ਮਾਂ ਬਾਰੇ ਮੈਨੂੰ ਦੱਸ ਸਕਦਾ, ਗੋਨ ਮਾਮੇ ਬਾਰੇ ਅਤੇ ਓਤਸੂ  ਬਾਰੇ ਵੀ! ਪਰ ਮੈਂ ਲੜਾਈ ਤੋਂ ਪਹਿਲਾਂ ਕੁੱਝ ਨਹੀਂ ਪੁੱਛੂਗਾ। ਜੇ ਸੈਇਜ਼ੁਰੂ ਉਸਨੂੰ ਨਾ ਮਾਰ ਸਕਿਆ ਤਾਂ ਫਿਰ ਆਖੂਗਾ ਤਕੇਜ਼ੋ ਨੂੰ ਸਭ ਕੁੱਝ! ਓਕੋ ਨਾਲ਼ ਗੁੱਸਾ ਸੀ ਅਤੇ ਇਸ ਲਈ ਮੈਂ ਤਾਂ ਚਾਹੁੰਦਾ ਸੀ ਕਿ ਸੈਈਜੁਰੂ ਹੀ ਇਸ ਮੁਕਾਬਲੇ'ਚ ਮਰੇ! ਕੀ ਪਤਾ ਬੇਨੋਸੁੱਕੇ ਇਨ੍ਹਾਂ ਦੋਨਾਂ ਤੋਂ ਮੈਨੂੰ ਪਰ੍ਹਾਂ ਲੈ ਜਾਵੇਗਾ! ਗੱਲ ਬਾਤ ਥੋੜ੍ਹੀ ਔਖੀ ਹੋਣੀ ਹੈ ਕਿਉਂਕਿ ਉਸਨੇ ਆਖਰੀ ਵਾਰੀ ਜਾਣ ਲੱਗੇ ਨੇ ਗੁੱਸਾ ਕੀਤਾ ਸੀ ਕੇ ਮੈਂ ਇੰਨ੍ਹਾਂ ਨਾਲ਼ ਕਿਉਂ ਰਹਿਣ ਲੱਗਾ! ਓਤਸੂ ਦਾ ਕੀ ਹੋਇਆ ਹੋਵੇਗਾ!ਹੁਣ ਕੱਲ੍ਹ ਨੂੰ ਮੈਂ ਸਾਕੀ ਨੂੰ ਹੱਥ ਨਹੀਂ ਲਾਉਣਾ! ਬੇਨੋਸੁੱਕੇ ਦੇ ਸਾਹਮਣੇ ਇੰਝ ਨਹੀਂ ਖੜ੍ਹ ਸਕਦਾ ਮੈਂ।

ਜਦ ਮੈਂ ਲੋਕਾਂ ਤੋਂ ਗੱਲਾਂ ਸੁਣੀਆਂ ਤਾਂ ਮੈਨੂੰ ਪਤਾ ਲੱਗ ਗਿਆ ਸੀ ਕਿ ਇਹ ਮਿਯਾਮੋਤੋ ਮੁਸਾਸ਼ੀ ਤਾਂ ਮਸ਼ਹੂਰ ਹੋ ਗਿਆ ਹੈ। ਇਸ ਨੇ ਪਿੰਡ ਤੋਂ ਪਿੰਡ ਤੁਰ ਕੇ ਹਰ ਖੇਤੀ ਸਮੁਰਾਈ ਨਾਲ਼ ਤਲਵਾਰ ਚਲਾਈ ਏ। ਹਰ ਵਾਰ ਇਹ ਹੀ ਜਿੱਤਿਆ ਹੈ। ਹੁਣ ਕੀਓਤੋ ਆ ਪਾਹੁੰਚਿਆ ਜਿੱਥੋਂ ਇਸ ਨੇ ਹਰ ਕੇਂਜੁਤਸੂ ਦੇ ਮਦਰੱਸੇ ਤੇ ਚਾਂਗ ਮਾਰੀ ਹੈ। ਹਰ ਮੰਦਰ ਜਿੱਥੇ ਪੱਲਥਾ ਖ਼ੇਲਦੇ ਨੇ ਨੂੰ ਵੀ ਚੁਨੌਤੀ ਦਿੱਤੀ ਹੈ। ਇਹ ਹਰ ਵਾਰ ਜਿੱਤਿਆ ਹੈ। ਹੋਈਜ਼ਨ ਦੇ ਮਸ਼ੂਰ ਮੰਦਰ ਜਾ ਕੇ ਇਸ ਨੇ ਲੱਕੜੀ ਦੀ ਤਲਵਾਰ ਨਾਲ਼ ਹੀ ਨੇਜ਼ੇ ਦੇ ਮਾਹਰ ਭਿਕਸ਼ੂ ਨੂੰ ਇੱਕੋ ਝਟਕੇ ਨਾਲ਼ ਮਾਰ ਬੁਲਾ ਦਿੱਤਾ ਸੀ। ਪਲ ਭਰ ਵਿੱਚ ਚਾਰ ਪੰਜ ਸਮੁਰਾਈਆਂ ਨੂੰ ਰੱਬ ਦੇ ਘਰ ਭੇਜ ਦਿੱਤਾ ਸੀ। ਇੱਕ ਵਾਰ ਗੁੱਸੇ ਵਿੱਚ ਇੱਕ ਰੋਨਿਨ ਨੇ ਜਿਸ ਕੋਲ਼ ਘੋੜਾ ਸੀ, ਨੇ ਮੁਸਾਸ਼ੀ ਤੇ ਝੰਡੀ ਕੱਢੀ। ਇਹ ਸਮੁਰਾਈ ਵੀ ਮਸ਼ਹੂਰ ਤੀਰ ਅੰਦਾਜ਼ ਸੀ। ਜੋ ਇੱਕ ਜਗ੍ਹਾ ਮੁਸਾਸ਼ੀ ਨਾਲ਼ ਟੱਕਰ ਲੈਣ ਲਈ ਉਸ ਨੂੰ ਉਡੀਕਦਾ, ਆਪਣਾ ਘੋੜਾ ਇਧਰ ਉਧਰ ਦੋੜ੍ਹਾ ਰਿਹਾ ਸੀ; ਘੋੜੇ ਸਵਾਰ ਬੈਠਾ'ਬੈਠਾ ਹੀ ਲੋਕਾਂ ਨੂੰ ਆਪਣੀ ਤੀਰ ਅੰਦਾਜੀ ਦੇ ਕਰੱਤਬ ਦਿਖਾ ਰਿਹਾ ਸੀ। ਉਸ ਸਮੁਰਾਈ ਦਾ ਨਾਂ ਜੋਤਾਰੋ ਸੀ। ਉਸ ਦਾ ਨਿਸ਼ਾਨਾ ਵੀ ਹਮੇਸ਼ਾ ਸਹੀ ਟਿਕਾਣੇ ਲੱਗ ਰਿਹਾ ਸੀ। ਪਰ ਹਮੇਸ਼ਾ ਵਾਂਗਰ ਵਕਤ ਸਿਰ ਮੁਸਾਸ਼ੀ ਤਾਂ ਨਹੀਂ ਪਹੁੰਚਿਆ ਤਾਂ ਜੋਤਾਰੋ ਖਿੱਝ ਗਿਆ। ਜਦ ਫਿਰ ਹਾਰਕੇ ਮੁਸਾਸ਼ੀ ਪੁੱਜਿਆ ਤਾਂ ਉਸਨੇ ਮੁਸਾਸ਼ੀ ਦੇ ਆਲ਼ੇ ਦੁਆਲ਼ੇ ਘੋੜੇ ਤੇ ਕੁੱਝ ਚੱਕਰ ਕੱਢੇ ਅਤੇ ਇੱਕ ਦੋ ਤੀਰ ਛੱਡੇ। ਪਰ ਮੁਸਾਸ਼ੀ ਨੇ ਆਵਦੀ ਬੋਕਣ ਨਾਲ਼ ਜੋਤਾਰੋ ਦੇ ਤੀਰ ਅਪਸਾਰ ਕਰ ਦਿੱਤੇ । ਫਿਰ ਵਾਪਸ ਉਹੀ ਬੋਕਣ ਹੀ ਜੋਤਾਰੋ ਵੱਲ ਸੁੱਟੇ। ਜੋਤਾਰੋ ਖ਼ੁਦ ਘੋੜੇ ਤੋਂ ਡਿੱਗ ਪਿਆ। ਲੋਕ ਹੱਸਣ ਲੱਗ ਪਏ।ਇਸ ਕਰਕੇ ਗੁੱਸੇ ਵਿੱਚ ਆਵਦੀ ਕੱਤਾਨੇ ਨਾਲ਼ ਮੁਸਾਸ਼ੀ ਵੱਲ ਨੱਠਿਆ। ਪਰ ਜਦੋਂ ਜਦ ਤੱਕ ਉਹ ਮੁਸਾਸ਼ੀ ਵੱਲ ਪੁੱਜਿਆ, ਤਾਂ ਮਗਰਲੇ ਨੇ ਆਵਦੀ ਤਲਵਾਰ ਕੱਢੀ ਤੇ ਇੱਕੋ ਝਟਕੇ ਨਾਲ਼ ਹੀ ਜੋਤਾਰੋ ਦਾ ਗਲ਼ ਚੀਰ ਦਿੱਤਾ। ਲਹੂ ਨਾੜਾਂ 'ਚੋਂ ਥੁੱਕ ਕੇ ਬਾਹਰ ਨਿਕਲ਼ ਗਿਆ।ਜੋਤਾਰੋ ਉੱਥੋਂ ਹੀ ਡਿੱਗ ਪਿਆ। ਹਾਲੇ ਤੀਕਰ ਕਿਸੇ ਤੋਂ ਮੁਸਾਸ਼ੀ ਨੇ ਭਾਂਜ ਨਹੀਂ ਖਾਦੀ ਸੀ। ਹੁਣ ਸੈਈਜੁਰੂ ਇਸ ਰੋਨਿਨ ਨੂੰ ਹਰਾਉਣਾ ਚਾਹੁੰਦਾ ਐ। ਇਹ ਵੀ ਸਭ ਨੂੰ ਪਤਾ ਕਿ ਜੇ ਸੈਈਜੁਰੂ ਹਾਰ ਗਿਆ ਤਾਂ ਯੋਸ਼ੀਓਕਾ ਮਦਰੱਸੇ ਦਾ ਨਾਂ ਮਿੱਟੀ'ਚ ਮਿਲ ਜਾਣਾ। ਹੁਣ ਤਾਂ ਸਿਰ ਧੜ ਦੀ ਲੱਗੂ ਇੱਜ਼ਤ ਦਾ ਸਵਾਲ ਹੈ। ਮੈਨੂੰ ਤਾਂ ਇਹ ਵੀ ਪਤਾ ਲੱਗਾ ਕਿ ਕੱਤਾਨੇ ਦੇ ਥਾਈਂ ਲੱਕੜ ਦੀ ਤਲਵਾਰ ਨਾਲ਼ ਦੋਨਾਂ ਨੇ ਲੜਣਾ ਹੈ। ਲੋਕ ਦੱਸਦੇ ਸੀ ਕਿ ਇਹ ਮੁਸਾਸ਼ੀ ਨੂੰ ਮਨਜ਼ੂਰ ਹੈ, ਪਰ ਉਸਦੀ ਸ਼ਾਇਦ ਇਹ ਇੱਕ ਚਾਲ ਹੀ ਸੀ ਸੈਈਜੁਰੂ ਨੂੰ ਮਾਰਨ ਦੀ ਕਿਉਂਕਿ ਉਸ ਨੂੰ ਸ਼ੱਕ ਸੀ ਕਿ ਸੈਈਜੁਰੂ ਨੇ ਉਸਦੀ ਯਾਰਨੀ ਦੇ ਪਤੀ, ਇੱਕ ਮਛੂਏ ਅਤੇ ਉਸਦੇ ਟੱਬਰ ਨੂੰ ਮਾਰਿਆ ਸੀ। ਇਸ ਮਛੂਏ ਦਾ ਨਾਂ ਇੱਚੀਗੁਰੂ ਸੀ। ਲੋਕ ਕਹਿੰਦੇ ਹਨ ਕਿ ਮੁਸਾਸ਼ੀ ਨੇ ਬੋਕਣ ਨਾਲ਼ ਪਹਿਲਾਂ ਵੀ ਬੰਦੇ ਮਾਰੇ ਸੀ। ਮੈਂ ਤਾਂ ਕਿਸੇ ਮਛੂਏ ਨੂੰ ਜਿਸ ਦਾ ਨਾਂ ਕਿ ਇੱਚੀਗੁਰੂ ਹੈ ਤੇ ਉਹ ਸਾਡੇ ਪਿੰਡ ਮਿਯਾਮੋਤੋ ਤੋਂ ਹੈ ਨੂੰ ਜਾਣਦਾ ਨਹੀਂ ਹਾਂ।ਜਾਣਦਾ ਨਹੀਂ ਹੈ। ਜਾ ਹੋਰ ਕਿਸੇ ਪਿੰਡ ਤੋਂ ਹੋਵੇਗਾ। ਇਹ ਯਾਰਨੀ ਕੌਣ ਹੈ ਅਤੇ ਇਸ ਇੱਚੀਗੁਰੂ ਦੀ ਤੀਵੀਂ ਨਾਲ਼ ਬੇਨੋਸੁੱਕੇ ਦਾ ਕੀ ਸਬੰਧ ਹੈ, ਇਸ ਬਾਰੇ ਉਸਦੇ ਘਰਵਾਲ਼ੇ ਨੂੰ ਪਤਾ ਸੀ ਕਿ ਉਹ ਕੀ ਕਰਦਾ ਹੈ ਉਸਦੀ ਤੀਵੀਂ ਨਾਲ਼?? ਪਰ ਬੇਨੋਸੁੱਕੇ ਤਾਂ ਸਿੱਧਾ ਸਾਦਾ ਸੀ, ਉਹ ਤਾਂ ਮੈਨੂੰ ਨ੍ਹੀਂ ਲੱਗਦਾ ਇੰਝ ਕਿਸੇ ਜ਼ਨਾਨੀ ਲਈ ਲੜ ਸਕਦਾ ਹੋਵੇ? ਕਦੀ ਨਹੀਂ ਇੰਝ ਕਿਸੇ ਜ਼ਨਾਨੀ ਮਗਰ ਲੜ ਸਕਦਾਂ? ਮੈਂ ਜ਼ਰੂਰ ਖ਼ੁਦ ਐਕੇਮੀ ਨਾਲ਼ ਮੰਦਰ ਜਾ ਕੇ ਖ਼ੁਦ ਦੇਖਦਾਂ!

ਜੋ ਮੈਨੂੰ ਲੋਕਾਂ ਨੇ ਦੱਸਿਆ ਸੀ ਜਾਂ ਮੈਂ ਸੁਣਿਆ ਸੀ,ਉਹ ਮੈਂ ਅੱਕੇਮੀ ਨੂੰ ਵੀ ਦੱਸ ਦਿੱਤਾ ਅਤੇ ਅਸੀਂ ਦੋਨੋਂ ਚੇਤ ਦੇ ਅੱਠਵੇਂ ਦਿਨ ਰੈਂਦਾਜੀ ਮੰਦਰ ਪਹੁੰਚ ਗਏ। ਜਨਤਾ ਕਾਫ਼ੀ ਸੀ। ਲੱਗਦਾ ਸਾਰੇ ਸ਼ਹਿਰ ਨੂੰ ਦੱਸ ਪੈ ਗਈ ਸੀ, ਕਿ ਅੱਜ ਇੱਥੋਂ ਸੈਈਜੁਰੂ ਨੇ ਮੁਸਾਸ਼ੀ ਨਾਲ਼ ਲੜਨਾ ਹੈ। ਮੰਦਰ ਦੇ ਬਾਹਰ ਸੈਈਜੁਰੂ ਅਤੇ ਉਸਦਾ ਟੋਲਾ ਖੜ੍ਹਾ ਸੀ। ਉਹ ਇਕੱਲਾ ਨਹੀਂ

ਆਇਆ ਸੀ। ਲੱਗਦਾ ਸਾਰਾ ਯੋਸ਼ੀਓਕੇ ਦਾ ਮਦਰੱਸਾ ਹੀ ਲੈ ਕੇ ਆਇਆ ਸੀ।ਉਸਦੇ ਹੱਥ'ਚ ਬੋਕਣ, ਲੱਕੜੀ ਦੀ ਤਲਵਾਰ, ਸੀ। ਉਸ ਨਾਲ਼ ਅੱਠ ਹੋਰ ਸਮੁਰਾਈ ਖਲੋਤੇ ਸੀ। ਮੈਂ ਅਤੇ ਐਕੇਮੀ ਗਾੜ੍ਹ ਦੇ ਅੱਗੇ ਹੋ ਗਏ। ਲੱਗਦਾ ਹੈ ਕਿ ਮੁਸਾਸ਼ੀ ਹਾਲੇ ਵਕਤ ਸਿਰ ਪੁੱਜਿਆ ਨਹੀਂ ਹੈ ਅਤੇ ਸਭ ਉਸਦੀ ਉਡੀਕ'ਚ ਹਨ। ਸੈਈਜੁਰੂ ਖਿੱਝਿਆ ਜਿਹਾ ਜਾਪਦਾ ਸੀ। ਅਸੀਂ ਵੀ ਘੰਟੇ ਤੱਕ ਉਡੀਕ'ਚ ਖੜ੍ਹੇ ਰਹੇ ਉਸ ਮੰਦਰ ਦੇ ਬਾਹਰ। ਮੈਂ ਸੈਈਜੁਰੂ ਵੱਲ ਘੂਰ ਕੇ ਦੇਖੀ ਗਿਆ।



ਜਦ ਹਾਰਕੇ ਮੁਸਾਸ਼ੀ ਪੁੱਜਾ, ਉਸ ਦੇ ਆਲ਼ੇ ਦੁਆਲ਼ੇ ਘੋੜੇ ਤੇ ਚੱਕਰ ਕਰਦਾ, ਇੱਕ ਦੋ ਤੀਰ ਛੱਡੇ।

ਹਾਂ ਜੇ ਸੱਚ ਮੁੱਚ ਹੀ ਇਹ ਮੁਸਾਸ਼ੀ ਮੇਰਾ ਦੋਸਤ ਨਿੱਕਲ਼ ਆਇਆ ਤਾਂ ਮੈਂ ਚਾਹੁੰਦਾ ਕਿ ਲੱਕੜ ਦੀ ਤਲਵਾਰ ਦੀ ਥਾਂ ਤੇ ਫੁਲਾਦੀ ਕੱਤਾਨੇ ਨਾਲ਼ ਇਸ ਨੂੰ ਮਮਾਰ ਮੁਕਾਏ। ਦਿਲ'ਚ ਉੱਠ ਰਿਹਾ ਸੀ ਕਿ ਓਕੋ ਨੂੰ ਵੀ ਮਾਰ ਮੁਕਾਏ।ਯੋਸ਼ੀਓਕਾ ਦਾ ਮੈਨੂੰ ਬੱਸ ਇੱਕੋ ਹੀ ਬੰਦਾ ਨਹੀਂ ਦਿੱਸਦਾ ਸੀ, ਜੋ ਸੈਈਜੁਰੂ ਦਾ ਨਿੱਕਾ ਭਰਾ ਸੀ, ਜਿਹੜਾ ਮਦਰੱਸੇ ਦਾ ਗੁਰਦੇਵ ਸੀ। ਨਿੱਕਾ ਭਰਾ ਜਿਸ ਦਾ ਨਾਂ ਡੇਂਸ਼ੀਚੀਰੋ ਹੈ।ਪਤਾ ਨਹੀਂ ਕਿਉਂ ਡੇਂਸ਼ੀਚੀਰੋ ਕੀਓਤੋ'ਚ ਅੱਜ ਨਹੀਂ ਸੀ। ਪਰ ਉਸਨੂੰ ਵੀ ਤਾਂ ਇਸ ਮੁਕਾਬਲੇ ਬਾਰੇ ਪਤਾ ਹੀ ਹੋਣਾ? ਸਾਰਾ ਸ਼ਹਿਰ ਤਾਂ ਇੱਥੇਂ ਖੜ੍ਹਾ ਹੈ, ਮੁਸਾਸ਼ੀ ਤੋਂ ਬਿਨ੍ਹਾਂ! ਬੇਨੋਸੁੱਕੇ ਜੇ ਤੂੰ ਹੀ ਮੁਸਾਸ਼ੀ ਹਾਂ, ਤਾਂ ਤੂੰ ਕਿੱਥੇਂ ਮਰ ਗਿਆ? ਹੁਣ ਤਾਂ ਬਹੁਤ ਦੇਰ ਹੋ ਗਈ ਹੈ! ਹੁਣ ਜਨਤਾ ਦੀ ਕੰਧ ਜਿਹੀ ਬਣ ਗਈ ਸੀ ਮੰਦਰ ਦੇ ਬਾਹਰ।

ਫਿਰ ਜਿਵੇਂ ਹਵਾ'ਚੋਂ ਗਰਦ ਉੱਡਦੀ ਹੈ, ਜਿਵੇਂ ਸਾਂ ਸਾਂ ਘੁਰ ਘੁਰ ਕਰਦੀ ਹੈ, ਇੱਕ ਬੰਦਾ ਲੋਕਾਂ ਦੇ ਚੱਕਰ ਵਿਚਾਲਿਉਂ ਉਨ੍ਹਾਂ ਯੋਸ਼ੀਓਕਾ ਸਮੁਰਾਈਆਂ ਦੇ ਬਰਾਬਰ ਖੜ੍ਹਾ ਸੀ। ਉਸ ਬੰਦੇ ਦੀ ਪਿੱਠ ਸਾਡੇ ਵੱਲ ਸੀ, ਅਤੇ ਸਿਰ ਢਕਿਆ ਸੀ ਇੱਕ ਟੋਕਰੀ ਵਾਲ਼ੀ ਟੋਪੀ ਨਾਲ਼। ਇਸ ਲਈ ਉਸਦਾ ਮੂੰਹ ਨਹੀਂ ਦਿੱਸਦਾ ਸੀ ਸਾਨੂੰ । ਪਰ ਸਮੁਰਾਈਆਂ ਦੇ ਚੁੱਕੇ ਕਦਮਾਂ ਤੇ ਉਨ੍ਹਾਂ ਦੇ ਪੈਂਤੜਿਆਂ ਤੋਂ ਪਤਾ ਲੱਗਦਾ ਸੀ ਕਿ ਇਹ ਹੀ ਮਿਯਾਮੋਤੋ ਮੁਸਾਸ਼ੀ ਹੋਣਾ। ਨਾਲੇ ਇਸ ਦੇ ਹੱਥ'ਚ ਬੋਕਣ ਵੀ ਸੀ। ਉਹ ਚੁੱਪ ਚਾਪ ਬੋਲੇ ਬਿਨ੍ਹਾਂ ਖੜ੍ਹ ਗਿਆ, ਲੱਕੜ ਦੀ ਤਲਵਾਰ ਵਧਾਕੇ ਅਤੇ ਇਸ ਦੇ ਸਾਹਮਣੇ ਸੈਈਜੁਰੂ ਵੀ ਤਿਆਰ ਹੋ ਗਿਆ ਸੀ। ਚਾਰ ਸਮੁਰਾਈ ਇੱਕ ਪਾਸੇ ਹੋ ਗਏ, ਚਾਰ ਦੂਜੇ ਪਾਸੇ, ਉਨ੍ਹਾਂ ਦੇ ਹੱਥ ਮਿਆਨਾਂ ਦੇ ਨੇੜੇ ਮੰਡਲਾਉਂਦੇ ਸਨ। ਇੰਝ ਬਹੁਤ ਦੇਰ ਲਈ ਸਾਰੇ ਇਸ ਸਥਿਤੀ'ਚ ਹੀ ਖੜ੍ਹੇ ਰਹੇ। ਕੋਈ ਨਹੀਂ ਬੋਲਿਆ। ਫਿਰ ਕੱਲੀ ਸੈਈਜੁਰੂ ਦੀ ਅਵਾਜ਼ ਗਰਜੀ।

- ਓਏ ਕੁੱਤੇ ਦਿਆ ਹੱਡਾ! ਦੋ ਘੰਟਿਆ ਦਾ ਤੈਨੂੰ ਉਡੀਕ ਦਾ! ਸ਼ਰਮ ਕਰ! ਜਦ ਵਕਤ ਦਿੱਤਾ ਉਸਦਾ ਅਦਬ ਕਰ! ਜੀ ਕਰਦਾ ਤੈਨੂੰ ਬੋਕਣ ਦੀ ਥਾਂ ਤੇ ਆਵਦਾ ਫੁਲਾਦ ਚਲਾ ਕੇ ਦੇਖਾਵਾਂ!ਹਰਾਮਜ਼ਾਦਾ!- ਗੁੱਸੇ ਨਾਲ਼ ਭਰਿਆ ਸੀ ਸੈਈਜੁਰੂ, ਤੇ ਇਸ ਤੋਂ ਹੀ ਮੈਨੂੰ ਲੱਗਦਾ ਸੀ ਕਿ ਸੈਈਜੁਰੂ ਨੇ ਹਾਰ ਜਾਣਾ। ਮੁਸਾਸ਼ੀ ਨੇ ਕੁੱਝ ਨਹੀਂ ਕਿਹਾ। ਜਦ ਕੋਈ ਜਵਾਬ ਨਹੀਂ ਮਿਲਿਆ ਤਾਂ ਸੈਈਜੁਰੂ ਅੱਗੇ ਵਧ ਗਿਆ ਬੋਕਣ ਨਾਲ਼, ਉਸੇ ਹੀ ਪਲ ਵਿੱਚ ਮੁਸਾਸ਼ੀ ਇੱਕ ਪਾਸੇ ਹੋ ਗਿਆ ਅਤੇ ਉਸਦੀ ਲੱਕੜ ਵਾਲ਼ੀ ਤਲਵਾਰ ਨੇ ਸੈਈਜੁਰੂ ਦੇ ਮੌਰ ਭੰਨ ਦਿੱਤੇ। ਦੁੱਖ ਵਿੱਚ ਸੈਈਜੁਰੂ ਭੁੰਜੇ ਡਿੱਗ ਗਿਆ, ਤੇ ਉਸਦੇ ਨਾਲ਼ ਹੀ ਯੋਸ਼ੀਓਕਾ ਮਦਰੱਸੇ ਦਾ ਨਾਂ ਵੀ ਤੇ ਮਦਰੱਸੇ ਦੀ ਇੱਜ਼ਤ ਵੀ। ਹੁਣ ਜਿਹੜਾ ਟੋਲਾ ਸੈਈਜੁਰੂ ਨੇ ਨਾਲ਼ ਲਿਆਂਦਾ ਸੀ, ਉਸਨੇ ਹਮਲਾ ਕੀਤਾ। ਸਾਰਿਆਂ ਨੇ ਆਵਦੇ ਕੱਤਾਨੇ ਕੱਢ ਲਏ। ਹਵਾ ਵਿੱਚ ਅੱਠ ਲੋਹੇ ਦੀਆਂ ਉਂਗਲੀਆਂ ਮੁਸਾਸ਼ੀ ਵੱਲ ਵਧੀਆਂ। ਉਸ ਨੇ ਲੱਕੜ ਵਾਲ਼ੀ ਤਲਵਾਰ ਨਾਲ਼ ਇੱਕ ਦੋ ਥੱਲੇ ਭੇਜ ਦਿੱਤੇ, ਕਿਸੇ ਦੇ ਮੂੰਹੋਂ ਲਹੂ ਨਿਕੱਲ਼ਿਆ, ਕਿਸੇ ਦੀ ਟੰਗ ਭੰਨ ਦਿੱਤੀ। ਇੱਕ ਮੁਸਾਸ਼ੀ ਦੇ ਪਿੱਠ ਪਿੱਛੇ ਖੜ੍ਹ ਕੇ ਉਸਦੀ ਢੂਹੀ'ਚ ਸਿੱਧਾ ਕੱਤਾਨਾ ਮਾਰਨ ਲੱਗਾ ਸੀ, ਓਦੋਂ ਹੀ ਮੈਂ ਆਪਣੇ ਆਪ ਨੂੰ ਉਸ ਤੇ ਸੁੱਟ ਦਿੱਤਾ ਤੇ ਉਹ ਡਿੱਗ ਪਿਆ ਅਤੇ ਮੁਸਾਸ਼ੀ ਬਚ ਗਿਆ। ਇਵੇਂ ਹੀ ਐਕੇਮੀ ਨੇ ਇੱਕ ਹੋਰ ਨਾਲ਼ ਇੰਝ ਕੀਤਾ। ਮੁਸਾਸ਼ੀ ਨੂੰ ਮਹਿਸੂਸ ਹੋ ਗਿਆ ਕਿ ਜਨਤਾ ਉਸ ਦੀ ਥੋੜ੍ਹੀ ਜਿਹੀ ਮਦਦ ਕਰ ਰਹੀ ਹੈ। ਉਸਨੇ ਘੁੰਮ ਕੇ ਮੇਰੇ ਵੱਲ ਵੇਖਿਆ, ਇੱਕ ਪਲ ਲਈ। ਸਾਡੀਆਂ ਅੱਖਾਂ ਮਿਲ ਗਈਆਂ। ਹਾਂ, ਬੇਨੋਸੁੱਕੇ ਹੀ ਸੀ। ਮੇਰੇ ਹੋਠ'ਚੋਂ ਪੋਲੀ ਦੇਣੀ - ਤਕੇਜ਼ੋ- ਲਫ਼ਜ਼ ਨਿੱਕਲ਼ ਗਿਆ। ਪਰ ਫਿਰ ਉਸਦਾ ਧਿਆਨ ਬਾਕੀਆਂ ਤੇ ਗਿਆ ਅਤੇ ਉਸਨੇ ਬੋਕਣ ਛੱਡ ਕੇ ਕੱਤਾਨਾ ਕੱਢ ਲਿਆ ਜਿਸ ਨਾਲ਼ ਲੋਹਾ ਲੋਹੇ ਨਾਲ਼ ਟੱਕਰਦਾ ਹੈ। ਇੰਝ ਸਾਰਿਆਂ ਨੂੰ ਪਰ੍ਹਾਂ ਕਰਕੇ, ਪਤਾ ਨਹੀਂ ਕਿਵੇਂ ਪਰ ਛਾਲ ਮਾਰ ਕੇ ਮੰਦਰ ਦੀ ਕੰਧ ਪਾਰ ਕਰਕੇ ਉਹ ਉਸ ਥਾਂ ਤੋਂ ਨਿਕੱਲ਼ ਗਿਆ ਸੀ!

ਕਿਸੇ ਨੇ ਸੈਈਜੁਰੂ ਦੀ ਮਦਦ ਕੀਤੀ ਉੱਠਣ ਲਈ। ਉਸ ਨੇ ਬੰਦੇ ਨੂੰ ਧੱਕ ਕੇ ਇੱਕ ਪਾਸੇ ਕਰਕੇ, ਆਵਦੀ ਕੱਤਾਨਾ ਕੱਢ ਲਈ। ਗੁੱਸੇ ਵਿੱਚ ਉਸਦੇ ਮਗਰ ਹੀ ਮੰਦਰ ਵਿੱਚ ਦੀ ਦੌੜ੍ਹ ਗਿਆ। ਉਸ ਦੇ ਪਿੱਛੇ ਜਿਹੜੇ ਤਿੰਨ ਹਾਲੇ ਖੜ੍ਹੇ ਸਨ, ਉਹ ਵੀ ਦੌੜ੍ਹੇ ਗਏ। ਹੁਣ ਜਨਤਾ ਨੇ ਬੋਕਣ ਨਾਲ਼ ਸੈਈਜੁਰੂ ਦੀ ਹਾਰ ਦੇਖ ਲਈ ਕਰਕੇ ਹੀ, ਸਾਰੇ ਖਿੰਡ ਗਏ। ਪਰ ਮੈਂ ਅਤੇ ਐਕੇਮੀ ਮੰਦਰ ਦੇ ਦੂਜੇ ਪਾਸੇ ਵੱਲ ਤੁਰ ਪਏ। ਐਕੇਮੀ ਨੂੰ ਸ਼ੱਕ ਸੀ ਕਿੱਥੋਂ ਦੀ ਮੁਸਾਸ਼ੀ, ਮਤਲਬ ਬੇਨੋਸੁੱਕੇ ਨੇ ਨਿਕਲ਼ਣਾ ਹੈ। ਜਦ ਅਸੀਂ

ਉਸ ਪਾਸੇ ਪੁੱਜੇ ਸੜਕ ਤੇ ਤਿੰਨ ਹੀ ਸਮੁਰਾਈ ਪਏ ਸਨ, ਸੱਟਾਂ ਖਾ ਕੇ ਪੀੜ ਵਿੱਚ। ਸੈਈਜੁਰੂ ਕਿਤੇ ਨਹੀਂ ਦਿੱਸਦਾ ਸੀ। ਫਿਰ ਐਕੇਮੀ ਨੇ ਫੈਸਲਾ ਕਰ ਲਿਆ ਇੱਕ ਪਾਸੇ ਨੱਠਣ ਦਾ ਅਤੇ ਮੈਂ ਦੂਜੇ ਪਾਸੇ ਨੱਸਿਆ। ਇੰਝ ਹੀ ਮੈਂ ਟੋਕਰੀ ਵਾਲੀ ਟੋਪੀ ਦੇਖ ਲਈ ਅਤੇ ਉਸ ਦੇ ਮਗਰ ਗਿਆ। ਜਦ ਮੈਂ ਉਸ ਤੱਕ ਪਚੁੰਚਿਆ, ਮੁਸਾਸ਼ੀ ਤਾਂ ਅਲੋਪ ਹੋ ਗਿਆ ਸੀ, ਪਰ ਕੰਧ ਨਾਲ਼ ਸੈਈਜੁਰੂ ਪਿਆ ਸੀ, ਉਸਦੇ ਹੱਥ ਕੋਲ਼ ਕੱਤਾਨਾ ਅਤੇ ਸਿਰ ਉਸਦਾ ਪੱਟਿਆਂ'ਚ ਪਿਆ! ਉਸ ਮਛੂਏ ਦਾ ਬਦਲਾ ਲੈ ਲਿਆ ਫਿਰ ਸਾਡੇ ਤਕੇਜ਼ੋ ਨੇ! ਮੈਂ ਆਸ ਪਾਸ ਦੇਖਿਆ। ਪਰਛਾਵੇਂ'ਚ ਟੋਕਰੀ ਵਾਲ਼ਾ ਸਿਰ ਦੇਖ ਲਿਆ। ਮੈਂ ਉਸ ਵੱਲ ਗਿਅ। ਮੇਰੀ ਛਾਤੀ ਤੇ ਇੱਕ ਤਿੱਖੀ ਤਲਵਾਰ ਦੀ ਨੋਕ ਖੁੱਭੀ। ਪਰਛਾਵੇਂ'ਚੋਂ ਆਵਾਜ਼ ਆਈ, ਜ਼ਰੂਰ ਤਕੇਜ਼ੋ ਦੀ ਸੀ।

- ਮੇਰਾ ਪਿੱਛਾ ਨਾ ਕਰ। ਮੈਂ ਦੇਖ ਲਿਆ ਕੇ ਤੂੰ ਮੇਰੀ ਮਦਦ ਕੀਤੀ ਹੈ। ਜਾ ਇੱਥੋਂ ਨਹੀਂ ਤਾਂ ਉਨ੍ਹਾਂ ਨੇ ਸੋਚਣਾ ਤੂੰ ਹੀ ਇਸ ਨੂੰ ਮਾਰਿਆ ਹੈ! ਜਾ!-

- ਤਕੇਜ਼ੋ!- ਮੈਂ ਪਿਆਰ ਨਾਲ਼ ਬੇਨੋਸੁੱਕੇ ਨੂੰ ਕਿਹਾ, - ਤਕੇਜ਼ੋ। ਤੂੰ ਤਾਂ ਹੋਰ ਹੀ ਕੁੱਝ...ਕਮਾਲ ਹੈ! ਪਰ ਦੱਸ ਯਾਰ ਮਾਂ ਕਿਵੇਂ ਹੈ? ਓਤਸੂ ਕਿਵੇਂ ਹੈ? ਮੈਨੂੰ ਇੰਨ੍ਹਾਂ ਤੋਂ ਦੂਰ ਲੈ ਜਾ ਮੇਰੇ ਯਾਰ!-

- ਹੁਣ ਓਤਸੂ ਯਾਦ ਆਈ! ਮਾਂ ਤੇਰੀ ਤਾਂ ਫਿਕਰ ਨਾਲ਼ ਭਰ ਗਈ। ਤੇਰਾ ਸਾਰਾ ਟੱਬਰ ਮੇਰੇ ਮਗਰ ਪੈ ਗਿਆ ਤੇਰੀ ਵਜ੍ਹਾ ਕਰਕੇ ਕੁੱਤਿਆ! ਜਾ ਆਵਦੀ ਓਕੋ ਕੋਲ਼!- ਉਸ ਨੇ ਗੁੱਸੇ ਵਿੱਚ ਜਵਾਬ ਦਿੱਤਾ।

- ਸਮਝ ਨਹੀਂ ਲਗੀ...-

- ਮੇਰੀ ਭੈਣ ਉਨ੍ਹਾਂ ਨੇ ਚੱਕ ਲਈ ਸੀ ਤੇਰੀ ਵਜ੍ਹਾ ਕਰਕੇ। ਸਭ ਇਹ ਸੋਚਦੇ ਸਨ, ਕਿ ਤੂੰ ਮੇਰੇ ਕਰਕੇ ਮਰ ਗਿਆ! ਇਸ ਲਈ ਤੇਰੇ ਅਤੇ ਮੇਰੇ ਟੱਬਰ'ਚ ਦੁਸ਼ਮਣੀ ਸ਼ੁਰੂ ਹੋ ਗਈ। ਤੇ ਓਤਸੂ ਦਾ ਦਿਲ ਤੂੰ ਤੋੜ ਦਿੱਤਾ। ਮੈਨੂੰ ਤਾਂ ਇਹ ਵੀ ਪਤਾ ਲੱਗਾ ਕਿ ਤੂੰ ਤੇ ਤੇਰੀ ਓਕੋ ਨੇ ਉਸਨੂੰ ਖ਼ਤ ਭੇਜੇ ਸੀ! ਪਰ ਉਸ ਵਿਚਾਰੀ ਓਤਸੂ ਨੂੰ ਓਸੁਗੀ ਸੁਣਨ ਨੂੰ ਤਿਆਰ ਕਿੱਥੇ ਸੀ! ਤੇਰੀ ਮਾਂ ਤੇ ਤੇਰਾ ਮਾਮਾ ਗੋਨ ਤਾਂ ਹਾਲੇ ਵੀ ਮੇਰੇ ਮਗਰ ਭੱਜੇ ਫਿਰਦੇ ਨੇ ਸਾਰੇ ਪਾਸੇ ਮੈਨੂੰ ਮਾਰਨ ਲਈ। ਉਨ੍ਹਾਂ ਦੀ ਚੰਗੀ ਕਿਸਮਤ ਹੈ ਕਿ ਉਹ ਮੇਰੇ ਧੱਕੇ ਨਹੀਂ ਚੜ੍ਹੇ।ਇਹ ਤਾਂ ਹਾਲੇ ਮੈਂ ਹੀ ਉਨ੍ਹਾਂ ਤੋਂ ਅੱਖ ਚੁਰਾਕੇ ਰੱਖੀ ਹੈ, ਹੁਣ ਤੱਕ!-

- ਮੇਰੀ ਓਤਸੂ?-

- ਤੇਰੀ ਓਤਸੂ? ਤੂੰ ਤਾਂ ਵਿਆਹ ਕਰ ਲਿਆ। ਉਸਦਾ ਵਿਆਹ ਤਾਂ ਹੋਰ ਨਾਲ਼ ਹੋ ਗਿਆ ਸੀ! ਯੋਸ਼ੀਓਕਾ ਪਿੰਡ'ਚ-

- ਯੋਸ਼ੀਓਕਾ?- ਮੈਂ ਹੈਰਾਨ ਹੋ ਗਿਆ। ਫਿਰ ਗੱਲ ਮੇਰੇ ਪੱਲੇ ਪਈ! ਕਿ ਸਾਲਾ ਤਕੇਜ਼ੋ! ਓਤਸੂ ਦਾ ਤਾਂ ਵਿਆਹ ਉਹ ਇੱਚਗੁਰੂ ਨਾਲ਼ ਕਰ ਦਿੱਤਾ ਗਿਆ ਸੀ! ਤੇ ਜੇ ਇਹ ਹੀ ਗੱਲ ਹੈ, ਫਿਰ ਤਕੇਜ਼ੋ ਤੂੰ ਤਾਂ ਹੁਣ ਉਸਦਾ ਯਾਰ ਹੈ! ਤਾਈਂ ਇੱਥੇਂ ਆਇਆ ਸੈਈਜੁਰੂ ਨੂੰ ਮਾਰਨ! ਸਮਝ ਗਿਆ ਮੈਂ। ਸਾਲਾ ਕੁੱਤਾ! ਮੇਰੀ ਓਤਸੂ ਨਾਲ਼ ਖ਼ੁਦ ਯਾਰੀ ਕਰਦਾ! ਉਸ ਓਤਸੂ ਨੂੰ ਵੀ ਮੈਂ ਯੋਸ਼ੀਓਕਾ ਜਾ ਕੇ ਮਾਰ ਦੇਣਾ! ਇਹ ਦੋਨੋਂ ਤਾਂ ਧਰੋਹੀ ਨਿੱਕਲ਼ੇ! ਸਾਲੇ! ਮੈਂ ਇੱਕ ਦਮ ਬਿਨ੍ਹਾਂ ਸੋਚੇ ਮੁਸਾਸ਼ੀ ਵੱਲ ਵਧਿਆ। ਪਰ ਉਸ ਨੂੰ ਸਮਝ ਲੱਗ ਗਈ ਕਿ ਮੈਂ ਕੀ ਕਰਨ ਲੱਗਾ ਸੀ ਤੇ ਉਸਨੇ ਮੇਰੀ ਬਾਂਹ ਮਰੋੜਕੇ ਮੈਨੂੰ ਸੈਈਜੁਰੂ ਦੀ ਲੋਥ ਵੱਲ ਸੁੱਟ ਦਿੱਤਾ।

- ਕੀ ਕਰ ਰਿਹਾ! ਮੈਂ ਤਾਂ ਕੁੱਝ ਨਹੀਂ ਕੀਤਾ! - ਉਸਨੇ ਦਬਕਾ ਮਾਰਿਆ।

- ਤੂੰ...ਤੂੰ... ਮੇਰੀ ਓਤਸੂ ਨਾਲ਼...ਉਸ ਨਾਲ਼...-

- ਗੁਰੂ ਦੀ ਬੇਵਾ ਹੈ। ਤੇਰੀ ਹੁਣ ਕੁੱਝ ਨਹੀਂ ਲੱਗਦੀ ਉਹ। ਬੰਦਾ ਬਣਜਾ ਹੁਣ...- ।ਪਰ ਮੈਂ ਗੁੱਸੇ'ਚ ਉੱਠ ਖੜ੍ਹੋਤਾ ਤੇ ਉਸ ਵੱਲ ਫਿਰ ਵਧਿਆ। ਉਸ ਨੇ ਲੱਤ ਮਾਰ ਕੇ ਫਿਰ ਹੇਠਾ ਮੈਨੂੰ ਥੱਲੇ ਸੁੱਟ ਦਿੱਤਾ। ਇਸ ਵਾਰੀ ਉਹ ਛਾਂ'ਚ ਹੀ ਸਮਾ ਗਿਆ। ਜਦ ਤੱਕ ਮੈਂ ਤਿਆਰ ਹੋਇਆ ਤਾਂ ਮੁਸਾਸ਼ੀ ਗਾਇਬ ਹੋ ਗਿਆ ਸੀ।

ਮੇਰਾ ਦਿਲ ਟੁੱਟਿਆ ਸੁਣ ਕੇ ਕਿ ਮੇਰੀ ਓਤਸੂ ਨੇ ਹੋਰ ਕਿਸੇ ਨਾਲ਼ ਵਿਆਹ ਕਰ ਲਿਆ ਸੀ। ਉਸ ਦੀ ਹਿੰਮਤ ਕਿਵੇਂ? ਤੇ ਪਿੰਡ ਵਾਲ਼ਿਆ ਨੇ ਕਿਵੇਂ ਉਸਦੀ ਸ਼ਾਦੀ ਕਰ ਦਿੱਤੀ? ਮੇਰੀ ਮਾਂ ਨੇ ਕਿਉਂ ਨਹੀਂ ਰੋਕਿਆ? ਮੈਂ ਤਾਂ ਬਹੁਤ ਗਲਤੀ ਕਰ ਲਈ ਸੀ ਓਕੋ ਨਾਲ਼ ਵਿਆਹ ਕਰਨ ਦੀ। ਤੇ ਜਿਹੜਾ ਚਰਚਾ ਹੋ ਰਹੀ ਸੀ ਕਿ ਮੁਸਾਸ਼ੀ ਓਤਸੂ ਦਾ ਯਾਰ ਹੈ? ਇਹ ਗੱਲਾਂ ਨੂੰ ਮੈਂ ਕਿਵੇਂ ਬਰਦਾਸ਼ਤ ਕਰ ਸਕਦਾ? ਮੇਰਾ ਤਾਂ ਦੋਸਤ ਵੀ ਦੁਸ਼ਮਨ ਹੀ ਨਿੱਕਲਿਆ!

ਹੁਣ ਮੈਂ ਵੀ ਸਮੁਰਾਈ ਬਣ ਕੇ ਦੇਖਦਾ! ਫਿਰ ਮੈਂ ਵੀ ਇਸ ਮੁਸਾਸ਼ੀ ਨੂੰ ਦੇਖੂਗਾ! ਸਾਲਾ ਯਾਰਮਾਰ ਹੀ ਕਰ ਗਿਆ! ਮੈਂ ਓਕੋ ਨੂੰ ਛੱਡ ਕੇ ਅੱਜ ਹੀ ਓਤਸੂ ਨੂੰ ਭਾਲਣ ਨਿਕਲਦਾ। ਅੱਜ ਹੀ! ਤਕੇਜ਼ੋ ਕਮੀਨੇ ਤੇਰੇ ਤੇ ਬਹੁਤ ਗੁੱਸਾ ਹੈ, ਬਹੁਤ ਗੁੱਸਾ ਹੈ! ਮੈਂ ਸਮੁਰਾਈ ਬਣ ਕੇ ਉਸ ਨੂੰ ਹਰਾਵਾਂਗਾ।

ਦੇਖ ਦੇ ਹੈ ਦੋਸਤ। ਦੇਖਦੇ ਹੈ।

# ਬੰਦੀ

## ੧੯੪੨

## 侍

ਜਪਾਨ ਨੇ ਐਤਵਾਰ, ਸੱਤ ਦਸੰਬਰ ੧੯੪੧'ਚ ਓਵਾਹੂ ਦੀ ਬੰਦਰਗਾਹ, (ਅਮਰੀਕਾ ਦੇ ਵਿੱਚ, ਇੱਕ ਹਵਾਈ ਪ੍ਰਦੇਸ਼ ਦਾ ਟਾਪੂ,) ਜਿੱਥੇਂ ਅਮਰੀਕਾ ਦਾ ਜਹਾਜ਼ੀ ਬੇੜਾ ਖੜ੍ਹਾ ਸੀ ਬੰਬ ਸੁੱਟੇ। ਹੁਣ ਤੱਕ ਅਮਰੀਕਾ ਸੁੱਤਾ ਪਿਆ ਸੀ ਅਤੇ ਦੇਸ਼ ਨੂੰ ਕੋਈ ਦਿਲਚਸਪੀ ਨਹੀਂ ਸੀ ਦੁਨੀਆ ਦੀ ਵੱਡੀ ਜੰਗ ਨਾਲ਼, ਜੋ ਉਸ ਵੇਲਾ ਯੂਰਪ'ਚ ਚਲ ਰਹੀ ਸੀ। ਪਰ ਇਸ ਹਮਲੇ ਤੋਂ ਬਾਅਦ ਅਮਰੀਕਾ ਲੜਾਈ'ਚ ਸ਼ਾਮਲ ਹੋ ਗਿਆ। ਹਰ ਸੁਮੰਦਰੀ ਜਹਾਜ਼ ਤੇ ਜਪਾਨ ਦੇ ਵਿਮਾਨਾਂ ਨੇ ਵਾਰ ਕੀਤਾ ਤੇ ਬੰਬ ਸੁੱਟੇ। ਹੁਣ ਅਮਰੀਕਾ ਤਾਂ ਜੰਗ'ਚ ਸ਼ਾਮਲ ਹੋ ਗਿਆ ਸੀ, ਪਰ ਜਿਹੜੇ ਮੇਰੇ ਵਰਗੇ ਅਮਰੀਕਨ ਜਪਾਨੀ ਸਨ, ਜੋ ਸਾਡਾ ਕਰਮ ਫਲ ਸੀ ਨੇ ਸਾਡੀ ਜ਼ਿੰਦਗੀ ਨੂੰ ਉਲਟਾ ਪੁਲਟਾ ਕਰ ਦਿੱਤਾ।

ਮੈਂ ਅਮਰੀਕਨ ਜਪਾਨੀ ਸੀ। ਮੇਰਾ ਜਨਮ ਅਮਰੀਕਾ'ਚ ਹੀ ਹੋਇਆ ਸੀ ਅਤੇ ਜਪਾਨ ਨਾਲ਼ ਮੇਰਾ ਕੋਈ ਸੰਬੰਧ ਨਹੀਂ ਸੀ। ਮੈਂ ਤਾਂ ਜਪਾਨੀ ਬੋਲੀ ਵੀ ਨਹੀਂ ਬੋਲ ਸਕਦੀ ਸੀ ਅਤੇ ਨਾ ਹੀ ਹੋਰ ਬਹੁਤਾ ਕੁੱਝ ਜਾਣਦੀ ਸੀ, ਜਪਾਨ ਬਾਰੇ। ਸਿਰਫ ਇੰਨ੍ਹਾਂ ਜਾਣਦੀ ਸੀ ਕਿ ਮੇਰੇ ਮਾਂ ਪਿਉ ਜਪਾਨ ਤੋਂ ਬਹੁਤ ਸਾਲ ਪਹਿਲਾਂ ਇੱਥੇਂ ਆਏ ਸੀ। ਪਰ ਸਾਡੀ ਹਕੂਮਤ ਨੇ ਇਹ ਗੱਲ ਨਹੀਂ ਦੇਖੀ ਕਿ ਅਸੀਂ ਤਾਂ ਅਮਰੀਕਾ ਦੇ ਜੰਮਪਲ ਹਾਂ ਅਤੇ ਅਸੀਂ ਅੰਗ੍ਰੇਜ਼ੀ ਬੋਲਣਾ ਜਾਣਦੇ ਹਾਂ ਅਤੇ ਸਾਡੀਆਂ ਤਾਬੇਦਾਰੀਆਂ ਵੀ ਤਾਂ ਅਮਰੀਕਾ ਨਾਲ਼ ਹੀ ਸਨ। ਪਰ ਉਨ੍ਹਾਂ ਨੇ ਤਾਂ ਸਾਡੀ ਜਪਾਨੀ ਸ਼ਕਲ ਵੇਖਕੇ ਹੀ ਸਾਨੂੰ ਵਿਦੇਸੀ ਤੇ ਦੇਸ ਦੇ ਦੁਸ਼ਮਣ ਸਮਝਿਆ ਸੀ, ਸੋ ਹੁਣ ਤਾਂ ਹਰ ਇੱਕ ਜਪਾਨੀ ਚੇਹਰੇ'ਚ ਉਨ੍ਹਾਂ ਨੂੰ ਜਾਨ ਦਾ ਜਸੂਸ ਹੀ ਨਜ਼ਰ ਆਉਂਦਾ ਸੀ। ਇਸ ਲਈ ਜਿੰਨੇ ਜਪਾਨੀ ਲੋਕ ਅਮਰੀਕਾ'ਚ ਰਹਿੰਦੇ ਸਨ, ਉਨ੍ਹਾਂ ਨੂੰ ਚੱਕ ਕੇ ਕੈਦ ਕਰ ਲਿਆ। ਜਿਵੇਂ ਜਰਮਨੀ'ਚ ਕੋਨਜ਼ੇਨਟ੍ਰੇਸ਼ਨਲਗਰ ( ਕੈਦਖਾਨੇ) ਸਨ, ਅਮਰੀਕਾ ਵਿੱਚ ਵੀ ਬੰਦੀਖਾਨੇ ਸਨ। ਲੋਕਾਂ ਨੂੰ ਤਾਂ ਅੱਜ ਤੱਕ ਇਸ ਤਰ੍ਹਾਂ ਹੀ ਲੱਗਦਾ ਹੈ ਕਿ ਕੈਦਖਾਨੇ ਕੱਲੇ ਜਰਮਨ ਵਾਲੇ ਪਾਸੇ ਹੀ ਸਨ। ਸੱਚ ਤਾਂ ਇਹ ਹੈ ਕਿ ਕੈਦਖਾਨੇ ਅਮਰੀਕਾ'ਚ ਵੀ ਸੀ, ਜਿੱਥੇਂ ਸਾਨੂੰ ਕੈਦ ਕਰਕੇ ਰੱਖਿਆ ਗਿਆ ਸੀ। ਮਾਂ, ਬਾਪ ਅਤੇ ਜਪਾਨੀ ਨਿਆਣਿਆਂ ਨੂੰ ਵੀ। ਪਰ ਦੁਨੀਆ ਦੀ ਨਜ਼ਰ'ਚ ਤਾਂ ਸਿਰਫ ਕਹਿੰਦੇ ਨੇ ਕਿ ਜਰਮਨਾਂ ਕੋਲ਼ ਕੋਨਜ਼ੇਨਟ੍ਰੇਸ਼ਨਲਗਰ, ਮਤਲਬ ਕੈਦਖਾਨੇ ਸਨ। ਸਾਡੀ ਕੈਦ ਤਾਂ ਮਹਿਜ਼ ਸਦੀ ਗਈ ਸੀ। ਜਦ ਜੰਗ ਸ਼ੁਰੂ ਹੋਇਆ ਤਾਂ ਉਸ ਵੇਲੇ ਭਾਵੇ ਕੋਈ ਅਮਰੀਕਨ ਨਿਵਾਸੀ ਹੀ ਸੀ, ਜੇ ਉਸਦਾ ਪਿਛੋਕੜ ਦੇਸ਼ ਜਾਂ ਵਿਰਸਾ ਮੁਲਕ ਦੂਜੇ ਵਿਰੋਧੀ ਦੇਸ਼ ਵਾਲੇ ਪਾਸੇ ਲੜਾਈ'ਚ ਸੀ ਤਾਂ ਉਸਨੂੰ ਇੱਕ ਦਮ ਦੁਸ਼ਮਨ ਸਮਝਿਆ ਗਿਆ। ਇੱਕ ਹਫਤੇ ਦਾ ਬੱਚਾ ਵੀ ਜੇ ਜਪਾਨੀ ਰੰਗ ਰੂਪ ਦਾ ਸੀ, ਤਾਂ ਅਮਰੀਕਾ ਨੇ ਉਸ ਨੂੰ ਖਤਰਾ ਸਮਝਿਆ ਸੀ। ਕੋਈ ਮੰਤਕ ਨਹੀਂ ਸੀ। ਡਰ ਨਾਲ਼ ਇਨਸਾਨ ਦੂਜੇ ਇਨਸਾਨ ਨਾਲ਼ ਬਹੁਤ ਬੇਇਨਸਾਫੀ ਕਰ ਸਕਦਾ ਹੈ। ਲੱਤਾਂ ਦੇ ਭੂਤ ਗੱਲਾਂ ਨਾਲ਼ ਨਹੀਂ ਮੰਨਦੇ। ਇਸ ਲਈ ਮੈਨੂੰ ਅਤੇ ਮੇਰੇ ਮਾਂ ਬਾਪ ਨੂੰ ਕੈਦ ਕਰ ਦਿੱਤਾ ਜੰਗ ਦੇ ਪੂਰੇ ਅਰਸੇ ਤੱਕ। ਅਮਰੀਕਾ ਦੀ ਜੰਮਪਲ, ਜਿਸਨੂੰ ਸਿਰਫ ਅੰਗ੍ਰੇਜ਼ੀ ਆਉਂਦੀ ਸੀ ਅਤੇ ਜਪਾਨ ਬਾਰੇ ਕੁੱਝ ਨਹੀਂ ਪਤਾ ਸੀ, ਇੱਕ ਦਮ ਦੇਸ਼ ਦੀ ਦੁਸ਼ਮਨ ਸੀ।

ਇਹ ਗੱਲ ਕੇਵਲ ਅਮਰੀਕਾ'ਚ ਨਹੀਂ ਹੋਈ। ਸਦੀਆਂ ਤੋਂ ਚਲਦੀ ਆਈ ਹੈ। ਜਦ ਵੀ ਕੋਈ ਕੌਮ, ਭਾਵੇ ਉਹ ਪਿਆਰ ਨਾਲ਼ ਤੁਹਾਡੇ'ਚ ਰਹਿੰਦੀ ਹੈ, ਨੂੰ ਸਰਕਾਰ ਨੇ ਦੁਸ਼ਮਨ ਸਮਝ ਲਿਆ, ਉਹ ਸਰਕਾਰ ਆਪਣੀ ਅਣਪੜ੍ਹ ਜਨਤਾ ਨੂੰ ਟੁੰਬਕੇ ਉਸਨੂੰ, ਉਸ ਕੌਮ ਦੀ ਦੁਸਮਨ ਬਣਾ ਦਿੰਦੀ ਹੈ। ਜਦ ਵੀ ਕਿਸੇ ਐਸੀ ਕੌਮ ਦੇ ਰੁਕਨ ਨੇ ਸਰਕਾਰੀ ਲੀਡਰ ਨੂੰ ਗੋਲ਼ੀ ਨਾਲ਼ ਉੱਡਾਇਆ ਹੋਵੇ, ਤਾਂ ਉਸਦੀ ਸਜ਼ਾ ਉਸ ਦੀ ਕੌਮ ਨੂੰ ਵੀ ਦਿੱਤੀ ਜਾਂਦੀ ਹੈ। ਹਮੇਸ਼ਾ ਸਰਕਾਰੀ ਲੋਕ ਇਸ ਤਰ੍ਹਾਂ ਹੀ ਬਲੀ ਦੇ ਬੱਕਰੇ ਭਾਲਦੇ ਨੇ, ਤੇ ਜਨਤਾ ਬੇਦਿਮਾਗ਼ ਮਗਰ ਲੱਗ ਜਾਂਦੀ ਹੈ। ਸੋ ਉਸ ਸਮੇ ਅਮਰੀਕਨ ਅਖਬਾਰਾਂ ਵਿੱਚ ਲਿਖਿਆ ਗਿਆ:-

- ਕਿ ਸੱਪ ਤਾਂ ਸੱਪ ਹੀ ਹੁੰਦੇ ਨੇ, ਜਿੱਥੇਂ ਮਰਜ਼ੀ ਉਸਦੇ ਆਂਡੇ ਵਿੱਚੋਂ ਬੱਚਾ ਨਿਕਲ਼ੇ। ਭਾਵੇ ਸਾਡੇ ਦੇਸ਼'ਚ ਜਾਂ ਜਿਸ ਦੇਸ਼'ਚੋਂ ਉਸਦੇ ਮਾਂ ਪਿਓ ਆਏ ਨੇ!-
- ਇੱਕ ਬੱਚਾ ਜਿਸਦੇ ਮਾਂ ਬਾਪ ਜਿਸ ਵੀ ਮੁਲਕ ਤੋਂ ਆਏ ਹੁੰਦੇ ਨੇ, ਉਸ ਮੁਲਕ ਦਾ ਵਿਰਸਾ, ਸੋਚ ਅਤੇ ਜ਼ੁਬਾਨ'ਚ ਪਾਲ਼ਿਆ ਹੁੰਦਾ...ਇਸ ਲਈ ਉਨ੍ਹਾਂ'ਚੋਂ ਕਾਫ਼ੀ ਜਪਾਨੀ ਜਾਂ ਜਰਮਨ ਜਾਂ ਹੋਰ ਮੁਲਕਾਂ ਤੋਂ ਹੁੰਦੇ ਨੇ, ਨਾ ਕਿ ਅਮਰੀਕਨ! ਜਿੰਨ੍ਹਾਂ ਚਿਰ ਉਨ੍ਹਾਂ ਦੇ ਮੁਲਕ ਨਾਲ਼ ਲੜ ਰਹੇ ਹੁੰਦੇ ਨੇ, ਉਨ੍ਹਾਂ ਚਿਰ ਤਾਂ ਉਹ ਕੇਵਲ ਵੈਰੀ ਹੀ ਨੇ... ਇਨਸਾਨ ਨਹੀਂ!-
- ਸਾਨੂੰ ਤਾਂ ਉਨ੍ਹਾਂ ਨਾਲ਼ ਨਫ਼ਰਤ ਹੀ ਹੁੰਦੀ ਹੈ। ਕੱਢੋ ਸਭ ਨੂੰ ਸਾਡੇ ਦੇਸ਼'ਚੋਂ! ਕੈਦ ਕਰੋ! ਮਾਰੋ! ਜੋ ਕੁੱਝ ਮਰਜ਼ੀ ਕਰੋ-

ਮੈਨੂੰ ਸਿਖਾਇਆ ਜਾਂਦਾ ਸੀ ਕਿ ਅਖਬਾਰ ਅਤੇ ਮੀਡੀਆ ਤਾਂ ਸੱਚ ਦੀ ਤਲਵਾਰ ਹੈ। ਹੁਣ ਸਮਝ ਲੱਗੀ ਹੈ ਕਿ ਅਸਲ ਵਿੱਚ ਮੀਡੀਆ ਅਤੇ ਅਖਬਾਰ ਤਾਂ ਸਿਰਫ਼ ਸਰਕਾਰ ਦੇ ਹਥਿਆਰ ਨੇ। ਸੱਚ ਦੀ ਥਾਂ ਜੋ ਸਰਕਾਰ ਸਭ ਨੂੰ ਦੱਸਣਾ ਚਾਹੁੰਦੀ ਹੈ,

ਉਹੀ  ਦੱਸਿਆ ਜਾਂਦਾ ਹੈ! ਆਗਿਆ ਨੰਬਰ ੯੦੬੬ ਦੇ ਨਾਲ਼ ਹਰ ਜਪਾਨੀ ਅਮਰੀਕਨ ਨੂੰ ਕੈਦ ਕਰ ਲਿਆ ਗਿਆ ਅਮਰੀਕਾ ਦੇ ਪੱਛਮੀ ਪਰਦੇਸ਼ਾਂ ਵਿੱਚ।

ਜਪਾਨੀਆਂ ਨੇ ਬਥੇਰਾ ਆਪਣੀਆਂ ਦੁਕਾਨਾਂ ਤੇ ਘਰਾਂ ਬਾਹਰ ਲਿਖਿਆ ਸੀ, ਕਿ ਅਸੀਂ ਅਮਰੀਕਨ ਹਾਂ, ਪਰ ਇਸ ਦਾ ਕੋਈ ਫਾਇਦਾ ਨਹੀਂ ਹੋਇਆ। ਸਭ ਨੂੰ ਕੂੜੇ ਵਾਂਗ ਚੱਕ ਕੇ ਟੱਰਕਾ'ਚ ਸੁੱਟ ਦਿੱਤਾ। ਉਸ ਵੇਲੇ ਅਮਰੀਕਾ'ਚ ੧੨੦,੦੦੦ ਜਪਾਨੀ ਸਨ। ਇਸ ਸੰਖਿਆ'ਚੋ ੮੦,੦੦੦ ਤਾਂ ਮੇਰੇ ਵਾਂਗ ਅਮਰੀਕਨ ਜੰਮਪਲ ਹੀ ਸਨ। ਉਨ੍ਹਾਂ ਨੂੰ ਡਰ ਸੀ ਕਿ ਸਾਡਾ ਝੁਕਾਅ ਜਪਾਨ ਵੱਲ ਹੈ ਨਾ ਕਿ ਅਮਰੀਕਾ ਵੱਲ।ਕਿਸਮਤ ਦਾ ਬਲੀ ਹਵਾਈ ਪਰਦੇਸ਼ ਸੀ ਜਿੱਥੇਂ ਬੰਬ ਸੁੱਟੇ ਗਏ ਸੀ। ਉਸ ਪਰੇਦਸ਼'ਚ ਜ਼ਿਆਦਾ ਗਿਣਤੀ ਜਪਾਨੀ ਪਰਵਾਸੀ ਲੋਕਾਂ ਦੀ ਸੀ। ਇਸ ਲਈ ਜੇ ਉਹ ਕੈਦ ਕੀਤੇ ਜਾਂਦੇ ਤਾਂ ਦੇਸ਼ ਦਾ ਅਰਥਚਾਰਾ ਡੁੱਬ ਜਾਣਾ ਸੀ! ਸੋ ਉਨ੍ਹਾਂ ਨੂੰ ਕੁੱਝ ਨਹੀਂ ਕੀਤਾ ਗਿਆ! ਮੈਂ, ਮਾਂ ਤੇ ਪਿਉਂ -ਰੀਲੋਕੈਸ਼ਨ ਕੇਂਦਰ- ਭੇਜੇ ਗਏ। ਸਾਨੂੰ ਮਨਜ਼ੰਆਰ ਭੇਜਿਆ ਗਿਆ, ਜਿੱਥੇ ੧੦,੦੪੬ ਜਪਾਨੀ ਕੈਦ ਰੱਖੇ ਗਏ ਸਨ ਪੰਜ ਸਾਲ਼ਾਂ ਲਈ। ਜਪਾਨੀਆਂ ਦੇ ਘਰ, ਕਾਰੋਬਾਰ ਆਦਿ ਸਭ ਗੋਰਿਆਂ ਨੂੰ ਦੇ ਦਿੱਤੇ ਗਏ। ਮਨਜ਼ੰਆਰ ਦੇ ਆਲ਼ੇ ਦੁਆਲ਼ੇ ਰੇਗਿਸਤਾਨ ਸੀ, ਜਿੱਥੋਂ ਹਵਾ ਅਤੇ ਗਰਮ ਗਰਮ ਰੇਤਲੀ ਹਨੇਰੀ ਆ ਜਾਂਦੀ ਸੀ। ਘਰਾਂ ਦੀ ਥਾਂ ਕੱਚੀ ਰੇਤ ਵਾਲ਼ੀ ਸੜਕ ਦੇ ਦੋ ਪਾਸੇ ਖੋਖੇ ਖੜ੍ਹੇ ਸੀ, ਜਿਵੇਂ ਫਾਂਦੀ ਦੀ ਉਡੀਕ'ਚ ਹੋਣ। ਇੰਨ੍ਹਾਂ ਝੌਂਪੜੀਆਂ ਵਿੱਚ ਵੀਹ ਵੀਹ ਟੱਬਰ ਰਹਿੰਦੇ ਸਨ। ਸੜਕ ਦੇ ਵਿਚਾਲੇ ਇੱਕ ਅਮਰੀਕਨ ਝੰਡਾ ਸੀ ਜੋ ਹਵਾ ਵਿੱਚ ਕਿਸੇ ਚੁੜੇਲ ਵਾਂਗ ਨੱਚਦਾ ਸੀ।

ਜਿੰਨੇ ਜਪਾਨੀ ਇਸ ਥਾਂ ਤੇ ਕੈਦ ਰੱਖੇ ਸਨ, ਉਹ ਸਾਰੇ ਬਿਨ੍ਹਾਂ ਪਰਖ, ਬਿਨ੍ਹਾਂ ਇਲਜ਼ਾਮ, ਬਿਨ੍ਹਾਂ ਸਜ਼ਾ ਰੱਖੇ ਗਏ ਸਨ, ਫੌਜ ਦੀ ਅੱਖ ਹੇਠ, ਉਨ੍ਹਾਂ ਦੀਆਂ ਰਫਲਾਂ ਦੀ ਨਿਗਰਾਨੀ ਹੇਠ। ਕਈ ਤਾਂ ਮੇਰੇ ਵਾਂਗਰ ਬੱਚੇ ਸਨ, ਰੋਜ਼ ਰੇਤ'ਚ ਖੇਡਦੇ, ਸਿਆਣਿਆਂ ਦੀ ਦੁਨੀਆ ਤੋਂ ਅਨਜਾਣ। ਬਾਅਦ'ਚ ਮੈਨੂੰ ਦੱਸਿਆ ਗਿਆ ਸੀ ਕਿ ਜਪਾਨ ਨੇ ਵੀ ਇੰਡੀਆ ਦੇ ( ਖਾਸ ਫੌਜੀ), ਅਮਰੀਕਾ ਦੇ ਅਤੇ ਚੀਨ ਦੇ ਲੋਕਾਂ ਨੂੰ ਵੀ ਇੰਝ ਹੀ ਕੈਦ'ਚ ਰਖਿਆ ਸੀ; ਅਤੇ ਉਨ੍ਹਾਂ ਨੂੰ ਤਾਂ ਉਹ ਜਪਾਨੀ ਲੋਕ ਕੋਹ ਰਹੇ ਸੀ, ਜੋ ਮਿੱਠੀ ਮਾਰ ਕੇ ਅਜ਼ਾਬ ਕਰਦੇ ਸੀ ਜਾਂ ਕੱਤਾਨੇ ਨਾਲ਼ ਸੀਸ ਕੁੱਟਦੇ ਸੀ। ਪਰ ਇਹ ਸਾਡੇ ਪਾਪ ਤਾਂ ਥੋੜੇ ਸੀ? ਮੈਂ ਕੀ ਕੀਤਾ? ਮੈਂ ਤਾਂ ਇੱਕ ਬੱਚੀ?

ਮਨਜ਼ੰਆਰ ਐਸਾ ਥਾਂ ਹੈ, ਜਿੱਥੇਂ ਜਦ ਗਰਮੀਆਂ ਹੁੰਦੀਆਂ ਸਾਹ ਚੜ੍ਹ ਜਾਂਦਾ ਸੀ ਅਤੇ ਇਸ ਚਰਾਂਦ'ਚ ( ਉਹ ਰੇਤ ਹੀ ਰੇਤ ਸੀ ਜਿਸਨੂੰ ਭਾਵੇਂ ਬਾੜਾ ਸਦਣਾ ਚਾਹੀਦਾ ਮੈਨੂੰ) ਟੈਂਪਰੇਚਰ ਤਾਂ ਸੌ ਤੋਂ ਉਪਰ ਹੋ ਜਾਂਦਾ ਹੈ ਅਤੇ ਜਦ ਸਰਦੀ ਆਉਂਦੀ ਤਾਂ ਇੱਕ ਭਾਰੇ ਚਿੱਟੇ ਬਿਸਤਰੇ ਵਾਂਗ ਧਰਤੀ ਹੋ ਜਾਂਦੀ ਅਤੇ ਟੈਂਪਰੇਚਰ ਤਾਂ ਜ਼ੀਰੋ ਤੋਂ ਥੱਲੇ ਡਿੱਗ ਜਾਂਦਾ ਹੈ। ਹਰ ਝੌਂਪੜੀ ਹਿਮ ਦੇ ਭਾਰ ਹੇਠ ਢਿੱਲੀ ਹੋ ਜਾਂਦੀ ਸੀ ਅਤੇ ਅਸੀਂ ਠਰਦੇ ਸੀ। ਬਹੁਤ ਠਰਦੇ ਸਾਂ!

ਇਨ੍ਹਾਂ ਹਲਾਤਾਂ'ਚ ਪੰਜ ਸਾਲ਼ ਬੀਤੇ ਸਾਡੇ।

ਜਦ ਜਪਾਨੀ ਲੋਕ ਜਪਾਨ'ਚੋਂ ਨਿਕਲੇ ਸੀ ਤਾਂ ਜ਼ਿਆਦਾ ਉਸ ਮੁਲਕ ਦੀ ਜਗੀਰਦਾਰੀ ਤੋਂ ਬਚਣ ਲਈ ਬਾਹਰ ਆਏ ਸਨ। ਮਤਲਬ ਅਸੀਂ ਤਾਂ ਜਪਾਨ ਦੀ ਫੌਜ ਦੇ ਉੱਚੀ ਜਾਤ ਵਾਲੇ ਨਹੀ ਸਾਂ, ਪਰ ਜਪਾਨ ਦੇ ਕੁਲਹੀਣ ਲੋਕ ਜ਼ਰੂਰ ਸਾਂ। ਨੌਕਰੀਆਂ ਟੋਲਦੇ ਸੀ ਨਵੀਂ ਜ਼ਿੰਦਗੀ ਲਈ। ਉਨ੍ਹਾਂ ਉੱਚੀ ਜਾਤਾਂ ਵਾਲਿਆਂ ਨੂੰ ਕੋਈ ਕਦਰ ਨਹੀਂ ਸੀ ਕਿ ਸਾਡੇ ਨਾਲ਼ ਕੀ ਬੀਤ ਰਿਹਾ ਸੀ। ਅਸੀਂ ਤਾਂ ਉਸ ਮੁਲਕ ਦੇ ਨਹੀਂ ਸੀ। ਇਸ ਲਈ ਫਿਰ ਅਸੀਂ ਕੌਣ ਸੀ?

ਮੈਂ ਇਹ ਸੋਚਦੀ ਨੇ ਇੱਕ ਦਿਨ ਮਾਂ ਨੂੰ ਪੁੱਛਿਆ,

ਮੈਂ ਕੌਣ ਹਾਂ?

ਰੂਹ ਕਹਿੰਦੀ ਹੈ ਕਿ ਮੈਂ ਉਥੋਂ ਹਾਂ

ਮਨ ਦੱਸਦਾ ਹੈ ਕਿ ਮੈਂ ਏਥੋਂ ਹਾਂ।

ਮੈਨੂੰ ਖਿੱਚਦੀ ਏ ਜਪਾਨ ਦੀ ਰੀਤ

ਤੇ ਸਮਝਦੀ ਕੇਵਲ ਮੈਂ ਪੱਛਮ ਦਾ ਗੀਤ।

ਨਾ ਕਿ ਇਸ ਪਾਸੇ, ਨਾ ਕਿ ਉਸ ਪਾਸੇ

ਮੇਰੀ ਪ੍ਰੇਸ਼ਾਨੀ ਪੈਦਾ ਕਰਦੀ ਹਾਸੇ।

ਜੇ ਤੁਸੀਂ ਏਧਰ ਆਏ ਓ

ਫੇਰ ਕਿਉਂ ਉਧਰ ਝਾਕਦੇ ਓ?

ਮਨ ਰਹਿੰਦਾ ਏਧਰ

ਰੂਹ ਜਾਂਦੀ ਉਧਰ।

ਹੁਣ ਦਸੋ ਕਿ ਮੈਂ ਦੇਸੀ ਹਾਂ

ਕਿ ਪੂਰੀ ਵਿਦੇਸੀ ਹਾਂ?

ਪਰ ਮੈਂ ਪਹਿਲੇ ਦਿਨ ਇਵੇਂ ਨਹੀਂ ਸੋਚਦੀ ਸੀ। ਕਿਉਂਕਿ ਮੈਨੂੰ ਸਮਝ ਨਹੀਂ ਸੀ ਕਿ ਕੀ ਹੋ ਰਿਹਾ ਏ; ਮੇਰੇ ਲਈ ਤਾਂ ਬੱਸ ਸਾਰੀ ਦੁਨੀਆ ਇਸ ਦੀਵਾਰ ਦੀ ਥਾਂ ਵਿੱਚ ਸੀ। ਹੌਲੀ ਹੌਲੀ ਸਿਆਣਿਆਂ ਦੀਆਂ ਗੱਲਾਂ ਸੁਣ ਕੇ ਮਹਿਸੂਸ ਹੋਇਆ ਕਿ ਮੈਂ ਤਾਂ ਇੱਕ ਬੰਦੀ ਹਾਂ। ਆਪਣੇ ਦੇਸ਼ ਵਿੱਚ ਇੱਕ ਕੈਦਣ ਹਾਂ। ਕਿਉਂ? ਕਿਉਂਕਿ ਮੈਂ ਬਹੁਗਿਣਤੀ ਵਿੱਚ ਨਹੀਂ ਆਉਂਦੀ ਸੀ।ਬਹੁਸੰਮਤੀ ਤਾਂ ਸਾਡੇ ਖਿਲਾਫ਼ ਸੀ। ਤੇ ਅਸੀਂ ਉਨ੍ਹਾਂ ਦੀ ਕੱਥ'ਚ ਪਾਤਰ ਨਹੀਂ ਬਣ ਸਕਦੇ ਸੀ।

ਮੈਂ ਰੋਜ਼ ਰੇਤੇ ਵਾਲ਼ੀ ਸੜਕ ਤੇ ਖੜ੍ਹ ਕੇ ਕੰਡੇਦਾਰ ਵਾੜ ਪਿੱਛੇ ਰੇਗਿਸਤਾਨ ਵੱਲ ਝਾਕਦੀ ਸੀ। ਇਹ ਮੁਲਕ ਸਾਡਾ ਏ ਜਾਂ ਨਹੀਂ? ਕਦੀ ਕਦੀ ਜਵਾਬ ਵਿੱਚ ਗਰਦ ਉੱਡ ਕੇ ਮੇਰੇ ਮੁੱਖੜੇ ਤੇ ਰਵਾਲਾਂ ਨਾਲ਼ ਮੂੰਹ ਝਰੀਟ ਦਿੰਦੀ। ਫਿਰ ਸੋਚਸੀਕੀ ਇਹ ਸੀ ਜਵਾਬ। ਜਦ ਸਨੋ ਵਾਲੇ ਦਿਨ ਆਉਂਦੇ ਓਦੋਂ ਵੀ ਇਸ ਤਰ੍ਹਾਂ ਹੀ ਹਿਮ ਦੇ ਜ਼ੱਰੇ ਮਾਸ ਨੂੰ ਠੰਢਾ ਕਰਕੇ ਮੈਨੂੰ ਠਾਰ ਦਿੰਦੇ ਸੀ।ਮੈਂ ਤਾਂ ਰੱਬ ਨੂੰ ਆਪ ਤਾਂ ਕਦੀ ਨਹੀਂ ਕਿਹਾ ਸੀ ਕਿ ਮੈਨੂੰ ਜਪਾਨੀ ਕੁੱਖ'ਚ ਪਾਲੋ! ਕੋਈ ਪੁੱਛਦਾ ਹੈ ਕਿ ਕਿਸ ਮੁਲਕ, ਜਾਤ, ਕੌਮ ਜਾਂ ਸਮੇ ਪੈਦਾ ਹੋਏ? ਨਹੀਂ। ਇਸ'ਚ ਇਨਸਾਨ ਦੀ ਕੀ ਗਲਤੀ ਹੈ ਜੇ ਉਸਦਾ ਜਨਮ ਜਪਾਨੀ ਘਰ, ਜਾਂ ਅਮਰੀਕਨ ਘਰ ਹੋਇਆ? ਫਿਰ ਮੁਸਲਮਾਨ ਜਾਂ ਹਿੰਦੂ? ਸਿੱਖ, ਜਾਂ ਬੁੱਧ, ਜੈਨ? ਧਰਮਾਂ'ਚ ਜੋ ਹੁੰਦੇ, ਕੁਦਰਤ ਦੀ ਗੱਲ ਹੈ। ਜੇ ਕੁਦਰਤ ਨੇ ਪਹਿਲਾਂ ਤੋਂ ਹੀ ਕਿਸੇ ਨਿਯਮ ਅਧੀਨ ਫੈਸਲਾ ਕੀਤਾ ਹੈ, ਫਿਰ ਧਾਰਮਿਕ ਲੋਕ ਕਿਉਂ ਸੋਚਦੇ ਨੇ ਕਿ ਉਨ੍ਹਾਂ ਦਾ ਹੱਕ ਹੈ ਕਿਸੇ ਦਾ ਮਜ਼੍ਹਬ ਬਦਲਣਾ? ਹਰ ਇੱਕ ਦੀ ਆਪਣੀ ਖ਼ੁਦ ਦੀ ਆਵਾਜ਼ ਹੋਣੀ ਚਾਹੀਦੀ ਹੈ। ਇਹਦਾ ਕੋਈ ਹੱਕ ਅਸੂਲ ਨਹੀਂ ਦੁਨੀਆ ਦੀਆਂ ਵੱਡੀਆਂ ਜਮਹੂਰੀਆਂ ਨੂੰ? ਇਹ ਗੱਲ ਵੀ ਹਾਸੇ ਵਾਲ਼ੀ ਹੈ। ਜੇ ਅਮਰੀਕਾ'ਚ ਸਾਨੂੰ ਲੋਕ ਰਾਜ ਦਾ ਕੋਈ ਫਾਇਦਾ ਨਹੀਂ ਮਿਲਦਾ, ਤਾਂ ਫਿਰ ਇੰਡੀਆ ਆਦਿ'ਚ ਕਿਵੇਂ ਕਿਸੇ ਨਾਬਾਲਗੀਆਂ ਨੂੰ ਮਿਲਣਾ? ਮੈਂ ਉਸ ਥਾਂ ਖੜ੍ਹ ਕੇ ਉੱਚੀ ਦੇਣੀ ਚੀਕਦੀ ਹਾਂ ਕਿ, - ਮੈਂ ਤਾਂ ਅਮਰੀਕਨ ਹਾਂ!-, ਪਰ ਫੌਜੀ ਤਾਂ ਕੰਨ ਨਹੀਂ ਧਰਦੇ। ਹਵਾ ਵੀ ਅੱਖਾਂ ਮੀਚਦੀ ਹੈ।

ਬੰਦੀ। ਬੱਸ ਹੋਰ ਕੀ?

ਮੇਰੇ ਹੱਥ ਵਿੱਚ ਇੱਕ ਗੁੱਡੀ ਹੈ, ਜਿਹੜੀ ਰੇਤ ਤੇ ਹਿਮ ਨਾਲ਼ ਹੌਲੀ ਹੌਲੀ ਹੰਢ ਗਈ। ਮੇਰੇ ਵਾਂਗਰ।

ਫਿਰ ਅਸੀਂ ਅਖਬਾਰ ਵਿੱਚ ਪੜ੍ਹਿਆ ਕਿ ਜੰਗ ਖਤਮ ਹੋ ਗਿਆ। ਯੂਰਪ'ਚ, ਜਰਮਨੀ'ਚ ਰੂਸ ਦੀ ਫੌਜ ਨੇ ਕੂਚ ਕੇ ਹਿਟਲਰ ਨੂੰ ਹਰਾ ਦਿੱਤਾ ਹੈ। ਅਤੇ ਜਪਾਨ ਨੂੰ ਤਾਂ ਅਮਰੀਕਾ ਨੇ ਸੰਘਾਰ ਦਿੱਤਾ। ਸਾਡੇ ਦੇਸ਼ ਨੇ ( ਅਮਰੀਕਾ, ਉਂਝ ਮੈਂ ਤਾਂ ਇਸ ਵੇਲੇ ਆਪਨੂੰ ਬੇਦੇਸ਼ ਸਮਝਦੀ ਹਾਂ) ਦੋ ਵੱਡੇ ਪਰਮਾਣੂ ਬੰਬ ਸੁੱਟ ਦਿੱਤੇ ਦੋ ਸ਼ਾਹਿਰਾਂ ਉੱਤੇ। ਇੱਕ ਨਾਗਾਸਾਕੀ, ਇੱਕ ਹੀਰੋਸ਼ੀਮਾ ਸ਼ਹਿਰ ਉੱਤੇ। ਕਹਿੰਦੇ ਹੈ ਕਿ ਜਦ ਡਿੱਗੇ ਇੱਕ ਪੱਲ ਵਿੱਚ ੩੫੦,੦੦੦ ਇਨਸਾਨ ਰੱਬ ਦੇ ਪਿਆਰੇ ਹੋ ਗਏ ਸਿਰਫ ਹੀਰੋਸ਼ੀਮਾ'ਚ। ਨਾਗਾਸਾਕੀ'ਚ ੭੦,੦੦੦ ਲੋਕ ਮਿਟ ਗਏ। ਹੋਰ ਪੰਜਾਂ ਸਾਲਾਂ ਦੇ ਬਾਅਦ ਵਿੱਚ ਇੰਨ੍ਹੇ ਹੋਰ ਵਿਕੀਰਨ ਦੇ ਅਸਰ ਨਾਲ਼ ਮਰਨਗੇ। ਬੰਬਾਂ ਦੇ ਨਾਂ ਵੀ ਸਨ, ਇੱਕ ਦਾ ਨਿੱਕਾ ਮੁੰਨਾ, ਜਿਵੇਂ ਕੋਈ ਸੁੰਦਰ ਬੱਚੇ ਸਨ। ਇਹ ਸੁੰਦਰ ਬੱਚਿਆਂ ਨੇ ਛੇ ਅੱਗਸਤ ੧੯੪੫'ਚ ਸ਼ਹਿਰ ਦੇ ਹਰ ਵਸਨੀਕ ਨੂੰ ਮੁਕਾ ਦਿੱਤਾ। ਹਰ ਤਰ੍ਹਾਂ ਦੇ ਜੀਵ ਨੂੰ, ਕੀ ਬਾਲ, ਕੀ ਮਾਂ,

ਬਾਪ, ਕੀ ਬਜ਼ੁਰਗ, ਕੀ ਬਿੱਲੀ ਕੀ ਕੁੱਤਾ। ਕੁੱਝ ਨਹੀਂ ਬੱਚਿਆ। ਕਹਿੰਦੇ ਨੇ ਉਸ ਬੰਬ ਦੀ ਚਮਕ ਚੀਨ ਤੱਕ ਦਿੱਸਦਾ ਸੀ ਅਤੇ ਇੱਕ ਰੁੱਖ ਦੇ ਅਕਾਰ ਵਾਂਗ ਖਾਕ ਅੰਬਰ ਵੱਲ ਚੜ੍ਹੀ ।

ਵਾਕਿਆ ਇਨਸਾਨ ਜਾਨਵਰ ਤੋਂ ਅਲੱਗ ਹੀ ਹੈ। ਜਾਨਵਰ, ਸ਼ਿਕਾਰ ਕਰਨ ਵੇਲੇ ਵੀ ਤਾਂ ਤਰਸਵਾਨ ਨੇ। ਬੱਸ ਭੁੱਖ ਲਈ ਮਾਰਦੇ ਨੇ ਦੂਜੇ ਨੂੰ। ਪਰ ਇਨਸਾਨ ਦੇ ਦਿਮਾਗ਼ ਦੀ ਹਾਲੇ ਤੱਕ ਮੈਨੂੰ ਸਮਝ ਨਹੀਂ ਲੱਗੀ, ਕਿ ਇਹ ਕਿਵੇਂ ਕੰਮ ਕਰਦਾ। ਕਹਿੰਦੇ ਨੇ ਕਿ ਅਸੀਂ ਬਾਂਦਰ ਤੋਂ ਪੈਦਾ ਹੋਏ ਹਾਂ। ਮੈਨੂੰ ਵੀ ਇਵੇਂ ਲੱਗਦਾ।

ਉਸ ਤੋਂ ਥੋੜ੍ਹੇ ਹੀ ਦਿਨਾਂ ਬਾਅਦ ਮਨਜ਼ੰਆਰ ਦੇ ਖਿੜਕ ਖੋਲ੍ਹ ਦਿੱਤੇ ਗਏ। ਮੈਂ ਗੁੱਡੀ ਘਸੀਟਦੀ ਬਾਹਰ ਗਈ ਮਾਂ ਬਾਪ ਨਾਲ਼, ਹੁਣ ਸਰਕਾਰ ਦੀ ਨਜ਼ਰ ਵਿੱਚ ਮੈਂ ਜਪਾਨੀ ਦੀ ਥਾਂ ਇੱਕ ਅਮਰੀਕਨ ਕੁੜੀ। ਮੈਂ ਟਰੱਕ ਦੇ ਪਿੱਛੇ ਬੈਠੀ ਨੇ ਕਿਸੇ ਦੇ ਹੱਥ ਵਿੱਚ ਇੱਕ ਕਿਤਾਬ ਦੇਖੀ, ਕਿਸੇ ਮਿਯਾਮੋਤੋ ਬਾਰੇ ਸੀ। ਕੌਣ ਹੈ ਮੈਂ ਉਸਨੂੰ ਪੁੱਛਿਆ। ਜਵਾਬ'ਚ ਦੱਸਿਆ ਗਿਆ ਕਿ ਇੱਕ ਸਮੁਰਾਈ ਬਾਰੇ ਨਾਵਲ ਹੈ। ਮੈਂ ਆਖਿਆ ਸਮੁਰਾਈ ਕੌਣ ਨੇ? ਜਵਾਬ ਵਿੱਚ ਆਇਆ, ਹੁੰਦੇ ਸੀ ਜਪਾਨੀ ਯੋਧੇ। ਉਸਨੇ ਮੇਰੀਆਂ ਅੱਖਾਂ ਤੋਂ ਆਵਦੀਆਂ ਅੱਖਾਂ ਹਟਾਕੇ ਫਿਰ ਕਿਹਾ, - ਅੱਜ ਕੱਲ੍ਹ ਕੋਈ ਸਮੁਰਾਈ ਹੈ ਨਹੀਂ ਰਿਹਾ। ਸਭ ਮਿਟ ਗਏ-।

-ਕਿਉਂ?-, ਉਸ ਨੇ ਮੇਰੇ ਵੱਲ ਦੇਖ ਕੇ ਕਿਹਾ, - ਆਖਰ ਨੂੰ ਹਰ ਚੀਜ਼ ਮਿਟ ਜਾਂਦੀ ਹੈ।ਬੰਦੇ ਦਾ ਇਮਾਨ ਤੱਕ ਵੀ- ।

# ਸਮੁਰਾਈ

## ੨੨੯੯



ਨਿਸ਼ਚੇਹੀਨ ਲੋਕ ਮੈਥੋਂ ਡਰਦੇ ਨੇ। ਡਰਨਾ ਚਾਹੀਦਾ ਵੀ ਹੈ ਕਿਉਂਕਿ ਮੈਂ ਪੰਜਾਬ ਪੁਲੀਸ ਦੀ ਖੌਫ਼ਨਾਕ ਤੇ ਖੁਫੀਆ ਪੁਲਸ ਏਜੰਸੀ ਦਾ ਇੱਕ ਚੋਟੀ ਦਾ ਸਿਪਾਹੀ ਹਾਂ। ਵੈਸੇ ਮੇਰੇ ਖਿਆਲ'ਚ ਤਾਂ ਅਸੀਂ ਚੰਗੇ ਕੰਮ ਕਰਦੇ ਹਾਂ ਅਤੇ ਸਰਕਾਰ ਦਾ ਕਾਨੂੰਨ ਲਾਗੂ ਕਰਦੇ ਹਾਂ। ਇਸ ਵਿੱਚ ਕੁੱਝ ਗਲਤ ਵੀ ਨਹੀਂ ਹੈ ਪਰ ਕਈ ਕਈ ਵਾਰੀ ਕੁੱਝ ਲੋਕ ਸਾਨੂੰ ਇੰਝ ਦੇਖਦੇ ਹਨ ਜਿਵੇਂ ਰਾਵਣ ਦੇ ਦਸ ਸਿਰ ਉਨ੍ਹਾਂ ਦੇ ਸਾਹਮਣੇ ਆ ਗਏ ਹੋਣ। ਡਰਦਾ ਤਾਂ ਉਹੀ ਹੈ ਜਿਸ ਨੇ ਕੁੱਝ ਗਲਤ ਕੀਤਾ ਹੋਵੇ। ਜਿਸ ਨੇ ਕੁੱਝ ਗਲਤ ਨਹੀਂ ਕੀਤਾ, ਉਸਨੂੰ ਕਾਹਦਾ ਫਿਕਰ। ਮੈਂ ਸਰਕਾਰ ਦਾ ਹਥਿਆਰ ਹੀ ਹਾਂ, ਹੋਰ ਕੁੱਝ ਨਹੀਂ। ਜੇ ਗੌਰ ਕੀਤੀ ਹੈ ਤਾਂ ਤੁਸੀਂ ਸੋਚ ਦੇ ਹੋਵੋਂਗੇ ਕਿ ਮੈਂ ਤੁਹਾਡੇ ਨਾਲ਼ ਪੰਜਾਬੀ'ਚ ਕਿਵੇਂ ਬੋਲਦਾ ਹਾਂ? ਇਸ ਬਾਰੇ ਜਾਣਨ ਲਈ ਅਗੇ ਸੁਣੋਂ। ਕਿ ਕਿਵੇਂ ਗੌਰਮਿੰਟ ਦੇ ਵਫ਼ਾਦਾਰ ਫੌਜੀ ਜਿਸਨੂੰ ਕੱਲੀ ਹਿੰਦੀ ਜ਼ੁਬਾਨ ਦਾ ਹੀ ਇਲਮ ਸੀ ਨੂੰ ਕਿਵੇਂ ਪੰਜਾਬੀ ਬੋਲੀ ਲਿਖਣੀ ਪੜ੍ਹਣੀ ਆਈ।

ਮੈਂ ਹਰ ਸਮੁਰਾਈ ਵਾਂਗਰ ( ਜਪਾਨ ਦੇ ਯੋਧੇ ਦੀ ਗੱਲ ਨਹੀਂ ਕਰ ਰਿਹਾ; ਹਾਂ ਖੁਫੀਆ ਪੁਲਸ ਦੀ ਤਲਵਾਰ ਦੀ ਗੱਲ ਕਰ ਰਿਹਾ ਹਾਂ) ਓਦੋਂ ਮੈਂ ਹਾਲੇ ਨਿਆਣਾ ਹੀ ਸਾਂ ਜਦੋਂ ਚੁਣਿਆ ਗਿਆ ਸੀ ਇਸ ਪੇਸ਼ੇ ਲਈ। ਇਸਦਾ ਵੀ ਕਾਰਨ ਸੀ, ਪਹਿਲੀ ਗੱਲ ਮੈਂ ਯਤੀਮ ਹੋ ਗਿਆ ਸਾਂ। ਦੂਜੀ ਗੱਲ ਮੈਂ ਉੱਚੀ ਜਾਤ ਦਾ ਬੱਚਾ ਸੀ। ਆਖਰੀ ਗੱਲ ਕਿ ਮੈਂ ਹਿੰਦੁਵਾ ਸ਼ਾਸ਼ਤਰ ਦਾ ਸ਼ਗਿਰਦ ਸੀ। ਮੈਂ ਖਾਸੇ ਤੱਕੜੇ ਸਰੀਰ ਦਾ ਬੱਚਾ ਸੀ। ਫਿਰ ਮੈਂ ਲੜਣਾ ਵੀ ਜਾਣਦਾ ਸੀ। ਇਹੋ ਚੀਜ਼ਾਂ ਕਰਕੇ ਮੈਨੂੰ ਸਮੁਰਾਈ ਦੇ ਕਪਤਾਨਾਂ ਨੇ ਚੁਣ ਲਿਆ। ਜਿਨ੍ਹਾਂ ਦੇ ਹਮੇਸ਼ਾ ਕੇਸਰੀ ਰੰਗ ਦੇ ਜਪਾਨੀ ਕਿਮੋਨੋ ਪਾਏ ਹੁੰਦੇ ਸਨ, ਹੁੰਦੇ ਪਰ ਨਕਾਬਾਂ ਤੋਂ ਬਿਨ੍ਹਾਂ। ਹਰ ਇੱਕ ਦੇ ਮੱਥੇ ਤੇ ਤਿਲਕ ਹੁੰਦਾ ਸੀ। ਪਰ ਸਾਡੇ ਵਰਗੇ ਫੌਜੀ ਵੱਖਰੇ ਸਨ। ਸਾਡੇ ਕੱਪੜੇ ਕਾਲੇ ਰੰਗ ਦੇ ਸਨ।ਕਿਮੋਨੋ ਅਤੇ ਪਤਲੂਣ ਦੀ ਥਾਂ ਕਾਲਾ ਹਕਾਮਾ ਹੁੰਦਾ ਸੀ, ਇੱਕ ਜਪਾਨੀ ਘੱਗਰਾ ਜਿਸ ਉੱਤੇ ਸੁੰਦਰ ਜਿਹੀ ਕੁੰਜ ਬਣਤੀ ਹੁੰਦੀ ਹੈ। ਛਾਤੀ ਤੇ ਭਾਰਾ ਜਿਹਾ ਬਕਤਰ ਬੰਨ੍ਹਿਆ ਹੁੰਦਾ ਹੈ, ਜਿਸ ਨਾਲ਼ ਬਲੈਡ ਜਾ ਗੋਲੀ ਤੋਂ ਬੱਚਤ ਹੁੰਦੀ ਹੈ। ਤਕਰੀਬਨ ਸਾਰਾ ਸਰੀਰ ਝੁੰਗਲ਼ਮਾਟੇ ਨਾਲ਼ ਲੁਪੇਟਿਆ ਹੋਇਆ ਹੁੰਦਾ। ਬਾਹਾਂ ਤੇ ਲੋਹੇ ਵਾਲ਼ੀਆਂ ਰੱਖੜੀਆਂ ਅਤੇ ਕੂਹਣੀ ਤੇ ਤਿੱਖੇ ਬਲੈਡ ਸਣੇ। ਇਹ ਕਵਚ, ਫੁਲਾਦ ਅਤੇ ਕੱਚ ਦਾ ਬਣਾਇਆ ਹੁੰਦਾ ਹੈ, ਜਿਸ ਦੇ ਕਾਲੇ ਨਕਾਬ ਨਾਲ਼ ਮੁਖ ਲੁਕਿਆ ਹੀ ਰਹਿੰਦਾ। ਇਸ ਕਰਕੇ ਕਿਸੇ ਨੂੰ ਵੀ ਪਤਾ ਨਹੀਂ ਲੱਗਦਾ ਕਿ ਵਰਦੀ ਵਿੱਚ ਕੌਣ ਹੈ। ਕਮਰਬੰਦ ਦੇ ਪਾਸਿਆਂ'ਚ ਜਪਾਨ ਦੀਆਂ ਬਣਾਈਆਂ ਕੱਤਾਨਾਂ ਹੁੰਦੀਆਂ ਨੇ। ਸਾਡੇ ਕਵਚ ਦੀਆਂ ਪਿੱਠ ਤੱਕ ਸੱਪ ਵਾਂਗ ਤਾਰਾਂ ਲਮਕਦੀਆਂ ਨੇ ਜਿੰਨ੍ਹਾਂ ਰਾਹੀਂ ਹਵਾ ਮਿਲਦੀ ਹੈ ਸਾਹ ਲੈਣ ਲਈ। ਕਦੀ ਕਦੀ ਪਿੱਠ ਤੇ ਟੈਂਕੀ ਵੀ ਰੱਖੀ ਹੁੰਦੀ ਹੈ ਜਿਸ ਵਿੱਚ ਤੇਲ ਹੁੰਦਾ ਹੈ। ਇਸ ਤੋਂ ਰਫ਼ਲ ਵੱਲ ਬਰੀਕ ਨਾੜ ਜਾਂਦੀ ਹੈ ਜਿਸ ਵਿੱਚੋਂ ਲਾਟ ਨਿਕਲ਼ਦੀ ਹੈ, ਜੋ ਕਿਸੇ ਨੂੰ ਸਾੜਨਾ ਜਾਂ ਉਨ੍ਹਾਂ ਦੀਆਂ ਕਿਤਾਬਾਂ ਆਦਿ ਦੀ ਸਾੜ ਫੂਕ ਲਈ ਵਰਤੀ ਜਾਂਦੀ ਹੈ। ਕੀ ਪਤਾ ਤਾਹੀਂ ਲੋਕ ਸਾਥੋਂ ਡਰਦੇ ਹਨ। ਪਰ ਅਸੀਂ ਜੋ ਕਰਦੇ ਹਾਂ, ਬੱਸ ਕਾਨੂੰਨ ਲਈ ਕਰਦੇ ਹਾਂ। ਭਾਰਤੀ ਸਮੁਰਾਈ ਕਿਸੇ ਲਈ ਰਾਖਸ਼ ਵੀ ਹੋਵੇਗਾ, ਪਰ ਜ਼ਿਆਦਿਆਂ ਲਈ ਤਾਂ ਮੈਂ ਕਹਿੰਦਾ ਸੁਰ ਹੀ ਹੈ। ਖ਼ੈਰ ਉਨ੍ਹਾਂ ਦਿਨਾਂ'ਚ ਤਾਂ ਮੈਂ ਇੰਝ ਹੀ ਸੋਚਦਾ ਸੀ। ਸਾਡੇ ਮੋਢੇ ਤੇ (ਮਤਲਬ ਇਸ ਸਮੁਰਾਈ ਵਰਦੀ ਤੇ) ਨਾਮ ਲਿਖਿਆ ਹੁੰਦਾ ਸੀ। ਪਰ ਅਸਲੀ ਨਾਂ ਨਹੀ। ਕੀ ਪਤਾ ਹੋਰਾਂ ਦਾ ਅਸਲੀ ਨਾਂ ਕੀ ਹੋਵੇ। ਪਰ ਸਾਡੇ ਅਧਿਕਾਰੀ ਤੌਰ ਤੇ ਨਾਂ ਹਮੇਸ਼ਾ ਕੋਈ ਇਤਿਹਾਸਕ ਜਪਾਨੀ ਨਾਂ ਤੇ ਸੀ। ਮੇਰਾ ਸੀ ਮਿਯਾਮੋਤੋ।

ਉਸ ਵੇਲੇ ਕਿਉਂ ਨਾ ਇੰਝ ਸੋਚਾਂ? ਮੇਰੇ ਲਈ ਸਭ ਕੁੱਝ ਸੱਚ ਸੀ। ਮੈਂ ਤਾਂ ਫਰਜ ਹੀ ਨਿਭਾਉਣਾ ਸੀ? ਉਸ ਵੇਲੇ ਮੇਰਾ ਫਰਜ਼ ਸੀ ਗੁਨਾਹਗਾਰਾਂ ਨੂੰ ਫੜ੍ਹਣਾ ਅਤੇ ਉਨ੍ਹਾਂ ਨੂੰ ਮਾਰਨਾ ਜਾਂ ਉਨ੍ਹੇ ਦੇ ਉਲਟੇ ਪੁਲਟੇ ਖਿਆਲਾਂ ਨੂੰ ਦਮਨ ਕਰਨਾ। ਜਦ ਵੀ ਸਾਨੂੰ ਕੋਈ ਸ਼ਿਕਾਰ ਮਿਲਦਾ, ਉਸਦਾ ਨਾਂ ਸਰਕਾਰ ਨੇ ਹੀ ਸਾਨੂੰ ਦਿੱਤਾ ਹੁੰਦਾ, ਪਰ ਕਦੀ ਨਾਂ ਨਕਲੀ ਵੀ ਹੁੰਦਾ। ਸਿਰਫ ਉਸਦੇ ਅਸਲੀ ਨਾਂ ਦਾ ਕੱਲੇ ਕਪਤਾਨ ਨੂੰ ਹੀ ਪਤਾ ਹੁੰਦਾ। ਸਾਡਾ ਕੰਮ ਤਾਂ ਬੱਸ ਫੁੰਡਕੇ ਉਨ੍ਹਾਂ ਨੂੰ ਮਾਰਨ ਦਾ ਸੀ। ਇੱਕ ਵਾਰ ਇਸ ਤਰ੍ਹਾਂ ਅਸਲੀ ਨਾਂ ਦੀ ਥਾਂ ਸਿਰਫ ਸਾਨੂੰ ਕੋਡਨੇਮ ਹੀ ਦਿੱਤਾ ਗਿਆ।ਕੋਡਨੇਮ ਵੀ ਜਪਾਨੀ ਸੀ। ਇਸ ਨਿਸ਼ਾਨੇ ਦਾ ਨਾਂ ਓਤਸੂ ਦਿੱਤਾ ਗਿਆ ਸੀ। ਪਰ ਬਾਅਦ'ਚ ਪਤਾ ਲੱਗਾ ਕਿ ਕੁੜੀ ਦਾ ਨਾਂ ਵੀਨਾ ਛੱਬੀ ਹੈ। ਪਰ ਉਹ ਉਸ ਵੇਲੇ ਸ਼ਿਕਾਰ ਨਹੀਂ ਸੀ। ਸ਼ਿਕਾਰ ਤਾਂ ਉਸਦਾ ਬਾਪ ਸੀ, ਜਿਸਦਾ ਕੋਡਨੇਮ ਦੋਰਨ ਦਿੱਤਾ ਗਿਆ ਸੀ, ਮਾਰਨਾ ਲਈ। ਪਰ ਦਰਅਸਲ ਇਸ ਵਾਰੀ ਸਾਰੇ ਟੱਬਰ ਨੂੰ ਮਾਰਨਾ ਪਿਆ।

ਮੈਂ ਤਾਂ ਬਹੁਤਾ ਨਹੀਂ ਸੋਚਿਆ ਇਸ ਕਤਲੇਆਮ ਬਾਰੇ। ਇਹ ਤਾਂ ਹੁਣ ਸਾਡੇ ਲਈ ਆਮ ਹੀ ਗੱਲਾਂ ਸੀ ਕਿ ਜੇ ਕੋਈ ਵਸਨੀਕ ਬਾਗ਼ੀ ਸੋਚਾਂ ਸੋਚਣ ਲੱਗ ਪਵੇ ਤਾਂ ਉਸ ਦਾ ਨਿਬੇੜਾ ਕਰਨਾ ਹੀ ਪੈਂਦਾ ਸਾਨੂੰ। ਪਹਿਲਾ ਸ਼ੱਕ ਸਰਕਾਰ ਨੂੰ ਉਸ ਵੇਲੇ ਹੋਇਆ ਜਦ ਕਲਚਿਲਮਨ ਨੇ ਉਸ ਦੀ ਰਿਕੌਰਡਿੰਗ ਕੀਤੀ ਜਿਸ ਵਿੱਚ ਉਹ ਸਮਾਜ ਤੇ ਸਿਸਟਮ ਦੇ ਖਿਲਾਫ ਧੀ ਨੂੰ ਗੱਲਾਂ ਦੱਸ ਰਿਹਾ ਸੀ। ਉਸ ਦਿਨ ਮੈਂ ਇੱਕ ਹੋਰ ਸ਼ਿਕਾਰ ਦੇ ਘਰ ਗਿਆ ਸਾਂ ਜਦ ਮੈਨੂੰ ਸੰਦੇਸ਼ ਮਿਲਿਆ ਇਸ ਨਵੇਂ ਨਿਸ਼ਾਨੇ ਬਾਰੇ। ਮੈਂ ਉਸ ਵੇਲੇ ਉਸ ਆਦਮੀ ਦੇ ਕੰਪਿਊਟਰ ਅੱਗ ਨਾਲ਼ ਸਾੜ ਰਿਹਾ ਸੀ। ਸੜਕ ਤੇ ਲੋਕ ਖੜ੍ਹ ਕੇ ਦੇਖ ਰਹੇ ਸਨ। ਉਨ੍ਹਾਂ ਨੂੰ ਜ਼ਰੂਰ ਦਿਖਾਕੇ ਸਮਝਾਉਣਾ ਸੀ ਕੀ ਹੁੰਦਾ ਜੇ ਕੋਈ ਬਾਗ਼ੀ ਸਾਹਿਤ ਘਰ'ਚ ਰੱਖਿਆ ਜਾਂਦਾ ਹੈ। ਉਹ ਬੰਦਾ ਮੇਰੇ ਰਾਹ'ਚ ਆ ਗਿਆ

ਸੋ ਮੈਂ ਉਸ ਨੂੰ ਵੀ ਅੱਗ ਨਾਲ਼ ਸਾੜ ਦਿੱਤਾ। ਸਾਨੂੰ ਸ਼ੱਕ ਸੀ ਉਸਦੇ ਕੰਪਿਊਟਰ'ਚ ਗ੍ਰੰਥ ਦੀ ਕਾਪੀ ਸੀ। ਇੰਨ੍ਹਾਂ ਹੀ ਮੈਨੂੰ ਦੱਸਿਆ ਗਿਆ ਸੀ।




ਭਾਰਤੀ ਸਮੁਰਾਈ ਕਿਸੇ ਲਈ ਰਾਖਸ਼ ਹੋਵੇਗਾ, ਪਰ ਜ਼ਿਆਦਿਆਂ ਲਈ ਮੈਂ ਕਹਿੰਦਾ ਸੁਰ ਹੀ ਹੈ।

ਮੈਂ ਉਸ ਆਦਮੀ ਦੀ ਜ਼ਨਾਨੀ ਦੀਆਂ ਮਿੰਨਤਾਂ ਨਹੀਂ ਸੁਣੀਆਂ। ਉਸ ਦਿਨ ਖਿਝ ਚੜ੍ਹੀ ਸੀ ਕਿਉਂਕਿ ਫਿਰ ਉਹ ਸਵੇਰੇ ਸਵੇਰੇ ਭਿਆਨਕ ਸੁਪਨਾ ਆਇਆ ਸੀ। ਜਦ ਵੀ ਆਉਂਦਾ ਹੈ ਤਾਂ ( ਤੇ ਜੋ ਮੈਨੂੰ ਬਚਪਨ ਤੋਂ ਆ ਰਿਹਾ ਹੈ) ਮੈਨੂੰ ਡਰਾ ਦਿੰਦਾ ਏ। ਅੱਜ ਤੱਕ ਪੱਲੇ ਨਹੀਂ ਪਿਆ ਕਿ ਉਸ ਸੁਪਨੇ ਦਾ ਮਤਲਬ ਕੀ ਹੈ। ਜਦ ਵੀ ਇਹ ਸੁਪਨਾ ਆਉਂਦਾ ਹੈ ਤਾਂ ਪਸੀਨੇ ਛੁੱਟ ਜਾਂਦੇ ਹਨ। ਬਿਸਤਰਾ ਮੁੜ੍ਹਕੇ ਨਾਲ਼ ਭਿੱਜ ਜਾਂਦਾ ਹੈ ਅਤੇ ਰਜਾਈ ਚੰਗੀ ਤਰ੍ਹਾਂ ਗੜੁੱਚ ਹੋ ਜਾਂਦੀ ਹੈ। ਪਲੰਘ ਸਾਹਮਣੇ ਸ਼ੀਸ਼ਾ ਖੜ੍ਹਾ ਹੈ। ਉਸ ਵਿੱਚ ਆਪਣਾ ਚੇਹਰਾ ਵੇਖਦਾਂ, ਜਾਣੀ ਸਰਵਣ ਦਾ ਮੁੱਖੜਾ ( ਜਿਹੜਾ ਨਾਂ ਮਾਂ ਨੇ ਦਿੱਤਾ ਸੀ, ਪਰ ਮੈਂ ਇਸ ਨਾਂ ਤੋਂ ਬਗੈਰ ਕੁੱਝ ਨਹੀਂ ਜਾਣਦਾ ਉਸ ਟੱਬਰ ਬਾਰੇ) ਵਾਪਸ ਝਾਕਦਾ ਹਾਂ ਤਾਂ, ਮੂੰਹ ਤੇ ਡਰ ਦੀ ਨਿਸ਼ਾਨੀ। ਮੂੰਹ ਪੂਰਾ ਹੀ ਤਾਂ ਰੁੰਡ ਮਰੁੰਡ ਨਹੀਂ ਹੈ ਮੇਰਾ, ਪਰ ਕੇਸ ਘੱਟ ਹੈ ਅਤੇ ਮੁੱਖ ਤੇ ਵਾਲ ਸਿਰਫ ਅੱਖਾਂ ਉੱਪਰ ਭਰੱਵਟੇ ਦੇ ਰੂਪ'ਚ ਰਾਖੀ ਰੱਖਦੇ ਨੇ। ਮਰੋੜਾ ਖਾ ਕੇ ਉੱਠਦਾ ਹਾਂ, ਸਾਹ ਸਾਹ'ਚ ਆਉਂਦਾ ਹੈ। ਹਰ ਵਾਰ ਉਹੀ ਸਪਨਾ ਹੈ। ਜਿਸ'ਚ ਮੈਂ ਬੱਚਾ ਹਾਂ, ਮਸਾਂ ਦਸਾਂ ਸਾਲਾਂ ਦਾ, ਮਾਂ ਦਾ ਹੱਥ ਪਕੜਿਆ ਹੈ, ਓਦੋਂ ਜਦ ਮੇਰਾ ਨਾਂ ਸਰਵਣ ਹੀ ਹੁੰਦਾ ਸੀ। ਅਸੀਂ ਉਸ ਥਾਂ ਮੂਹਰੇ ਖਲੋਤੇ ਹਾਂ ਜਿੱਥੇਂ ਕੁੱਝ ਅਧਰਮੀ ਫੌਜਦਾਰੀ ਕਹਿੰਦੇ ਹਨ ਕਿ ਕਈ ਸਾਲ਼ ਪਹਿਲਾਂ ਸੋਨੇ ਦਾ ਮੰਦਰ ਖੜ੍ਹਾ ਹੁੰਦਾ ਸੀ। ਜਿਹੜਾ ਉਸ ਧਰਮ ਦਾ ਮੰਦਰ ਸੀ, ਜਿਸ ਧਰਮ ਦੇ ਖਿਲਾਫ਼ ਰਾਜ ਸੀ। ਇਸ ਲਈ ਉਸ ਨੂੰ ਢਾਹ ਦਿੱਤਾ ਗਿਆ। ਜੋ ਉਸ ਧਰਮ ਨੂੰ ਮੰਨਦੇ ਸਨ ਉਹ ਸਰਕਾਰ ਦੀ ਨਜ਼ਰ'ਚ ਅਧਰਮੀ ਹੀ ਸਮਝੇ ਗਏ। ਖ਼ੈਰ ਇਸ ਥਾਂ ਸੜਕ ਤੇ ਇੱਕ ਬੰਦਾ ਸੀ, ਜੋ ਭਾਰਤੀ ਸਮੁਰਾਈ ਦੇ ਨਿਸ਼ਾਨੇ ਦੇ ਖੁਦ ਅੱਗੇ ਹੋ ਗੋਲੀ ਖਾ ਗਿਆ ਸੀ, ਜਿਸਦੀ ਨਿਸ਼ਾਨਾਂ ਇੱਕ ਔਰਤ ਸੀ। ਉਹ ਬੰਦਾ ਫਿਰ ਓਸੇ ਤੀਵੀਂ ਦੀਆਂ ਬਾਹਾਂ'ਚ ਹੀ ਮਰਿਆ। ਫਿਰ ਪਤਾ ਨਹੀਂ ਕਿਉਂ, ਦੂਜਿਆਂ ਸਮੁਰਾਈਆਂ ਨੇ ਉਸ ਤੇ ਹੀ ਗੋਲੀਆਂ ਚਲਾ ਦਿੱਤੀਆਂ ਜਿਹੜੇ ਸਮੁਰਾਈ ਤੋਂ ਉਸ ਆਦਮੀ ਦੇ ਗੋਲੀ ਵੱਜੀ ਸੀ। ਮੈਂ ਤਾਂ ਬਹੁਤ ਡਰ ਗਿਆ ਸੀ, ਕਿਉਂਕਿ ਮੈਂ ਪਹਿਲੀ ਵਾਰੀ ਕਿਸੇ ਦਾ ਕਤਲ ਦੇਖਿਆ ਸੀ। ਮੇਰੀਆਂ ਅਤੇ ਉਸ ਸੁੰਦਰ ਜ਼ਨਾਨੀ ਜੋ ਆਵਦੇ ਆਦਮੀ ਨੂੰ ਬਾਹਾਂ'ਚ ਲੈ ਕੇ ਰੋ ਰਹੀ ਹੈ, ਦੀਆਂ ਅੱਖਾਂ ਮਿਲੀਆਂ ਹਨ। ਉਸੇ ਵਕਤ ਹੀ ਮੇਰੀ ਹਮੇਸ਼ਾ ਚੌਂਕਕੇ ਅੱਖ ਖੁੱਲ੍ਹ ਜਾਂਦੀ ਹੈ।ਉਹ ਕਦੀ ਕਦੀ ਲੱਗਦਾ ਹੈ, ਜਿਵੇਂ ਮੈਨੂੰ ਤਸੱਲੀ ਦੇ ਰਹੀ ਹੋਵੇ; ਕਦੀ ਕਦੀ ਲੱਗਦਾ ਜਿਵੇਂ ਮੈਂਥੋਂ ਹੀ ਕੋਈ ਹਾਮ੍ਹੀ ਭਾਲ ਰਹੀ ਹੋਵੇ। ਫਿਰ ਮੈਂ ਕਦੀ ਉਸ ਔਰਤ ਦੇ ਹੁਸਨ'ਚ ਕਾਬੂ ਹੋ ਜਾਂਦਾ। ਕਦੀ ਕਦੀ ਮੈਂ ਉਸਦੇ ਪਤੀ ਵੱਲ ਧਿਆਨ ਦਿੰਦਾ ਹਾਂ ਅਤੇ ਉਸਦੇ ਖੂਨ ਭਰੇ ਮੂੰਹ ਵੱਲ ਦੇਖ ਕੇ ਡਰ ਨਾਲ਼ ਕੰਬ ਜਾਂਦਾ ਹਾਂ। ਸੁਪਨੇ ਵਿੱਚ ਮੈਂ ਉਸ ਵੱਲ ਨਹੀਂ ਵੇਖਦਾ ਸੀ ਪਰ ਫਿਰ ਵੀ ਉਸ ਦੀਆਂ ਅੱਖਾਂ ਮੈਨੂੰ ਭਾਲ ਲੈਂਦੀਆਂ ਸੀ। ਬਹੁਤ ਦੁੱਖ ਸੀ ਉਸ ਦੀਆਂ ਅੱਖਾਂ ਵਿੱਚ, ਪਰ ਇੱਕ ਖ਼ੁਸ਼ੀ ਵੀ ਸੀ। ਜਿਵੇਂ ਹੁਣ ਉਸ ਨੂੰ ਅਮਨ ਮਿਲ ਗਿਆ ਹੋਵੇ। ਪਰ ਮੇਰੇ ਮਨ'ਚ ਇਹੋ ਹੀ ਗੱਲ ਵਾਰ ਵਾਰ ਆਉਂਦੀ ਜਾਂਦੀ ਰਹਿੰਦੀ ਸੀ। ਕਿ ਜਿਹੜੇ ਸਮੁਰਾਈ ਨੇ ਉਸ ਨੂੰ ਖ਼ਤਮ ਕੀਤਾ, ਜ਼ਰੂਰ ਉਸਨੇ ਕਾਨੂੰਨ ਖਿਲਾਫ਼ ਕੁੱਝ ਕੀਤਾ ਹੋਵੇਗਾ।

ਸਮੁਰਾਈ ਤਾਂ ਕੱਲੇ ਪਾਪੀ ਨੂੰ ਹੀ ਮਾਰਦੇ ਨੇ।

ਇਸ ਗੱਲ ਤੇ ਮੈਨੂੰ ਪੱਕਾ ਯਕੀਨ ਹੈ। ਜਿਹੜੇ ਆਵਦੀ ਹੀ ਜਾਤ'ਚੋਂ ਨਿਕਲ਼ਣ ਦੀ ਕੋਸ਼ਿਸ਼ ਕਰਦੇ ਨੇ ਉਹ ਸਾਰੇ ਪਾਪੀ ਹਨ। ਜਿਹੜੀਆਂ ਜ਼ਨਾਨੀਆਂ ਸੋਚਦੀਆਂ ਨੇ ਕਿ ਅਸੀਂ ਆਦਮੀ ਨਾਲ਼ ਬਰਾਬਰਤਾ ਕਰ ਸਕਦੀਆਂ ਹਾਂ, ਉਹ ਸਭ ਪਾਪਣਾ ਨੇ। ਜਿਹੜੇ ਸਰਕਾਰ ਦੇ ਧਰਮ ਦੀ ਥਾਂ ਹੋਰ ਧਰਮ ਨੂੰ ਮੰਨਦੇ ਨੇ ਉਹ ਵੀ ਪਾਪੀ ਨੇ। ਅਤੇ ਜਿਹੜੇ ਬੇਧਰਮ ਨੇ, ਉਹ ਵੀ ਪਾਪੀ ਨੇ। ਲਿਸਟ ਤਾਂ ਲੰਬੀ ਹੈ। ਪਰ ਚੰਗੀ ਗੱਲ ਹੈ ਕਿ ਜ਼ਿਆਦਾ ਲੋਕ ਬਾਗ਼ੀ ਨਹੀ ਹਨ। ਸਾਡੀਆਂ ਅੱਖਾਂ ਹਰ ਇੱਕ ਵਸਨੀਕ ਤੇ ਲੱਗੀਆਂ ਨੇ। ਕੋਈ ਵੀ ਸਾਡੀ ਨਜ਼ਰ ਤੋਂ ਬਚ ਨਹੀਂ ਸਕਦਾ। ਜਿੱਥੇਂ ਅਸੀਂ ਨਹੀਂ ਹੁੰਦੇ, ਉੱਥੇਂ ਕਲਚਿਲਮਨ ਹੁੰਦੇ ਨੇ ਇੰਨ੍ਹਾਂ ਸਭ ਤੇ ਅੱਖ ਰੱਖਣ ਲਈ।ਕਲਚਿਲਮਨ ਤਾਂ ਵੈਸੇ ਮੇਰੇ ਘਰ ਵੀ ਹੈ। ਕਿਉਂਕਿ ਮੈਂ ਸਮੁਰਾਈ ਹਾਂ ਅਤੇ ਮੇਰਾ ਟਿਕਾਣਾ ਆਮ ਜਨਤਾ ਦੇ ਬੁਰਜਾਂ'ਚ ਨਹੀਂ ਹੈ, ਕਿਸੇ ਇੱਕ ਖਾਸ ਮਿਨਾਰ ਤੇ ਹੈ ਜਿਹੜਾ ਸਾਰਿਆਂ ਦੇ ਬੁਰਜਾਂ ਤੋਂ ਬਹੁਤ ਵੱਡਾ ਤੇ ਲੰਬਾ ਹੈ। ਇਸ ਵਿੱਚ ਰਹਿੰਦੇ ਹਾਂ ਅਸੀਂ। ਇਹ ਸਾਡਾ ਅੱਡਾ ਵੀ ਹੈ ਤੇ ਘਰ ਵੀ। ਕਲਚਿਲਮਨ ਤੋਂ ਵੀ, ਇਸੇ ਹੀ ਥਾਂ ਤੋਂ ਤਸਵੀਰਾਂ ਮਿਲਦੀਆਂ ਨੇ, ਜਿੰਨ੍ਹਾਂ ਰਾਹੀਂ ਸਰਕਾਰ ਦੀ ਸਭ ਤੇ ਅੱਖ ਰਹਿੰਦੀ ਹੈ।ਬੇ-ਰੋਕ ਸਰਕਾਰ ਦੀ ਬੀਨਾਈ ਖ਼ਾਨਾ ਤਲਾਸ਼ੀ ਕਰ ਲੈਂਦੀ ਹੈ ਅਤੇ ਨਾਲ਼ੇ ਨਾਲ਼ ਸਾਡਾ ਧਰਮ-ਤੰਤਰ ਵੀ ਸਭ ਨੂੰ ਦੱਸਦੀ ਹੈ। ਮੈਂ ਵੀ ਉਹੀ ਮੰਨਦਾ ਸੀ ਜੋ ਕਲਚਿਲਮਨ ਕਹਿੰਦਾ ਹੈ।

ਇਸ ਜਸੂਸੀ ਅੱਖ ਰਾਹੀਂ ਸਰਕਾਰ ਨੂੰ ਉਹ ਚੀਜ਼ਾਂ ਪਤਾ ਲੱਗ ਜਾਂਦੀਆਂ ਸਨ ਜਿਹੜੀਆਂ ਹਾਲੇ ਤੀਕਰ ਮੀਆ ਬੀਬੀ ਨੂੰ ਇੱਕ ਦੂਜੇ ਬਾਰੇ ਨਹੀਂ ਪਤਾ ਹੁੰਦਾ ਸੀ। ਕੌਣ ਕਿਸ ਨਾਲ਼ ਕੀ ਕਰਦਾ, ਕੋਣ ਕੀ ਦੇਖਦਾ, ਬੋਲਦਾ ਜਾਂ ਸੋਚਦਾ। ਇਸ ਦੇ ਰਾਹੀਂ ਸਭ ਨੂੰ ਦੱਸਿਆ ਜਾਂਦਾ ਕਿ ਉਨ੍ਹਾਂ ਨੂੰ ਕੀ ਸੋਚਣਾ ਚਾਹੀਦਾ, ਕਿਵੇਂ ਜਿਉਣਾ ਚਾਹੀਦਾ ਏ ਅਤੇ ਉਨ੍ਹਾਂ ਦੀ ਸਮਾਜ'ਚ ਕੀ ਜਗ੍ਹਾ ਹੈ। ਦੱਸਿਆ ਜਾਂਦਾ ਕਿ ਇਸ ਤਰੀਕੇ ਨਾਲ਼ ਜਮਾਤ'ਚ ਅਮਨ ਰਹਿੰਦਾ ਹੈ। ਕਿ ਇਸ ਤਰ੍ਹਾਂ ਸਮਾਜ ਨੂੰ ਸੰਰਚਨਾ ਮਿਲਦੀ ਹੈ। ਜਾਤ ਪਾਤ ਨਾਲ਼ ਲੋਕਾਂ ਦਾ ਅਧੀਨ ਹੋ ਸਕਦਾ। ਇਸ ਕਰਕੇ ਸਭ ਤੋਂ ਪਹਿਲਾਂ ਠੱਲ੍ਹ ਸਿੱਖੀ ਧਰਮ ਦੀ ਅਤੇ ਮਸੀਹੀਅਤ ਦੀ ਹੋਈ। ਫਿਰ ਬੁੱਧ ਅਤੇ ਇਸਲਾਮ ਦੀ। ਉਸ ਤੋਂ ਬਾਅਦ ਨਾਸਤਿਕਾਂ ਅਤੇ ਖੱਬੇ ਪੱਖੀਆਂ ਦੀ ਵਾਰੀ ਆਈ। ਸਮੁਰਾਈ ਵਰਦੀ ਵਾਲੀ ਪੁਲਸ ਤੋਂ ਲੋਕ ਡਰਦੇ ਸੀ। ਇਹੋ ਗੱਲ ਸੀ ਸਰਕਰ ਦੀ ਅਸਲੀ ਤਾਕਤ ਦੀ।

ਖ਼ੈਰ ਮੈਂ ਆਪਣੇ (ਸਮੁਰਾਈਆਂ ਦੇ) ਮਿਨਾਰੇ ਚਲਾ ਗਿਆ ਆਵਦੀ ਨਵੀਂ ਹਿਦਾਇਤ ਲੈਣ। ਮੈਂ ਅੱਗ ਤੋਂ ਪਰ੍ਹਾਂ ਹੱਟ ਕੇ ਇੱਕ ਹਵਾ'ਚ ਉੱਡਣ ਵਾਲੀ ਪੁਲਸ ਗੱਡੀ'ਚ ਬਹਿ ਗਿਆ, ਮੈਂ ਤੇ ਮੇਰਾ ਸੀਰੀ ( ਜਿਸਦੇ ਮੋਢੇ ਤੇ ਨਾਂ ਮਤਾਹਚੀ ਲਿਖਿਆ ਸੀ।) ਦੋਨੋਂ ਇੰਝ ਹੀ ਸਦਰ ਨੂੰ ਤੁਰ ਪਏ ਸੀ। ਸਦਰ ਸਾਡੇ ਮਿਨਾਰੇ ਦੀ ਉਪਰਲੀ ਮੰਜ਼ਲ ਤੇ ਸੀ, ਇੱਕ ਚੌੜਾ ਜਿਹਾ ਚੱਕਰ, ਜਿਹੜਾ ਦੂਰੋਂ ਸਾਡੇ ਮਿਨਾਰ ਦੇ ਸਿਰ ਵਾਂਗਰ ਹੀ ਜਾਪਦਾ ਸੀ। ਇਹ ਸੀ ਸਮੁਰਾਈਆਂ ਦਾ ਅੱਡਾ। ਮੇਰਾ ਨਾਂ ਅਫਸਰਾਂ ਨੇ ਮਿਯਾਮੋਤੋ ਨੰਬਰ ਨੌਂ ਰੱਖਿਆ ਸੀ ਅਤੇ ਮੇਰੇ ਬੇਲੀ ਦਾ ਮਤਾਹਚੀ ਨੰਬਰ ਅੱਠ। ਸਾਡੀ ਅੱਠ ਨੌਂ ਦੀ ਜੋੜੀ ਕਰਕੇ ਅਸੀਂ ਭਾਗਭਰੇ ਸਮਝੇ ਜਾਂਦੇ ਸੀ।

ਪੁਲਸ ਗੱਡੀ ਅੰਬਰ'ਚ ਉੱਡੀ ਅੱਡੇ ਵੱਲ। ਉਸ ਦੀਆਂ ਚੁਗਾਠਾਂ ਰਾਹੀਂ ਸਾਰਾ ਰਣਜੀਤਪੁਰ ਦਿਸਦਾ ਸੀ, ਪੱਛਮ ਤੱਕ। ਸ਼ਹਿਰ ਸਤਲੁਜ ਤੋਂ ਲੈ ਕੇ ਪੁਰਾਣੇ ਜਲੰਧਰ ਤੱਕ ਸੀ। ਅੰਮ੍ਰਿਤਸਰ ਤੇ ਲੁਧਿਆਣੇ ਵਰਗੀਆਂ ਜਗ੍ਹਾਂ ਤਾਂ ਹਾਲੇ ਪਿੰਡ ਹੀ ਸਮਝੇ ਜਾਂਦੇ ਸਨ।ਅੰਮ੍ਰਿਤਸਰ ਦਾ ਨਾਂ ਵੀ ਬਦਲ ਦਿੱਤਾ ਸੀ ਕਿਉਂਕਿ ਨਹੀਂ ਤਾਂ ਲੋਕ ਉਸ ਵਰਜਿਤ ਦੀਨ ਨੂੰ ਫਿਰ ਮੰਨਣ ਲੱਗ ਜਾਣਗੇ। ਅੱਜ ਉਸ ਥਾਂ ਦਾ ਨਾਂ ਸਿਰਫ਼ ਜ਼ਿਲ੍ਹਾ ਦਸ ਸੀ। ਦਸਵੇ ਜ਼ਿਲ੍ਹੇ ਤੋਂ ਅਗੇ ਹੁਣ ਕੱਲਾ ਤਬਾਹ ਹੋਇਆ ਮੁਲਕ ਸੀ, ਇੱਕ ਰੇਗਿਸਤਾਨ, ਜਿਸਨੂੰ ਇੱਕ ਬਾਰ ਪਾਕਿਸਤਾਨ ਕਹਿੰਦੇ ਸੀ। ਜਦ ਨਵੇਂ ਭਾਰਤ ਨੂੰ ਮੌਕਾ ਮਿਲਿਆ ਤਾਂ ਬੰਬਾਂ ਨਾਲ਼ ਸਾਰੇ ਦੇਸ਼ ਤੇ ਹਮਲਾ ਕਰ ਕੇ ਵਾਰ ਕਰ ਦਿੱਤਾ ਸੀ। ਇਸ ਨੂੰ ਪਾਰ ਕਰਨਾ ਵੀ ਅਸੰਭਵ ਹੈ। ਬੰਬਾਂ ਦਾ ਅਸਰ ਧਰਤੀ ਅਤੇ ਹਵਾ'ਚ ਹਾਲੇ ਵੀ ਹੈ ਤੇ ਜਿਹੜੇ ਵੀ ਲੋਕ ਦੇਸ਼ ਤੋਂ ਦੌੜ੍ਹਨਾ ਚਾਹੁੰਦੇ ਸੀ, ਉਹ ਤਪਸ਼ ਤੇ ਰੇਡੀਏਸਨ ਨਾਲ਼ ਪੂਰੇ ਹੋ ਜਾਂਦੇ ਸੀ। ਇੱਕ ਕੰਪਿਊਟਰ ਦੇ ਮਦਰਬੋਰਡ ਵਾਂਗ ਲੱਗਦਾ ਹੈ, ਸ਼ਹਿਰ ਜਦ ਅੰਬਰ'ਚੋਂ ਥੱਲੇ ਵੇਖਦੇ ਹਾਂ। ਹਰ ਚੀਜ਼ ਬੱਤੀਆਂ ਨਾਲ਼ ਚਮਕਦੀ ਨਾਲ। ਜਿਵੇਂ ਟਪਕਿਆ ਹੋਇਆ ਪਾਣੀ ਠੰਢ ਵਿੱਚ ਲੰਬੇ ਬਰਛਾਂ ਵਾਂਗਰ ਬਰਫ ਜਾਪਦਾ ਹੁੰਦਾ, ਛੱਤ ਤੋਂ ਲਮਕਦੀ ਜਾਂ ਧਰਤੀ ਤੋਂ ਸਿੱਧਾ ਅਸਮਾਨ ਤੱਕ ਅੱਪੜਦੀ ਬਰਫ ਦੀ ਬੁਰਜੀ; ਉਸੇ ਤਰ੍ਹਾਂ ਹੀ ਸ਼ਹਿਰ ਦੇ ਬੁਰਜ ਲੱਗਦੇ ਸੀ। ਜਿਵੇਂ ਦਿਵਾਲੀ ਵਾਲੇ ਦਿਨ ਬੱਤੀਆਂ ਹੀ ਬੱਤੀਆਂ ਹੁੰਦੀਆਂ ਨੇ, ਉਸ ਹੀ ਤਰ੍ਹਾਂ ਹਰ ਰਾਤ ਉੱਡਣ ਵਾਲੀਆਂ ਗੱਡੀਆਂ ਦੀਆਂ ਲਾਈਟਾਂ ਚਮਕਦੀਆਂ ਨੇ। ਰਣਜੀਤਪੁਰ, ਪੰਜਾਬ ਦਾ ਸਭ ਤੋਂ ਵੱਡਾ ਸ਼ਹਿਰ ਹੈ।

ਅਸੀਂ ਸਦਰ ਪਹੁੰਚ ਗਏ। ਗੱਡੀ ਇੱਕ ਕੰਧ'ਚੋਂ ਨਿਕਲ਼ਦੇ ਪੱਤਣ ਤੇ ਰੁਕ ਗਈ। ਅਸੀਂ ਦੋਨੋਂ ਗੱਡੀ'ਚੋਂ ਨਿਕਲ ਕੇ ਅੰਦਰ ਵੜ ਗਏ, ਤੇ ਸ਼ੀਸ਼ੇ ਵਾਲ਼ੀ ਲਿਫ਼ਟ ਰਾਹੀਂ ਕਪਤਾਨ ਕੋਲ਼ ਚਲੇ ਗਏ। ਕਪਤਾਨ ਜੋ ਇੱਕ ਲੰਮੇ ਚੌੜ੍ਹਾ ਕਮਰੇ'ਚ ਸੀ। ਕਮਰੇ ਦੇ ਚਾਰੇ ਪਾਸੇ ਚਿੱਕ ਤੇ ਉਹ ਸਭ ਕੁੱਝ ਸਾਫ਼ ਚਲ ਰਿਹਾ ਦਿਸਦਾ ਸੀ ਕਲਚਿਲਮਨਾਂ ਰਾਹੀਂ, ਜੋ ਵੀ ਸਾਰੇ ਪੰਜਾਬੀ ਇਨਸਾਨਾਂ ਦੇ ਘਰਾਂ'ਚ ਹੋ ਰਿਹਾ ਸੀ । ਹਰ ਚਿੱਕ ਦੇ ਮੂਹਰੇ ਇੱਕ ਇੱਕ ਪੁਲਸ ਕਰਮਚਾਰੀ ਬੈਠਾ ਸੀ , ਝਾਤੀ ਮਾਰਦਾ ਉਨ੍ਹਾਂ ਦੀਆਂ ਜ਼ਿੰਦਗੀਆਂ ਤੇ। ਇੱਕ ਕਰਮਚਾਰੀ ( ਜੋ ਇੰਝ ਦੀ ਖਾਬਗਾਹ ਤੇ ਝਾਤੀ ਮਾਰ ਰਿਹਾ ਸੀ, ਜਿਸ ਵਿੱਚ ਆਦਮੀ ਤੇ ਔਰਤ ਗੱਲ ਬਾਤ ਕਰ ਰਹੇ ਸਨ) ਦੇ ਪਿੱਛੇ ਕਪਤਾਨ ਖੜ੍ਹਾ ਸੀ। ਇਸ ਕਪਤਾਨ ਦੀ ਪਿੱਠ ਸਾਡੇ ਵੱਲ ਸੀ, ਪਰ ਜਦ ਅਸੀਂ ਅੰਦਰ ਵਧੇ ਤਾਂ ਉਸਦੀ ਅਚਨਚੇਤ ਹੀ ਸਾਡੇ ਤੇ ਨਜ਼ਰ ਪਈ ਤੇ ਉਹਨੇ ਥੋੜਾ ਘੁੰਮਕੇ ਸਾਨੂੰ ਇਸ਼ਾਰਾ ਕੀਤਾ ਆਪਣੇ ਕੋਲ਼ ਆਉਣ ਦਾ।

ਕਪਤਾਨ ਬਹੁਤਾ ਲੰਬਾ ਨਹੀਂ ਸੀ। ਬੱਸ ਪੰਜ ਫੁੱਟ ਤੋਂ ਘੱਟ ਹੀ ਕੱਦ ਹੋਵੇਗਾ। ਉਸਦਾ ਢਿੱਡ ਜ਼ਰੂਰ ਕੇਸਰੀ ਕਿਮੋਨੋ ਹੇਠੋਂ ਵਧਿਆ ਦਿਸ ਰਿਹਾ ਸੀ ਅਤੇ ਉਸ ਦੇ ਲਾਲ ਚਮੜੀ ਰੰਗੇ ਮੂੰਹ ਤੇ ਮੁਛਹਿਰੇ ਦੌੜ ਭੱਜ ਕਰਦੇ ਸੀ, ਬੱਲ੍ਹਾਂ ਉੱਪਰ ਰਹਿਕੇ। ਮੱਥੇ ਤੇ ਤਿਲਕ ਸੀ, ਸਾਡੇ ਵੱਲ ਹੀ ਟਿਮਕਦਾ। ਅਸੀਂ ਕੋਲ਼ ਗਏ ਤੇ ਰਜੂਹ ਕਹਿਕੇ ਖਲੋ ਗਏ। ਉਸਦਾ ਨਾਂ ਸੀ ਅਕੇਸ਼ ਕੁਮਾਰ। ਕਪਤਾਨਾਂ ਕੋਲ਼ ਆਮ ਨਾਮ ਸਨ। ਉਂਝ ਇਸ ਦਾ ਪੂਰਾ ਨਾਂ ਸੀ ਅਕੇਸ਼ ਕੁਮਾਰ ਨੱਬੇ। ਸਾਰੇ ਉਸਨੂੰ ਐ.ਕੇ ਨੱਬੇ ਆਖਦੇ ਸਨ। ਤੁਹਾਡੇ ਲਈ ਉਸਨੂੰ ਕੁਮਾਰ ਸੱਦਣਾ ਕਾਫ਼ੀ ਹੈ। ਕੁਮਾਰ ਦੀਆਂ ਅੱਖਾਂ ਤੇਜ ਸਨ। ਜਦ ਵੀ ਕਿਸੇ ਵੱਲ ਦੇਖਦਾ, ਲੱਗਦਾ ਜਿਵੇਂ ਦੀਦੇ ਆਪਦੀ ਆਤਮਾ'ਚ ਉਸੇ ਹੀ ਪੱਲ'ਚ ਮੁਲਾਹਜ਼ਾ ਕਰ ਰਹੇ ਹੋਣ। ਕੁਮਾਰ ਨੇ ਇਸ ਤਰ੍ਹਾਂ ਮੇਰੇ ਵੱਲ ਦੇਖਕੇ ਪੁੱਛਿਆ, - ਸੋ ਕੰਮ ਹੋ ਗਿਆ ਮਿਯਾਮੋਤੋ ਨੰਬਰ ਨੌਂ? ਉਨ ਸਾਲੇ ਕੋ ਜਲਾ ਦੀਆ?-

-ਜੀ ਜਨਾਬ। ਉਨ ਕੋ ਔਰ ਉਸਕੇ ਸਾਹਿਤ ਕੋ ਬ੍ਹੀ-

- ਕਥਾ ਸਾਹਿਤ ਕੋ! - ਕਥਾ ਲਫ਼ਜ਼ ਤੇ ਭਾਰ ਦੇ ਕੇ ਬੋਲਿਆ, - ਗੂਡ। ਅਬ ਤੁਮਾਰੇ ਲੀਏ ਨਾਇਆ ਵਿੱਡ ਹੈ।ਨਿਸ਼ਾਨੇ ਕਾ ਕੋਡਨੇਮ ਦੋਰਨ, ਉਨਕੇ ਬੀਵੀ ਔਰ ਉਨਕੀ ਲੜਕੀ ਬ੍ਹੀ ਹੈ,ਪਰ ਉਨਕੋ ਮਾਰਨਾ ਤਬ ਹੀ ਹੈ, ਜਬ ਕਬ੍ਹੀ ਰਾਸਤੇ ਮੇ ਆਏ। ਇਸ ਗਿਆਨਖਾਨੇ ( ਯੂ.ਐਸ.ਬੀ) ਮੇਂ ਸਭ ਕੁੱਛ ਹੈ। ਉਨਕਾ ਸਿਰਨਾਵਾਂ ਔਰ ਟਿਕਾਣਾ। ਖਤਮ ਕਰੋ। ਗੋ।- ਬੱਸ ਹੋਰ ਕੁੱਝ ਨਹੀਂ ਦੱਸਿਆ। ਸਾਨੂੰ ਗਿਆਨਖਾਨੇ ਤੋਂ ਇੰਨ੍ਹਾਂ ਤਾਂ ਪਤਾ ਲੱਗ ਗਿਆ ਕਿ ਉਹ ਮ੬੭.੫੮.੨੬ ਤੇ ਮਿਲਣਗੇ।ਕੋਡਨੇਮ ਦੋਰਨ ਦਾ ਅਸਲੀਂ ਨਾਂ ਰਾਣਾ ਸੀ। ਉਸਦੇ ਕੰਮ ਤੇ ਜਾ ਕੇ ਉਸਨੂੰ ਮਾਰਨ ਦੀ ਕੋਈ ਲੋੜ ਨਹੀਂ। ਸੱਚ ਮੁੱਚ ਉਸਦੇ ਘਰ ਮਾਰਨ ਦੀ ਵੀ ਲੋੜ ਨਹੀਂ ਸੀ। ਜਦ ਉਹ ਕੰਮ ਛੱਡ ਕੇ ਘਰ ਜਾਵੇਗਾ, ਉਸ ਵੇਲੇ ਮਾਰਾਗੇ। ਉਸ ਰਾਤ ਕੋਡਨੇਮ

ਦੋਰਨ, ਮਤਲਨ ਰਾਣਾ ਮ੬੭.੫੮.੨੬ ਘਰ ਨਹੀਂ ਪੁੱਜੇਗਾ। ਪਰ ਬਣੀ ਬਣਾਈ ਸਬੀਲ ਹਮੇਸ਼ਾ ਨਹੀਂ ਕੰਮ ਕਰਦੀ। ਕਦੀ ਕਦੀ ਸਾਰੀ ਸਥਿਤੀ ਹੀ ਬਦਲ ਜਾਂਦੀ ਹੈ।ਇਸ ਕੋਡਨੇਮ ਦੋਰਨ ਨੇ ਮੇਰੇ ਲਈ ਅਤੇ ਉਸਦੀ ਧੀ ਲਈ ਬਹੁਤ ਕੁੱਝ ਬਦਲ ਦੇਣਾ ਸੀ।

ਮੈਂ ਰਾਣੇ ਦੀ ਫਾਈਲ ਵੱਲ ਝਾਕਿਆ (ਜਦ ਗਿਆਨਖਾਨੇ ਨੂੰ ਗੱਡੀ ਦੇ ਕੰਪਿਊਟਰ'ਚ ਪਾ ਦਿੱਤਾ ਤਾਂ ਗੱਡੀ ਦੇ ਟਾਂਡਤਖਤਾ (ਦੈਸ਼ਬੋਰਡ) ਤੇ ਵੀਡੀਓ ਚੱਲਿਆ ਜਿਸ ਤੇ ਰਾਣੇ ਦਾ ਹਰ ਵਾਰਤਾਲਾਪ ਸਾਫ ਦਿਸਦਾ ਸੀ, ਅਤੇ ਹਰ ਉਹ ਥਾਂ ਵੀ ਜਿੱਥੇਂ ਜਿੱਥੇਂ ਉਹ ਗਿਆ, ਜੋ ਕਲਚਿਲਮਨਾਂ ਰਾਹੀਂ ਪਤਾ ਲੱਗਾ ਸੀ) ਜਿਸ ਤੋਂ ਉਸ ਬਾਰੇ ਸਭ ਕੁੱਝ ਜਾਣ ਲਿਆ ਗਿਆ ਸੀ। ਘਰ ਅਤੇ ਬਾਹਰ ਵੀ ਜੋ ਬੋਲਿਆ ਕਲਚਿਲਮਨਾਂ ਕੋਲ, ਹੁਣ ਸਾਡੇ ਸਾਹਮਣੇ ਦਿਸਦਾ ਅਤੇ ਸੁਣਦਾ ਸੀ। ਲੱਗਦਾ ਉਹ ਪੰਜਾਬੀ ਬੋਲਦਾ ਸੀ ਅਤੇ ਸਰਕਾਰ ਵੱਲ ਸਰਕਸ਼ੀ ਸੀ। ਬਹੁਤਾ ਸਬੂਤ ਤਾਂ ਨਹੀਂ ਸੀ, ਪਰ ਉਸਨੂੰ ਖਤਮ ਕਰਨ ਲਈ ਕਾਫ਼ੀ ਸੀ। ਪਰ ਸਾਨੂੰ ਦਿੱਤੀ ਹਿਦਾਇਤ'ਚ ਇਹ ਕਿਤੇ ਨਹੀਂ ਸੀ ਕਿ ਉਸਦੇ ਮਗਰ ਜਾ ਕੇ ਦੇਖਣਾ ਕਿ ਉਹਦਾ ਹੋਰ ਵੀ ਕੋਈ ਸਾਥੀ ਹੈ ਜਾਂ ਨਹੀਂ। ਕੇਵਲ ਮਾਰਨਾ ਹੀ ਸੀ, ਉਸਨੂੰ।

ਗੱਡੀ ਅਸੀਂ ਉਸ ਦੇ ਕੰਮ ਕਰਨ ਵਾਲੇ ਦਫ਼ਤਰ ਨੇੜੇ ਇੱਕ ਲੰਬੇ ਚੌੜ੍ਹੇ ਜੇਹੇ ਬੁਰਜ ਦੀ ਛਾਂ ਹੇਠ ਲਕੋ ਕੇ ਖੜ੍ਹੀ ਕਰ ਲਈ। ਫਿਰ ਛੇ ਵਜਦੇ ਸਾਰ, ਉੱਥੇ ਕੰਮ ਕਰਨ ਵਾਲੇ ਸਾਰੇ ਲੋਕ ਉਸ ਦਫ਼ਤਰ'ਚੋਂ ਬਾਹਰ ਆ ਗਏ, ਜਿਵੇਂ ਮੁੱਛੀਆਂ ਮਾਛੀ ਦੇ ਜਾਲ਼'ਚੋਂ ਪਾਣੀ ਵਿੱਚ ਇਧਰ ਉੱਧਰ ਅੱਡ ਹੋ ਜਾਂਦੀਆਂ ਨੇ। ਕੋਈ ਲੋਕ ਆਪਣੀਆਂ ਉਡਾਰੀ ਗੱਡੀਆਂ'ਚ ਬਹਿ ਕੇ ਅੰਬਰ'ਚ ਪੰਛੀ ਵਾਂਗਰ ਚਲੇ ਗਏ। ਕੁੱਝ ਲੋਕ ਪਬਲਿਕ ਬਾਰ ਬਰਦਾਰੀ ਤੇ ਚੜ੍ਹਕੇ ਆਵਦੇ ਆਵਦੇ ਘਰਾਂ ਨੂੰ ਚਲੇ ਗਏ। ਹਰ ਕੋਈ ਕਾਹਲ਼'ਚ ਸੀ ਘਰ ਪੁੱਜਣ ਲਈ। ਕਿਸਮਤ ਨਾਲ਼ ਰਾਣੇ ਨੇ ਕੋਈ ਬਸ ਬੁਸ ਨਹੀਂ ਫੜ੍ਹੀ ਪਰ ਹੁਣ ਉਹ ਆਵਦੀ ਨਿੱਕੀ ਜਿਹੀ ਉਡਾਰੀ ਗੱਡੀ'ਚ ਬੈਠ ਗਿਆ। ਅਸੀਂ ਵੀ ਅੰਬਰ'ਚ ਉਸ ਦਾ ਪਿੱਛਾ ਕੀਤਾ। ਮੌਕਾ ਭਾਲਦੇ ਸੀ ਉਸ ਨੂੰ ਰੋਕਣ ਦਾ। ਪਰ ਇੰਝ ਲੱਗਦਾ ਸੀ, ਜਿਵੇਂ ਉਸ ਨੂੰ ਸਾਡੇ ਬਾਰੇ ਪਤਾ ਲੱਗ ਗਿਆ ਹੋਵੇ; ਹੁਣ ਉਹ ਸਿੱਧਾ ਘਰ ਵੱਲ ਨਹੀਂ ਗਿਆ, ਪਰ ਰਣਜੀਤਪੁਰ ਦੇ ਫਲਕ ਮਾਰਗਾਂ ਵਿੱਚੋਂ ਸਭ ਤੋਂ ਬਿੱਜ਼ੀ ਸ਼ਾਹ ਰਾਹ ਤੇ ਚਲਾ ਗਿਆ! ਹਾਰਕੇ ਪਤਾ ਹੀ ਨਹੀਂ ਕਦੋਂ, ਉਹ ਗਗਨ ਦੀ ਆਵਾਜਾਈ'ਚ ਗਾਇਬ ਹੋ ਗਿਆ। ਅਸੀਂ ਸੋਚਿਆ ਕਿ ਬਿਹਤਰ ਹੋਵੇਗਾ ਕਿ ਸਿੱਧਾ ਉਸ ਦੇ ਘਰ ਵੱਲ ਹੀ ਜਾਈਏ। ਉੱਥੇਂ ਪਹੁੰਚ ਕੇ ਅਸੀਂ ਮਿਨਾਰੇ ਦੇ ਦੋ ਤਿੰਨ ਚੱਕਰ ਲਾਏ ਤੇ ਫਿਰ ਉਸ ਦੀ ਗੱਡੀ ਦੇਖ ਲਈ। ਪਰ ਜਿਸ ਪੱਤਣ'ਚ ਗੱਡੀ ਹੋਣੀ ਚਾਹੀਦੀ ਸੀ, ਓੱਥੇਂ ਨਹੀਂ ਸੀ, ਤੇ ਉਸ ਤੋਂ ਵੀ ਉੱਚੀ ਮੰਜ਼ਲ (ਨੰਬਰ ਉਣਤਾਲ਼ੀ ਤੇ ਸੀ) ਤੇ ਖੜੀ ਕੀਤੀ ਸੀ, ਸੋ ਸਾਨੂੰ ਪਤਾ ਲੱਗ ਗਿਆ ਸੀ  ਕਿ ਉਸ ਨੂੰ ਸ਼ੱਕ ਹੈ; ਕਿ ਸਾਨੂੰ ਉਸਦੇ ਭੇਤ ਦਾ ਪਤਾ ਲੱਗ ਗਿਆ ਏ। ਸੋ ਅਸੀਂ ਅੱਠਤੀਵੀ ਮੰਜ਼ਲ ਦੇ ਪੱਤਣ'ਚ ਗੱਡੀ ਪਾਰਕ ਕਰਕੇ ਬੁਜਰ'ਚ ਵੜ ਗਏ, ਹੱਥ'ਚ ਰਫ਼ਲ ਤਿਆਰ ਕਰਕੇ। ਹੁਣ ਲੱਗਦਾ ਸੀ, ਕਿ ਹੋ ਸਕਦਾ ਸਾਰਾ ਟੱਬਰ ਹੀ ਫੂਕਣਾ ਪਵੇਂ। ਮੈਂ ਲਿਫ਼ਟ ਲਈ ਅਤੇ ਮਤਾਹਚੀ ਪੌੜੀਆਂ ਵੱਲ ਵੱਧਿਆ। ਹੁਣ ਸਾਨੂੰ ਕੋਈ ਪਰਵਾਹ ਨਹੀਂ ਸੀ ਕਿ ਆਮ ਲੋਕਾਂ ਨੂੰ ਨਾ ਪਤਾ ਲੱਗੇ ਕਿ ਅਸੀਂ ਰਾਣੇ ਛੱਬੀ ਮਗਰ ਹਾਂ। ਸਗੋਂ ਚਾਹੁੰਦੇ ਸੀ ਜਨਤਾ ਨੂੰ ਪਤਾ ਲੱਗੇ ਕਿ ਸਰਕਾਰ ਖਿਲਾਫ਼ ਖਿਚੜੀ ਪਕਾਉਣ ਵਾਲ਼ਿਆਂ ਦਾ ਕੀ ਹਸ਼ਰ ਹੁੰਦਾ ਹੈ।

ਕਾਨੂੰਨ ਤਾਂ ਕਾਨੂੰਨ ਹੀ ਹੈ। ਲੋਕਾਂ ਨੂੰ ਚੰਗੇ ਭਾਰਤੀਆਂ ਵਾਂਗਰ ਡਰਕੇ ਹੀ ਰਹਿਣਾ ਚਾਹੀਦਾ ਹੈ। ਬਾਗ਼ੀਆਂ ਦੀਆਂ ਲਾਟਾਂ ਤਾਂ ਸਾਨੂੰ ਪੈਰ ਰੱਖ ਕੇ ਬੁਝਾਉਣੀਆਂ ਆਉਂਦੀਆਂ ਹਨ। ਹਰ ਰੋਜ਼ ਕੋਈ ਨਾ ਕੋਈ ਰਾਣਾ ਮੇਰੇ ਹੱਥੋਂ ਮਰਦਾ ਹੈ। ਜੋ ਨਹੀਂ ਮਰਦਾ, ਉਹ ਜ਼ਰੂਰ ਡਰਦਾ। ਮਨ ਮਰਦਾ ਉਸਦਾ। ਜੋਸ਼ ਮਰਦਾ,ਉਸਦਾ। ਇੰਝ ਹੀ ਸਰਕਾਰ ਪੰਜਾਬ ਨੂੰ ਕਾਬੂ ਰੱਖਦੀ ਹੈ। ਹੁਣ ਤਾਂ ਵੈਸੇ ਹੋਰ ਵੀ ਸੂਖਮ ਤਰੀਕਾ ਕਾਬੂ ਰੱਖਣ ਦਾ ਹੈ। ਘਰੱਘਰ ਕਿਸੇ ਨਾ ਕਿਸੇ ਦਾ ਬੇਟਾ ਚਿੱਟਾ ਖਾੱਖਾ ਕਿ ਖ਼ੁਦ ਹੀ ਅਧੀਨ ਹੈ। ਜੇ ਰਾਣੇ ਦੇ ਟੱਬਰ ਨੂੰ ਨਾ ਵੀ ਮਾਰਿਆ ਗਿਆ, ਤਾਂ ਉਨ੍ਹਾਂ ਨੂੰ ਵੀ ਚਿੱਟਾ ਦੇੱਦੇ ਕੇ ਖ਼ਤਮ ਕੀਤਾ ਜਾ ਸਕਦਾ।

ਮੈਂ ਉਨ੍ਹਾਂ ਦੇ ਅਪਾਰਟਮੈਂਟ'ਚ ਮਤਾਹਚੀ ਤੋਂ ਪਹਿਲਾਂ ਪਹੁੰਚਿਆ। ਰਾਹ'ਚ ਉਨ੍ਹਾਂ'ਚੋਂ ਕੋਈ ਨਹੀਂ ਮਿਲਿਆ।ਸੋ ਹੋ ਸਕਦਾ ਉਹ ਹਾਲੇ ਮਕਾਨ'ਚ ਹੀ ਸਨ। ਮੈਂ ਦਰਵਾਜ਼ਾ ਨਹੀਂ ਖੜਕਾਇਆ ਕਿਉਂਕਿ ਮੈਂ ਨਹੀਂ ਚਾਹੁੰਦਾ ਸੀ, ਕਿ ਉਨ੍ਹਾਂ ਨੂੰ ਪਤਾ ਲੱਗੇ ਕਿ ਮੈਂ ਮਗਰ ਆਇਆਂ। ਇਸ ਲਈ ਮੈਂ ਜੋਰ ਦੀ ਲੱਤ ਮਾਰ ਕੇ ਬੂਹਾ ਭੰਨ ਸਿੱਧਾ ਛੇਤੀੱਛੇਤੀ ਅੰਦਰ ਚਲਾ ਗਿਆ। ਤੇ ਹਰ ਇੱਕ ਕਮਰੇ'ਚ ਵੇਖਿਆ। ਲੱਗਦਾ ਉਹ ਤਾਂ ਟਿਭ ਗਏ ਸਨ ਇੱਥੋਂ। ਹੋ ਸਕਦਾ ਉਹ ਕਿਤੇ ਘਰ ਵਿੱਚ ਹੀ ਗੁੱਝੇ ਦਰ'ਚ ਛੁਪ ਗਏ ਹੋਣ, ਜਿਵੇ ਕੋਈ ਗੁਪਤ ਥਾਂ ਜਿੱਥੇ ਕਿਸੇ ਦੀ ਨਜ਼ਰ ਨਾ ਜਾਂਦੀ ਹੋਵੇ। ਮੈਂ ਆਪਣੇ ਤਲਾਸ਼ੀ ਕਰਨ ਵਾਲੇ ਡਿਵਾਇਸ ਨੂੰ ਆਲ਼ੇ ਦੁਆਲ਼ੇ ਘੁੰਮਾਇਆ, ਉਨ੍ਹਾਂ ਦੀ ਸੂਹ ਲੈਣ ਲਈ, ਪਰ ਇਸ ਖੋਜਤਾਰੇ ਦੇ ਹਿਸਾਬ ਨਾਲ਼ ਹੋਰ ਕੋਈ ਵੀ ਮੈਂਥੋਂ ਇਲਾਵਾ ਇੱਥੇ  ਨਹੀ ਸੀ। ਮੈਂ ਘਰੋਂ ਬਾਹਰ ਨਿਕਲਕੇ ਮਤਾਹਚੀ ਨੂੰ ਹਿੰਦੀ ਵਿੱਚ ਦੱਸਿਆ ਕਿ ਟੱਬਰ ਤਿੱਤਰ ਹੋ ਗਿਆ ਏ। ਅਸੀਂ ਫਿਰ ਫੈਸਲਾ ਕਰ ਲਿਆ, ਆਪਣੇ ਆਪਣੇ ਖੋਜਤਾਰਿਆਂ ਨਾਲ਼ ਸਾਰੀਆਂ ਮੰਜ਼ਿਲਾਂ ਦੀ ਤਲਾਸ਼ੀ ਲੈਣ ਦਾ। ਮੈਂ ਉਪਰਲੀ ਮੰਜ਼ਿਲ ਤੋਂ ਸ਼ੁਰੂ ਹੋ ਗਿਆ, ਤੇ ਮਤਾਹਚੀ ਸਭ ਤੋਂ ਹੇਠਲੀ ਤੋ।ਮੰਜ਼ਿਲਾਂ ਵੀ ਖਾਸ਼ੀਆਂ ਸਨ, ਇਸ ਲਈ ਅਸੀਂ ਉੱਡਕੇ ਬਾਹਰ ਚਲੇ ਗਏ,

ਸਾਡੇ ਬੂਟਾਂ'ਚ ਗੈਸ ਸੀ, ਜਿਸਦੇ ਸਹਾਰੇ ਨਾਲ਼ ਅਸੀਂ ਜੈੱਟ ਚਲਾ ਕੇ ਫੱਟਾ ਫੱਟ ਇਹ ਕੰਮ ਕਰ ਸਕਦੇ ਸਾਂ। ਪਰ ਬਹੁਤ ਜ਼ਰੂਰੀ ਸੀ ਕਿ ਅਸੀਂ ਸਾਰੀ ਫੋਲਾ ਫਾਲੀ ਛੇਤੀਂਛੇਤੀ ਕਰੀਏ, ਕਿਉਂਕਿ ਹੋ ਸਕਦਾ ਉਹ ਇਸੇ ਹੀ ਵਕਤ'ਚ ਕਿਤੇ ਹੋਰ ਨਾ ਨਿਕਲ ਜਾਣ। ਸਾਡੇ ਖੋਜਤਾਰਿਆਂ ਵਿੱਚ ਉਨ੍ਹਾਂ ਦੇ ਡੀ.ਐਨ.ਏ ਦਾ ਅੰਦਰਾਜ ਸੀ; ਜੋ ਪੱਕਾ ਪਤਾ ਦਿੰਦਾ ਸੀ, ਜਿੱਥੇਂ ਕਿਤੇ ਵੀ ਹੋਣ ਦਾ, ਇਸ ਤੋਂ ਹੀ ਅਸੀਂ ਉਨ੍ਹਾਂ ਦਾ ਤਆਕਬ ਕਰ ਸਕਦੇ ਸੀ, ਨਹੀਂ ਤਾਂ ਇਸ ਸ਼ਹਿਰ ਵਿੱਚ ਸਾਡੀ ਅੰਨ੍ਹੇ ਕੁੱਤੇ ਹਰਨਾਂ ਦੇ ਸ਼ਿਕਾਰੀ ਵਾਲੀ ਗੱਲ ਹੋ ਜਾਣੀ ਸੀ!

ਪੰਜ ਮਿੰਟਾਂ ਮਗਰੋਂ ਹੀ ਮੈਨੂੰ ਆਵਦੇ ਖੋਦ ਰਾਹੀਂ ਮਤਾਹਚੀ ਦੀ ਅਵਾਜ਼ ਤੋਂ ਖ਼ਬਰ ਆਈ ਕਿ ਉਸ ਨੇ ਭਾਲ ਲਏ ਨੇ, ਤੇ ਦੱਸਿਆ ਕਿ ਉਹ ਪੈਦਲ ਹੀ ਨਾਲ਼ ਦੇ ਬੁਰਜ'ਚ ਪਹੁੰਚ ਗਏ ਹਨ। ਲੱਗਦਾ ਰਾਣਾ ਤਾਂ ਹੀ ਆਵਦੀ ਗੱਡੀ ਛੱਡ ਗਿਆ ਸੀ, ਕਿਉਂਕਿ ਉਹ ਕੋਈ ਹੋਰ ਚਾਲ ਚੱਲ ਰਿਹਾ ਸੀ। ਅਸੀਂ ਖੋਜਤਾਰਿਆਂ ਦੇ ਹਿਸਾਬ ਨਾਲ਼ ਉਸ ਬੁਰਜ ਦੀ ਦਸਵੀ ਮੰਜ਼ਿਲ ਤੇ ਪੁੱਜ ਗਏ,ਜਿੱਥੇਂ ਮੈਂ ਇੱਕ ਪਾਸਿਉਂ ਅੰਦਰ ਵੜ ਗਿਆ ਅਤੇ ਮਤਾਹਚੀ ਦੂਜੇ ਪਾਸਿਉਂ ਵੜ ਗਿਆ। ਇਸ ਤਰਾਂ ਕਰਕੇ ਅਸੀਂ ਇੱਕ ਲਾਂਘੇ'ਚ ਤਿੰਨਾਂ ਨੂੰ ਫਸਾ ਲਿਆ।ਕੋਈ ਕਰਮ ਹੀਨ, ਲੋਕ ਉਸ ਲਾਂਘੇ'ਚ ਤੁਰ ਫਿਰ ਰਹੇ ਸੀ, ਪਰ ਸਾਡੇ ਕੋਲ਼ ਕੋਈ ਹੋਰ ਰਾਹ ਵੀ ਨਹੀਂ ਸੀ, ਕਿਉਂਕਿ ਉਨ੍ਹਾਂ ਨੇ ਸਾਨੂੰ ਦੇਖ ਲਿਆ ਸੀ ਅਤੇ ਜੇ ਅਸੀਂ ਉਨ੍ਹਾਂ ਦਾ ਸਾਹਮਣਾ ਨਹੀਂ ਕਰਦੇ ਸੀ ਤਾਂ ਉਨ੍ਹਾਂ ਨੇ ਹੋਰ ਕਿਸੇ ਬੂਹੇ ਰਾਹੀਂ ਭੱਜ ਜਾਣਾ ਸੀ। ਇਸ ਲਈ ਅਸੀਂ ਫਿਰ ਛੱਤ ਵੱਲ ਗੋਲੀਆਂ ਛੱਡੀਆਂ ਅਤੇ ਉੱਚੀ ਦੇਣੀ ਲੋਕਾਂ ਨੂੰ ਕਿਹਾ ਇੱਕ ਪਾਸੇ ਹੋ ਜਾਉ। ਕੁੱਝ ਲੋਕ ਦਰਵਾਜ਼ੇ ਵੱਲ ਹੀ ਡਰਕੇ ਨੱਸ ਗਏ, ਕੁੱਝ ਲੋਕ ਫਰਸ਼ ਤੇ ਲੰਮੇ ਪੈ ਗਏ, ਪਰ ਜ਼ਿਆਦਾ ਲੋਕ ਚੀਕਾਂ ਮਾਰਦੇ ਮੇਰੇ ਵੱਲ ਦੌੜ੍ਹਕੇ ਆ ਰਹੇ ਸੀ, ਜਾਂ ਮਤਾਹਚੀ ਵੱਲ ਜਾ ਰਹੇ ਸੀ। ਇਸ ਹਫੜਾ ਦਫੜੀ'ਚ ਰਾਣਾ ਛੱਬੀ ਅਤੇ ਉਸਦੀਆਂ ਦੋਵੇਂ, ਪਤਨੀ ਤੇ ਬੇਟੀ ਨੇ ਇੱਕ ਦੁਆਰ ਖੋਲ੍ਹਣ ਦੀ ਕੋਸ਼ਿਸ਼ ਕੀਤੀ ਪਰ ਬਾਪ ਮੇਰੇ ਨਿਸ਼ਾਨੇ ਤੇ ਆ ਗਿਆ ਅਤੇ ਮਾਂ ਮਤਾਹਚੀ ਦੇ ਤੇ। ਅਸੀਂ ਦੋਨਾਂ ਨੇ ਬੰਦੂਕਾਂ ਚਲਾਈਆਂ। ਕਿਸਮਤ ਨਾਲ਼ ਮੇਰਾ ਨਿਸ਼ਾਨਾ ਕਾਮਯਾਬ ਨਹੀਂ ਹੋਇਆ ਪਰ ਮਤਾਹਚੀ ਨੇ ਸੁਰਜੀਤ ਮ੬੭.੫੮.੨੬ ਦਾ ਸਿਰ ਸਾਫ਼ ਕਰ ਦਿੱਤਾ ਸੀ, ਉਸਦੀ ਧੜ ਤੋਂ ਵੱਖਰਾ। ਇਹ ਸਭ ਦੇਖਕੇ ਕੁੜੀ ਬਹੁਤ ਜੋਰੱਜੋਰ ਦੀ ਚੀਕੀ ਪਰ ਦੋਰਨ, ਮਤਲਬ ਰਾਣਾ ਮ੬੭.੫੮.੨੬ ਨੇ ਕੁੜੀ ਨੂੰ ਖਿਚਕੇ ਦੁਆਰ'ਚ ਕਰ ਲਿਆ। ਬੰਦਾ ਚਲਾਕ ਅਤੇ ਕਰੂਰ ਨਿਕਲਿਆ, ਕਿਉਂਕਿ ਉਸਨੇ ਕਿਸੇ ਨੂੰ ਧੱਕਾ ਦੇਕੇ ਮੇਰੇ ਨਿਸ਼ਾਨੇ ਤੇ ਕਰ ਦਿੱਤਾ, ਖ਼ੁਦ ਉਸ ਪਿੱਛੇ ਹੋ ਗਿਆ; ਤੇ ਮੇਰੀ ਦੂਜੀ ਵਾਰ ਚਲਾਈ ਗੋਲੀ ਉਸ ਆਦਮੀ ਦੀ ਛਾਤੀ'ਚ ਜਾ ਵੱਜੀ। ਉਸਨੇ ਬੰਦੇ ਨੂੰ ਢਾਲ ਬਣਾਕੇ ਖ਼ੁਦ ਨੂੰ ਬਚਾ ਲਿਆ ਸੀ। ਹੁਣ ਮੈਂ ਤੇ ਮਤਾਹਚੀ ਉਸ ਗੋਲੀ ਲੱਗੇ ਬੰਦੇ ਨੂੰ ਪਾਸੇ ਸੁੱਟ, ਨੱਠੇ ਉਨ੍ਹਾਂ ਦੇ ਮਗਰ। ਅਸੀਂ ਦੁਆਰ ਲੰਘਕੇ ਦੇਖਿਆ ਕਿ ਕਮਰਾ ਖਾਲੀ ਸੀ। ਬੱਸ ਬਾਹਰਲੀ ਕੰਧ ਵੱਲੋਂ ਹਵਾ ਆ ਰਹੀ ਸੀ ਸਾਂਸਾਂ ਕਰਦੀ। ਜਦ ਅਸੀਂ ਉੱਥੇਂ ਪੁੱਜੇ ਤਾਂ ਦੇਖਿਆ ਕਿ ਬਾਰੀ ਖੁਲ੍ਹੀ ਅਤੇ ਪਰਦੇ ਹਵਾ'ਚ ਨੱਚ ਰਹੇ ਸਨ। ਬਾਰੀ ਨਾਲ਼ ਸਤ ਲੜਾਂ ਨੂੰ ਗੰਢ੍ਹਾਂ ਮਾਰ ਰੱਸਾ ਬਣਾਕੇ ਬੰਨ੍ਹਿਆ ਪਿਆ ਸੀ, ਜਿਹੜਾ ਬਾਹਰ ਹੇਠਾਂ ਵੱਲ ਜਿਵੇਂ ਕਿਸੇ ਨੇ ਖਿਚਿਆ ਹੋਵੇ, ਲਮਕ ਰਿਹਾ ਸੀ।

ਮੈਂ ਤੇ ਮਤਾਹਚੀ ਨੇ ਇੱਕ ਦੂਜੇ ਵੱਲ ਵੇਖਿਆ। ਮਤਾਹਚੀ ਨੇ ਆਵਦੀ ਕੱਤਾਨਾ ਕੱਢ ਕੇ ਰੱਸਾ ਕੱਟ ਦਿੱਤਾ। ਹੁਣ ਮੰਨ ਲਉ ਜੇ ਉਹ ਹਾਲੇ ਵੀ ਦੋਨੋਂ ਰੱਸੇ ਨਾਲ਼ ਚੰਬੜੇ ਹੋਏ ਸੀ, ਤਾਂ ਹੁਣ ਜ਼ਰੂਰ ਥੱਲੇ ਧਰਤੀ ਤੇ ਡਿੱਗ ਕੇ ਮਰ ਗਏ ਹੋਣਗੇ। ਜੇ ਕਿਤੇ ਹੁਣ ਤੱਕ ਉਹ ਹੇਠਾਂ ਸੜਕ ਦੇ ਕੀੜਿਆਂ ਵਿੱਚ ਉਤਰਕੇ ਗੁੰਮ ਹੋ ਗਏ ਹੋਏ ਤਾਂ ਬੜਾ ਔਖਾ ਹੋਣਾ ਲੱਭਣਾ। ਹਾਂ ਪਰ ਉਨ੍ਹਾਂ ਵੀ ਨ੍ਹੀ ਔਖਾ! ਕਿਉਂਕਿ ਸੜਕਾਂ ਦੇ ਪੱਧਰ ਤੇ ਸਾਡੀ ਆਮ ਪੁਲਸ ਹੈ। ਜੋ ਪੰਜਾਬ ਦੀ ਉਹ ਪੁਲਸ ਹੈ ਜੋ ਕਿਸੇ ਗੁੰਡੇ ਤੋਂ ਘੱਟ ਨਹੀਂ। ਅਸੀਂ ਉਸ ਪੁਲਸ ਦੀ ਮਦਦ ਨਾਲ਼ ਵੀ ਉਨ੍ਹਾਂ ਨੂੰ ਭਾਲ ਸਕਦੇ ਹਾਂ। ਅਸੀਂ ਦੋਨਾਂ ਨੇ ਛਾਲ ਮਾਰੀ ਬਾਰੀ'ਚੋਂ ਬਾਹਰ, ਕਿਉਂਕਿ ਸਾਨੂੰ ਪਤਾ ਸੀ ਕਿ ਸਾਡੇ ਬੂਟਾਂ ਨੇ ਜੈੱਟ ਨਾਲ਼ ਸਾਨੂੰ ਸਾਂਭ ਕੇ ਰੱਖ ਲੈਣਾ ਹੈ। ਇਸ ਤਰ੍ਹਾਂ ਅਸੀਂ ਸ਼ਹਿਰ ਦੀ ਸੜਕ ਤੇ ਆ ਖੜ੍ਹੇ ਹੋਏ। ਸਾਡੇ ਆਲ਼ੇ ਦੁਆਲ਼ੇ ਸੌਛੱਤੇ ਇੰਨੇ ਉੱਚੇ ਸੀ ਕਿ ਅੰਬਰ ਤਾਂ ਦਿਸਦਾ ਵੀ ਨਹੀਂ ਸੀ। ਇਹ ਤਾਂ ਸਮਝੋ ਇੱਕ ਗਟਰ ਲੈਵਲ ਹੀ ਸੀ। ਇਸ ਥਾਂ ਤੇ ਤਾਂ ਸਮਾਜ ਦੇ ਭੁੱਲੇ ਭੁੱਲਾਏ ਲੋਕ ਹੀ ਵਸਦੇ ਸੀ। ਨੀਚੀ ਜਾਤ ਵਾਲੇ, ਨੀਚੇ ਪੇਸ਼ੇ ਵਾਲੇ ਅਤੇ ਸ਼ਹਿਰ ਦੀਆਂ ਵੇਸਵਾਵਾ। ਜਿੱਥੇ ਅਸੀਂ ਆ ਖਲੋਏ ਸਾਂ, ਇਹ ਇੱਕ ਲਾਲ ਬੱਤੀ ਮੁੱਹਲਾ ਸੀ। ਇੱਥੇ ਜ਼ਰੂਰ ਸਾਡੇ ਵੱਡੇ ਮੰਤਰੀ ਵੀ ਆਉਂਦੇ ਨੇ, ਪੁਲਸ ਵੀ, ਪਰ ਜ਼ਿਆਦਾ ਤਾਂ ਟੁੱਟੇ ਲੋਕ ਹੀ ਸਨ, ਇਸ ਥਾਂ। ਬੁਰਜਾਂ ਦੇ ਉਪਰਲੇ ਹਿੱਸੇ ਚਮਕਦੇ ਨੇ, ਜੋ ਦੁਨੀਆਂ ਨੂੰ ਦੇਸ਼ ਦਾ ਚੰਗਾ ਪਾਸਾ ਪ੍ਰਤੀਤ ਕਰਾਂਉਂਦੇ ਨੇ। ਪਰ ਇਸ ਥਾਂ ਤਾਂ ਸ਼ਹਿਰ ਦਾ ਅੰਦਰਲਾ ਰੂਪ ਲੁਕਿਆ ਪਿਆ ਸੀ। ਜੋ ਵੀ ਗੰਦ, ਜੋ ਵੀ ਪਾਪ। ਜਿਸਦੀ ਆਮ ਸਮਾਜ'ਚ ਕੋਈ ਥਾਂ ਨਹੀਂ ਹੈ, ਪਰ ਇੱਥੇਂ ਜ਼ਰੂਰ ਥਾਂ ਸੀ, ਕਿਉਂਕਿ ਇਹ ਇੱਕ ਵੱਖਰਾ ਆਪਣਾ ਹੀ ਸਮਾਜ ਸੀ। ਜਿੱਥੇਂ ਕੋਈ ਚੋਰ, ਕੋਈ ਗਰੀਬ ਅਤੇ ਹਕੋਈ ਵੀ ਉੱਜੜੇ ਇਨਸਾਨ ਲਈ ਥਾਂ ਸੀ। ਇੱਥੇਂ ਤਾਂ ਉਹ ਪਿਉ ਧੀ ਸਾਫ਼ ਹੀ ਦਿਸ ਜਾਣੇ ਸੀ।

ਅਸੀਂ ਆਰਾਮ ਨਾਲ਼ ਜਨਤਾ'ਚ ਤੁਰ ਫਿਰ ਰਹੇ ਸੀ, ਇੱਧਰ ਉਧਰ ਝਾਕਦੇ, ਹੱਥਾਂ ਵਿੱਚ ਖੋਜਤਾਰੇ ਲਈ। ਅਸੀਂ ਇੱਕ ਆਮ ਪੰਜਾਬੀ ਵਰਦੀ ਵਿੱਚ ਪੁਲਸੀ ਵਾਲੇ ਦੀ ਅੱਖ ਫੜ੍ਹ ਲਈ। ਉਸ ਨੂੰ ਕੋਲ਼ ਬੁਲਾ ਕੇ ਕਿਹਾ ਸਾਡੀ ਮਦਦ ਕਰਨ। ਉਸਨੂੰ ਕੁੜੀ ਤੇ ਉਸਦੇ ਬਾਪ ਦੀ ਤਸਵੀਰ ਦਿਖਾਈ। ਉਸਨੇ ਆਵਦੇ ਨੰਬਰੀਆਂ ਨੂੰ ਰੇਡਿਓ ਰਾਹੀਂ ਬੁਲਾਇਆ ਸਾਡੀ

ਮਦਦ ਕਰਨ ਲਈ। ਸੋ ਇੰਝ ਅਸੀਂ ਤੁਰਦੇ ਫਿਰਦੇ ਰਹੇ, ਇੰਚ'ਇੰਚ ਸੜਕ ਨੂੰ ਧਿਆਨ ਨਾਲ਼ ਦੇਖਦੇ ਤੇ ਹਰ ਚਿਹਰੇ ਵੱਲ ਪਾਰਖੂ ਨਜ਼ਰ ਮਾਰਦੇ।

ਸ਼ਾਡੇ ਇਸ ਤਰਾਂ ਚਲਦੇ ਫਿਰਦਿਆਂ ਹੀ ਮੇਰੇ ਖੋਜਤਾਰੇ ਨੇ ਸੰਕੇਤ ਦਿੱਤਾ ਕਿ ਉਹ ਇੱਥੇਂ ਹੀ ਕਿਤੇ ਨੇੜੇ ਤੇੜੇ ਹੈ।ਰਾਣੇ ਅਤੇ ਉਸਦੀ ਧੀ ਨੇ ਆਪਣੇ ਕਪੜੇ ਬਦਲ ਲਏ ਸਨ, ਸਾਨੂੰ ਭੁੱਲੇਖਾ'ਚ ਪਾਉਣ ਲਈ। ਪਰ ਹੁਣ ਉਨ੍ਹਾਂ ਨੂੰ ਵੀ ਪਤਾ ਲੱਗ ਗਿਆ ਸੀ, ਕਿ ਅਸੀਂ ਘੇਰਾ ਪਾ ਲਿਆ ਹੈ, ਕਿਉਂਕਿ ਪੰਜਾਬ ਦੀ ਆਮ ਬੇਵਕੂਫ ਪੁਲਸ ਨੇ ਉੱਚੀ ਦੇਣੀ ਚੀਕਾਂ ਮਾਰ ਕੇ ਉਨ੍ਹਾਂ ਨੂੰ ਰੁਕਣ ਲਈ ਕਿਹਾ। ਰਾਣਾ ਇੱਕ ਦਮ ਘੁੰਮਿਆ ਰੁਕ ਕੇ ਹੱਥ'ਚ ਪਿਸਤੌਲ ਫੜੀ, ਜਿਸਦੀ ਨਾਲ਼ੀ ਮੇਰੇ ਵੱਲ ਕੀਤੀ ਹੋਈ ਸੀ।ਉਸਨੇ ਨਾਲ ਦੀ ਨਾਲ਼ ਕੁੜੀ ਨੂੰ ਜੋਰ ਦੇਣੀ ਧੱਕਾ ਦੇਕੇ ਲੋਕਾਂ ਦੇ ਹਰਲ ਹਰਲ ਕਰਦੇ ਹਜੂਮ'ਚ ਵਾੜ ਦਿੱਤਾ। ਰਾਣੇ ਨੇ ਕੁੜੀ ਨੂੰ ਉੱਚੀ ਦੇਣੀ ਚੀਕ ਕਿ ਕਿਹਾ, ਕਿ ਜੋ ਮਰਜ਼ੀ ਹੋ ਜਾਵੇ, ਤੂੰ ਦੌੜ੍ਹਕੇ ਨਿਕਲ ਇੱਥੋਂ! ਪਰ ਰਾਣੇ ਦੀ ਕਿਸਮਤ ਚੰਗੀ ਨਹੀਂ ਸੀ, ਕਿਉਂਕਿ ਗੋਲੀ ਨੇ ਮੇਰੇ ਬਕਤਰ ਨੂੰ ਧਸੋੜਿਆ ਨਹੀਂ। ਹੁਣ ਮੈਂ ਉਸ ਵੱਲ ਦੋਂ ਗੋਲੀਆਂ ਛੱਡੀਆਂ ਅਤੇ ਮੇਰੇ ਪਿੱਛੇ ਹੀ ਮਤਾਹਚੀ ਤੇ ਹੌਲਦਾਰਾਂ ਨੇ ਵੀ ਛੱਡੀਆਂ।ਰਾਣਾ ਗੋਡੇ ਭਾਰ ਡਿੱਗ ਪਿਆ ਸੀ। ਮੈਂ ਉਸ ਨੂੰ ਉੱਥੇਂ ਛੱਡ ਕੇ ਕੁੜੀ ਮਗਰ ਦੌੜ੍ਹਿਆ, ਜਾਂਦਾ ਜਾਂਦਾ ਘੁੰਮਕੇ ਫਿਰ ਮੈਂ ਉਸ ਦੇ ਸਿਰ'ਚ ਗੋਲ਼ੀ ਮਾਰ ਗਿਆ...ਨਾਲ਼ ਦੀ ਨਾਲ਼ ਦੂਜੇ ਪਾਸਿਓ ਮਤਾਹਚੀ ਦੀ ਗੋਲੀ ਨੇ ਵੀ ਉਸਦੀ ਛਾਤੀ ਭਾਲ ਲਈ...ਜਿਵੇਂ ਤਰਬੂਜ ਫਟਦਾ , ਉਸੇ ਤਰ੍ਹਾਂ ਰਾਣੇ ਦਾ ਜਿਸਮ ਇੱਧਰ ਉੱਧਰ ਖਿੱਚਰ ਗਿਆ, ਲਾਲ'ਲਾਲ ਮਾਸ ਦੇ ਟੋਟੇ ਉੱਡੇ, ਜਿਵੇ ਕੋਈ ਲਾਲ ਤਰਬੂਜ ਭੰਨਿਆ ਹੋਵੇ।

ਹੁਣ ਮੈਂ ਪਿੱਛੇ ਨਹੀਂ ਦੇਖਿਆ। ਬੱਸ ਕੁੜੀ ਮਗਰ ਨੱਠਦਾ ਗਿਆ। ਮੇਰੇ ਪਿੱਛੇ ਰਾਣੇ ਦੀ ਮੌਤ ਦਾ ਸਮਾਚਾਰ ਮਤਾਹਚੀ ਨੇ ਦਿੱਤਾ ਦੌੜ੍ਹੇ ਆਉਂਦੇ ਨੇ। ਜ਼ਰੂਰ ਇਸੇ ਕਰਕੇ ਉਹ ਵੀ ਇੱਜੜ'ਚ ਵੜ ਗਿਆ ਸੀ, ਕਿ ਕੁੜੀ ਦਾ ਸ਼ਿਕਾਰ ਕੀਤਾ ਜਾਵੇ। ਹੁਣ ਦੇਖਦੇ ਹਾਂ ਸਾਡੇ ਵਿੱਚੋਂ ਪਹਿਲਾ ਕੌਣ ਉਸ ਨੂੰ ਖਤਮ ਕਰਦਾ!

# ਸ਼ਿਕਾਰ

## ੨੨੯੯



-	ਮਿਰਾਮੋਤੋ!- ਕੋਈ ਸਮਝ ਨਹੀਂ ਆਉਂਦੀ ਸੀ ਕਿ ਕੀ ਮਤਲਬ ਹੈ, ਇਸ ਨਾਂ ਦਾ। ਕਿਸ ਦਾ ਹੋਇਆ ਇਹ ਨਾਂ ਤੇ ਕਿਉਂ ਮੇਰੇ ਮਨ ਵਿੱਚ ਆਉਂਦਾ ਸੀ! ਇਹ ਕਿਸ ਆਦਮੀ ਦੀ ਤਸਵੀਰ ਹੋਈ, ਜੋ ਮੈਨੂੰ ਪੰਜਾਂ ਦਿਨਾਂ ਤੋਂ ਰੋਜ਼ ਸੁਪਨੇ'ਚ ਤੜਫਾਉਂਦੀ ਸੀ। ਕੌਣ ਹੋ ਸਕਦਾ ਇਹ ਆਦਮੀ ਜਿਸਨੇ ਮੇਰੇ ਸੁਪਨੇ ਭਰੇ ਸੀ। ਮੈਨੂੰ ਤਾਂ ਇੱਕ ਕਿਸਮ ਦਾ ਰਾਂਝਾ ਹੀ ਜਾਪਦਾ ਸੀ ਇਹ ਆਦਮੀ। ਪਰ ਹੁਣ ਮੇਰੇ ਲਈ ਸਪਨਿਆਂ'ਚ ਲਿਵਲੀਨ ਹੋਣ ਦਾ ਵਕਤ ਨਹੀਂ ਸੀ। ਕਿਉਂਕਿ ਉਸ ਰਾਤ ਜਦ ਬਾਪੂ ਜੀ ਨੇ ਕਲਚਿਲਮਨ ਸਾਹਮਣੇ ਬਾਗ਼ੀ ਗੱਲਾਂ ਕੀਤੀਆਂ ਸਨ ਤਾਂ, ਅਤੇ ਕਲਚਿਲਮਨ ਲਾਲ ਬੱਤੀਆਂ ਨਾਲ਼ ਦਗ ਦਗ ਕਰ ਉਠਿਆ ਸੀ, ਤਾਂ ਸਾਨੂੰ ਡਰ ਹੋ ਗਿਆ ਸੀ ਕਿ ਬਾਪੂ ਜੀ ਨੇ ਆਪਣੇ ਦਿਲ ਦੀਆਂ ਗੱਲਾਂ ਕਰਕੇ ਸਰਕਾਰ ਨੂੰ ਖਿੱਝਾ ਦਿੱਤਾ ਹੈ। ਮਾਂ ਤਾਂ ਉਸ ਰਾਤ ਤੋਂ ਹੀ ਪਰੇਸ਼ਾਨ ਰਹਿਣ ਲੱਗੀ ਸੀ। ਸਾਨੂੰ ਬਾਪੂ ਜੀ ਨੂੰ ਵੀ ਔਖਾ ਸੀ ਇੱਕ ਪਾਸੇ ਕਰਕੇ ਪੁੱਛਣ ਕਿ ਇੰਝ ਕਿਉਂ ਕਿਹਾ ਤੁਸੀਂ। ਹਾਂ ਸਗੋਂ ਉਸ ਰਾਤ ਤੋਂ ਪਹਿਲਾਂ ਜ਼ਰੂਰ ਸੌਖਾ ਹੋਣਾ ਸੀ ਮੇਰੇ ਤੇ ਬਾਪੂ ਜੀ ਲਈ, ਕਲਚਿਲਮਨ ਤੋਂ ਓਹਲੇ ਓਹਲੇ ਗੱਲਾਂ ਕਰਨਾ। ਪਰ ਹੁਣ ਤਾਂ ਸਾਰੇ ਘਰ'ਚ ਭਾਵੇਂ ਕਿੰਨ੍ਹਾਂ ਵੀ ਕੋਈ ਲੁਕਵਾਂ ਕਨੋ ਸੀ, ਕਲਚਿਲਮਨ ਸਾਡੇ ਮਗਰ ਹੀ ਜਾਂਦਾ ਸੀ। ਜਦ ਮੈਂ ਸਵੇਰੇੱਸਵੇਰੇ ਜਾਗਦੀ ਵੀ ਤਾਂ, ਸਾਹਮਣੇ ਹੀ ਖੜ੍ਹ ਹੁੰਦਾ ਸੀ ਕਲਚਿਲਮਨ। ਮਾਂ ਬਾਪ ਦੀ ਤਾਂ ਲੜਾਈ ਵੀ ਹੋ ਗਈ ਸੀ। ਇਸ ਗੱਲ ਉੱਤੇ, ਮਾਂ, ਬਾਪੂ ਜੀ ਨੂੰ ਕਹਿੰਦੀ ਸੀ ਕੇ ਕੀ ਲੋੜ ਸੀ ਉਸ ਰਾਤ ਇਹ ਸਭ ਕੁੱਝ ਕਹਿਣ ਦੀ ਤੁਹਾਨੂੰ, ਮੇਰੇ ਵੀ ਮਨ'ਚ ਇਹ ਸਭ ਕੁੱਝ ਰਹਿ ਰਹਿ ਕੇ ਸਿਰ ਨੂੰ ਭਾਰਾ ਕਰਦਾ ਸੀ।

-	ਸੱਚ ਤੋ ਯੇਹੀ ਹੈ ਕਿ ਹਮਾਰੇ ਵੇਦੋਂ ਕੇ ਹਿਸਾਬ ਸੇ, ਸਭਸੇ ਪਹਿਲੇ ਤਕਨਾਲੋਜੀ ਭਾਰਤ ਮੇਂ ਹੀ ਪੈਦਾ ਹੂਈ ਥੀ-। ਪਰ ਸਾਫ਼ ਪਤਾ ਲੱਗਦਾ ਸੀ ਕਿ ਬਾਪੂ ਜੀ ਇਸਦੇ ਉਲਟ ਬੋਲਦੇ ਸੀ। ਕੁੱਝ ਦਿਨਾਂ ਬਾਅਦ ਮੈਨੂੰ ਮੌਕਾ ਮਿਲ ਗਿਆ ਉਨ੍ਹਾਂ ਨਾਲ਼ ਪਾਸੇ ਗੱਲਾਂ ਕਰਨ ਦਾ। ਮਾਂ ਤੋਂ ਪਰ੍ਹਾਂ ਅਤੇ ਘਰ'ਚੋਂ ਬਾਹਰ। ਬਾਪੂ ਜੀ ਮੈਨੂੰ ਬਹਾਨੇ ਨਾਲ਼ ਲਿਫਟ ਰਾਹੀਂ ਬੁਰਜ ਦੀ ਹੇਠਲੀ ਮੰਜ਼ਿਲ ਤੇ ਲੈ ਗਿਆ ਸੀ, ਇੱਕ ਬੁਰਜ ਦੇ ਕੂੜੇਖਾਨੇ'ਚ ਗੱਲਾਂ ਕਰਨ ਲਈ। ਡਰ ਤਾਂ ਇੱਥੇਂ ਵੀ ਸੀ ਕਿ ਕਲਚਿਲਮਨ ਭਾਲੂਗਾ ਸਾਨੂੰ, ਜਾਂ ਕੋਈ ਲੁਕਿਆ ਹੋਇਆ ਕੈਮਰਾ ਹੀ ਹੋਵੇਗਾ, ਜਾਂ ਆਮ ਕੋਈ ਪੁਲਸੀਆ ਤੁਰਦਾ ਫਿਰਦਾ ਹੋਵੇਗਾ। ਪਰ ਬਾਪੂ ਜੀ ਮੈਨੂੰ ਉਸ ਵੇਲੇ ਲੈ ਕੇ ਗਿਆ ਸੀ, ਜਦ ਕੂੜਾਦਾਨ ਬਦਲਦੇ ਸੀ ਅਤੇ ਬਹੁਤ ਅੜਾਟ ਪੈ ਰਿਹਾ ਸੀ। ਸਾਡੇ ਭਾਰੇ ਕੋਟ ਪਾਏ ਸਨ ਅਤੇ ਬੁਕਲਾਂ ਮਾਰੀਆਂ ਸਨ।

-	ਪੁੱਤ- ਇਹ ਪੰਜਾਬੀ ਦਾ ਲਫ਼ਜ਼ ਮੇਰੇ ਲਈ ਹਾਲੇ ਵੀ ਅਣੋਖਾ ਜਿਹਾ ਸੀ, ਕਿਉਂਕਿ ਨਹੀਂ ਤਾਂ ਇੱਥੇਂ ਆਮ ਮਾਂ ਪਿਉ ਕੁੜੀਆਂ ਨੂੰ ਬਿਟੀਆਂ ਹੀ ਆਖਦੇ ਸਨ। - ਪੱਤ ਮੈਂ ਤੈਨੂੰ ਪੰਜਾਬੀ ਸਿਖਾਉਣੀ ਹੈ। ਤੇ ਹੌਲੀ ਹੌਲੀ ਤੂੰ ਸਾਡੀ ਅਸਲੀ ਮਾਂ ਬੋਲੀ ਸਿੱਖ ਲਵੇਂਗੀ-

-	ਕਿਹਾ?- ਮੈਂ ਹੈਰਾਨ ਸੀ ਤੇ ਸ਼ਹਿਦ ਉਸ ਨੂੰ ਲੱਗਾ ਕਿ ਮੇਰੇ ਪੱਲੇ ਕੁੱਝ ਨਹੀਂ ਪਿਆ ਹੋਣਾ-।

-	ਬਿਟੀਆ-, ਉਹ ਅੱਗੇ ਬੋਲੇ, - ਤੁਮ ਕੋ ਹਮਾਰੀ ਅਸਲੀ ਭਾਸ਼ਾ ਪੰਜਾਬੀ ਮੈਂ ਸਿਖਾਦਿਊਂਗਾ-।

ਮੈਂ ਹਾਂ'ਚ ਆਪਣਾ ਸਿਰ ਉਪਰ ਥੱਲੇ ਕੀਤਾ। ਉਸ ਕੋਲ਼ ਬਹੁਤਾ ਟਾਈਮ ਨਹੀਂ ਸੀ, ਸੋ ਉਸ ਨੇ ਮੈਨੂੰ ਇੱਕ ਜ਼ਰੂਰੀ ਰਾਜ਼ ਦੱਸ ਦਿੱਤਾ ਸੀ; ਕਿ ਇਸ ਸ਼ਹਿਰ'ਚ ਇੱਕ ਥਾਂ ਹੈ ਜਿਸ ਵਿੱਚ ਇੱਕ ਬਾਗ਼ੀਆਂ ਦਾ ਟੋਲਾ ਹਰ ਰੋਜ਼ ਆਪਸ ਵਿੱਚ ਮਿਲਦਾ ਹੈ। ਇੱਕ ਦੂਜੇ ਦੀ ਮਦਦ ਕਰਦ ਲਈ। ਇਸ ਥਾਂ ਅਸੀਂ ਜਾ ਸਕਦੇ ਹਾਂ, ਜੇ ਕਦੀ ਵੀ ਕੋਈ ਮੁਸੀਬਤ ਆਉਂਦੀ ਹੈ, ਬਾਪੂ ਜੀ ਨੇ ਮੈਨੂੰ ਕਿਹਾ ਕਿ ਜੇ ਕਦੀ ਤੁਸੀਂ ਮਾਂਵਾਂ ਧੀਆਂ ਮੈਥੋਂ ਵੱਖ ਵੀ ਹੋ ਜਾਉਂ ਤਾਂ। ਜਦ ਮਰਜ਼ੀ ਤੁਸੀਂ ਉਹ ਦਰਵਾਜ਼ਾ ਖੜਕਾ ਦੇਣਾ, ਪਰ ਅੰਦਰ ਲੰਘਣ ਲਈ ਇੱਕ ਰਾਜ਼ੀ ਸ਼ਬਦ ਕਹਿਣਾ ਪੈਣਾ ਹੈ ਉੱਥੇ। ਉਹ ਸ਼ਬਦ ਹੈ, ਗਦਰ। ਫਿਰ ਤੁਸੀਂ ਇੱਕ ਬੰਦੇ ਬਾਰੇ ਪੁੱਛਣਾ ਹੈ, ਜਿਸਦਾ ਦਾ ਨਾਂ ਬਿੱਟੂ ਹੋਵੇਗਾ। ਬੱਸ ਇਸ ਤੋਂ ਬਿਨ੍ਹਾਂ ਬਾਪੂ ਜੀ ਨੇ ਮੈਨੂੰ ਕੁੱਝ ਨਹੀਂ ਦੱਸਿਆ। ਫਿਰ ਉਸ ਦਿਨ ਤੋਂ ਬਾਅਦ ਹਰ ਰੋਜ਼ ਪੰਜਾਬੀ'ਚ ਹੀ ਗੱਲ ਕਰਦੇ ਸੀ ਮੇਰੇ ਨਾਲ਼। ਮੈਨੂੰ ਬਾਪੂ ਜੀ ਨੇ ਦੱਸਿਆ ਕਿ ਉਸ ਬਿੱਟੂ ਨੇ ਉਨ੍ਹਾਂ ਨੂੰ ਪੰਜਾਬੀ ਸਿਖਾਈ ਹੈ। ਉਸ ਦਿਨ ਤੋਂ ਮਗਰੋਂ ਅਸੀਂ ਕਹੀ ਵਾਰੀ ਕੂੜੇਖਾਨ'ਚੇ ਆਏ। ਕਹੀ ਵਾਰੀ ਅਸੀਂ ਬੁਜਰ ਦੀ ਛੱਤ ਤੇ ਵੀ ਲੁਕ ਕੇ ਗੱਲਾਂ ਬਾਤਾਂ ਕੀਤੀਆਂ।

ਇਸ ਤਰ੍ਹਾਂ ਮੈਨੂੰ ਹੌਲੀ ਹੌਲੀ ਪਤਾ ਲੱਗ ਗਿਆ ਸੀ ਕਿ ਬਾਪੂ ਜੀ ਦੇ ਕੀ ਖਿਆਲ ਹਨ ਅਸਲੀ ਅਤੇ ਸਾਡਾ ਆਪਣਾ ਅਤੀਤ ਕੀ ਹੈ। ਮੈਂ ਥੋੜ੍ਹੀ ਬਹੁਤੀ ਪੰਜਾਬੀ ਬੋਲਣਾ ਸਿੱਖ ਲਈ ਸੀ: ਤੇ ਏਨਾ ਵੀ ਪਤਾ ਲੱਗ ਗਿਆ ਸੀ ਕਿ ਸਾਡਾ ਗੋਤ ਖੋਸਾ

ਹੁੰਦਾ ਸੀ ਅਤੇ ਅਸੀਂ ਸਿੱਖੀ ਧਰਮ ਦੀ ਸਤਸੰਗ'ਚੋਂ ਸਾਂ। ਸਭ ਤੋਂ ਜ਼ਰੂਰੀ ਗੱਲ ਤਾਂ ਇਹ ਪਤਾ ਲੱਗੀ ਸੀ ਕਿ ਬਹੁਤੇ ਲੋਕ ਅੰਦਰੋਂ ਅੰਦਰੀਂ ਤੇ ਲੁਕ ਛਿਪ ਕੇ ਸਰਕਾਰ ਦੇ ਖਿਲਾਫ਼ ਹੀ ਸੋਚਦੇ ਸਨ ਅਤੇ ਸਮਾਜ ਨੂੰ ਬਦਲਣਾ ਚਾਹੁੰਦੇ ਸਨ। ਕੁੱਝ ਸੂਝਵਾਨ ਲੋਕਾਂ ਨੇ ਅੰਤਰਾਸਟਰੀ ਪੱਧਰ ਤੇ ਪੱਛਮੀ ਮੁਲਕਾਂ ਨਾਲ਼ ਗੱਲਬਾਤ ਤੋਰੀ ਸੀ ਇਸ ਮਸਲੇ ਬਾਰੇ। ਕੁੱਝ ਹੋਰ ਲੋਕ ਬੱਸ ਰਾਹ ਹੀ ਭਾਲਦੇ ਸਨ, ਕਿ ਕਿਵੇਂ ਸਮੁਰਾਈਆਂ ਤੇ ਕਲਚਿਲਮਨਾਂ ਤੇ ਵਾਰ ਕਰੀਏ। ਸ਼ਹਿਰ ਦੇ ਗੱਤਰਾਂ'ਚ ਲਹਿਰ ਚਲ ਰਹੀ ਸੀ ਇੰਕਲਾਬ ਦੀ। ਬਾਪੂ ਜੀ ਵੀ ਆਵਦੇ ਦਫਤਰ ਤੋਂ ਕੁੱਝ ਫਾਈਲਾਂ ਕਾਪੀ ਕਰ ਰਿਹਾ ਸੀ, ਜਿਸ ਨਾਲ਼ ਇੱਕ ਹਮਲਾ ਕਰਨ ਦਾ ਫੈਸਲਾ ਕੀਤਾ ਸੀ ਸਰਕਾਰ ਤੇ, ਬਿੱਟੂ ਨੇ। ਹੁਣ ਬਾਪੂ ਜੀ ਨੂੰ ਵੀ ਕੁੱਝ ਕੁੱਝ ਸ਼ੱਕ ਹੋ ਰਿਹਾ ਸੀ ਕਿ ਸਰਕਾਰ ਦੇ ਜਸੂਸ ਤੇ ਸਮੁਰਾਈ ਉਸ ਤੇ ਅੱਖ ਰੱਖਦੇ ਹਨ। ਇਸ ਕਰਕੇ ਬਾਪੂ ਜੀ ਨੇ ਪਹਿਲਾਂ ਹੀ ਬੰਦੋਬਾਸਤ ਕਰ ਲਿਆ ਸੀ, ਬਿੱਟੂ ਨਾਲ਼ ਕਿ ਜੇ ਕਦੀ ਸਮੁਰਾਈਆਂ ਨੇ ਉਸਨੂੰ ਮਾਰਨ ਦੀ ਕੋਸ਼ਿਸ਼ ਕੀਤੀ, ਤਾਂ ਉਹ ਸਾਡੀ ਮਦਦ ਕਰੇ ਰਣਜੀਤਪੁਰ'ਚੋਂ ਨਿਕਲਣ ਲਈ।

ਇੱਕ ਮਹੀਨਾ ਬੀਤ ਗਿਆ ਸੀ। ਬਾਪੂ ਜੀ ਮੈਨੂੰ ਦੱਸਣ ਲੱਗ ਪਏ ਕਿ ਉਨ੍ਹਾਂ ਨੂੰ ਹੁਣ ਪੂਰਾ ਯਕੀਨ ਸੀ ਕਿ ਦਫਤਰ'ਚ ਕਿਸੇ ਨੂੰ ਸ਼ੱਕ ਪੈ ਗਿਆ ਹੈ। ਤੇ ਉਸ ਦਿਨ ਬਾਪੂ ਜੀ ਜਦ ਕੰਮ ਤੋਂ ਘਰ ਵਾਪਸ ਪਰਤੇ, ਤਾਂ ਉਨ੍ਹਾਂ ਆਉਦਿਆਂ ਹੀ ਘਰ ਦੀ ਬਿਜਲੀ ਬੰਦ ਕਰ, ਮੈਨੂੰ ਤੇ ਮਾਂ ਨੂੰ ਖਿੱਚਕੇ ਰਸੋਈ'ਚ ਲੈ ਗਏ। ਮਾਂ ਡਰ ਗਈ ਸੀ, ਪਰ ਮੈਂ ਸਮਝ ਗਈ ਸੀ। ਮੈਂ ਸਮਝ ਗਈ ਕਿ ਬਿਜਲੀ ਬੰਦ ਕਰਕੇ ਥੋੜ੍ਹੇ ਚਿਰ ਲਈ ਕਲਚਿਲਮਨ ਆਦਿ ਕੰਮ ਨਹੀਂ ਕਰਦੇ। ਜਦ ਹੁਣ ਊਰਜਾ ਵਾਪਸ ਸ਼ੁਰੂ ਹੋਵੇਗੀ ਤਾਂ ਸਰਕਾਰ ਨੂੰ ਪੂਰਾ ਪਤਾ ਲੱਗ ਚੁੱਕਿਆ ਹੋਵੇਗਾ। ਇਸ ਲਈ ਹੁਣ ਤਾਂ ਬੱਸ ਕੁੱਝ ਮਿੰਟਾਂ ਦਾ ਹੀ ਅਵਸਰ ਮਿਲਣਾ ਸੀ ਜਿਸ ਵਿੱਚ ਬਾਪੂ ਜੀ ਸਾਡੇ ਨਾਲ਼ ਗੱਲ ਬਾਤ ਕਰ ਸਕਦੇ ਸਨ। ਮਾਂ ਤਾਂ ਘਬਰਾਈ ਹੋਈ ਤੇ ਪਰੇਸ਼ਾਨ ਸੀ।

- ਕਿਆ ਹੋ ਰਿਹਾ!- ਮਾਂ ਨੇ ਪੁੱਛਿਆ ਬਾਪੂ ਜੀ ਨੂੰ।

- ਸੁਣ! ਵਕਤ ਕੰਮ ਹੈ! ਸੁਣ ਨ੍ਹੀਂ ਤਾਂ ਵੇਲਾ ਖੁੰਝ ਜਾਣਾ! ਕਿਉਂਕਿ ਅਬ ਸਮੁਰਾਈ ਮੇਰੇ ਮਗਰ ਨੇ! ਦਫਤਰ ਸੇ ਹੀ ਪੀਛਾ ਕਰਨਾ ਸ਼ੁਰੂ ਕੀਯਾ ਹੈ ਉਨ੍ਹੋਂ ਨੇ। ਸਰਕਾਰ ਨੇ ਹਮ ਕੋ ਮਾਰਨੇ ਕਾ ਫੈਸਲਾ ਕੀਯਾ ਹੈ!-

- ਕਿਉਂ! - ਮਾਂ ਨੇ ਡਰਦੀ ਨੇ ਕਿਹਾ, ਤੇ ਫਿਰ ਖਿੱਝਕੇ ਬੋਲਣਾ ਸ਼ੁਰੂ ਕੀਤਾ, - ਤੁਮ ਨੇ ਉਸ ਦਿਨ ਵੋ ਜੋ ਬਾਤਾਂ ਕੀਯਾਂ ਸਭ ਉਸਕੀ ਵਜ੍ਹਾ ਸੇ ਹੀ ਹੈ!- ਪਰ ਬਾਪੂ ਜੀ ਨੇ ਉਸਨੂੰ ਅੱਗੇ ਬੋਲਣ ਨਹੀਂ ਦਿੱਤਾ।

- ਖਾਮੋਸ਼! ਹਮਾਰੇ ਮਗਰ ਹੈ ਵੋ! ਅਬ ਏਕ ਪਲ ਹੁਮ ਯਹਾਂ ਨਹੀਂ ਠਹਿਰ ਸਕਤੇ, ਉਨ੍ਹੋਂ ਨੇ ਅੰਦਰ ਆ ਕਰ ਸਭ ਕੋ ਮਾਰ ਡਾਲਣਾ!- ਫਿਰ ਮੇਰੇ ਵੱਲ ਦੇਖਦੇ ਨੇ ਪੰਜਾਬੀ ਵਿੱਚ ਕਿਹਾ, - ਪੁੱਤ ਸਭ ਕੁੱਝ ਛੱਡਣਾ ਪੈਣਾ! ਉਹ ਵੇਲਾ ਆ ਗਿਆ! ਮੇਰੀ ਗੱਡੀ ਬਾਹਰ ਖੜ੍ਹੀ ਹੈ। ਪਰ ਆਪਾਂ ਤਾਂ ਹੋਰ ਰਾਹ ਜਾਣਾ!-। ਇੰਝ ਕਹਿਕੇ ਬਾਪੂ ਜੀ ਛੇਤੀ ਛੇਤੀ ਮਾਂ ਦੀ ਕਲਾਈ ਖਿੱਚਕੇ ਬਾਹਰ ਚਲੇ ਗਏ। ਮੈਂ ਉਨ੍ਹਾਂ ਦੇ ਮਗਰ ਨੱਠੀ ਪਈ। ਘਰ ਦੀ ਊਰਜਾ ਵਾਪਸ ਆ ਗਈ। ਅਸੀਂ ਦਵਾ ਦਵ ਬਾਹਰ ਦੌੜ੍ਹੇ। ਬਾਪੂ ਜੀ ਨੇ ਆਵਦੀ ਗੱਡੀ ਉਣਤਾਲੀਵੇ ਮੰਜ਼ਿਲ ਤੇ ਪਾਰਕ ਕੀਤੀ ਸੀ, ਪਰ ਉਹ ਤਾਂ ਸਮੁਰਾਈਆਂ ਨੂੰ ਭੁਲੇਖਾ ਪਾਉਣ ਲਈ ਕੀਤਾ ਸੀ। ਅਸੀਂ ਤਾਂ ਨਾਲ਼ਦੇ ਬੁਰਜ'ਚ ਵੜ ਗਏ ਸਾਂ ਤੇ ਫਿਰ ਲਿਫਟ ਰਾਹੀਂ ਦੱਸਵੀ ਮੰਜ਼ਿਲ ਤੇ ਪਹੁੰਚ ਗਏ। ਉਸ ਬੁਰਜ ਦਾ ਇੱਕ ਅਪਾਰਟਮੈਂਟ ਖਾਲੀ ਸੀ, ਜਿਸਦੀ ਬਾਰੀ'ਚ ਰੱਸਾ ਬੰਨ੍ਹਿਆ ਸੀ ਸਾਡੇ ਲਈ ( ਦਫਤਰ ਤੋਂ ਘਰ ਆਉਂਦੇ ਆਉਂਦੇ ਹੀ ਬਾਪੂ ਜੀ ਨੇ ਬਿੱਟੂ ਹੁਨਾਂ ਨੂੰ ਦੱਸ ਦਿੱਤਾ ਸੀ ਕਿ ਸਮੁਰਾਈ ਪੀਛਾ ਕਰ ਰਹੇ ਨੇ)। ਪਰ ਸਾਡੀ ਕਿਸਮਤ ਇੰਨੀ ਚੰਗੀ ਨਹੀਂ ਸੀ। ਮਾਂ ਡਰਦੀ ਡਰਦੀ ਘਰ ਵਾਪਸ ਜਾ ਕੇ ਸਭ ਕੁੱਝ ਪੁਲਸ ਨੂੰ ਸਮਝਾਉਣਾ ਚਾਹੁੰਦੀ ਸੀ। ਪਰ ਬਾਪੂ ਜੀ ਜਨਤਾ'ਚ ਹੀ ਲੁਕ ਲੁਕ ਕੇ ਨਿਕਲਣਾ ਚਾਹੁੰਦਾ ਸੀ। ਮੈਨੂੰ ਤੇ ਬਾਪੂ ਜੀ ਨੂੰ ਤਾਂ ਹੁਣ ਪੂਰਾ ਪਤਾ ਸੀ ਕਿ ਅਸੀਂ ਤਾਂ ਸਰਕਾਰ ਦੇ ਸ਼ਿਕਾਰ ਹਾਂ। ਉਸ ਲਾਂਘੇ'ਚ ਹੀ ਤੁਰਦੇ ਫਸ ਗਏ ਹਾਂ। ਜਿੱਥੇਂ ਦੋਨੋਂ ਪਾਸੇ ਇੱਕ ਸਮੁਰਾਈ ਖਲੋਤੇ ਹੈ, ਤੇ ਇੱਕ ਸਾਡੇ ਵੱਲ ਪਸਤੌਲ ਤਾਣ ਕੇ ਖੜ੍ਹਾ ਹੈ!

ਕਈ ਗੋਲੀਆਂ ਚੱਲੀਆਂ! ਲੋਕ ਡਰਦ ਇੱਕ ਦਮ ਭੰਜੇ ਲੰਮੇ ਪੈ ਗਏ, ਤੇ ਉਹ ਲੋਕਾਂ ਨੂੰ ਚਿੱਲਾ ਚਿੱਲਾ ਕੇ ਕਹਿ ਰਹੇ ਸੀ - ਪਾਸੇ ਹੋ ਜਓ,ਪਾਸੇ!-। ਕਈ ਲੋਕ ਘਬਰਾ ਕਿ ਇਧਰ ਉਧਰ ਦੌੜ੍ਹੇ। ਪਰ ਬਾਪੂ ਜੀ ਦੇ ਤੇਜ ਦਿਮਾਗ਼ ਨੇ ਕੰਮ ਕੀਤਾ ਅਤੇ ਇੱਕ ਦਰਵਾਜ਼ਾ ਖੋਲ੍ਹ ਲਿਆ। ਜਿਹੜਾ ਉਸ ਹੀ ਅਪਾਰਟਮੈਂਟ ਦਾ ਸੀ, ਜਿੱਥੇਂ ਸਾਡੇ ਲਈ ਰੱਸਾ ਬੰਨ੍ਹਿਆ ਸੀ, ਥੱਲੇ ਸੜਕ ਤੱਕ ਪੁੱਜਣ ਲਈ। ਪਰ ਲੱਗਦਾ ਸੀ ਅੱਜ ਰੱਬ ਹੀ ਸਾਡੇ ਵੱਲ ਨਹੀਂ ਸੀ! ਉਸੇ ਹੀ ਪਲ ਦੋਹਾਂ ਸਮੁਰਾਈਆਂ ਨੇ ਸਾਨੂੰ ਦੇਖ ਲਿਆ ਤੇ ਇੱਕ ਨੇ ਮਾਂ...ਮਾਂ! ਮੇਰੀ ਪਿਆਰੀ ਮਾਂ ਨੂੰ ਮਾਰਕੇ ਮੈਥੋਂ ਹਮੇਸ਼ਾ ਲਈ ਖੋਹ ਲਿਆ! ਨਾਂ ਬਾਪੂ ਜੀ ਨੇ ਹੀ ਮੈਨੂੰ ਕੋਈ ਮੌਕਾ ਦਿੱਤਾ ਮਾਂ ਵੱਲ ਦੇਖਣ ਦਾ, ਜਾਂ ਉਸ ਲਾਂਘੇ'ਚ ਰਹਿਣ ਦਾ! ਉਸਨੇ ਮੇਨੂੰ ਖਿੱਚਕੇ ਕਮਰੇ ਅੰਦਰ ਭੇਜ ਦਿੱਤਾ ਧੱਕਾ ਦੇਕੇ। ਪਰ ਮੈਂ ਫਿਰ ਵੀ ਘੁੰਮਕੇ ਮਾਂ ਦਾ ਹਾਲ ਦੇਖ ਲਿਆ ਸੀ! ਸਾਡੇ ਮੂੰਹ ਕੱਪੜਿਆਂ ਉੱਤੇ ਮਾਂ ਦੇ ਖੂਨ ਦੇ ਛਿੱਟੇ ਪੈ ਗਏ ਸਨ। ਮੈਂ ਤਾਂ ਬੇਹੋਸ਼ ਹੀ ਹੋ ਚੱਲੀ ਸੀ ਪਰ ਬਾਪੂ ਜੀ ਨੇ ਮੈਨੂੰ ਕਮਰੇ ਅੰਦਰ ਧੱਕ ਦਿੱਤਾ ਚੀਕਦੀ ਚੀਕਦੀ ਨੂੰ, ਜਿਸ ਨਾਲ਼ ਮੇਰਾ ਹੋਸ਼ ਫਿਰ ਕੰਮ ਕਰਨ

ਲੱਗਾ। ਬਾਪੂ ਜੀ ਨੇ ਛੇਤੀ ਛੇਤੀ ਕਿਸੇ ਵਿਚਾਰੇ ਅਣਜਾਣ ਆਦਮੀ ਨੂੰ ਫੜ੍ਹ ਕੇ ਆਪਣੇ ਅੱਗੇ ਕਰ ਲਿਆ ਤੇ ਬਾਪੂ ਤੇ ਚਲਾਈਆਂ ਸਮੁਰਾਈਆਂ ਦੀਆਂ ਗੋਲ਼ੀਆਂ ਉਸ ਆਦਮੀ ਨੂੰ ਲੱਗ ਗਈਆਂ। ਬਾਪੂ ਜੀ ਉਸ ਆਦਮੀ ਨੂੰ ਨਿਸ਼ਾਨੇ ਤੇ ਕਰ, ਖ਼ੁਦ ਬਚਕੇ ਕਮਰੇ ਅੰਦਰ ਆ ਗਏ। ਮੈਂ ਤਾਂ ਬੇਹਾਲ ਸੀ ਇਸ ਵੇਲੇ...ਮਾਂ ਹੁਣੇ ਮਾਰੀ ਗਈ ਸੀ ਮੇਰੀਆਂ ਅੱਖਾਂ ਸਾਹਮਣੇ। ਮੇਰਾ ਤਾਂ ਮਨ ਕਰ ਰਿਹਾ ਸੀ ਕਿ ਉੱਚੀ ਉੱਚੀ ਚੀਕਾਂ ਲਗਾਤਾਰ, ਪਰ ਬਾਪੂ ਜੀ ( ਜੋ ਖ਼ੁਦ ਕੋਸ਼ਿਸ਼ ਕਰ ਰਿਹਾ ਸੀ, ਮੇਰੇ ਸਾਹਮਣੇ ਆਪਣੇ ਆਪ ਨੂੰ ਤਕੜਾ ਰੱਖਣ ਲਈ) ਮੇਰੇ ਚਪੇੜ ਮਾਰ ਕੇ ਮੈਨੂੰ ਬਾਰੀ ਵੱਲ ਲੈ ਗਏ। ਜੇ ਮੈਂ ਹੁਣ ਰੋ ਰੋ ਕੇ ਬਹਿ ਜਾਂਦੀ ਤਾਂ ਸਾਡਾ ਵੀ ਓਹੀ ਹਾਲ ਹੋਣਾ ਸੀ, ਜੋ ਧਿਆਨ ਤਿੱਤਰ ਹੋਣ ਤੇ ਸਾਡਾ ਹੋਣਾ ਚਾਹੀਦਾ ਸੀ, ਭਾਵੇਂ ਹੁਣ ਜੋ ਕੁੱਝ ਸਾਡੇ ਨਾਲ਼ ਬੀਤਿਆ ਉਸਦੇ ਲਈ ਬਹੁਤ ਮਨ ਕਰਦਾ ਸੀ ਕਿ ਅਸੀਂ ਡਿੱਗ ਕੇ ਹੰਝੂ ਕਰੀਏ।

ਬਾਰੀ ਦੇ ਹੇਠੋਂ ਸਾਨੂੰ ਉਨ੍ਹਾਂ ਆਦਮੀਆਂ ਦੀਆਂ ਅਵਾਜ਼ਾਂ ਆਈਆਂ, ਜੋ ਸਾਡੀ ਮਦਦ ਕਰਨ ਉੱਥੇ ਖੜ੍ਹੇ ਸਨ। ਮੈਂ ਹਾਲੇ ਵੀ ਪਾਗਲ਼ਾਂ ਵਾਂਗ ਹੋਈ ਪਈ ਸੀ। ਪਰ ਬਾਪੂ ਜੀ ਨੇ ਮੇਰੇ ਦਵਾ ਦਵ ਰੱਸੇ ਨਾਲ਼ ਹੱਥ ਪਵਾ ਦਿੱਤੇ ਤੇ ਕਿਹਾ- ਚੱਲ-। ਮੈਂ ਕੰਬਦੀ ਕੰਬਦੀ ਨੇ ਮਸਾਂ ਰੱਸਾ ਫੜ੍ਹਿਆ ਤੇ ਹੌਲੀ ਹੌਲੀ ਥੱਲੇ ਜਾਣ ਲੱਗੀ, ਮੈਂ ਧਰਤੀ ਤੋਂ ਨਜ਼ਰਾਂ ਹਟਾ, ਉੱਪਰ ਅੰਬਰ ਵੱਲ ਹੀ ਦੇਖਦੀ ਰਹੀ, ਕਿਉਂਕਿ ਡਰ ਲੱਗਦਾ ਸੀ ਐਨੀ ਉਚਾਈ ਤੋਂ ਥੱਲੇ ਦੇਖਦਿਆਂ। ਹੁਣ ਬਿੰਦ ਲਈ ਤਾਂ ਮਨ'ਚ ਮਾਂ ਬਾਰੇ ਵੀ ਕੋਈ ਸੋਚ ਵਿਚਾਰ ਨਹੀਂ ਸਨ ਚੱਲ ਰਹੇ, ਬੱਸ ਏਨ੍ਹਾਂ ਹੀ ਖਿਆਲ ਸੀ, ਕਿ ਕਿਵੇਂ ਨਾ ਕਿਵੇਂ ਹੇਠਾਂ ਪਹੁੰਚ ਜਾਵਾਂ ਬਿਨ੍ਹਾਂ ਡਿੱਗਿਆਂ। ਫਿਰ ਉੱਪਰੋਂ ਬਾਪੂ ਜੀ ਵੀ ਰੱਸੇ ਨੂੰ ਫੜ੍ਹ ਕੇ ਹੇਠਾ ਆਉਣ ਲੱਗੇ ਪਏ।

ਮੈਂ ਡਰਦੀ ਡਰਦੀ ਮਸਾਂ ਹੀ ਹੇਠਾਂ ਪੁੱਜੀ, ਉੱਥੇਂ ਇੱਕ ਆਦਮੀ ਖੜ੍ਹਾ ਸੀ। ਉਸਨੇ ਮੈਨੂੰ ਲਾਹ ਕੇ ਇੱਕ ਪਾਸੇ ਕਰ ਦਿੱਤਾ ਆਸਰਾ ਦੇਕੇ, ਤਾਂ ਕਿ ਬਾਪੂ ਜੀ ਵੀ ਥੱਲੇ ਆ ਸਕਣ। ਚੰਗਾ ਕੀਤਾ ਉਨ੍ਹੇਂ ਮੈਨੂੰ ਇੱਕ ਪਾਸੇ ਖੜ੍ਹਾ ਦਿੱਤਾ, ਜੇ ਮੈਂ ਹਾਲੇ ਵੀ ਰੱਸੇ ਨਾਲ਼ ਚੰਬੜੀ ਰਹਿੰਦੀ ਤਾਂ...! ਚੰਗੀ ਗੱਲ ਨਹੀਂ ਸੀ ਹੋਣੀ ਕਿਉਂਕਿ ਬਾਪੂ ਜੀ ਉਸੇ ਵਕਤ ਹੀ ਹੇਠਾਂ ਆ ਡਿੱਗੇ ( ਲੱਗਦਾ ਸਮੁਰਾਈਆਂ ਨੇ ਰੱਸਾ ਕੱਟ ਦਿੱਤਾ ਸੀ) ਫਿਰ ਫੱਟਾ ਫਟ ਉਸ ਆਦਮੀ ਨੇ ਬਾਪੂ ਜੀ ਦੀ ਵੀ ਉੱਠਣ'ਚ ਮਦਦ ਕੀਤੀ, ਤੇ ਫਿਰ ਉਸਨੇ ਇਸ਼ਾਰਾ ਕੀਤਾ ਸਾਨੂੰ ਆਪਣੇ ਮਗਰ ਆਉਣ ਲਈ। ਫਿਰ ਅਸੀਂ ਜਨਤਾ ਵਿੱਚ ਦੀ ਅੱਗੇ ਲੰਘਣ ਲੱਗੇ ਰਲ ਗਏ, ਜਿਵੇਂ ਇੱਕ ਕਣੀ ਝੀਲ'ਚ ਡਿੱਗੇ ਤੇ ਝੀਲ'ਚ ਸਮੋ ਹੋ ਜਾਂਦੀ ਹੈ। ਮੈਂ ਹਾਲੇ ਵੀ ਮਾਂ ਦੀ ਮੌਤ ਬਾਰੇ ਸੋਚਦੀ ਗੁੰਮ ਸੁਮ ਜਿਹੀ ਸੀ! ਉਹ ਆਦਮੀ ਸਾਨੂੰ ਇੱਕ ਪਾਸੇ ਲੈ ਗਿਆ, ਜਿੱਥੇਂ ਉਸਦਾ ਇੱਕ ਸਾਥੀ ਖੜੋਤਾ ਸੀ, ਉਡੀਕ'ਚ ਹੋਰ ਕੱਪੜੇ ਫੜ੍ਹੀ, ਸਾਡੇ ਬਦਲਣ ਲਈ। ਉਸਨੇ ਸਾਨੂੰ ਕੱਪੜੇ ਫੜ੍ਹਾ ਦਿੱਤੇ। ਜਦ ਉਸਨੂੰ ਪਤਾ ਲੱਗਾ ਕਿ ਹੁਣ ਸਾਡੇ ਨਾਲ਼ ਮੇਰੀ ਮਾਂ ਨਹੀਂ ਹੈ, ਤਾਂ ਉਸਨੇ ਮਾਂ ਲਈ ਲਿਆਂਦੇ ਕੱਪੜੇ ਥੱਲੇ ਧਰਤੀ ਤੇ ਸੁੱਟ ਦਿੱਤੇ। ਮੈਂ ਕੱਪੜਿਆਂ ਦੀ ਢੇਰੀ ਵੱਲ ਦੇਖਿਆ। ਉਹ ਢੇਰੀ ਮੈਨੂੰ ਵਾਪਸ ਕਹਿ ਰਹੀ ਕਿ ਬੱਸ ਹੁਣ ਹੈ ਨਹੀਂ ਤੇਰੀ ਮਾਂ! ਮੈਨੂੰ ਤਾਂ ਮੌਕਾ ਵੀ ਨਹੀਂ ਦਿੱਤਾ ਗਿਆ ਅਫ਼ਸੋਸ ਕਰਨ ਦਾ! ਉਪਰਲੀ ਮੰਜ਼ਿਲ'ਚੋਂ ਉਹ ਹਰਾਮਜ਼ਾਦੇ ਸਮੁਰਾਈ ਛਾਲਾਂ ਮਾਰ ਕੇ ਸਾਡੇ ਨੇੜੇ ਹੀ ਧਰਤੀ ਆ ਗਏ! ਉਨ੍ਹਾਂ ਕੋਲ਼ ਉੱਡਣ ਦੀ ਤਫ਼ੀਕ ਸੀ। ਜਿਹੜੇ ਬੰਦੇ ਸਾਡੀ ਮਦਦ ਕਰ ਰਹੇ ਸੀ, ਉਹ ਜਨਤਾ'ਚ ਦੌੜ੍ਹ ਗਏ ਤੇ ਅਸੀਂ ਵੀ ਉਨ੍ਹਾਂ ਦੇ ਮਗਰ ਦੌੜ੍ਹਨ ਲੱਗੇ (ਬਾਪੂ ਜੀ ਦੇ ਰੱਸੇ ਤੋਂ ਡਿੱਗਣ ਕਾਰਨ ਥੋੜ੍ਹੀ ਸੱਟ ਲੱਗੀ ਸੀ ਤੇ ਉਹ ਲੰਙ ਮਾਰਦਾ ਮੈਨੂੰ ਵੀ ਖਿੱਚ ਰਿਹਾ ਸੀ, ਕਿਉਂਕਿ ਮੈਂ ਤਾਂ ਹਾਲੇ ਵੀ ਮਾਂ ਬਾਰੇ ਹੀ ਸੋਚਦੀ ਸੀ, ਤੇ ਆਪਣੀਆਂ ਹੀ ਸੋਚਾਂ'ਚ ਹੀ ਖੋਹੀ ਹੋਈ, ਮਸਾਂ ਪੈਰ ਅੜਕਾਉਂਦੀ ਚਲ ਰਹੀ ਸੀ)। ਫਿਰ ਪਤਾ ਨਹੀਂ ਉਹ ਆਦਮੀ ਕਿੱਥੇ ਚਲੇ ਗਏ! ਅਸੀਂ ਵੀ ਹੌਲੀ ਹੌਲੀ ਲੋਕਾਂ'ਚ ਤੁਰਦੇ ਰਹੇ, ਡਰਦੇ ਡਰਦੇ, ਕਿ ਕਿਤੇ ਸਾਡਾ ਪਤਾ ਨਾ ਲੱਗ ਜਾਵੇ। ਫਿਰ ਸੀਟੀ ਦੀ ਆਵਾਜ਼ ਆਈ, ਜਿਸ ਤੋਂ ਸਾਨੂੰ ਵੀ ਪਤਾ ਲੱਗ ਗਿਆ, ਕਿ ਹੁਣ ਆਮ ਪੁਲਸ ਵੀ ਉਨ੍ਹਾਂ ਸਮੁਰਾਈਆਂ ਦੀ ਮਦਦ ਕਣ ਰਹੇ ਹੈ!

ਸਾਨੂੰ ਉਨ੍ਹਾਂ ਪੁਲਸ ਵਾਲਿਆਂ ਨੇ ਵੇਖ ਵੀ ਲਿਆ, ਤੇ ਰੁੱਕਣ ਲਈ ਵੀ ਹਾਕਾਂ ਮਾਰ ਰਹੇ ਸਨ। ਜਿਹੜੇ ਆਦਮੀ ਸਾਡੀ ਮਦਦ ਕਰ ਰਹੇ ਸਨ, ਉਨ੍ਹਾਂ ਨੇ ਬਾਪੂ ਜੀ ਨੂੰ ਇੱਕ ਪਸਤੌਲ ਦਿੱਤਾ ਸੀ ਰੱਖਿਆਂ ਲਈ, ਤੇ ਬਾਪੂ ਜੀ ਨੇ ਘੁੰਮ ਕੇ ਵਾਪਸ ਦੋ ਚਾਰ ਗੋਲ਼ੀਆਂ ਛੱਡੀਆਂ! ਬਾਪੂ ਜੀ ਨੇ ਮੈਨੂੰ ਕਿਹਾ- ਦੌੜ੍ਹ ਪੁੱਤ! ਜੋ ਮਰਜ਼ੀ ਹੋਵੇ, ਹੁਣ ਨੱਠ!-।

-ਨਹੀਂ ਬਾਪੂ ਜੀ! ਨਹੀਂ!- ਮੈਂ ਤਾਂ ਹਾਲੇ ਹੁਣੇ ਮਾਂ ਨੂੰ ਗਵਾ ਕਿ ਹੱਟੀ ਹਾਂ ਤੇ ਸਿਰਫ ਬਾਪੂ ਜੀ ਹੀ ਰਹਿ ਗਏ ਸੀ ਤੇ ਉਹ ਮੈਨੂੰ ਚਾਹੀਦੇ ਸੀ! ਇਹ ਨਾ ਹੋਵੇ ਕਿ ਮੇਰਾ ਪਿਤਾ ਵੀ ਤੁਰ ਜਾਵੇਂ! ਪਰ ਬਾਪੂ ਜੀ ਨੇ ਇਸ ਗੱਲ ਦੀ ਪਰਵਾਹ ਨਹੀਂ ਕੀਤੀ। ਉਸਨੇ ਮੈਨੂੰ ਜਨਤਾ'ਚ ਧੱਕ ਦਿੱਤਾ ਅਤੇ ਉਨ੍ਹਾਂ ਦੋਹਾਂ ਆਦਮੀਆਂ'ਚੋਂ ਇੱਕ ਨੇ ( ਜਿਹੜੇ ਆਦਮੀ ਥੋੜ੍ਹਾ ਜਿਹਾ ਚਿਰ ਪਹਿਲਾ ਗਾਇਬ ਹੋ ਗਏ ਸੀ) ਮੇਰਾ ਹੱਥ ਫੜ੍ਹ ਜ਼ਬਰਦਸਤੀ ਖਿੱਚ ਕੇ ਗਹਾਂ ਦੌੜ੍ਹਦਾ ਰਿਹਾ। ਮੈਨੂੰ ਪਿੱਛੋਂ ਹੋਰ ਗੋਲ਼ੀਆਂ ਦੀਆਂ ਵਾਜ਼ਾਂ ਸੁਣਿਆਂ! ਮੈਂ ਇੱਕ ਵਾਰੀ ਪਿੱਛੇ ਝਾਕੀ। ਹਾਏ ਰੱਬਾ, ਉਨ੍ਹਾਂ ਨੇ ਤਾਂ ਬਾਪੂ ਜੀ ਨੂੰ ਵੀ ਛੀਨ ਲਿਆ ਮੈਥੋਂ! ਫਰ ਉਹ ਆਦਮੀ ਮੈਨੂੰ ਘੜੀਸ ਕੇ ਅੱਗੇ ਹੀ ਲੈ ਕੇ ਜਾਈ ਗਿਆ। ਹੁਣ ਸਾਡੇ ਮਗਰ ਇੱਕ ਸਮੁਰਾਈ ਵੀ ਨੱਠਦਾ ਹੋਇਆ ਆ ਰਿਹਾ ਸੀ! ਪੂਰਾ ਕੁੱਝ ਨਹੀਂ ਸੀ, ਸੁੱਝ ਰਿਹਾ। ਮੈਂ ਆਪਣੇ ਆਪ ਤੋਂ ਹੀ ਦੂਰ ਹੋ ਰਹੀ ਲੱਗ ਰਹੀ ਸੀ! ਹਾਏ ਰੱਬਾ! ਇੱਕ ਹੀ ਦਿਨ'ਚ ਮੈਥੋਂ ਮੇਰੇ ਮਾਂ ਪਿਉ ਖੋਹ ਲਏ ਸਰਕਾਰ ਨੇ!

ਮੈਨੂੰ ਬਿੱਟੂ ਦੇ ਬੰਦਿਆਂ ਨੇ ਗੱਲੀ'ਚ ਪਏ ਇੱਕ ਕੂੜੇਦਾਨ'ਚ ਸੁੱਟ ਦਿੱਤਾ ਅਤੇ ਫਿਰ ਉਹ ਆਪ ਵੀ ਇਸੇ ਤਰ੍ਹਾਂ ਮੇਰੇ ਮਗਰ ਕੂੜੇਦਾਨ ਅੰਦਰ ਆ ਗਏ। ਥੋੜ੍ਹੀ ਦੇਰ ਮਗਰੋਂ, ਥੋੜ੍ਹੇ ਜਿਹਾ ਕੂੜੇਦਾਨ ਦੇ ਢੱਕਣ ਨੂੰ ਚੱਕ ਕੇ ਬਾਹਰ ਝਾਤੀ ਮਾਰਕੇ ਵੇਖਿਆ ਕਿ ਸਮੁਰਾਈ ਅੱਗੇ ਦੌੜ੍ਹ ਗਏ ਹਨ। ਫਿਰ ਪੰਜ ਕੁ ਮਿੰਟ ਬਾਅਦ ਅੱਸੀ ਬਾਹਰ ਨਿਕਲ ਆਏ। ਮੈਂ ਤਾਂ ਹਾਲੇ ਵੀ ਮਾਂ -ਪਿਉ ਦੀਆਂ ਸੋਚਾਂ ਵਿੱਚ ਹੀ ਗੁਵਾਚੀ ਸੀ, ਮੈਨੂੰ ਤਾਂ ਹੁਣ ਵੀ ਪਤਾ ਵੀ ਨਹੀਂ ਲੱਗ ਰਿਹਾ ਸੀ, ਕਿ ਹੁਣ ਉਹ ਆਦਮੀ ਕੀ ਕਰ ਰਹੇ ਹਨ, ਅਤੇ ਮੈਨੂੰ ਕਿੱਥੇਂ ਲੈ ਕੇ ਜਾ ਰਹੇ ਹੈ। ਮੈਂ ਤਾਂ ਇੱਕ ਲੋਥ ਵਾਂਗਰ ਉਨ੍ਹਾਂ ਨਾਲ਼ ਤੁਰੀ ਜਾ ਰਹੀ ਸੀ। ਹੁਣ ਸਾਡੇ ਕੱਪੜਿਆਂ'ਚੋਂ ਹਮਕ ਆ ਰਹੀ ਸੀ। ਮੈਨੂੰ ਕੋਈ ਹੋਸ਼ ਨਹੀ ਸੀ, ਕਿ ਕਿਵੇਂ ਅੱਸੀਂ ਤਿੰਨੇ ਉਸ ਗੱਲੀ'ਚੋਂ ਨਿਕਲਕੇ ਧਰਤੀ ਹੇਠ ਮੈਟਰੋ'ਚ ਪੁੱਜ ਗਏ। ਉਹ ਬੰਦੇ ਹਾਲੇ ਵੀ ਬੇਕਰਾਰ ਲੱਗ ਰਹੇ ਸਨ, ਕਿਉਂਕਿ ਉਨ੍ਹਾਂ ਨੂੰ ਲੱਗਦਾ ਸੀ ਸਮੁਰਾਈਆਂ ਨੂੰ ਪਤਾ ਲੱਗ ਜਾਣਾ ਹੈ, ਕਿ ਅਸੀਂ ਹੁਣ ਮੈਟਰੋ'ਚ ਵੜ ਗਏ ਹਾਂ, ਤੇ ਉਨ੍ਹਾਂ ਨੇ ਸਾਨੂੰ ਭਾਲ ਲੈਣਾ। ਇਸ ਲਈ ਉਨ੍ਹਾਂ ਨੇ ਕਾਹਲ਼ੀ'ਚ ਮੈਨੂੰ ਟਰੇਨ'ਚ ਵਾੜ ਦਿੱਤਾ।ਮੈਂ ਲੋਕਾਂ'ਚ ਗੁੰਮ ਸੁੰਮ ਖੜ੍ਹੀ ਬਾਰੀਆਂ'ਚੋਂ ਬਾਹਰ ਝਾਕਦੀ ਸੀ, ਜਨਤਾ ਦੇ ਮੂੰਹਾਂ ਵੱਲ, ਜੋ ਹੁਣ ਟਰੇਨ ਦੀ ਰਫ਼ਤਾਰ ਵਧਣ ਕਾਰਨ ਰੰਗ ਬਰੰਗੀਆਂ ਝਰੀਟਾਂ ਨਜ਼ਰ ਆਉਂਦੇ ਸਨ, ਅਤੇ ਜਿੰਨ੍ਹਾਂ ਦੀ ਇਨਸਾਨੀਅਤ ਔਖੀ ਸੀ ਦੇਖਣੀ, ਜਿਵੇਂ ਕਿ ਜੋ ਕੁੱਝ ਮੇਰੇ ਨਾਲ਼ ਹੋਇਆ ਸੀ, ਉਹ ਔਖਾਂ ਸੀ ਸੁਝਣ, ਔਖਾ ਸੀ ਸਮਝਾਉਣਾ।

ਪੰਜਾਂ ਸਟੇਸ਼ਨਾਂ ਬਾਅਦ ਉਹ ਮੈਨੂੰ ਉਤਾਰਕੇ ਫੱਟਾ ਫਟ ਬਿੱਟੂ ਦੇ ਟਿਕਾਣੇ ਵੱਲ ਲੈ ਗਏ। ਪਰ ਇੱਥੋਂ ਨਿਕਲਦਿਆਂ ਸਮੇਂ ਹਰ ਥਾਂ ਕੈਮਰੇ ਸਨ, ਜਿੰਨ੍ਹਾਂ ਦੀਆਂ ਅੱਖਾਂ ਰਾਹੀ ਸਮੁਰਾਈਆਂ ਨੂੰ ਸਾਡਾ ਪਤਾ ਲੱਗ ਸਕਦਾ ਸੀ। ਉੱਥੇ ਹਰ ਗਲੀ ਮੋੜ ਤੇ ਇੱਕ ਕਲਚਿਲਮਨ ਖੱੜ੍ਹਾ ਸੀ ਹਵਾ'ਚ ਮੇਰੇ ਵੱਲ ਘੂਰਦਾ। ਇਸ ਲਈ ਵਕਤ ਬਹੁਤ ਜ਼ਰੂਰੀ ਸੀ। ਉਹ ਮੈਨੂੰ ਕਾਹਲ਼ੀ ਦੇ ਨਾਲ਼ ਉੱਪਰ ਸੜਕਾਂ ਤੇ ਹੀ ਵਾਪਸ ਲੈ ਗਏ। ਉੱਥੇ ਚੌਂਕ'ਚ ਬਹੁਤ ਭੀੜ ਭੜੱਕਾ ਸੀ; ਜਿੱਥੇਂ ਅਸੀਂ ਸਮੁਰਾਈਆਂ ਤੋਂ ਬਚਕੇ ਟਿਭ ਸਕਦੇ ਸਾਂ? ਮੈਂ ਹੁਣ ਆਵਦਾ ਧਿਆਨ ਖ਼ੁਦ ਨੂੰ ਵਾਲ਼ ਵਾਲ਼ ਬਚਾਉਂਣ ਤੇ ਰੱਖਿਆ। ਰੱਖਣਾ ਹੀ ਪੈਣਾ ਸੀ, ਨਹੀਂ ਤਾਂ ਮੈਂ ਤਾਂ ਮਾਂ ਪਿਉ ਬਾਰੇ ਸੋਚਦੀ ਸੋਚਦੀ ਨੇ ਹੀ ਸ਼ੁਦਾਈ ਹੋ ਜਾਣਾ ਸੀ। ਹੁਣ ਤਾਂ ਹੰਝੂ ਵੀ ਨਹੀਂ ਬਚੇ ਸਨ ਕੇਰਨ ਲਈ, ਅੱਖਾਂ ਸੁੱਕ ਗਈਆਂ ਰੋ ਰੋ ਕੇ।

ਚੌਂਕ ਕਿਰਿਆਸ਼ੀਲ ਸੀ। ਕੁੱਝ ਲੋਕ ਕੰਮਾਂ ਤੋਂ ਆ ਰਹੇ ਸੀ, ਕੁੱਝ ਜਾ ਰਹੇ ਸੀ। ਕੁੱਝ ਲੋਕ ਵਕਤ ਮਾਰ ਦੇ ਸੀ, ਕੁੱਝ ਲੋਕ (ਖਾਸ਼ ਕਸਬੀ) ਦੂਜਿਆਂ ਦੀਆਂ ਜੇਬਾਂ ਮਾਰਦੇ ਸੀ। ਸ਼ਾਹਿਰ ਦਾ ਸਭ ਤੋਂ ਨੀਚਾ ਥਾਂ ਸੱਚ ਮੁੱਚ ਇਨ੍ਹਾਂ ਨੀਚੀਆਂ ਸੜਕਾਂ ਤੇ ਹੀ ਸੀ। ਹਰ ਕੰਧ ਤੇ ਕਲਚਿਲਮਨ ਵਰਗੇ ਚਿਲਮਨ ਸਨ ਜਿੰਨ੍ਹਾਂ ਤੇ ਇਸ਼ਤਿਹਾਰ ਤੇ ਸੂਚਨਾਂਵਾਂ ਚਲ ਰਹੀਆਂ ਸਨ ਮੂਵੀ ਵਾਂਗਰ। ਹਰ ਇੱਕ ਤੇ ਹੀ ਕੋਈ ਨਾ ਕੋਈ ਮਸ਼ਹੂਰ ਮੋਡਲ ਜਾਂ ਐਕਟਰ ਕਿਸੇ ਹਾਸਲ ਜਰਬ ਦੀਆਂ ਸਿਫਤਾ ਕਰਦੇ ਨਜ਼ਰ ਆ ਰਹੇ ਸਨ। ਇਸ ਸ਼ਾਹਿਰੀ ਜੰਗਲ਼ ਰਾਹੀ ਬਿੱਟੂ ਦੇ ਆਦਮੀ ਮੇਂਮੂ ਕਾਹਲ਼ੀ ਵਿੱਚ ਲੈ ਕੇ ਗਏ ਉਸ ਸਿਰਨਾਵੇ ਵੱਲ ਜਿੱਥੇਂ ਮੈਨੂੰ ਬਾਪੂ ਜੀ ਨੇ ਦੱਸਿਆ ਸੀ ਕਿ ਬਿੱਟੂ ਅਤੇ ਉਸਦਾ ਟਲਾ ਹੈ। ਪਰ ਰਸਤੇ'ਚ ਇੱਧਰ ਉੱਧਰ ਪੁਲਸੀਏ ਜਾਂ ਸਮੁਰਾਈ ਦਿਸਦੇ ਸੀ। ਪਰ ਉਹ ਉਨ੍ਹਾਂ'ਚੋਂ ਨਹੀਂ ਸਨ ਜੋ ਸਾਡਾ ਪਿੱਛਾ ਕਰ ਰਹੇ ਸੀ। ਫਿਰ ਵੀ ਉਹ ਇੰਨ੍ਹਾਂ ਨੂੰ ਸਾਡੇ ਬਾਰੇ ਦੱਸ ਵੀ ਪਾ ਸਕਦੇ ਸੀ।

ਅਸੀਂ ਉਸ ਸਿਰਨਾਵੇ ਦੇ ਦਰ ਤੀਕਰ ਪੁੱਜਣ ਹੀ ਲੱਗੇ ਸਨ ਕਿ ਜਦ ਸਾਡੇ ਸਾਹਮਣੇ ਇੱਕ ਕਲਚਿਲਮਨ ਆ ਖੜ੍ਹਾ ਹੋਇਆ। ਅਸੀਂ ਪਾਸੇ ਹੋ ਕੇ ਲੰਘਣ ਲੱਗੇ, ਪਰ ਉਹ ਹਿੱਲ ਕੇ ਸਾਡੇ ਅੱਗੇ ਹੋ ਕੇ ਰਾਹ ਡੱਕ ਕੇ ਖੜ੍ਹ ਗਿਆ। ਉਸਦਾ ਚਿਲਮਨ ਸ਼ੀਸ਼ਾ ਰੂਪ ਹੋ ਗਿਆ ਜਿਸਦੇ ਰਾਹੀ ਸਾਡੇ ਆਵਦੇ ਹੀ ਤਿੰਨ ਮੁੱਖੜੇ ਸਾਡੇ ਵੱਲ ਵਾਪਸ ਝਾਕ ਰਹੇ ਸਨ। ਉਸ ਨੇ ਹਿੰਦੀ ਵਿੱਚ ਸਾਨੂੰ ਪੁੱਛਿਆ ਤੁਸੀਂ ਕੌਣ ਹੋ ਤੇ ਕਿੱਥੇਂ ਚੱਲੇ ਹੋਂ? ਮੈਂ ਚੁੱਪ ਰਹੀ, ਪਰ ਪਹਿਲੇ ਆਦਮੀ ਨੇ ਜਵਾਬ ਦਿੱਤਾ ਕਿ ਅਸੀਂ ਬਾਹਰੋਂ ਆਏ ਹਾਂ ਕਿਸੇ ਦੇ ਘਰ ਜਾਣ ਅਤੇ ਇੱਕ ਅਸੱਤ ਪਤਾ ਦੱਸ ਦਿੱਤਾ। ਫਿਰ ਉਸ ਕਲਚਿਲਮਨ ਨੇ ਸਾਡੇ ਤੇ ਨਜ਼ਰ ਮਾਰੀ ਤੇ ਸਾਨੂੰ  ਜਾਣ ਦਿੱਤਾ। ਹਾਂ ਮੈਨੂੰ ਲੱਗਾ ਕਿ ਮੇਰੀ ਪਿੱਠ ਵਿੱਚ ਜ਼ਰੂਰ ਉਸ ਦੀ ਅੱਖ ਸਾਡੇ ਲੰਘ ਜਾਣ ਤੋਂ ਬਾਅਦ ਵੀ ਖੁੱਭੀ ਹੋਵੇਗੀ। ਖੈਰ ਹੁਣ ਅਸੀਂ ਸਿੱਧਾ ਬਿੱਟੂ ਦੇ ਘਰ ਵੱਲ ਨਾ ਜਾਕੇ, ਇੱਕ ਗੱਲੀ ਵਿੱਚ ਵੜ ਗਏ ਜਿਸਦੇ ਪਰਛਾਵਿਆਂ ਤੋਂ ਧਿਆਨ ਨਾਲ਼ ਕਲਚਿਲਮਨ ਵੱਲ ਵੀ ਦੇਖਦੇ ਸੀ। ਲੱਗਦਾ ਹੁਣ ਤਾਂ ਇਸ ਦੇ ਰਾਹੀ ਸਮੁਰਾਈਆਂ ਨੂੰ ਸਾਡੇ ਬਾਰੇ ਪਤਾ ਲੱਗ ਜਾਣਾ ਹੈ। ਖਾਸ ਮੇਰੇ ਰੂਪ ਕਰਕੇ। ਪਰ ਹੁਣ ਸਾਡੇ ਕੋਲ਼ ਹੋਰ ਕੋਈ ਵਿਕਲਪ ਵੀ ਨਹੀਂ ਸੀ, ਤੇ ਜਦ ਕਲਚਿਲਮਨ ਜਨਤਾ'ਚ ਅੱਗੇ ਉੱਡ ਗਿਆ ਤਾਂ ਅਸੀਂ ਚੁੱਪ ਚਾਪ ਜਨਤਾ ਵਿੱਚ ਸ਼ਾਮਲ ਹੋ ਕੇ ਬਿੱਟੂ ਦੇ ਦਰ ਵੱਲ ਨੂੰ ਵੱਧੇ।

ਦਰ ਦਾ ਬੂਹਾ ਬਾਹਰੋਂ ਵੇਖਣ ਤੋਂ ਆਮ ਜਿਹਾ ਹੀ ਲੱਗਦਾ ਸੀ। ਪੰਜ ਵਾਰੀ ਮੇਰੇ ਸਾਥਿਆਂ ਨੇ ਦਰਵਾਜ਼ਾ ਖੜਕਾਇਆ। ਹੌਲੀ ਹੌਲੀ ਕਿਸੇ ਨੇ ਖੋਲ੍ਹਿਆ, ਨਾਲ਼ੇ ਨਾਲ਼ ਸੜਕ ਤੇ ਰੋਸ਼ਨੀ ਡਿੱਗੀ, ਪਰ ਜਿਸ ਨੇ ਬੂਹਾ ਖੋਲ੍ਹਿਆ ਉਸ ਤੇਜ਼ ਰੋਸ਼ਨੀ ਕਰਕੇ ਉਸਦਾ ਛਾਇਆ ਚਿੱਤਰ ਹੀ ਦਿੱਸਦਾ ਸੀ, ਫਿਰ ਤੇਜ਼ ਬੱਤੀ ਕਾਰਨ ਪਰਛਾਵਾਂ ਢਲ਼ਿਆ, ਸਾਡੇ ਵੱਲ, ਇੱਕ ਕਾਲੇ ਭੂੱਤ ਵਾਂਗ। ਉਸ ਨੇ ਮੇਰੇ ਸਾਥੀ ਪਛਾਣ ਲਏ। ਇਸ ਲਈ ਸਾਨੂੰ ਅੰਦਰ ਵਾੜ ਲਿਆ, ਫਿਰ ਇੱਕ ਹੱਥ ਵਧਿਆ ਸਾਡੇ ਵੱਲ ਰੋਸ਼ਨੀ'ਚੋਂ, - ਛੇਤੀ! ਅੰਦਰ ਆਓ! ਬੱਸ, ਕੱਲੀ ਇਹ ਹੈ? ਰਾਣਾ ਔਰ ਉਸਕੀ ਬੀਵੀ? ਅੱਛਾ! ਚੀ ਚੀ! ਛੇਤੀ ਲੰਘ ਆਓ!- ਸਾਡੇ ਪਿਛਲਾ ਦਰਵਾਜ਼ਾ ਬੰਦ ਹੋ ਗਿਆ, ਜਿਵੇਂ ਕੋਈ ਕੈਦੀ ਦੇ ਬੰਦੀਖਾਨੇ ਦਾ ਜੇਲ੍ਹਰ ਬੂਹਾ ਬੰਦ ਕਰਦਾ ਹੈ! ਚਪੜਾਸੀ ਤੇਜ਼ ਰੋਸ਼ਨੀ ਵਾਲੇ ਲਾਂਘੇ ਰਾਹੀ ਸਾਨੂੰ ਇਸ ਥਾਂ ਦੇ ਪੇਟ'ਚ ਲੈ ਗਿਆ। ਲਾਂਘੇ ਦੇ ਪਿਛਲੇ ਪਾਸੇ ਇੱਕ ਪੌੜੀ ਸੀ ਜਿਸ ਤੋਂ ਹੇਠਾਂ ਉਤਰਦੇ ਹਨੇਰੇ'ਚ ਵੜ ਗਏ। ਜਦ ਥੱਲੇ ਪਹੁੰਚੇ ਉਸਨੇ ਬੱਤੀ ਜਗਾ ਦਿੱਤੀ। ਜੋ ਉੱਪਰਲੀ ਤੋਂ ਬੱਤੀ ਤੋਂ ਘੱਟ ਚਾਣਨ ਕਰਦੀ ਸੀ। ਪਰ ਇੱਥੋਂ ਦਿੱਸਦਾ ਸੀ, ਲਾਂਘੇ ਦੇ ਪਿੱਛਲੇ ਪਾਸੇ ਇੱਕ ਬੂਹਾ ਹੈ, ਜਿਸ ਦੇ ਪਿੱਛੋਂ ਆਵਾਜ਼ਾਂ ਆ ਰਹੀਆਂ ਸਨ।

ਓਨ੍ਹਾਂ ਅਵਾਜ਼ਾਂ ਵੱਲ ਅਸੀਂ ਵੱਧੇ।

# ਪੁਤਲੀ

## ੧੬੧੦



ਮੈਨੂੰ ਜਿੰਨ੍ਹੀ ਨਫ਼ਰਤ ਆਪਣੀ ਮਾਂ, ਓਕੋ ਨਾਲ਼ ਸੀ, ਸ਼ਾਇਦ ਏਨ੍ਹਾਂ ਤਾਂ ਕਿਸੇ ਨੂੰ ਕਿਸੇ ਨਾਲ਼ ਪਿਆਰ ਵੀ ਨਹੀਂ ਹੋ ਸਕਦਾ। ਸੱਤਾਂ ਸਮੁੰਦਰਾਂ'ਚ ਵੀ ਨਫ਼ਰਤ ਜਾ ਪ੍ਰੇਮ ਨਹੀਂ ਭਰ ਸਕਦੇ ਜਿੰਨ੍ਹੀ ਇਸ ਵੇਲੇ ਮੈਨੂੰ ਆਪਣੀ ਮਾਈ ਤੋਂ ਸੂਗ ਆ ਰਹੀ ਸੀ। ਮਤਾਹਚੀ ਤਾਂ ਸਾਨੂੰ ਛੱਡ ਗਿਆ ਸੀ। ਹੋਰ ਹੋਣਾ ਵੀ ਕੀ ਸੀ, ਉਸ ਵਰਗੇ ਦੁਰਜਨ ਤੋਂ! ਤਕੇਜ਼ੋ ਮਗਰ ਨੱਠ ਗਿਆ! ਉਹ ਸਮਝਦਾ ਸੀ ਕੇ ਉਹ ਸੈਈਜੁਰੂ ਨੂੰ ਮਾਰਨ ਵਾਲੇ ਸੂਰਮਾ ਨੂੰ ਖ਼ੁਦ ਮਾਰ ਸਕਦਾ ਹੈ! ਮਾਈ ਨੂੰ ਛੱਡ ਗਿਆ ਆਵਦੀ ਓਤਸੂ ਲਈ, ਜੋ ਉਸ ਨੂੰ ਪਿਆਰ ਵੀ ਨਹੀਂ ਕਰਦੀ ਸੀ! ਪਰ ਜਿਹੜੇ ਦਿਨ ਤੋਂ ਮੈਂ ਮੁਸਾਸ਼ੀ, ਜੋ ਕਿ ਮੇਰੇ ਸੁਪਨਿਆਂ ਦਾ ਤਕੇਜ਼ੋ ਸੀ, ਨੂੰ ਆਵਦੇ ਪਿਆਰ ਬਾਰੇ ਦੱਸਿਆ, ਤਾਂ ਪਤਾ ਲੱਗਾ ਕਿ ਉਸ ਦਾ ਦਿਲ ਤਾਂ ਓਤਸੂ ਲਈ ਹੀ ਹੈ! ਫਿਰ ਤਾਂ ਮੇਰੇ ਸਾਰੇ ਸੁਪਨੇ ਹੀ ਟੁੱਟ ਗਏ ਹਾਏ! ਉਧਰ ਯੋਸ਼ੀਓਕਾ ਘਰ ਦਾ ਸੈਈਜੁਰੂ ਮਾਰ ਦਿੱਤਾ ਸੀ, ਮਿਯਾਮੋਤੋ ਨੇ, ਪਰ ਉਸਦੀ ਥਾਂ ਤੇ ਸੈਈਜੁਰੂ ਦਾ ਨਿੱਕਾ ਭਰਾ ਡੇਂਸ਼ੀਚੀਰੋ ਕੀਓਤੋ ਵਾਪਸ ਆ ਗਿਆ; ਤਕੇਜ਼ੋ, ਯਾਨੀ ਮੁਸਾਸ਼ੀ ਨਾਲ਼ ਲੜਣ ਲਈ। ਤੇ ਇਸ ਫਜ਼ਾ'ਚ ਮਾਈ ਨੇ ਬੜਾ ਘਿਨੌਣਾ ਕੰਮ ਕੀਤਾ? ਉਸ ਨੇ ਹੋਰ ਪੈਸੇ ਲੈਣ ਦੇ ਲਾਲਚ ਮੇਰਾ ਜਤ ਸਤ ਡੇਂਸ਼ੀਚੀਰੋ ਨੂੰ ਵੇਚਣਾ ਚਾਹਿਆ! ਮਾਈ ਨੇ ਤਾਂ ਕੀਓਤੋ ਦੇ ਚਾਹ ਵਾਲੇ ਘਰਾਂ ਦੀ ਮੈਨੂੰ ਕੰਜਰੀ ਬਣਾ ਦਿੱਤਾ ਸਮੁਰਾਈਆਂ ਲਈ! ਭਲਾਂ ਦੱਸੋ ਹੈ ਕੋਈ ਮਮਤਾ ਮਾਈ ਵਿੱਚ? ਇਸ ਨਾਲੋਂ ਤਾਂ ਚੰਗਾ ਸੀ ਅੱਕੇਮੀ ਨਾਂ ਦੇ ਥਾਂ ਮਾਈ ਮੈਨੂੰ ਗੈਸ਼ਾ ਹੀ ਕਹਿਕੇ ਬਲਾਉਂਦੀ!

ਸਾਡੇ ਚਾਹ ਵਾਲੇ ਘਰ ਹਰ ਰਾਤ ਸਮੁਰਾਈ ਆਉਂਦੇ ਸਨ, ਖਾਸ ਕਰ ਯੋਸ਼ੀਓਕਾ ਦੇ। ਮਾਈ ਉਨ੍ਹਾਂ ਨੂੰ ਖ਼ੁਸ਼ ਰੱਖਦੀ ਸੀ। ਇਸ ਲਈ ਮੈਨੂੰ ਵੀ ਉਨ੍ਹਾਂ ਦੇ ਨਵੇਂ ਗੁਰੂ, ਡੇਂਸ਼ੀਚੀਰੋ ਨਾਲ਼ ਵੱਖਰੇ ਕਮਰੇ ਵਿੱਚ ਛੱਡ ਦਿੰਦੀ ਸੀ। ਪਹਿਲੇ ਪਹਿਲ ਤਾਂ ਡੇਂਸ਼ੀਚੀਰੋ ਨੇ ਚਾਹ ਪਾਣੀ ਪੀਣ ਅਤੇ ਗੱਲਾਂ ਬਾਤਾਂ ਕਰਨ ਤੋਂ ਛੁੱਟ ਕੁੱਝ ਨਹੀਂ ਕੀਤਾ ਮੇਰੇ ਨਾਲ਼। ਮੈਂ ਵੀ ਆਵਦੀਆਂ ਚਾਲਾਂ ਨਾਲ਼ ਕੋਈ ਨਾ ਕੋਈ ਰਾਹ ਲੱਭ ਲੈਂਦੀ ਸੀ, ਆਪਣੇ ਕੁਆਰਪਣ ਨੂੰ ਬਰਕਰਾਰ ਰੱਖਣ ਲਈ। ਮੈਂ ਤਾਂ ਚਾਹੁੰਦੀ ਸੀ ਕਿ ਬੱਸ ਮੈਂ ਤਕੇਜ਼ੋ ਦੀ ਹੀ ਹੋਕੇ ਰਹਾਂ, ਤੇ ਕਿਸੇ ਵੀ ਹੋਰ ਬੰਦੇ ਦਾ ਹੱਥ ਪਹਿਲਾਂ ਮੇਰੇ...ਖ਼ੈਰ ਜੋ ਹੋ ਗਿਆ ਹੋ ਗਿਆ। ਮਾਈ ਤਾਂ ਹਾਲੇ ਵੀ ਆਪਣੇ ਆਪ ਨੂੰ ਇੱਕ ਜਵਾਨ ਲੜਕੀ ਹੀ ਸਮਝਦੀ ਸੀ, ਉਹ ਮਨ ਦੀ ਜ਼ਰੂਰ ਅੱਲ੍ਹੜ ਸੀ, ਪਰ ਦਿਮਾਗ਼ ਤੋਂ ਭੋਲ਼ੀ ਅਤੇ ਦਿਲ ਦੀ ਬੇਸਬਰੀ ਸੀ। ਜੋ ਹਰ ਆਦਮੀ ਦਾ ਧਿਆਨ ਭਾਲਦੀ ਸੀ। ਖ਼ੁਦ ਮਹਿਨਤ ਨਹੀਂ ਕਰਨੀ ਚਾਹੁੰਦੀ ਸੀ ਪਰ ਗੈਰ ਬੰਦੇ ਦੇ ਉੱਦਮ ਨਾਲ਼ ਹੀ ਉਸਦੀ ਮਲਕੀਅਤ ਆਵਦੀ ਮੁੱਠੀ ਵਿੱਚ ਚਾਹੁੰਦੀ ਸੀ। ਉਸਨੇ ਸੌਖੀ ਜ਼ਿੰਦਗੀ ਲਈ ਆਪਣੇ ਆਪ ਨੂੰ ਵੇਚ ਦਿੱਤਾ ਅਤੇ ਮੈਨੂੰ ਵੀ ਵੇਚ ਰਹੀ ਸੀ! ਪਰ ਮੈਂ ਛੇਤੀ ਡੇਂਸ਼ੀਚੀਰੋ ਦੀਆਂ ਛਹੀਆਂ ਨੂੰ ਡਾਹ ਨਹੀਂ ਦਿੱਤੀ। ਪਰ ਇੱਕ ਕੁੜੀ ਇੱਕ ਹਿਰਸ ਨਫ਼ਸ ਚੋਬਰ ਤੋਂ ਕਿੰਨ੍ਹੀ ਦੇਰ ਲਈ ਬਚ ਸਕਦੀ ਹੈ?

ਡੇਂਸ਼ੀਚੀਰੋ ਇੱਕ ਰਾਤ ਸ਼ਰਾਬੀ ਹੋ ਗਿਆ ਸੀ। ਉਸਦਾ ਧਿਆਨ ਹਰ ਦਿਨ ਮੁਸਾਸ਼ੀ ਤੇ ਸੀ, ਕਿਉਂਕਿ ਉਹ ਆਵਦੇ ਭਰਾ ਦਾ ਬਦਲਾ ਲੈਣਾ ਚਾਹੁੰਦਾ ਸੀ, ਕਿਉਂਕਿ ਉਸ ਦੇ ਮਦਰੱਸੇ ਦਾ ਨਾਂ ਹੁਣ ਮਿੱਟੀ'ਚ ਮਿਲ ਚੁੱਕਾ ਸੀ। ਪਰ ਹਰ ਦਿਨ ਇਸ ਲੜਾਈ ਦਾ ਅੱਜਕੱਲ੍ਹ ਅੱਜਕੱਲ੍ਹ ਕਰਕਾ ਸਾਡੇ ਕੋਲ਼ ਆ ਕੇ ਮੇਰੇ ਨਾਲ਼ ਹੀ ਵਕਤ ਕੱਟਦਾ ਸੀ। ਹਾਰ ਕੇ ਉਸਨੇ ਮੇਰੇ ਨਾਲ਼ ਜ਼ਬਰਦਸਤੀ ਕਰ ਲਈ! ਮੈਂ ਉਸ ਤੋਂ ਬਾਅਦ ਘਰੋਂ ਦੌੜ੍ਹ ਗਈ! ਫਿਰ ਉਹ ਤਾਂ ਆਵਦੀ ਨਿਸ਼ਾ ਕਰਕੇ ਚਲਾ ਗਿਆ ਜਦ ਉਸ ਲਈ ਸੰਦੇਸ਼ ਆਇਆ ਕਿ ਉਸ ਦੀ ਚੁਣੌਤੀ ਨੂੰ ਮੁਸਾਸ਼ੀ ਨੇ ਵੰਗਾਰਿਆ ਹੈ। ਤਾਂ ਉਸ ਰਾਤ ਮੇਰਾ ਤਾਂ ਦਿਲ ਟੁੱਟ ਗਿਆ। ਹੁਣ ਤਕੇਜ਼ੋ...ਮੁਸਾਸ਼ੀ...ਜੋ ਮਰਜ਼ੀ ਉਸ ਦਾ ਨਾਂ ਸੀ, ਨੇ ਕਦੀ ਵੀ ਨਹੀਂ ਮੈਨੂੰ ਪਿਆਰ ਕਰਨਾ! ਬੰਦਾ ਤਾਂ ਸੌਂ ਤੀਵੀਆਂ ਨਾਲ਼ ਸਾਂਝੀਵਾਲ ਹੋ ਸਕਦਾ, ਪਰ ਜੇ ਬੇਗਮ ਨੇ ਇੱਕ ਮਰਦ ਵੱਲ ਵੀ ਅੱਖ ਚੁੱਕੀ, ਤਾਂ...ਕਲੰਕ ਲੱਗ ਜਾਂਦਾ।

ਜਦ ਡੇਂਸ਼ੀਚੀਰੋ ਚਲਾ ਗਿਆ, ਤਾਂ, ਮੈਂ ਗੁੰਮ ਸੁੰਮ ਅਤੇ ਬੇਵੱਸ ਬਾਹਰ ਨਿਕਲ ਆਈ ਅਤੇ ਕੰਧੀ ਵੱਲ ਤੁਰ ਪਈ। ਮੇਰੇ ਬੱਸ ਪਤਲੀ ਕਿਮੋਨੋ ਹੀ ਪਾਈ ਹੋਈ ਸੀ ਅਤੇ ਵਾਲ਼ ਖਿੱਲਰੇ ਹੋਏ ਸਨ। ਰਾਤ ਸੀ, ਠੰਢੀ ਵੀ ਬਹੁਤ ਸੀ। ਕਿਸੇ ਨੇ ਨਹੀਂ ਆਖਿਆ ਕਿ ਤੂੰ ਕੀ ਕਰ ਰਹੀ ਹੈ, ਜਾਂ ਕਿੱਥੇ ਚਲੀ ਏ। ਹਾਲੇ ਵੀ ਡੇਂਸ਼ੀਚੀਰੋ ਦਾ ਸ਼ਰਾਬ ਨਾਲ਼ ਭਰਿਆ ਸਾਹ ਮੇਰੇ ਖਿਆਲਾਂ ਵਿੱਚ ਸੀ, ਉਸਦੀਆਂ ਐਬੀ ਅੱਖਾਂ ਅਤੇ ਉਹ ਤੁੰਦ ਹੱਥ ਜਿੰਨ੍ਹਾਂ ਨਾਲ਼ ਮੇਰੀ ਪੱਤ ਲੁੱਟੀ ਤੇ ਮੈਨੂੰ ਦਾਗ਼ੀ ਕੀਤਾ, ਢੇਕੇ ਮਾਰਦਾ..ਕੁੱਝ ਵੀ ਦਿਮਾਗ਼'ਚੋਂ ਕੱਢ ਨਹੀਂ ਸਕਦੀ ਸੀ। ਇਸ ਲਈ ਮੈਨੂੰ ਕੋਈ ਪਤਾ ਨਹੀਂ ਸੀ, ਕਿ ਕਦਮ ਕਿੱਥੇਂ ਲੈ ਕੇ ਜਾ ਰਹੇ ਸਨ, ਅਤੇ ਕੌਣ ਮੇਰੇ ਵੱਲ ਝਾਕ ਰਿਹਾ ਸੀ। ਇੰਝ ਮੈਂ ਦਰਿਆ ਤੱਕ ਪੁੱਜ ਗਈ।

ਲੋਕਾਂ ਨੇ ਮੈਨੂੰ ਪਾਣੀ ਵਿੱਚ ਵੜਣ ਤੋਂ ਵੀ ਨਹੀਂ ਰੋਕਿਆ। ਜਦੋਂ ਪਾਣੀ ਮੇਰੀ ਤੇੜ ਤੋਂ ਵੀ ਜ਼ਿਆਦਾ ਉੱਚਾ ਹੋ ਗਿਆ ਤਾਂ, ਫਿਰ ਹੀ ਲੋਕ ਦਰਿਆ ਦੇ ਕੰਢੇ ਵੱਲ ਵਧੇ। ਉਨ੍ਹਾਂ ਨੇ ਕੰਡੇ ਤੇ ਖੜ੍ਹਕੇ ਹਾਕਾਂ ਮਾਰੀਆਂ, ਪਰ ਇੱਕ ਵੀ ਗਹਾਂ ਨਹੀਂ ਵਧਿਆ ਬਚਾਉਣ ਲਈ। ਮੈਂ ਆਪਣੇ ਆਪ ਨੂੰ ਪਾਣੀ ਵਿੱਚ ਗਰਕਾਇਆ। ਮੈਂ ਡੁੱਬਣਾ ਚਾਹੁੰਦੀ ਸੀ। ਕਿਉਂਕਿ ਜੇ ਮੈਂ ਤਕੇਜ਼ੋ ਦੀ ਨਹੀਂ ਹੋ ਸਕਦੀ ਤਾਂ, ਕੋਈ ਸਾਲਾ ਹੋਰ ਬੰਦਾ ਵੀ ਰੋਹਬ ਚਲਾ ਕੇ ਮੈਨੂੰ ਆਵਦਾ ਖਿਡਾਉਣਾ ਨਹੀਂ ਬਣਾ ਸਕਦਾਂ! ਫਿਰ ਮੈਨੂੰ ਕਿਸੇ ਔਰਤ ਦੀ ਆਵਾਜ਼ ਸੁਣਾਈ ਦਿੱਤੀ, ਜੋ ਕਿਸੇ ਬੰਦੇ ਨੂੰ ਵਾਰ ਵਾਰ ਕਹਿ ਰਹੀ ਸੀ, - ਗੋਨ ਮਾਮਾ, ਇਸ ਨੂੰ ਛੱਡ! ਕੀ ਕਰ ਰਿਹਾ ਏ?-, ਤੇ ਉਹ ਬੰਦਾ ਅੱਗੋਂ ਬੋਲ ਰਿਹਾ ਸੀ, - ਓਸੁਗੀ ਭੈਣੇ, ਇਸ ਨੇ ਡੁੱਬ ਜਾਣਾ! ਮੈਨੂੰ ਬਚਾ ਲੈਣਦੇ ਇਸਨੂੰ!-। ਫਿਰ

ਪਾਣੀ ਮੇਰੇ ਕੰਨਾਂ'ਚ ਭਰ ਗਿਆ, ਮੂੰਹ ਵਿੱਚ ਅਤੇ ਨਾਸਾਂ'ਚ ਵੀ। ਉਸ ਤੋਂ ਬਾਅਦ ਪਤਾ ਨਹੀਂ ਕੀ ਹੋਇਆ; ਲੱਗਦਾ ਮੈਂ ਬੇਹੋਸ਼ ਹੋ ਗਈ ਸੀ।

ਕੁੱਝ ਦਿਨਾਂ ਬਾਅਦ ਜਦ ਮੈਨੂੰ ਹੋਸ਼ ਆਇਆ ਤਾਂ ਮੈਨੂੰ ਪਤਾ ਲੱਗਾ ਕਿ ਮੈਂ ਕਿਸੇ ਦੇ ਘਰ ਫੁਟੋਨ ਮੰਜੇ ਤੇ ਪਈ ਸੀ। ਨਾਲ਼ ਦੇ ਕਮਰੇ'ਚੋਂ ਵਾਜ਼ਾਂ ਆ ਰਹੀਆਂ ਸਨ। ਫਿਰ ਦਰਵਾਜ਼ਾ ਖੁੱਲ੍ਹਿਆ ਤੇ ਠਿੱਠ ਮੁਖੜੇ ਨਾਲ਼ ਖਲੋਇਆ, ਡੇਂਸ਼ੀਚੀਰੋ ਸੀ।ਪਹਿਲਾਂ ਉਸ ਨੇ ਅੱਖ ਨਾ ਚੁੱਕੀ, ਪਰ ਫਿਰ ਮੇਰੇ ਨੇੜੇ ਆ ਗਿਆ। ਮੈਂ ਆਵਦੀਆਂ ਅੱਖਾਂ ਮੀਟੀਆਂ। ਇਹ ਇੱਕ ਡਰਾਉਨਣੇ ਸੁਪਨੇ ਵਾਂਗ ਸੀ, ਮੈਂ ਉਸ ਦੇ ਘਰ ਵਾਪਸ ਆ ਗਈ? ਲੱਗਦਾ ਹੈ ਕਿ ਉਸ ਗੋਨ ਮਾਮੇ ਨੇ ਹੀ ਮੈਨੂੰ ਬਚਾ ਕੇ ਵਾਪਸ ਇੱਥੇਂ ਲੈ ਆਂਦਾ ਸੀ! ਮੈਂ ਘੇਸਲ਼ ਵੱਟ ਕੇ ਪਈ ਰਹੀ।ਡੇਂਸ਼ੀਚੀਰੋ ਨੇੜੇ ਆ ਕੇ ਬਹਿ ਗਿਆ ਤੇ ਬੋਲਿਆ, – ਮੈਨੂੰ ਮਾਫ਼ ਕਰਦੇ ਅੱਕੇਮੀ! ਮੈਨੂੰ ਕੁੜੀ ਨਾਲ਼ ਪਿਆਰ ਨਹੀਂ ਕਰਨਾ ਆਉਂਦਾ! ਮਾਫ਼ ਕਰਦੇ! ਹੁਣ ਦੱਸ ਮੈਂ ਕੀ ਕਰਾਂ? ਤੂੰ ਵੀ ਮੈਨੂੰ ਸਤਾਉਂਦੀ ਹੈ! ਪਰ ਤੇਰੀ ਮਾਂ ਨੇ ਹਰ ਰਾਤ ਤੈਨੂੰ ਤੇ ਮੈਨੂੰ ਆਪਸ ਵਿੱਚ ਬੈਠਣ ਦੀ ਖੁੱਲ ਦਿੱਤੀ। ਮੈਂ ਹੋਰ ਕੀ ਸਮਝਾ? ਤੂੰ ਅਕਸਰ ਮੇਰੀ ਹੀ ਹੈ! ਦੇਖ ਹੁਣ ਮੈ,ਂ ਉਸ ਹਰਾਮਜ਼ਾਦੇ ਮੁਸਾਸ਼ੀ ਜਿਸ ਨੇ ਮੇਰੇ ਭਰਾ ਨੂੰ ਮਾਰਿਆ ਅਤੇ ਮੇਰੇ ਬਾਪੂ ਕੈਂਡੋ ਯੋਸ਼ੀਓਕਾ ਦਾ ਨਾਂ ਮਿੱਟੀ ਵਿੱਚ ਮਿਲਾਇਆ, ਨੂੰ ਖਤਮ ਕਰਕੇ ਵਾਪਸ ਆਉਂਦਾ ਹੈ। ਤੂੰ ਹੁਣ ਕੋਈ ਪੁੱਠੀ ਸਿੱਧੀ ਹਰਕਤ ਨਹੀਂ ਕਰਨੀ, ਅੱਛਾ? ਸਾਡੇ ਤਾਂ ਯੋਸ਼ੀਓਕਾ ਪਿੰਡ ਦਾ ਨਾਂ ਵੀ ਉਸਨੇ ਤੇ ਉਸਦੀ ਓਤਸੂ ਨੇ ਖਰਾਬ ਕਰ ਦਿੱਤਾ ਏ!–।

ਜਦ ਮੇਰੇ ਕੰਨਾਂ'ਚ ਮੁਸਾਸ਼ੀ ਦਾ ਨਾਂ ਪਿਆ, ਜੋ ਮੈਂ ਸਮਝ ਗਈ ਸੀ ਕਿ ਤਕੇਜ਼ੋ ਦਾ ਨਾਂ ਹੀ ਹੈ, ਜੋ ਇਸ ਓਤਸੂ ਔਰਾਤ ਨਾਲ਼ ਜੁੜਿਆ ਹੈ, ਤਾਂ ਮੇਰਾ ਦਿਲ ਹੀ ਟੁੱਟ ਗਿਆ। ਹੁਣ ਤਾਂ ਸਗੋਂ ਮੈਂ ਹੋਰ ਪੱਕਾ ਮਨ ਬਣਾ ਲਿਆ ਇੱਥੋਂ ਦੌੜ੍ਹਨ ਦਾ। ਪਰ ਐਤਕੀ ਪਾਣੀ ਵੱਲ ਨਹੀਂ ਜਾਂਵਾਗੀ! ਇਸ ਵਕਤ ਮੈਂ ਕੁੱਝ ਨਹੀਂ ਬੋਲੀ ਉਸਦੇ ਸਾਹਮਣੇ, ਪਰ ਜਦ ਉਹ ਬਾਹਰ ਚਲਾ ਗਿਆ ਤਾਂ ਮੇਰੇ ਅੰਦਰੋਂ ਜੋਰ ਜੋਰ ਦੀ ਰੋਣਾ ਫੁੱਟਿਆ।ਤਕੇਜ਼ੋ ਨੇ ਤਾਂ ਉਸ ਓਤਸੂ ਨੂੰ ਹਿੱਕ ਨਾਲ਼ ਲਾ ਲਿਆ ਏ? ਪੱਕਾ ਤਕੇਜ਼ੋ ਦਾ ਓਤਸੂ ਲਈ ਇਸ਼ਕ ਹਕੀਕੀ ਹੋਵੇਗਾ, ਪਰ ਇਧਰ ਮੇਰੇ ਲਈ ਡੇਂਸ਼ੀਚੀਰੋ ਵਰਗੇ ਦਾ ਤਾਂ ਇਸ਼ਕ ਮਜਾਜ਼ੀ ਹੀ ਹੈ। ਇੰਨ੍ਹਾਂ ਆਦਮੀਆਂ ਨੂੰ ਕਿੱਥੇਂ ਪਤਾ ਅਸਲੀਅਤ'ਚ ਉਲਫ਼ਤ ਕਿਵੇਂ ਕਰਨੀ ਹੁੰਦੀ ਹੈ ਅਤੇ ਪਿਆਰ ਕੀ ਹੁੰਦਾ? ਬੱਸ ਇੱਕੋ ਤੇਹ ਤੇ ਨਫ਼ਸ ਹੀ ਹੈ ਬੰਦੇ ਲਈ। ਇੱਕ ਪਾਸੇ ਸਾਨੂੰ ਦੇਵੀਆਂ ਬਣਾ ਕੇ ਪੂਜਦੇ ਨੇ, ਤੇ ਦੂਜੇ ਪਾਸੇ ਸਾਨੂੰ ਕਾਮ ਵਾਸ਼ਨਾ ਦੀਆਂ ਮਾਰ ਬਣਾਉਂਦੇ ਨੇ। ਰੋ ਰੋ ਹਾਰਕੇ ਨੀਂਦ ਆ ਗਈ।

ਐਤਕੀ ਡੇਂਸ਼ੀਚੀਰੋ ਦੇ ਆਦਮੀ ਖੜ੍ਹੇ ਸੀ ਕਮਰੇ ਤੋਂ ਬਾਹਰ। ਹੁਣ ਇੰਨ੍ਹਾਂ ਸੌਖਾ ਨਹੀਂ ਹੋਣਾ ਸੀ ਬਾਹਰ ਨਿਕਲਣਾ। ਪਰ ਹੁਣ ਮੈਂ ਉਸ ਕੁੱਤੇ ਡੇਂਸ਼ੀਚੀਰੋ ਨੂੰ ਦੁਬਾਰੇ ਆਵਦੇ ਹੱਥ ਨਹੀਂ ਲਾਉਣ ਦੇਵਾਂਗੀ, ਅਤੇ ਖੁਦ ਨੂੰ ਉਸ ਮੁਸਾਸ਼ੀ ਲਈ ਵੀ ਨਹੀਂ ਸਾਂਭ ਕੇ ਰੱਖਾਂਗੀ। ਸਭ ਨੇ ਹੀ ਮੇਰੀ ਪਿੱਠ ਵਿੱਚ ਛੁਰਾ ਮਾਰਿਆ! ਰੱਬ ਨੇ ਵੀ! ਜੇ ਦਰਿਆ ਨੇ ਮੈਨੂੰ ਆਪਣੀਆਂ ਲਹਿਰਾਂ'ਚ ਡਬੋਕੇ ਨਹੀਂ ਮਾਰਿਆ ਤਾਂ, ਕੋਈ ਗੱਲ ਨਹੀਂ, ਹੁਣ ਮੈਂ ਕੋਈ ਹੋਰ ਰਾਹ ਭਾਲੂੰਗੀ ਇਸ ਥੁੱਥ ਮੁੱਥ ਦੁਨੀਆ ਤੋਂ ਅਲੱਗ ਹੋਣ ਲਈ। ਮੈਂ ਬਾਹਰ ਝਾਤੀ ਮਾਰੀ। ਇੱਕ ਸਮੁਰਾਈ ਹੁਣ ਬਾਹਰਲੇ ਬੂਹੇ ਕੋਲ਼ ਖੜ੍ਹਾ ਸੀ। ਜਿੱਥੇਂ ਘਰ'ਚ ਆਈਦਾ,ਦੋ ਉਸ ਰਾਹ'ਚ ਖਲੋਏ ਸਨ। ਮੈਂ ਪਹਿਲੇ ਵੱਲ ਵਧੀ ਤੇ ਪੈਰ ਚੁੱਕ ਕੇ ਦਰ'ਚੋਂ ਆਵਦੀ ਪਿੰਨੀ ਬਾਹਰ ਕੱਢੀ। ਛੋਟੇ ਦਿਮਾਗ਼ ਵਾਲਾ ਦੁਰਾਚਾਰੀ ਅੰਦਰ ਆ ਵੜ ਗਿਆ। ਮੈਂ ਉਸਦੇ ਸਿਰ ਤੇ ਜੋਰ ਦੇਣੀ ਇੱਕ ਗੁਲਦਾਨ ਮਾਰਿਆ। ਇੱਕ ਵਾਰੀ ਨਹੀਂ। ਮੈਂ ਗੁੱਸੇ ਨਾਲ਼ ਭਰੀ ਸੀ। ਬਹੁਤ ਵਾਰੀ ਮਾਰਿਆ। ਮੇਰਾ ਕਿਮੋਨੋ ਲਾਲ਼ ਲਾਲ਼ ਹੋ ਗਿਆ। ਫਿਰ ਮੈਂ ਉਸਦੀ ਕੱਤਾਨਾ ਫੜ੍ਹ ਕੇ ਬਾਹਰ ਵੱਲ ਤੁਰ ਪਈ।

ਇੰਝ ਮੈਂ ਹੁਣ ਦਰਿਆ ਦੇ ਉਲਟੇ ਰਾਹ ਗਈ, ਖੇਤਾਂ ਵੱਲ, ਪਿੰਡ ਤੋਂ ਦੂਰ। ਇੱਕ ਦੋ ਜਾਣਿਆਂ ਨੇ ਮੇਰੇ ਵੱਲ ਝਾਕਿਆ ਵੀ, ਪਰ ਜਦ ਦੇਖਿਆ ਕਿ ਹੱਥ'ਚ ਤਲਵਾਰ ਹੈ, ਅੱਖਾਂ'ਚ ਅੰਗਾਂਰ ਹੈ ਅਤੇ ਕੱਪੜੇ ਖੂਨ ਨਾਲ਼ ਲਾਲ ਹਨ, ਤਾਂ ਚੁੱਪ ਹੀ ਰਹੇ ਕੋਈ ਕੁੱਝ ਨਹੀਂ ਬੋਲਿਆ। ਹਾਰਕੇ ਅੱਧੀ ਰਾਤ ਹੋ ਗਈ ਸੀ। ਚੰਦ ਦਾ ਵੱਡਾ ਸਾਰਾ ਗੋਲ਼ ਮੋਲ਼ ਚੇਹਰਾ, ਚਿੱਟਾ ਕਾਬ ਸੀ, ਅੰਬਰ ਦੇ ਕਾਲ਼ੇ ਮੇਜ਼ ਪੋਸ਼ ਤੇ। ਮੇਰੇ ਆਲੇ ਦੁਵਾਲ਼ੇ ਵਾਂਸ ਦੇ ਬੂਟੇ ਸਨ। ਮੈਂ ਲਾਂਸ ਵਾਂਗਰ ਤੁਰਦੀ ਸੀ। ਬੱਸ ਇੱਕ ਪੁਤਲੀ ਸੀ, ਜਿਸਨੂੰ ਜੀਵਨ ਨਾਲ਼ ਖਿੱਝ ਸੀ।

ਵਾਂਸਾਂ'ਚੋਂ ਪਤਾ ਨਹੀਂ ਕਿੱਥੋਂ ਇੱਕ ਸ਼ਰਾਬੀ ਪਤਲਾ ਲਿੱਸਾ ਜਿਹਾ, ਰੋਨਿਨ ਸਮੁਰਾਈ ਆ ਨਿੱਕਲਿਆ। ਪਹਿਲਾਂ ਤਾਂ ਉਹ ਮੇਰੇ ਵੱਲ ਸਿੱਧਾ ਹੀ ਵਧਿਆ, ਫਿਰ ਚਾਨਣ ਵਿੱਚ ਉਸਨੂੰ ਪਤਾ ਲੱਗ ਗਿਆ ਕਿ ਮੇਰੇ ਹੱਥ'ਚ ਲਹੂ ਨਾਲ਼ ਲਾਲ ਭਿੱਜੀ ਹੋਈ ਤਲਵਾਰ ਹੈ। ਫਿਰ ਥੋੜ੍ਹਾ ਜਿਹਾ ਪਿੱਛੇ ਹੋ ਗਿਆ। ਪਰ ਉਹ ਪੂਰੇ ਸਰੂਰ'ਚ ਸੀ ਅਤੇ ਮੇਰੇ ਵੱਲ ਝਾਕ ਕੇ ਉਸਦਾ ਦਿਮਾਗ਼ ਇੱਕ ਸੋਚ ਤੇ ਟਿੱਕ ਗਿਆ। ਉਹੀ ਸੋਚ ਜੋ ਮਰਦ ਦੇ ਲੱਕ'ਚ ਪੈਦਾ ਹੁੰਦੀ ਹੈ ਤੇ ਉਸ ਨੂੰ ਇੱਕ ਹੈਵਾਨ ਬਣਾ ਦਿੰਦੀ ਹੈ। ਮੈਨੂੰ ਸਵਾਕ ਪੁੱਛਣ ਲੱਗ ਪਿਆ। ਤੂੰ ਕੌਣ ਹੈ? ਅੱਧੀ ਰਾਤ ਬਾਹਰ ਕੱਲੀ ਕੀ ਕਰ ਰਹੀ ਹੈ? ਕਿਸੇ ਨੂੰ ਮਾਰ ਕੇ ਨੱਠ ਰਹੀ ਹੈ? ਮੈਂ ਚੁੱਪ ਚਾਪ ਗਹਾਂ ਤੁਰੀ ਗਈ। ਪਰ ਉਸਦੀ ਗਿੱਦੜ ਭਬਖੀ ਵਧ ਗਈ ਤੇ ਉਸ ਨੇ ਮੇਰੀ ਬਾਂਹ ਫੜ੍ਹ ਲਈ ਅਤੇ ਕੱਤਾਨਾ ਖੋਹ ਕੇ ਕਿਹਾ, –

ਦੇਖ ਇਸ ਨਾਲ਼ ਕਿਸੇ ਦੇ ਸੱਟ ਵਜ ਜਾਣੀ ਏ। ਮੈਂ ਰੱਖਦਾਂ ਇਸ ਨੂੰ । ਦੇਖ ਜੇ ਤੈਨੂੰ ਕੋਈ ਸੌਣ ਲਈ ਥਾਂ ਚਾਹੀਦੀ ਹੈ ਤਾਂ ਚੱਲ ਮੇਰੇ ਨਾਲ਼ ਆ ਜਾ-। ਮੈਂ ਆਵਦੀ ਬਾਂਹ ਖਿੱਚ ਕੇ ਉਸਦੇ ਚਪੇੜ ਮਾਰੀ। ਪਰ ਆਦਮੀ ਚਾਹੇ ਸ਼ਰਾਬੀ ਹੀ ਹੋਵੇ ਫਿਰ ਵੀ ਕੁੜੀ ਤੋਂ ਤਕੜਾ ਹੀ ਹੁੰਦਾ ਹੈ। ਚਾਣਨ'ਚ ਉਹ ਇੱਕ ਪਾਗਲ਼ ਪਿੰਜਰ ਜਿਹਾ ਲੱਗ ਰਿਹਾ ਸੀ, ਜਿਸ ਨੇ ਜੋਰ ਦੇਣੀ ਮੇਰੀ ਬਾਂਹ ਪਕੜ ਲਈ ਅਤੇ ਚੀਕਦੀ ਨੂੰ ਵਾਂਸਾਂ'ਚ ਲੈ ਗਿਆ। ਮੈਂਥੋਂ ਜੋ ਵੀ ਉਸ ਦੇ ਹੱਥ ਪੈਰ ਵੱਜੇ, ਮੈਂ ਮਾਰੇ; ਮੈਂ ਉਸ ਦੇ ਮੁਖੜੇ ਨੂੰ ਖਰੂੰਡਾਂ ਨਾਲ਼ ਵੀ ਛਿੱਲਿਆ, ਪਰ ਫਿਰ ਵੀ ਉਸ ਨੇ ਮੇਰਾ ਕਿਮੋਨੋ ਲਾਹ ਦਿੱਤਾ। ਇਹ ਤਾਂ ਡੋਂਸ਼ੀਚੀਰੋ ਦਾ ਨਿੱਕਾ ਭਰਾ ਸੀ! ਜਦ ਡਰਦੀ ਡਰਦੀ ਮੈਂ ਚੰਦ ਦੇ ਚਾਣਨ ਹੇਠ ਉਸਦੇ ਕਪਾਲ ਸ਼ਕਲ ਮੁਖ ਵੱਲ ਝਾਕੀ ਤਾਂ ਮੈਨੂੰ ਹੁਣ ਉਹ ਡੋਂਸ਼ੀਚੀਰੋ ਹੀ ਦਿੱਸ ਰਿਹਾ ਸੀ। ਮਾਈ ਨੂੰ ਮਾਰਨ ਨੂੰ ਚਿੱਤ ਕਰਦਾ ਸੀ ਮੇਰਾ, ਪਰ ਉਸ ਪਲ ਮੈਂ ਕੀ ਕਰ ਸਕਦੀ ਸੀ? ਬੱਸ ਆਪਣੇ ਆਪ ਨੂੰ ਤਕਦੀਰ ਦੇ ਹਵਾਲੇ ਕਰ ਦਿੱਤਾ। ਮੈਂ ਉਸ ਨਾਲ਼ ਹੋਰ ਨਾਂ ਲੜ ਸਕੀ। ਜੋ ਮਰਜ਼ੀ ਕਰ ਲਵੇ ਉਹ। ਪਰ ਕਿਸਮਤ ਨਾਲ਼ ਉਸਦੇ ਸਿਰ ਵਿੱਚ ਇੱਕ ਡਾਂਗ ਵੱਜੀ ਅਤੇ ਉਹ ਲੁਟਕ ਕੇ ਮੇਰੇ ਇੱਕ ਪਾਸੇ ਡਿੱਗ ਪਿਆ। ਮੇਰੀਆਂ ਚੀਕਾਂ ਨਿੱਕਲ ਗਈਆਂ। ਚੰਦ ਹੇਠ ਇੱਕ ਭਿਕਸ਼ੂ ਦਾ ਰੂਪ ਦਿੱਸਿਆ ਜਿਸਨੇ ਚਾਰ ਪੰਜ ਵਾਰੀ ਉਸ ਸ਼ਰਾਬੀ ਦੇ ਸੀਸ'ਚ ਡਾਂਗ ਮਾਰੀ। ਜਦ ਉਹ ਡਾਂਗਾਂ ਮਾਰ ਕੇ ਹਟਿਆ ਤਾਂ ਮੇਰੀ ਜਿਉਂਦੀ ਲੋਥ ਨਾਲ਼ ਉਸ ਸ਼ਰਾਬੀ ਦੀ ਲਾਸ਼ ਪਈ ਸੀ, ਜੋ ਮੇਰਾ ਆਕਰਮਣਕਾਰੀ ਸੀ।

ਭਿਕਸ਼ੂ ਹੁਣ ਮੇਰੇ ਵੱਲ ਤਾੜ ਰਿਹਾ ਸੀ। ਮੈਂ ਜਦ ਹੋਸ਼'ਚ ਆਈ ਤਾਂ ਆਪਣੇ ਕਿਮੋਨੋ ਨੂੰ ਵਾਪਸ ਲੈ ਲਿਆ। ਉਸ ਨੇ ਮੇਰੇ ਵੱਲ ਹੱਥ ਵਧਾਇਆ। - ਡਰ ਨਾ ਭੈਣੇ-। ਪਰ ਲੱਗਦਾ ਅੱਜ ਵੀ ਰੱਬ ਮੈਨੂੰ ਮਰਨ ਨਹੀਂ ਦੇ ਰਿਹਾ ਸੀ। ਹੇ ਰੱਬਾ ਮੈਂ ਬਹੁਤ ਗੁੱਸੇ ਹਾਂ ਤੇਰੇ ਨਾਲ਼। ਮੈਂ ਉਸ ਭਿਕਸ਼ੂ ਨੂੰ ਪਰ੍ਹਾਂ ਧੱਕ ਦਿੱਤਾ, ਪਰ ਉਸਨੇ ਮੇਰੇ ਹੱਥ ਖਿੱਚਕੇ ਚੱਕ ਲਿਆ ਅਤੇ ਬੋਲਿਆ -ਮੈਂ ਤੈਨੂੰ ਇਸ ਥਾਂ ਤੋਂ ਲੈ ਜਾਂਦਾ ਹਾਂ-। ਮੈਂ ਦੂਜੇ ਬੰਦੇ ਵੱਲ ਝਾਕੀ। ਭਿਕਸ਼ੂ ਨੇ ਉਸ ਸ਼ਰਾਬੀ ਆਦਮੀ ਨੂੰ ਮਾਰ ਦਿੱਤਾ ਸੀ। ਇਹ ਭਿਕਸ਼ੂ ਆਮ ਲਾਮਿਆਂ ਵਰਗਾ ਨਹੀਂ ਸੀ। ਪਰ ਇਹ ਤਾਂ ਮਸੰਦ ਸੀ ਮੈਲ਼ੇ ਕੱਪੜਿਆਂ'ਚ ਜੋ ਇੱਕ ਮੰਗੀ ਜਾਪਦਾ ਸੀ ਨਾ ਕੇ ਕੋਈ ਰੱਬ ਦਾ ਖਿਦਮਤਗਾਰ। ਵਾਂਸਾਂ'ਚ ਲੈ ਗਿਆ ਮੈਨੂੰ। ਹੁਣ ਕੀ ਪਤਾ ਇਸ ਨੇ ਮੈਨੂੰ ਬਚਾਣਾ ਹੀ ਸੀ ਜਾਂ ਕੀ ਪਤਾ ਇਸ ਨੇ ਵੀ ਕੋਈ ਪਾਪ ਹੀ ਕਰਨਾ ਸੀ ਮੇਰੇ ਨਾਲ਼। ਮੈਂ ਤਾਂ ਹੁਣ ਹਿੰਮਤ ਹਾਰ ਗਈ ਸੀ। ਮਰਦਾਂ ਦੀ ਦੁਨੀਆ ਵਿੱਚ ਮੈਂ ਤਾਂ ਬੱਸ ਮੈਂ ਉਨ੍ਹਾਂ ਦੀਆਂ ਸਨਕਾਂ ਲਈ ਖੇਲ ਹੀ ਸੀ। ਤਕੇਜ਼ੋ ਬਿਨ੍ਹਾਂ ਤਾਂ ਮੈਂ ਮਰਨਾ ਹੀ ਚਾਹੁੰਦੀ ਸੀ।

ਅਸੀਂ ਬਹੁਤੀ ਦੂਰ ਨਹੀਂ ਤੁਰੇ ਹੋਵਾਂਗੇ, ਜਦ ਚੰਦ ਦੇ ਚਾਣਨ'ਚ ਇੱਕ ਝੁੱਗੀ ਦਿਖਾਈ ਦਿੱਤੀ, ਵਾਂਸਾਂ ਵਿਚਾਲੇ ਬਣੀ। ਜੋ ਇਸ ਭਿਕਸ਼ੂ ਦਾ ਘਰ ਸੀ। ਉਸਨੇ ਮੈਨੂੰ ਅੰਦਰ ਲਿਆਕੇ ਬਿਠਾ ਦਿੱਤਾ। ਪਰ ਮੇਰੇ ਮਨ ਵਿੱਚ ਤਾਂ ਇਸ ਬਾਰੇ ਵੀ ਇੱਕ ਸ਼ੱਕ ਸੀ, ਜਿਵੇਂ ਇਹ ਵੀ ਕੋਈ ਬੁਰਾ ਬੰਦਾ ਹੀ ਹੈ, ਜੋ ਮੇਰੇ ਨਾਲ਼ ਕੁੱਝ ਵੀ ਗਲਤ ਕਰ ਸਕਦਾ ਹੈ; ਇਸ ਕਰਕੇ ਹੀ, ਤਾਂ ਮੈਂ ਉਸਨੂੰ ਗੱਲ ਗੱਲ ਤੇ ਵੱਢ ਖਾਣ ਨੂੰ ਪੈਂਦੀ ਸੀ। ਪਰ ਉਸ ਨੇ ਫਿਰ ਵੀ ਮੈਨੂੰ ਰਿੱਕ ਭਾਂਡੇ ਵਿੱਚੋਂ ਜਵਾਰ ਕੱਢ ਕੇ ਖਾਣ ਵਾਸਤੇ ਦੇ ਦਿੱਤੀ। ਝੁੱਗੀ ਵਿੱਚ ਕੋਈ ਸੁਸੱਜਿਤ ਨਹੀਂ ਸੀ, ਨਾ ਕੋਈ ਮੇਜ਼, ਨਾ ਕੋਈ ਕੁਰਸੀ, ਨਾ ਕੋਈ ਮੰਜਾ ਹੀ ਸੀ। ਸਿਰਫ਼ ਕੱਚੀ ਧਰਤੀ ਸੀ, ਜਿਸ ਤੇ ਮੈਨੂੰ ਪੈਣਾ ਪਿਆ। ਫਿਰ ਮੈਂ ਤਾਂ ਜਵਾਰ ਖਾ ਲਈ, ਪਰ ਉਸ ਲਈ ਕੁੱਝ ਵੀ ਨਹੀਂ ਸੀ ਖਾਣ ਲਈ। ਹੋ ਸਕਦਾ ਉਹ ਮੇਰਾ ਫਾਇਦਾ ਹੀ ਸੋਚਦਾ ਸੀ ਅਤੇ ਇੱਕ ਸੱਚਾ ਸੁੱਚਾ ਇਨਸਾਨ ਸੀ, ਪਰ ਜਦ ਸਵੇਰਾ ਹੋਇਆ ਅਤੇ ਉਹ ਬਾਹਰ ਨਿਕਲ ਗਿਆ ਤਾਂ, ਮੇਰੇ ਮਨ'ਚ ਡਰ ਤੇ ਭਰੋਸੇ ਦੇ ਰਲੇ ਮਿਲੇ ਖਿਆਲ ਆਉਣ ਲੱਗੇ, ਕਿ ਕੀ ਪਤਾ ਉਹ ਮੇਰੇ ਲਈ ਕੁੱਝ ਹੋਰ ਖਾਣ, ਲੈਣ ਲਈ ਗਿਆ ਹੋਵੇ ਜਾਂ ਹੋ ਸਕਦਾ ਪੁਲਸ ਹੀ ਨਾ ਬਲਾਉਣ ਗਿਆ ਹੋਵੇ। ਮੈਂ ਤਾਂ ਡਰਦੀ ਸੀ। ਇਸ ਕਰਕੇ ਮੈਂ ਉੱਥੋਂ ਬਾਹਰ ਨੱਠ ਗਈ। ਹੁਣ ਮੇਰਾ ਕਿਮੋਨੋ ਲਹੂ ਅਤੇ ਮਿੱਟੀ ਨਾਲ਼ ਲਿਬੜਿਆ ਸੀ। ਵਾਲ਼ਾਂ'ਚ ਅੜ੍ਹਕਾਂ ਪਈਆਂ ਸਨ। ਬੇਹਾਲ ਹੋਈ ਡਰਦੀ ਮੈਂ ਬਾਹਰ ਨੱਸ ਗਈ।

ਜਿਧਰ ਵੀ ਦੇਖਾਂ, ਹਰ ਪਾਸੇ ਵਾਂਸ ਹੀ ਵਾਂਸ ਸਨ। ਬਹੁਤ ਦੇਰ ਲੱਗੀ ਸੜਕ ਭਾਲ਼ਣ ਨੂੰ। ਜਦ ਲੱਭ ਗਈ ਤਾਂ ਮੈਂ ਡਰਦੀ ਡਰਦੀ ਚਾਰੇ ਪਾਸੇ ਝਾਕੀ। ਪਰ ਹੁਣ ਮੈਨੂੰ ਪਤਾ ਨਹੀਂ ਸੀ ਲੱਗ ਰਿਹਾ ਕਿ ਕਿਹੜਾ ਰਾਹ ਪਿੰਡ ਵਾਪਸ ਡੋਂਸ਼ੀਚੀਰੋ ਵੱਲ ਨੂੰ ਜਾਂਦਾ ਹੈ, ਜਾਂ ਕਿਹੜਾ ਮੈਨੂੰ ਇੱਥੋਂ ਦੂਰ ਲੈ ਕੇ ਜਾਵੇਗਾ। ਮੈਂ ਇੱਕ ਦਰਖ਼ਤ ਹੇਠ ਬਹਿ ਗਈ। ਜਦੋਂ ਦਿਨ ਚੜ੍ਹਿਆ ਤਾਂ ਲੋਕਾਂ ਦੀ ਆਵਾਜਾਈ ਨਾਲ਼ ਮਾਰਗ ਭਰ ਗਿਆ। ਤੁਰੇ ਜਾਂਦੇ ਲੋਕ ਮੇਰੇ ਵੱਲ ਝਾਕਦੇ ਸਨ, ਪਰ ਕਿਸੇ ਨੇ ਪੁੱਛਿਆ ਨਹੀਂ ਕਿ ਕੌਣ ਹੈ ਤੂੰ ਅਤੇ ਇਸ ਖਤਾਨ ਕੋਲ਼ ਕਾਹਤੋਂ ਬੈਠੀ ਏਂ। ਕਿਸਮਤ ਨਾਲ਼ ਉਹ ਭਿਕਸ਼ੂ ਇਹ ਰਾਹ ਨਹੀਂ ਆਇਆ, ਪਰ ਇੱਕ ਹੋਰ ਲੰਬਾ ਜਵਾਨ ਬੰਦਾ ਤੁਰਦਾ ਹੋਇਆ ਮੇਰੇ ਕੋਲ਼ ਆਇਆ; ਜਿਸਦੇ ਲਾਲ਼ ਵਰਦੀ ਪਾਈ ਸੀ ਅਤੇ ਕੰਧੇਂ ਤੇ ਇੱਕ ਬਾਂਦਰ ਬੈਠਾ ਸੀ। ਉਸ ਬੰਦੇ ਦੀ ਪਿੱਠ ਤੇ ਲੰਬੀ ਜਿਹੀ ਤਲਵਾਰ ਬੰਨ੍ਹੀ ਸੀ। ਉਸਨੇ ਮੇਰੇ ਵੱਲ ਦੇਖਕੇ ਮੈਨੂੰ ਆਖਿਆ, - ਕੌਣ ਹੈ ਤੂੰ?-।

ਮੇਰਾ ਬੋਲ਼ਣ ਨੂੰ ਚਿੱਤ ਤਾਂ ਨਹੀਂ ਸੀ ਕਰਦਾ। ਪਰ ਹੁਣ ਭੁੱਖੇ ਪੇਟ ਦੀ ਅੱਗ ਸਤਾ ਰਹੀ ਸੀ ਮੈਨੂੰ। ਉਸ ਨੇ ਮੈਨੂੰ ਆਵਦੀ ਜੇਬ'ਚੋਂ ਕੁੱਝ ਕੱਢ ਕੇ ਫੜ੍ਹਾਇਆ ਖਾਣ ਲਈ। ਮੈਂ ਚੰਦਰਿਆਂ ਵਾਂਗ ਖਾ ਗਈ। ਫਿਰ ਉਸ ਨੇ ਮੈਨੂੰ ਸਵਾਲ ਕੀਤਾ। ਹੁਣ ਮੈਂ ਜਵਾਬ ਦਿੱਤਾ ਕੇ ਮੇਰਾ ਨਾਂ ਅੱਕੇਮੀ ਹੈ। ਇੱਕ ਹੌਲ਼ਨਾਕ ਆਦਮੀ ਤੋਂ ਬਚਕੇ ਦੌੜੀ ਹਾਂ ਅਤੇ ਦੂਰ ਜਾਣਾ ਚਾਹੁੰਦੀ ਹਾਂ। ਫਿਰ ਉਸਨੇ ਮੈਨੂੰ ਆਵਦਾ ਨਾਂ ਦੱਸ ਦਿੱਤਾ।

- ਮੇਰਾ ਨਾਂ ਸੱਸਾਕੀ ਕੋਜਿਰੋ ਹੈ। ਤੇ ਲੋਕ ਮੈਨੂੰ ਗਣਰੂਵਾਲਾ ਸੱਦਦੇ ਨੇ। ਚੱਲ ਉੱਠ; ਮੇਰੇ ਨਾਲ਼ ਚੱਲ। ਬੱਸ ਥੋੜ੍ਹੇ ਚਿਰ ਤੀਕਰ ਅਸੀਂ ਇੱਕ ਠੇਰ੍ਹੀ ਕੋਲ਼ ਪੁੱਜ ਜਾਣਾ ਹੈ। ਉੱਥੇਂ ਮੈਂ ਤੈਨੂੰ ਔਰਤਾਂ ਦੇ ਸਾਧਣੀ ਘਰ ਛੱਡ ਦੇਵਾਂਗਾ। ਅੱਛਾ? ਚੱਲ ਆ ਫਿਰ-।

- ਭੁੱਖ ਲੱਗ ਰਹੀ ਹੈ-।

- ਹੁਣ ਤਾਂ ਜੋ ਮੇਰੇ ਕੋਲ਼ ਖਾਣ ਸੀ ਦੇ ਦਿੱਤਾ। ਚੱਲ ਜਦ ਠੇਰ੍ਹੀ ਪਹੁੰਚ ਗਏ ਖਾਣਾ ਪੀਣਾ ਮਿਲ ਜਾਵੇਗਾ-। ਪਰ ਮੈਂ ਤਾਂ ਹੁਣ ਬਹੁਤ ਕਮਜ਼ੋਰ ਸੀ ਤੇ ਤੁਰਨਾ ਔਖਾ ਸੀ। ਅਤੇ ਲਾਲ ਖ਼ੂਨ ਰੰਗੇ ਕੱਪੜੇ ਖਰਾਬ ਲੱਗ ਰਹੇ ਸਨ। ਉਸ ਨੇ ਆਵਦੀ ਲਾਲ ਸਦਰੀ ਮੇਰੇ ਮੋਢਿਆਂ ਤੇ ਰੱਖ ਦਿੱਤੀ ਫਿਰ ਮੈਨੂੰ ਬਾਹਾਂ'ਚ ਚੱਕ ਲਿਆ। ਮੈਂ ਹੁਣ ਇਸ ਕੁੱਝ ਤੋਂ ਕਿਵੇਂ ਸ਼ਰਮ ਕਰਾਂ? ਮੇਰੇ ਲਈ ਤਾਂ ਇਹ ਕੁੱਝ ਵੀ ਨਹੀਂ ਸੀ। ਮੇਰੇ ਨਾਲ਼ ਤਾਂ ਇਸਤੋਂ ਵੀ ਜ਼ਿਆਦਾ ਵੱਡੀਆਂ ਚੀਜ਼ਾਂ ਹੋਇਆਂ ਨੇ। ਉਸ ਨੂੰ ਵੀ ਕੋਈ ਫਿਕਰ ਨਹੀਂ ਸੀਲੱਗ ਰਿਹਾ, ਕਿ ਸਹੇ ਸਹੇ ਜਾਂਦੇ ਲੋਕ ਕੀ ਕਹਿਣ ਗਏ। ਬਿੰਦ ਕੁ ਬਾਅਦ ਅਸੀਂ ਇੱਕ ਢਾਬੇ ਤੇ ਪੁੱਜ ਗਏ। ਉਸ ਨੇ ਮੈਨੂੰ ਬਾਹਰ ਮੇਜ਼ ਕੋਲ਼ ਬਿਠਾ ਦਿੱਤਾ ਤੇ ਆਪ ਅੰਦਰ ਵੜ ਗਿਆ। ਜਦ ਬਾਹਰ ਆਇਆ ਤਾਂ ਉਸ ਕੋਲ਼ ਥਾਲੀ ਸੀ ਜਿਸ'ਚ ਸੁੱਸ਼ੀ, ਰਾਮਨ ਆਦਿ ਸਨ। ਮੈਂ ਚੁੱਪ ਚਾਪ ਖਾਈ ਗਈ।

- ਅੱਕੇਮੀ ਮੈਂ ਤੈਨੂੰ ਪਿੰਡ ਛੱਡ ਦੇਵਾਂਗਾ। ਪਰ ਮੈਂ ਕਾਹਲ਼ੀ'ਚ ਹਾਂ। ਯੋਸ਼ੀਓਕਾ ਮਦਰੱਸੇ ਪੁੱਜਣਾ-। ਇਹ ਸੁਣ ਕੇ ਮੇਰਾ ਤਾਂ ਖ਼ੂਨ ਹੀ ਪਾਣੀ ਬਣ ਗਿਆ। -ਕਿਉਂ?- ਜਦ ਆਖਿਆ ਤਾਂ ਉਸ ਦਾ ਡਰਾਉਣਾ ਜਵਾਬ ਆਇਆ, -ਡੇਂਸ਼ੀਚੀਰੋ ਨਾਲ਼ ਗੱਲ ਕਰਨੀ ਹੈ, ਇੱਕ ਮੁਸਾਸ਼ੀ ਬਾਰੇ-। ਮੇਰੇ ਅੰਦਰ ਨੇ ਆਖਿਆ, ਹੇ ਰੱਬ ਤੂੰ ਵੀ ਕੀ ਖੇਲ ਖੇਲਦਾਂ ਮੇਰੇ ਨਾਲ਼? ਇਹ ਸੋਚਾਂ ਬਾਰ ਬਾਰ ਆਈ ਜਾਂਦੀਆਂ।

# ਰਣ

# ੨੨੯੯



ਪੰਜਾਬ ਵਿੱਚ ਤਾਸ਼ ਦੀਆਂ ਕਈ ਤਰ੍ਹਾਂ ਦੀਆਂ ਖੇਡਾਂ ਹਨ, ਜਿੰਨ੍ਹਾਂ'ਚੋਂ ਨੇ ਭਾਬੀ, ਸੀਪ ਜਾਂ ਸਰਾਂ ਮੱਲਣ। ਪਰ ਇਕ੍ਹੀਵੀ ਸਦੀ ਵਿੱਚ ਇੱਕ ਨਵੀਂ ਖੇਲ ਪੈਦਾ ਹੋਈ ਸੀ, ਜੋ ਆਮ ਤੌਰ ਤੇ ਲੋਕ ਮਜ਼ਾ ਲਈ ਵੀ ਖੇਡਦੇ ਸੀ। ਇਹ ਜੂਏਬਾਜਾਂ ਦੀ ਵੀ ਇੱਕ ਹਰਮਨ ਪਿਆਰੀ ਖੇਡ ਸੀ। ਇਸਨੂੰ ਉਸਾਇਰਿਆ ਸੀ ਇੱਕ ਵਲਾਇਤੀ ਪੰਜਾਬੀ ਨੇ, ਰੱਮੀ, ਸੀਪ, ਭਾਬੀ ਅਤੇ ਕੁੱਝ ਫਰੰਗੀ ਖੇਡਾਂ ਦੀ ਮਿਲ਼ ਮਲਾਵਟ ਕਰਕੇ।

ਉਸ ਵਲਾਇਤੀ ਦਾ ਨਾਂ ਜੀਵਨ ਢਿੱਲੋਂ ਅਤੇ ਉਸਨੇ ਖੇਡ ਨੂੰ ਨਾਮ ਦਿੱਤਾ ਸੀ ਰਣ।

ਫਿਰ ਹੌਲੀ ਹੌਲੀ ਰਣ ਆਮ ਲੋਕ ਵੀ ਖੇਲਣ ਲੱਗ ਪਏ ਅਤੇ ਜੂਆਰੀ ਲੋਕ ਵੀ। ਇਸ ਲਈ ਹਾਰਕੇ ਇਸ ਤੇ ਰੋਕ ਲੱਗ ਗਈ। ਫਿਰ ਵੀ ਬਾਹੀਵੀ ਸਦੀ ਵਿੱਚ ਇੱਕ ਕੱਚ ਚਿਲਮਨ ਵਾਲਾ ਮੇਜ਼ ਬਣਾਇਆ ਗਿਆ ਜਿਸ ਤੇ ਹੱਥ ਲਾਕੇ ਹੀ ਬਿਜਲੀ ਵਾਲੀ ਤਾਸ਼ ਖੇਡੀ ਜਾ ਸਕਦੀ ਸੀ। ਮੇਜ਼ ਦੀਆਂ ਚਾਰ ਗੁੱਠਾਂ ਤੇ ਟੀਵੀ ਰੱਖੇ ਸਨ ਜਿੰਨ੍ਹਾਂ ਤੇ ਚਾਰੇ ਖੇਲਾਡੀ ਆਵਦੀੱਆਵਦੀ ਤਾਸ਼ ਦੇ ਪੱਤੇ ਵੇਖ ਸਕਦੇ ਸੀ।ਤਾਸ਼ ਦਾ ਪੱਤਾ ਮੇਜ਼ ਦੀ ਕੱਚ ਵਾਲੀ ਸਤ੍ਹਾ ਤੇ ਉਂਗਲੀਂ ਮਾਰਕੇ ( ਜਿਵੇਂ ਆਈਪੈਡ ਤੇ ਕਰੀ ਦਾ) ਖੇਡ ਸਕਦੇ ਸੀ। ਇੰਝ ਲੋਕ ਮੇਜ਼ ਤੇ ਤਾਸ਼ ਨਾਲ਼ ਜੂਆ ਖੇਡਦੇ ਸੀ ਅਤੇ ਤਾਸ਼ ਦੀਆਂ ਹੋਰ ਖੁਡਾਂ ਵੀ ਖੇਡਦੇ ਸੀ। ਸੋ ਰਣ ਖੇਡ ਕਿਸ ਤਰ੍ਹਾਂ ਦੀ ਖੇਡ ਹੈ?

ਹਾਂ, ਰਣ ਖੇਲਣ ਲਈ ਚਾਰ ਜਾਂ ਵਧ ਸੰਗਰਾਮੀਏ ਚਾਹੀਦੇ ਨੇ। ਡੀਲਰ ਤਾਸ ਫੈਂਟ ਕੇ ਆਪਣੇ ਸੱਜੇ ਪਾਸੇ ਬੈਠੇ ਖਿਲਾਡੀ ਤੋਂ ਸ਼ੁਰੂ ਕਰਕੇ ਸਾਰਿਆਂ ਨੂੰ ਪੰਜੱਪੰਜ ਪੱਤੇ ਦਿੰਦਾ। ਫਿਰ ਦੋੱਦੋ ਹਰੇਕ ਨੂੰ ਹੋਰ ਵੰਡਦਾ ਹੈ। ਇਸ ਤੋਂ ਬਾਅਦ ਜਿਹੜੇ ਪੱਤੇ ਬਾਕੀ ਰਹਿ ਜਾਂਦੇ ਹਨ, ਉਨ੍ਹਾਂ ਨੂੰ ਮੇਜ਼ ਉੱਤੇ ਰੱਖ ਦਿੰਦਾ ਹੈ। ਹੁਣ ਰੱਮੀ ( ਰੰਗ ਜੋੜਣੇ) ਵਾਂਗਰਾ ਤਿੰਨ ਗੇੜੇ ਚਲਦੇ ਜਿੰਨ੍ਹਾਂ ਵਿੱਚ ਹਰ ਖਿਲਾਡੀ ਨੂੰ ਮੌਕਾ ਮਿਲ਼ਦਾ ਇੱਕ ਜਾਂ ਜ਼ਿਆਦਾ ਘਰ ਬਣਾਉਣ ਦਾ। ਕੁੱਲ ਚਾਰ ਘਰ ਹੁੰਦੇ ਨੇ। ਹੁਕਮ, ਚਿੜੀ, ਇੱਟ ਤੇ ਪਾਨ। ਜਦ ਤਿੰਨੇ ਗੇੜੇ ਇੰਝ ਪੂਰੇ ਹੋ ਜਾਂਦੇ ਹਨ ਤਾਂ ਫਿਰ ਅਸਲੀ ਖੇਡ ਸ਼ੁਰੂ ਹੁੰਦੀ ਹੈ।

ਰਣ ਦਾ ਟੀਚਾ ਹੈ ਵੱਧ ਤੋਂ ਵੱਧ ਕੋਟ ਜਿੱਤਣੇ ਘਰਾਂ ਨਾਲ਼ ਹਮਲਾ ਕਰਕੇ। ਮਤਲਬ ਜਿਸ ਕੋਲ਼ ਜ਼ਿਆਦੇ ਪੱਤੇ ਇਕੱਠੇ ਹੁੰਦੇ ਹਨ ਉਹ ਜਿੱਤਦਾ ਹੈ। ਸੋ ਖੇਡ ਸ਼ੁਰੂ ਕਰਨ ਲਈ ਜਿਹੜਾ ਡੀਲਰ ਦੇ ਸੱਜੇ ਪਾਸੇ ਬੈਠਾ ਹੈ ਉਹ ਪਹਿਲਾਂ ਹਮਲਾ ਕਰਦਾ ਹੈ। ਆਮ ਤਾਸ਼ ਦੀ ਖੇਡ ਵਾਂਗ ਇਸ ਖੇਡ'ਚ ਵਾਰੀ ਸਿਰ ਚੱਕਰ ਨਹੀਂ ਚਲਦਾ। ਇਸ'ਚ ਹਮਲਾ ਕਰਨ ਵਾਲਾ ਜਿਹੜੇ ਮਰਜ਼ੀ ਖਿਲਾੜੀ ਤੇ ਝਈ ਲੈ ਕੇ ਪੈ ਸਕਦਾ ਹੈ। ਬੱਸ ਹਮਲਾ ਕਰਨ ਲਈ ਇੱਕ ਰੰਗ ਦੇ ਪੱਤੇ ਚਾਹੀਦੇ, ਆਮ ਤੌਰ ਤੇ ਚਾਰ, ਪਰ ਇੱਕ ਜਾਂ ਦੋ ਨਾਲ਼ ਵੀ ਕੰਮ ਚਲਦਾ ਹੈ। ਜਿਵੇਂ ਕਿ ਹਮਲਾ ਅਵਾਰ ਤਿੰਨ ਪੱਤੇ ਮੇਜ਼ ਤੇ ਰੱਖਦਾ ਹੈ, ਹੁਕਮ ਦਾ ਗੁਲਾਮ, ਹੁਕਮ ਦੀ ਸੱਤੀ ਤੇ ਚੌਕੀ। ਜਿਹੜਾ ਰੱਖਿਆਕ ਖਿਲਾੜੀ ਹੈ ਉਹ ਜਵਾਬ ਵਿੱਚ ਹੁਕਮ ਦੀ ਪੰਜੀ ਅਤੇ ਬੇਗਮ ਰੱਖਦਾ। ਹੋ ਸਕਦਾ ਉਸ ਕੋਲ਼ ਹੋਰ ਵੀ ਹੁਕਮ ਦੇ ਪੱਤੇ ਹੋਣ, ਪਰ ਭਾਬੀ ਖੇਡ ਵਾਂਗਰ ਜੋ ਰੰਗ ਜੇ ਹੈ ਉਸਨੂੰ ਰੱਖਣਾ ਹੀ ਪੈਂਦਾ ਹੈ। ਹੁਣ ਮੇਜ਼ ਤੇ ਹਰ ਪੱਤਾ ਹੁਕਮ ਵਾਲ਼ੇ ਘਰ ਦਾ ਹੈ। ਪੱਤਿਆਂ ਦੇ ਮੁੱਲ ਤੇ ਕੋਟ ਜਿੱਤਿਆ ਜਾਂਦਾ ਹੈ। ਸੋ ਆਮ ਤਾਂ ਜਦ ਸੰਖੀਏ ਜਮ੍ਹਾ ਕਰੀਏ, ਅਵਾਰ ਦੇ ਇੰਨੇ ਨੰਬਰ ਬਣਦੇ ਹੈ ੪+੭+੧੨=੨੩। ਪਰ ਇਸ ਖੇਡ ਵਿੱਚ ਅਨੰਨ ਅਸੂਲ ਹੈ ਕਿ ਜਮ੍ਹਾ ਕਰਨ ਤੋਂ ਬਾਅਦ ਜੋ ਮਰਜ਼ੀ ਤਾਦਾਦ ਬਣਦੀ, ਪਹਿਲੇ ਅੰਕ ਨੂੰ ਅਡਿੱਠ ਕਰਨਾ ਹੁੰਦਾ। ਸੋ ਸਾਡੇ ਤਿੰਨ ਹਮਲੇ ਕਰਨ ਵਾਲੇ ਪੱਤਿਆਂ ਦਾ ਮੁੱਲ ੨੩ ਦੀ ਥਾਂ ੩ ਬਣਦਾ! ਪਰ ਇਸ ਖੇਡ ਵਿੱਚ ਹੋਰ ਵੀ ਅਸੂਲ ਨੇ। ਯੱਕੇ ਦਾ ਮੁੱਲ ਕੇਵਲ ਇੱਕ ਹੈ। ਦੁੱਕੀ ਤੋਂ ਨਹਿਲੇ ਤੱਕ ਜੋ ਨੰਬਰ ਹੈ ਉਸਦੇ ਹਿਸਾਬ ਨਾਲ਼ ਤਾਂ, ਦਹਿਲਾ ਦਾ ਮੁੱਲ ਸਿਫਰ ਹੀ ਹੈ, ਕਿਉਂਕਿ ਪਹਿਲਾ ਅੰਕ ਬੇਮਤਲਬ ਹੈ! ਬਾਸ਼ਾ, ਬੇਗਮ ਤੇ ਗੁਲਾਮ ਦੇ ਪੰਜ ਹੀ ਨੰਬਰ ਬਣਦੇ ਨੇ। ਸੋ ਮੰਨ ਲਉ ਇਸ ਹਿਸਾਬ ਨਾਲ਼ ੪+੭+੫=੧੬, ਸੋ ੬ ਅੰਕ ਦਾ ਮੁੱਲ ਹੈ ਇਸ ਸਰ ਦਾ। ਸੋ ਰੱਖਿਆਕ ਖਿਡਾਰੀ ਨੇ ਬੇਗਮ ਤੇ ਪੰਜੀ ਡਾਏ, ਤੇ ਉਨ੍ਹਾਂ ਦਾ ਜਮ੍ਹਾ ਕਰਕੇ ਮੁੱਲ ਬਣਿਆ ੫+੫=੧੦ ਸੋ ਉਹ ਸਿਫਰ ਹੋ ਗਿਅ। ਇਸ ਲਈ ਉਹ ਹਾਰ ਗਿਆ ਅਤੇ ਅਵਾਰ ਕਰਨ ਵਾਲ਼ਾ ਜਿੱਤ ਗਿਆ! ਜੇ ਰੱਖਿਆਕ ਖਿਡਾਰੀ ਕੋਲ਼ਾ ਇੱਕ ਹੋਰ ਹੁਕਮ ਦਾ ਪਤਾ ਹੁੰਦਾ ਜਿਦਦਾ ਮੁੱਲ ੭ ਹੁੰਦਾ, ਫਿਰ ਉਸ ਨੇ ਜਿੱਤ ਜਾਣਾ ਸੀ, ਤੇ ਉਸਦੀ ਵਾਰੀ ਹੋਣੀ ਸੀ ਕਿਸੇ ਤੇ ਹਮਲਾ ਕਰਨ ਵਾਸਤੇ। ਜਮ੍ਹਾ ਕਰਕੇ ਇਸ ਦਾ ਮਤਲਬ ਸਭ ਤੋਂ ਤੱਕੜਾ ਪੱਤਾ ਜਾ ਨੰਬਰ ਕਹਿ ਲਉ, ਨਹਿਲਾ ਜਾਂ ਨੌ ਹੀ ਹੋ ਸਕਦਾ ਹੈ, ਅਤੇ ਦਹਿਲਾ ਤਾਂ ਨਿਰਗੁਣ ਹੈ! ਜੇ ਰੱਖਿਆਕ ਖਿਡਾਰੀ ਕੋਲ਼ ਹੁਕਮ ਦਾ ਰੰਗ, ਮਤਲਬ ਘਰ ਨਹੀਂ ਹੈ ਤਾਂ ਜੋ ਮਰਜ਼ੀ ਰੱਖ ਸਕਦਾ ਜਵਾਬ ਵਿੱਚ, ਪਰ ਇੱਕ ਨੰਬਰ ਘੱਟਾਉਣਾ ਪੈਣਾ ਹੈ। ਸੋ ਜੇ ਉਸ ਕੋਲ਼ ਜਮ੍ਹਾ ਕਰਕੇ ਸੱਤ ਵੀ ਬਣਦੇ ਹੈ ਤਾਂ, ਉਨ੍ਹਾਂ'ਚੋਂ ਇੱਕ ਕੱਟ ਕੇ ੬ ਹੀ ਰਹਿੰਦੇ ਹੈ। ਜੋ ਇਸ ਤਰ੍ਹਾਂ ਨੰਬਰ ਬਰਾਬਰ ਰਹਿ ਜਾਣ ਤਾਂ ਦੋਨੋਂ ਖਿਡਾਰੀ ਆਵਦੇ'ਆਵਦੇ ਕੋਟ ਬਣਾ ਲੈਂਦੇ ਨੇ ਤੇ ਕੋਈ ਨਹੀਂ ਦੂਜੇ ਦੇ ਪੱਤੇ ਲੈਂਦਾ।

ਜਿੰਨੇ ਪੱਤੇ ਕੋਟ'ਚ ਜਾਂਦੇ ਹਨ ਉਹ ਪਾਸੇ ਰੱਖੀ ਦੇ ਨੇ। ਫਿਰ ਜਿਸ ਕੋਲ਼ ਵੱਧ ਕੋਟ ਹੋਣ, ਉਹ ਜਿੱਤ ਜਾਂਦਾ ਹੈ। ਅਤੇ ਓਨ੍ਹਾਂ ਚਿਰ ਹਮਲਾ ਕਰਨ ਵਾਲੇ ਦੀ ਹੀ ਵਾਰੀ ਰਹਿੰਦੀ ਹੈ, ਜਿੰਨ੍ਹਾਂ ਚਿਰ ਕੋਈ ਅੱਗੋਂ ਨਹੀਂ ਜਿੱਤਦਾ ਜਿਸਤੇ ਹਮਲਾ ਹੁੰਦਾ ਹੈ। ਜਦ ਫਿਰ ਦੂਜਾ ਜਿੱਤਦਾ ਹੈ ਉਸਦੀ ਵਾਰੀ ਵੀ ਓਨ੍ਹਾਂ ਟਾਇਮ ਹੀ ਰਹਿੰਦੀ ਹੈ ਜਿੰਨਾਂ ਚਿਰ ਕੋਈ ਹੋਰ ਨਹੀਂ ਜਿੱਤਦਾ। ਜੇ ਹਮਲਾ ਕਰਨ ਵਾਲੇ ਦੇ ਸੱਤ ਪੱਤੇ ਵਿਕ ਜਾਂਦੇ ਹਨ ਤਾਂ ਡੀਲਰ ਢੇਰੀ'ਚੋਂ ਤਾਸ਼ ਚੱਕ ਕੇ ਉਸ ਨੂੰ ਸੱਤ ਪੱਤੇ ਹੋਰ ( ਜਾ ਜਿੰਨੇ ਪਏ ਨੇ) ਦਿੰਦਾ ਹੈ। ਪਰ ਜੇ ਰੱਖਿਆਕ ਖਿਡਾਰੀ ਕੋਲ਼ ਹੋਰ ਪੱਤੇ ਨਹੀਂ ਹਨ ਤਾਂ ਉਹ ਅੱਗੇ ਨਹੀਂ ਖੇਲ਼ ਸਕਦਾ। ਫਿਰ ਉਸਨੇ ਜਿੰਨੇ ਕੋਟ ਬਣਾਏ ਹੁੰਦੇ ਨੇ ਲੈਂਦਾਂ ਹੈ, ਪਰ ਉਸ ਲਈ ਹੁਣ ਖੇਡ ਖਤਮ ਹੋ ਜਾਂਦੀ ਹੈ। ਬੱਸ ਇਸ ਤਰ੍ਹਾਂ ਹੀ ਖੇਡ ਚੱਲਦੀ ਹੈ ਕਿ ਜਿੰਨਾਂ ਚਿਰ ਢੇਰੀਆਂ'ਚ ਪੱਤੇ ਬਚਸੇ ਹਨ ਜਾਂ ਰੱਖਿਆਕ ਖਿਡਾਰੀਆਂ ਕੋਲ਼ ਪੱਤੇ ਨਹੀਂ ਹੁੰਦੇ ਹਨ।

ਰਣ ਖੇਡ ਨੂੰ ਆਮ ਬੰਦਾ ਕੋਟ ਜਮ੍ਹਾਂ ਕਰਨ ਲਈ ਵੀ ਖੇਲ ਸਕਦਾ ਹੈ, ਜਾਂ ਜਦੋਂ ਕੋਈ ਖਿਡਾਰੀ ਹਮਲਾ ਕਰਦਾ ਹੈ, ਉਸ ਵਕਤ ਰੱਖਿਆਕ ਖਿਡਾਰੀ ਦੇ ਪੱਤੇ ਸਾਰਿਆਂ ਨੂੰ ਦਿਸਣ ਤੋਂ ਪਹਿਲਾਂ ਲੋਕ / ਖਿਡਾਰੀ ਸ਼ਰਤ ਲਾ ਸਕਦੇ ਨੇ। ਜੇ ਕਿਸੇ ਦੇ ਪੱਤਿਆਂ'ਚ ਚਾਰ ਪੰਜੀਆਂ ਬਣਦੀਆਂ ਹਨ ਤਾਂ ਸੋਚਲੋ ਜਮ੍ਹਾ ਕਰਕੇ ਸਿਫਰ ਹੀ ਮਿਲ਼ਣੀ ਹੈ, ਫਿਰ ਉਸਨੇ ਹਾਰਨਾ ਹੀ ਹੈ! ਤੇ ਜੇ ਕਿਸੇ ਕੋਲ਼ ਸਿਰਫ ਨਹਿਲਾ ਹੈ ਉਸ ਨੇ ਜਿੱਤਨਾ ਹੀ ਹੈ, ਨਹੀਂ ਤਾਂ ਬਰਾਰਬ ਤਾਂ ਰਹਿ ਹੀ ਹੈ ਜਾਵੇਗਾ!

ਨਿੱਕਾ ਰਣ ਬਵੰਜਾਂ ਪੱਤਿਆਂ ਨਾਲ਼ ਹੀ ਖੇਡਿਆਂ ਜਾਂਦਾ ਹੈ। ਪਰ ਵੱਡਾ ਰਣ ਲਈ ਇੱਕ ਸੌ ਚਾਰ ਪੱਤੇ ਚਾਹੀਦੇ ਨੇ, ਤੇ ਦੋ ਪੁਲੰਦੇ ਤਾਸ਼ ਦੇ ਚਾਹੀਦੇ ਨੇ! ਜਦ ਹਿਫਾਜਤ ਕਰਨੀ ਹੋਵੇ ਤਾਂ ਸੋਚਣਾ ਪੈਂਦਾ ਪੱਤਿਆਂ ਦਾ ਜੋੜ ਕਰਕੇ ਅਵਾਰ ਦੇ ਨੰਬਰ ਨੂੰ ਹਰਾਉਣ ਵਾਸਤੇ? ਯਾਦ ਰੱਖਣਾ ਜੇ ਤੁਹਾਡੇ ਕੋਲ਼ ਉਹੀ ਘਰ ਰੰਗ ਹੈ ਜੋ ਅਵਾਰ ਸੁੱਟਦਾ ਹੈ ਤਾਂ ਤੁਹਾਡੇ ਕੋਲ਼ ਬਹੁਤੇ ਵਿਕਲਪ ਨਹੀਂ ਹੈ।

੨੨੯੯ ਵਿੱਚ ਤਾਂ ਇਹ ਖੇਲ ਮੋਨੀਟਰ, ਮਤਲਬ ਚਿਲਮਨ ਵਾਲੇ ਮੇਜ਼ਾਂ ਤੇ ਖੇਡੀ ਜਾਂਦੀ ਹੈ, ਜਿਸ ਤੇ ਸਭ ਕੁੱਝ ਬਿਜਲੀ ਮਾਧਿਅਮ ਨਾਲ਼ ਹੀ ਚਲਦਾ ਹੈ, ਜੋ ਆਈਪੈਡ ਵਾਂਗਰ ਹੱਥ ਨਾਲ਼ ਹੀ ਕੱਚ ਦੀ ਸਕਰੀਨ ਤੇ ਪੱਤਿਆਂ ਨੂੰ ਵੰਡੀ ਦਾ। ਇਹ ਸਭ ਕੁੱਝ ਭਲਾਂ ਮੈਂ ਕਾਹਤੋਂ ਦੱਸ ਰਿਹਾ ਹਾਂ?

ਤੁਹਾਡਾ ਹੀ ਫਾਇਦਾ ਕਰ ਰਿਹਾ ਹਾਂ। ਹੁਣ ਗਾਹਾਂ ਵਾਲੇ ਕਾਂਡ ਦਾ ਮਜ਼ਾ ਤਾਂਈ ਆਵੇਗਾ ਜੇ ਥੋੜ੍ਹਾ ਬਹੁਤਾ ਸਾਨੂੰ ਪਤਾ ਹੋਵੇਗਾ ਕਿ ਸਾਡੇ ਪਾਤਰ ਕੀ ਕਰ ਰਹੇ ਹਨ ਤੇ ਕੀ ਖੇਲ਼ ਰਹੇ ਹਨ।

♠ ਖ=੫, ਥ=੫, ਝ=੫, ਅ=੧, ੧੦=੦ । ਇੰਨ੍ਹਾਂ ਤੋਂ ਇਲਾਵਾ ਸਾਰੀ ਤਾਸ਼ ਨੰਬਰ ਦੇ ਹਿਸਾਬ ਨਾਲ਼ ਹੈ, ਪਰ ਜਮ੍ਹਾ ਕਰਕੇ ਪਹਿਲਾ ਅੰਕੜਾ ਲਾਹੀਦਾ ਹੈ!

# ਵਿਦਰੋਰੀ

## ੨੨੯੯



ਅਸੀਂ ਪੰਜ ਜਣੇ ਸਾਂ ਹੇਠਾਂ ਕਮਰੇ'ਚ, ਜਿੱਥੇਂ ਸਰਕਾਰ ਦੀ ਅੱਖ ਸਾਨੂੰ ਖੇਚਲ਼ ਨਹੀ ਦੇ ਸਕਦੀ ਸੀ। ਇਸ ਥਾਂ ਅਸੀਂ ਰਾਣੇ ਦੇ ਟੱਬਰ ਦੀ ਡੀਕ'ਚ ਸਾਂ। ਕੁੱਝ ਬੰਦੇ ਭੇਜੇ ਹੋਏ ਸਨ ਉਨ੍ਹਾਂ ਨੂੰ ਇੱਥੇ ਮੇਰੇ ਕੋਲ਼ ਲ਼ੈ ਕੇ ਆਉਣ ਲਈ। ਉੱਪਰ ਅਸੀਂ ਇੱਕ ਆਦਮੀ ਰੱਖਿਆ ਹੋਇਆ ਸੀ ਜੋ ਸਾਡੇ ਲਈ ਰਾਖੀ ਰੱਖਦਾ ਸੀ। ਉਸਦਾ ਕੰਮ ਸੀ ਜਦ ਸਾਰੇ ਆ ਜਾਣ, ਤਾਂ ਉਹ ਸਭ ਨੂੰ ਮੇਰੇ ਕੋਲ਼ ਲੈਕੇ ਆਵੇ। ਸੋ ਵਕਤ ਕੱਟਣ ਲਈ ਅਸੀਂ ਗੀਤ ਲਾਏ ਹੋਏ ਸੀ ਅਤੇ ਤਾਸ਼ ਖੇਡ ਰਹੇ ਸਾਂ। ਸਾਡੇ ਕੋਲ਼ ਇੱਕ ਮੇਜ਼ ਸੀ, ਜਿਸਦੀ ਸਤ੍ਹਾ ਤੇ ਕੱਚ ਦੀ ਚਿਲਮਨ ਸੀ ਅਤੇ ਉਸਤੇ ਅਸੀਂ ਬਿਜਲੀ ਵਾਲੇ ਪੱਤੇ ਵੰਡ ਕੇ ਰਣ ( ਇੱਕ ਤਾਸ਼ ਦੀ ਖੇਡ) ਖੇਲ ਰਹੇ ਸਾਂ। ਮੇਜ਼ ਤੇ ਕੇਵਲ ਚਾਰ ਹੀ ਖਿਡਾਰੀ ਖੇਲ ਸਕਦੇ ਸੀ, ਸੋ ਪੰਜਵਾਂ ਸਾਥੀ ਇੱਕ ਪਾਸੇ ਖੜ੍ਹਾ ਸਾਡੀ ਖੇਡ ਨੂੰ ਵੇਖਦਾ ਸੀ ਅਤੇ ਨਾਲ਼ੇ ਰਾਣੇ ਹੁਣਾਂ ਲਈ ਧਿਆਨ ਵੀ ਰੱਖਦਾ।ਇਹ ਪੰਜਵਾਂ ਸਾਥੀ ਬਿੱਲੂ ਨਾਂ ਦਾ ਬੰਦਾ ਸੀ। ਬਿੱਲੂ ਨੇ ਹੀ ਕਮਰੇ'ਚ ਗਾਣੇ ਲਏ ਸੀ। ਜੋ ਹੁਣ ਗੀਤ ਚੱਲ ਰਿਹਾ ਸੀ ਉਹ ਮਨੋਜ ਕੁਮਾਰ ਦੀ ਕਿਸੇ ਬਹੁਤ ਪੁਰਾਣੀ ਫਿਲਮ ਦਾ ਗੀਤ ਸੀ; ਗੀਤ ਦੇ ਬੋਲ ਸਨ...ਜ਼ਿੰਦਗੀ ਇੱਕ ਪਿਆਰ ਕਾ ਨਗਮਾ ਹੈ...ਜਿਸ ਦੇ ਉੱਪਰ ਸਾਡੀਆਂ ਅਵਾਜ਼ਾਂ ਹੀ ਘੜੰਮ ਕਰ ਰਹੀਆਂ ਸਨ। ਅਸੀਂ ਬਿਨ੍ਹਾਂ ਫਿਕਰ ਆਪਸ'ਚ ਪੰਜਾਬੀ ਵਿੱਚ ਬੋਲ ਰਹੇ ਸਾਂ। ਇੱਥੇਂ ਕਿਵੇਂ ਸਰਕਾਰ ਸਾਨੂੰ ਰੋਕ ਸਕਦੀ ਹੈ?

ਕਨੂੰਨ ਦੀਆਂ ਅੱਖਾਂ'ਚ ਮੈਂ ਇੱਕ ਦੋਸ਼ੀ ਸਾਂ, ਜੋ ਕਿ ਤਾਸ ਖੇਡਦਾ ਸੀ ਅਤੇ ਜੁਆਈ ਸੀ। ਪਰ ਅੱਜ ਤੀਕਰ ਮੈਨੂੰ ਉਨ੍ਹਾਂ ਨੇ ਗ੍ਰਿਫ਼ਤਾਰ ਨਹੀਂ ਕੀਤਾ। ਭਾਰਤ ਹੌਲੀ ਹੌਲੀ ਤਾਨਾਸ਼ਾਹੀ ਬਣ ਗਿਆ ਹੈ। ਲੋਕ ਇੰਡੀਅਨ ਜਮਹੂਰੀਅਤ ਤੋਂ ਅੱਕ ਗਏ ਸੀ। ਉਨ੍ਹਾਂ ਨੂੰ ਸੱਚੇ ਸੁੱਚੇ ਲੋਕ ਤੰਤਰ ਦਾ ਤਾਂ ਕੋਈ ਅਨੁਭਵ ਨਹੀਂ ਸੀ, ਸੋ ਜਨਤਾ ਨੂੰ ਤਾਂ ਤਾਨਾਸ਼ਾਹੀ ਵੀ ਬਿਹਤਰ ਹੀ ਲੱਗਦਾ ਸੀ। ਇਸ ਲਈ ਹਿੰਦੂਵਾਂ ਲਈ ਸੌਖਾ ਸੀ ਆਪਣਾ ਦ੍ਰਿਸ਼ਟੀਕੋਣ ਸਮਾਜ ਤੇ ਥੋਪਣਾ। ਪੰਜਾਬ'ਚ ਤਾਂ ਲੋਕ ਪੂਰੀ ਖੁੱਲ੍ਹ ਨਾਲ਼ ਧੀਆਂ ਮਾਰਦੇ ਸਨ, ਚਾਰ ਸੌ ਵੀਹ ਕਰ ਰਹੇ ਸਨ। ਇਸ ਲਈ ਬਹੁਤਾ ਔਖਾ ਨਹੀਂ ਸੀ ਜਾਤ ਪਾਤ ਅਤੇ ਹੋਰ ਪੁੱਠੇ ਖਿਆਲ ਅਰੰਭ ਕਰਵਾਉਣੇ।ਪੰਜਾਬੀ ਬੋਲੀ ਦੇ ਵੀ ਦੰਦ ਖੱਟੇ ਕਰ ਦਿੱਤਾ ਗਏ ਸਨ। ਪਰ ਮੈਂ ਫਿਰ ਵੀ ਸਿੱਖ ਲਈ ਸੀ।

ਮੈਂ ਤਾ ਸੜਕਾਂ ਤੇ ਗੱਟਰਾਂ'ਚ ਰਹਿੰਦਾ ਸੀ ਕਰਕੇ ਮੈਨੂੰ ਤਾਂ ਦੇਖਿਆ ਵੀ ਨਹੀਂ ਸੀ। ਕਲਚਿਲਮਨਾਂ ਸਾਹਮਣੇ ਮੈਂ ਸਿਆਣਾ ਬਣ ਕੇ ਰਹਿੰਦਾ ਸੀ। ਇਸ ਲਈ ਮੇਰੇ ਅਤੇ ਮੇਰੇ ਟੋਲੇ ਬਾਰੇ ਸਰਕਾਰ ਨੂੰ ਪਤਾ ਨਹੀਂ ਸੀ। ਇਸ ਕਰਕੇ ਮੈਂ ਅਤੇ ਮੇਰੇ ਨੰਬਰੀਆਂ ਨੇ ਇੱਕ ਮਫ਼ਰੂਰ ਸੰਘ ਬਣਾ ਲਿਆ ਸੀ। ਹੁਣ ਮੈਂ ਰਾਣੇ ਦੀ ਮਦਦ ਕਰ ਰਿਹਾ ਸਾਂ ਕਿਉਂਕਿ ਉਹ ਵੀ ਸਾਡਾ ਸਾਥੀ ਸੀ। ਸਰਕਾਰ ਨੂੰ ਉਸ ਤੇ ਸ਼ੱਕ ਪੈ ਗਿਆ ਕਰਕੇ ਉਸਨੇ ਸਾਨੂੰ ਆਖਿਆ ਮਦਦ ਲਈ। ਸਮੁਰਾਈਆਂ ਤੋਂ ਡਰਦਾ ਸੀ। ਹਰ ਬੰਦਾ ਹੀ ਸਮੁਰਾਈਆਂ ਤੋਂ ਡਰਦਾ ਹੈ। ਇਸ ਲਈ ਉਸ ਦੀ ਡੀਕ'ਚ ਅਸੀਂ ਇੱਥੇਂ ਬਹਿ ਕੇ ਤਾਸ਼ ਦੀ ਰਣ ਖੇਡ ਖੇਲ ਰਹੇ ਸਾਂ। ਇਹ ਅੱਡਾ ਹੀ ਅਜਿਹੀ ਥਾਂ ਸੀ ਜਿਸ ਤੱਕ ਸਰਕਾਰ ਅਤੇ ਕਲਚਿਲਮਨ ਦੀ ਪਹੁੰਚ ਨਹੀਂ ਹੈ। ਕਨੂੰਨ ਦੀ ਅੱਖ'ਚ ਮੈਂ ਦੋਸ਼ੀ ਹਾਂ, ਪਰ ਇੱਕ ਬੰਦੇ ਦਾ ਦੋਸ਼ੀ ਦੂਜੇ ਦਾ ਵਰਿਆਮ ਹੁੰਦਾ ਹੈ।

ਜੇ ਸਾਡੇ ਬਾਰੇ ਪੁਲਸ ਜਾਂ ਸਮੁਰਾਈਆਂ ਨੂੰ ਪਤਾ ਲੱਗ ਗਿਆ ਤਾਂ ਉਨ੍ਹਾਂ ਸਾਨੂੰ ਤਾਂ ਮਾਰ ਹੀ ਦੇਣਾ। ਕੋਈ ਟਰਾਇਲ ਵੀ ਨਹੀਂ ਹੋਵੇਗਾ। ਪਰ ਸਾਡੇ ਕੋਲ਼ ਹੁਣ ਇੱਕ ਨਾਮੁਮਕਿਨ ਆਲ਼ਾ ਸੀ, ਜਿਸ ਨੂੰ ਹਥਿਆਰ ਵੀ ਸਮਝ ਸਕਦੇ ਹੋ, ਜਾਂ ਕੋਈ ਵਿੱਚਤਰਵਾਦ ਔਜ਼ਾਰ। ਇਸ ਬਾਰੇ ਤੁਹਾਨੂੰ ਥੋੜ੍ਹੇ ਜਿਹੇ ਚਿਰ ਤੱਕ ਪਤਾ ਲੱਗ ਜਾਣਾ ਹੈ।

ਸੋ ਇੰਝ ਹੀ ਅਸੀਂ ਰਾਣੇ ਦੇ ਟੱਬਰ ਦੀ ਡੀਕ’ਚ ਬੈਠੇ ਤਾਸ਼ ਖੇਡੀ ਗਏ। ਆਸ ਪਾਸ ਸਾਡੇ ਕਮਰੇ’ਚ ਗਾਣਾ ਚੱਲ ਰਿਹਾ ਸੀ। ਮੈਂ ਅਤੇ ਮੇਰੇ ਸਾਥੀ ਸਨ, ਬਿੱਲੂ, ਜੋ ਖੜ੍ਹਾ ਸੀ, ਬਿਕਰਮ ਜੋ ਮੇਰੇ ਖੱਬੇ ਪਾਸੇ ਬੈਠਾ ਸੀ ਅਤੇ ਡੀਲਰ ਸੀ, ਅਤੇ ਮੇਰੇ ਸੱਜੇ ਪਾਸੇ ਰੋਜ਼ੀ ਤੇ ਸਾਹਮਣੇ ਅੰਗ੍ਰੇਜ਼ ਸੀ। ਅੰਗ੍ਰੇਜ਼ ਦਾ ਰੰਗ ਇੰਨਾ ਚਿੱਟਾ ਸੀ ਕਿ ਉਸ ਦੇ ਮਾਂ-ਪਿਉ ਨੇ ਗੋਰਿਆਂ ਬਾਅਦ ਉਸ ਨੂੰ ਇਹ ਨਾਂ ਦਿੱਤਾ ਸੀ।

ਮੈਂ ਆਵਦੇ ਮੋਨੀਟਰ ਵੱਲ ਝਾਤੀ ਮਾਰੀ। ਬਿਕਰਮ ਨੇ ਹਰ ਖਿਡਾਰੀ ਨੂੰ ਪੰਜਪੰਜ ਪੱਤੇ ਵੰਡੇ ਸੀ, ਅਤੇ ਹੁਣ ਆਖਰੀ ਦੋ ਦੋ ਰਹਿ ਗਏ ਸੀ। ਰੰਗ ਜੋੜਣ ਦੀ ਪਹਿਲੀ ਸਰ ਸੀ। ਜਦ ਸੱਤੇ ਪੱਤੇ ਮੈਨੂੰ ਵੰਡ ਦਿੱਤੇ ਇਹ ਸਿਰਫ ਮੈਨੂੰ ਆਵਦੇ ਮੋਨੀਟਰ ਤੇ ਹੀ ਦਿੱਸਦੇ ਸੀ। ਮੈਨੂੰ ਇੱਟ ਦੇ ਦੋ ਪੱਤੇ ਆਏ ਸਨ। ਇੱਕ ਨਹਿਲਾ, ਇੱਕ ਸੱਤੀ। ਕਿਸਮਤ ਨਾਲ਼ ਇੱਕ ਹੋਰ ਨਹਿਲਾ ਆ ਗਿਆ ਸੀ; ਦੂਜਾ ਨਹਿਲਾ ਪਾਨ ਦਾ ਸੀ। ਨਾਲ਼ ਇੱਕ ਹੁਕਮ ਦੀ ਸੱਤੀ ਵੀ ਸੀ, ਬਾਕੀ ਦੂਜੇ ਸਾਰੇ ਪੱਤੇ ਚਿੱੜੀ ਰੰਗ ਦੇ ਸਨ। ਇੱਕ ਚੋਖੀ ਤੇ ਬੇਗਮ ਤੇ ਬਾਸ਼ਾ ਵੀ। ਇਸ ਦਾ ਮਤਲਬ ਹੁਣ ਮੈਨੂੰ ਇੱਟ ਜਾਂ ਪਾਨ ਦੇ ਰੰਗ ਵਾਲੇ ਘਰ ਬਣਾਉਣੇ ਚਾਹੀਦੇ ਨੇ। ਪਹਿਲੀ ਸਰ, ਰੰਗ ਜੋੜਣ ਲਈ ਸੀ। ਸੋ ਮੇਰੀ ਸਰ ਸੀ। ਮੈਂ ਹੁਕਮ ਦੀ ਸੱਤੀ ਸੁੱਟ ਕੇ ਸਕ੍ਰੀਨ ਤੇ ਹੱਥ ਮਾਰਕੇ ਤਾਸ਼ ਦੀ ਢੇਰੀ ਤੋਂ ਇੱਕ ਪੱਤਾ ਚੱਕ ਲਿਆ । ਮੈਨੂੰ ਇੱਟ ਦੀ ਤ੍ਰਿੱਕੀ ਮਿਲੀ। ਹੁਣ ਮੇਰੇ ਕੋਲ਼ ਇੱਟ ਦੇ ਤਿੰਨ ਪੱਤੇ ਹੋ ਗਏ ਸਨ। ਇੱਕ ਘਰ ਤਾਂ ਪੂਰਾ ਹੀ ਹੋ ਗਿਆ ਸੀ। ਹੁਣ ਕੀ ਪਤਾ ਦੂਜਿਆਂ ਕੋਲ਼ ਕਿਹੜੇ ਕਿਹੜੇ ਪੱਤੇ ਸਨ। ਰੋਜ਼ੀ ਨੇ ਚਿੱੜੀ ਦਾ ਦਹਿਲਾ

ਸੁੱਟਿਆ, ਸੋ ਇੱਕ ਫਜ਼ੂਲ ਪੱਤਾ ਤਾਂ ਨਿਕਲ ਗਿਆ ਸੀ। ਇਹ ਤਾਂ ਉਸਨੂੰ ਹੀ ਪਤਾ ਹੋਣ ਕਿ ਉਸਨੇ ਇਸ ਪੱਤੇ ਦੀ ਥਾਂ ਕਹਿੜਾ ਪੱਤਾ ਚੁਣਿਆ। ਅੰਗ੍ਰੇਜ਼ ਨੇ ਪਾਨ ਦੀ ਮਲਕਾ ਦਾ ਪੱਲਾ ਛੱਡ ਦਿੱਤਾ, ਜਿਸਦਾ ਮੁੱਲ ਵੀ ਪੰਜ ਹੀ ਸੀ। ਇੰਝ ਹੀ ਫਿਰ ਬਿਕਰਮ ਨੇ ਇੱਟ ਦੀ ਰਾਣੀ ਦਾ ਜੁੜ ਵੱਡ ਦਿੱਤਾ। ਹੁਣ ਅਸੀਂ ਦੂਜੀ ਸਰ ਤੇ ਪੁੱਜ ਗਏ ਸਾਂ। ਮੇਰੀ ਵਾਰੀ ਸੀ। ਮੈਂ ਸੋਚਿਆ ਕਿ ਇਹ ਬੇਗਮ ਦਾ ਮੁੱਲ ਮੇਰੇ ਕੋਲ਼ ਜੋ ਸੱਤੀ ਹੈ ਉਸ ਨਾਲ਼ ਜੋੜ ਕੇ ਸਿੱਧੇ ਅੱਠ ਪੁਆਇੰਟ ਬਣ ਜਾਣੇ ਨੇ, ਨਹਿਲੇ ਤੋਂ ਇੱਕ ਹੀ ਘੱਤ। ਸੋ ਬਹੁਤ ਫਾਇਦਾ ਹੈ, ਇਸ ਲਈ ਮੈਂ ਤਾਂ ਉਸ ਰਾਣੀ ਨੂੰ ਚੱਕ ਲਿਆ ਅਤੇ ਇੱਟ ਦੀ ਤ੍ਰਿੱਕੀ ਹੇਠਾ ਰੱਖ ਦਿੱਤੀ। ਮੈਥੋਂ ਬਾਅਦ ਰੋਜ਼ੀ ਨੇ ਪਾਨ ਦੀ ਦੁੱਕੀ ਸੁੱਟ ਦਿੱਤੀ ਤੇ ਪੱਤਾ ਅਦਲ ਬਦਲ'ਚ ਚੱਕ ਲਿਆ। ਫਿਰ ਅੰਗ੍ਰੇਜ਼ ਦੀ ਵਾਰੀ ਆਈ, ਉਸਨੇ ਹੁਕਮ ਦਾ ਦਹਿਲਾ ਰੱਖ ਦਿੱਤਾ ਤੇ ਰੋਜ਼ੀ ਦੀ ਪਾਨ ਦੀ ਸੁੱਟੀ ਪਾਨ ਦੀ ਦੁੱਕੀ ਚੱਕ ਲਈ ਅਤੇ ਬਿਕਰਮ ਨੇ ਇੱਟ ਦਾ ਦਹਿਲਾ ਸੁੱਟ ਦਿੱਤਾ ਸੀ।

ਹੁਣ ਰੰਗ ਜੋੜਣ ਦੀ ਆਖਰੀ ਸਰ ਸ਼ੁਰੂ ਹੋ ਗਈ ਤੇ ਮੈਂ ਢੇਰੀ ( ਜਿਸ ਦੇ ਪੱਤਿਆਂ ਨੂੰ ਉਲਟਟ ਰੱਖਿਆ ਸੀ ਤਾਂ ਕਿ ਕਿਸੇ ਨੂੰ ਦਿਸਣ ਨਾਂ) ਤੋਂ ਪੱਤਾ ਚੱਕ ਲਿਆ। ਜੋ ਹੁਕਮ ਦਾ ਬਾਸ਼ਾ ਨਿਕਲਿਆ ਜੋ ਪੰਜੀ ਤੋਂ ਜ਼ਿਆਦਾ ਮੁੱਲ ਵਾਲ਼ਾ ਨਹੀਂ ਸੀ, ਇਸ ਨਾਲ਼ ਘਰ ਤਾਂ ਬਣਨਾ ਨਹੀਂ ਸੀ ਸੋ ਮੈਂ ਵਾਪਸ ਹੇਠਾਂ ਰੱਖ ਦਿੱਤਾ। ਫਿਰ ਰੋਜ਼ੀ ਦੀ ਵਾਰੀ ਆਈ, ਉਸਨੇ ਪੱਤਾ ਚੱਕ ਕੇ ਚਿੱੜੀ ਦਾ ਗੁਲਾਮ ਥੱਲੇ ਰੱਖ ਦਿੱਤਾ। ਅੰਗ੍ਰਜ਼ ਨੇ ਜਿਹੜਾ ਚੱਕਿਆ  ਸੀ ਉਸਨੂੰ ਵੇਖਕੇ ਉਹੀ ਥੱਲੇ ਰੱਖ ਦਿੱਤਾ, ਜੋ ਹੁਕਮ ਦੀ ਰਾਣੀ ਸੀ। ਮੈਨੂੰ ਲੱਗਾ ਇਵੇਂ ਹੀ ਬਿਕਰਮ ਨੇ ਕੀਤਾ ਪਾਨ ਦਾ ਬਾਸ਼ਾ ਚੱਕ ਕੇ ਥੱਲੇ ਵਾਪਸ ਰੱਖ ਦਿੱਤਾ। ਬੱਸ ਹੁਣ ਰਣ ਦੀ ਖੇਡ ਸ਼ੁਰੂ ਹੋ ਗਈ। ਹੁਣ ਮੇਰਾ ਹੱਕ ਹੈ ਪਹਿਲਾਂ ਹਮਲਾ ਕਰਨ ਦਾ।

ਮੈਂ ਤਿੰਨਾਂ ਵੱਲ ਦੇਖਕੇ ਸੋਚਦਾਂ ਹਾਂ ਕਿ ਕੀਹਦੇ ਕੋਲ਼ ਕਮਜ਼ੋਰ ਘਰ ਹੋਵੇਗਾ? ਕਿਸ ਤੇ ਹਮਲਾ ਕਰਾਂ? ਬਿਕਰਮ ਤੇ? ਜਾਂ ਰੋਜ਼ੀ ਤੇ? ਹੁਣ ਮੈਂ ਜਾਣਦਾ ਤਾਂ ਹਾਂ ਕਿ ਕਿਸ ਨੇ ਕੀ ਚੁੱਕਿਆ ਤੇ ਕਿਸ ਨੇ ਕੀ, ਇਸ ਢੇਰੀ ਤੋਂ। ਪਰ ਜਿਹੜੀ ਉਲਟੀ ਪੱਤਿਆਂ ਵਾਲ਼ੀ ਢੇਰੀ ਹੈ ਉਸੁਤੋਂ ਕੀ ਪਤਾ ਉਨ੍ਹਾਂ ਨੂੰ ਕਿਹੜੇ ਪੱਤੇ ਮਿਲੇ ਨੇ? ਫਿਰ ਮੈਂ ਤਿੰਨਾਂ ਦੀਆਂ ਉਕਾਬੀ ਅੱਖਾਂ'ਚ ਦੇਖਿਆ, ਕਿ ਕੌਣ ਇੰਨ੍ਹਾਂ'ਚੋਂ ਕਮਜ਼ੋਰ ਰੰਗ ਵਾਲ਼ਾ ਹੋਬੇਗਾ? ਮਨ ਕਹਿੰਦਾ ਕਿ ਬਿਕਰਮ ਤੇ ਹਮਲਾ ਕਰਨਾ ਚਾਹੀਦਾ, ਪਰ ਅੰਤਾਕਰਨ ਦੱਸਦਾ ਕਿ ਅੰਗ੍ਰੇਜ਼ ਨੂੰ ਚੁਨੌਤੀ ਦੇਣੀ ਚਾਹੀਦੀ ਹੈ। ਸੋ ਮੈਂ ਪੱਤੇ ਦਾ ਮੁਖ ਦਿਖਾ ਕੇ ਅੰਗ੍ਰੇਜ਼ ਦੇ ਸਾਹਮਣੇ ਬਾਸ਼ਾ ਤੇ ਚੌਕੀ ਰੱਖਦਾ ਹਾਂ। ਦੋਨੇ ਪੱਤੇ ਚਿੱੜੀ ਦੇ ਨੇ, ਜਮਾ ਕਰਕੇ ਨੌਂ ਮੁੱਲ ਬਣਦਾ ਹੈ। ਇੰਨ੍ਹਾਂ ਨੂੰ ਰੱਖਕੇ ਉਨ੍ਹੇਂ ਨੰਬਰ ਹੀ ਬਣਨੇ ਸੀ ਜਿੰਨ੍ਹੇ ਨਹਿਲਾ ਰੱਖਣ ਨਾਲ਼ ਬਣਦੇ ਅੰਗ੍ਰੇਜ਼ ਦੀਆਂ ਅੱਖਾਂ ਤੋਂ ਹੀ ਪਤਾ ਲੱਗ ਗਿਆ ਸੀ, ਕਿ ਮੈਂ ਸਹੀ ਚਾਲ ਚੱਲੀ ਏ। ਉਸ ਕੋਲ਼ ਚਿੱੜੀ ਦਾ ਕੋਈ ਪੱਤਾ ਨਹੀਂ ਸੀ। ਉਸ ਨੇ ਖਿੱਝ ਕੇ ਦੋ ਪਾਨ ਦੇ ਪੱਤੇ ਰੱਖੇ। ਇੱਕ ਦੁੱਕੀ ਅਤੇ ਇੱਕ ਸੱਤੀ, ਸੋ ਉਸਦੇ ਪੱਤਿਆਂ ਦਾ ਮੁੱਖ ਤੇ ਮੁੱਲ ਨੌਂ ਸੀ। ਪਰ ਰੰਗ ਮੇਰਾ ਚੁਣਿਆ ਹੋਣ ਕਰਕੇ ਉਸਦੇ ਨੰਬਰਾਂ ਦਾ ਮੁੱਲ ਕੇਵਲ ਅੱਠ ਹੀ ਬਣਦਾ ਸੀ! ਮੈਂ ਚਾਰ ਹੀ ਪੱਤੇ ਚੁੱਕ ਕੇ ਪਾਸੇ ਰੱਖ ਦਿੱਤੇ, ਮੇਰਾ ਪਹਿਲਾ ਕੋਟ ਬਣ ਗਿਆ ਸੀ! ਹੁਣ ਮੈਂ ਆਵਦਾ ਧਿਆਨ ਬਿਕਰਮ ਵੱਲ ਕਰ ਲਿਆ। ਉਸ ਤੇ ਹਮਲਾ ਕੀਤਾ, ਆਵਦੇ ਪਾਨ ਵਾਲ਼ੇ ਨਹਿਲੇ ਨਾਲ਼, ਤੇ ਉਸ ਨੇ ਜਵਾਬ'ਚ ਪਾਨ ਦੇ ਦੋ ਪੱਤੇ ਰੱਖੇ, ਆਵਦੀ ਦਫ਼ਾਹ'ਚ। ਇੱਕ ਪੰਜੀ, ਇੱਕ ਤ੍ਰਿੱਕੀ। ਉਸਦੇ ਨੰਬਰ ਵੀ ਅੱਠ ਹੀ ਬਣੇ ਸੋ ਮੈਂ ਦੂਜਾ ਕੋਟ ਵੀ ਲੈ ਲਿਆ। ਹੁਣ ਤਾਂ ਬੱਸ ਰੋਜ਼ੀ ਦੀ ਵਾਰੀ ਸੀ ਭਾਂਜ ਖਾਣ ਦੀ! ਉਂਝ ਕੋਈ ਪਤਾ ਨਹੀਂ, ਕੁੱਝ ਵੀ ਹੋ ਸਕਦਾ ਮੈਂ ਹੀ ਹਾਰ ਖਾ ਸਕਦਾ, ਮੈਂ ਹਾਰ ਵੀ ਸਕਦਾ! ਮੈਂ ਰੋਜ਼ੀ ਤੇ ਇੱਟ ਦੇ ਨਹਿਲੇ ਨਾਲ਼ ਹਮਲਾ ਕੀਤਾ।

ਦੇਖਣ ਵਾਲੇ ਨੂੰ ( ਬਿੱਲੂ ਦੇਖਦਾ ਸੀ) ਲੱਗ ਸਕਦਾ ਕਿ ਜਿਹੜਾ ਸਰ ਸ਼ੁਰੂ ਕਰਦਾ ਓਹੀ ਜਿੱਤੀ ਜਾਵੇਗਾ। ਪਰ ਇਹ ਗੱਲ ਨਹੀਂ। ਇੱਕ ਵੀ ਗੱਲਤੀ ਮੈਥੋਂ ਹੋ ਜਾਵੇ ਤਾਂ ਰੱਖਿਅਕ ਜਿੱਤ ਕੇ ਹਮਲਾ ਆਵਰ ਬਣ ਸਕਦਾ ਹੈ। ਕਿਸਮਤ ਦੀ ਗੱਲ ਹੈ, ਬਈ ਕਿਹੜੇ ਪੱਤੇ ਕਿਸ ਕੋਲ਼ ਹੈ। ਰੋਜ਼ੀ ਕੋਲ਼ ਯੱਕਾ ਹੀ ਸੀ ਇੱਟ ਦਾ, ਸੋ ਮੈਂ ਇੱਕ ਹੋਰ ਕੋਟ ਜਿੱਤ ਗਿਆ। ਮੈਂ ਆਵਦੇ ਮੋਨੀਟਰ ਵੱਲ ਇੱਕ ਹੋਰ ਝਾਤੀ ਮਾਰੀ। ਪੱਤੇ ਘੱਟ ਗਏ ਸਨ, ਤੇ ਮੇਰੇ ਕੋਲ਼ੇ ਦੋ ਰਾਣੀਆਂ ਸਨ, ਇੱਟ ਦੀ ਤੇ ਚਿੱੜੀ ਦੀ, ਅਤੇ ਇੱਟ ਦੀ ਸੱਤੀ ਸੀ। ਮੁੱਲ ਦੇ ਹਿਸਾਬ ਨਾਲ਼ ਸੱਤੀ ਸੀ ਜਾਂ ਦੋਹਾਂ ਬੇਗਮਾਂ ਦਾ ਸ਼ਖ਼ਸੀ ਮੁੱਲ ਪੰਜ ਸੀ। ਜਮਾਂ ਕਰਕੇ ਸਿਫ਼ਰ ਹੀ ਮਿਲਦੀ ਸੀ। ਹੁਣ ਸੋਚਕੇ ਖੇਲਣਾ ਪੈਣਾ ਮੈਨੂੰ। ਕੋਈ'ਕੋਈ ਵਾਰ ਤਾਂ ਸਰ ਵੀ ਹਾਰਣੀ ਪੈਂਦੀ ਹੈ, ਖੇਡ ਜਿੱਤਣ ਲਈ! ਸੋ ਮੈਂ ਅੰਗ੍ਰੇਜ਼ ਤੇ ਹਮਲਾ ਕੀਤਾ ਚਿੱੜੀ ਦੀ ਬੇਗਮ ਨਾਲ਼। ਪਰ ਤਕਦੀਰ ਐਸੀ ਸੀ ਕਿ ਉਸ ਕੋਲ਼ ਚਿੱੜ ਨਹੀਂ ਸੀ। ਉਸਨੇ ਪਾਨ ਦੀ ਛਿੱਕੀ ਰੱਖ ਦਿੱਤੀ, ਇਸ ਲਈ ਅਸੀਂ ਦੋਨੋਂ ਪੰਜ'ਪੰਜ ਪੁਆਇੰਟ ਤੇ ਬਰਾਬਰ ਸੀ। ਉਸਨੇ ਆਵਦੇ ਪੱਤੇ ਨਾਲ਼ ਕੋਟ ਬਣਾਲਿਆ ਅਤੇ ਮੈਂ ਆਵਦੇ ਨਾਲ਼। ਹੁਣ ਅੰਗ੍ਰੇਜ਼ ਕੋਲ਼ ਇੱਕ ਕੋਟ ਸੀ ਤੇ ਮੇਰੇ ਕੋਲ਼ੇ ਚਾਰ ਹੋ ਗਏ ਸਨ। ਮੈਂ ਹਾਲੇ ਵੀ ਹਮਲਾ ਆਵਰ ਸਾਂ।

ਮੈਂ ਹੁਣ ਬਿਕਰਮ ਵੱਲ ਫਿਰ ਗਿਆ। ਮੈਂ ਆਵਦੀ ਇੱਟ ਵਾਲ਼ੀ ਰਾਣੀ ਰੱਖ ਦਿੱਤੀ। ਬਿਕਰਮ ਦੀਆਂ ਉਕਾਬੀ ਅੱਖਾਂ ਮੇਰੇ ਵੱਲ ਮੁਸਕਾਨ ਦੇ ਰਹੀਆਂ ਸਨ। ਉਸਨੇ ਜਵਾਬ ਵਿੱਚ ਦੋ ਇੱਟ ਦੇ ਪੱਤੇ ਰੱਖ ਦਿੱਤੇ: ਇੱਕ ਪੰਜੀ ਤੇ ਇੱਕ ਦੁੱਕੀ। ਹੁਣ ਉਸ ਕੋਲ਼ ਸੱਤ ਪੁਆਇੰਟ ਸਨ, ਮੇਰੇ ਕੋਲ਼ ਕੇਵਲ ਪੰਜ। ਹੁਣ ਉਹ ਹਮਲਾ ਆਵਰ ਬਣ ਗਿਆ ਅਤੇ ਖੇਡ ਉਸਦੇ ਹੱਥਾਂ'ਚ ਸੀ।

- ਊ ਤੇਰੀ…!- ਮੈਂ ਕਿਹਾ,

- ਲੈ ਵੀ ਬਿੱਟੂ!- ਬਿਕਰਮ ਨੇ ਆਵਦੇ ਪੱਤੇ ਰੱਖਦੇ ਨੇ ਹੱਸ ਕੇ ਕਿਹਾ।

ਬਿਕਰਮ ਨੇ ਇਸ ਤੋਂ ਬਾਅਦ ਰੋਜ਼ੀ ਤੇ ਹਮਲਾ ਕੀਤਾ, ਇੱਕ ਚਿੱੜੀ ਦੀ ਅੱਠੀ ਨਾਲ਼ ਤੇ ਇੱਕ ਚਿੱੜੀ ਦੇ ਯੁੱਕੇ ਨਾਲ਼। ਨਾਹਿਲੇ ਦੇ ਜੋਰ ਵਾਲ਼ੀ ਸਰ ਸੀ। ਰੋਜ਼ੀ ਨੇ ਕੀਤਾ ਜੋ ਕਰ ਸਕਦਾ ਸੀ…ਚਿੱੜੀ ਵਾਲ਼ਾ ਨਹਿਲਾ ਜਵਾਬ'ਚ ਰੱਖ ਦਿੱਤਾ। ਇਸ ਲਈ ਬਿਕਰਮ ਹਾਲ਼ੇ ਵੀ ਹਮਲਾ ਆਵਰ ਸੀ। ਉਸਨੇ ਆਵਦਾ ਦੂਜਾ ਕੋਟ ਪਾਸੇ ਰੱਖ ਕੇ ਮੇਰੇ ਵੱਲ ਧਿਆਨ ਕੀਤਾ। ਹੁਣ ਉਹ ਮੇਰੇ ਮਗਰ ਪੈ ਗਿਆ। ਉਸਨੇ ਮੇਰੇ ਸਾਹਮਣੇ ਹੁਕਮ ਦੀ ਅੱਠੀ ਰੱਖ ਦਿੱਤੀ। ਮੇਰੇ ਕੋਲ਼ ਇਸ ਵੇਲੇ ਸਿਰਫ਼ ਇੱਕ ਹੀ ਪੱਤਾ ਸੀ। ਜੇ ਜਿੱਤ ਗਿਆ ਤਾਂ ਮੈਨੂੰ ਸੱਤ ਹੋਰ ਮਿਲ ਜਾਣੇ ਹੈ। ਪਰ ਜੇ ਹਾਰ ਗਿਆ ਤਾਂ, ਗੱਲ ਖ਼ਤਮ! ਬਿਕਰਮ ਲਈ ਵੀ ਇਹੀ ਸੱਚ ਸੀ। ਮੈਂ ਆਵਦੇ ਪੱਤੇ ਵੱਲ ਝਾਤੀ ਮਾਰੀ। ਇੱਟ ਦੀ ਸੱਤੀ। ਬੱਸ ਪਤ ਗਈ! ਮੈਂ ਰੱਖ ਦਿੱਤਾ। ਹੁਣ ਬਿਕਰਮ ਨੇ ਆਵਦਾ ਤੀਜਾ ਕੋਟ ਬਣਾਲਿਆ ਅਤੇ ਮੈਂ ਸਭ ਤੋਂ ਪਹਿਲਾ ਸਾਂ ਖੇਡ'ਚੋਂ ਨਿਕਲਣ ਵਾਲ਼ਾ। ਖ਼ੁਦ ਨੂੰ ਬਿਕਰਮ ਨੇ ਸੱਤੇ ਪੱਤੇ ਵੰਡ ਲਏ।

ਬਿਕਰਮ ਦਾ ਹੌਂਸਲਾ ਵਧ ਗਿਆ ਅਤੇ ਉਹ ਹੁਣ ਰੋਜ਼ੀ ਮਗਰ ਪੈ ਗਿਆ। ਬਿਕਰਮ ਨੇ ਤਿੰਨ ਪੱਤੇ ਮੇਜ਼ ਤੇ ਪੇਸ਼ ਕੀਤੇ। ਸਾਰੇ ਚਿੱੜੀ ਵਾਲੇ ਰੰਗ ਦੇ ਸਨ। ਦੁੱਕੀ, ਛਿੱਕੀ ਤੇ ਸੱਤੀ, ਸੋ ਜਮਾ ਹੋ ਕੇ ਨੌਂ ਪੁਆਇੰਟ ਬਣਦੇ ਸਨ। ਰੋਜ਼ੀ ਨੇ ਹੁਕਮ ਦੀ ਪੰਜੀ ਰੱਖੀ, ਸੋ ਚਾਰ ਪੁਆਇੰਟ ਹੀ ਸਨ। ਹੱਸਕੇ ਬਿਕਰਮ ਨੇ ਚੌਥਾ ਕੋਟ ਚੱਕ ਲਿਆ। ਹੁਣ ਮੇਰੀ ਦਿਲਚਸਪੀ ਚਲੀ ਗਈ, ਕਿਉਂਕਿ ਮੈਥੋਂ ਵੱਧ ਕੋਟ ਲੈ ਗਿਆ ਅਤੇ ਹੁਣ ਤਾਂ ਮੈਂ ਹਾਰ ਹੀ ਗਿਆ। ਕੋਈ ਫਾਇਦਾ ਨਹੀਂ ਸੀ ਖੇਡ ਵੱਲ ਧਿਆਨ ਦੇਣ ਦਾ ਮੇਰਾ। ਬਿਕਰਮ ਹੁਣ ਅੰਗ੍ਰੇਜ਼ ਦੁਆਲੇ ਹੋ ਗਿਆ, ਜਿਸ ਦੇ ਸਾਹਮਣੇ ਚਿੱੜੀ ਦੀ ਤ੍ਰਿੱਕੀ ਤੇ ਪੰਜੀ ਰੱਖ ਦਿੱਤੀ। ਜਵਾਬ'ਚ ਅੰਗ੍ਰੇਜ਼ ਸਿਰਫ਼ ਇੱਟ ਦੀ ਚੌਕੀ ਹੀ ਰੱਖ ਸਕਦਾ ਸੀ। ਹੁਣ ਤਾਂ ਪੱਕਾ ਸੀ ਕਿ ਬਿਕਰਮ ਜਿੱਤ ਗਿਆ ਹੈ। ਪੰਜ ਕੋਟ ਸਨ। ਮੇਰਾ ਧਿਆਨ ਗਾਣਿਆਂ ਵੱਲ ਚਲਾ ਗਿਆ ਅਤੇ ਮੈਂ ਬਿੱਲੂ ਨਾਲ਼ ਗੱਲਾਂ ਬਾਤਾਂ ਕਰਨ ਲੱਗ ਪਿਆ, ਜਦ ਵੀ ਉਪਰੋਂ ਖੜਕਾ ਆਉਂਦਾ। ਸਾਡਾ ਚਪੜਾਸੀ ਦਰਵਾਜ਼ਾ ਖੋਲ੍ਹਣ ਜਾਂਦਾ। ਹੁਣ ਲੱਗਦਾ ਰਾਣੇ ਹੁਣੀ ਪਹੁੰਚ ਗਏ ਸਨ। ਹੁਣ ਪਤਾ ਤਾਂ ਹੈ ਕਿ ਬਿਕਰਮ ਜਿੱਤ ਗਿਆ ਹੈ ਅਤੇ ਅਸੀਂ ਸਾਰੇ ਆਪਸ ਵਿੱਚ ਸ਼ੁਗਲ ਕਰਦੇ ਕਰਦੇ ਸ਼ੌਰ ਮਚਾਉਣ ਲੱਗ ਪਏ। ਸਾਡੀਆਂ ਵਾਜ਼ਾਂ ਹਵਾ'ਚ ਘੁਮਕਾਰ ਦੀਆਂ। ਪੌੜੀਆਂ ਤੋਂ ਉਨ੍ਹਾਂ ਦੇ ਕਦਮ ਦਾ ਧਮੱਕੜ ਸਾਨੂੰ ਸੁਣਦਾ ਹੈ, ਪਰ ਅਸੀਂ ਹਾਲੇ ਖੇਡ ਖੇਲਕੇ ਹਟੇ ਕਰਕੇ ਖ਼ੁਦ ਕਾਵਾਂ ਰੌਲ਼ੀ ਪਾ ਰਹੇ ਹਾਂ, ਹੁਣ ਤਾਂ ਗਾਣੇ ਵੀ ਨਹੀਂ ਸੁਣਦੇ।

ਫਿਰ ਬੂਹਾ ਖੁਲ੍ਹਿਆ ਤੇ ਮੇਰੇ ਸਾਹਮਣੇ ਵੀਨਾ ਖਲੋਤੀ ਹੈ। ਅਸੀਂ ਸਭ ਉਸ ਨੂੰ ਦੇਖ ਕੇ ਚੁੱਪ ਚਾਪ ਹੋ ਜਾਂਦੇ ਹਾਂ।

ਇੱਕ ਦਮ ਸੁਝਿਆ ਨਹੀਂ ਮੈਨੂੰ ਕਿ ਮੇਰੇ ਭੇਜੇ ਹੋਏ ਬੰਦਿਆਂ'ਚੋਂ ਬੱਸ ਦੋ ਹੀ ਬੰਦੇ ਵਾਪਸ ਆਏ ਹਨ ( ਤੀਜਾ ਕਿੱਥੇਂ ਸੀ?) ਅਤੇ ਨਾਲ਼ ਬੱਸ ਬੱਸ ਕੱਲੀ ਵੀਨਾ ਹੀ ਆਈ ਸੀ। ਉਸ ਦਾ ਪਿਉ ਰਾਣਾ ਅਤੇ ਮਾਂ ਵੀ ਨਹੀਂ ਸੀ ਉਨ੍ਹਾਂ ਨਾਲ਼। ਫਿਰ ਅਸੀਂ ਸਭ ਸਮਝਗੇ ਕਿ ਕੁੱਝ ਗਲਤ ਹੋ ਗਿਆ ਹੈ। ਅਸੀਂ ਫਿਰ ਵੀ ਬਿੰਦ ਕੁ ਚੁੱਪ ਚਾਪ ਖੜ੍ਹੇ ਰਹੇ। ਹੁਣ ਕੇਵਲ ਇੱਕ ਹੀ ਅਵਾਜ਼ ਸੁਣ ਰਹੀ ਸੀ, ਮੁਹੰਮਦ ਰਫ਼ੀ ਦੇ ਗੀਤ ਦੀ। - ਅੱਜ ਮੌਸਮ ਬੜਾ ਬੇਈਮਾਨ ਹੈ-। ਮੇਰੇ ਧਿਆਨ ਸੱਚ ਪੁੱਛੋਂ ਤਾਂ ਵੀਨਾ ਦੇ ਮੁੱਖੜੇ ਵੱਲ ਚਲਾ ਗਿਆ।ਉਸ ਬਾਰੇ ਕੁੱਝ ਗਿਆਤ ਸੀ, ਮਤਲਬ ਜਾਣ ਪਛਾਣ, ਜਿੱਦਾਂ ਸਾਡੀ ਹੁੰਦੀ ਹੈ। ਪਤਾ ਨਹੀਂ ਕਿਉਂ। ਉਸ ਦੀਆਂ ਅੱਖਾਂ ਮੇਰੇ ਨੈਣਾਂ ਦੀਆਂ ਭੈਣਾਂ ਲੱਗਦੀਆਂ ਸਨ। ਖਲੋਈ ਵੀ ਮੇਰੇ ਵਾਂਗਰ ਹੀ ਸੀ। ਪਰ ਇਹ ਸੋਚ ਬਹੁਤ ਛੇਤੀ ਪ੍ਰਾਜਿਤ ਹੋ ਗਈ।

- ਰਾਣਾ?- ਮੈਂ ਹਾਲੇ ਵੀ ਵੀਨਾ ਵੱਲ ਝਾਕਦਾ ਸਾਂ ਪਰ ਸੁਆਲ ਤਾਂ ਮੈਂ ਆਵਦੇ ਆਦਮੀ ਵੱਲ ਸ਼ਿਸਤ ਕੀਤਾ ਸੀ।

- ਬਿੱਟੂ, ਅਸੀਂ ਹੀ ਬਚੇ। ਦੋਂ ਸਮੁਰਾਈ ਸਾਡੇ ਮਗਰ ਵੀ ਸੀ। ਪਰ ਅਸੀਂ ਘੁੰਮਣ ਘੇਰੀ'ਚ ਪਾ ਦਿੱਤਾ ਉਨ੍ਹਾਂ ਨੂੰ, ਪਰ ਪਤਾ ਨਹੀਂ ਜੇ ਸਾਨੂੰ ਇੱਥੇ…-

- ਠੀਕ। ਸਮਝ ਗਏ! ਬੱਸ ਵੀਨਾ ਹੀ ਬਚੀ?- ਵਿਚਾਰੀ ਵੀਨਾ ਵੀ ਕੁੱਝ ਕਹਿਣਾ ਚਾਹੁੰਦੀ ਸੀ ਪਰ ਕਹਿ ਨਾ ਸਕੀ। ਲੱਗਦਾ ਉਸਦੇ ਮਾਂ-ਪਿਉਂ ਉਸਦੇ ਸਾਹਮਣੇ ਹੀ ਮਾਰੇ ਗਏ ਸਨ। ਹਾਲੇ ਤਾਂ ਸੱਲ ਲੱਗਾ ਸੀ। ਮੈਨੂੰ ਪੂਰਾ ਪਤਾ ਸੀ ਕਿ ਸਮੁਰਾਈ ਤਾਂ ਇੱਥੇਂ ਲਾਜਮੀ ਆਉਣਗੇ ਤੇ ਸਾਨੂੰ ਸਭ ਨੂੰ ਇੱਥੋਂ ਨਿਕਲ਼ਣਾ ਚਾਹੀਦਾ। ਇਸ ਲਈ ਮੈਂ ਆਵਦੀਆਂ ਅੱਖਾ ਨਾਲ਼ ਰੋਜ਼ੀ, ਅੰਗ੍ਰਜ਼, ਬਿਕਰਮ ਤੇ ਬਿੱਲੂ ਨੂੰ ਇਸ਼ਾਰਾ ਕੀਤਾ ਦੌੜ੍ਹਣ ਲਈ ਤਿਆਰੀਆਂ ਕਰਨ ਦਾ। ਪਰ ਵੱਡਾ ਫਿਕਰ ਤਾਂ ਕੁੜੀ ਤੇ ਇੰਨ੍ਹਾਂ ਦੋਸਤਾਂ ਦਾ ਸੀ। ਮੈਂ ਤੁਹਾਨੂੰ ਪਹਿਲਾਂ ਵੀ ਸੰਕੇਤ ਦਿੱਤਾ ਹੈ ਕਿ ਸਾਡੇ ਕੋਲ਼ ਇੱਥੇਂ ਬਹੁਤ ਹੀ ਚਮਤਕਾਰ ਆਲ਼ਾ ਪਿਆ ਹੈ। ਇਹ ਉਨ੍ਹਾਂ ਸਮੁਰਾਈਆਂ ਦੇ ਕਾਬੂ ਨਹੀਂ ਆਉਣਾ ਚਾਹੀਦਾ ਸੀ! ਇਸ

ਲਈ ਭਵੇਂ ਅਸੀਂ ਮਰ ਜਾਈਏ ਉਸ ਨੂੰ ਲੁਕਾਉਣਾ ਜਾਂ ਉਸ ਤੇ ਹੂੰਝਾਂ ਫੇਰਨਾ ਪੈਣਾ! ਉਨ੍ਹਾਂ ਦੇ ਹੱਥ ਆ ਗਿਆ ਤਾਂ ਇਤਿਹਾਸ ਹੀ ਬਦਲ ਸਕਦਾ ਹੈ! ਇਸ ਦਾ ਡਰ ਜ਼ਿਆਦਾ ਹੈ! ਪਰ ਪਹਿਲਾਂ ਵੀਨਾ ਦਾ ਕੀ ਕਰੀਏ?

ਉਪਰੋਂ ਵਾਜ ਆਈ ਸਾਡੇ ਚਪੜਾਸੀ ਦੀ, ਕਿ ਲੱਗਦਾ ਬਾਹਰ ਸੜਕ ਤੇ ਇੱਕ ਸਮੁਰਾਈ ਤੁਰਦਾ ਫਿਰਦਾ ਹੈ। ਹੁਣ ਵਕਤ ਘੱਟ ਹੈ। ਹੁਣ ਫੈਸਲਾ ਕਰਨਾ ਪੈਣਾ ਫਟਾਫਟ। ਇਸ ਲਈ ਮੈਂ ਬਿਕਰਮ ਨੂੰ ਆਪਣੇ ਨਾਲ਼ ਰਹਿਣ ਲਈ ਕਿਹਾ, ਤੇ ਰੋਜ਼ੀ ਨੂੰ ਉਪਰ ਬੰਦੂਕ ਲੈਕੇ ਜਾਣ ਲਈ ਕਿਹਾ। ਦੂਜਿਆਂ ਸਾਰਿਆਂ ਨੂੰ ਆਦੇਸ਼ ਦਿੱਤਾ ਪਿਛਲੇ ਦਰਵਾਜ਼ੇ'ਚੋਂ ਦੌੜ੍ਹਣ ਦਾ। ਜੋ ਹੋ ਸਕਦਾ ਨਿਕਲ ਜਾਣਗੇ। ਪਰ ਵੀਨਾ ਨੂੰ ਭੇਜ ਕੇ ਫਿਰ ਵੀ ਖਤਰਾ ਹੀ ਹੋਵੇਗਾ। ਦਿਮਾਗ ਬਹੁਤ ਤੇਜੀ ਨਾਲ਼ ਕੰਮ ਕਰ ਰਿਹਾ ਸੀ। ਵੀਨਾ ਨੂੰ ਇਸ ਥਾਂ ਤੋਂ ਦੂਰ ਭੇਜਣਾ ਪਵੇਗਾ। ਹਾਂ, ਉਸ ਹੀ ਆਲ਼ੇ ਦੇ ਰਾਹੀ! ਹੋਰ ਕਰ ਵੀ ਕੀ ਸਕਦੇ ਹਾਂ ਇੰਨ੍ਹਾਂ ਛੇਤੀ? ਪਰ ਜੇ ਸਮੁਰਾਈ ਆ ਵੜੇ?

-ਵੀਨਾ ਤੂੰ ਇੰਝ ਕਰ ਮੇਰੇ ਤੇ ਬਿਕਰਮ ਨਾਲ਼ ਆ!- ਮੈਂ ਉਸ ਨੂੰ ਕਿਹਾ, ਪਰ ਉਹ ਤਾਂ ਲੋਥ ਵਾਂਗ ਖਲੋਈ ਰਹੀ, ਸੋ ਮੈਂ ਉਸ ਦੀ ਕਲਾਈ ਫੜ੍ਹ ਕੇ ਖਿੱਚ ਕੇ ਨਾਲ਼ ਲੈ ਗਿਆ ਪਿੱਛੇ ਜਿੱਥੇ ਆਲ਼ਾ ਲੁਕੋਇਆ ਸੀ। ਮੈਂ ਉਸ ਨੂੰ ਆਲ਼ਾ ਕਹਿ ਰਿਹਾ ਪਰ ਉਹ ਅਸਲ ਵਿੱਚ ਇੱਕ ਮਸ਼ੀਨ ਸੀ ਜਿਹਵੀ ਵਕਤ ਨੂੰ ਹੀ ਤਹਿ ਕਰਕੇ ਕੱਠਾ ਕਰ ਸਕਦੀ ਸੀ। ਜਿਸ ਨਾਲ਼ ਭੌਤਿਕ ਵਿਗਿਆਨ ਦੇ ਅਸੂਲ ਬੇਮਤਲਬ ਹੋ ਜਾਂਦੇ ਨੇ। ਜਿਸ ਨਾਲ਼ ਅਣਹੋਣੀ ਹੋਣੀ ਹੋ ਜਾਂਦੀ ਹੈ। ਇਹ ਮਸ਼ੀਨ ਸੱਚ ਮੁੱਚ ਅਰਸਾ ਨੂੰ ਘੁੰਮਾਕੇ ਆਦਮੀ ਨੂੰ ਪਿੱਛੇ ਭੂਤਕਾਲ ਜਾਂ ਅੱਗੇ ਭਵਿੱਖ'ਚ ਲੈਕੇ ਜਾ ਸਕਦੀ ਹੈ। ਇਸ ਨੂੰ ਤੁਸੀਂ ਸਮਾਂ ਸਫਰ ਆਲ਼ਾ ਕਹਿ ਸਕਦੇ ਹੋਂ, ਜਿਸਨੂੰ ਅੰਗ੍ਰੇਜ਼ ਭਾਵੇਂ ਟਾਇਮ ਮਸ਼ੀਨ ਹੀ ਕਹਿੰਦੇ ਨੇ। ਮੈਨੂੰ ਆਸ ਹੈ ਕਿ ਜੋ ਬੁਰਾ ਬੀਤਿਆ ਹੋਵੇਗਾ, ਪਰ ਜੋ ਬਾਕੀ ਹੈ, ਹੋ ਸਕਦਾ ਅੱਜ ਤੋਂ ਬਿਹਤਰ ਹੀ ਹੈ। ਇਸ ਲਈ ਜੇ ਇਸ ਕੁੜੀ ਨੂੰ ਬਚਾਉਣਾ ਏ ਤਾਂ ਇਸ ਨੂੰ ਪਿੱਛੇ ਨਹੀਂ ਭੇਜਣਾ ਚਾਹੀਦਾ, ਪਰ ਅੱਗੇ। ਬਹੁਤ ਅੱਗੇ, ਜਿੱਥੇਂ ਅੱਜ ਕੱਲ੍ਹ ਦੇ ਸਮਾਜ ਵਰਗਾ ਸਮਾਂ ਨਹੀਂ ਹੈ। ਇਸ ਵੇਲੇ ਮੈਨੂੰ ਏਹੀ ਉਪਾਵ ਸੁਝਿਆ। ਪਰ ਪਹਿਲਾ ਤਾਂ ਵੀਨਾ ਨੂੰ ਅੰਦਰ ਲੈ ਕੇ ਜਾਵਾਂ ਅਤੇ ਆਵਦੇ ਸਿਪਾਹੀਆਂ ਤੋਂ ਪੂਰਾ ਸਮਝਾਂ ਕਿ ਕੀ ਹੋਇਆ ਹੈ।

ਹੁਣ ਜਦ ਉਨ੍ਹਾਂ ਨੇ ਸਾਰਾ ਕੁੱਝ ਚੰਗੀ ਤਰ੍ਹਾਂ ਦੱਸ ਦਿੱਤਾ ਤਾਂ ਮੈਂ ਤੇ ਬਿਕਰਮ ਪਿੱਛੇ ਕਮਰੇ'ਚ ਚਲੇ ਗਏ ਵੀਨਾ ਨੂੰ ਨਾਲ਼ ਲੈਕੇ। ਜਿੱਥੇਂ ਅਸੀਂ ਰਣ ਖੇਡ ਰਹੇ ਸਾਂ ਉੱਥੇਂ ਅੰਗ੍ਰਜ਼ ਖੜ੍ਹਾ ਸੀ ਆਵਦੀ ਮਸ਼ੀਨ ਗੰਨ ਲਈ। ਵੀਨਾ ਹਾਲੇ ਵੀ ਤੁਰਦੀ ਫਿਰਦੀ ਲਾਸ਼ ਸੀ ਤੇ ਉਸਦੇ ਮੂੰਹ ਵੱਲ ਦੇਖ ਕੇ ਸਾਫ਼ ਪਤਾ ਲੱਗ ਰਿਹਾ ਸੀ ਕਿ ਉਸ ਨੂੰ ਸਮਝ ਨਹੀਂ ਸੀ ਲੱਗ ਰਹੀ ਕਾਤ੍ਹੋਂ ਇਸ ਕਮਰੇ ਅੰਦਰ ਆਏ ਉਸਨੂੰ ਲੈ ਕੇ ਅਤੇ ਉਸਦੇ ਸਾਹਮਣੇ ਇਹ ਕਿਹੜਾ ਠੀਹਾ ਠੱਪਾ ਖੜ੍ਹਾ ਸੀ। ਮੈਂ ਉਸ ਵੱਲ ਦੇਖਿਆ ਤੇ ਫਿਰ ਸਮਾਂ ਸਫਰ ਆਲ਼ੇ ਵੱਲ। ਕੀ ਸੋਚਦੀ ਹੋਵੇਗੀ? ਹਾਲੇ ਤਾਂ ਉਸਦੇ ਟੱਬਰ ਦੀ ਮੌਤ ਉਸ ਦੀਆਂ ਨਜ਼ਰ ਸਾਹਮਣੇ ਘੁੰਮ ਰਹੀ ਹੋਵੇਗੀ। ਪਰ ਕੱਲੀ ਇਹ ਵੀ ਗੱਲ ਨਹੀਂ ਸੀ। ਮੈਂ ਹੁਣ ਸਮਾਂ ਸਫਰ ਆਲ਼ੇ ਨੂੰ ਓਵੇਂ ਦੇਖਿਆ ਜਿਵੇਂ ਵੀਨਾ ਵਾਂਗ ਪਹਿਲੀ ਵਾਰੀ ਇਸ ਮਸ਼ੀਨ ਵੱਲ ਤਕਦਾ ਹੋਵਾਂ ਤੇ ਸੋਚਦਾ ਹੋਵਾਂ, ਕਿ ਇਹ ਕੀ ਚੀਜ਼ ਹੈ?

ਸਮਾਂ ਸਫਰ ਮਸ਼ੀਨ ਦੇਖਣ'ਚ ਇੰਝ ਲੱਗਦੀ ਸੀ ਜਿਵੇਂ ਕਿਸੇ ਨੇ ਟ੍ਰੈੱਕਟਰ ਦੀ ਸੀਟ ਦੇ ਆਲ਼ੇ ਦੁਆਲ਼ੇ ਪਿੰਘ ਦਾ ਢਾਂਚਾ ਜਾਂ ਗਡੀਹਰਾ ਰੱਖ ਦਿੱਤਾ ਹੋਵੇ। ਉਸ ਢਾਂਚੇ ਨੂੰ ਫਿਰ ਇੱਕ ਚਰਖ ਤੇ ਡਾਲ ਦਿੱਤਾ ਸੀ ਜੋ ਕਾਲ ਚੱਕਰ ਵਾਂਗ ਇਸ ਢਾਂਚੇ ਨੂੰ ਗੇੜਦਾ ਸੀ, ਸੋ ਕੁਰਸੀ ਘੁੰਮਦੀ ਸੀ। ਜਿਹੜਾ ਵਿੱਚ ਬੈਠੇਗਾ ਉਸਨੂੰ ਤਾਂ ਚੱਕਰ ਆ ਜਾਣਾ ਹੈ! ਕੁਰਸੀ ਦੇ ਸਾਹਮਣੇ ਕੰਪਿਊਟਰ ਸੀ ਜਿਸਦੇ ਡਾਇਲ-ਪਟੜੇ ਤੇ ਘੜੀ ਸੀ, ਸਪੀਡਮੀਟਰ ਅਤੇ ਹੋਰ ਕਈ ਕੰਟਰੋਲ ਸਨ ਜਿੰਨ੍ਹਾ ਦੀਆਂ ਬੱਤੀਆਂ ਚਮਕਦੀਆਂ ਸਨ ਜਦ ਉਹ ਚਲਦਾ ਸੀ। ਕੁਰਸੀ ਦੇ ਹੇਠ ਸਮਝਲੋ ਇੰਜਣ ਸੀ ਜਿਸ ਨਾਲ਼ ਸਭ ਕੁੱਝ ਚਲਦਾ ਸੀ। ਇੱਥੇਂ ਹੀ ਕੰਪਿਊਟਰ ਸੀ ਜਿਸ ਦੀ ਮਦਦ ਨਾਲ਼ ਇਹ ਕੰਮ ਕਰਦਾ ਸੀ। ਵੀਨਾ ਝਾਕੀ ਗਈ ਇਸ ਅਜੀਬ ਕਲ ਵੱਲ। ਪਰ ਮੇਰੇ ਕੋਲ਼ੇ ਕਿੱਥੇਂ ਏਨਾ ਖੁਲ੍ਹਾ ਵਕਤ ਸੀ ਕਿ ਉਸ ਨੂੰ ਸਭ ਕੁੱਝ ਸਮਝਾਉਂਦਾਂ? ਫਿਰ ਵੀ ਕਿਉਂਕਿ ਹੁਣ ਫੈਸਲਾ ਕਰ ਲਿਆ ਸੀ ਉਸ ਨੂੰ ਇਸ ਦੇ ਰਾਹੀ ਗਹਾਂ ਭੇਜਣ ਦਾ, ਭਾਵੀ ਜਾਣ ਲਈ, ਥੋੜ੍ਹਾ ਬਹੁਤਾ ਤਾਂ ਦੱਸਣਾ ਹੀ ਪੈਣਾ ਸੀ।

- ਵੀਨਾ ਜੋ ਮੈਂ ਤੈਨੂੰ ਦੱਸ ਰਿਹਾ ਧਿਆਨ ਨਾਲ਼ ਸੁਣੀ। ਪਲੀਜ਼ ਡਰਨਾ ਨਹੀਂ ਹੈ। ਤੂੰ ਪੰਜਾਨੀ ਜਾਣਦੀ ਹੈ ਨਾ? ਜੇ ਤੇਰੇ ਲਈ ਹਿੰਦੀ ਸੌਖੀ ਹੈ ਤਾਂ ਮੈਂ ਹਿੰਦੀ'ਚ ਬੋਲ ਸਕਦਾਂ ਹਾਂ?-

- ਮੈਨੂੰ ਬਾਪੂ ਜੀ ਨੇ ਪੰਜਾਬੀ ਸਿਖਾਈ ਹੈ। ਤੁਸੀਂ ਉਨ੍ਹਾਂ ਨੂੰ ਸਿਖਾਈ ਸੀ, ਹੈ ਨਾ?-, ਆਵਜ਼ ਉਸਦੀ ਸੀਲ ਸੀ, ਡਗਮਗ ਜਿਹੀ ਸੀ। ਜੋ ਹਾਲ਼ੇ ਮਾਂ-ਪਿਉ ਬਾਰੇ ਹੀ ਸੋਚਦੀ ਹੋਵੇਗੀ। ਬਹੁਤ ਵੱਡੀ ਗੱਲ ਸੀ ਮਾਂ-ਪਿਉਂ ਨੂੰ ਇਸ ਤਰ੍ਹਾਂ ਖੋ ਦੇਣਾ। ਮੈਂ ਉਸ ਨੂੰ ਘੁੰਮਾ ਕੇ ਆਵਦੀਆਂ ਅੱਖਾਂ ਉਸਦੀਆਂ ਅੱਖਾਂ'ਚ ਪਾ ਲਈਆਂ। ਸੱਚ ਮੁੱਚ ਲੱਗਾ ਜਿਵੇਂ ਖ਼ੁਦ ਦੀਆਂ ਅੱਖਾਂ'ਚ ਦੇਖ ਰਿਹਾ ਹੋਵਾਂ। ਟਾਇਮ ਦੌੜ੍ਹੀ ਜਾਂਦਾ ਸੀ।- ਵੀਨਾ, ਇਹ ਮਸ਼ੀਨ ਸਮਾਂ ਸਫਰ ਆਲ਼ਾ ਹੈ, ਸੋਚਲੋ ਇੱਕ ਟਾਇਮ ਮਸ਼ੀਨ। ਤੈਨੂੰ ਜੋ ਮੈਂ ਦੱਸ ਰਿਹਾ ਥੋੜ੍ਹਾ ਅਣਹੋਣਾ ਹੀ ਲੱਗੂ। ਪਰ ਮਨ ਲਾ ਕਿ ਇੱਕ

ਵਿਗਿਆਨੀ ਨੇ ਇਸ ਨੂੰ ਬਣਾਇਆ ਹੈ ਤੇ ਇਹ ਸੱਚ ਮੁੱਚ ਲੋਕਾਂ ਨੂੰ ਕਾਲ ਦੀ ਲਕੀਰ ਤੇ ਅੱਗੇ ਪਿੱਛੇ ਭੇਜ ਸਕਦਾ ਹੈ। ਬੰਦਾ ਅਤੀਤ ਜਾਂ ਭਵਿੱਖ'ਚ ਜਾ ਸਕਦਾ ਹੈ। ਔਖੀ ਧਾਰਨਾ ਹੈ ਮੰਨਣ ਲਈ ਪਰ ਮੰਨਣਾ ਪਊ। ਇਸ ਤੇ ਤੈਨੂੰ ਬਿਠਾ ਕੇ ਮੈਂ ਭਵਿੱਖ'ਚ ਘੱਲਣਾ ਹੈ, ਉਸ ਸਮੇਂ ਵਿੱਚ ਜਿਸ'ਚ ਰੱਬ ਕਰੇ ਅੱਜ ਕੱਲ੍ਹ ਦਾ ਸਮਾਜ ਨਹੀਂ ਹੋਵੇਗਾ ਤੇ ਸਾਥੋਂ ਜ਼ਿਆਦਾ ਸੁਜਾਨ ਲੋਕਾਂ ਦਾ ਮੁਲਕ'ਚ ਰਾਜ ਹੋਵੇਗਾ। ਮੈਂ ਕੁੱਝ ਸਦੀਆਂ ਤੇਨੂੰ ਅੱਗੇ ਭੇਜ ਦੇਣਾ ਹੈ। ਦੇਖ ਆ ਘੜੀ ਹੈ ਜਿਸ ਤੇ ਮੈਂ ਕੰਪਿਊਟਰ ਰਾਹੀ ਲਿਖ ਸਕਦਾ ਹਾਂ ਕਿਹੜੀ ਤਰੀਕ ਤੇ ਤੈਨੂੰ ਭੇਜਣ ਹੈ ਅੱਗੇ। ਮੈਂ ਸੋਚਦਾ ਕਿ ਜੇ ਮੈਂ ਅੱਜ ਤੋਂ ਦੋ ਸੌ ਸਾਲ਼ ਗਹਾਂ ਭੇਜ ਦੇਵਾਂ ਤੈਨੂੰ ਤਾਂ ਹੁਣ ਦੀ ਸਰਕਾਰ ਨਹੀਂ ਹੇਵੇਗੀ ਤੇ ਸਾਡਾ ਸਮਾਜ ਬਹੁਤ ਬਦਲ ਚੁੱਕਾ ਹੋਵੇਗਾ। ਪਰ ਹੁਣ ਅਸੀਂ ਤੈਨੂੰ ਸਾਡੇ ਨਾਲ਼ ਨਹੀਂ ਲੈ ਕੇ ਜਾ ਸਕਦੇ। ਕਿਉਂਕਿ ਹਰ ਗਲੀ ਮੋੜ ਤੇ ਕਲਚਿਲਮਨਾਂ ਨੇ ਤੈਨੂੰ ਪਛਾਣ ਲੈਣਾ ਹੈ। ਮੇਰੇ ਖਿਆਲ'ਚ ਬੱਸ ਥੋੜ੍ਹੀ ਹੀ ਦੇਰ'ਚ ਉਹ ਸਮੁਰਾਈ ਇੱਥੋਂ ਪੁੱਜਣ ਵਾਲ਼ੇ ਨੇ। ਤੂੰ ਮੇਰੀ ਗੱਲ ਸਮਝਦੀ ਹੈ ਨਾ ਵੀਨਾ?-। ਮੈਂ ਥੋੜ੍ਹਾ ਚਿਰ ਲਈ ਚੁੱਪ ਹੋਗਿਆ ਇਹ ਸਮਝਣ ਲਈ ਕਿ ਉਸਦੇ ਸਭ ਕੁੱਝ ਪਲੇ ਪਿਆ। ਉਸ ਦਿਆਂ ਨੈਣਾਂ'ਚ ਜ਼ਰੂਰ ਡਰ ਸੀ। ਪਰ ਅਸੀਂ ਹੁਣ ਕੀ ਕਰੀਏ? ਜੋ ਰਾਣੇ ਨਾਲ਼ ਸੈਟ ਕੀਤਾ ਸੀ ਉਹ ਤਾਂ ਹੁਣ ਹੋ ਨਹੀਂ ਸਕਦਾ। ਮੈਂ ਉਸਨੂੰ ਹੌਸਲਾ ਦਿੱਤਾ, - ਵੀਨਾ ਤੂੰ ਇੱਥੋਂ ਹੋਰ ਕਿਸੇ ਹਾਲਤ'ਚ ਬਚਕੇ ਨਹੀਂ ਜਾ ਸਕਦੀ। ਹੁਣ ਤਾਂ ਉਨ੍ਹਾਂ ਨੇ ਤੈਨੂੰ ਮਾਰ ਕੇ ਹੀ ਹਟਣਾ। ਇਹ ਸਮਾਂ ਸਫਰ ਆਲ਼ਾ ਕੰਮ ਕਰਦਾ। ਅਸੀਂ ਇੱਕ ਦੋ ਬਾਰ ਵਰਤਿਆ ਹੈ। ਦੇਖ ਇੱਥੋਂ ਸਾਲ, ਮਹੀਨਾ, ਦਿਨ ਤੇ ਘੰਟਾ ਵੀ ਭਰ ਸਕਦੇ ਹਾਂ। ਜੇ ਉਹ ਸਮਾਂ ਜਿੱਥੋਂ ਤੈਨੂੰ ਭੇਜਣ ਲੱਗੇ ਹਾਂ ਨਾ ਪਸੰਦ ਆਇਆ ਤਾਂ ਤੂੰ ਇਸੇ ਸਦੀ ਵਿੱਚ ਦੁਬਾਰਾ ਵਾਪਸ ਵੀ ਆ ਸਕਦੀ ਹੈ...ਪਰ ਅੱਜ ਦਾ ਦਿਨ ਨਾ ਚੁਣੀ...-

- ਭਾਜੀ ਇਸ ਦਾ ਮਤਲਬ ਹੈ, ਜੇ ਮੈਂ ਚਾਹਵਾਂ ਤਾਂ ਮੈਂ ਇੱਕ ਦੋ ਦਿਨ ਅੱਜ ਤੋਂ ਪਿੱਛੇ ਜਾ ਕੇ ਮਾਂ ਬਾਪ ਨੂੰ ਬਚਾ ਸਕਦੀ ਹਾਂ!-

- ਹਾਂ। ਪਰ ਮੇਰੇ ਖਿਆਲ'ਚ ਜੋ ਬੀਤ ਗਿਆ ਉਸ ਨੂੰ ਬਦਲਣਾ ਬਹੁਤ ਖਤਰਨਾਕ ਹੈ ਤੇ...-

- ਤੇ ਕੀ? ਪਲੀਜ਼ ਕੱਲ੍ਹ ਦੀ ਤਰੀਕ ਭਰੋਂ! ਮੈਂ ਉਨ੍ਹਾਂ ਨੂੰ ਬਚਾਉਣਾ ਚਾਹੁੰਦੀ ਹਾਂ...ਮੈਂ...- ਉਹ ਨੰਬਰਾਂ ਨੂੰ ਬਦਲਣ ਲੱਗੀ ਸੀ ਪਰ ਮੈਂ ਰੋਕ ਦਿੱਤਾ। ਉਸ ਨੂੰ ਕੁਰਸੀ ਤੇ ਬਿਠਾ ਕੇ ਮੈਂ ਬੈਲਟ ਨਾਲ਼ ਕੱਸ ਦਿੱਤੀ। ਉਹ ਡਰਦੀ ਵੀ ਸੀ ਪਰ ਮੈਨੂੰ ਸਾਫ਼ ਦਿਸਦਾ ਸੀ ਉਸਦੀ ਕਲਪਨਾ'ਚ ਖਿਆਲ ਆ ਗਿਆ ਸੀ ਅੱਜ ਦੇ ਕਾਂਡ ਤੋਂ ਪਹਿਲਾਂ ਘਰ ਜਾਕੇ ਸਭ ਨੂੰ ਬਣਾਉਣ ਦਾ। ਇਤਿਹਾਸ ਨੂੰ ਬਦਲਣ ਦਾ। ਪਰ ਮੈਂ ਨੰਬਰ ਪਾਏ ਸੀ...ਉਪਰੋਂ ਵਾਜ਼ਾਂ ਆਈਆਂ ਤੇ ਫਿਰ ਸਾਫ਼ ਗੰਨ ਫਾਇਰ ਸੁਣਦੀ ਸੀ। ਕੋਈ ਪੌੜੀਆਂ ਤੋਂ ਡਿੱਗ ਪਿਆ। ਮੇਰਾ ਧਿਆਨ ਇੱਕ ਪਲ ਲਈ ਵੀਨਾ ਤੋਂ ਪਰ੍ਹਾਂ ਹੋ ਗਿਆ। ਇੱਕ ਪਲ ਲਈ ਮੈਂ ਵਾਪਸ ਦੇਖਿਆ ਤੇ ਲੱਗਾ ਕਿ ਉਹ ਤਾਂ ਤਰੀਕਾਂ ਬਦਲ ਰਹੀ ਹੈ। ਪਾਰਸੋਂ ਦੀ ਥਾਂ ਕੱਲ੍ਹ ਦੀ ਤਰੀਕ। ਮੈਂ ਰੋਕਣ ਦੀ ਕੋਸ਼ਿਸ਼ ਕੀਤੀ ਪਰ ਜਦ ਮੇਰਾ ਧਿਆਨ ਫਿਰ ਪਰ੍ਹਾਂ ਹੋ ਗਿਆ, ਕਿਉਂਕਿ ਹੁਣ ਦਰਵਾਜ਼ੇ ਦੇ ਬਾਰਹੋਂ ਹੀ ਫਾਇਰ ਆ ਰਹੀ ਸੀ ਤੇ ਲੱਗਦਾ ਸਾਡੇ ਬੰਦੇ ਮਾਰ ਦਿੱਤੇ ਉਨ੍ਹਾਂ ਸਮੁਰਾਈਆਂ ਨੇ!

ਉਸ ਪਲ ਮੈਨੂੰ ਲੱਗਿਆ ਕਿ ਮੁਹੰਮਦ ਰਫ਼ੀ ਦੀ ਵਾਜ਼ ਹੌਲੀ ਹੋ ਗਈ, ਜਿਵੇਂ ਕਿਸੇ ਨੇ ਗਾਣੇ ਨੂੰ ਸਲੋਹ ਮੋਸ਼ਨ ਤੇ ਲਾ ਦਿੱਤਾ ਹੋਵੇ ਤੇ ਹਰ ਸ਼ਬਦਾਂਗ ਤਣ ਕੇ ਬੋਲ ਰਿਹਾ ਸੀ।ਨਾਲ਼ੇ ਨਾਲ਼ ਮੇਰੇ ਆਲ਼ੇ ਦੁਆਲੇ ਲੱਗਿਆ ਜਿਵੇਂ ਹਿਲਜੁਲ ਦੀ ਚਾਲ ਸਭ ਲਈ ਹੌਲੀ ਹੌਲੀ ਹੋ ਗਈ।ਸਭ ਅਵਾਜ਼ਾਂ ਰਫ਼ੀ ਦੀ ਅਵਾਜ਼ ਵਾਂਗ ਕੁੱਤੇ ਚਾਲ ਤੇ ਸਨ, ਹਰ ਕੰਮ ਵੀ ਇਸ ਤਰ੍ਹਾਂ ਸੀ। ਜਿਵੇਂ ਜਦ ਗੋਲ਼ੀਆਂ ਬੂਹੇ'ਚੋਂ ਲੰਗ ਰਹੀਆਂ ਸਨ, ਸਭ ਹੌਲੀ ਹੌਲੀ ਜਾ ਰਹੀਆਂ ਸਨ, ਤੇ ਦਰਵਾਜ਼ੇ ਦੀ ਲੱਕੜ ਦੇ ਟੋਟੇ ਹੌਲੀ ਹੌਲੀ ਪੜਛਾ ਲਾਹ ਕੇ ਚਿੱਪਰੇ ਆਸ ਪਾਸ ਖਿੱਲਰਦੇ ਸਨ।ਹੁਣ ਦਰਵਾਜ਼ੇ ਰਾਹੀ ਇੱਕ ਸਮੁਰਾਈ ਅੰਦਰ ਵੜ ਆਇਆ ਸੀ ਤੇ ਬਿਕਰਮ ਨਾਲ਼ ਲੜ ਰਿਹਾ ਸੀ।ਉਸਦੇ ਪਿੱਛੇ ਕਮਰੇ'ਚ ਕੁੱਝ ਸਾਡੇ ਸਾਥੀ ਮਰੇ ਪਏ ਸਨ; ਤੇ ਕੁੱਝ, ਇੱਕ ਹੋਰ ਸਮੁਰਾਈ ਜੋ ਪੌੜੀਆਂ ਤੇ ਹੇਠਾਂ ਗੋਲ਼ੀਆਂ ਛੱਡਦਾ ਆ ਰਿਹਾ ਸੀ, ਨਾਲ਼ ਲੜ ਰਹੇ ਸਨ।ਜਿਹੜਾ ਹੁਣ ਬਿਕਰਮ ਨਾਲ਼ ਲੜ ਰਿਹਾ ਸੀ , ਉਸਦੀ ਵਰਦੀ ਉੱਪਰ, ਛਾਤੀ ਤੇ ਉਸਦਾ ਨਾਂ ਲਿਖਿਆ ਸੀ, ਮੁਸਾਸ਼ੀ। ਮੈਂ ਘੁੰਮਕੇ ਵੀਨਾ ਦੀ ਮਦਦ ਕਰਨ ਦੀ ਕੋਸ਼ਿਸ਼ ਕੀਤੀ, ਪਰ ਹੁਣ ਸਮਾਂ ਸਫਰ ਆਲ਼ਾ ਤਾਂ ਘੁੰਮ ਰਿਹਾ ਸੀ ਤੇ ਜੋ ਬੱਟਨ ਦੱਬ ਦਿੱਤੇ ਸੀ, ਉਸ ਹਿਸਾਬ ਨਾਲ਼ ਵੀਨਾ ਦੀ ਯਾਤਰਾ ਸ਼ੁਰੂ ਹੋ ਚੁੱਕੀ ਸੀ। ਮੁਸਾਸ਼ੀ ਨੇ ਜੋਰ ਦੇਣੀ ਬਿਕਰਮ ਨੂੰ ਪਾਸੇ ਸੁੱਟਿਆ ਤੇ ਹੁਣ ਮੈਨੂੰ ਫੜ੍ਹ ਲਿਆ।

ਮੈਂ ਤੇ ਸਮੁਰਾਈ ਹੁਣ ਹੱਥੋਪਾਈ ਹੋਣ ਲੱਗ ਪਏ। ਉਸਨੇ ਮੈਨੂੰ ਅਤੇ ਮੇਰੇ ਹਥੀਆਰ ਨੂੰ ਧੱਕਾ ਦੇਕੇ ਪਰ੍ਹਾਂ ਕੀਤਾ ਤੇ ਆਪਣੀ ਇੱਕ ਬਾਂਹ ਘੁੰਮ ਰਹੀ ਮਸ਼ੀਨ'ਚ ਪਾ ਦਿੱਤੀ। ਉਸਦੀ ਦਖਲ ਅੰਦਾਜ਼ੀ ਨੇ ਸ਼ਾਇਦ ਸਮਾਂ ਸਫਰ ਆਲ਼ੇ ਦੇ ਟਾਇਮ ਲਾਈਨ'ਚ ਗੜਬੜੀ ਕਰ ਦਿੱਤੀ ਹੋਵੇ! ਕੀ ਪਤਾ ਹੁਣ ਕਿਹੜੀ ਸਦੀ'ਚ ਵੀਨਾ ਨੂੰ ਭੇਜੂਗੀ ਮਸ਼ੀਨ! ਮੇਰਾ ਤਾਂ ਮਕਸਦ ਸੀ ਵੀਨਾ ਨੂੰ ਅੱਗੇ ਭਵਿਖ'ਚ ਭੇਜਣ ਦਾ, ਪਰ ਹੁਣ ਤਾਂ ਵੀਨਾ ਕਿਸੇ ਅਤੀਤ ਦੇ ਸਮੇ ਵਿੱਚ ਹੀ ਪੁੱਜ ਸਕਦੀ ਹੈ! ਮੈਂ ਗੁੱਸੇ ਵਿੱਚ ਮੁਸਾਸ਼ੀ ਨੂੰ ਪਿੱਛੇ

ਸੁੱਟਿਆ।ਉਹ ਤਾਂ ਸਗੋਂ ਸੰਭਲਕੇ ਸਿੱਧਾ ਹੀ ਧੁੱਸ ਦੇਕੇ ਮੇਰੇ ਵੱਲ ਨੂੰ ਆਇਆ ਪਰ ਮੈਂ ਇੱਕ ਕਦਮ ਉਸ ਜਗ੍ਹਾ ਤੋਂ ਪਰ੍ਹਾਂ ਹੋ ਗਿਆ। ਅਤੇ ਉਹ ਖ਼ੁਦ ਹੀ ਉਸ ਘੁੰਮ ਰਹੇ ਚੱਕਰ'ਚ ਜਾ ਫਸਿਆ! ਉਸਦੀ ਭਾਨੀ ਦਾ ਨਤੀਜਾ ਨੇ ਉਸਨੂੰ ਤੇ ਵੀਨਾ ਨੂੰ ਘੁੰਮਾ ਘੁੰਮਾਕੇ ਇੱਕ ਕਹਿਕਸ਼ਾਂ ਬਣਾ ਦਿੱਤਾ ਸੀ! ਹੁਣ ਮੈਂ ਵੀ ਕੁੱਝ ਕਰ ਨਹੀਂ ਸਕਦਾਂ ਸੀ!

ਮੈਂ ਆਪਣੇ ਵੱਲੋਂ ਕੋਸ਼ਿਸ਼ ਕੀਤੀ ਕਿ ਅੱਗੇ ਜਾਣ ਚੱਕਰਾਂ ਵੱਲ, ਪਰ ਮਸ਼ੀਨ ਤੋਂ ਸੇਕ ਆ ਰਿਹਾ ਸੀ ਤੇ ਹੁਣ ਮੇਰੇ ਤੇ ਬਿਕਰਮ ਦੇ ਅੱਖਾਂ ਸਾਹਮਣੇ ਵੀਨਾ ਤੇ ਸਮੁਰਾਈ ਛਾਈ ਮਾਈ ਹੋ ਗਏ। ਉਸੇ ਹੀ ਵਕਤ ਦੂਜਾ ਸਮੁਰਾਈ ਅੰਦਰ ਆ ਪਹੁੰਚਿਆ।ਉਸਦੀ ਛਾਤੀ ਤੇ ਮਤਾਹਚੀ ਲਿਖਿਆ ਸੀ। ਉਸਨੇ ਪਿੱਛੋਂ ਹੀ ਬਿਲਰਮ ਦੇ ਪਿੱਠ'ਚ ਚਾਕੂ ਮਾਰ ਦਿੱਤਾ। ਮੈਂ ਘੁੰਮਕੇ ਹੁਣ ਮਤਾਹਚੀ ਨਾਲ਼ ਲੜਨ ਲੱਗ ਪਿਆ।

ਮੈਂ ਆਵਦਾ ਹਥੀਆਰ ਉਸਦੇ ਸਿਰ ਤੇ ਮਾਰਿਆ ਤੇ ਉਹ ਸੰਭਲਣ ਦੀ ਕੋਸ਼ਿਸ਼ ਕਰਦਾ ਕਰਦਾ ਪਿੱਛੇ ਜਾ ਡਿੱਗਿਆ। ਮੈਂ ਹੁਣ ਉਸਨੂੰ ਖਤਮ ਹੀ ਕਰਨ ਲੱਗਾ ਸੀ ਜਦ ਮੇਰੀ ਪਿੱਠ ਨੂੰ ਹਵਾ ਦੇ ਬੁੱਲੇ ਨੇ ਚੁੰਮਕੇ ਮੇਰਾ ਧਿਆਨ ਫਿਰ ਉਸ ਜਗ੍ਹਾ ਤੇ ਹੀ ਕਰ ਦਿੱਤਾ ਜਿੱਥੇਂ ਵੀਨਾ ਪਹਿਲਾ ਆਲ਼ੇ'ਚ ਬੈਠੀ ਸੀ।ਮਸ਼ੀਨ ਇੱਕ ਦੋ ਪਲਾਂ ਲਈ ਵਾਪਸ ਆਈ! ਪਰ ਖਾਲੀ ਸੀ ਤੇ ਅੱਧੀ ਟੁੱਟੀ ਫੁੱਟੀ ਵੀ! ਬਿੰਦ ਕੁ ਲਈ ਸਾਹਮਣੇ ਆਉਂਦੀ ਤੇ ਫਿਰ ਗਾਇਬ ਹੋ ਜਾਂਦੀ, ਤੇ ਫਿਰ ਦਿੱਸਦੀ।ਮੇਰਾ ਧਿਆਨ ਹਜੇ ਓਧਰੇ ਹੀ ਸੀ, ਜਦੋਂ ਸਾਲਾ ਸਮੁਰਾਈ ਉੱਠ ਖੜੋਤਾ ਤੇ ਉਸਨੇ ਮੈਨੂੰ ਜੋਰ ਦੇਣੀ ਮੁੱਕਾ ਮਾਰ ਕੇ ਭੁੰਜੇ ਸੁੱਟਿਆ ਤੇ....!

# ਦਵੈਤਵਾਦੀ

## ੧੯੧੦



- ਡੇਂਸ਼ੀਚੀਰੋ, ਡੇਂਸ਼ੀਚੀਰੋ!- ਉਸਨੇ ਨੇ ਤਿੰਨ ਵਾਰ ਮੇਰਾ ਨਾਂ ਲੈ ਕੇ ਮੈਨੂੰ ਸੱਦਿਆ। ਪਰ ਮੈਂ ਉਸਦੀ ਅਵਾਜ਼ ਨੂੰ ਅਣਸੁਣਿਆ ਕਰ ਦਿੱਤਾ। ਮੈਂ ਹਾਲ਼ੇ ਵੀ ਰੁੱਸਿਆ ਹੋਇਆ ਸੀ ਕਿ ਅੱਕੈਮੀ ਦੌੜ੍ਹ ਗਈ ਏ। ਪਰ ਤੋਜੀ ਫਿਰ ਵੀ ਮੇਰਾ ਨਾਂ ਲੈਂਲੈ ਚਿੱਲਾਈ ਗਿਆ। ਇਹ ਉਹੀ ਬੁੱਧੂ ਸੀ ਜਿਸਨੂੰ ਸਾਡੇ ਯੋਸ਼ੀਓਕਾ ਪਿੰਡ ਉਸ ਦਿਨਇਸ ਲਈ ਭੇਜਿਆ ਸੀ, ਕਿ ਉਹ ਮੈਨੂੰ ਕੀਓਤੋ ਵਾਪਸ ਬੁਲਾਵੇ ਜਦ ਮਿਯਾਮੋਤੋ ਮੁਸਾਸ਼ੀ ਨੇ ਮੇਰਾ ਭਰਾ ਖਤਮ ਕਰ ਦਿੱਤਾ ਸੀ। ਮੈਂ ਗੁੱਸੇ ਵਿੱਚ ਇੱਕ ਦਮ ਕੀਓਤੋ ਪਰਤਿਆ ਬਦਲਾ ਲੈਣ ਵਾਸਤੇ। ਮੈਂ ਤਿਆਰ ਸੀ ਉਸ ਰੋਨਿਨ ਨੂੰ ਖਤਮ ਕਰਨ ਲਈ ਅਤੇ ਸਾਡੇ ਟੱਬਰ ਦੇ ਨਾਂ ਦੀ ਹਿਫਾਜਤ ਕਰਨ ਲਈ। ਪਰ ਉਸ ਵੇਲ਼ੇ ਮੈਨੂੰ ਇਹ ਕਿੱਥੇਂ ਪਤਾ ਸੀ ਕਿ ਮੈਂ ਇਸ ਰੰਡੀ ਦੀ ਧੀ, ਅੱਕੈਮੀ ਨਾਲ਼ ਪਿਆਰ ਕਰਨ ਲੱਗ ਜਾਵਾਂਗਾ, ਤੇ ਉਸਦੀ ਕੋਠੀ ਜਾ ਕੇ ਰੋਜ਼ ਸ਼ਰਾਬ ਪੀ ਕੇ ਇਹ ਆਸ ਲਾਈ ਰੱਖਾਂਗਾ ਕਿ ਮੈਂ ਹੀ ਉਸ ਦਾ ਪਹਿਲਾ ਪ੍ਰੇਮ ਹਾਂ? ਹੁਣ ਇਹ ਸਭ ਕੁੱਝ ਗਲਤ ਹੋ ਗਿਆ ਹੈ! ਸੋ ਹੁਣ ਤਾਂ ਮੈਂ ਗੁੱਸੇ ਵਿੱਚ ਹੀ ਉਸ ਕੰਜਰਖਾਨੇ'ਚ ਬੈਠਾ ਸਾਕੀ ਪੀਂਦਾ ਸੀ!

ਜਦ ਮੇਰਾ ਭਰਾ ਮਾਰਿਆ ਗਿਆ ਮੈਨੂੰ ਯੋਸ਼ੀਓਕਾ ਪਿੰਡ ਤੋਂ ਲੈਣ ਲਈ ਤੋਜੀ ਆਇਆ ਸੀ ਨੱਠ ਕੇ। ਜਦ ਉਸ ਨੇ ਮੈਨੂੰ ਦੱਸਿਆ ਕਿ ਕਿਵੇਂ ਮੁਸਾਸ਼ੀ, ਇੱਕ ਪੈਂਡੂ ਰੋਨਿਨ ਨੇ ਮੇਰੇ ਭਰਾ ਨੂੰ ਮਾਰਿਆ ਅਤੇ ਸਾਡੇ ਮਦਰੱਸੇ ਦੇ ਬੰਦੇ ਤਾਂ ਵੀਰੇ ਦੀ ਮਦਦ ਕਰਨ ਦੇ ਥਾਈਂ ਡਰ ਡਰਕੇ ਖ਼ੁਦ ਹੀ ਗੋਡੇ ਟੇਕ ਗਏ, ਉਸ ਵਕਤ ਤਾਂ ਮੈਨੂੰ ਤਾਂ ਬਹੁਤ ਗੁੱਸਾ ਚੜ੍ਹਿਆ ਹੋਇਆ ਸੀ! ਮੇਰੇ ਬਾਪ, ਕੇਂਡੋ ਦੀ ਵਸੀਅਤ ਮਿੱਟੀ'ਚ ਮਲਾ ਦਿੱਤੀ ਇੰਨ੍ਹਾਂ ਸਾਰਿਆਂ ਨੇ! ਮੈਨੂੰ ਤਾਂ ਸ਼ਰਾਬੀ ਤੇ ਲਫੰਗਾ ਹੀ ਦੱਸਦੇ ਸੀ, ਪਰ ਮੈਨੂੰ ਖ਼ੁਦ ਨੂੰ ਤਾਂ ਪਹਿਲਾਂ ਪਤਾ ਸੀ ਕਿ ਮੇਰੇ ਜਿੰਨ੍ਹਾਂ ਚੰਗਾ ਸੈਈਜੁਰੂ ਨਹੀਂ ਹੈ ਲੜਨ ਵਿੱਚ; ਤੇ ਸੋਗੋਂ ਮੈਨੂੰ ਹੀ ਚੌਧਰੀ ਰੱਖਣਾ ਚਾਹੀਦਾ ਸੀ! ਇਹ ਕੋਈ ਜ਼ਰੂਰੀ ਨਹੀਂ ਕਿ ਜੇਠੇ ਹੀ ਹਮੇਸ਼ਾ ਕੁਦਰਤ ਦੇ ਲੀਡਰ ਹੁੰਦੇ ਨੇ! ਕਾਸ਼! ਇਸ ਗੱਲਾਂ ਸੁਣ ਕੇ ਇੱਕ ਦਮ ਕੀਓਤੋ ਆ ਗਿਆ। ਪਰ ਉਹ ਮੁਸਾਸ਼ੀ ਤਾਂ ਦੌੜ੍ਹ ਗਿਆ ਸੀ! ਮੈਂ ਸਾਰਿਆਂ ਦੇ ਚਪੇੜਾਂ ਜੜੀਆਂ। ਅਤੇ ਫਿਰ ਮੈਂ ਫਿਰ ਸਭ ਨੂੰ ਕਿਹਾ ਉਸ ਮੁਸਾਸ਼ੀ ਨੂੰ ਭਾਲਣਾ ਹੈ। ਹਾਂ ਮੈਨੂੰ ਸਾਕੀ ਦੀ ਲੋੜ ਹੈ ਲੜਨ ਵਾਸਤੇ, ਇਸ ਲਈ ਮੈਂ ਫਿਰ ਕੀਓਤੋ ਦੇ ਮੈਖਾਨਿਆਂ'ਚ ਫਿਰਣ ਲੱਗ ਪਿਆ। ਇਸ ਦਾ ਇਹ ਮਤਲਬ ਨਹੀਂ ਕਿ ਮੈਨੂੰ ਲੜਣਾ ਨਹੀਂ ਆਉਂਦਾ! ਇਸੇ ਤਰ੍ਹਾਂ ਹੀ ਮੈਨੂੰ ਅੱਕੈਮੀ ਮਿਲੀ ਸੀ।

ਇੱਕ ਵਾਰੀ ਮੇਰੀ ਨਜ਼ਰ ਅੱਕੈਮੀ ਤੇ ਗਈ, ਕਿ ਉਸ ਤੋਂ ਬਾਅਦ ਬੱਸ ਮੈਨੂੰ ਹੀ ਨਜ਼ਰ ਲੱਗ ਗਈ! ਉਸਦੇ ਜਾਦੂ ਨੇ ਮੇਰਾ ਦਿਲ ਜਿੱਤ ਲਿਆ ਸੀ! ਪਰ ਓਕੋ ਉਸ ਨਾਲ਼ ਜੋ ਮਰਜ਼ੀ ਕਰੇ, ਕੁੜੀ ਮੈਨੂੰ ਹੱਥ ਨਹੀਂ ਲਾਉਣ ਦਿੰਦੀ ਸੀ। ਫਿਰ ਕਮਲੀ ਨੱਠ ਗਈ! ਹਰ ਰਾਤ ਉਸ ਕੋਲ਼ ਬਿਤਾਈ, ਕਿਉਂਕਿ ਮੈਂ ਸੋਚਦਾ ਸੀ ਕਿ ਉਹ ਮੈਨੂੰ ਮਿਲ ਜਾਵੇਗੀ, ਪਰ ਇੰਝ ਨਹੀਂ ਹੋਇਆ। ਮੈਂ ਹਾਰ ਗਿਆ, ਬੱਸ ਇਸੇ ਕਰਕੇ ਮੈਥੋਂ ਆਪਣਾ ਆਪ ਸੰਭਾਲ ਨਹੀਂ ਹੋਇਆ, ਤੇ ਖ਼ੁਦ ਨੂੰ ਰੋਕ ਨਹੀਂ ਸਕਿਆ! ਸੋ ਮੈਂ ਉਸਨੂੰ ਲੈ ਲਿਆ ਅਤੇ ਹੁਣ ਹਰ ਆਦਮੀ ਨੂੰ ਪਤਾ ਸੀ ਕਿ ਪਹਿਲਾਂ ਹੱਥ ਮੈਂ ਹੀ ਲਾਇਆ ਸੀ ਉਸ ਨੂੰ ਅਤੇ ਉਹ ਹੁਣ ਕਿਸੇ ਹੋਰ ਦੀ ਨਹੀਂ ਹੋ ਸਕਦੀ! ਜਦ ਉਸਦੀ ਜ਼ੁਬਾਨ'ਚੋਂ - ਮੁਸਾਸ਼ੀ!- ਨਾਂ ਨਿਕਲਿਆ ਤਾਂ ਮੈਂ ਬਹੁਤ ਗੁੱਸੇ'ਚ ਆ ਗਿਆ ਸਾਂ! ਹੁਣ ਉਹ ਨੱਸ ਗਈ ਏ ਪਰ ਮੈਨੂੰ ਕੋਈ ਪਰਵਾਹ ਨਹੀਂ ਹੈ। ਫਿਰ ਵੀ ਪੂਰਾ ਧਿਆਨ ਉਸ ਮੁਸਾਸ਼ੀ ਵੱਲ ਕਰਨਾ ਔਖ ਹੋ ਗਿਆ ਹੈ! ਇਸ ਤੋਂ ਜ਼ਿਆਦਾ ਆਵੇਸ਼ ਪਾਗਲ ਉਹ ਸੱਸਾਕੀ ਕਰ ਰਿਹਾ ਹੈ! ਉਸਨੂੰ ਤੇ ਉਸਦੇ ਬਾਂਦਰ ਨੂੰ ਦੇਖ ਕੇ ਮੈਂ ਆਪ ਤੋਂ ਬਾਹਰ ਹੋ ਜਾਂਦਾ ਹਾਂ, ਪਰ ਕੀ ਕਰਾਂ? ਜੋ ਹੁਣ ਉਹ ਟਿੱਚਰਾਂ ਕਰ ਕੇ ਯੋਸ਼ੀਓਕਾ ਬਾਰੇ ਕਹਿੰਦਾ ਸੱਚ ਹੀ ਹੈ। ਜੇ ਹੁਣ ਮੈਂ ਉਸ ਮੁਸਾਸ਼ੀ ਨੂੰ ਨਾ ਮਾਰਿਆ ਤਾਂ ਸਾਡੇ ਬਾਪ ਦਾ ਨਾਮ ਤਾਂ ਮਿੱਟੀ ਵਿੱਚ ਹੀ ਮਿਲਜੂ! ਮੈਥੋਂ ਬਾਅਦ ਕੇਵਲ ਮਤਾਸ਼ੀਚਿਰੋ ਹੀ ਰਿਹਾ ਹੈ ਜੋ ਤੇਰਾਂ ਸਾਲਾਂ ਦਾ ਲਵਾ ਮੁੰਦਾ ਹੈ ਤੇ ਉਸਨੇ ਕੀ ਕਰਨਾ? ਖਾਨਦਾਨ ਦੀ ਇੱਜ਼ਤ ਹੁਣ ਮੇਰੇ ਮੋਢਿਆਂ ਤੇ ਹੈ!

-ਡੇਂਸ਼ੀਚੀਰੋ!- ਤੋਜੀ ਇੱਕ ਵਾਰ ਹੋ ਚਿਲਾਇਆ। ਮੈਂ ਗੁੱਸੇ'ਚ ਜਵਾਬ ਦਿੱਤਾ, - ਕੀ ਗੱਲ ਓਏ!-। ਉਹ ਅੰਦਰ ਆਕੇ ਮੇਰੇ ਸਾਹਮਣੇ ਭੰਜੇ ਡਿੱਗ ਕੇ ਗੱਚ ਭਰਕੇ ਬੋਲਿਆ, - ਜਨਾਬ, ਸੱਸਾਕੀ ਆ ਗਿਆ ਹੈ ਤੇ ਤੁਹਾਨੂੰ ਬਲਾ ਰਿਹਾ ਹੈ। ਕਹਿੰਦਾ ਕੇ ਉਸ ਨੇ ਮੁਸਾਸ਼ੀ ਬਾਰੇ ਸੁਣਿਆ ਹੈ-। ਇਹ ਗੱਲ ਸੁਣਕੇ ਮੈਂ ਦੂਜੇ ਕਮਰੇ'ਚ ਚਲਾ ਗਿਆ ਤੋਜੀ ਦੇ ਅੱਗਅੱਗੇ। ਮੈਂ ਇੱਕ ਹੱਥ'ਚ ਸਾਕੀ ਦਾ ਅਧੀਆ ਫੜ੍ਹਿਆ ਅਤੇ ਦੂਜੇ ਹੱਥ'ਚ ਮੇਰਾ ਪਿਆਰਾ ਸੋਟਾ ਜਿਸਦੇ ਉੱਪਰੋਂ ਤੋਂ ਹੇਠਾਂ ਤੱਕ ਲੋਹੇ ਦੇ ਚੱਕਰੇ ਸਨ। ਸ਼ੋਜੀ ਖੋਲ੍ਹ ਕੇ ਦੇਖਿਆ ਦੂਜਾ ਪਾਸੇ ਟਟੋਮੀ ਫਰਸ਼ੀ ਤੇ ਸੱਸਾਕੀ ਬੈਠਾਂ ਸੀ ਗੋਡਿਆਂ ਭਾਰ ਤੇ ਉਸਦੇ ਪਿੱਛੇ ਮੇਰਾ ਟੋਲਾ ਵੀ ਬੈਠਾਂ ਸੀ। ਉਨ੍ਹਾਂ ਦੇ ਮੁਖਾਂ ਤੇ ਡਰ ਵੀ ਸਾਫ਼ ਦਿੱਸਦਾ ਸੀ। ਇਹ ਗੱਲ ਵੇਖ ਕੇ ਮੈਨੂੰ ਸ਼ਰਮ ਵੀ ਆਈ ਤੇ ਹੋਰ ਗੁੱਸਾ ਵੀ। ਕੀ ਸਾਡੇ ਯੋਸ਼ੀਓਕਾਂ'ਚ ਇੱਕ ਵੀ ਮਰਦ ਨਹੀਂ ਰਿਹਾ?

ਸੱਸਾਕੀ ਦੇ ਲਾਲ ਜਾਮਾ ਪਾਇਆ ਸੀ ਜਿਸ ਵਿੱਚ ਉਹ ਮੇਰੇ ਖਿਆਲ'ਚ ਭੜਕੀਲਾ ਲੱਗ ਰਿਹਾ ਸੀ। ਉਸਦਾ ਬਾਂਦਰ ਵੀ ਨਾਲ਼ ਹੀ ਸੀ। ਮੈਨੂੰ ਤਾਂ ਬਚਪਨ ਦੀ ਨਿਸ਼ਾਨੀ ਲੱਗਦੀ ਸੀ ਕਿ ਆਦਮੀ ਬਾਂਦਰ ਲਈ ਫਿਰਦਾ ਹੈ, ਪਰ ਸੱਚ ਹੈ ਮੇਰੇ ਆਦਮੀਆਂ ਨੇ ਵੀ ਸੱਸਾਕੀ ਤੋਂ ਛਿੱਤਰ ਖਾਦੇ ਸੀ ਤੇ ਲੱਗਦਾ ਕਿ ਸੱਸਾਕੀ ਸਾਡੇ ਵਾਂਗਰ ਹੀ ਉਸ ਮੁਸਾਸ਼ੀ ਦੇ ਖਿਲਾਫ ਸੀ। ਇਸ ਲਈ ਝੱਲਦਾ ਸੀ ਮੈਂ ਉਸਨੂੰ। ਹੁਣ ਤੱਕ ਉਸਨੇ ਮੇਰੇ ਵੀਰੇ ਨੂੰ ਵੀ ਚੰਗੀ ਹੀ ਸੁਲਾਹ ਹੀ ਦਿੱਤੀ ਸੀ। ਤੇ ਇਸ ਲਈ

ਮੈਂ ਉਸਨੂੰ  ਜਰ ਸਕਦਾ ਸੀ। ਇਹ ਵੀ ਸੱਚ ਹੈ ਕਿ ਉਸਨੇ ਜੋ ਵੀ ਯੋਸ਼ੀਓਕਾ ਬਾਰੇ ਕਿਹਾ ਉਹ ਸੱਚ ਹੀ ਨਿਕਲਿਆ ਸੀ। ਉਸਦੀਆਂ ਅੱਖਾਂ ਤੋਂ ਹੀ ਪਤਾ ਲਗਦਾ ਸੀ ਕਿ ਉਸਦੀ ਨਿਗ੍ਹਾ ਵਿੱਚ ਤਾਂ ਮੈਂ ਇੱਕ ਸ਼ਰਾਬੀ ਬੰਦਾ ਹੀ ਜਾਪਦਾ ਸੀ ਉਸਨੂੰ। ਸੱਸਾਕੀ ਨੇ ਸਿਰ ਝੁਕਾਇਆ ਤੇ ਮੈਂ ਵੀ ਆਵਦੇ ਸੀਸ ਨੂੰ ਥੋੜ੍ਹਾਂ ਜਿਹਾ ਝੁਕਾ ਕੇ ਤਸਦੀਕ ਦਿੱਤੀ। ਮੈਂ ਉਸਦੇ ਸਾਹਮਣੇ ਗੋਡਆਂ ਭਾਰ ਬੈਠ ਗਿਆ, ਸੋਟਾ ਥੱਲੇ ਰੱਖਕੇ ( ਪਰ ਸਾਕੀ ਹਾਲੇ ਵੀ ਮੇਰੇ ਹੱਥ'ਚ ਸੀ)।

-ਬੋਲ਼-, ਇਸ ਤੋਂ ਇਲਾਵਾਂ ਮੈਂ ਹੋਰ ਕੁੱਝ ਨਾ ਕਿਹਾ ਉਸਨੂੰ।

- ਡੇਂਸ਼ੀਚੀਰੋ ਸਣ, ਮੈਂ ਲੋਕਾਂ ਤੋਂ ਸੁਣਿਆ ਹੈ ਕਿ ਅੱਜ ਮੁੱਸਾਸ਼ੀ ਕੀਓਤੋ ਵਾਪਸ ਆ ਗਿਆ ਹੈ। ਸੁਣਿਆ ਕਿ ਉਹ ਇੱਕ ਸਰਦਾਰ ਦੇ ਘਰ ਠਹਿਰਿਆ ਏ। ਹੁਣ ਤੂੰ ਜਿੰਨ੍ਹੀ ਛੇਤੀ ਉਸਨੂੰ ਚੁਨੌਤੀ ਦੇਵੇਗਾਂ ਉਨ੍ਹਾਂ ਹੀ ਚੰਗਾ ਹੈ; ਤਾਂ ਕਿ ਲੋਕਾਂ ਨੂੰ ਵੀ ਪਤਾ ਲੱਗੇ ਕਿ ਯੋਸ਼ੀਓਕਾ ਖਾਨਦਾਨ ਦੀ ਇੱਜ਼ਤ ਦਾ ਬਦਲਾ ਲੈ...-

ਮੈਂ ਕਿਹਾ -ਬੱਸ। ਕੁੱਝ ਹੋਰ ਕਹਿਣ ਦੀ ਲੋੜ ਨਹੀਂ!ਮੈਂ ਹੁਣੇ ਇਸ ਹੀ ਵਕਤ ਚੱਲਿਆ ਹਾਂ ਉਸ ਨੂੰ ਖਟਮ ਕਰਨ!-। ਸੱਸਾਕੀ ਦੇ ਪਿੱਛੇ ਹੀ ਮੇਰੇ ਭਰਾ ਦੇ ਚੇਲੇ ਵੀ ਆਪਸ ਵਿੱਚ ਘੁਸਰਮੁਸਰ ਕਰਨ ਲੱਗ ਪਏ ਤੇ ਸਕੀਮਾਂ ਲੜਾਉਂਣ ਲੱਗ ਪਏ ਕਿ ਕਿਸ ਢੰਗ ਤਰੀਕੇ ਨਾਲ਼ ਮਾਰੀਏ ਸਾਰੇ ਉਸਨੂੰ। ਪਰ ਸੱਸਾਕੀ ਨੇ ਸਾਨੂੰ ਸਭ ਨੂੰ ਰੋਕ ਦਿੱਤਾ ( ਕੁੱਝ ਬੰਦੇ ਤਾਂ ਖੜ੍ਹੇ ਹੋ ਗਏ ਸੀ ਕੱਤਾਨੇ ਚੁੱਕ ਕੇ, ਤੇ ਬਾਹਰ ਆ ਗਏ ਜਾਣ ਲਈ ਤਿਆਰ ਹੋ ਕੇ)।

- ਇਵੇਂ ਨਾ ਕਰੋਨ ਤੁਸੀਂ!- ਸੱਸਾਕੀ ਬੋਲਿਆ।

-ਕਿਉਂ ਨਹੀਂ! ਅਸੀਂ ਉਸਨੂੰ ਘੇਰਕੇ ਮਾਰਾਂਗੇ!- ਇੱਕ ਆਦਮੀ ਬੋਲਿਆ।

- ਵਾਹ! ਬਹੁਤ ਬਹਾਦਰ ਹੋਂ ਤੁਸੀਂ ਸਭ! ਅਖੇ ਘੇਰ ਕੇ ਮਾਰਾਂਗੇ ਉਸਨੂੰ! ਉਹ ਬਈ ਲੋਕਾਂ ਨੂੰ ਵੀ ਪਤਾ ਲੱਗੇ ਕਿ ਕੋਈ ਚੱਜ ਦੀ ਚਨੌਤੀ ਦਿੱਤੀ ਹੈ ਕਿਸੇ ਨੇ। ਜਾਕੇ ਉਸਨੂੰ ਬਾਕਾਇਦਾ ਕਿਸੇ ਹਿਸਾਬ ਦੇ ਨਾਲ਼ ਚਨੌਤੀ ਦਿਓ! ਇੱਕ ਰਸਮ ਦੇ ਹਿਸਾਬ ਨਾਲ਼! ਉਸਨੂੰ ਉਸ ਥਾਂ ਦਾ ਨਾਂ ਦੱਸੋ ਜਿੱਥੇਂ ਮੁਕਾਬਲਾ ਹੋਣਾ ਚਾਹੀਦਾ ਅਤੇ ਯੋਸ਼ੀਓਕਾ ਘਰ ਦੇ ਡੇਂਸ਼ੀਚੀਰੋ ਦਾ ਨਾਂ ਦੱਸੋ ਜਿਸ ਨੇ ਚਨੌਤੀ ਦਿੱਤੀ ਹੈ। ਇੱਦਾਂ ਕਰੀ ਦਾ ਹੈ ਕੰਮ!-

-ਆਹੋ, ਗੱਲ ਤਾਂ ਤੇਰੀ ਠੀਕ ਹੈ। ਤੂੰ ਵੀ ਆਵੇਗਾ?-

-ਆਉਣਾ ਤਾਂ ਚਾਹੁੰਦਾ ਸੀ। ਪਰ ਐਤਕੀ ਮੇਰੇ ਕੋਲ਼ ਹੋ ਕੰਮ ਹੈ। ਬੱਸ ਤੁਸੀਂ ਫਟਾਫਟ ਉਸਨੂੰ ਭਾਲ ਕੇ ਚਨੌਤੀ ਦਿਓ।ਮੈਂ ਤਾਂ ਸੁਣਿਆ ਤੂੰ ਸੈਈਜੁਰੁ ਤੋਂ ਚੰਗਾ ਗਤਕੇਬਾਜ਼ ਹੈ। ਹੁਣ ਦਿਖਾ ਦੇ ਸਮਾਜ ਨੂੰ ਕਿ ਮੁਸਾਸ਼ੀ ਤਾਂ ਸਿਰਫ਼ ਇੱਕ ਪੈਂਡੂ ਹੀ ਹੈ। ਉਹ ਕੋਈ ਅਸਲੀਂ ਸਮੁਰਾਈ ਨਹੀਂ ਹੈ ਤੁਹਾਡੇ ਵਾਂਗਰ!-।

- ਮੈਨੂੰ ਕੋਈ ਕੱਤਾਨਾ ਨਹੀਂ ਚਾਹੀਦਾ ਉਸਦਾ ਬੋਕਨ ਤੋੜਣ ਲਈ! ਉਸ ਲਈ ਤਾ ਇਹ ਮੇਰਾ ਚੱਕਰਾਂ ਵਾਲ਼ਾ ਸੋਟਾ ਹੀ ਕਾਫ਼ੀ ਹੈ!- ਮੈਂ ਸੋਟੇ ਵੱਲ ਇਸ਼ਾਰਾ ਕਰਕੇ ਕਿਹਾ। ਪਰ ਸੱਸਾਕੀ ਨੇ ਤਾਂ ਇੱਕ ਝਾਤ ਵੀ ਨਹੀਂ ਮਾਰੀ ਸੋਟੇ ਵੱਲ। ਬੱਸ ਸਿੱਧਾ ਮੇਰੀਆਂ ਅੱਖਾਂ'ਚ ਹੀ ਦੇਖੀ ਗਿਆ, ਉਹ ਇਸ ਤਰ੍ਹਾਂ ਵੇਖਦਾ ਸੀ ਜਿਵੇਂ ਤੀਰ ਛੱਡਦਾ ਹੋਵੇ। - ਮੁੱਸਾਸ਼ੀ ਨੂੰ ਪਿਆਮ ਭੇਜ- । ਮੇਰੇ ਮਨ ਨੂੰ ਫਿਰ ਗੁੱਸਾ ਚੜ੍ਹਿਆ। ਕਿ ਇਹ ਕੋਣ ਹੁੰਦਾ ਮੈਨੂੰ ਕੁੱਝ ਕਹਿਣ ਵਾਲ਼ਾ? ਮੈਂ ਇਸ ਨੂੰ ਆਵਦੇ ਸੋਟੇ ਨਾਲ਼ ਇਸ ਹੀ ਵਕਤ ਮਾਰਕੇ ਦਿਖਾਉਂਦਾ ਹਾਂ। ਪਰ ਮੈਂ ਸਹਿਮਤੀ ਵਿੱਚ ਸਿਰ ਹਿਲਾ ਦਿੱਤਾ। ਫਿਰ ਸੱਸਾਕੀ ਸਿਰ ਝੁਕਾ ਕੇ ਖੜ੍ਹ ਗਿਆ ਅਤੇ ਫਿਰ ਚਲਾ ਗਿਆ। ਉਸ ਦੇ ਜਾਣ ਤੋਂ ਬਾਅਦ ਤੋਜੀ ਅਤੇ ਹੋਰ ਸਾਰੇ ਜੋਸ਼ ਵਿਖਾਉਣ ਲੱਗ ਪਏ, ਸਾਰੇ ਇੱਧਰ ਉੱਧਰ ਨੱਠ ਦੇ, ਤੇ ਤਲਵਾਰਾਂ ਕੱਢਣ ਲੱਗ ਪਏ। -ਬੱਸ ਕਰੋਂ ਓਏ!- ਮੈਂ ਖਿੱਝ ਕੇ ਬੋਲਿਆ। ਸਾਰੇ ਖੜ੍ਹ ਗਏ ਬੁੱਤਾਂ ਵਾਂਗ। ਮੈਂ ਉੱਠਕੇ ਖੜ੍ਹਾ ਹੋ ਗਿਆ ਤੇ ਹੱਥ'ਚ ਫੜ੍ਹੇ ਅਧੀਏ ਨੂੰ ਇੱਕੋ ਸਾਹੋ ਪੀਕੇ ਖਤਮ ਕਰ ਪਾਸੇ ਸੁੱਟ ਦਿੱਤਾ। - ਚੱਲੋਂ ਹੁਣ ਮੱਦਰਾਸੇ ਵਾਪਸ ਚਲੀਏ! ਝਾ ਤੋਜੀ ਤੂੰ ਪੰਜ ਬੰਦੇ ਨਾਲ਼ ਲੈ ਕੇ ਜ੍ਹਾ ਮੁਸਾਸ਼ੀ ਨੂੰ ਲਭਣ ਲਈ। ਤੇ ਤੋਸ਼ੀਰੋ ਤੂੰ ਵੀ ਨਾਲ਼ ਜ੍ਹਾ। ਤੇ ਬਾਕੀ ਮੇਰੇ ਨਾਲ਼ ਆਉ-।

- ਸਰਦਾਰ ਜੇ ਮੁਸਾਸ਼ੀ ਮਿਲ ਗਿਆ...ਉਸਨੂੰ ਘੇਰ ਕੇ ਮਾਰ...!-

-ਨਹੀਂ! ਤਸੀਂ ਮਾਰਨਾ ਨਹੀਂ। ਮੈਂ ਹੀ ਉਸਨੂੰ ਦੇਖੂੰਗਾ। ਤੁਸੀਂ ਬੱਸ ਉਸਨੂੰ ਸੰਦੇਸ਼ ਦੇਣਾ ਕਿ ਮੈਨੂੰ ਠੀਕ ਅੱਠ ਵੱਜੇ ਹਿਗਾਸ਼ੀਯਾਮਾ ਨਜ਼ਾਮਤ'ਚ ਮਿਲੇ, ਸੰਜੂਸੰਗੈਂਦੋ ਮੰਦਰ'ਚ। ਸਮਝੇ? ਪੂਰੇ ਅੱਠ ਵੱਜੇ-।

-ਸਰਦਾਰ ਜੀ ਉਹ ਤਾਂ ਹੁਣ ਤੋਂ ਬੱਸ ਤਿੰਨ ਘੰਟਿਆਂ ਬਾਅਦ ਦੀ ਹੀ ਗੱਲ ਹੈ। ਤੁਸੀਂ ਪਹਿਲਾਂ ਆਪਣੇ ਆਪਨੂੰ ਤਿਆਰ ਨਹੀਂ ਕਰਨਾ?-

-ਬੁਸਤਲ! ਕੋਈ ਤਿਆਰੀ ਦੀ ਲੋੜ ਨਹੀਂ ਹੈ। ਮੈਂ ਤਿਆਰ ਹੀ ਹਾਂ। ਅੱਜ ਬਦਲਾ ਲੈਣਾ ਹੈ। ਨਾਲ਼ੇ ਉਹ ਸਾਲੀ ਐੱਕੇਮੀ ਕਿਸੇ ਨੂੰ ਮਿਲ ਜਾਵੇ ਤਾਂ ਉਸਨੂੰ ਵੀ ਮਦਰੱਸੇ ਵਾਪਸ ਲਿਆਉਣਾ ਹੈ, ਅੱਛਾਂ!-। ਸਾਰੇ ਸਿਰ ਝੁੱਕਾਕੇ ਦੌੜ੍ਹ ਗਏ। ਮੇਰੇ ਨਾਲ਼ ਕੇਵਲ ਚਾਰ ਬੰਦੇ ਤੁਰੇ ਮਦਰੱਸੇ ਵੱਲ। ਬਾਹਰ ਕੀਓਤੋ ਚਿੱਟਾੱਚਿੱਟਾ ਨਜ਼ਰ ਆ ਰਿਹਾ ਸੀ। ਸਾਰੇ ਪਾਸੇ ਤਖਾਰ ਪੈ ਰਿਹਾ ਸੀ। ਹਰ ਘਰ ਦੀ ਛੱਤ ਉੱਪਰ ਬਰਫ਼ ਪੈਣ ਨਾਲ਼ ਇਵੇਂ ਲੱਗਦਾ ਸੀ ਜਿਵੇਂ ਚਿੱਟੀਆਂ ਟੋਪੀਆਂ ਪਾਈਆਂ ਹੋਣ। ਹਰ ਦਰਖ਼ਤ ਦੀਆਂ ਟਾਹਣੀਆਂ ਤੇ ਹਿਮ ਕਣ ਦੀਆਂ ਲਖੀਰਾਂ ਸਨ। ਪੈਰਾਂ ਹੇਠ ਬਰਫ਼ ਕਰਚ ਕਰਚ ਕਰਦੀ ਸੀ। ਜਿੱਥੇਂ ਵੀ ਕਦਮ ਰੱਖਦੇ ਸਾਂ, ਉੱਥੇਂ ਠੱਪੇ ਲੱਗ ਜਾਂਦੇ ਸਨ ਬਰਫ'ਚ। ਹਵਾ ਵੀ ਬਹੁਤ ਸੀਤ ਸੀ। ਸ਼ਹਿਰ ਤਾਂ ਹੁਣ ਚਿੱਟਾ ਹੋਇਆ ਪਿਆ ਸੀ। ਸਿਰਫ਼ ਚੈਰੀ ਰੁੱਖ ਪੁਸ਼ਪ ਗੁਲਾਬ ਦਿਸ ਰਹੇ ਸਨ। ਮੈਂ ਆਪਣੇ ਆਪਨੂੰ ਨਿੱਘਾ ਰੱਖਣ ਰੱਖਣ ਲਈ ਅਧੀਆ ਭਾਲਿਆ ਪਰ ਚੇਤਾ ਆ ਗਿਆ ਕਿ ਉਹ ਤਾਂ ਰੰਡੀ ਘਰ'ਚ ਹੀ ਸੁੱਟ ਦਿੱਤਾ ਸੀ। ਹੁਣ ਹੋਰ ਗੁੱਸਾ ਆ ਚੜ੍ਹ ਗਿਆ। ਸਾਕੀ ਦੀ ਲੋੜ ਸੀ। ਜਦ ਮਦਰੱਸੇ ਪੁੱਜੇ ਤਾਂ ਮੈਂ ਬਾਰੀ'ਚੋਂ ਬਾਹਰ ਦੇਖਦੇ ਨੇ ਸੋਚਿਆ ਕਿ ਇਸ ਮੌਸਮ'ਚ ਤਾਂ ਮੈਨੂੰ ਪੂਰਾ ਬਕਤਰ ਹੀ ਪਾ ਕੇ ਜਾਣਾ ਚਾਹੀਦਾ ਹੈ। ਐਵੇਂ ਠੰਢ'ਚ ਕਿਉਂ ਮਰਨਾ? ਮੁਸਾਸ਼ੀ ਨੇ ਜੇ ਮੇਰੇ ਸੰਜੋਏ ਵੱਲ ਇੱਕ ਵੀ ਝਾਤ ਮਾਰੀ ਤਾਂ ਡਰ ਜਾਣਾ ਹੈ! ਉਸਨੂੰ ਕੀ ਪਤਾ ਹੈ ਅਸਲੀਂ ਸਮੁਰਾਈ ਕੀ ਹੁੰਦਾ ਹੈ? ਜੰਗ ਵੇਲੇ ਹੀ ਅਸੀਂ ਇੱਦਾਂ ਜਿਰਾਬਕਤਰ ਪਾ ਕੇ ਜਾਂਦੇ ਹਾਂ ਲੜਣ ਵਾਸਤੇ। ਇਹ ਕਵਚ ਬਹੁਤ ਡਰਾਉਣਾ ਹੁੰਦਾ ਹੈ, ਜਿਸਦਾ ਮੂੰਹ ਇੱਕ ਦੈਂਤ ਵਰਗਾ ਜਾਪਦਾ ਹੈ, ਅਤੇ ਟੋਪੀ ਤੇ ਵੱਡੇ ਜਿਹੇ ਸਿੰਗ ਹੁੰਦੇ ਨੇ। ਦੁਸ਼ਮਨ ਨੂੰ ਤਾਂ ਭੂਤ ਹੀ ਦਿੱਸਦਾ ਹੈ। ਅੱਧਾ ਤਾਂ ਦੁਸਮਨ ਇਸ ਸੂਰਤ ਨੂੰ ਵੇਖਕੇ ਹੀ ਡਰ ਜਾਂਦਾ ਹੈ। ਸਮੁਰਾਈ ਬਹੁਤ ਡਰਾਉਣਾ ਫੌਜੀ ਹੁੰਦਾ ਹੈ। ਪਿੰਡਾਂ ਦੇ ਲੋਕਾਂ ਵਰਗਾ ਨਹੀਂ ਹੁੰਦਾ। ਸਾਨੂੰ ਤਾਂ ਸ਼ੋਗਣ ਨੇ ਇਜਾਜ਼ਤ ਦਿੱਤੀ ਹੈ ਸੰਜੋ ਪਾਉਣ ਲਈ। ਮੁਸਾਸ਼ੀ ਵਰਗਿਆਂ ਨੂੰ ਇਸ ਠਾਠ ਦਾ ਕੀ ਪਤਾ ਹੈ। ਸੁਮਰਾਈ ਦੀ ਸੂਰਤ ਇੱਕ ਚਮਤਕਾਰੀ ਚੀਜ਼ ਹੈ। ਜਿਸ ਤੇ ਲੋਕ ਡਰਦੇ ਹੈ ਤੇ ਇੱਜ਼ਤ ਕਰਦੇ ਨੇ।

ਜਦੋਂ ਮੈਂ ਸੇਕੀਗ੍ਹਾਰਾ ਦੇ ਰਣ ਤੇ ਲੜਿਆ ਸਾਂ ਤਾਂ ਮੇਰਾ ਲਾਲ ਰੰਗ ਦਾ ਸੰਜੋ ਪਾਇਆ ਹੋਇਆ ਸੀ ਜਿਸਦੇ ਟੋਪ ਤੇ ਰਾਖਸ਼ ਦਾ ਮੁਖੜਾ ਸੀ ਜਿਸ ਦੇ ਪਾਸਿਓ ਲੋਹੇ ਦੇ ਸਿੰਗ ਨਿਕਲਦੇ ਸੀ। ਇਹ ਜੋ ਨਕਾਬ ਪਾਇਆ ਸੀ, ਇਸ ਦਾ ਹਾਵ ਭਾਵ ਪੱਥਰ ਵਰਗਾ ਸੀ।ਬਦਰੀ'ਚ ਦੋ ਕੱਤਾਨੇ ਸਨ ਅਤੇ ਮੋਢੇ ਤੇ ਸੋਟਾ ਤਿਆਰ ਰੱਖਿਆ ਹੋਇਆ ਸੀ, ਦੁਸ਼ਮਨ ਦੀ ਖੋਪੜੀ ਭੰਨਣ ਲਈ।ਹਾਂ ਜਦ ਲੋਕ ਸਮੁਰਾਈ ਨੂੰ ਦੇਖਦੇ ਹਨ ਤਾਂ ਜ਼ਰੂਰ ਡਰਦੇ ਨੇ।

ਪਰ ਇਹ ਮੁਸਾਸ਼ੀ ਤਾਂ ਇੱਕ ਸ਼ੇਖ਼ੀਖ਼ੋਰ ਹੈ।ਅੱਜ ਵੀਰੇ ਦਾ ਬਦਲਾ ਲੈਕੇ ਰਹਿਣਾ ਹੈ! ਤੇ ਇਸਨੂੰ ਆਵਿਦੇ ਸੋਟੇ ਨਾਲ਼ ਰੱਬ ਕੋਲ਼ ਭੇਜਕੇ ਹਟਣਾ ਹੈ ਮੈਂ! ਤੇ ਓਹ ਸੱਸਾਕੀ ਵੀ ਬਹੁਤ ਭੜ੍ਹਕਾਈ ਜਾਂਦਾ ਹੈ। ਉਸਨੂੰ ਵੀ ਦੇਖੂਗਾ ਬਾਅਦ'ਚ, ਪਹਿਲਾਂ ਇਸ ਮੁੱਸਾਸ਼ੀ ਦਾ ਕੰਡਾ ਕੱਢਣਾ। ਹੁਣ ਬਰਫ ਨਾਲ਼ ਸਭ ਕੁੱਝ ਸਫ਼ੈਦੱਸਫ਼ੈਦ ਹੈ। ਠੰਢ ਵੀ ਪੂਰੀ ਹੱਡ ਭੰਨਵੀ ਹੈ।ਇਸ ਲਈ ਸਾਕੀ ਦੀ ਵੀ ਬਹੁਤ ਲੋੜ ਹੈ। ਜਦ ਮਦਰੱਸੇ ਪੁੱਜੇ ਤਾਂ ਸਾਕੀ ਦੀ ਬੋਤਲ ਮੰਗੂਗਾ। ਮੈਂ ਕੋਈ ਉਸ ਮੁਸਾਸ਼ੀ ਤੋਂ ਡਰਦਾ ਨਹੀਂ ਹਾਂ, ਜੋ ਮੈਂ ਉਸਨੂੰ ਖਤਮ ਕਰਨ ਲਈ ਕੋਈ ਬਹੁਤਾ ਆਹਰ ਪਾਹਰ ਕਰਦਾ ਫਿਰਾਂ।ਇਹ ਜੋ ਮੇਰੇ ਆਦਮੀ ਨੇ, ਇਹ ਸਾਲੇ ਸਾਰੇ ਦੇ ਸਾਰੇ ਖੁਸਰੇ ਹੀ ਨੇ।ਇੰਨ੍ਹਾਂ'ਚੋਂ ਕਿਸੇ'ਚ ਏਨੀ ਹਿੰਮਤ ਨਹੀਂ ਕਿ ਕੋਈ ਜਣਾ ਗਾਹਾਂ ਹੋ ਕੇ ਖ਼ੁਦ ਮੁਸਾਸ਼ੀ ਨਾਲ਼ ਲੜੇ। ਤਾਈਂ ਤਾਂ ਵੀਰਾ ਮਰ ਗਿਆ ਸੀ ਇੰਨ੍ਹਾਂ ਦੇ ਡਰਪੋਕਪੁਣੇ ਕਾਰਨ! ਅੱਜ ਬਾਪੂ ਜੀ ਹੁੰਦੇ ਤਾਂ ਬਹੁਤ ਸ਼ਰਮ ਆਉਣੀ ਸੀ ਉਨ੍ਹਾਂ ਨੂੰ ਇਹ ਸਭ ਦੇਖਕੇ ਕਿ ਉਸਦੇ ਮਦਰੱਸੇ ਦਾ ਕੀ ਹਾਲ ਹੋ ਚੁੱਕਾ ਹੈ!

ਅਸੀਂ ਮਦਰੱਸੇ ਪਹੁੰਚ ਗਏ।

- ਸਾਕੀ ਲਿਆ ਓਏ!- ਮੈਂ ਖਿੱਝਕੇ ਉੱਚੀ ਅਵਾਜ਼ ਵਿੱਚ ਇੱਕ ਬੰਦੇ ਨੂੰ ਕਿਹਾ ।

– ਸਰਦਾਰ ਇਹ ਪੀਣ ਲਈ ਵਕਤ ਨਹੀਂ ਹੈ, ਹੁਣ ਹੋ ਸਕਦਾ ਬਿੰਦ ਕੁ ਤੱਕ ਤੁਹਾਨੂੰ ਲੜਣਾ ਪਵੇ...- ਮੈਂ ਗੁੱਸੇ'ਚ ਆਕੇ ਉਹਦੇ ਲੱਤ ਮਾਰੀ ਤੇ ਉਹ ਡਿੱਗ ਪਿਆ। ਇੱਕ ਹੋਰ ਨੇ ਚੁੱਪ ਚਾਪ ਬੋਤਲ ਲਿਆਂਦੀ ਥੋੜ੍ਹਾ ਜਿਹਾ ਸੇਕ ਲਵਾਕੇ। ਮੈਂ ਕੋਸੀ ਸ਼ਰਾਬ ਪੀ ਕੇ ਆਪਣੇ ਆਪਨੂੰ ਨਿੱਘਾ ਕੀਤਾ। ਫਿਰ ਬਹਿ ਕੇ ਆਵਦੇ ਤਲੰਗਾਂ ਤੋਂ ਕੋਈ ਖਬਰ ਆਉਂਣ ਨੂੰ ਉਡੀਕਿਆ। ਘੰਟਾ ਬੀਤ ਗਿਆ ਸੀ ਜਦ ਯੋਸ਼ੀ ਆਇਆ ਅੰਦਰ ਸਮਾਚਾਰ ਦੇਣ ਮੈਨੂੰ।

- ਸਰਦਾਰ, ਸਾਨੂੰ ਮੁਸਾਸ਼ੀ ਲੱਭ ਗਿਆ ਹੈ। ਤੇ ਉਹ ਸ਼ਾਹਿਰ ਦੇ ਚਕਲਿਆ'ਚ ਤੁਰਦਾ ਫਿਰਦਾ ਨਜ਼ਰ ਆਇਆ ਹੈ ਸਾਨੂੰ, ਇੱਕ ਵੱਡੜੇ ਸਾਮੰਤ ਨਾਲ਼। ਲੱਗਦਾ ਮੁਸਾਸ਼ੀ ਉਸਦਾ ਅਤਿਥੀ ਹੈ। ਹੁਣ ਨਹੀਂ ਕਿੱਤੇ ਜਾ ਸਕਦਾ ਕਿਉਂਕਿ ਹੁਣ ਸਾਨੂੰ ਪਤਾ ਹੈ ਕਿ ਉਹ ਕਿਹੜੀ ਕੋਠੀ'ਚ ਹੈ, ਤੇ ਸਾਡੇ ਸਾਰੇ ਬੰਦੇ ਕੋਠੀ ਆਸੇ ਪਾਸੇ ਖਲੋਏ ਹੈ–

- ਅੱਛਾ। ਫਿਰ ਉਹ ਬੋਲਿਆ ਸੀ ਕੁੱਝ?–

- ਜੀ। ਅਸੀਂ ਤੁਹਾਡੀ ਚੁਨੌਤੀ ਉਸ ਨੂੰ ਦਿੱਤੀ ਹੈ। ਉਸਨੇ ਮਨਜ਼ੂਰ ਕਰ ਲਈ। ਠੀਕ ਅੱਠ ਵੱਜੇ ਉਹ ਤੁਹਾਨੂੰ ਮਿਲੇਗਾ ਹਿਗਾਸ਼ੀਯਾਮਾ ਤੇ। ਬੱਸ ਹੋਰ ਕੁੱਝ ਨਹੀਂ ਬੋਲਿਆ ਉਹ। ਸਾਡੀ ਤਾਂ ਸੁਲਾਹ ਹੈ ਕਿ ਅਸੀਂ ਸਾਰੇ ਉੱਥੇਂ ਹੋਈਏ ਤੁਹਾਡੀ ਮਦਦ ਕਰਨ ਤੇ ਉਸਦੀ ਹੱਤਿਆ ਕਰ..-




ਅਸੀਂ ਇੱਦਾਂ ਜਿਰਾਬਕਤਰ ਪਾ ਕੇ ਜਾਂਦੇ ਹਾਂ ਲੜਣ ਵਾਸਤੇ। ਇਹ ਕਵਚ ਬਹੁਤ ਡਰਾਉਣਾ ਹੁੰਦਾ ਹੈ, ਜਿਸਦਾ ਮੂੰਹ ਇੱਕ ਦੈਂਤ ਵਰਗਾ ਜਾਪਦਾ ਹੈ, ਅਤੇ ਟੋਪੀ ਤੇ ਵੱਡੇ ਜਿਹੇ ਸਿੰਗ ਹੁੰਦੇ ਨੇ।

- ਬਕਵਾਸ ਬੰਦ ਕਰ! ਜੇ ਬਾਹਲੀ ਗੱਲ ਏ ਤਾਂ ਤੁਸੀਂ ਸਭ ਓੱਥੇਂ ਹੋ ਸਕਦੇ ਹੋਂ, ਪਰ ਮੈਂ ਮਾਰੂੰਗਾ ਕੱਲਾ, ਖ਼ੁਦ ਮੈਂ ਹੀ, ਉਸ ਦਿਹਕਾਨ ਨੂੰ! ਬੱਸ।- ਮੈਂ ਸਾਕੀ ਦੀ ਬੋਤਲ ਵੱਲ ਝਾਕਿਆ। ਹੋਰ ਚਾਹੀਦੀ ਸੀ।-ਇੱਕ ਹੋਰ ਬੋਤਲ ਲਿਆ -। ਡਰਦੇ ਨੇ ਹੋਰ ਸਾਕੀ ਲਿਆਂਦੀ। ਮੈਂ ਸੋਚਿਆ ਕਿ ਜੇ ਰੱਜਕੇ ਪੀਣੀ ਹੈ ਤਾਂ, ਮੈਨੂੰ ਰੱਜਕੇ ਖਾਣਾ ਵੀ ਚਾਹੀਦਾ। ਸੋ ਉਨ੍ਹਾਂ ਨੇ ਮੇਰੇ ਲਈ ਚੌਲ਼, ਜ਼ਿਆਓਜੀ ਤੇ ਇਕਾਹ (ਸਕਵਿਡ) ਲਿਆਂਦੇ। ਜਦ ਢਿੱਡ ਭਰ ਗਿਆ ਤਾਂ ਮੈਂ ਆਰਾਮ ਨਾਲ਼ ਫੂਟੰਨ ਤੇ ਪੈ ਗਿਆ। ਜਦ ਉੱਠਿਆ, ਭਾਂਗਾ ਲੈਣ ਲਈ ਲਾਈਨ ਖੜ੍ਹੀ ਸੀ ਸਾਰੇ ਯੋਸ਼ੀਓਕਾ ਦੀ! ਕਿਸੇ ਨੂੰ ਇਹ ਫਿਕਰ ਸੀ ਮੈਂ ਬਹੁਤੀ ਪੀਤੀ ਹੈ। ਕਿਸੇ ਨੂੰ ਫਿਕਰ ਸੀ ਕਿ ਸਾਨੂੰ ਸਭ ਨੂੰ ਲੋੜ ਹੈ ਹੁਣ ਉਸ ਮੁਸਾਸ਼ੀ ਨੂੰ ਕੱਠੇ ਹੋ ਕੇ ਮਾਰਨ ਦੀ।ਮੇਰੀ ਨਜ਼ਰ ਵਿੱਚ ਤਾਂ ਹਰ ਬੰਦਾ ਹੀ ਖੱਸੀ ਸੀ। ਮੈਂ ਇੱਕ ਦੇ ਜੂੜੇ ਨੂੰ ਖਿੱਚਕੇ ਭੰਜੇ ਸੁੱਟਿਆ। - ਦਫ਼ਾ ਹੋਵੋ! ਹਰਾਮਜ਼ਾਦੇ! ਬੱਸ ਏਨਾ ਦੱਸੋਂ ਕਿ ਹੁਣ ਵੇਲ਼ਾ ਕੀ ਐ?-।

- ਸਰਦਾਰ, ਸਾਢੇ ਸੱਤ-।

- ਜਾਓ ਫਿਰ ਹਿਗਾਸ਼ੀਯਾਮਾ। ਮੈਂ ਆਉਂਦਾ।- ਉਹ ਸਾਰੇ ਕਾਹਲੀ ਕਾਹਲੀ'ਚ ਚਲੇ ਗਏ। ਮੈਂ ਹੌਲੀ ਹੌਲੀ ਆਵਦੀ ਕਿਮੋਨੋ ਪਾਈ ਤੇ ਸੋਟਾ ਚੱਕ ਲਿਆ। ਮੈਂ ਫਿਰ ਵੀਰੇ ਬਾਰੇ ਸੋਚਿਆ ਅਤੇ ਸਾਡੇ ਬਾਪੂ ਜੀ, ਕੈਂਡੋ ਬਾਰੇ। ਫਿਰ ਮੈਂ ਬੁੱਧ ਨੂੰ ਮੱਥਾ ਢੇਕ ਕੇ ਤੁਰ ਪਿਆ। ਕੀਓਤੋ ਦੇਖਣ'ਚ ਹੁਣ ਚਾਰੇ ਪਾਸੇ ਇੱਕ ਚਿੱਟਾ ਜਿਹਾ ਸਮੁੰਦਰ ਲੱਗ ਰਿਹਾ ਸੀ। ਕੇਵਲ ਉਹ ਹੀ ਇਸ ਰਾਤ ਬਾਹਰ ਤੁਰਦਾ ਫਿਰਦਾ ਨਜ਼ਰ ਆਉਂਦਾ ਸੀ ਜਿਸਨੂੰ ਕੋਈ ਬਹੁਤੀ ਜ਼ਰੂਰਤ ਸੀ ਕੰਮ ਧੰਦੇ ਲਈ ਬਾਹਰ ਆਉਣ ਦੀ, ਨਹੀਂ ਤਾਂ ਸਾਰੇ ਹੁਣ ਸੁਤੇ ਪਏ ਸੀ। ਕੋਈ ਇਮਾਨਦਾਰ ਸ਼ਰੀਫ਼ ਬੰਦਾ ਤਾਂ ਇਸ ਵੇਲ਼ੇ ਕਿੱਥੋਂ ਬਾਹਰ ਆਉਂਦਾ ਸੀ। ਬੱਸ ਸ਼ਰਾਬੀ ਕੁਬਾਬੀ ਰੋਨਿਨ ਤੁਰਦੇ ਫਿਰਦੇ ਸਨ, ਲੋਕਾਂ ਨੂੰ ਤੰਗ ਕਰਨ ਲਈ।

ਕੀਓਤੋ ਹੁਣ ਬਰਫ਼ ਦਾ ਦੇਸ਼ ਸੀ। ਧਰਤੀ ਰਾਤ ਵਿੱਚ ਚਿੱਟੀ ਉਬਾਲੇ ਅੰਡੇ ਵਾਂਗਰ ਨਜ਼ਰ ਆਉਂਦੀ ਸੀ। ਮੈਂ ਚੁੱਪ ਚਾਪ ਇਸਦੇ ਸਾਫ਼ ਚਿੱਤਰ ਪਟ ਤੇ ਪੈਰ ਰੱਖਦਾ ਅੱਗੇ ਵਧਦਾ ਗਿਆ ਹਿਗਾਸ਼ੀਯਾਮਾ ਵੱਲ, ਹੱਥ'ਚ ਫੜ੍ਹਿਆ ਸੋਟਾ ਮੈਨੂੰ ਦਿਖਾਈ ਦਿੰਦਾ ਸੀ। ਮੇਰੇ ਖੱਬੇ ਪਾਸੇ ਖੇਤ ਸੀ ਤੇ ਸੱਜੇ ਪਾਸੇ ਕੰਧ ਨਾਲ਼ ਕੋਹਰੇ ਸਨ, ਜੋ ਆਂਢ ਗੁਆਂਢ ਦੇ ਪਲਾਟਾਂ ਦੀ ਨਿਸ਼ਾਨਦੇਹੀ ਕਰਦੇ ਸਨ। ਇੱਥੇਂ ਇੱਕ ਘਰ ਵੇਕਿਆ ਜਿਸਦੇ ਮੂਹਰੇ ਇੱਕ ਗੁਲ਼ਸ਼ਨ ਸੀ ਜਿੱਥੇਂ ਛਪੜੀ ਵਿੱਚ ਲਾਲ ਰੋਹੂ ਕਾਪ ਮੱਛੀਆਂ ਤਰਦੀਆਂ ਨਿਗ੍ਹਾ ਆਉਂਦੀਆਂ ਸਨ, ਕੰਵਲਾਂ ਦੇ ਹੇਠਾਂ। ਬਰਫ਼ ਛਪੜੀ ਤੋਂ ਟੁੱਟ ਕੇ ਅਲੱਗ ਹੋ ਕੇ ਉਸ ਛਪੜੀ ਦੇ ਕੰਢੇ ਪੁੱਜ ਕੇ ਬਰਫ ਦੀਆਂ ਗੰਜੀਆਂ ਬਣ ਗਈਆਂ ਸਨ। ਘਰ ਪਰਾਣਾ ਸੀ ਅਤੇ ਬਰਬਾਦ, ਜਿਵੇਂ ਉਸ ਕੋਹਰਾਂ ਦੇ ਤਣਿਆ ਵਾਂਗ ਗਠੀਲੇ ਤੇ ਦਾਗੀ ਸਨ। ਛੱਤ ਤੇ ਇੱਧਰ ਉੱਧਰ ਹਿਮ ਪਾਤ ਦੀਆਂ ਤਲੀਆਂ ਸਨ। ਛੱਤ ਦੇ ਛਤੀਰਾਂ ਤੇ ਭਾਰ ਨਾਲ਼ ਬਰਫ਼ ਨੇ ਸਭ ਕੁੱਝ ਦੱਬਿਆ ਸੀ। ਥੋੜ੍ਹਾ ਜਿਹੇ ਚਿਰ ਬਾਅਦ ਇੱਲ ਖਮਦਾਰ ਪੁਲ਼ ਆਇਆ। ਇਸ ਨੂੰ ਪਾਰ ਕਰਕੇ ਮੈਨੂੰ ਸੰਜੂਸੰਗੈਂਡੋ ਮੰਦਰ ਦਿਸਣ ਲੱਗਾ, ਹਿਗਾਸ਼ੀਯਾਮਾ ਤਹਿਸੀਲ ਦਾ ਮੰਦਰ। ਤੁਖਾਰ ਇੱਕ ਦੁੱਧ ਧੋਤੇ ਬਚੇ ਦੇ ਮਨ ਵਰਗਾ ਸੀ। ਸਾਰੇ ਪਾਸੇ ਕੰਨਨ ਦੇਵ ਦੇ ਬੁੱਤ ਸਨ, ਰੁੱਖਾਂ ਦੇ ਨਾਲ਼ੱਨਾਲ਼ ਖਲੋਏ।ਮੈਂ ਹੋਰ ਅੱਗੇ ਵਧਿਆ ਹਿਗਾਸ਼ੀਯਾਮਾ ਵੱਲ।

ਇੱਕ ਵਾਰ ਫਿਰ ਹਿਮ ਕਣ ਡਿੱਗਣ ਲੱਗ ਪਿਆ, ਜੋ ਇੱਧਰ ਉੱਧਰ ਤਰਦਾ ਹਵਾ'ਚ, ਡੱਕ ਡੋਲੇ ਖਾਂਦਾ ਬਾਰੀਆਂ'ਚ ਵੱਜ੍ਹਦਾ, ਛੱਤਾਂ ਤੇ ਬਹਿੰਦਾ ਜਾਂ ਅਦਬ ਨਾਲ਼ ਅੱਡੇ ਹੱਥ ਕਰਕੇ ਇਜਾਜ਼ਤ ਲੈ ਕੇ ਧਰਤੀ ਤੇ ਡਿੱਗੇ ਪੈਂਦਾ ਝੋਰੇ ਨਾਲ਼। ਜਦ ਮੈਂ ਹਿਗਾਸ਼ੀਯਾਮਾ ਪਹੁੰਚਿਆ ਤਾਂ ਇੱਕ ਵਾਰ ਫਿਰ ਕਾਲਾ ਅੰਬਰ ਚੁੱਪ ਹੋ ਗਿਆ ਅਤੇ ਹੁਣ ਧਰਤੀ ਚਿੱਟੀ ਸੀ ਤੇ ਗਗਨ ਕਾਲਾ। ਜਦ ਉਪਰ ਝਾਕਿਆ ਸਭ ਕੁੱਝ ਆਬਨੂਸੀ ਸੀ। ਜਦ ਥੱਲੇ ਦੇਖਿਆ ਤਾਂ ਸਭ ਕੁੱਝ ਰਿਕਤ ਸੀ। ਸ਼ਰਾਬ ਦਾ ਅਸਰ ਚਲਾ ਗਿਆ ਸੀ। ਪਰ ਠੰਢ ਮਾਰ ਰਹੀ ਸੀ। ਪਿੰਡਾ ਕੰਬ ਰਿਹਾ ਸੀ। ਮੁਸਾਸ਼ੀ ਤੋਂ ਡਰ ਕਰਕੇ ਨਹੀਂ। ਸੀਤ ਹਵਾ ਦੀਆਂ ਤਿੱਖੀਆਂ ਦੰਦੀਆਂ ਕਰਕੇ, ਜੋ ਮਾਸ ਨੂੰ ਸਰਦੀ ਨਾਲ਼ ਮਾਰ ਰਹੀਆਂ ਸਨ। ਹੁਣ ਸਨੋਹ ਪੈਣੋ ਹੱਟ ਗਈ ਹੈ। ਮੈਂ ਸੋਟੇ ਨਾਲ਼ ਹਿਮ'ਚ ਇੱਕ ਚੱਕਰ ਵਾਹਿਆ। ਆਹੋ, ਮੈਂ ਤਿਆਰ ਸੀ। ਮੰਦਰ ਦੇ ਚੁਗਾਨ'ਚ ਵੜ ਗਿਆ।

ਤੋਜੀ ਮੇਰੇ ਵੱਲ ਦੌੜ੍ਹ ਕੇ ਆਇਆ, ਬਰਫ਼'ਚ ਆਵਦੇ ਪੈਰਾਂ ਨਾਲ਼ ਡੂੰਘੇ ਡੂੰਘੇ ਘਾਪੇ ਖੋਲਦਾ। ਉਸਨੇ ਇਸ਼ਾਰਾ ਕਰਕੇ ਸਮਝਾਇਆ ਕਿ ਕਿੱਥੇਂ ਧਰਤੀ ਤੇ ਪਤਲੀ ਜਿਹੀ ਸਨੋਹ ਹੈ, ਜਿੱਥੇਂ ਖੜ੍ਹ ਕੇ ਸੌਖਾ ਹੋਵੇਗਾ ਲੜਨਾ। ਮੈਂ ਉਸਦੇ ਨਾਲ਼ ਉੱਥੇਂ ਜਾ ਖੜ੍ਹਾ ਹੋਇਆ ਤਦ ਹੀ ਦੂਜੇ ਵੀ ਸਾਰੇ ਪਾਗਲ ਸਾਡੇ ਕੋਲ਼ ਆ ਖਲੋ ਗਏ। ਅੱਠ ਵੱਜ ਗਏ ਸੀ ਪਰ ਮੁਸਾਸ਼ੀ ਤਾਂ ਹਾਲੇ ਵੀ ਨਹੀਂ ਪਹੁੰਚਿਆ ਸੀ। ਮੈਂ ਸਭ ਨੂੰ ਚੁੱਪ ਕਰਾਕੇ ਮੰਦਰ'ਚ ਜਾ ਕੇ ਮੱਥਾ ਟੇਕਿਆ। ਮੈਂ ਮੱਥੇਂ ਤੇ ਪੱਟੀ ਬੰਨ੍ਹ ਲਈ ਤੇ ਵਾਪਸ ਬਾਹਰ ਗਿਆ, ਡੂੰਘੇ ਸਾਹ ਲੈਂਦਾ ਹੋਇਆ। ਮੇਰੇ ਮੂੰਹ'ਚੋਂ ਵਾਸ਼ਪ ਦੇ ਚਿੱਟੇ ਹੌਂਕੇ ਨਿਕਲ਼ੇ। ਮੈਂ ਹੁਣ ਦੂਜਿਆਂ ਵੱਲ ਦੇਖਕੇ ਕਿਹਾ,

- ਸਾਡੇ ਬੰਦੇ ਬਹੁਤੇ ਨੇ ਇੱਥੇਂ। ਇਸ ਲਈ ਲੋਕਾਂ ਨੇ ਇਹ ਕਹਿਣ ਲੱਗ ਜਾਣਾ ਹੈ ਕਿ ਮੁਸਾਸ਼ੀ ਸਿਰਫ਼ ਇਸ ਲਈ ਹਾਰਇਆ, ਕਿਉਂਕਿ ਅਸੀਂ ਸਾਰਿਆਂ ਨੇ ਰਲ਼ਕੇ ਹਮਲਾ ਕੀਤਾ ਉਸ ਤੇ-।

ਉਨ੍ਹਾਂ'ਚੋਂ ਇੱਕ ਬੋਲਿਆ, -ਤੁਸੀਂ ਫਿਕਰ ਨਾ ਕਰੋਂ ਸਰਦਾਰ। ਜਦ ਉਹ ਇੱਥੇਂ ਪਹੁੰਚੇਗਾ ਅਸੀਂ ਚਲੇ ਜਾਵਾਂਗੇ- । ਹਿਗਾਸ਼ੀਯਾਮਾ ਇਲਾਕੇ ਦੇ ਮੰਦਰ ਬਹੁਤ ਵੱਡੇ ਸੀ। ਇਸ ਇਲਾਕੇ'ਚ ਸਭ ਤੋਂ ਵੱਡੀ ਇਮਾਰਤ ਸੰਜੂਸੰਗੈਂਡੋ ਮੰਦਰ ਵਾਲੀ ਸੀ। ਇਸਦੀ ਚੌੜਾਈ ਤੇਤੀ ਥੰਮ੍ਹਾਂ ਤੋਂ ਵੀ ਚੌੜੀ ਸੀ। ਇਸ ਦੇ ਪਿੱਛੇ ਹੀ ਤੀਰ ਅੰਦਾਜ਼ੀ ਕਰਨ ਲਈ ਵੀ ਕਾਫ਼ੀ ਥਾਂ ਸੀ। ਚਾਰੇ ਪਾਸੇ ਸਨੋਬਰ ਸੀ, ਪਰ ਕੋਈ ਝਾੜੀ ਜਾਂ ਘਾਹ ਫੂਸ ਨਹੀਂ ਸੀ, ਜੋ ਲੜਣ ਦੇ ਰਾਹ'ਚ ਰੁਕਾਵਟ ਬਣਦਾ ਹੋਵੇ। ਤੋਜੀ ਮੈਨੂੰ ਤੇ ਦੂਜੇ ਸਾਰਿਆਂ ਨੂੰ ਉਸ ਪਾਸੇ ਲੈ ਗਿਆ ਜਿੱਥੇਂ ਲੱਕੜਾਂ ਨੂੰ ਅੱਗ ਲਾਏ ਧੂਣੀ ਲਾਈ ਸੀ ਤੇ ਕੁੱਝ ਬੰਦੇ ਧੂਣੀ ਸੇਕ ਲੈ ਰਹੇ ਸਨ। ਮੈਂ ਚੁੱਪ ਕਰਕੇ ਅੱਗ ਦੇ ਸਾਹਮਣੇ ਹੋ ਕੇ ਬਹਿ ਗਿਆ ਤੇ ਧੂਣੀ ਦੇ ਨੇੜੇ ਹੱਥ ਕਰਕੇ ਸੇਕਣ ਲੱਗ ਪਿਆ।ਫਿਰ ਮੈਂ - ਇੱਕ ਜਣਾ ਜਾ ਕੇ ਸਾਕੀ ਲਿਆ- ਕਿਹਾ।

- ਸਾਕੀ? ਹੁਣ?- ਇੱਕ ਨੇ ਹੈਰਾਨੀ ਨਾਲ਼ ਕਿਹਾ।

- ਹੋਰ। ਮੈਨੂੰ ਠੰਢ ਲੱਗ ਰਹੀ ਏ।- ਡਰਦਾ ਇੱਕ ਭੱਜਕੇ ਗਿਆ ਤੇ ਬਿੰਦ ਬਾਅਦ ਮੈਨੂੰ ਗਰਮ ਗਰਮ ਸਾਕੀ ਪਿਆਲੇ'ਚ ਲਿਆਕੇ ਫੜ੍ਹਾ ਦਿੱਤੀ। ਮੈਂ ਸੱਚ ਮੁੱਚ ਬਹੁਤੀ ਨਹੀਂ ਪੀਤੀ। ਮੈਂ ਤਾਂ ਕੇਵਲ ਹੱਡ ਮਾਸ ਹੀ ਗਰਮ ਕਰਨਾ ਸੀ। ਫਿਰ ਕੋਈ ਸਾਡੇ ਵੱਲ ਨੂੰ ਆਇਆ ਤੇ ਡਰ ਨਾਲ਼ ਸਾਰਿਆ ਨੇ ਕੱਤਾਨੇ ਕੱਢ ਲਏ। - ਕੋਣ?।

- ਫਿਕਰ ਨਾ ਕਰ। ਮੈਂ ਹੀ ਹੈ- ਇਹ ਮੇਰਾ ਚਾਚਾ ਗੇਂਜ਼ਾਮਨ ਸੀ। ਉਸ ਨੇ ਮੇਰੇ ਵੱਲ ਦੇਖ ਕੇ ਕਿਹਾ, - ਡੇਂਸ਼ੀਚੀਰੋ, ਤੂੰ ਸੱਚ ਮੁੱਚ ਮੇਰੇ ਭਰਾ ਦਾ ਨਾਂ, ਕੈਂਡੋ ਦੀ ਇੱਜ਼ਤ ਕਰਦਾ। ਚੰਗਾ ਤੂੰ ਅੱਜ ਤਿਆਰ ਹੈ ਉਸ ਮੁਸਾਸ਼ੀ ਨੂੰ ਸਬਕ ਸਿਖਾਉਣ ਲਈ। ਸੁਣ, ਆਰਮ ਨਾਲ਼ ਲੜਨਾ। ਦੇਵਾਂ ਨੂੰ ਧਿਆਣ ਲੈਣਾ, ਅੱਛਾ? ਉਹ ਤੇਰੀ ਮਦਦ ਕਰਨਗੇ। ਜੇ ਉਸਨੇ ਤੈਨੂੰ ਮਾਰ ਦਿੱਤਾ ਥਾ ਤੇਰਾ ਉਠਾਲ਼ਾ ਕਰਾਂਗਾ ਮੈਂ-। ਚਾਚੇ ਨੇ ਸਾਰਿਆ ਵੱਲ ਦੇਖ ਦਿਆਂ ਕਿਹਾ। - ਤੁਸੀਂ ਏਥੇਂ ਕੀ ਕਰ ਰਹੇ ਹੋਂ? ਕਿਤੇ ਆਵਦੀਆਂ ਕੱਤਾਨੀਆਂ ਨਾਲ ਡੇਂਸ਼ੀਚੀਰੋ ਦੀ ਮਦਦ ਤਾਂ ਨਹੀਂ ਕਰਨ ਆਏ? ਇਹ ਜੰਗ ਤਾਂ ਦੋ ਖੜਗਧਾਰੀਆਂ'ਚ ਹੀ ਹੈ! ਇਸ ਨਾਲ਼ ਲੋਕਾਂ ਨੂੰ ਤਾਂ ਬਹੁਤ ਕਾਇਰਪੁਣਾ ਲੱਗੂ ਜੇ ਤੁਸੀਂ ਇੱਥੇਂ ਆਸ ਪਾਸ ਫਿਰਦੇ ਨਜ਼ਰ ਆਏ ਤਾਂ, ਜਦ ਉਹ ਮੁਸਾਸ਼ੀ ਹੋਵਾਂਗੇ ਪੁੱਜਿਆ!-।

- ਇਹੀ ਤਾਂ ਮੈਂ ਇੰਨ੍ਹਾਂ ਨੂੰ ਕਈ ਜਾਂਦਾ ਹਾਂ ਚਾਚਾ!-

- ਮੇਰੇ ਨਾਲ਼ ਆਓ! ਅਸੀਂ ਥੋੜ੍ਹਾ ਕੁ ਦੂਰ ਹੋਈਏ ਜੋ ਇਵੇਂ ਲੱਗੇ ਕਿ ਅਸੀਂ ਸੇ ਨਹੀਂ ਲਾਉਣ ਲੱਗੇ!-। ਮੇਰਾ ਚਾਚਾ ਉਨ੍ਹਾਂ ਨੂੰ ਨਾਲ਼ ਲੈ ਗਿਆ। ਮੈਨੂੰ ਹੁਣ ਗੁੱਸਾ ਚੜ੍ਹ ਰਿਹਾ ਸੀ ਕਿ ਮੁਸਾਸ਼ੀ ਨੇ ਕਵੇਲ਼ਾ ਕਰ ਦਿੱਤਾ ਸੀ ਆਉਣ ਵਿੱਚ! ਇਹ ਵੀ ਕੋਈ ਉਸ ਦੀ ਚਾਲ ਹੀ ਲੱਗਦੀ ਸੀ ਮੈਨੂੰ! ਮੇਰੇ ਚੇਲਿਆਂ ਦਾ ਹੁਣ ਇੱਕ ਹੀ ਨਿਸ਼ਾਨਾ ਰਹਿ ਗਿਆ ਸੀ। ਉਨ੍ਹਾਂ ਦੇ ਕਾਲੇ ਕਦਮ ਬਰਫ਼ ਵਿੱਚ। ਹੁਣ ਇੱਕ ਹੀ ਆਵਾਜ਼ ਸੁਣ ਰਹੇ ਸੀ ਬੱਸ; ਬਰਫ਼ ਦੇ ਬਲੌਰ ਨੇਜ਼ੇ ਦੀ ਜੋ ਵਾਧਰਾਂ ਤੋਂ ਟੁੱਟ ਕੇ ਧਰਤੀ ਤੇ ਡਿੱਗਦੇ ਸਨ। ਇੱਕ ਵਾਰ ਬਰਫ਼ ਦੇ ਭਾਰ ਨਾਲ਼ ਟਾਹਣੀ ਕੜੱਕ ਕੇ ਹੇਠਾਂ ਆ ਡਿੱਗੀ। ਸਾਰੇ ਪਾਸਿਓ ਸੰਨਾਟਾ ਤੋੜ ਦਿੱਤਾ। ਫਿਰ ਹਰ ਇੱਕ ਵੱਲ ਮੇਰੀਆਂ ਅੱਖੀਆਂ ਬਾਜ਼ ਵਾਂਗ ਸਾਰੇ ਪਾਸੇ ਝਾਕੀਆਂ ਮੁਸਾਸ਼ੀ ਨੂੰ ਟੋਲਦੀਆਂ।

ਮੈਂ ਆਪਣਾ ਧਿਆਨ ਹੋਰ ਪਾਸੇ ਕਰ ਲਿਆ। ਹੁਣ ਸੋਟਾ ਹੱਥ'ਚ ਤਿਆਰ ਸੀ। ਮੇਰੇ ਖਿਆਲ'ਚ ਉਹ ਅੱਕੈਮੀ ਵੱਲ ਵਾਪਸ ਚਲੇ ਗਏ ਨੇ। ਉਹ ਸਮਝਦੀ ਕੀ ਹੈ ਆਪਣੇ ਆਪ ਨੂੰ? ਹੈ ਤਾਂ ਇੱਕ ਤੀਵੀਂ ਹੀ ਹੈ! ਮੇਰੀ ਮਰਜ਼ੀ ਹੈ ਕਿ ਜਿਵੇਂ ਕਿਵੇਂ ਵੀ ਉਸਦਾ ਸਲੂਕ ਕਰਾਂ! ਜੇ ਇ ਗੱਲ ਗਲਤ ਹੈ ਕਿ ਜਿਵੇਂ ਮੈਂ ਉਸ ਨੂੰ ਜ਼ਬਰਦਸਤੀ ਨਾਲ਼ ਪਾਉਣਾ ਚਾਹੀਆ ਹੈ, ਤਾਂ ਫਿਰ ਕਿਉਂ ਸਾਡੀਆਂ ਮਾਵਾਂ ਪੱਤਾਂ ਨੂੰ ਲਾਡ ਲਡਾਉਂਦੀਆਂ? ਲਾਡ ਦੀ ਥਾਂ ਇ ਵੀ ਸਿਖਾ ਸਕਦੀਆਂ ਸੀ ਕਿ ਜ਼ਨਾਨੀਆਂ ਦੀ ਖਾਤਰ ਕਰਨੀ? ਸੋ ਸਹੀ ਹੀ ਹੈ ਜਿਵੇਂ ਮੈਂ ਕੀਤਾ, ਹੈ ਨਾ? ਜੱਗ ਤਾਂ ਮਰਦਾਂ ਦਾ ਹੀ ਹੈ। ਕਿਸੇ ਨੇ ਕਦੀ ਸੁਣਿਆ ਕਿ ਕੋਈ ਕੌਮ ਜਾਂ ਮੁਲਕ ਹੈ ਜਿੱਥੇਂ ਔਰਤ ਲਈ ਹੱਕ ਹੈ? ਜੇ ਇਸ ਤਰ੍ਹਾਂ ਦਾ ਦੇਸ਼ ਕਿੱਤੇ ਹੁੰਦਾ ਹੈ ਤਾਂ ਹਰ ਨਾਰੀ ਉੱਥੇਂ ਹੀ ਨੱਸ ਕੇ ਜਾਵੇਗੀ! ਨਹੀਂ, ਅੱਕੈਮੀ ਨੇ ਮੈਨੂੰ ਦੱਸ ਦਿੱਤਾ। ਹੁਣ ਮੁਸਾਸ਼ੀ ਨੂੰ ਮਾਰਕੇ ਉਸ ਅੱਕੈਮੀ ਨੂੰ ਵੀ ਮਾਰਾਂਗਾ ਅਤੇ ਉਸ ਓਤੂ, ਮਛੇਰਾ ਦੀ ਵਹੁਟੀ ਜਿਸ ਦੀ ਖਾਤਰ ਮੇਰਾ ਭਰਾ ਮਰਿਆ ਸੀ।

ਮੈਂ ਉਪਰ ਨਜ਼ਰ ਮਾਰੀ ਤਾਂ ਦੇਖਿਆ ਕਿ ਚੰਦ ਦੇ ਸਾਹਮਣਿਉਂ ਹੁਣ ਮੇਘ ਲੰਘਾ ਰਿਹਾ ਹੈ ਜੋ ਇੰਝ ਲੱਗਦਾ ਜਿਵੇਂ ਰੱਬ ਠੰਢਾ ਜਿਹਾ ਸਾਹ ਭਰ ਰਿਹਾ ਹੋਵੇ ਸਰਦੀ ਵਿੱਚ। ਫਿਰ ਜਦ ਥੱਲੇ ਧਰਤੀ ਵੱਲ ਝਾਕਿਆ ਤਾਂ ਦੇਖਿਆ ਕਿ ਤੋਜੀ ਹਿਮ ਦੇ ਕਾਲੀਨ ਤੇ ਦੌੜ੍ਹਦਾ ਹੋਇਆ ਮੇਰੇ ਵੱਲ ਆਉਂਦਾ ਹੈ। ਉਹ ਇੱਦਾਂ ਆਇਆ ਮੇਰੇ ਵੱਲ ਜਿੱਦਾਂ ਉਕਾਬ ਆਵਦੇ ਪੰਜੇ ਸਨੋਹ'ਚ

ਮਾਰਦਾ ਹੁੰਦਾ ਹੈ ਜਦੋਂ ਉਸਨੇ ਸਹੀ ਨੂੰ ਫੜ੍ਹਣਾ ਹੋਵੇ। ਜਦ ਉਹ ਮੇਰੇ ਕੋਲ਼ ਪੁੱਜਿਆ, ਤਾਂ ਬੇਚੈਨ ਸੀ, ਤੇ ਸਾਹ ਲੈਣ ਦੇ ਵਿਚਾਲੇ ਬੋਲਿਆ, - ਸਰਦਾਰ! ਡੇਂਸ਼ੀਚੀਰੋ! ਆ ਗਿਆ! ਉਹ ਆ ਗਿਆ ਹੈ!-। ਪਰ ਇਹ ਤਾਂ ਮੈਂ ਉਸਨੂੰ ਆਪਣੇ ਕੋਲ਼ ਪੁੱਜਣ ਤੋਂ ਪਹਿਲਾਂ ਹੀ ਸਮਝ ਗਿਆ ਸੀ, ਕਿ ਉਹ ਕਿਉਂ ਦੌੜ੍ਹ ਕੇ ਆ ਰਿਹਾ ਏ। ਮੈਂ ਉਸਦੇ ਪਹੁੰਚਣ ਤੋਂ ਪਹਿਲਾਂ ਹੀ ਖੜ੍ਹਾ ਹੋਕੇ, ਹੱਥ'ਚ ਸੋਟਾ ਚੁੱਕ ਲਿਆ ਤੇ ਅੱਗ ਦੇ ਅੰਗਾਰਾਂ ਨੂੰ ਪੈਰਾਂ ਥੱਲੇ ਮਸਲਕੇ ਬੁਝਾ ਦਿੱਤਾ। ਨਾਲ਼ੇ ਨਾਲ਼ ਤੋਤੇ ਵਾਂਗ ਮੁੱਕਰਰ ਕੇ ਕਿਹਾ - ਉਹ ਆ ਗਿਆ ਹੈ!-।

- ਸਰਦਾਰ!- ਤੋਜੀ ਨੇ ਫਿਰ ਕਿਹਾ।

- ਚੰਗਾ ਹੁਣ ਜਾ ਇੱਥੋਂ! ਤੂੰ ਤਾਂ ਮੇਰੇ ਲਈ ਔਖਾ ਕਰ ਰਿਹਾ!- ਪਰ ਤੋਜੀ ਗਿਆ ਨਹੀਂ। ਉੱਥੋਂ ਹੀ ਇੱਕ ਨੇੜਲੇ ਰੁੱਖ ਦੇ ਪਿੱਛੇਂ ਪਹਿਲਾਂ ਹੀ ਲੁਕ ਗਿਆ। ਫਿਰ ਨਹੀਂ ਹੱਟਿਆ ਗਿਆ ਓਹਤੋਂ, ਮੇਰੇ ਮਗਰ ਬਾਹਰ ਆ ਗਿਆ। ਮੈਂ ਮੰਦਰ ਵੱਲ ਝਾਕਿਆ ਤਾਂ।ਉੱਥੋਂ ਛਾਂ'ਚ ਖਲੋਇਆ ਮੁਸਾਸ਼ੀ ਦਿੱਸਦਾ ਸੀ। ਮੈਂ ਆਵਦਾ ਸੋਟਾ ਘੁੰਮਾ ਕੇ ਤਿਆਰ ਕਰ ਲਿਆ। ਮੈਂ ਉੱਚੀ ਦੇਣੀ ਹਾਕ ਮਾਰੀ, - ਮੁਸਾਸ਼ੀ!-। ਮੈਨੂੰ ਮਹਿਸੂਸ ਹੋਇਆ ਕਿ ਉਹ ਮੈਥੋਂ ਉੱਚੇ ਥਾਂ ਖੜ੍ਹਾ ਸੀ ਤੇ ਇਸ ਦਾ ਫਾਇਦਾ ਉਹਦੇ ਲਈ ਜ਼ਿਆਦਾ ਸੀ। ਉਸਦਾ ਉੱਚੇ ਥਾਂ ਖੜ੍ਹਾ ਹੋਣਾ ਮੇਰੇ ਲਈ ਨੁਕਸਾਨਦੇਹ ਸੀ।

ਸੰਜੁਸੰਗੈਂਡੋ ਮੰਦਰ ਦੇ ਆਲ਼ੇ ਦੁਆਲ਼ੇ ਅਤੇ ਮੁਸਾਸ਼ੀ ਦੇ ਆਲ਼ੇ ਦੁਆਲ਼ੇ ਕੰਨਨ ਦੇ ਬੁੱਤ ਸਨ, ਜਿਹੜਾ ਦੇਵ ਸੀ ਦਇਆ ਦੇ। ਜਦ ਮੈਂ ਇੱਥੇਂ ਤੁਰ ਕੇ ਆਇਆ ਤਾਂ ਸਾਰੇ ਪਾਸੇ ਉਸਦੇ ਬੁੱਤ ਸਨ। ਪਹਿਲਾਂ ਤਾਂ ਮੁਸਾਸ਼ੀ ਵੀ ਇੰਝ ਹੀ ਲੱਗਿਆ ਜਿਵੇਂ ਕੰਨਨ ਦਾ ਬੁੱਤ ਹੋਵੇ। ਪਰ ਉਸਦੇ ਹੱਥ'ਚ ਸਾਫ਼ ਦਿਸਦਾ ਸੀ ਕਿ ਬੋਕੁਟੋ ਫੜ੍ਹੀ ਹੈ, ਜਿਸਨੂੰ ਲੱਕੜ ਦੀ ਤਲਵਾਰ ਕਹਿੰਦੇ ਹੈ। ਪਰ ਮੇਰੇ ਸੋਟੇ ਦੇ ਲੋਹੇ ਚੱਕਰਾਂ ਨੇ ਤਾਂ ਭੰਨ ਦੇਣੀ ਏ, ਜੇ ਮੈਂ ਚੱਜ ਨਾਲ਼ ਸੋਟੇ ਦਾ ਵਾਰ ਕੀਤਾ ਤਾਂ। ਪਰ ਗੱਲ ਇਹ ਹੈ ਕਿ ਵਾਰ ਪਹਿਲਾਂ ਕੌਣ ਕਰੇਗਾ? - ਮੁਸਾਸ਼ੀ?-।

- ਹਾਂ ਮੈਂ ਮੁਸਾਸ਼ੀ ਹੀ ਹਾਂ- ਜਵਾਬ ਆਇਆ। ਉਸੇ ਹੀ ਵਕਤ ਸਨੋਹ ਫਿਰ ਪੈਣ ਲੱਗ ਗਈ। ਅਸੀਂ ਦੋਨੇ ਖੜ੍ਹੇ ਰਹੇ ਕਿੰਨੇ ਚਿਰ ਤੱਕ, ਉਸਦੀ ਬੋਕੁਤੋ ਮੇਰੇ ਵੱਲ ਵਧੀ, ਤੇ ਮੇਰਾ ਸੋਟਾ ਉਪਰ ਉੱਠਿਆ, ਉਸਦੀ ਬੋਕੁਤੋ ਨੂੰ ਤੋੜਣ ਨੂੰ ਤੇ ਉਸਦੇ ਸੀਸ ਨੂੰ ਚੂਰ ਚੂਰ ਕਰਨ ਲਈ। ਬਹੁਤ ਦੇਰ ਬਾਅਦ ਮੈਂ ਦੌੜ੍ਹਿਆ ਉਸ ਵੱਲ ਸੋਟੇ ਨੂੰ ਘੁੰਮਾਉਂਦਾ, ਤੇ ਉਹ ਹਵਾ'ਚ ਉੱਡਿਆ ਇੱਕ ਇੱਲ ਵਾਂਗਰ। ਮੇਰਾ ਸੋਟਾ ਤਾਂ ਉਸ ਦੇ ਸਿਰ ਤੀਕਰ ਨਹੀਂ ਪੁੱਜਿਆ ਪਰ ਧਰਤੀ ਤੇ ਫਿਰ ਵੀ ਮੇਰੇ ਆਸ ਪਾਸ ਚਿੱਟੇ ਤੇ ਲਾਲ ਲਾਲ ਛਿੱਟੇ ਸਨ। ਫਿਰ ਮੈਂ ਦੇਖਿਆ ਕੇ ਤੋਜੀ ਨੂੰ ਤਾਂ ਉਸ ਨੇ ਬੋਕੁਤੋ ਨਾਲ਼ ਹੀ ਖਤਮ ਕਰ ਦਿੱਤਾ ਏ। ਮੈਂ ਇੱਕ ਵਾਰੀ ਫਿਰ ਸੋਟਾ ਚੁੱਕ ਕੇ ਉਸਦੇ ਮਾਰਨ ਦੀ ਕੋਸ਼ਿਸ਼ ਕੀਤੀ...ਪਰ ਮੈਂ ਚੁੱਕ ਨਹੀਂ ਸਕਿਆ; ਕਿਉਂਕਿ ਬਾਂਹ ਕੰਬਣ ਲੱਗ ਪਈ ਸੀ। ਫਿਰ ਸੋਟਾ ਹੱਥ'ਚੋਂ ਥੱਲੇ ਜਾ ਡਿੱਗਿਆ। ਉਸ ਪਲ ਮੈਨੂੰ ਮਹਿਸੂਸ ਹੋਇਆ ਕੇ ਮੇਰੇ ਮੱਥੇ ਤੋਂ ਇਹ ਲਾਲ ਲਾਲ ਲਹੂ ਦੀ ਤਤੀਰੀ ਵਗ ਰਹੀ ਹੈ, ਜਿਵੇਂ ਆਬਸ਼ਾਰ ਰੁੜ੍ਹਦਾ ਹੁੰਦਾ ਹੈ। ਮੇਰੀਆਂ ਅੱਖਾਂ ਦੇ ਸਾਹਮਣੇ ਖੋਪੜੀ ਦਾ ਉਪਰਲਾ ਹਿੱਸੇ ਭੰਜੇ ਜਾ ਡਿੱਗਿਆ। ਉਸ ਤੋਂ ਬਾਅਦ ਮੈਨੂੰ ਕੁੱਝ ਪਤਾ ਨਹੀਂ। ਬੱਸ ਖਤਮ।

# ਸੈਲਾਨੀ

## ੨੨੬੮



ਉਸੀ ਵੇਲ਼ੇ ਮੈਨੂੰ ਕੋਈ ਸਮਝ ਨਾ ਲੱਗੀ ਕੇ ਕੀ ਹੋ ਰਿਹਾ ਹੈ। ਬੱਸ ਮੈਂ ਉਸ ਕੁੜੀ, ਵੀਨਾ ਨੂੰ ਮਾਰਨ ਲਈ ਇੱਕ ਮਸ਼ੀਨ ਤੇ ਚੜ੍ਹ ਗਿਆ ਸੀ। ਮੇਰਾ ਹੱਥ ਉਸਦੀ ਉਸੇ ਬਾਂਹ ਤੇ ਵੱਜਿਆ ਜਿਹੜੀ ਬਾਂਹ ਦੇ ਹੱਥ ਨਾਲ਼ ਉਹ ਛੇਤੀ੶ਛਤੀ ਪਤਾ ਨਹੀਂ ਕਿਉਂ ਬਟਨ ਦੱਬ ਰਹੀ ਸੀ। ਪਰ ਹੱਥ ਵੱਜਣ ਨਾਲ਼ ਉਸਤੋਂ ਇਹ ਨੰਬਰ ਦੱਬੇ ਗਏ,੨੨੯੮, ਜੋ ਲੱਗਦਾ ਮੈਨੂੰ ਉਸ ਤੋਂ ਗਲਤ ਦੱਬੇ ਗਏ ਸਨ।ਪਰ ਉਸ ਵਕਤ ਮੈਨੂੰ ਤਾਂ ਕੁੱਝ ਨਹੀਂ ਸੁੱਝਿਆ। ਵੀਨਾ ਨੇ ਵੀ ਹੱਥ ਪੈਰ ਮਾਰੇ ਤੇ ਮੈਥੋਂ ਮੇਰੀ ਗੰਨ ਗੁਆਚ ਗਈ ਸੀ। ਇਸ ਗੱਲ ਦੀ ਸਮਝ ਬੜੀ ਔਖੀ ਲੱਗੀ ਕਿ ਕੀ ਹੋ ਰਿਹਾ ਹੈ। ਕਿਉਂਕਿ ਜਿੱਥੇਂ ਇੱਕੋ ਹੀ ਪਲ ਪਹਿਲਾਂ ਹੀ ਅਸੀਂ ਦੋਨਾਂ ਉਸ ਕਮਰੇ ਵਿੱਚ ਸਾਂ, ਤੇ ਹੁਣ ਅਸੀਂ ਪਤਾ ਨਹੀਂ ਕਿਸ ਭੰਵਰ'ਚ ਸੀ ਜਿਸਦੇ ਨਜ਼ਾਰੇ ਅੱਖਾਂ ਨੂੰ ਬੜੇ ਹੈਰਤਅੰਗੇਂਜ ਰੰਗਾਂ ਨਾਲ਼ ਭਰਦੇ ਸੀ।ਜਿਵੇਂ ਅਸੀਂ ਹਵਾ'ਚ ਹੀ ਉੱਡ ਰਹੇ ਹੋਈਏ,ਇੰਝ ਲੱਗਦਾ ਸੀ। ਆਲ਼ੇ ਦੁਆਲ਼ੇ ਸਤ ਰੰਗੀਆਂ ਪੀਂਘਾਂ ਚੱਲ ਰਹੀਆਂ ਸਨ। ਇਸ ਬੇਸਮਝ ਹਾਲ਼ਤ'ਚ ਸਾਹਮਣੇ ਉਸ ਕੁੜੀ ਦੇ ਨੈਣਾਂ ਨੂੰ ਵੇਖਕੇ ਪਤਾ ਲੱਗਦਾ ਸੀ ਕਿ ਉਹ ਵੀ ਹੈ ਮੇਰੇ ਨਾਲ਼। ਮੈਂ ਉਸ ਘੜੀ ਵੱਲ ਤਾੜਦਾ ਸੀ ਜਿਸਦੇ ਨੰਬਰ ਪੁੱਠੇ ਪਾਸੇ ਚੱਲਕੇ ੨੨੯੮ ਤਰੀਕ ਤੇ ਰੁੱਕ ਗਏ ਸਨ। ਮੈਂ ਪਿੱਛੇ ਦੇਖਿਆ ਤਾਂ ਮੇਰੇ ਸਾਹਮਣੇ ਮਤਾਹਚੀ ਖੜ੍ਹਾ ਸੀ, ਜੋ ਮੇਰੇ ਵੱਲ਼ ਵਧਣ ਦੀ ਕੋਸ਼ਿਸ਼ ਕਰ ਰਿਹਾ ਸੀ, ਤੇ ਖੁਰਦਾ ਜਾ ਰਿਹਾ ਸੀ, ਹੁਣ ਅਸੀਂ ਸੁੰਞ'ਚ ਸਾਂ। ਮੈਂ ਬੇਹੋਸ਼ ਹੋ ਗਿਆ ਸਾਂ।

ਜਦ ਹੋਸ਼ ਆਈ ਤਾਂ ਉੱਠਿਆ ਕੀ ਦੱਸਾਂ, ਮੈਂ ਇੱਕ ਸੇਜ ਤੇ ਪਿਆ ਸਾਂ ਬਿਸਤਰੇ'ਚ ਨੰਗਾ, ਮੇਰੀ ਵਰਦੀ ਵੀ ਗਾਇਬ ਸੀ। ਆਲ਼ੇ ਦੁਆਲ਼ੇ ਲਾਪਤਾ ਕਮਰਾ ਸੀ ਜੋ ਪਹਿਲਾਂ ਕਦੇ ਨਹੀਂ ਵੇਖਿਆ ਸੀ ਤੇ ਉਸਦੀ ਸਜਾਵਟ ਵੀ ਪਰਾਈ ਸੀ। ਕੰਧ ਤੇ ਇੱਕ ਕਲਾਕ ਸੀ ਜਿਸਤੇ ਟਾਇਮ ਅੱਠ ਵਜੇ ਸੀ, ਤੇ ਤਰੀਕ ਦਿਖਾਈ ਸੀ,੧੯ ਜਨਵਾਰੀ ੨੨੯੮! ਕੰਧਾਂ ਤੇ ਸਿੱਖ ਗੁਰੂਆਂ ਦੀਆਂ ਤਸਵੀਰਾਂ ਸਨ। ਇਹ ਤਾਂ ਮੈਨੂੰ ਲੱਗਦਾ ਸੀ ਬਾਗ਼ੀ ਘਰ ਹੈ। ਇੱਕ ਮੇਜ਼ ਸੀ ਜਿੱਥੇਂ ਫਲ ਪਏ ਸਨ, ਜਿੰਨ੍ਹਾਂ'ਚੋਂ ਮੈਂ ਉੱਠਕੇ ਇੱਕ ਫਲ ਖਾ ਲਿਆ ਚੁੱਕ ਕੇ, ਤੇ ਫਿਰ ਕਮਰੇ ਦੀ ਅਲਮਾਰੀ'ਚ ਕੱਪੜੇ ਟੋਲੇ। ਆਦਮੀ ਦੇ ਲੀੜੇ ਟੰਗੇ ਸੀ, ਜੋ ਮੈਨੂੰ ਅਜੀਬ ਜਿਹੇ ਲੱਗੇ। ਮੈਂ ਚੁੱਪ ਕਰਕੇ ਪਾ ਲਏ ਨੰਗ ਢਕਣ ਲਈ, ਇਹ ਤਾਂ ਫਿਰ ਬਾਅਦ'ਚ ਪਤਾ ਲੱਗਾ ਕਿ ਇੰਨ੍ਹਾਂ ਨੂੰ ਕੁੜਤਾ ਪਜਾਮਾ ਕਹਿੰਦੇ ਨੇ।ਫਿਰ ਕਮਰੇ ਦਾ ਬੂਹਾ ਖੋਲ੍ਹਣ ਦੀ ਕੋਸ਼ਿਸ਼ ਕੀਤੀ ਪਰ ਬੰਦ ਸੀ। ਮੈਂ ਆਸ ਪਾਸ ਦੇਖਿਆ ਆਵਦੀਆਂ ਚੀਜ਼ਾਂ ਵੇਖਣ ਲਈ ਤੇ ਜਾਂ ਕੋਈ ਉੱਘ ਸੁੱਘ ਮਿਲ ਜਾਣ ਲਈ। ਪਰ ਕੁੱਝ ਨਹੀਂ ਪਲੇ ਪਿਆ। ਮੇਜ਼ ਤੇ ਕੁੱਝ ਰਸਾਲੇ ਪਏ ਸਨ ਜੋ ਕਨੂੰਨ ਦੇ ਹਿਸਾਬ ਨਾਲ਼ ਤਾਂ ਨਿਸ਼ੇਧ ਕੀਤੇ ਹੋਏ ਸਨ। ਕੁੱਝ ਪਹਿਰਾਵੇ ਵਾਲ਼ੇ ਸਨ, ਕੁੱਝ ਧਰਮ ਵਾਲ਼ੇ ਤੇ ਕੁੱਝ ਔਰਤਾਂ ਦੇ ਹੱਕਾਂ ਬਾਰੇ ਵੀ ਸਨ। ਮੈਂ ਹੈਰਾਨ ਸਾਂ। ਪਰ ਸਭ ਤੋਂ ਹੈਰਾਨੀ ਦੀ ਗੱਲ ਇਹ ਸੀ ਕਿ ਹਿੰਦੀ ਭਾਸ਼ਾ'ਚ ਨਹੀਂ ਲਿਖੇ ਹੋਏ ਸਨ; ਪੰਜਾਬੀ ਵਿੱਚ ਸੀ, ਜਿਸਨੂੰ ਉਸ ਵੇਲ਼ੇ ਮੈਂ ਜਾਣਦਾ ਵੀ ਨਹੀਂ ਸੀ। ਇਸ ਲਈ ਬਹੁਤੀ ਸਮਝ ਨਹੀਂ ਸੀ ਕਿ ਕੀ ਲਿਖਿਆ ਹੈ। ਹੌਲੀਹੌਲੀ ਮੈਂ ਮੇਜ਼ ਤੇ ਪਏ ਸਾਰੇ ਫਲ ਖਾ ਲਏ ਤੇ ਫਿਰ ਮੈਂ ਵਾਪਸ ਸੇਜ ਤੇ ਲੇਟ ਗਿਆ। ਪਤਾ ਨਹੀਂ ਕਦੋਂ ਨੀਂਦ ਆ ਗਈ, ਤੇ ਮੈਂ ਸੁਪਨਿਆਂ ਦੀ ਦੁਨੀਆ'ਚ ਚਲਾ ਗਿਆ ਜਿੱਥੇਂ ਕੀ ਸੱਚ ਹੈ, ਤੇ ਕੀ ਖਾਬ ਹੈ ਦੀ ਤਾਬੀਰ ਕਰਨੀ ਔਖੀ ਹੈ।

ਬੱਸ ਉਹੀ ਸੁਪਨਿਆਂ ਨੇ ਮੇਰੀਆਂ ਸੋਚਾਂ ਤੇ ਫਿਰ ਧਾਵਾ ਬੋਲਤਾ। ਉਹ ਸੁਪਨਾ ਜਿਸ ਵਿੱਚ ਮੈਂ ਸਮੁਰਾਈ ਮਿਯਾਮੋਤੋ ਦੀ ਥਾਂ ਇੱਕ ਬੱਚਾ ਹਾਂ ਜਿਸਦਾ ਨਾਂ ਸਰਵਣ ਹੈ। ਜੋ ਮਾਂ ਦਾ ਦਿੱਤਾ ਹੋਇਆ ਨਾਂ ਹੈ। ਇਸ ਤੋਂ ਇਲਾਵਾ ਹੋਰ ਕੁੱਝ ਯਾਦ ਨਹੀਂ ਹੈ ਉਸ ਟੱਬਰ ਬਾਰੇ। ਹਰ ਵਾਰ ਵਾਂਗ ਹੀ ਸੁਪਨੇ ਵਿੱਚ ਇਹ ਮੁੰਡਾ ਸਰਵਣ ਹੀ ਹਾਂ, ਦਸਾਂ ਸਾਲਾਂ ਦਾ, ਜਿਸਨੇ ਮਾਂ ਦਾ ਹੱਥ ਪਕੜਿਆ ਹੋਇਆ ਹੈ ਅਤੇ ਅਸੀਂ ਦੋਨੋਂ ਉਸ ਥਾਂ ਮੂਹਰੇ ਖਲੋਤੇ ਹਾਂ, ਜਿੱਥੇਂ ਕੁੱਝ ਅਧਰਮੀ ਫੌਜਦਾਰੀ ਕਹਿੰਦੇ ਹਨ ਕਿ ਕਈ ਸਾਲ਼ ਪਹਿਲਾਂ ਸੋਨੇ ਦਾ ਮੰਦਰ ਖੜ੍ਹਾ ਹੁੰਦਾ ਸੀ। ਇਸ ਥਾਂ ਸੜਕ ਤੇ ਇੱਕ ਬੰਦਾ ਸੀ, ਜੋ ਭਾਰਤੀ ਸਮੁਰਾਈ ਦੇ ਨਿਸ਼ਾਨੇ ਦੇ ਖੁਦ ਅੱਗੇ ਹੋ ਕੇ ਗੋਲੀ ਖਾ ਗਿਆ ਸੀ, ਜੋ ਗੋਲ਼ੀ ਉਹ ਇੱਕ ਔਰਤ ਦੇ ਲੱਗਣੀ ਸੀ। ਉਸ ਬੰਦੇ ਨੇ ਫਿਰ ਓਸੇ ਤੀਵੀਂ ਦੀਆਂ ਬਾਹਾਂ'ਚ ਹੀ ਦਮ ਤੋੜਿਆ ਸੀ। ਜੋ ਉਸ ਗੋਲ਼ੀ ਦੇ ਨਿਸ਼ਾਨੇ ਤੇ ਸੀ, ਫਿਰ ਪਤਾ ਨਹੀਂ ਕਿਉਂ, ਦੂਜਿਆਂ ਸਮੁਰਾਈਆਂ ਨੇ ਉਸ ਸਮੁਰਾਈ ਤੇ ਹੀ ਗੋਲੀਆਂ ਚਲਾ ਦਿੱਤੀਆਂ ਜਿਹੜੇ ਸਮੁਰਾਈ ਤੋਂ ਉਸ ਆਦਮੀ ਦੇ ਗੋਲੀ ਵੱਜੀ ਸੀ। ਮੈਂ ਤਾਂ ਬਹੁਤ ਡਰ ਗਿਆ ਸੀ, ਕਿਉਂਕਿ ਮੈਂ ਪਹਿਲੀ ਵਾਰੀ ਕਿਸੇ ਦਾ ਕਤਲ ਹੁੰਦਾ ਦੇਖਿਆ ਸੀ। ਮੇਰੀਆਂ ਅਤੇ ਉਸ ਸੁੰਦਰ ਸੁੰਦਰ ਜ਼ਨਾਨੀ ਜੋ ਆਵਦੇ ਆਦਮੀ ਨੂੰ ਬਾਹਾਂ'ਚ ਲੈ ਕੇ ਰੋ ਰਹੀ ਹੁੰਦੀ ਹੈ, ਦੀਆਂ ਜਦ ਅੱਖਾਂ ਮਿਲਦੀਆਂ ਹਨ ਤਾਂ ਉਸੇ ਵਕਤ ਹੀ ਮੇਰੀ ਹਮੇਸ਼ਾ ਚੌਂਕਕੇ ਅੱਖ ਖੁੱਲ੍ਹ ਜਾਂਦੀ ਹੈ।ਮੈਂ ਉਸ ਔਰਤ ਦੇ ਹੁਸਨ'ਚ ਕਾਬੂ ਹੋ ਜਾਂਦਾ ਹਾਂ। ਕਦੀ ਕਦੀ ਮੈਂ ਉਸਦੇ ਪਤੀ ਵੱਲ ਧਿਆਨ ਦਿੰਦਾ ਹਾਂ ਅਤੇ ਕਦੇ ਉਸਦੇ ਖੂਨ ਭਰੇ ਮੂੰਹ ਵੱਲ ਦੇਖ ਕੇ ਡਰ ਨਾਲ਼ ਕੰਬ ਜਾਂਦਾ ਹਾਂ। ਸੁਪਨੇ ਵਿੱਚ ਮੈਂ ਉਸ ਵੱਲ ਨਹੀਂ ਵੇਖਦਾ ਸੀ ਪਰ ਫਿਰ ਵੀ ਉਸ ਦੀਆਂ ਅੱਖਾਂ ਮੈਨੂੰ ਭਾਲ ਲੈਂਦੀਆਂ ਸਨ। ਬਹੁਤ ਦੁੱਖ ਸੀ ਉਸ ਦੀਆਂ ਅੱਖਾਂ ਵਿੱਚ, ਪਰ ਇੱਕ ਖ਼ੁਸ਼ੀ ਵੀ ਸੀ। ਜਿਸ ਸਮੁਰਾਈ ਨੇ ਉਸ ਨੂੰ ਖ਼ਤਮ ਕੀਤਾ, ਜ਼ਰੂਰ ਉਸਨੇ ਕਾਨੂੰਨ ਦੇ ਕੁੱਝ ਖਿਲਾਫ਼ ਕੀਤਾ ਹੋਵੇਗਾ। ਪਤਾ ਨਹੀਂ ਕਿਉਂ ਹਾਲੇ ਵੀ ਇਸ ਮੌਤ ਨੂੰ ਵੇਖਕੇ ਡਰ ਲੱਗਦਾ ਸੀ, ਕਿਉਂਕਿ ਮੈਂ ਵੀ ਹੁਣ ਕਿੰਨ੍ਹੇ ਲੋਕਾਂ ਨੂੰ ਮਾਰਿਆਂ ਹੈ। ਮੈਂ ਵੀ ਤਾਂ ਉਨ੍ਹਾਂ ਸਮੁਰਾਈਆਂ'ਚੋਂ ਹੀ ਹਾਂ। ਪਰ ਇੱਕ ਸੁਪਨੇ ਦੀ ਤਫਸੀਲ ਨਿਰਾਲੀ ਹੈ। ਉਸ ਸਮੁਰਾਈ ਜਿਸਨੇ ਤੀਵੀਂ ਦਾ ਪਤੀ ਮਾਰਿਆ ਸੀ, ਅੱਜ ਕੱਲ੍ਹ ਦੇ ਸਮੁਰਾਈਆਂ ਵਾਲ਼ੀ ਵਰਦੀ ਵਿੱਚ ਹੈ! ਜੋ ਮੇਰੀ ਵਰਗੀ ਵਰਦੀ ਹੀ ਹੈ! ਹੋਰ ਸਭ ਸਮੁਰਾਈ ਉਸ ਵੇਲ਼ੇ ਥੋੜ੍ਹੇ ਜਿਹੇ

ਅੱਲਗ ਵਰਦੀ'ਚ ਸਨ। ਮੈਂ ਰੋਂਦਾ ਹਾਂ ਤੇ ਨਾਲ਼ੇ ਨਾਲ਼ ਉਸ ਤੀਵੀਂ ਨੂੰ ਦੇਵੀ ਵਾਂਗ ਦੇਖੀ ਜਾਂਦਾ ਹਾਂ। ਹੁਣ ਤਾਂ ਇੰਨ੍ਹੀ ਵਾਰੀ ਸੁਪਨੇ'ਚ ਦੇਖੀ ਹੈ ਕਿ ਉਸ ਨਾਲ਼ ਪਿਆਰ ਹੋ ਗਿਆ ਹੈ। ਉਸਦੀ ਆਬ ਤਾਬ ਨੇ ਮੈਨੂੰ ਮੋਹਿਤ ਕਰ ਲਿਆ ਹੈ। ਉਸਦੇ ਸੰਤਾਪ ਨੇ ਵੀ ਮੈਨੂੰ ਬੰਨ੍ਹ ਕੇ ਰੱਖ ਲਿਆ।ਪਰ ਉਸਦੇ ਵਰ ਦਾ ਬਹੁਤ ਬੁਰਾ ਹਾਲ਼ ਹੈ! ਜੋ ਉਸਦੀਆਂ ਬਾਹਾਂ'ਚ ਲਾਲ ਲਾਲ ਖ਼ੂਨ ਨਾਲ਼ ਲੱਥਪਥ ਹੋਇਆ ਪਿਆ ਹੈ। ਇਸ ਹੱਤਿਆ ਨੂੰ ਦੇਖਕੇ ਡਰ ਨਾਲ਼ ਮਨ ਕੰਬ ਜਾਂਦਾ ਹੈ। ਸੋ ਹਰ ਵਾਰੀ ਪਹਿਲਾਂ ਵਾਂਗ ਅੱਖ ਖੁੱਲ੍ਹ ਜਾਂਦੀ ਹੈ, ਸਰੀਰ ਪਰਸਿੱਜਦਾ, ਮਨ ਥੋਥਾ।

ਜਦ ਅੱਜ ਮੈਂ ਸੁਪਨੇ'ਚੋਂ ਜਾਗ ਕੇ ਅੱਖਾਂ ਐਤਕੀ ਖੋਲ੍ਹੀਆਂ ਤਾਂ ਮੈਂ ਹੈਰਾਨ ਹੋ ਗਿਆ ਜਦ ਸਾਹਮਣੇ ਉਹੀਓ ਸੁਪਨੇ ਵਾਲ਼ੀ ਔਰਤ ਦੇ ਚੇਹਰਾ ਵਾਲ਼ੀ ਔਰਤ ਨੂੰ ਕਮਰੇ'ਚ ਵੇਖਕੇ, ਜੋ ਮੇਰੇ ਵੱਲ ਇੱਕ ਟਕ ਝਾਕ ਰਹੀ ਸੀ! ਮੈਨੂੰ ਖ਼ੁਦ ਤੇ ਭਰੋਸਾ ਨਾ ਆਇਆ, ਉਸਨੂੰ ਸਾਹਮਣੇ ਖੜ੍ਹੀ ਵੇਖਕੇ, ਕਿਉਂਕਿ ਜਿਹੜੀ ਇੰਨ੍ਹੇ ਸਾਲਾਂ ਤੋਂ ਮੇਰੇ ਸੁਪਨਿਆਂ'ਚ ਆਉਂਦੀ ਸੀ, ਤੇ ਅੱਜ ਅਸਲੀਅਤ'ਚ ਕਿਵੇਂ ਮੇਰੇ ਸਾਹਮਣੇ ਆ ਗਈ! ਪਰ ਜਦੋਂ ਮੈਂ ਥੋੜ੍ਹਾ ਜਿਹਾ ਹੋਸ਼ ਵਿੱਚ ਆਉਂਦਾ ਹਾਂ ਤਾਂ ਸੰਝ ਲੱਗ ਜਾਂਦੀ ਹੈ, ਕਿ ਇਹ ਤਾਂ ਓਹੀ ਕੁੜੀ ਹੈ ਜੋ ਉਸ ਆਲ਼ੇ ਤੇ ਬੈਠੀ ਸੀ ਜਦ ਮੈਂ ਉਸਨੂੰ ਮਾਰਨ ਲਈ ਗਿਆ ਸੀ!

-ਤੂੰ?- ਮੈਂ ਹੱਕੇ ਬੱਕੇ ਹੁੰਦੇ ਨੇ ਕਿਹਾ।

- ਹਾਂ ਮੈਂ। ਹੈਰਾਨ ਹੋ ਗਿਆ ਨਾ? ਮੈਂ ਖ਼ੁਦ ਵੀ ਹੈਰਾਨ ਹੈ ਕਿ ਮੈਂ ਤੈਨੂੰ ਹਜੇ ਤੱਕ ਮਾਰਿਆ ਕਿਉਂ ਨਹੀਂ। ਮਾਰਨਾਂ ਤਾਂ ਬਹੁਤ ਚਾਹੁੰਦੀ ਸੀ, ਪਰ ਨਹੀਂ ਮਾਰ ਸਕੀ। ਤੂੰ ਮੇਰੇ ਮਾੱਪਿਉਂ ਨੂੰ ਮਾਰਿਆ ਹੈ ਨਾ। ਸੋ ਤੂੰ ਦੱਸ ਭਲਾਂ ਮੈਂ ਕਿਉਂ ਨਹੀਂ ਮਾਰਿਆ ਤੈਨੂੰ?-। ਪਹਿਲਾਂ ਤਾਂ ਜੋ ਕੁੱਝ ਉਹ ਬੋਲਦੀ ਸੀ, ਉਹਦੀ ਮੈਨੂੰ ਛੇਤੀ ਸਮਝ ਨਾ ਲੱਗੀ, ਕਿਉਂਕਿ ਮੈਂ ਸਿਰਫ਼ ਹਿੰਦੀ ਹੀ ਜਾਣਦਾ ਸੀ; ਤੇ ਉਹ ਮੇਰੇ ਨਾਲ਼ ਪੰਜਾਬੀ ਵਿੱਚ ਗੱਲ ਕਰ ਰਹੀ ਸੀ। ਫਿਰ ਜਦ ਉਸਨੇ ਦੁਹਰਾ ਕੇ ਹਿੰਦੀ ਵਿੱਚ ਕਿਹਾ ਤਾਂ, ਫਿਰ ਲੱਗੀ ਸਮਝ ਮੈਨੂੰ।ਉਸ ਤੋਂ ਬਾਅਦ ਉਹ ਕਾਫ਼ੀ ਦੇਰ ਤੱਕ ਮੈਨੂੰ ਜੋ ਕੁੱਝ ਵੀ ਬੋਲਦੀ ਸੀ, ਉਹ ਹਿੰਦੀ ਵਿੱਚ ਹੀ ਬੋਲਦੀ ਰਹੀ, ਪਰ ਤੁਹਾਨੂੰ ਮੈਂ ਪੰਜਾਬੀ ਵਿੱਚ ਹੀ ਦੱਸਦਾ ਹਾਂ।

- ਫਿਰ ਤੂੰ ਮੈਨੂੰ ਬਚਾਇਆ ਕਾਤ੍ਹੋਂ? ਹਾਂ ਸੱਚ, ਇਹ ਵੀ ਦੱਸ ਕਿ ਮੈਂ ਹਾਂ ਕਿੱਥੇਂ?- ਮੈਂ ਉਸਨੂੰ ਕਿਹਾ।

-ਗਲਤ ਸਵਾਲ ਪੁੱਛਦੇ ਹੋ ਮਿਯਾਮੋਤੋ ਸਾਹਿਬ। ਕਿੱਥੇਂ ਹੈ ਦਾ ਨਾ ਫਿਕਰ ਕਰੋਂ। ਇਹ ਪੁੱਛੋ ਕਿ ਕਿਸ ਸਮੇਂ'ਚ ਆ ਪਹੁੰਚੇ ਹਾਂ!-

- ਕੀ? ਮੈਂ ਗੱਲ ਨਹੀਂ ਸਮਝਿਆ।-

- ਯਾਦ ਹੈ ਜਦ ਤੂੰ ਮੈਨੂੰ ਫੜ੍ਹਣ ਦੀ ਕੋਸ਼ਿਸ਼ ਕੀਤੀ ਸੀ ਤੇ ਅਸੀਂ ਦੋਨੋਂ ਹੌਂਪਾਈ ਹੁੰਦੇਂਹੁੰਦੇ ਕਿਸੇ ਗਰਦਸ਼, ਇੱਕ ਘੁੰਮਣਘੇਰੀ ਜਿਹੀ'ਚ ਫਸ ਗਏ ਸਾਂ? ਤੇ ਜਿਹੜੇ ਕਮਰੇ'ਚ ਸਾਂ ਉਹ ਕਮਰਾ ਚਲੇ ਗਿਆ ਤੇ ਫਿਰ...ਹੁਣ ਇੱਥੇ ਆ ਪਾਹੁੰਚੇ-

-ਫਿਰ? ਪੱਤਾ ਨਹੀਂ, ਕੁੱਝ ਯਾਦ ਨਹੀਂ ਹੈ..ਬੱਸ ਜਦ ਉੱਠਾ ਇੱਥੇਂ ਸੀ-

- ਇਸ ਕਮਰੇ'ਚ ਹੁਣ ਤੂੰ ਛੇ ਮਹੀਨਿਆਂ ਤੋਂ ਹੈ। ਪਰ ਹੋਸ਼ ਅੱਜ ਹੀ ਆਈ ਹੈ। ਹੁਣ ਅਸੀਂ ਅੰਮ੍ਰਿਤਸਰ ਸਹਿਰ'ਚ ਹਾਂ। ਮੈਂ ਇੱਕ ਘਰ ਕਰਇਆ ਤੇ ਲਿਆ ਹੈ। ਇੱਕ ਕੰਮ ਮਿਲਿਆ ਹੈ ਤੇ ਮਸਾਂ ਕੁੱਝ ਗੁਜਾਏ ਜੋਗੇ ਪੈਸੇ ਕੰਮਾਉਂਦੀ ਹਾਂ। ਸੋਚਿਆ ਸੀ ਤੈਨੂੰ ਉਸ ਥਾਂ ਹੀ ਛੱਡ ਆਵਾਂ ਜਿੱਥੇ ਸਮਾਂ ਸਫਰ ਆਲ਼ਾ ਡਿੱਗਿਆ ਸੀ ਪਰ...-

-ਸਮਾਂ ਸਫਰ ਆਲ਼ਾ?- ਮੈਂ ਆਖਿਆ।

- ਹਾਂ। ਉਹ ਜਿਹੜੀ ਮਸ਼ੀਨ'ਚ ਮੈਂ ਬੈਠੀ ਸਾਂ। ਜਦੋਂ ਤੂੰ ਮੈਨੂੰ ਮਾਰਨ ਲੱਗਾ ਸੀ, ਮੈਂ ਉਸ ਦਿਨ ਉਸੇ ਸਮਾਂ ਸਫਰ ਆਲ਼ੇ ਦੀ ਮਦਦ ਨਾਲ਼ ਇੱਕ ਦਿਨ ਪਿੱਛੇ ਜਾ ਕੇ ਮਾੱਪਿਉਂ ਨੂੰ ਬਚਾਉਣ ਲੱਗੀ ਸੀ..ਤੇਰੇ ਕੋਲ਼ੋਂ ਹੀ! ਪਰ ਫਿਰ ਤੇਰੇ ਦਖ਼ਲ਼ ਨੇ ਸੂਈ ਨੂੰ ਤੀਹ ਸਾਲ਼ ਪਿੱਛੇ ਕਰ ਦਿੱਤੀ! ਹੁਣ ਅਸੀਂ ਦੋਨੋਂ ਇੱਥੇ ਹਾਂ। ਮੈਂ ਉਹ ਮਸ਼ੀਨ ਹੁਣ ਵੀ ਇਸੇ ਘਰ ਵਿੱਚ ਲੁਕੋਈ ਹੈ ਪਰ ਇਹ ਨਹੀਂ ਪਤਾ ਕਿ ਉਸਨੂੰ ਚਾਲੂ ਕਿਵੇਂ ਕਰਨਾ ਹੈ।-

- ਓਹ ਜੋ ਤੂੰ ਇਹ ਸਭ ਕੁੱਝ ਬੋਲ ਰਹੀ ਹੈ ਨਾ ਮੈਨੂੰ ਤਾਂ ਕੋਈ ਇਸਦਾ ਮਤਲਬ ਨਹੀਂ ਬਣਦਾ ਲੱਗਦਾ। ਇਹ ਕੀ ਬਕਵਾਸ ਹੈ, ਕਿ ਤੀਹ ਸਾਲ਼ ਪਿੱਛੇ ਆਏ ਹਾਂ ਆਪਾਂ!-

- ਅੱਛਾ! ਤਰੀਕ ਦੇਖੀ ਹੈ ਤੂੰ?-

- ਇਹ ਘੜੀ ਤੇ ਤਰੀਕਦਾ ਕੀ ਆ ਜਿਹੜਾ ਮਰਜ਼ੀ ਬੰਦਾ ਬਦਲ ਸਕਦਾ ਹੈ!-

- ਅੱਛਾ ਠੀਕ, ਉੱਠ ਕੇ ਬਾਹਰ ਜਾ ਕੇ ਸੈਰ ਕਰਕੇ ਦੇਖ ਲੈ!-।

- ਤੂੰ ਮੈਨੂੰ ਇਹ ਨਹੀਂ ਦੱਸਿਆ ਕਿ ਤੂੰ ਮੈਨੂੰ ਮਾਰਿਆ ਕਿਉਂ ਨਹੀਂ ਜਾ ਜਿੱਥੇਂ ਤੇਰੇ ਹਿਸਾਬ ਨਾਲ਼ ਮਸ਼ੀਨ ਡਿੱਗੀ ਸੀ ਉੱਥੇਂ ਮੈਨੂੰ ਛੱਡਿਆ ਕਿਉਂ ਨਹੀਂ?-। ਇਹ ਜੋ ਕੁੱਝ ਤੂੰ ਬੋਲਕੇ ਹਟੀ ਏ ਨਾ, ਮੈਨੂੰ ਤਾਂ ਪੂਰਾ ਬਕਵਾਸ ਲੱਗਿਆ। ਮੈਨੂੰ ਤਾਂ ਇਸ ਵਿੱਚ ਕੋਈ ਅਰਥ ਨਹੀਂ ਲੱਗਦਾ।ਬੱਸ ਇੱਕ ਪਾਗਲਪਣ ਹੈ! ਪਰ ਮੈਨੂੰ ਇਹ ਨਹੀਂ ਸਮਝ ਲੱਗਦੀ ਸੀ, ਕਿ ਇਹ ਵੀ ਤਾਂ ਇੱਕ ਪਾਗਲਪਣ ਹੀ ਹੈ ਕਿ ਜੋ ਔਰਤ ਮੇਰੇ ਖੁਆਬਾਂ'ਚ ਆਉਂਦੀ ਸੀ, ਤੇ ਮੈਥੋਂ ਉਮਰ'ਚ ਵੀ ਵੱਡੀ ਹੋਣੀ ਚਾਹੀਦੀ ਸੀ, ਤੇ ਹੁਣ ਮੇਰੇ ਸਾਹਮਣੇ ਖੜ੍ਹੀ ਸੀ, ਤੇ ਹੁਣ ਉਮਰ'ਚ ਘੱਟ ਲੱਗਦੀ ਸੀ। ਇਹ ਇੱਕ ਅਣਹੋਣੀ ਗੱਲ ਸੀ। ਤੇ ਮੈਨੂੰ ਲੱਗਦਾ ਸੀ ਮੈਂ ਜ਼ਰੂਰ ਪਾਗਲ਼ ਹੋ ਗਿਆ ਹਾਂ!

- ਇਹ ਜੋ ਤੂੰ ਦੱਸ ਰਹੀ ਹੈ ਜੇ ਇਸ'ਚ ਥੋੜ੍ਹੀ ਸਚਾਈ ਵੀ ਹੈ...ਮੈਨੂੰ ਇਹ ਸਮਝਾ ਕੇ ਮੈਂ ਜੋ ਤੈਨੂੰ ਮਾਰਨ ਲੱਗਾ ਸੀ ਤੇ ਜਿਸਨੇ ਤੇਰੇ ਮਾਂਪਿਉਂ ਨੂੰ ਮਾਰਿਆ ਸੀ...ਕਿਵੇਂ ਜਿਓਂਦਾ ਹੈ?-। ਸੱਚ ਹੈ ਮੈਂ ਖ਼ੁਸ਼ ਸੀ ਕਿ ਉਸਨੇ ਮੈਨੂੰ ਮਾਰਿਆ ਨਹੀਂ। ਕੀ ਪਤਾ ਕੀ ਸੱਚ ਸੀ। ਕੀ ਪਤਾ ਇਹ ਕੋਈ ਬਾਗ਼ੀਆਂ ਦਾ ਹੀ ਅੱਡਾ ਸੀ। ਹੁਣ ਤਾਂ ਬੱਸ ਜਦ ਵੀ ਮੈਨੂੰ ਮੌਕਾ ਮਿਲੇ ਮੈਂ ਇਸਨੂੰ ਮਾਰ ਕੇ ( ਆਗਿਆ ਤਾਂ ਇਹੀ ਸੀ) ਤਿੱਤਰ ਹੋ ਜਾਵਾਂ!

- ਇਹ ਤੂੰ ਆਪਣੇ ਨਾਂ ਕਰਕੇ ਬਚ ਗਿਆ। ਮੁਸਾਸ਼ੀ ਮਿਯਾਮੋਤੋ ਨਾਂ ਮੇਰੇ ਮਨ ਵਿੱਚ ਹੈ ਜੋ ਤੇਰਾ ਨਾਂ ਹੈ ਵਰਦੀ ਤੇ ਲਿਖਿਆ।ਸੁਪਨਿਆਂ'ਚ ਘੁੰਮਦਾ ਰਹਿੰਦਾ ਹੈ ਇਹ ਮੁਸਾਸ਼ੀ। ਪਤਾ ਨਹੀਂ ਕਿਉਂ ਇਸ ਨਾਂ ਨਾਲ਼...ਲੱਗਦਾ ਕੋਈ ਰਿਸ਼ਤਾ ਹੈ ਜੋ ਸਮੇ ਨੂੰ ਪਾਰ ਕਰਦਾ...-

- ਜਿਵੇਂ ਤੂੰ ਕਹਿੰਦੀ ਹੈ ਅਸੀਂ ਸਮਾਂ ਪਾਰ ਕੀਤਾ!- ਮੈਥੋਂ ਹੱਸਕੇ ਕਹਿ ਹੋ ਗਿਆ। ਉਹ ਐਨੇ ਨਾਲ਼ ਹੀ ਗੁੱਸੇ ਵਿੱਚ ਬਾਹਰ ਤੁਰ ਗਈ। ਮੈਂ ਉੱਠਕੇ ਮਗਰ ਜਾਣ ਦੀ ਕੋਸ਼ਿਸ਼ ਕੀਤੀ ਪਰ ਉਸਨੇ ਤਾਂ ਜਲਦੀ ਨਾਲ਼ ਦਰਵਾਜ਼ਾ ਬੰਦ ਕਰ ਦਿੱਤਾ। ਮੈਂ ਵੀ ਕਿੱਡਾ ਉੱਲੂ ਸੀ! ਫਿਰ ਉਹ ਸਾਰਾ ਦਿਨ ਵਾਪਸ ਨਹੀਂ ਪਰਤੀ।ਇਸ ਕਮਰੇ ਦੀਆਂ ਬਾਰੀਆਂ ਵੀ ਬੰਦ ਸਨ ਸੋ ਹੁਣ ਮੈਂ ਕੁੱਝ ਨਹੀਂ ਕਰ ਸਕਦਾ ਸੀ। ਹੁਣ ਮੈਂ ਉਹ ਸਾਰਾ ਕੁੱਝ ਸੋਚਣ ਲੱਗ ਪਿਆ। ਜਿਸਨੂੰ ਮੈਂ ਮੰਨਣ ਲਈ ਤਿਆਰ ਹੀ ਨਹੀਂ ਸੀ, ਇਹੀ ਜੋ ਉਸਨੇ ਵਕਤ ਪਾਰ ਕਰਨ ਦੀ ਗੱਲ ਕੀਤੀ ਸੀ।ਪਰ ਫਿਰ ਕਿਵੇਂ ਉਸਦੀ ਉਮਰ ਮੈਥੋਂ ਘੱਟ ਹੋ ਸਕਦੀ ਏ ਜਦ ਸੁਪਨੇ ਵਿੱਚ ਮੈਥੋਂ ਵੱਡੀ ਸੀ! ਮੈਂ ਤਾਂ ਦਸ ਵਰ੍ਹਿਆਂ ਦਾ ਮੁੰਡਾ ਸੀ। ਪਰ ਉਹ ਮੁੰਡਾ ਤਾਂ ਮੈਂ ਸੁਪਨੇ ਵਿੱਚ ਸੀ, ਸੱਚ ਨਹੀਂ ਸੀ! ਇਹ ਤਾਂ ਅੰਨ੍ਹੇ ਹੱਥ ਬਟੇਰੇ ਵਾਲੀ ਗੱਲ ਸੀ, ਜੋ ਇਸ ਕੁੜੀ, ਵੀਨਾ, ਮੇਰੇ ਸੁਪਨਿਆਂ ਦੀ ਰਾਣੀ ਵਰਗੀ ਲੱਗਦੀ ਸੀ। ਬਹੁਤ ਅਜੀਬ ਗੱਲ ਸੀ। ਜ਼ਰੂਰ ਕਿਸੇ ਨੇ ਮੇਰੇ ਸਿਰ'ਚ ਕੁੱਝ ਮਾਰਕੇ ਬੇਹੋਸ਼ ਕਰ ਲਿਆ ਹੋਣਾ, ਤੇ ਹੁਣ ਮੈਨੂੰ ਲੱਗਦਾ ਸੀ, ਇਸ ਥਾਂ ਕੈਦੀ ਰੱਖਿਆ ਗਿਆ ਹੋਣਾ। ਉਸਦੀ ਕਹਾਣੀ ਕਿ ਉਸਦੇ ਖੁਆਬਾਂ'ਚ ਵੀ ਮੇਰੇ ਨਾਂ ਦਾ ਆਦਮੀ ਸੀ, ਇਹ ਤਾਂ ਪੂਰਾ ਝੂਠ ਸੀ! ਕਿਉਂਕਿ ਮੇਰਾ ਨਾਂ ਤਾਂ ਮੇਰੇ ਸੰਜੋ ਤੇ ਸਾਫ਼ ਲਿਖਿਆ ਹੋਇਆ ਦਿਸਦਾ ਸੀ! ਜ਼ਰੂਰ ਕੋਈ ਚਾਲ ਸੀ! ਦੱਸੋ ਕਿਹੜੀ ਐਸੀ ਧੀਹੋਵੇਗੀ ਜਿਸਦੇ ਮਾਂਪਿਉਂ ਨੂੰ ਜਿਸਨੇ ਮਾਰਿਆ ਹੋਵੇ ਤੇ ਉਹ ਉਨ੍ਹਾਂ ਦੇ ਹੀ ਕਾਤਲ ਨੂੰ ਇੱਦਾਂ ਪਿਆਰ ਕਰੇ? ਓਹ ਵੀ ਕੇਵਲ ਬੱਸ ਇੱਕ ਸੁਪਨੇ ਤੇ ਯਕੀਨ ਕਰਕੇ। ਪਰ ਫਿਰ ਮੈਂ ਵੀ ਤਾਂ ਸੁਪਨੇ'ਚ ਹੀ ਦੇਖੀ ਹੋਈ ਨਾਲ਼ ਪ੍ਰੇਮ ਕਰਨ ਲੱਗ ਪਿਆ ਸੀ। ਮੈਨੂੰ ਕੋਈ ਸਮਝ ਨਹੀਂ ਸੀ ਲੱਗ ਰਹੀ। ਭੁੱਖ ਵੀ ਬਹੁਤ ਲੱਗ ਆਈ ਸੀ।

ਮੈਂ ਉੱਠਿਆ ਤੇ ਖੜ੍ਹ ਕੇ ਦਸਤਕ ਦੇਣ ਲੱਗ ਗਿਆ। ਜੋਰ ਦੇਣੀ ਹੱਥ ਮਾਰ ਮਾਰ ਕੇ ਕਿਹਾ, - ਓਏ ਭੁੱਖ ਲੱਗੀ ਏ! ਖਾਣ ਲਈ ਤਾਂ ਕੁੱਝ ਦਿਓ!- ਮੇਰੇ ਮਨ ਵਿੱਚ ਸੀ ਕਿ ਵੀਨਾ ਇਕੱਲੀ ਨਹੀਂ ਹੋ ਸਕਦੀ ਜ਼ਰੂਰ ਕੋਈ ਨਾ ਕੋਈ ਉਸਦੇ ਨਾਲ਼ ਹੋਵੇਗਾ। ਇਹ ਸਭ ਕੁੱਝ ਜ਼ਰੂਰ ਗਪੌੜ ਬਣਇਆ ਸੀ ਮੈਨੂੰ ਲੱਲੂ ਬਣਾਉਣ ਲਈ। ਪਰ ਇਸਦਾ ਫਾਇਦਾ ਉਨ੍ਹਾਂ ਲਈ ਕੀ ਹੋ ਸਕਦਾ ਸੀ, ਇਹ ਮੇਰੇ ਪੱਲੇ ਨਹੀਂ ਸੀ ਪੈ ਰਿਹਾ। ਜੇ ਮੈਂ ਉਨ੍ਹਾਂ ਦੀ ਥਾਂ ਹੁੰਦਾ ਤਾਂ, ਹੁਣ ਨੂੰ ਉੱਡਾ ਦੇਣਾ ਸੀ ਕੈਦੀ ਨੂੰ। ਹਾਰਕੇ ਦਰਵਾਜ਼ਾ ਖੁਲ੍ਹਿਆ ਸਾਹਮਣੇ ਫਿਰ ਵੀਨਾ ਹੀ ਸੀ। ਹਾਲੇ ਡਰਦੀ ਸੀ ਮੈਥੋਂ। ਜੇ ਮੈਂ ਕੈਦੀ ਨਹੀਂ ਤਾਂ ਫਿਰ ਹੋਰ ਕੀ ਸੀ? ਉਸਦੇ ਹੱਥ'ਚ ਤਾਂ ਇੱਕ ਪਰਾਣੇ ਜ਼ਮਾਣੇ ਦਾ ਪਿਸਤੌਲ ਸੀ ਮੇਰੇ ਵੱਲ ਤਾਣਿਆ ਹੋਇਆ।

- ਹੌਲੀ ਹੌਲੀ ਬਾਹਰ ਆਓ- ਉਸਨੇ ਪਿਸਤੌਲ ਦੀ ਨਾਲ਼ੀ ਨਾਲ਼ ਇਸ਼ਾਰਾ ਕਰਕੇ ਕਿਹਾ, ਕਿਹੜੇ ਪਾਸੇ ਜਾਣਾ ਚਾਹੀਦਾ ਸੀ ਮੈਨੂੰ। ਮੈਂ ਉਕਾਬੀ ਅੱਖਾਂ ਨਾਲ਼ ਉਸ ਵੱਲ ਦੇਖਦਾ ਦੇਖਦਾ ਅੱਗੇ ਗਿਆ ਤੇ ਇੰਝ ਇਸੇ ਤਰ੍ਹਾਂ ਪੌੜ੍ਹੀਆਂ ਉਤਰਿਆ। ਜਦ ਮੈਂ ਥੱਲੇ ਆਇਆ ਤਾਂ ਮੈਂ ਹੈਰਾਨ ਹੋ ਗਿਆ ਸੀ। ਇਸ ਕਮਰੇ'ਚ ਕਲਚਿਲਮਨ ਜਾਂ ਇੱਦਾਂ ਹੋਰ ਕੁੱਝ ਵੀ ਨਹੀਂ ਜਾਪਦਾ ਸੀ। ਕੰਧਾਂ ਨੰਗੀਆਂ ਸਨ, ਗੁਰੂਆਂ ਦੀਆਂ ਤਸਵੀਰਾਂ ਤੋਂ ਛੁੱਟ।

- ਮੈਂ ਕਿੱਥੇਂ ਹਾਂ?-

- ਅੰਬਰਸਰ। ਤੈਨੂੰ ਪਹਿਲਾਂ ਹੀ ਦੱਸਿਆ ਹੈ। ਇਹ ਘਰ ਤੁਹਾਡੀਆਂ ਚੀਜ਼ਾਂ ਤੋਂ ਹਾਲੇ ਅਜ਼ਾਦ ਹੈ। ਉਧਰ ਮੇਜ਼ ਵੱਲ ਜ੍ਹਾ ਤੇ ਖਾ ਲੈ ਕੁੱਝ-। ਮੈਂ ਮੇਜ਼ ਵੱਲ ਵਧਿਆ ਜਿਸ ਤੇ ਖਾਣਾ ਪੀਣਾ ਦਾ ਸਮਾਨ ਪਿਆ ਸੀ। ਪਰ ਕੋਈ ਕੱਚ ਦਾ ਗਲਾਸ ਜਾਂ ਆਮ ਬਰਤਨ ਨਹੀਂ ਸੀ। ਸਿਰਫ ਪਲਾਸਟਿਕ ਤੋਂ ਬਣੇ ਬਰਤਨ ਗਲਾਸ ਸਨ। ਨਾ ਹੀ ਕੋਈ ਛੁਰੀ ਕਾਂਟੇ ਸਨ। ਮਤਲਬ ਉਸਨੂੰ ਡਰ ਸੀ ਕਿ ਮੈਂ ਉਨ੍ਹਾਂ ਨਾਲ਼ ਉਸ ਨੂੰ ਮਾਰ ਕੇ ਨਾ ਦੌੜ੍ਹ ਜਾਵਾਂ। ਮੈਂ ਚੁੱਪ ਚਾਪ ਖਾਂਦਾ ਰਿਹਾ। ਕੁੱਝ ਦੇਰ ਬਾਅਦ ਉਸ ਨੇ ਪਿਸਤੌਲ ਆਵਦੀ ਜੇਬ'ਚ ਪਾ ਲਿਆ ਤੇ ਸਾਹਮਣੇ ਹੋ ਕੇ ਬਹਿ ਗਈ।

- ਇਹ ਤੈਨੂੰ ਇੰਝ ਜੇਬ'ਚ ਨਹੀਂ ਰੱਖਣਾ ਚਾਹੀਦਾ। ਤਮੰਚਾ ਚਲ ਵੀ ਸਕਦਾ ਹੈ, ਤੇ ਫਿਰ ਸਮਝੋ ਤੇਰੀਆਂ ਟੰਗਾਂ ਗਈਆਂ-, ਮੈਂ ਕਿਹਾ। ਉਹ ਕੁੱਝ ਨਾ ਬੋਲੀ । - ਤੇਰੇ ਵੈਲੀ ਕਿੱਥੇਂ ਨੇ?-

- ਤੈਨੂੰ ਪਹਿਲਾਂ ਦੱਸ ਹੱਟੀ ਹਾਂ।-

- ਸੋ ਤੂੰ ਮੈਨੂੰ ਤਾਈਂ ਨਹੀਂ ਮਾਰਿਆ ਕਿਉਂਕਿ ਮੇਰੀ ਛਾਤੀ ਤੇ ਜੋ ਨਾਂ ਲਿਖਿਆ ਏ, ਉਹ ਉਹੀ ਨਾਂ ਹੈ ਜੋ ਤੇਰੇ ਸੁਪਨਿਆਂ ਦੇ ਰਾਂਝੇ ਦਾ ਨਾਂ ਹੈ? ਪਰ ਇਹ ਨਾਂ ਤਾਂ ਸਰਕਾਰ ਨੇ ਦਿੱਤਾ ਸੀ ਮੈਨੂੰ । ਤੈਨੂੰ ਕੀ ਪਤਾ ਮੇਰੇ ਅਸਲੀ ਨਾਂ ਕੀ ਹੈ?-

- ਫਿਰ ਅਸਲ ਨਾਂ ਕਿਹੜਾ ਹੈ ਤੁਹਾਡਾ, ਸਮੁਰਾਈ ਜੀ?- ਉਸਨੇ ਜਲ਼ੀ ਕਟੀ ਤਰ੍ਹਾਂ ਪੁੱਛਿਆ।

- ਹੋ ਸਕਦਾ ਸਰਵਣ ਹੈ। ਯਾਦ ਨਹੀਂ। ਸੋ ਤੂੰ ਹਾਲੇ ਵੀ ਕਹਿੰਦੀ ਹੈ ਕਿ ਅਸੀਂ ਜਾਦੂ ਨਾਲ਼ ਅਤੀਤ ਥਾਂ'ਚ ਪੁੱਜ ਗਏ ਹਾਂ?-

- ਜਾਦੂ ਨਹੀਂ। ਜਾਦੂ ਤਾਂ ਹੁੰਦਾ ਹੀ ਨਹੀਂ। ਸਾਇੰਸ ਨਾਲ਼ ਪਹੁੰਚੇ ਹਾਂ, ਤੁਹਾਡੇ ਅਗਮ ਨਾਲ਼ ਨਹੀਂ-

- ਤੂੰ ਹਰ ਜਵਾਬ ਇਹ ਪੰਜਾਬੀ ਬੋਲੀ'ਚ ਹੀ ਕਿਉਂ ਦਿੰਦੀ ਏ। ਮੈਨੂੰ ਤੇਰੀ ਸਮਝ ਨਹੀਂ ਲੱਗਦੀ, ਹਿੰਦੀ'ਚ ਬੋਲ...-

- ਹੁਣ ਬਹੁਤ ਖੁੱਲ੍ਹੀ ਵਕਤ ਹੈ ਪੰਜਾਬੀ ਸਿੱਖਣ ਲਈ। ਜੇ ਚਿੱਤ ਕਰਦਾ ਤਾਂ ਬਾਹਰ ਤੁਰ ਫਿਰ ਆਓ। ਹਾਂ ਤੀਹ ਸਾਲ਼ ਪਹਿਲਾਂ ਵੀ ਤੁਹਾਡਾ ਹੀ ਰਾਜ ਹੈ ਇੱਥੇਂ। ਪਰ ਇੱਥੇਂ ਦੇ ਸਮੁਰਾਈ ਅੱਲਗ ਨੇ। ਉਨ੍ਹਾਂ ਲਈ ਤਾਂ ਹਜੇ ਕੋਈ ਹੋਂਦ ਨਹੀਂ। ਹਾਲੇ ਤੂੰ ਤੇ ਮੈਂ ਤਾਂ ਆਏ ਹੀ ਨਹੀਂ। ਬਿਨਸ ਗਏ ਨੇ। ਬਾਹਰ ਜਾ ਕੇ ਦੇਖ ਲਿਓ-

- ਜੇ ਤੂੰ ਸੱਚ ਵੀ ਬੋਲਦੀ ਹੈ ਤਾਂ ਫਿਰ ਤੇਰੀ ਉਲ਼ਫ਼ਤ ਤਾਂ ਮੁਸਾਸ਼ੀ ਲਈ ਹੀ ਹੈ,ਤਾਂ ਉਨ੍ਹਾਂ ਤੈਨੂੰ ਮਾਰ ਦੇਣਾ ਹੈ। ਮੈਂ ਤਾਂ ਉਨ੍ਹਾਂ ਕੋਲ਼ ਜਾ ਕੇ ਸੱਚ ਇਜ਼ਹਾਰ ਕਰ ਦੇਣਾ...ਮਤਲਬ ਜੋ ਤੂੰ ਹੁਣ ਤੱਕ ਮੈਨੂੰ ਦੱਸ ਰਹੀ ਹੈ। ਤੇ ਫਿਰ ਜਦ ਉਨ੍ਹਾਂ ਨੇ ਤੈਨੂੰ ਮਾਰ ਦਿੱਤਾ ਫਿਰ?-

- ਪਹਿਲੀ ਗੱਲ ਤੂੰ ਮੇਰੇ ਮਾਂ ਬਾਪ ਨੂੰ ਮਾਰਿਆ ਹੈ। ਜੇ ਹਿਲੇ ਵੀ ਮੇਰਾ ਮਨ ਬਦਲ ਗਿਆ ਤਾਂ, ਤੈਨੂੰ ਖਤਮ ਕਰ ਸਕਦੀ ਹਾਂ। ਦੂਜੀ ਗੱਲ ਇਸ ਵੇਲ਼ੇ ਮੇਰੇ ਖਿਲਾਫ਼ ਕੋਈ ਸਨਦ ਨਹੀਂ ਹੈ।-

- ਸੋ ਜੇ ਇਹ ਸਭ ਕੁੱਝ ਸੱਚ ਹੈ ਤਾਂ ਤੂੰ ਕਿਉਂ ਨਹੀਂ ਆਵਦੇ ਮਾਂ ਪਿਉਂ ਨੂੰ ਲੱਭਣ ਗਈ?-

- ਗਈ ਸੀ। ਲਭ ਵੀ ਗਏ। ਪਰ ਮੈਂ ਤਾਂ ਹਾਲੇ ਪੈਦਾ ਵੀ ਨਹੀਂ ਹੋਈ। ਉਨ੍ਹਾਂ ਲਈ ਤਾਂ ਮੈਂ ਇੱਕ ਬਿਗਾਨੀ ਹੀ ਹਾਂ। ਹਾਲੇ ਤਾਂ ਵਿਆਹ ਵੀ ਨਹੀਂ ਹੋਇਆ ਉਨ੍ਹਾਂ ਦਾ। ਚਿੱਤ ਕਰਦਾ ਉਨ੍ਹਾਂ ਨੂੰ ਸਭ ਕੁੱਝ ਦੱਸਕੇ ਬਚਾਵਾਂ ਪਰ ਇੰਝ ਤਾਂ ਉਹ ਮੈਨੂੰ ਪਾਗਲ਼ ਹੀ ਸਮਝਣ ਗਏ। ਹੁਣ ਜਿਵੇਂ ਤੂੰ ਵੀ ਇਸ ਵੇਲੇ ਸੋਚ ਹੀ ਰਿਹਾ। ਪਰ ਜਦ ਸਹੀਂ ਵਕਤ ਆਇਆ ਸ਼ਾਇਦ ਇਸੇ ਤਰ੍ਹਾਂ ਹੀ ਉਨ੍ਹਾਂ ਨੂੰ ਬਚਾਵਾਂਗੀ-

- ਪਰ ਮੈਂ ਤਾਂ ਕਾਤਲ ਹਾਂ। ਫਿਰ ਮੇਰੇ ਨਾਂ ਨਾਲ਼ ਤੈਨੂੰ ਪਿਆਰ ਕਿਵੇਂ ਹੋ ਸਕਦਾ ਏ? ਇਹ ਤਾਂ ਮਿਰਜ਼ਾ ਸਾਹਿਬਾ ਦੀ ਗੱਲ ਵਾਂਗ ਹੈ। ਕਿ ਨਹੀਂ ਤਾਂ ਤੂੰ ਆਵਦਾ ਟੱਬਰ ਬਚਾਵੇਂਗੀ, ਨਹੀਂ ਤਾਂ ਫਿਰ ਜਾਂ ਮੈਨੂੰ?-

- ਸ਼ਾਇਦ। ਪਰ ਫਰਕ ਇਹ ਹੈ ਕਿ ਇਸ ਵੇਲੇ ਮੇਰੇ ਮਾਂ ਬਾਪ ਜਿਉਂਦੇ ਹੈ। ਤੇ ਮੈਂ ਉਨ੍ਹਾਂ ਨੂੰ ਤੇਰੇ ਬਾਰੇ ਦੱਸ ਸਕਦੀ ਹਾਂ, ਤੇ ਜਿਹੜਾ ਕੁੱਝ ਹੋਇਆ ਉਹ ਫਿਰ ਨਾ ਹੋਵੇ-

- ਮਤਲਬ ਇਤਿਹਾਸ ਬਦਲ ਦੇਣਾ ਹੈ? ਪਰ ਮੇਰੇ ਕੀ ਹੋਵੇਗਾ? ਉਨ੍ਹਾਂ ਨੂੰ ਬਚਾਕੇ ਇਤਿਹਾਸ ਦੀ ਲਕੀਰ'ਚ ਪਾੜ ਪਾ ਕੇ ਤੂੰ ਸਭ ਸੱਤਿਆ ਨਾਸ ਕਰ ਦੇਵੇਂਗੀ।-

- ਤੈਨੂੰ ਇਸ ਹੀ ਵਕਤ ਮਾਰ ਕੇ ਸਭ ਠੀਕ ਵੀ ਕਰ ਸਕਦੀ ਹਾਂ-

- ਮਾਰ ਫਿਰ। ਮਾਰਦੀ ਕਿਉਂ ਨਹੀਂ ਗੋਲ਼ੀ? ਹੱਦ ਹੋ ਗਈ ਕਿ ਤੈਨੂੰ ਇੱਕ ਗੈਰ ਬੰਦੇ ਨਾਲ਼ ਪਿਆਰ ਹੋ ਗਿਆ, ਉਹ ਵੀ ਜਿਸਨੇ ਤੇਰੀਆਂ ਅੱਖਾਂ ਸਾਹਮਣੇ...-

- ਸ਼ਾਟ ਅਪ! ਜੋ ਹੋਇਆ ਸੋ ਹੋਇਆ। ਉਸ ਬਾਰੇ ਨਹੀਂ ਸੋਚਣਾ ਚਾਹੁੰਦੀ ਮੈਂ। ਗੱਲ ਤਾਂ ਇਹ ਹੈ ਕਿ ਉਹ ਦੋਨੋਂ ਇਸ ਵੇਲੇ ਜਿਓਂਦੇ ਹੈ। ਹੁਣ ਤੇਰੇ ਨਾਲ਼ ਕੀ ਕਰਾਂ? ਸਵਾਲ ਤਾਂ ਇਹ ਹੈ-।

- ਤੇਰੇ ਲਈ ਸੌਖਾ ਕਰਦਾ। ਕੇਰਾਂ ਮੈਂ ਇਸ ਘਰ'ਚੋਂ ਬਾਹਰ ਜਾਂਦਾ। ਫਿਰ ਦੇਖਦੇ ਐਂ। ਅੱਛਾ? ਹਾਂ, ਜੇਕਰ ਜੋ ਕੁੱਝ ਤੂੰ ਬੋਲਿਆ ਹੈ ਝੂਠ ਨਿਕਿਲਆ ਤਾਂ...ਇੱਕ ਗੱਲ ਹੈ..ਮੈਂ ਤੈਨੂ ਖਤਮ ਕਰਨ ਆਇਆ ਹਾਂ ਤੇ ਇਹ ਕੰਮ ਮੈਂ ਪੂਰਾ ਹੀ ਕਰ ਜਾਵਾਂਗਾ, ਸਮਝਦੀ ਏ?-।

ਖਾਣਾ ਖਾਣ ਤੋਂ ਬਾਅਦ ਮੈਂ ਬਾਹਰ ਨੂੰ ਨਿਕਲ ਤੁਰਿਆ।ਅੱਧੀ ਗੱਲ ਤਾਂ ਉਸਦੀ ਵੀ ਸਹੀਂ ਨਿਕਲੀ! ਕਿਉਂਕਿ ਉਹ ਉਪਰੋਂ ਉਪਰੋਂ ਸਭ ਕੁੱਝ ਉਦੂਾਂ ਦਾ ਹੀ ਲੱਗਦਾ ਸੀ। ਪਰ ਕੁੱਝ ਵੇਰਵੇ ਸਹੀਂ ਨਹੀਂ ਸਨ। ਤਰੀਕ ਵਾਕਿਆ ਹੀ ਤੀਹ ਸਾਲ਼ ਪਹਿਲਾਂ ਵਾਲੀ ਸੀ, ਤੇ ਸਾਰੇ ਪਾਸੇ। ਸਮੁਰਾਈਆਂ ਦੀਆਂ ਵਰਦੀਆਂ ਵੀ ਮੇਰੇ ਸੁਪਨੇ ਵਾਲੇ ਸਮੁਰਾਈਆਂ ਦੀਆਂ ਵਰਦੀਆਂ ਵਾਂਗ ਹੀ ਸਨ। ਤੇ ਇਸ ਵੇਲੇ ਸੱਚ ਮੁੱਚ ਹਰਮਿੰਦਰ ਸਾਹਿਬ ਵੀ ਖੜ੍ਹਾ ਖਲੋਤਾ ਸੀ, ਜੋ ਰਾਜ ਨੇ ਤਾਂ ਢਾਹ ਦਿੱਤਾ ਸੀ ਉਸ ਕਾਲ ਵਿੱਚ ਜਿੱਥੋਂ ਮੈਂ ਇੱਥੇਂ ਆਇਆ ਸਾਂ! ਮੇਰੇ ਲਈ ਤਾਂ ਕੇਵਲ ਇਤਿਹਾਸਿਕ ਮੰਦਰ ਸੀ। ਮੈਂ ਉਸਦੀ ਖ਼ੂਬਸੂਰਤੀ ਤੇ ਹੈਰਾਨ ਸੀ। ਪਰ ਅਸੀਂ ਕਿਵੇਂ ਇਸਤੇ ਵਾਰ ਕੀਤਾ? ਮੈਂ ਪੁਲਸ ਦੇ ਅੱਡੇ ਗਿਆ ਤੇ ਉਨ੍ਹਾਂ ਨੂੰ ਆਵਦਾ ਸਮਾਚਾਰ ਦਿੱਤਾ। ਪਰ ਉਨ੍ਹਾਂ ਮੇਰੇ ਵੱਲ ਹੱਸਕੇ ਮੈਨੂੰ ਬਾਹਰ ਕੱਢ ਦਿੱਤਾ। ਫਿਰ ਮੈਂ ਇੱਕ ਸਮੁਰਾਈ ਨਾਲ਼ ਗੱਲ ਬਾਤ ਕੀਤੀ। ਉਸਨੂੰ ਵੀਨਾ ਦਾ ਸਿਰਨਾਵਾ ਦੱਸਣ ਹੀ ਲੱਗਾ ਸੀ, ਪਰ ਮਨ ਵਿੱਚ ਇੱਕ ਗੱਲ ਆਈ ਜਿਸ ਕਰਕ ਮੈਂ ਸਿਰਨਾਵਾਂ ਦੱਸਣ ਤੋਂ ਰੁਕ ਗਿਆ। ਹੋਰ ਸਭ ਕੁੱਝ ਦੱਸ ਦਿੱਤਾ। ਪਰ ਉਹ ਗੁੱਸੇ'ਚ ਆ ਗਿਆ, ਕਿਉਂਕਿ ਉੱਥੇਂ ਇੱਕ ਹੋਰ ਸਮੁਰਾਈ ਸੀ ਜਿਸਦਾ ਨਾਂ ਵੀ ਮੁਸਾਸ਼ੀ ਹੀ ਸੀ, ਮਿਯਾਮੋਤੋ ਮੁਸਾਸੀ। ਤੇ ਮੇਰਾ ਮੁੱਖੜਾ ਤਾਂ ਉਨ੍ਹਾਂ ਦੇ ਅੰਦਰਾਜ ਹੈ ਵੀ ਨਹੀਂ ਸੀ। ਹੁਣ ਮੈਂ ਸੋਚਿਆ ਕਿ ਉਹ ਮੈਨੂੰ ਪਾਗਲਖਾਨੇ ਨਾ ਭੇਜ ਦੇਣ ਕਿਉਂਕਿ ਕਨੂੰਨ ਦੇ ਹਿਸਾਬ ਨਾਲ਼ ਤਾਂ ਮੈਂ ਪਾਗਲ ਹਾਂ। ਇਸ ਲਈ ਮੈਂ ਝੂੱਠ ਬੋਲਕੇ ਕਿਹਾ ਕਿ ਮੇਰੇ ਤਾਂ ਸਿਰ'ਚ ਸੱਟ ਵੱਜੀ ਹੈ, ਤੇ ਮੈਨੂੰ ਹਸਪਤਾਲ ਛੱਡ ਦਿਓ। ਜਦ ਉਨ੍ਹਾਂ ਨੇ ਹਸਪਤਾਲ ਛੱਡਿਆਂ ਤਾਂ ਮੈਂ ਨੱਸ ਕੇ ਦੂਜੇ ਪਾਸਿਓ ਨਿਕਲ ਗਿਆ। ਮੇਰਾ ਤਾਂ ਨਾਂ ਹਸਪਤਾਲ ਦੇ ਮਰੀਜ ਲਿਸਟ'ਚ ਦਰਜ ਹੋਣਾ ਵੀ ਨਹੀਂ ਜੋ ਮੈ ਇਸ ਵੇਲੇ ਤਾਂ ਬੱਚਾ ਸੀ ਨਾਕੇ ਇੱਕ ਜਵਾਨ ਜਹਾਨ। ਮੈਂ ਪਹਿਲਾਂ ਤਾਂ ਬਹੁਤ ਡਰਿਆ ਕਿ ਜੋ ਵੀਨਾ ਨੇ ਕਿਹਾ ਹੈ ਉਹ ਬਿਲਕੁਲ ਸੱਚ ਹੀ ਨਿਕਲਿਆ! ਫਿਰ ਮੈਂ ਕਿੰਨ੍ਹੇ ਹੀ ਘੰਟੇ ਸ਼ਾਹਿਰ'ਚ ਘੁੰਮਦਾ ਫਿਰਦਾ ਰਿਹਾ, ਜਿਸ ਕਾਰਨ ਮੈਨੂੰ ਇੱਕ ਨਵਾਂ ਹੀ ਅਨੁਭਵ ਹੋਇਆ। ਕਿ ਮੈਂ ਤਾਂ ਸੱਚ ਮੁੱਚ ਅਜ਼ਾਦ ਹਾਂ! ਹੁਣ ਨਾ ਤਾਂ ਕਿਸੇ ਨੂੰ ਸਰਕਾਰ ਲਈ ਮਾਰਨਾ ਪੈਣਾ! ਨਾ ਹੀ ਕਿਸੇ ਦੇ ਹਿਸਾਬ ਨਾਲ਼ ਜਿਓਣਾ ਪੈਣਾ! ਪਰ ਹੁਣ ਮੈਂ ਕਰਾਂ ਕੀ? ਮੈਨੂੰ ਸਮੁਰਾਈ ਦੇ ਜੀਵਨ ਤੋਂ ਬਿਨ੍ਹਾਂ ਹੋਰ ਤਾਂ ਕੁੱਝ ਪਤਾ ਵੀ ਨਹੀਂ ਹੈ!

ਹੁਣ ਮੈਂ ਵਾਪਸ ਵੀਨਾ ਦੇ ਕੋਲ਼ ਜਾ ਕੇ ਤਾਂ ਸੱਚ ਮੁੱਚ ਉਸਨੂੰ ਮਾਰ ਦੇਵਾਂ। ਨਹੀਂ ਤਾਂ ਜਾ ਕੇ ਮਾਫੀ ਮੰਗਾਂ ਕਿ ਉਸਦੇ ਮਾਂ - ਪਿਉਂ ਮੈਥੋਂ ਮਾਰੇ ਗਏ ਸੀ। ਪਰ ਹੁਣ ਤਾਂ ਉਹ ਜਿਓਂਦੇ ਹੈ! ਹੋ ਸਕਦਾ ਆਪਣੇ ਆਪ ਜਦ ਤੋਂ ਉਹ ਦਿਨ ਆਇਆ ਮੈਂ ਹੀ ਖ਼ੁਦ ਉਨ੍ਹਾਂ ਨੂੰ ਬਚਾ ਸਕਾਂ? ਨਹੀਂ। ਇਸ ਤੋਂ ਬਿਹਤਰ ਹੈ ਕਿ ਮੈਂ ਚੁੱਪ ਚਾਪ ਗਾਇਬ ਹੋ ਜਾਵਾਂ? ਹੁਣ ਤਾਂ ਉਸ ਵੀਨਾ ਨਾਲ਼ ਮਤਲਬ ਨਹੀਂ ਹੈ। ਪਰ ਇੱਕ ਗੱਲ ਇਹ ਵੀ ਹੈ ਕਿ ਜੇ ਉਹ ਮੈਨੂੰ ਮਾਰਨਾ ਹੀ ਚਾਹੁੰਦੀ ਹੁੰਦੀ ਤਾਂ ਉਸਨੇ ਬਹੁਤ ਦੇਰ ਪਹਿਲਾਂ ਹੀ ਮੈਨੂੰ ਉੱਡਾ ਦਿੱਤਾ ਹੁੰਦਾ। ਪਰ ਕੀ ਕਿਸੇ ਨਾਲ਼ ਸੱਚ ਮੁੱਚ ਇੱਦਾਂ ਪਿਆਰ ਹੋ ਸਕਦਾ ਹੈ? ਫਿਰ ਨਾ ਹੀ ਉਸਦੇ ਘਰੋਂ ਇਹੋ ਜਿਹਾ ਕੋਈ ਸਬੂਤ ਮਿਲਿਆ ਕਿ ਇੰਝ ਲੱਗਦਾ ਹੋਵੇ ਕਿ ਉਹ ਹੋਰ ਕਿਸੇ ਨਾਲ਼ ਰਲ਼ ਮਿਲਕੇ ਕੋਈ ਸਾਰਜ ਰਚ ਰਹੀ ਹੈ। ਹੁਣ ਲੱਗਦਾ ਹੈ ਕਿ ਉਸਦਾ ਯੱਕੜ ਹੀ ਸੱਚ ਹੈ! ਮੈਂ ਤਾਂ ਅੰਝ ਗਿਆ! ਹੁਣ ਹੋਰ ਇੱਕ ਸੋਚ ਦਿਮਾਗ਼'ਚ ਆ ਰਿਹਾ ਸੀ। ਪਰ ਮੈਂ ਚੁੱਪ ਚਾਪ ਉਸਦੇ ਘਰ ਵੱਲ ਤੁਰ ਪਿਆ।

* * * * *

ਵੀਨਾ ਨੇ ਸਭ ਕੁੱਝ ਫਿਰ ਸਮਝਾਇਆ ਤੇ ਮੈਂ ਭਵੇਂ ਜਿੰਨ੍ਹਾਂ ਮਰਜ਼ੀ ਨਹੀਂ ਮੰਨਣਾ ਚਾਹੁੰਦਾ ਸੀ, ਹੋਰ ਕੋਈ ਮੰਤਕੀ ਤਸ਼ਰੀਹ ਵੀ ਨਹੀਂ ਰਹੀ। ਮੈਂ ਹਾਲੇ ਵੀ ਹੈਰਾਨ ਸਾਂ ਕਿ ਉਸਨੇ ਮੈਨੂੰ ਮਾਰਨ ਦੀ ਥਾਂ ਬਚਾ ਲਿਆ ਸੀ। ਜੇ ਹੁਣ ਪੁਲਸ ਤੇ ਸਮੁਰਾਈ ਹੀ ਮੈਨੂੰ ਕਬੂਲ ਨਹੀਂ ਕਰ ਸਕਦੈ ਤਾਂ ਫਿਰ ਇਸ ਵਕਤ'ਚ ਜਿਓਣ ਦਾ ਕੀ ਫਾਇਦਾ ਸੀ? ਵੀਨਾ ਫਿਰ ਵੀ ਮੇਰੇ ਆਲ਼ੇ ਦੁਆਲ਼ੇ ਤੋਂ ਸੁਚੇਤ ਸੀ । ਉਸਨੇ ਜਿਵੇਂ ਕਿਵੇਂ ਵੀ ਨੌਕਰੀ ਲੈ ਲਈ ਸੀ ਤੇ ਹੁਣ ਉਸਨੇ ਮੈਨੂੰ ਵੀ ਕੋਈ ਨਕਲੀ ਨਾਮ ਦੇ ਕੇ ਨੌਕਰੀ ਦਿਵਾ ਦਿੱਤੀ ਸੀ। ਮੈਂ ਅੱਜ ਤੱਕ ਸਿਰਫ਼ ਲੋਕਾਂ ਨੂੰ ਮਾਰਨ ਹੀ ਜਾਣਦਾ ਸੀ। ਬੜਾ ਔਖਾ ਲੱਗਾ ਮੈਨੂੰ। ਪਰ ਉਸ ਲਈ ਕਿੰਨ੍ਹਾਂ ਔਖਾ ਹੋਵੇਗਾ? ਮੈਂ ਤਾਂ ਉਸ ਦੇ ਮਾਂ ਪਿਉਂ ਹੀ ਉਸ ਤੋਂ ਖੋਹੇ ਲਏ ਸੀ। ਪਰ ਉਸ ਦੇ ਦਿਲ ਵਿੱਚ ਇੱਕ ਪਿਆਰ ਸੀ ਜਿਸਦਾ ਸਮਝ ਮੇਰੇ ਲਈ ਅਸਪੱਸ਼ਟ ਸੀ। ਇੰਝ ਕੁੱਝ ਮਹੀਨੇ ਬੀਤੇ। ਹਾਰਲੇ ਮੈਂ ਉਸਦਾ ਸਾਹਮਣਾ ਕੀਤਾ।

- ਵੀਨਾ ਮੇਰੇ ਨਹੀਂ ਪਲੇ ਪੈ ਰਿਹਾ ਕੁੱਝ, ਤੂੰ ਕਿਉਂ ਮੇਰੇ ਲਈ ਇੰਦਾਂ ਕਰ ਰਹੀ ਹੈ। ਤੂੰ ਕਹੀ ਜਾਂਦੀ ਹੈ ਕਿ ਕੋਈ ਪਿਆਰ ਹੈ ਜੋ ਸਦੀਆਂ ਪੁਰਾਣਾ ਹੈ, ਪਰ ਇਸਦਾ ਮਤਲਬ ਮੇਰੇ ਪੱਲੇ ਨਹੀਂ ਪਿਆ ਤੇ ਨਾ ਹੀ ਹਾਲੇ ਵੀ ਪੈ ਰਿਹਾ ਹੈ-।

- ਹੁਣ ਕਿਵੇਂ ਸਮਝਾਵਾਂ ਤੈਨੂੰ ਹੋਰ, ਤੂੰ ਮੇਰੇ ਸੁਪਨੇ ਵਿੱਚ ਇੱਕ ਮਿਯਾਮੋਤੋ ਹੈ ਜਿਸ ਨਾਲ਼ ਪਿਆਰ ਸੀ ਜਪਾਨ ਦੇ ਮੁਲਕ ਵਿੱਚ...ਦਰਅਸਲ ਸੁਪਨੇ'ਚ ਉਸਦਾ ਨਾਂ ਤਕੇਜ਼ੋ ਹੈ।ਬੱਸ ਸੋਚਾਂ'ਚ ਸ਼ਬਦ ਆਉਂਦੇ ਨੇ... ਹਰ ਜਨਮ ਅਸੀਂ ਦੋਨੋਂ ਹੀ ਹੋਵਾਂਗੇ।ਹਰ ਸਦੀ ਵਿੱਚ ਕੱਠੇ ਜਿਉਂਏ ਹੋਵਾਂਗੇ।ਹਰ ਦੇਸ਼'ਚ ਵੱਸਾਂਗੇ ਮੈਂ ਤੇ ਮੇਰਾ ਸਮੁਰਾਈ। ਇਹ ਗੱਲ ਲਗਾਤਾਰ ਮੈਨੂੰ ਖਪਾਉਂਦੀ ਰਹਿੰਦੀ ਹੈ। ਮੈਨੂੰ ਪੱਕ ਭਰੋਸਾ ਹੈ ਕਿ ਤੂੰ ਤੇ ਮੈਂ ਕਈ ਵਾਰ ਪਹਿਲਾਂ ਵੀ ਇਸ ਜ਼ਮੀਨ ਤੇ ਆਏ ਹਾਂ, ਅਤੇ ਹਰ ਵਾਰੀ ਸਾਡਾ ਪਿਆਰ ਹੋਇਆ ਹੈ; ਤੇ ਇਸ ਬਾਰੇ ਕਿਸੇ ਨੇ ਵਾਰ ਦਿੱਤਾ ਹੈ। ਹੁਣ ਰੱਬ ਨੇ ਸਾਨੂੰ ਦੁਸ਼ਮਨ ਬਣਾ ਕੇ ਦੁਨੀਆ'ਚ ਭੇਜਿਆ ਹੈ...ਪਰ ਦਿਲ ਵਿੱਚ ਹੀਰ ਰਾਂਝੇ ਹਨ-।

- ਇਹ ਤਾਂ ਕਮਾਲ ਦੀ ਸੋਚ ਹੈ! ਵੈਸੇ ਮੈਨੂੰ ਵੀ ਅਜੀਬ ਜਿਹੇ ਸੁਪਨੇ ਆਉਂਦੇ ਨੇ ਜਿੰਨ੍ਹਾਂ ਵਿੱਚ ਜਦ ਮੈਂ ਨਿਆਣਾ ਸਾਂ ਇੱਕ ਆਦਮੀ ਦੇ ਕਤਲ ਦਾ ਗਵਾਹ ਹਾਂ, ਜਿਸਨੂੰ ਇੱਕ ਮੇਰੇ ਵਰਗੇ ਸਮੁਰਾਈ ਨੇ ਹੀ ਖਤਮ ਕੀਤਾ...ਪਰ ਉਸ ਆਦਮੀ ਦੀ ਮੌਤ ਹਮੇਸ਼ਾ ਉਸਦੀ ਜ਼ਨਾਨੀ ਦੇ ਬਾਹਾਂ'ਚ ਹੁੰਦੀ ਹੈ, ਜੋ..ਮਤਲਬ ਜਿਸ...ਦਾ...-

- ਕੀ? ਜਿਸਦਾ ਕੀ?-

- ਉਹ ਰੂਪ ਤੇਰਾ ਹੀ ਹੈ?-

- ਦੇਖਿਆ, ਕੁੱਝ ਨਾ ਕੁੱਝ ਹੋ ਰਿਹਾ ਸਾਡੇ ਵਿੱਚ, ਪਤਾ ਨਹੀਂ ਕੀ ਹੈ, ਪਰ ਹੋ ਜ਼ਰੂਰ ਰਿਹਾ ਹੈ। ਮੈਨੂੰ ਪੱਕਾ ਪਤਾ ਹੈ ਕਿ ਤੂੰ ਤੇ ਮੈਂ ਹੀਰ ਰਾਂਝੇ ਹੀ ਸੀ। ਬੱਸ ਹੋਰ ਤੈਨੂੰ ਕੀ ਦੱਸਾਂ! ਗੱਲ ਦਿਵਾਨੀ ਹੈ...ਪਰ ਕੀ ਕਰਾਂ?-। ਉਸਨੇ ਮੈਨੂੰ ਕਿਹਾ।

- ਮਾਫ਼ੀ ਮੰਗਦਾ ਵੀਨਾ ਜੋ ਮੈਂ ਤੇਰੇ ਕੁਟੰਬ ਨਾਲ਼ ਕੀਤਾ ਬਹੁਤ ਪਾਪ ਹੈ...ਪਰ ਮੈਂ ਆਵਦੇ ਵਲੋਂ ਡਿਊਟੀ ਹੀ ਕਰ ਰਿਹਾ ਸੀ! ਕੀ ਕਹਵਾਂ। ਤੇਰਾ ਟੱਬਰ ਬਾਗ਼ੀ ਸੀ!-

- ਬਾਗ਼ੀ? ਕਿਸ ਹਿਸਾਬ ਨਾਲ਼? ਮੈਨੂੰ ਹਾਲੇ ਵੀ ਨਹੀਂ...- ਵੀਨਾ ਹਿੰਦੀ ਦੇ ਥਾਈ ਪੰਜਾਬੀ ਵਿੱਚ ਬੋਲ ਰਹੀ ਸੀ ਤੇ ਹੁਣ ਗੁੱਸੇ'ਚ ਬੋਲਣ ਲੱਗ ਪਈ ਸੀ, ਇੱਕ ਬੋਲੀ ਜਿਸ ਨੂੰ ਮੈਂ ਹੌਲੀ ਹੌਲੀ ਸਮਝਣ ਲੱਗ ਪਿਆ ਸੀ, ਜਿਸ ਵਿੱਚ ਅੱਗੇ ਉਹ ਬੋਲ ਰਹੀ ਸੀ - ਮੈਨੂੰ ਹਾਲੇ ਵੀ ਨਹੀਂ ਪਤਾ ਹੈ ਤੁਹਾਨੂੰ ਕਿਉਂ ਸਹੀ ਲੱਗਦਾ ਸੀ ਕਿ ਸਭ ਨੂੰ ਮਜ਼ਬੂਰ ਕੀਤਾ ਜਾਵੇ ਕਿ ਕੇਵਲ ਹਿੰਦੀ'ਚ ਹੀ ਬੋਲਿਆ ਜਾਵੇ, ਅਤੇ ਹਰ ਧਰਮ ਨੂੰ ਖਤਮ ਕਰਨ ਜਾਂ ਦਬਾਕੇ ਹਿੰਦੂਵਾ ਨੂੰ ਸਭ ਤੇ ਥੋਪਿਆ ਜਾਵੇ! ਜਿਹੜਾ ਸਮਾਜ ਤੁਸੀਂ ਭਾਰਤ'ਚ ਬਣਾ ਦਿੱਤਾ ਸੀ ਉਹ ਤਾਂ ਇੱਕ ਨਾਜ਼ੀ ਰਾਜ ਹੀ ਹੈ! ਤੁਹਾਡੇ ਕਲਚਿਲਮਨ ਸਾਰਿਆਂ ਤੇ ਬਦ ਗੁਮਾਨੀ ਅੱਖ ਰੱਖਦੇ ਨੇ! ਇਹ ਕਿਸ ਤਰ੍ਹਾਂ ਦਾ ਸਮਾਜ ਹੈ! ਧਰਮ ਨੂੰ ਦਬਾਉਂਦੇ, ਕੁਫ਼ਰ ਨੂੰ ਦੱਬਦੇ! ਔਰਤ ਨੂੰ ਇੱਕ ਵਸਤੂ ਬਣਾ ਕੇ ਰੱਖਦੇ! ਇਹ ਸਭ ਪਾਪ ਹੈ! ਕਾਨੂੰਨ ਨਹੀਂ!-।

- ਵੀਨਾ ਮੈਂ ਕਿਵੇਂ ਹੁਣ ਇਹ ਸਭ ਕੁੱਝ ਰਵਾ ਕਰ ਸਕਦਾਂ ਹਾਂ? ਮੈਂ ਤਾਂ ਸੱਚ ਮੁੱਚ ਡਿਊਟੀ ਹੀ ਕਰ ਰਿਹਾ ਸੀ। ਜੋ ਮੈਨੂੰ ਸਿਖਾਇਆ ਗਿਆ ਸੀ, ਜੋ ਮੈਨੂੰ ਬਚਪਨ ਤੋਂ ਹੀ ਦੱਸਿਆ ਗਿਆ ਸੀ ਉਸਨੂੰ ਤਾਂ ਮੈਂ ਮੰਨਣਾ ਹੀ ਸੀ। ਕੀ

ਖਿਆਲ ਏ? ਮੇਰੇ ਲਈ ਤਾਂ ਸਭ ਸਹੀ ਹੀ ਸੀ, ਤੇ ਸੱਚ ਸੀ। ਹਾਲੇ ਵੀ ਸਾਡੇ ਆਲ਼ੇ ਦੁਆਲ਼ੇ ਇਹ ਹੀ ਗੱਲ ਹੈ! ਉਹ ਦਿਨ ਤਾਂ ਹਾਲੇ ਆਉਣੇ ਹੈ!-।

- ਜਦੋਂ ਤੂੰ ਮੇਰੇ ਮਾਂ ਪਿਉਂ ਨੂੰ ਮਾਰਨਾ ਹੈ! ਸਾਡੇ ਪੰਜਾਬ ਦਾ ਹਾਲ ਕੀ ਕਰ ਦਿੱਤਾ ਏ ਤੇਰੀ ਕੌਮ ਨੇ? ਹਿੰਦੂਸਤਾਨ ਦਾ ਗੁਲਾਮ...-

- ਕੀ ਕਹਿ ਰਹੀ ਏ ਤੂੰ? ਅਸੀਂ ਸਭ ਭਾਰਤੀ ਹਾਂ। ਸਭ ਹਿੰਦੂਸਤਾਨੀ ਹਾਂ।ਕੀ ਹੈ ਹੋਰ? ਗੋਰੇ? ਪੰਜਾਬ ਵੀ ਭਾਰਤ ਹੀ ਦਾ ਇੱਕ ਹਿੱਸਾ ਹੈ...- ਮੈਂ ਉਸ ਦੀ ਸੋਚ ਤੋਂ ਹੈਰਾਨ ਸੀ।

- ਭਾਰਤ? ਭਾਰਤ! ਇੰਡੀਆ ਨੇ ਸਾਡਾ ਕੀ ਕਰ ਦਿੱਤਾ! ਲੋਕਾਂ ਨੂੰ ਸਿਰਫ਼ ਦਗਾ ਦਿੱਤਾ ਏ!-

- ਮੈਂ ਸਮਝਦਾ ਹਾਂ ਤੇਰੇ ਦੁੱਖ ਨੂੰ। ਮੈਂ ਇਹ ਵੀ ਸਮਝਦਾ ਹਾਂ ਕਿ ਪੰਜਾਬੀਆਂ ਨੂੰ ਗੁੱਸਾ ਹੈ, ਆਪਣੇ ਹੱਕਾਂ ਲਈ, ਨਿਆਂ ਲਈ, ਪਰ ਜੇ ਤੂੰ ਇੱਕ ਇੱਕ ਹਿੰਦੂ ਨੂੰ ਕੋਈ ਕਾਰੇਹਾਰ ਸਮਝਦੀ ਏ ਤਾਂ ਇਹ ਗਲਤ ਹੈ।-

- ਇਹ ਮੈਂ ਕਿੱਥੋਂ ਕਹਿ ਰਹੀ ਹਾਂ ਕਿ ਹਰ ਆਮ ਹਿੰਦੂ ਪਾਪੀ ਹੈ, ਜਾਂ ਸਾਡਾ ਦੁਸ਼ਮਨ ਹੈ? ਮੈਂ ਤਾਂ ਬੱਸ ਇਹ ਕਹਿ ਰਹੀ ਹਾਂ ਕਿ ਤੇਰੇ ਰਾਜ ਨੇ ਜ਼ਿਆਦਾ ਤਾਂ ਉਨ੍ਹਾਂ ਨੂੰ ਗੁਲਾਮੀ'ਚ ਹੀ ਰੱਖਿਆ ਹੈ।ਜਿਹੜੇ ਰਾਹ ਤੁਸੀਂ ਤੁਰ ਪਏ ਉਸ ਤਰੀਕੇ ਨੇ ਸਾਡੇ ਦੇਸ਼ ਨੂੰ ਗਲਤ ਰਾਸਤੇ ਪਾ ਦਿੱਤਾ -

- ਫਿਰ ਇਹ ਤਾਂ ਨਾ ਕਹਿ ਕੇ ਹਿੰਦੂਆਂ ਦੀ ਗਲਤੀ ਹੈ ਕੋਈ - ਮੈਂ ਉਸ ਨੂੰ ਜਵਾਬ ਦਿੱਤਾ, - ਇਹ ਤਾਂ ਬੱਸ ਰਾਜ ਦੀ ਗਲਤੀ ਹੈ, ਸਰਕਾਰ ਦੀ ਗਲਤੀ ਹੈ-।

- ਮੈਂ ਹਿੰਦੂਆਂ ਨੂੰ ਕੋਈ ਉਜ ਲਾਉਂਦੀ ਹਾਂ। ਪਰ ਇੱਕ ਚੀਜ਼ ਤਾਂ ਸੱਚ ਹੈ ਜੋ ਤੂੰ ਮੰਨੇ ਜਾਂ ਨਾ ਮੰਨੇ। ਜਨਤਾ ਤਾਂ ਖਮੋਸ਼ ਰਹੀ ਤੇ ਇੱਕ ਵਾਰ ਨਹੀਂ ਉਸ ਸਰਕਾਰ ਨੂੰ ਟੋਕਿਆ ਜਾਂ ਕੁੱਝ ਕਿਹਾ। ਬੱਸ ਜੋ ਘੱਲੂਘਾਰਾ ਸੀ ਉਸ ਨੂੰ ਜਨਤਾ ਹੀ ਇੱਕ ਰੌਲ਼ਾ ਹੀ ਕਹੀ ਜਾਂਦੀ ਹੈ ਤੇ ਸਰਕਾਰ ਵੀ ਰੌਲ਼ਾ ਹੀ ਦੱਸੀ ਜਾਂਦੀ ਹੈ। ਇਹ ਦੱਸ ਕਿੱਥੋਂ ਦਾ ਇੰਸਾਫ ਹੈ?-

- ਸਹੀ ਗੱਲ ਵੀਨਾ। ਪਰ ਇਹ ਕੋਈ ਆਮ ਹਿੰਦੋਸਤਾਨੀ ਦੀ ਗਲਤੀ ਨਹੀਂ ਹੈ। ਇਹ ਗਲਤੀ ਸਰਕਾਰ ਦੀ ਹੈ। ਹਾਂ, ਜੇ ਲੋਕਾਂ'ਚ ਜੋਸ਼ ਜਾਗ ਪਵੇ ਤਾਂ ਹਿੰਮਤ ਕਰਕੇ ਲੋਕ ਕੁੱਝ ਵੀ ਕਰ ਸਕਦੇ ਨੇ। ਜੇ ਸਾਰਾ ਮੁਲਕ ਉੱਠ ਪਿਆ ਤਾਂ ਸਰਕਾਰ ਕੁੱਝ ਨਹੀਂ ਕਰ ਸਕਦੀ ਲੋਕਾਂ ਸਾਹਮਣੇ। ਪਰ ਲੋਕ ਡਰਦੇ ਨੇ, ਤੇ ਗਰੀਬਾਂ ਨੂੰ ਤਾਂ ਆਪਣੇ ਹੱਕਾਂ ਤੱਕ ਦਾ ਨਹੀਂ ਪਤਾ, ਹੱਕ ਲੈਣ ਦੀ ਗੱਲ ਤਾਂ ਦੂਰ। ਹੋਰ ਕੀ..- ਪਰ ਵੀਨਾ ਨੇ ਮੇਰੀ ਗੱਲ'ਚ ਖਲਲ ਪਾ ਦਿੱਤਾ।

- ਕਰਾਂਤੀ ਚਾਹੀਦੀ ਹੈ! ਪਰ ਤੁਹਾਡੇ ਸਮੁਰਾਈ ਤਾਂ ਹਮੇਸ਼ਾ ਸਰਕਾਰ ਦੀ ਤਲਵਾਰ ਬਣ ਕੇ ਲੋਕਾਂ ਨੂੰ ਹੀ ਦਬਾਉਂਦੇ ਨੇ!-

- ਮੰਨਦਾ ਹਾਂ। ਜਿਵੇਂ ਮੈਂ ਪਹਿਲਾਂ ਵੀ ਤੈਨੂੰ ਕਿਹਾ ਕਿ, ਸਾਡਾ ਕੰਮ ਹੀ ਐਸਾ ਹੈ। ਹੋਰ ਤੈਨੂੰ ਕੀ ਕਹਵਾਂ?-

- ਤੂੰ ਇਹ ਕਦੀ ਨਹੀਂ ਸੋਚਿਆ ਜੋ ਤੂੰ ਕਰਦਾ ਰਿਹਾਂ ਗਲਤ ਸੀ?-

- ਨਹੀਂ। ਮੇਰੇ ਲਈ ਤਾਂ ਸਰਕੋਬੀ ਕਰਨ ਦੀ ਗੱਲ ਸੀ। ਜਿੱਥੇਂ ਮੈਂ ਖਲੋਇਆ ਸੀ, ਉੱਥੇਂ ਤੇਰੇ ਵਰਗੇ ਦੇਸ਼ ਦੇ ਦੁਸ਼ਮਨ ਸੀ। ਪਰ ਹੁਣ ਮੈਂ ਸਮਝ ਗਿਆ ਕਿ ਸਰਕਾਰ ਗਲਤ ਹੈ। ਪਰ ਹੁਣ ਇਸ ਨੂੰ ਬਦਲਣਾ ਕਰਾਂਤੀ ਨਾਲ਼ ਹੀ ਹੋ ਸਕਦਾ। ਲੋਕਾਂ ਨੂੰ ਨਫਰਤ ਕਰਕੇ ਨਹੀਂ। ਆਮ ਆਦਮੀ ਨੂੰ ਇਹ ਨਹੀਂ ਪਤਾ ਕਿ ਕਿਵੇਂ ਇਸ ਸਰਕਾਰ ਦੇ ਖਿਆਲ ਬਦਲਣੇ ਹੈ। ਇੱਕ ਰਾਹ ਹੈ ਕਿ ਲੋਕਾਂ ਨੂੰ ਸਵਾਲ ਪੁੱਛਣੇ ਚਾਹੀਦੇ ਹੈ ਸਰਕਾਰ ਤੋਂ ਕਿ ਸੱਚ ਮੁੱਚ ਸਾਡੇ ਦੇਸ਼ ਦੇ ਰਸਮ ਰਿਵਾਜ ਚੰਗੇ ਹੈ ਜਾਂ ਮਾੜੇ ਹੈ? ਇੱਕ ਸਮਾਜ ਹੀ ਹੁੰਦਾ ਹੈ, ਜੋ ਬੰਦੇ ਦੀ ਘੰਡੀ ਮਰੋੜਦਾ। ਜਦ ਅਸੀਂ ਸਮਾਜ ਦੀਆਂ ਮਾੜੀਆਂ ਗੱਲਾਂ'ਚ ਪੈਣੋਂ ਹੱਟ ਜਾਵਾਂਗੇ ਤਾਂ,ਹਰ ਰਸਮ ਰਿਵਾਜ ਨੂੰ ਵੰਗਾਰ ਮਿਲਣ ਲੱਗ ਜਾਵੇਗੀ, ਤੇ ਫਿਰ ਹੌਲੀ ਹੌਲੀ ਚੀਜ਼ਾਂ ਬਦਲ ਸਕਦੀਆਂ ਨੇ। ਇੱਕ ਤੂੰ ਤੇ ਇੱਕ ਮੈਂ ਸਿਰਫ਼ ਦੋ। ਅਸੀਂ ਕਿਵੇਂ ਇਨਕਲਾਬ ਲਿਆ ਸਕਦੈ ਹਾਂ? ਇਹ ਗੱਲ ਨਹੀਂ, ਜਦ ਜਨਤਾ ਖ਼ੁਦ ਅੱਕ ਗਈ ਸਮਾਜ ਬਦਲ ਜਾਵੇਗਾ। ਫਿਰ ਸਰਕਾਰ ਤੇ ਸਮੁਰਾਈ ਖ਼ੁਦ ਕਮਜ਼ੋਰ ਹੋ ਜਾਵਣਗੇ। ਅੱਛਾ? ਜੇ ਅਸੀਂ ਹੋਰਾਂ ਨੂੰ ਚੋਰ ਜਾਂ

ਹਰਾਮਖੋਰ ਆਖਦੇ ਹਾਂ, ਸੋਚ ਅਸੀਂ ਕੀ ਕਰਦੇ ਹਾਂ, ਜੋ ਗਲਤ ਹੈ? ਖ਼ੁਦ ਹੱਥ ਗਰਮ ਰੱਖਦੇ ਫਿਰ ਸਮਾਜ ਕਿੱਥੇ ਬਦਲਣਾ? ਸੋ ਫਿਰ ਸਰਕਾਰ ਕਿੱਥੇਂ ਬਦਲਣੀ? ਇਹ ਹਿੰਦੂ ਮੁਸਲਮਾਨ ਜਾਂ ਸਿੱਖ ਦੀ ਗੱਲ ਨਹੀਂ। ਇਨਸਾਨੀਅਤ ਦੀ ਹੈ। ਹਾਂ ਲੱਗਦਾ ਦੇਸ਼ ਦੇ ਸਭ ਤੋਂ ਪਰਾਣੇ ਧਰਮ ਨੇ ਸਭ ਨੂੰ ਗੁਲਾਮ ਹੀ ਰੱਖਿਆ ਹੈ। ਪਰ ਲੋਕਾਂ ਦੀ ਮਰਜ਼ੀ ਹੈ, ਆਪਣੇ ਆਪ ਨੂੰ ਬਦਲਣ ਦੀ। ਕਲਚਿਲਮਨ ਸਾਰੇ ਇਨਸਾਨਾਂ ਨੂੰ ਕੀ ਕਰ ਲਵੇਗਾ? ਮੇਰੇ ਵਰਗੇ ਸਮੁਰਾਈ ਹਰ ਭਾਰਤੀ ਨੂੰ ਕੀ ਕਰ ਲਵੇਗਾ? ਹਾਂ, ਜੇ ਬਾਗ਼ੀ ਬਣ ਕੇ ਅੱਤਵਾਦੀ ਬਣਨਾ, ਫਿਰ ਕਦੀ ਨਹੀਂ ਜਿੱਤ ਸਕਦਾ ਕੋਈ, ਕਿਉਂਕਿ ਇਸਨੂੰ ਖ਼ਤਮ ਕਰਨ ਲਈ ਕਈਆਂ ਮਾਸੂਮਾਂ ਦੇ ਵੀ ਸੱਟ ਵੱਜਣੀ ਹੈ, ਤੇ ਫਿਰ ਸਮੁਰਾਈ ਦੇ ਅੱਗੇ ਕਿੱਸੇ ਨੇ ਨਹੀਂ ਆਉਣਾ ਤੁਹਾਨੂੰ ਬਚਾਉਣ ਲਈ। ਇਹ ਗੱਲ ਮੰਨਜਾ ਕੁੜੇ-। ਦੱਸੋ ਵੀਨਾ ਨੂੰ ਮੈਂ ਹੋਰ ਕੀ ਕਹਿ ਸਕਦਾ ਸੀ? ਥੋੜ੍ਹਾ ਚਿਰ ਲਈ ਚੁੱਪ ਚਾਪ ਖੜ੍ਹੀ ਰਹੀ, ਫਿਰ ਉਸਨੇ ਆਖਿਆ - ਤੂੰ ਕੀ ਸੋਚਦਾ ਏ?- ਮੈਂ ਹੁਣ ਦੱਸ ਦਿੱਤਾ ਕਿ ਤਕਰੀਬਨ ਤੇਰੀ ਹਰ ਗੱਲ ਨਾਲ਼ ਮੈਂ ਸਹਿਮਤ ਹਾਂ, ਪਰ ਤੇਰੀ ਨਸਲਵਾਦ ਵਾਲੀ ਗੱਲ ਨਾਲ਼ ਨਹੀਂ।

ਸੋ ਵਕਤ ਬੀਤਦਾ ਗਿਆ ਤੇ ਸਾਡਾ ਪਿਆਰ ਵਧਦਾ ਗਿਆ। ਮੈਂ ਉਸਨੂੰ ਉਸਦੇ ਸ਼ਬਦ ਕਿ ਮੈਂ ਉਸਦੇ ਮਾਂ ਪਿਉਂ ਮਾਰਨੇ ਹੈ ਨੂੰ ਵੀ ਨਕਾਰ ਦਿੱਤਾ ਸੀ, ਕਿਉਂਕਿ ਹਜੇ ਤਾਂ ਉਹ ਕਿੱਸਾ ਹੋਇਆ ਹੀ ਨਹੀਂ ਹੈ, ਤੇ ਅਸੀਂ ਬਦਲ ਸਕਦੇ ਹਾਂ। ਹੁਣ ਮੈਂ ਪੰਜਾਬ ਦੇ ਅਸਲੀ ਇਤਿਹਾਸ ਤੋਂ ਜਾਣੂੰ ਹੋ ਗਿਆ ਹਾਂ, ਤੇ ਪਤਾ ਲੱਗ ਗਿਆ ਹੈ ਕਿ ਵੀਨਾ ਕਿਉਂ ਮੈਨੂੰ ਇੰਝ ਬੋਲਦੀ ਸੀ। ਉਸਨੇ ਮੈਨੂੰ ਪੰਜਾਬੀ ਬੋਲੀ ਵੀ ਸਿੱਖਾ ਦਿੱਤੀ ਹੈ। ਸਾਲ ਹੋਰ ਲੰਘਿਆ ਤਾਂ ਉਸਨੇ ਆਵਦੇ ਮਾਂ ਪਿਉਂ ਨੂੰ ਵੀ ਭਾਲ ਲਿਆ ਤੇ ਉਨ੍ਹਾਂ ਨਾਲ਼ ਰਾਬਤਾ ਕਾਇਮ ਕਰ ਲਿਆ। ਪਰ ਉਨ੍ਹਾਂ ਨੂੰ ਕਿੱਥੇ ਪਤਾ ਹੋ ਸਕਦਾ ਸੀ ਕਿ ਇਹ ਕੁੜੀ ਉਨ੍ਹਾਂ ਦੀ ਧੀ ਸੀ? ਇਹ ਤਾਂ ਕਲਪਨਾ ਤੋਂ ਬਾਰ ਗੱਲ ਹੋਵੇਗੀ।ਇਹ ਗੱਲ ਤਾਂ ਆਮ ਆਦਮੀ ਦੀ ਸੋਚ'ਚੋਂ ਬਾਹਰ ਦੀ ਹੀ ਹੈ। ਮੈਂ ਦੇਖਿਆ ਕਿ ਦੋਨਾਂ ਹੀ ਚੰਗੇ ਇਨਸਨ ਸਨ। ਵੀਨਾ ਵੀ ਖ਼ੁਸ਼ ਰਹਿੰਦੀ ਸੀ ਕਿਉਂਕਿ ਉਸਦੀ ਆਵਦੇ ਮਾਂ ਪਿਉਂ ਨਾਲ਼ ਦੋਸਤੀ ਹੋ ਗਈ ਸੀ, ਤੇ ਉਨ੍ਹਾਂ ਨੂੰ ਵੀਨਾ ਇੱਕ ਵੱਖਰੇ ਰੂਪ ਤੇ ਪੱਖ ਵਲੋ ਜਾਣ ਗਈ ਸੀ। ਕਾਸ਼! ਜੇ ਉਨ੍ਹਾਂ ਨੇ ਕਦੀ ਸਵੀਕਰ ਕਰ ਲਿਆ ਕਿ ਵੀਨਾ ਉਨ੍ਹਾਂ ਦੀ ਆਪਣੀ ਹੀ ਧੀ ਹੈ! ਨਾਲ਼ੇ ਜੋ ਮੈਂ ਕੀਤਾ ਸੀ ਉਸਦੇ ਅਸਰ ਨੂੰ ਕਾਟਾ ਪੈ ਗਿਆ ਸੀ। ਹੁਣ ਮੈਂ ਦੇਖ ਲਿਆ ਹੈ ਕਿ ਅੱਜ ਦੇ ਇੰਡੀਆ ਤੋਂ ਪੁਰਾਣਾ ਭਾਰਤ ਦੇਸ਼ ਚੰਗਾ ਸੀ, ਤੇ ਉਹ ਪਰਾਣਾ ਇੰਡੀਆ ਸਾਨੂੰ ਵਾਪਸ ਚਾਹੀਦਾ ਸੀ। ਪਰ ਇਸ ਤੋਂ ਜ਼ਿਆਦਾ ਚੰਗਾ ਹੋਵੇ ਜੇ ਇੰਡੀਆ ਗੋਰਿਆਂ ਦੇ ਦੇਸ਼ ਵਰਗੇ ਬਣ ਜਾਵੇ। ਸੋਚ ਦੇ ਪੱਖ ਤੋਂ ਹੀ, ਹੋਰ ਕੁੱਝ ਨਹੀਂ।

ਸਾਡੇ ਦੇਸ਼'ਚ ਵੀ ਜਾਤ ਪਾਤ ਲਈ ਕੋਈ ਥਾਂ ਨਹੀਂ ਹੋਣੀ ਚਾਹੀਦੀ। ਧਰਮਾਂ ਦੀਨਾਂ ਦੇ ਨਾਮ ਤੇ ਲੜਾਈ ਨਹੀਂ ਹੋਣੀ ਚਾਹੀਦੀ ਅਤੇ ਹੋਰ ਜ਼ਨਾਨੀ ਨੂੰ ਉਹੀ ਹੱਕ ਦੇਣੇ ਚਾਹੀਦੇ ਨੇ ਜੋ ਬੰਦੇ ਕੋਲ਼ ਨੇ। ਜਦ ਇਹ ਗੱਲਾਂ ਹੋ ਜਾਵਣਗੀਆਂ, ਫਿਰ ਹੀ ਦੇਸ਼'ਚ ਅਮਨ ਸ਼ਾਂਤੀ ਹੋਵੇਗੀ। ਤੇ ਇਹ ਉਸ ਦਿਨ ਹੀ ਬਦਲੇਗਾ ਜਦ ਅਮੀਰ ਲੋਕ ਤਿਆਰ ਹੋ ਜਾਵਾਂਗੇ ਆਪਣੀ ਦੌਲਤ ਨੂੰ ਜਨਤਾ ਨਾਲ਼ ਵੰਡ ਕੇ ਰਹਿਣ ਲਈ। ਜੇ ਵੱਡੇ ਵੱਡੇ ਲੋਕ ਇੱਦਾਂ ਨਹੀਂ ਕਰਨਗੇ ਤਾਂ ਫਿਰ ਵੀਨਾ ਵਰਗਿਆਂ ਨੇ ਇੱਕ ਦਿਨ ਵੱਡੇ ਇਨਕਿਲਾਬ ਨਾਲ਼ ਸਭ ਦਾ ਨਾਸ ਕਰ ਦੇਣਾ। ਇਹ ਗੱਲ ਤਾਂ ਪੱਕੀ ਹੈ ਕਿਉਂਕਿ ਇੰਝ ਹੀ ਗੋਰਿਆਂ ਦੇ ਮੁਲਕਾਂ'ਚ ਹੋਇਆ ਸੀ। ਤਾਂ ਹੀ ਤਾਂ ਉੱਥੇਂ ਇੰਨ੍ਹੇ ਹੱਕ ਨੇ।

ਮੈਂ ਹੁਣ ਇਹ ਵੀ ਜਾਣਦਾ ਸੀ ਕਿ ਜਿਹੜੀ ਔਰਤ ਮੇਰੇ ਸੁਪਨਿਆਂ'ਚ ਆਉਂਦੀ ਸੀ, ਉਹ ਇਹ ਵੀਨਾ ਹੀ ਹੈ। ਤੇ ਵੀਨਾ ਨਾਲ਼ ਪਿਆਰ ਹੋ ਗਿਆ ਹੈ। ਅਸੀਂ ਦੋਨਾਂ ਹਰ ਦਿਨ ਸੈਰ ਕਰਨ ਜਾਂਦੇ ਸੀ। ਹੁਣ ਵੀਨਾ ਹੀ ਮੇਰੀ ਜ਼ਿੰਦਗੀ ਸੀ। ਹੁਣ ਮੈਨੂੰ ਕੋਈ ਲੋੜ ਨਹੀਂ ਸੀ ਕਿਸੇ ਨੂੰ ਮਾਰਨ ਦੀ ਜਾਂ ਸਰਕਾਰ ਦੀ ਡਿਊਟੀ ਕਰਨ ਦੀ। ਮੈਂ ਤੇ ਵੀਨਾ ਕਲਚਿਲਮਨ ਦੇ ਅੱਖਾਂ ਸਾਹਮਣੇ ਵੀ ਅਗਿਆਤ ਸਾਂ। ਵੀਨਾ ਤੇ ਮੈਂ ਇੱਕ ਦਿਨ ਇੱਦਾਂ ਹਰਮਿੰਦਰ ਸਾਹਿਬ ਨੂੰ ਦੇਖਣ ਗਏ। ਹੱਥਾਂ'ਚ ਹੱਥ ਪਾਕੇ ਤੁਰਦੇ ਤਾਂ ਅਸੀਂ ਇੱਕ ਦੂਜੇ ਦੇ। ਸਾਨੂੰ ਕੀ ਜੇ ਸਮਾਜ ਨੇ ਸਾਨੂੰ ਇੱਦਾਂ ਦੇਖ ਲਿਆ? ਸਾਡੀ ਜੋੜੀ ਤਾਂ ਰੱਬ ਨੇ ਹੀ ਬਣਾਈ ਸੀ। ਜਾਂ ਕਹਿ ਸਕਦੇ ਹੋਂ ਬਿੱਟੂ ਨੇ। ਉਹ ਤੁਹਾਡਾ ਖਿਆਲ ਹੈ, ਜਿਵੇਂ ਮਰਜੀ ਸਮਝਦੇ ਹੋਂ। ਪਰ ਅੱਜ ਕੁੱਝ ਅਜੀਬ ਹੋ ਗਿਆ!

ਇੱਕ ਬੱਚਾ ਸਾਡੇ ਨੇੜੇ ਤੁਰਿਆ ਜਾ ਰਿਹਾ ਸੀ ਆਵਦੀ ਮਾਂ ਨਾਲ਼, ਤੇ ਮੈਂ ਉਸਦਾ ਮੁੱਖੜਾ ਪਛਾਣ ਲਿਆ। ਉਂਝ ਆਲ਼ੇ ਦੁਆਲ਼ੇ ਹਰ ਦਿਨ ਵਾਂਗ ਸਮੁਰਾਈ ਤੁਰ ਫਿਰ ਰਹੇ ਸੀ, ਉਨ੍ਹਾਂ ਨੇ ਕਦੀ ਨਹੀਂ ਸਾਨੂੰ ਕੁੱਝ ਪੁੱਛਿਆ ਸੀ। ਪਰ ਇੱਕ ਦਮ ਸਾਡੇ ਅੱਗੇ ਇੱਕ ਸਮੁਰਾਈ ਆ ਖੜ੍ਹ ਗਿਆ ਜੋ ਦੂਜਿਆ ਵਰਗਾ ਨਹੀਂ ਸੀ। ਪਤਾ ਨਹੀਂ ਕਿਵੇਂ ਉਹ ਅੱਜ ਇੱਥੇ ਪੁੱਜਿਆ ਸੀ, ਪਰ ਉਸਦੀ ਵਰਦੀ ਤੋਂ ਮੇਰੇ ਮੈਨੂੰ ਝੌਲ਼ਾ ਪੈ ਗਿਆ ਕਿ ਇਹ ਤਾਂ ਮੇਰਾ ਸਾਥੀ ਮਤਾਹਚੀ ਹੀ ਸੀ! ਤੇ ਉਸਦੇ ਹੱਥ'ਚ ਤੁਫੰਗ ਸੀ ਜਿਸ ਵਿੱਚੋਂ ਉਸਨੇ ਕੁੱਝ ਗੋਲ਼ੀਆਂ ਛੱਡੀਆਂ। ਮੇਰੇ ਸਰੀਰ ਨੂੰ ਪਾੜ ਗਈਆਂ। ਉਸੇ ਹੀ ਪਲ ਦੂਜੇ ਖੜ੍ਹੇ ਸਮੁਰਾਈਆਂ ਜਿਹੜੇ ਉਸ ਨੂੰ ਨਹੀਂ ਜਾਣਦੇ ਸੀ, ਨੇ ਉਸ ਤੇ ਆਵਦੀਆਂ ਗੰਨਾਂ ਨਾਲ਼ ਗੋਲ਼ੀਆਂ ਚਲਾ ਦਿੱਤੀਆਂ! ਅੁਸ ਵਕਤ ਸਭ ਕੁੱਝ ਮੇਰੇ ਪੱਲੇ ਪੈ ਗਿਆ! ਉਹ ਨਿੱਕਾ ਜਿਹਾ ਮੁੰਡਾ ਡਰ ਗਿਆ, ਉਸਦੀ ਮਾਂ ਚੀਕਾਂ ਮਾਰਨ ਲੱਗ ਪਈ। ਮੈਂ ਉਸ ਮਾਂ ਵੱਲ ਝਾਕਿਆ। ਇਹ ਤੀਵੀਂ ਮੇਰੀ ਮਾਂ ਹੀ ਸੀ!

ਬਿੱਟੂ ਦਾ ਮਕਸਤ ਸੀ ਵੀਨਾ ਨੂੰ ਵੀਹਵੀ ਸਦੀ ਭੇਜਣ ਦਾ ਪਰ ਅਸਲ ਵਿੱਚ ਅਸੀਂ ਤੀਹ ਸਾਲ ਹੀ ਪਿੱਛੇ ਆਏ ਸੀ। ਜਦ ਮੈਂ ਹਾਲੇ ਬੱਚਾ ਸਾਂ! ਬਿੱਟੂ ਵੀ ਕੌਣ ਹੈ ਮੈਂ ਸਮਝ ਗਿਆ! ਉਸ ਆਦਮੀ ਨਾਲ਼ ਵੀ ਥੋੜ੍ਹਾ ਜਿਹੇ ਚਿਰ ਲਈ ਲੜਿਆ ਸੀ, ਪਰ ਯਾਦ ਹੈ ਕਿਵੇਂ ਉਸਦਾ ਚੇਹਰਾ ਮੇਰੀ ਵੀਨਾ ਦੇ ਮੂੰਹ ਨਾਲ਼ ਮਿਲਦਾ ਜੁਲਦਾ ਸੀ! ਮੇਰਾ...ਸਾਡਾ...ਬੇਟਾ..ਸਾਡਾ ਪੁੱਤ! ਤੇ ਇਹ ਮੁੰਡਾ ਜੋ ਹੁਣ ਮੇਰਾ ਕਤਲ ਵੇਖਕੇ ਜੀਵਨ ਲਈ ਡਰ ਗਿਆ ਸੀ...ਜਿਸ ਲਈ ਉਹੀ ਸਪਨਾ ਵਾਰ ਵਾਰ ਹਰ ਰਾਤ ਚਲਦਾ ਸੀ...ਮੈਂ ਹੀ ਹਾਂ! ਮੈਂ ਖ਼ੁਦ ਦੀ ਮੌਤ ਦਾ ਗਵਾ ਸੀ! ਮੈਂ ਵੀਨਾ ਦੀਆਂ ਬਾਹਾਂ'ਚ ਡਿੱਗ ਪਿਆ। ਉਹ ਪਿੱਟਣ ਲੱਗ ਪਈ ਸੀ! ਮਤਾਹਚੀ ਮੇਰੇ ਸਾਹਮਣੇ ਭੁੰਜੇ ਹੁਣ ਇੱਕ ਲਾਸ਼ ਬਣਿਆ ਪਿਆ ਸੀ। ਉਸਨੇ ਗੋਲ਼ੀਆ ਮੇਰੇ ਵੱਲ ਨਹੀਂ ਛੱਡਿਆ ਸੀ। ਇਹ ਤਾਂ ਜਦ ਮੈਂ ਉਸਨੂੰ ਵੇਖਿਆ ਸਭ ਕੁੱਝ ਉਸ ਹੀ ਪਲ ਪਤਾ ਲੱਗ ਗਿਆ ਸੀ, ਤੇ ਵੀਨਾ ਨੂੰ ਬਚਾਉਣ ਲਈ ਮੈਂ ਹੀ ਰਾਹ'ਚ ਆ ਗਿਆ ਸੀ। ਉਸ ਨੇ ਹਟਣਾ ਨਹੀਂ ਸੀ ਜਦ ਤੱਕ ਵੀਨਾ ਨਾ ਮਾਰੀ...ਪਰ ਵਿਅੰਜਨਾ ਦੀ ਗੱਲ ਸੀ ਕਿ ਉਹ ਵੀ ਸਮੁਰਾਈਆਂ ਦੇ ਹੱਥੋਂ ਖਤਮ ਹੋ ਗਿਆ ਸੀ, ਜੋ ਹੁਣ ਉਹ (ਉਨ੍ਹਾਂ ਦੀਆਂ ਅੱਖਾਂ'ਚ) ਉਸਦੀ ਅਜੀਬ ਵਰਦੀ ਦੀ ਛਾਣ ਬੀਨ ਕਰ ਰਹੇ ਸੀ। ਇੱਕ ਦੋ ਮੇਰੇ ਤੇ ਵੀਨਾ ਵੱਲ ਵੱਧੇ ਜੋ ਮੈਨੂੰ ਬਾਹਾਂ'ਚ ਫੜ੍ਹ ਕੇ ਰੋਂਦੀ ਸੀ।

ਮੈਂ ਵੀਨਾ ਵੱਲ ਵੇਖਕੇ ਬੋਲਿਆ, -ਵੀਨਾ, ਰੋ ਨਾ, ਰੋ ਨਾ। ਤੂੰ ਉਸ ਬਿੱਟੂ ਨੂੰ ਭਾਲ। ਹਾਂ ਵੀਨਾ, ਮੈਨੂੰ ਪਤਾ ਤੇਰੀ ਹੁਣ ਕੁੱਖ ਹਰੀ ਹੋਈ ਐ। ਇਸ ਬਾਰੇ ਡਾਕਟਰ ਨੇ ਮੈਨੂੰ ਦੱਸ ਦਿੱਤਾ ਸੀ...ਤੂੰ ਸਾਡੇ ਮੰਡੇ ਦਾ ਨਾਂ ਬਿੱਟੂ ਰੱਖਣਾ ਅੱਛਾ। ਤੇ ਹਾਂ ਉਹੀ ਬਿੱਟੂ ਹੈ। ਉਸ ਨੂੰ ਸਭ ਦੱਸ ਦੇਣਾ...ਅੱਛਾ...ਆਵਦੇ ਮਾਂ...- ਗਹਾਂ ਬੋਲ ਨਹੀਂ ਸਕਿਆ। ਬੱਸ ਸਭ ਕੁੱਝ ਹਨੇਰਾ ਹੋ ਗਿਆ।

# ਸ਼ਾਹਦ

## ੧੬੧੦



ਮੈਂ ਸੁਣਿਆ ਕਿ ਮੁਸਾਸ਼ੀ ਨੇ ਡੇਂਸ਼ੀਚੀਰੋ ਨੂੰ ਖ਼ਤਮ ਹੀ ਕਰ ਦਿੱਤਾ ਹੈ। ਇਸ ਬਾਰ'ਚੇ ਮੈਂ ਥੋੜ੍ਹਾ ਜਿਹਾ ਹੈਰਾਨ ਸੀ! ਮੈਨੂੰ ਲੱਗਦਾ ਸੀ ਕਿ ਜੇ ਯੋਸ਼ੀਓਕਾ ਦੀ ਗਿਣਤੀ'ਚ ਕੋਈ ਮਰਦ ਹੈ ਸੀ, ਤਾਂ ਬੱਸ ਇਹ ਡੇਂਸ਼ੀਚੀਰੋ ਸੀਗਾ! ਪਰ ਇਹ ਵੀ ਹਾਰ ਗਿਆ! ਕਮਾਲ ਦੀ ਗੱਲ ਹੈ! ਹੁਣ ਇਹ ਵੀ ਕੀ ਪਤਾ ਕਿ ਜੋ ਉਸੂਗੀ ਮੈਨੂੰ ਮੁਸਾਸ਼ੀ ਬਾਰੇ ਦੱਸਦੀ ਸੀ ਉਹੋ ਹੀ ਪੂਰਾ ਸੱਚ ਨਾ ਹੋਵੇ? ਕੀ ਪਤਾ ਮੈਨੂੰ, ਸੱਸਾਕੀ ਕੋਜ਼ਿਰੋ, ਨੂੰ ਵੀ ਇਸ ਮੁਸਾਸ਼ੀ ਬਾਰੇ ਭੁੱਲੇਕਾ ਹੀ ਹੋਵੇ? ਨਹੀਂ, ਇਹ ਤਾਂ ਹੋ ਨਹੀਂ ਸਕਦਾ! ਕਿ ਜੋ ਮੈਂ ਉਸ ਪੇਂਡੂ ਮਿਯਾਮੋਤੋ ਬਾਰੇ ਸੋਚਦਾ ਹਾਂ, ਉਹ ਸਹੀ ਹੀ ਹੈ! ਬੱਸ ਇਸ ਮੁਕਾਬਲੇ ਦਾ ਇੱਕ ਹੀ ਨਿਸ਼ਕਰਸ਼ ਹੈ। ਉਹ ਇਹ ਕਿ ਯੋਸ਼ੀਓਕਾ ਵਾਲ਼ੇ ਨਾਕਾਬਲ ਹਨ! ਮੈਨੂੰ ਹੁਣ ਪਤਾ ਲੱਗਾ ਹੈ ਕਿ ਉਹ ਸਾਰੇ ਸ਼ਹਿਰ'ਚ ਇੱਧਰ ਉੱਧਰ ਦੌੜ ਰਹੇ ਨੇ ਮੁਸਾਸ਼ੀ ਦੀ ਖੋਜ ਵਿੱਚ! ਹਰ ਘਰ, ਹਰ ਦੁਕਾਨ, ਗਲੀ ਮੋੜ, ਜਾਂ ਅੱਡੇ ਨੇੜੇ ਤੇੜੇ ਹਰਲ ਹਰਲ ਕਰ ਰਹੇ ਨੇ! ਸੈਈਜੂਰੂ ਤੇ ਡੇਂਸ਼ੀਚੀਰੋ, ਦੋਨਾਂ ਨੇ ਆਪਣੇ ਪਿਤਾ ਦਾ ਨਾਂ ਮਿੱਟੀ'ਚ ਮਿਲ਼ਾ ਦਿੱਤਾ ਹੈ! ਮੈਂ ਤਾਂ ਇਹ ਵੀ ਸਣਿਆ ਕਿ ਸੰਜੂਸੰਗੈਂਦੋ ਮੰਦਰ ਇਹ ਸਾਰਾ ਟੋਲਾ ਗਿਆ ਸੀ। ਪਰ ਉਹ ਮੁਸਾਸ਼ੀ, ਡੇਂਸ਼ੀਚੀਰੋ ਨੂੰ ਮਾਰਕੇ ਨੱਸ ਗਿਆ, ਤੇ ਇਹ ਸਾਰੇ ਹੱਥ ਤੱਕ ਵੀ ਨਹੀਂ ਲਾ ਸਕੇ ਉਸਨੂੰ!

ਹੁਣ ਯੋਸ਼ੀਓਕਾ ਦਾ ਇੱਕ ਹੀ ਸਰਦਾਰ ਰਹਿ ਗਿਆ, ਉਹ ਹੈ ਉਨ੍ਹਾਂ ਦਾ ਬੁੱਢਾ ਚਾਚਾ ਗੇਂਜ਼ਾਮਨ! ਉਸਨੇ ਕੀ ਕਰ ਲੈਣਾ ਹੈ? ਬਥੇਰਾ ਉਨ੍ਹਾਂ ਨੂੰ ਕਿਹਾ, ਉਹ ਹੁਣ ਹੋਰ ਕੁੱਝ ਨਹੀਂ ਕਰ ਸਕਦਾ ਉਨ੍ਹਾਂ ਲਈ! ਸ਼ਰਮ ਦੀ ਗੱਲ ਹੈ।

ਮੈਂ ਉਸੇ ਹੀ ਰਾਤ ਆਵਦਾ ਕੰਮ ਕਰਕੇ ਕੀਓਤੋ ਦੇ ਕਕਰੀਲੀਆਂ ਸੜਕਾਂ ਤੇ ਤੁਰਿਆ ਜਾ ਰਿਹਾ ਸਾਂ ਜਦ ਮੈਂ ਇੱਕ ਘੁਣ ਖਾਧਾ ਬਾਸ਼ਾ ਦੇਖਿਆ, ਜਿਸ ਦੀਆਂ ਕੰਧਾਂ ਪਟੜਾਂ ਨਾਲ਼ ਬਣਾਈਆ ਸਨ। ਉਸਦੇ ਬਾਹਰ ਮੁਸਾਸ਼ੀ ਖੜ੍ਹਾ ਸੀ, ਉਸਦੀ ਪਿੱਠ ਉਸ ਘਰ ਵੱਲ, ਜਿਸ ਵਿੱਚੋਂ ਡਰਦੇ ਡਰਦੇ ਕਾਮੇ ਬਾਹਰ ਵੱਲ ਨੂੰ ਦੇਖ ਰਹੇ ਸਨ; ਤੇ ਮੁਸਾਸ਼ੀ ਦੇ ਸਾਹਮਣੇ ਨਰਗਾ ਪਾਕੇ, ਘੇਰੇ ਘੱਤੀ ਯੋਸ਼ੀਓਕੋ ਦੇ ਬੰਦੇ ਖਲੋਏ ਸਨ। ਸਾਰੇ ਮੁਸਾਸ਼ੀ ਨੂੰ ਗਾਲ੍ਹਾਂ ਕੱਢਦੇ ਸੀ, ਪਰ ਕਿਸੇ ਕੋਲ਼ ਹਿੰਮਤ ਨਹੀਂ ਸੀ, ਉਸ ਨਾਲ਼ ਅੱਗੇ ਹੋ ਕੇ ਮੱਥਾ ਲਾਉਣ ਦੀ। ਮੁਸਾਸ਼ੀ ਦੀਆਂ ਅੱਖਾਂ ਤੋਂ ਸਾਫ਼ ਪਤਾ ਲੱਗਦਾ ਸੀ ਕਿ ਉਹ ਸੋਚ ਰਿਹਾ ਸੀ ਕਿ ਮੈਂ ਮੁਖਾਲਫ਼ਤ ਕਰਾਂ ਜਾ ਨਾ? ਜਰਾ ਸਮੁਰਾਈ ਵੱਲ ਤਾੜਕੇ ਦੇਖ ਰਿਹਾ ਸੀ। ਜ਼ਿਆਦਾ ਤਾਂ ਫੋਕੇ ਡਰਾਵੇ ਹੀ ਵਿਖਾ ਰਹੇ ਸਨ, ਫੂਕਾਂ ਮਾਰ ਮਾਰਕੇ।

-ਓਏ ਮੁਸਾਸ਼ੀ, ਜੇ ਹਿੰਮਤ ਹੈ, ਆ ਗਹਾਂ!- ਇੱਕ ਬੋਲਿਆ, ਪਰ ਖ਼ਦ ਪਿੱਛੇ ਹੀ ਖੜ੍ਹਾ ਰਿਹਾ, ਤਲਵਾਰ ਮਿਆਨ'ਚੋਂ ਅੱਧੀ ਕੱਢੀ, ਜਿਵੇਂ ਸੰਗ ਰਹੀ ਹੋਵੇ ਹੋਰ ਬਾਹਰ ਆਉਣ ਤੋਂ।ਮੈਨੂੰ ਇੰਝ ਲੱਗਾ ਜਿਵੇਂ ਸ਼ੇਰ ਨੂੰ ਬਲ਼ਦਾਂ ਨੇ ਘੇਰ ਲਿਆ ਹੈ, ਤੇ ਸ਼ੇਰ ਤਾਂ ਇਸ ਹਾਲ'ਚ ਸਗੋਂ ਹੋਰ ਜ਼ਿਆਦਾ ਖਤਰਨਾਕ ਹੁੰਦਾ ਹੈ! ਜੋ ਕੇਵਲ ਮੂਹਰੇ ਉਨ੍ਹਾਂ ਵੱਲ ਹੀ ਵੱਧ ਸਕਦਾ ਹੈ! ਪਰ ਫਿਰ ਉਹ ਲੋਕ ਉਸ ਵੱਲ ਬੜ੍ਹਕੀਆਂ ਹੀ ਮਾਰੀ ਗਏ! ਫਿਰ ਮੈਂ ਦੇਖਿਆ ਉਨ੍ਹਾਂ ਵਿਚਕਾਰ, ਗੇਂਜ਼ਾਮਨ ਵੀ ਖੜ੍ਹੋਤਾ ਸੀ।

- ਜੇ ਥੋੜ੍ਹੀ ਵੀ ਅਣਖ ਹੈ ਤੇਰੇ ਵਿੱਚ, ਤਲਵਾਰ ਕੱਢ! ਆ ਹੁਣੇ ਲੜੀਏ!- ਗੇਂਜ਼ਾਮਨ ਬੋਲਿਆ, ਪਰ ਖ਼ੁਦ ਮੂਹਰੇ ਨਹੀਂ ਹੋਇਆ, ਸਾਰਿਆਂ ਵਾਂਗਰ ਪਿੱਛੇ ਹੀ ਰਿਹਾ।

- ਇੱਥੇਂ ਹੀ ਤੈਨੂੰ ਕੁੱਤੇ ਦੀ ਮੌਤ ਦੇਈਏ!- ਇੱਕ ਨੇ ਕਮਜ਼ੋਰ ਆਵਜ਼'ਚ ਕਿਹਾ। ਫਿਰ ਵੀ ਕੋਈ ਅੱਗੇ ਨਹੀਂ ਹੋਇਆ, ਉਨ੍ਹਾਂ'ਚੋਂ।

ਮੁਸਾਸ਼ੀ ਨੇ ਹੁਣ ਆਵਦੀ ਕੱਤਾਨੇ ਦੀ ਹੱਥੀ ਤੇ ਹੱਥ ਫੇਰਿਆ। ਇਸ ਤਰ੍ਹਾਂ ਲੜਨਾ ਯੋਸ਼ੀਓਕਾਂ ਲਈ ਸਹੀ ਨਹੀਂ ਹੈ। ਸੋ ਮੈਂ ਫੈਸਲਾ ਕਰ ਲਿਆ ਕਿ ਮੈਂ ਉਨ੍ਹਾਂ ਵਿੱਚ ਦਖਲ ਦੇਵਾਂ। ਇਸ ਲਈ ਮੈਂ ਆਵਦੇ ਸਾਥੀ, ਜੋ ਕੇਵਲ ਬਾਂਦਰ ਹੀ ਸੀ ( ਸ਼ਕਲ ਵਿੱਚ ਹੀ, ਅਕਲ'ਚ ਨਹੀਂ); ਤੇ ਬਾਂਦਰ ਸਾਰਿਆਂ ਵਿਚਾਲੇ ਖੜ੍ਹ ਗਿਆ ਭੌਂਕਦਾ। ਸਾਰੇ ਹੈਰਾਨ ਹੋ ਗਏ। ਮੈਂ ਹੱਸਦਾ ਹੱਸਦਾ ਉਨ੍ਹਾਂ ਦੇ ਮੱਧ ਆ ਖੜ੍ਹਾ ਹਇਆ ( ਮੇਰਾ ਬਾਂਦਰ ਮੇਰੇ ਮੋਢੇ ਚੜ੍ਹ ਗਿਆ) ਤੇ ਉਨ੍ਹਾਂ ਸਭ ਨੂੰ ਪਰਣਾਮ ਕੀਤਾ।

-ਕੀ ਹੋ ਰਿਹਾ ਹੈ ਇੱਥੇਂ?- ਮੈਂ ਭੋਲ਼ੇ ਭਾ ਆਖਿਆ।

- ਹੋਣਾ ਕੀ ਏ? ਇਸ ਕੁੱਤੇ ਨੇ ਸਾਡੇ ਸਰਦਾਰ ਦੀ ਹੱਤਿਆ ਕੀਤੀ ਏ, ਤੇ ਫਿਰ ਡਰਦਾ ਚੂਹੇ ਵਾਂਗ ਭੱਜ ਗਿਆ! ਹੁਣ ਸਾਡੇ ਨਾਲ਼ ਸਾਹਮਣਾ ਕਰਨ ਲਈ ਤਿਆਰ ਨਹੀਂ ਹੈ!- ਇੱਕ ਨੇ ਚੀਕ ਕੇ ਕਿਹਾ।

- ਹੱਤਿਆ? ਹੱਤਿਆ ਜਾਂ ਚਾਂਗ ਮਾਰੀ? ਤੇ ਹੁਣ ਤਾਂ ਤੁਸੀਂ ਗਿਣਤੀ'ਚ ਕਿੰਨ੍ਹੇ ਹੋ! ਇਹ ਤਾਂ ਇੱਕ ਹੀ ਹੈ- ਮੈਂ ਪਾਸੇ ਖੜ੍ਹਕੇ ਉਨ੍ਹਾਂ ਵੱਲ ਹੱਥਾਂ ਨਾਲ਼ ਇਸ਼ਾਰਾ ਕੀਤਾ ਅੱਗੇ ਮੁਸਾਸ਼ੀ ਵੱਲ ਵਧਨ ਲਈ- ਮਾਰ ਦਿਓ ਇਸ ਨੂੰ!-। ਕੋਈ ਨਹੀਂ ਹਿੱਲਿਆ। ਫਿਰ ਇੱਕ ਨੇ ਹੌਂਸਲਾ ਕਰ ਲਿਆ ਮੂਹਰੇ ਹੋਣ ਦਾ, ਪਰ ਮੈਂ ਹੱਥ ਨਾਲ਼ ਉਸਨੂੰ ਰੋਕ ਦਿੱਤਾ।

- ਠਹਿਰ ਓਏ ਸੋਹਣਿਆ! ਕੀ ਕਰ ਰਿਹਾ? ਤੁਸੀਂ ਸਾਰੇ ਪਾਗਲ ਹੋ ਗਏ ਹੋਂ?- ਮੈਂ ਗੇਂਜ਼ਾਮਨ ਵੱਲ ਸਿਰ ਝੁਕਾ ਕੇ ਫਿਰ ਅੱਗੇ ਬੋਲਿਆ, - ਸਰਦਾਰ ਗੇਂਜ਼ਾਮਨ। ਸੋਚੋਂ, ਲੋਕਾਂ ਦੇ ਸਾਹਮਣੇ ਸੜਕ ਤੇ ਆਵਦੀ ਬੇਇੱਜ਼ਤੀ ਨਾ ਕਰਵਾਉ! ਇਸ ਕੁੱਤੇ

ਨੂੰ ਜੇ ਇੱਥੋਂ ਵੀ ਤੁਸੀਂ ਹੁਣ ਕੱਟ ਦੇਵੋਂਗੇ, ਤਾਂ ਜਨਤਾ ਦੀ ਨਜ਼ਰ'ਚ ਤਾਂ ਇਹ ਇੱਕ ਆਮ ਹੀ ਸੜਕ ਤੇ ਸਿਰਫ਼ ਗੁੰਡਿਆਂ ਦੇ ਵਿਚਾਲੇ ਹੋਈ ਘਸੁੰਨਬਾਜ਼ੀ ਹੀ ਵੱਜੇਦੀ। ਸਮੁਰਾਈ ਦੀ ਰਹਿਤ ਹੈ ਬੂਸ਼ੀਡੋ। ਉਸਦਾ ਕੀ ਹੋਵੇਗਾ? ਤੁਹਾਨੂੰ ਹੁਣ ਯੋਸ਼ੀਓਕਾ ਪਿੰਡ ਦੇ ਨਾਂ ਤੇ ਆਣ ਦੀ ਸੋਚਣੀ ਚਾਹੀਦਾ ਹੈ। ਇੱਥੋਂ ਲੜ ਕੇ ਇਸਦਾ ਹੀ ਜੱਸ ਵਧਾਵੋਂਗੇ ਹੋਰ ਕੁੱਝ ਨਹੀਂ। ਕੀ ਖਿਆਲ ਹੈ ਤੁਹਾਡਾ?-।

ਕੁੱਝ ਦੇਰ ਤੱਕ ਗੇਂਜ਼ਾਮਨ ਬੋਲਿਆ ਨਹੀਂ। ਹੋਰ ਸਾਰੇ ਹਾਲੇ ਵੀ ਖੱਪ ਪਾ ਰਹੇ ਸਨ, ਪਰ ਗੇਂਜ਼ਾਮਨ ਚੁੱਪ ਚਾਪ ਆਵਦੀ ਠੋਢੀ ਅਤੇ ਨਿੱਕੀ ਜਿਹੀ ਜੂੜੀ ਤੇ ਉਂਗਲ਼ੀਆਂ ਫੇਰਕੇ ਸੋਚ ਰਿਹਾ ਸੀ। ਉਸ ਦੀਆਂ ਤੇ ਮੁਸਾਸ਼ੀ ਦੀਆਂ ਆਪਸ ਵਿੱਚ, ਅੱਖਾਂ ਮਿਲ ਰਹੀਆਂ ਸਨ। ਮੈਂ ਮੁਸਾਸ਼ੀ ਵੱਲ ਘੁੰਮਿਆ ਤੇ ਉਸ ਨੂੰ ਕਿਹਾ, - ਓਏ ਮੁਸਾਸ਼ਿਆ। ਜੇ ਯੋਸ਼ੀਓਕਾ ਤੈਨੂੰ ਇੱਕ ਬਾਕਾਇਦਾ ਵਾਲਾ ਚੈਲੰਜ ਦੇਵੇ, ਜਿਸ ਵਿੱਚ ਕਿਸ ਥਾਂ ਅਤੇ ਕਿਹੜੇ ਸਮੇਂ ਲੜਣਾ ਹੈ, ਦਾ ਸਾਰਾ ਵੇਰਵਾ ਸਾਰੀ ਦੁਨੀਆ ਦੇ ਸਾਹਮਣੇ ਲਿਖਿਆ ਜਾਵੇ ਤਾਂ ਤੈਨੂੰ ਮਨਜ਼ੂਰ ਹੈ?-, ਉਸ ਦੇ ਦੀਦੇ ਮੁਸਕਾਏ, ਤੇ ਉਸਨੇ ਹੌਲੀ ਦੇਣੀ ਸਿਰ ਹਿਲਾਕੇ ਹਾਂ'ਚ ਜਵਾਬ ਦਿੱਤਾ। - ਦੇਖ ਗੇਂਜ਼ਾਮਨ, ਉਸਨੇ ਚੁਨੌਤੀ ਕਬੂਲ ਕਰ ਲਈ। ਹੁਣ ਤੁਸੀਂ ਇੱਜ਼ਤ ਨਾਲ਼ ਲੜੋ, ਸੜਕ ਤੇ ਨਹੀਂ!- ਮੈਂ ਸਭ ਵੱਲ ਝਾਕਿਆ। ਸਾਰੇ ਇੱਕ ਵਾਰੀ ਬੋਲਣ ਲੱਗ ਪਏ, ਪਰ ਗੇਂਜ਼ਾਮਨ ਨੇ ਉਨ੍ਹਾਂ ਨੂੰ ਚੁੱਪ ਹੋਣ ਲਈ ਕਿਹਾ ਤੇ ਮੈਨੂੰ ਪੁੱਛਿਆ, - ਤੂੰ ਜ਼ਮਾਨਤ ਦੇਵੇਗਾ ਸਾਨੂੰ ਫਿਰ? ਇਹ ਨਾ ਹੋਵੇ, ਇਹ ਡਰਕੇ ਫਿਰ ਦੌੜ ਜਾਵੇ?-। ਮੈਂ ਫਿਰ ਮੁਸਾਸ਼ੀ ਦੀਆਂ ਅੱਖਾਂ'ਚ ਦੇਖਿਆ। ਮੈਨੂੰ ਯੁਕੀਨ ਸੀ ਜੋ ਮਰਜੀ ਹੋ ਜਾਵੇ, ਇਹ ਬੰਦਾ ਜ਼ਰੂਰ ਉਨ੍ਹਾਂ ਨਾਲ਼ ਲੜਕੇ ਹੀ ਜਾਵੇਗਾ। ਮੈਨੂੰ ਇਹ ਵੀ ਸਮਝ ਸੀ ਕਿ ਇਹ ਮੇਰੇ ਨਾਲ਼ ਵੀ ਲੜਣਾ ਚਾਹੁੰਦਾ ਹੈ। ਮੈਂ ਗੇਂਜ਼ਾਮਨ ਵੱਲ ਦੇਖਕੇ ਜਵਾਬ ਦਿੱਤਾ, - ਇਹ ਅੱਜ ਸ਼ਹਿਰ ਤੋਂ ਪਲਾਇਣ ਨਹੀਂ ਕਰੇਗਾ। ਇੰਨ੍ਹਾਂ ਪਕਾ ਹੈ।- ਹੁਣ ਮੈਂ ਸਾਰਿਆ ਵੱਲ ਦੇਖਿਆ।ਗੇਂਜ਼ਾਮਨ ਨੇ ਫਿਰ ਜਵਾਬ ਦਿੱਤਾ - ਇਹ ਚੁਨੌਤੀ ਮੇਰੇ ਨਾਂ'ਚ ਨਹੀਂ ਦੇਈ ਜਾ ਸਕਦੀ। ਹੁਣ ਸਾਡੇ ਘਰ ਦਾ ਸਰਦਾਰ ਤਾਂ ਇੱਕ ਤੇਰਾਂ ਸਾਲਾਂ ਦਾ ਬੱਚਾ ਹੀ ਰਹਿ ਗਿਆ, ਮਤਾਸ਼ੀਚਿਤੋ ਜੋ ਯੋਸ਼ੀਓਕਾ ਦਾ ਵਾਰਸ਼ ਹੈ। ਉਸ ਦੇ ਨਾਂ ਤੇ ਅਸੀਂ ਉਸ ਲਈ ਹਾਮ੍ਹੀ ਭਰਾਂਗੇ। ਅਸੀਂ ਸਾਰੇ ਉਸਦੇ ਨਾਂ'ਚ ਮੁੱਖ ਰੱਖਕੇ ਮੁਸਾਸ਼ੀ ਨਾਲ਼ ਲੜਾਗੇ। ਮਨਜ਼ੂਰ?-, ਗੇਂਜ਼ਾਮਨ ਮੇਰੇ ਵੱਲ ਨਹੀਂ ਦੇਖਦਾ ਸੀ ਪਰ ਮੁਸਾਸ਼ੀ ਵੱਲ ਵੇਖਦਾ ਸੀ, ਜੋ ਹੁਣ ਚੁੱਪ ਚਾਪ ਬੁੱਤ ਵਾਂਗ ਖੜ੍ਹੋਤਾ ਸੀ।

-ਠੀਕ। ਪਰ ਇਹ ਮੁਕਾਬਲਾ ਦਵਾ ਦਵ ਕਰਨਾ ਚਾਹੀਦਾ ਹੈ।- ਮੈਂ ਮਸ਼ਵਰਾ ਦਿੱਤਾ।

- ਠੀਕ ਸਵੇਰੇ, ਪੰਜ ਵਜ੍ਹੇ, ਤੇ ਥਾਂ ਹੈ ਸ਼ੀਰਾਕਵਾ ਦਰਿਆ ਕੋਲ਼, ਜਿੱਥੋਂ ਵੱਡਾ ਵਿਸਤਾਰਮਈ ਪੜਤਲ ਖੜ੍ਹਾ ਹੈ, ਇੱਚੀਜੋਜੀ ਸਾਗਰੀਮਟਸੂ ਇਲਾਕੇ ਵਿੱਚ। ਜੋ ਮੰਦਰ ਦੇ ਹੇਠ ਹੈ।-

-ਅੱਛਾ ਫਿਰ। ਮੈਂ ਤੁਹਾਡਾ ਸ਼ਾਹਦ , ਗਾਵਹ ਹੋਵਾਂਗਾ। ਕੀ ਕਹਿੰਦਾ ਮੁਸਾਸ਼ੀ?- ਮੈਂ ਉਸ ਨੂੰ ਕਿਹਾ।

- ਸਹਿਮਤ ਏ। ਮੈਂ ਪੰਜ ਵਜ੍ਹੇ ਓਥੇਂ ਹੋਵੇਗਾ-।

- ਆਵਦੀ ਚਾਲ, ਜੋ ਹਰ ਵਾਰ ਕਵੇਲੇ ਪਹੁੰਚਦਾ, ਉਹ ਨਹੀਂ ਕਰਨੀ ਅੱਛਾ?-, ਕੋਈ ਜਵਾਬ ਨਹੀਂ ਦਿੱਤਾ ਪਰ ਸਮਝ ਗਿਆ। ਮੈਂ ਫਿਰ ਜਿਹੜਾ ਉਸਦੇ ਪਿੱਛੇ ਘੁਣ ਖਾਧਾ ਬਾਸ਼ਾ ਸੀ, ਉਸਦਾ ਬੂਹੇ ਖਟਖਟਾਇਆ, -ਖੋਲ੍ਹੋ ਦਰਵਾਜ਼ੇ ਨੂੰ!- ਜਦ ਉਨ੍ਹਾਂ ਨੇ ਖੋਲ੍ਹ ਦਿੱਤਾ ਮੈਂ ਉਨ੍ਹਾਂ ਤੋਂ ਇੱਕ ਫੱਟਾ ਤੇ ਸਿਆਹੀ ਮੰਗਵਾਈ, ਇੱਕ ਕਲਮ ਵੀ। ਫਿਰ ਉਸ ਫੱਟੇ ਤੇ ਥਾਂ ਦਾ ਨਾਂ, ਮੁਕਾਬਲੇ ਦਾ ਵੇਲਾ ਤੇ ਮੁਸਾਸ਼ੀ ਅਤੇ ਮਤਾਸ਼ੀਚਿਤੋ ਦੋਵਾਂ ਦੇ ਨਾਂ ਲਿਖੇ। ਫਿਰ ਮੈਂ ਸਾਰਿਆ ਦੇ ਸਾਹਮਣੇ ਸੜਖ ਤੇ ਇੱਕ ਖੰਭੇ ਤੇ ਠੋਕਕੇ ਲਾ ਦਿੱਤਾ।

ਫਿਰ ਮੈਂ ਸਾਰਿਆਂ ਨੂੰ ਕਿਹਾ ਕਿ ਮੁਸਾਸ਼ੀ ਨੂੰ ਛੱਡ ਦਿਓ, ਤੇ ਝਕਦੇ ਝਕਦੇ ਉਸ ਨੂੰ ਰਾਹ ਦੇ ਦਿੱਤਾ, ਤੇ ਆਰਾਮ ਨਾਲ਼ ਮੁਸਾਸ਼ੀ ਤੁਰ ਪਿਆ। ਹੁਣ ਸਾਰੇ ਖਿੱਝ ਕੇ ਮੇਰੇ ਤੇ ਪੈ ਗਏ। ਮੈਂ ਆਵਦੀ ਲੰਬੀ ਸੈਫ਼ ਕੱਢ ਕੇ ਡਰਾ ਦਿੱਤਾ। ਉਸੇ ਵੇਲੇ ਗੇਂਜ਼ਾਮਨ ਸਾਡੇ ਵਿੱਚਾਲੇ ਆ ਖੜ੍ਹਾ ਤੇ ਬੋਲਿਆ, - ਸਾਰੇ ਮਦਰੱਸੇ ਵਾਪਸ ਜਾਓ। ਤੂੰ ਵੀ ਹੁਣ ਸਾਡੇ ਨਾਲ਼ ਆ ਸੱਸਾਕੀ ਜੀ-।

ਉਸ ਰਾਤ ਅਸੀਂ ਸਾਰੇ ਮਦਰੱਸੇ'ਚ ਬੈਠੇ, ਜਿੱਥੋਂ ਯੋਸ਼ੀਓਕੋ ਵਾਲਿਆ ਨੇ ਕਈ ਜੁਗਤਾਂ ਬਣਾਈਆਂ। ਕੋਈ ਚਾਹੁੰਦੇ ਸੀ ਉਸ ਨੂੰ ਗੋਲ਼ੀ ਮਾਰੀਏ। ਬਾਹਲੇ ਚਾਹੁੰਦੇ ਸੀ ਉਸ ਨੂੰ ਘੇਰਕੇ ਮਾਰੀਏ। ਹਰ ਨੂੰ ਲੱਗਦਾ ਸੀ ਕਿ ਮੁਸਾਸ਼ੀ ਇੰਨਾ ਪਾਗਲ ਤਾਂ ਹੈ ਨਹੀਂ ਜੋ ਸਾਡੇ ਨਾਲ਼ ਕੱਲਾ ਲੜੂਗਾ। ਜ਼ਰੂਰ ਆਪਣੇ ਆਪ ਨਾਲ਼ ਫੌਜੀ ਆਦਿ ਲਿਆਵੇਗਾ। ਇਸ ਗੱਲ ਨਾਲ਼ ਤਾਂ ਮੈਂ ਵੀ ਸਹਿਮਤ ਸੀ ਕਿ ਹੋ ਨਹੀਂ ਸਕਦਾ ਕਿ ਉਹ ਪੈਂਡੂ ਇੰਨਾ ਬੇਵਕੂਫ ਹੋਵੇਗਾ ਕਿ ਕੱਲਾ ਹੀ ਵੀਹ ਚਾਲੀ ਆਦਮੀਆਂ ਨਾਲ਼ ਟੱਕਰੇ ਗਾ। ਮੈਂ ਉਨ੍ਹਾਂ ਨੂੰ ਕਿਹਾ ਕਿ ਮੈਂ ਸਾਰਿਆਂ ਦਾ ਗਵਾਹ ਹੀ ਹੋਣਾ ਹੈ ਪਰ ਜੇ ਉਹ ਚਾਹੁੰਦੇ ਨੇ ਮੈਂ ਉਸ ਨੂੰ ਮਾਰ ਦੇਵਾਂਗਾ, ਪਰ ਉਸਨੂੰ ਸ਼ੱਕ ਨਹੀਂ ਹੋਣੀ ਚਾਹੀਦੀ ਹੈ ਕਿ ਮੈਂ ਪਾਸਾ ਲੈਣ ਲੱਗਾ ਸੀ। ਮੈਨੂੰ ਦੱਸਿਆ ਗਿਆ ਕਿ ਵੱਡਾ ਵਿਸਤਾਰਮਈ ਪੜਤਲ

ਤੱਕ ਤਿੰਨ ਰਸਤੇ ਵੱਧਦੇ ਨੇ, ਤੇ ਸਾਰਿਆ ਨੇ ਤਿੰਨ ਹੀ ਰਾਹਾਂ'ਚ ਝਾੜੀਆਂ ਪਿੱਛੇ ਲੁਕ ਜਾਣਾ ਹੈ। ਫਿਰ ਜਦ ਮੁਸਾਸ਼ੀ ਆ ਗਿਆ ਤਾਂ ਬਾਹਰ ਛਾਲਾਂ ਮਾਰਕੇ ਉਸਨੂੰ ਖਤਮ ਕਰ ਦੇਣਾ ਹੈ।

ਕੋਈ ਕੋਈ ਡਰਦੇ ਸੀ ਕਿ ਉਹ ਤਿੱਤਰ ਹੋ ਗਿਆ ਹੈ, ਤੇ ਵਾਪਸ ਨਹੀਂ ਆਵੇਗਾ। ਇਸ ਦਾ ਜਵਾਬ ਮੈਂ ਦਿੱਤਾ ਕਿ ਜੇ ਹੁਣ ਉਹ ਨਾ ਵੀ ਆਇਆ, ਤੁਸੀਂ ਤਾਂ ਜਿੱਤ ਹੀ ਗਏ ਫਿਰ। ਤੇ ਮੈਂ ਸ਼ੀਰਾਕਵਾ ਦਰਿਆ ਕੋਲ਼ ਖੜ੍ਹ ਗਿਆ ਤੇ ਉਸ ਨੂੰ ਨਾਲ਼ ਉਹੀ ਰਸਤੇ ਲੈ ਕੇ ਆਵਾਂਗਾ ਜਿੱਥੇਂ ਉਨ੍ਹਾਂ ਨੇ ਘਾਤ ਲਾਈ ਹੈ। ਕੁੱਝ ਬੰਦਿਆਂ ਨੇ ਪੜਤਲ ਦੀਆਂ ਟਾਹਣੀਆਂ'ਚ ਲੁੱਕਕੇ ਬੰਦੂਕਾਂ ਨਾ਼ਲ ਨਿਸ਼ਾਨਾ ਕਰਕੇ ਉਸਨੂੰ ਖਤਮ ਕਰ ਦੇਣਾ ਸੀ। ਇੱਦਾਂ ਦੀਆਂ ਗੱਲਾਂ ਸੁਣਕੇ ਮੈਂ ਤਾਂ ਸੱਚ ਮੁੱਚ ਯੋਸ਼ੀਓਕਾ ਨਾ਼ਲ ਨਿਰਾਸ ਸੀ, ਪਰ ਇਹ ਤਾਂ ਉਨ੍ਹਾਂ ਦੀ ਮਰਜ਼ੀ ਸੀ। ਮੈਂ ਮੁਸਾਸ਼ੀ ਨੂੰ ਪੜਤਲ ਵੱਲ ਲੈ ਕੇ ਆ ਸਕਦਾਂ ਹਾਂ, ਪਰ ਖ਼ੁਦ ਕੇਵਲ ਉਸ ਵੇਲੇ ਹੀ ਉਸ ਨਾ਼ਲ ਲੜਾਂਗਾ ਜੇ ਉਨ੍ਹਾਂ ਤੋਂ ਕੰਮ ਨਾ ਹੋਇਆ ਤਾਂ। ਨਹੀਂ ਤਾਂ ਮੇਰਾ ਕੰਮ ਸਿਰਫ ਇੱਕ ਸ਼ਾਹਦ ਹੋਵੇਗਾ।

ਮੈਨੂੰ ਪਤਾ ਲੱਗਾ ਕਿ ਦਰੱਖਤ ਦੇ ਪਿੱਛੇ ਇੱਕ ਮੰਦਰ ਸੀ ਜਿਸ ਤੋਂ ਸਾਰਾ ਕੁੱਝ ਦੇਖ ਸਕਦਾ ਹੈ ਬੰਦਾ, ਪਰ ਇੱਥੇਂ ਪੁੱਜਣਾ ਔਖਾ ਹੈ ਬਿਨ੍ਹਾਂ ਦਿੱਸਣ ਤੋਂ ਮੁਸਾਸ਼ੀ ਲਈ।ਪੜਤਲ ਦੇ ਖੱਬੇ ਪਾਸੇ ਇੱਕ ਚਟਾਨ ਹੈ ਜਿਸਦੀ ਦੰਦੀ ਤੋਂ ਬੰਦਾ ਸਾਰਾ ਕੁੱਝ ਦੇਖ ਸਕਦਾ ਹੈ। ਮੈਂ ਇਸ ਥਾਂ ਖਲੋ ਕੇ ਤਮਾਸ਼ਾ ਦੇਖੂੰਗਾ। ਮਨ ਸੋਚਦਾ ਹੈ ਕਿ ਕੋਈ ਨਾ ਕੋਈ ਚਾਲ ਵਰਤ ਕੇ ਮੁਸਾਸ਼ੀ ਨੇ ਉਨ੍ਹਾਂ ਦਾ ਫਿਰ ਮੂੰਹ ਕਾਲਾ ਕਰ ਦੇਣਾ ਏ, ਪਰ ਹਾਲੇ ਤੱਕ ਮੈਨੂੰ ਵੀ ਸਮਝ ਨਹੀਂ ਆਉਂਦੀ ਕਿ ਕਿਵੇਂ ਕਰੇਗਾ। ਇਸ ਲਈ ਮੈਂ ਪਹਿਲਾਂ ਹੀ ਉਸ ਥਾਂ ਪੁੱਜ ਗਿਆ। ਇਹ ਸੱਚ ਸੀ ਕਿ ਸਾਡੇ ਵਿੱਚੋਂ ਉਸ ਰਾਤ ਕੋਈ ਨਹੀਂ ਚੱਜ ਨਾ਼ਲ ਸੁੱਤਾ ਸੀ। ਜਦ ਮੈਂ ਵੱਡੇ ਵਿਸਤਾਰਮਈ ਪੜਤਲ ਕੋਲ਼ ਆ ਪਹੁੰਚਿਆ, ਤਾਂ ਗੇਂਜ਼ਾਮਨ ਓੱਥੇਂ ਖੜ੍ਹਾ ਸੀ ਸਭ ਨੂੰ ਆਦੇਸ਼ ਦਿੰਦਾ। ਜਦ ਮੈਨੂੰ ਦੇਖਿਆ ਉਸਨੇ ਪੁੱਛਿਆ ਕਿ ਮੈਂ ਮੁਸਾਸ਼ੀ ਨੂੰ ਰਾਹ'ਚ ਵੇਖਿਆ ਹੈ ਕਿਤੇ। ਮੈਂ ਨਾ ਕਹਿ ਕੇ ਉਸਨੂੰ ਪੁੱਛਿਆ ਕਿਹੜੀਆਂ ਤਿਆਰੀਆਂ ਕੀਤੀਆਂ ਕਰ ਰਹੇ ਹੋਂ ਤੁਸੀਂ। ਬੱਸ ਕੁੱਝ ਆਦਮੀ ਦਰੱਖਤਾਂ'ਚ ਸਨ, ਅਤੇ ਕੁੱਝ ਝਾੜੀਆਂ ਵਿੱਚ ਸਨ। ਪਰ ਸਾਰੇ ਤਿਆਰ ਸੀ ਮੁਸਾਸ਼ੀ ਅਤੇ ਉਸਦੇ ਬੰਦਿਆਂ ਤੇ ਛਾਪਾ ਮਾਰਨ ਨੂੰ। ਸਾਨੂੰ ਸਭ ਨੂੰ ਪੱਕਾ ਲੱਗਦਾ ਸੀ ਕਿ ਉਸ ਨਾ਼ਲ ਕੁੱਝ ਸਮੁਰਾਈ ਵੀ ਹੋਵਣਗੇ।

ਗੇਂਜ਼ਾਮਨ ਨੇ ਮੈਨੂੰ ਦਰਿਆ ਵੱਲ ਭੇਜ ਦਿੱਤਾ ਦੇਖਣ ਲਈ ਕਿ ਕਿਹੜੇ ਰਾਹ ਮੁਸਾਸ਼ੀ ਦਾ ਟੋਲਾ ਆਵੇਗਾ ਤੇ ਉਨ੍ਹਾਂ ਨੂੰ ਇਸ ਰਸਤੇ ਲੈ ਕੇ ਆਉਣਾ ਸੋ ਕਾਮਯਾਬ ਹੋਵੇਗਾ। ਮੈਂ ਦਰਿਆ ਵੱਲ ਚਲਾ ਗਿਆ, ਮੇਰੇ ਪਿੱਛੇ ਸਾਰੇ ਛਹਿ ਲਾ ਕੇ ਬਹਿ ਗਏ ਸਨ। ਹੁਣ ਸੂਰਜ ਵੀ ਰਾਤ ਦੇ ਹਨ੍ਹੇਰੇ ਨੂੰ ਪਰ੍ਹਾਂ ਕਰਨ ਲੱਗਾ ਸੀ ਤੇ ਜਾਗ ਕੇ ਢੱਕੀ ਦੂਣ ਉੱਪਰ ਚੜ੍ਹਣ ਲੱਗਾ ਸੀ। ਕਿਤੋਂ ਕੁੱਕੜ ਦੇ ਬਾਂਗ ਦੇਣ ਦੀ ਆਵਾਜ਼ ਆਈ। ਚਾਰ ਵੱਜ੍ਹ ਗਏ ਸਨ। ਬੱਸ ਹੁਣ ਘੰਟੇ ਕੁ ਵਿੱਚ ਮੁਸਾਸ਼ੀ ਤੇ ਉਸ ਦੀ ਫੌਜ ਨੂੰ ਆਉਣਾ ਚਾਹੀਦਾ ਹੈ। ਮੈਂ ਇੱਕ ਦਰੱਖਤ ਤੇ ਚੜ੍ਹ ਕੇ ਚਾਰੇ ਪਾਸੇ ਦੇਖਿਆ। ਇੱਥੋਂ ਵੀ ਪੜਤਲ ਦਿਸਦਾ ਸੀ ਤੇ ਹੁਣ ਤਾਂ ਦੂਰੋਂ ਇਹ ਵੀ ਦਿਸਦਾ ਸੀ ਕਿ ਯੋਸ਼ੀਓਕਾ ਨੇ ਆਵਦੇ ਤੇਰ੍ਹਾਂ ਸਾਲਾਂ ਦੇ ਬੇਟੇ, ਮਤਾਸ਼ੀਚਿਤੋ ਨੂੰ ਤਿਆਰ ਕਰਕੇ ਪੜਤਲ ਹੇਠ ਖੜ੍ਹਾ ਕਿਤਾ ਹੋਇਆ ਹੈ। ਲੱਗਦਾ ਹੈ ਕਿ ਉਸਦੇ ਸ਼ਿਸ਼ਟਾਚਾਰੀ ਕੱਪੜੇ ਪਾਏ ਹੋਏ ਨੇ। ਮੈਂ ਆਵਦੀ ਦੂਰਬੀਨ ਕੱਢ ਕੇ ਉਸ ਵੱਲ ਦੇਖਿਆ। ਵਿਚਾਰੇ ਦਾ ਮੁੱਖੜਾ ਦੇਖਕੇ ਸਾਫ਼ ਪਤਾ ਲੱਗਦਾ ਸੀ ਕਿ ਮੰਡਾ ਤਾਂ ਬਹੁਤ ਡਰਿਆ ਹੋਇਆ ਹੈ। ਉਸਦੇ ਆਲ਼ੇ ਦੁਆਲ਼ੇ ਪੰਜ ਸਮੁਰਾਈ ਖੜ੍ਹੇ ਸੀ ਤਲਵਾਰਾਂ ਨਾ਼ਲ ਤਿਆਰ ਬਰ ਤਿਆਰ। ਮੈਂ ਹੁਣ ਦੂਰਬੀਨ ਨਾ਼ਲ ਦੂਜੇ ਪਾਸੇ ਵੀ ਝਾਤੀ ਮਾਰ ਕੇ ਦੇਖਿਆ। ਉੱਧਰ ਕੋਈ ਫੌਜ ਨਹੀਂ ਜਾਪਦੀ ਸੀ , ਨਾ ਹੀ ਕੋਈ ਮੁਸਾਸ਼ੀ। ਮੈਂ ਦਰੱਖਤ ਤੋਂ ਉੱਤਰ ਕੇ ਦਰਿਆ ਵੱਲ ਨੱਠਿਆ।

ਜਦ ਮੈਂ ਦਰਿਆ ਤੇ ਪੁੱਜਿਆ ਉੱਥੇਂ ਕੋਈ ਨਹੀਂ ਸੀ। ਹੋ ਸਕਦਾ ਕਿ ਮੁਸਾਸ਼ੀ ਡਰ ਗਿਆ ਹੋਵੇ ਐਨੇ ਸਾਰਿਆਂ ਨਾ਼ਲ ਲੜਨ ਤੋਂ? ਜਾਂ ਆਵਦੇ ਨਾ਼ਲ ਪੰਜ ਦਸ ਆਦਮੀ ਲੈ ਕੇ ਆ ਰਿਹਾ ਹੋਵੇ? ਉਸ ਦੀ ਚਾਲ ਵੀ ਹੁੰਦੀ ਹੈ ਕਵੇਲ਼ੇ ਪੁੰਹਚਣ ਦੀ। ਹੁਣ ਥੋੜ੍ਹੀ ਜਿਹੀ ਧੁੱਪ ਰੁੱਖਾਂ ਦੇ ਲਿੰਗ ਪੈਰਾਂ'ਚੋਂ ਜੰਗਲ'ਚ ਆਵਦੀਆਂ ਕਿਰਨਾਂ ਬਿਖੇਰ ਰਹੀ ਸੀ। ਮੈਂ ਆਪਣਾ ਹੱਥ ਅੱਖਾਂ ਤੇ ਰੱਖਾ ਉਨ੍ਹਾਂ ਨੂੰ ਛਤਰ ਦੇਣ। ਸਾਹਮਣੇ ਛਾਇਆ ਸੀ ਕਿਸੇ ਬੰਦੇ ਦਾ। ਮੈਂ ਆਪਣੀਆਂ ਅੱਖਾਂ ਭੈਂਗੀਆਂ। ਹਾਂ! ਮੁਸਾਸ਼ੀ ਸੀ। ਮੇਰਾ ਕੰਮ ਸੀ ਉਸਨੂੰ ਯੋਸ਼ੀਓਕਾ ਦੀ ਚਾਲ'ਚ ਫਸਾਕੇ ਲੈ ਕੇ ਜਾਣ ਦਾ। ਮੈਂ ਉਸ ਵੱਲ ਵਧਿਆ।

- ਬੱਸ, ਤੂੰ ਹੀ ਤੂੰ? ਤੇਰੇ ਨਾ਼ਲ ਕੋਈ ਹੋਰ ਨਹੀਂ ਹੈ? ਸ਼ਾਹਿਦ ਓਹ ਦੇਰ ਲਾ ਰਹੇ ਇੱਥੇਂ ਆਉਣ ਨੂੰ?- ਮੈਂ ਉਸਨੂੰ ਆਖਿਆ, ਚਾਰੇ ਪਾਸੇ ਦੇਖਿਆ ਕਿ ਹੋਰ ਕੋਈ ਨਹੀਂ ਸੀ।

- ਆਹੋ। ਖ਼ੁਦ ਮੈਂ ਹੀ ਹਾਂ ਕੱਲਾ।-। ਉਸਨੇ ਭੋਲੀ ਦੇਣੀ ਜਵਾਬ ਦਿੱਤਾ। ਫਿਰ ਉਸਨੇ ਮੈਨੂੰ ਅੱਗੇ ਪੁੱਛਿਆ- ਮੈਂ ਉਸ ਪੜਤਲ ਦੇ ਨੇੜੇ ਹਾਂ?-।

- ਮੈਂ ਤੈਨੂੰ ਓੱਥੇਂ ਲੈ ਕੇ ਚਲਦਾ ਹਾਂ। ਮੇਰੇ ਨਾ਼ਲ ਆ। ਬੱਸ ਤੁਰਕੇ ਪੰਦਰਾਂ ਮਿੰਟਾਂ'ਚ ਪੁੰਹਚ ਜਾਵਾਂਗੇ- ਮੈਂ ਕਦਮ ਚੁੱਕਿਆ ਤੁਰਨ ਲਈ, ਪਰ ਓਹ ਓੱਥੇਂ ਹੀ ਖੜ੍ਹਾ ਰਿਹਾ, ਇੱਕ ਅਚੱਲ ਪੱਥਰ ਵਾਂਗਰ। ਉਸਦੀਆਂ ਅੱਖਾਂ ਮੇਰੀਆਂ ਅੱਖਾਂ ਨਾ਼ਲ ਮਿਲੀਆਂ।

- ਦੇਖ, ਮੈਨੂੰ ਉਨ੍ਹਾਂ ਨੇ ਆਖਿਆ ਹੈ ਤੈਨੂੰ ਉੱਥੋਂ ਨਾਲ਼ ਲੈ ਕੇ ਆਉਣ ਲਈ। ਬੱਸ ਮੈਂ ਤਾਂ ਸਿਰਫ ਗਵਾਹ ਹਾਂ। ਆਹੋ, ਉਨ੍ਹਾਂ ਨੇ ਤੇਰੇ ਲਈ ਜਾਲ ਵਿਛਾ ਰੱਖਿਆ ਹੈ। ਹਰ ਝਾੜੀ ਪਿੱਛੇ ਇੱਥੋਂ ਤੋਂ ਲੈ ਕੇ ਉੱਥੇਂ ਤੱਕ ਦਸ ਦਸ ਸਮੁਰਾਈ ਲੁਕੇ ਨੇ। ਪੜਤਲ'ਚ ਵੀ ਲੁਕੇ ਹੈ। ਉਨ੍ਹਾਂ ਦੇ ਮਨ ਵਿੱਚ ਤੂੰ ਇਕੱਲਾ ਨਹੀਂ ਆ ਰਿਹਾ ਸੀ। ਆ ਮੇਰੇ ਨਾਲ਼। ਜਿੰਨ੍ਹਾਂ ਚਿਰ ਮੈਂ ਤੇਰੇ ਨਾਲ਼ ਹਾਂ, ਕੁੱਝ ਨਹੀਂ ਹੋਣਾ। ਜਦ ਤੂੰ ਓੱਥੇਂ ਪਹੁੰਚ ਗਿਆ…ਫਿਰ ਤਾਂ ਕਰਮਾ ਦੀ ਗੱਲ ਹੈ-। ਮੈਂ ਉਸ ਨੂੰ ਢਾਰਸ ਦਿੱਤੀ।

- ਤੇ ਮੁੰਡਾ?- ਉਸਨੇ ਦਰਿਆਫਤ ਕੀਤਾ।

- ਦਰੱਖ਼ਤ ਨਾਲ਼ ਖੜ੍ਹਾ-।

- ਮੈਨੂੰ ਜਾਣਾ ਪੈਣਾ-

- ਕੀ?- ਪਰ ਹੋਰ ਕੁੱਝ ਕਹਿਣ ਤੋਂ ਪਹਿਲਾਂ ਝਾੜੀਆਂ'ਚ ਵੜ ਗਿਆ। ਅੱਛਾ, ਮੈਂ ਸੋਚਿਆ, ਵੈਸੇ ਸਚੇਤੇ ਬਹਿਣ ਲੱਗਾ ਹੈ। ਪਰ ਜਦ ਵਾਪਸ ਨਹੀਂ ਨਿਕਲਿਆ ਤਾਂ ਮੈਂ ਉਸਨੂੰ ਤਿੰਨ ਚਾਰ ਹਾਕਾਂ ਮਾਰੀਆਂ। ਸਾਲਾ ਭੱਜ ਗਿਆ ਲੱਗਦਾ! ਮੈਂ ਹੁਣ ਯੋਸ਼ੀਓਕਾਂ ਵੱਲ ਨੱਠ ਕੇ ਗਿਆ।

ਅੱਧੇ ਰਾਹ ਯੋਸ਼ੀਓਕਾਂ ਦੇ ਕੁੱਝ ਸਮੁਰਾਈ ਝਾੜੀਆਂ'ਚੋਂ ਛਾਲਾਂ ਮਾਰਕੇ ਬਾਹਰ ਆਏ ਸਾਹਮਣਾ ਕਰਨ ਲਈ। ਮੈਂ ਗੁੱਸੇ ਵਿੱਚ ਕਿਹਾ ਕੇ ਮੈਂ ਤਾਂ ਸੱਸਾਕੀ ਹਾਂ ਨਾ ਕੇ ਮੁਸਾਸ਼ੀ! ਫਿਰ ਓਹ ਵਾਪਸ ਲੁਕ ਗਏ ਝਾੜੀਆਂ ਪਿੱਛੇਂ। ਮੈਂ ਦੇਖਿਆ ਕਿ ਪੜਤਲ'ਚ ਸੱਚ ਮੁੱਚ ਬੰਦੇ ਲੁਕੇ ਹੋਏ ਸਨ ਰਫਲਾਂ ਨਾਲ਼ ਘਾਤ ਲਾ ਕੇ। ਮੈਂ ਸੋਚਿਆ ਕਿ ਇਹ ਤਾਂ ਸਭ ਚਿੱਤੂ ਹੀ ਸਨ। ਫਿਰ ਮੈਂ ਗੇਂਜ਼ਾਮਨ ਵੱਲ ਜਾ ਖੜ੍ਹਿਆ।

- ਮੁਸਾਸ਼ੀ ਨਹੀਂ ਆਇਆ?- ਉਸਨੇ ਮੈਨੂੰ ਆਖਿਆ।

- ਆਇਆ ਸੀ। ਪਰ ਦੌੜ੍ਹ ਗਿਆ। ਝਾੜੀਆਂ ਵਿੱਚ ਕਿੱਤੇ। ਹੈਰਾਨੀ ਦੀ ਗੱਲ ਏ ਇਕੱਲਾ ਹੀ ਆਇਆ ਸੀ। ਇਹ ਉਸਦੀ ਕੋਈ ਚਾਲ ਹੋਵੇਗੀ। ਮੈਂ ਕੋਸ਼ਿਸ਼ ਕੀਤੀ ਉਸਨੂੰ ਇੱਥੇਂ ਲਿਆਉਣ ਦੀ, ਪਰ ਮੰਨਿਆ ਨਹੀਂ। ਤਿਆਰ ਰਹਿਓ। ਉਹ ਹੁਣ ਆਵੇਗਾ ਜ਼ਰੂਰ -।

- ਅੱਛਾ। ਪਰ ਇਹੀ ਤਿੰਨ ਰਸਤੇ ਹੈ ਇੱਥੇਂ ਆਉਂਣ ਦੇ; ਹੋਰ ਕੋਈ ਰਾਹ ਨਹੀਂ ਹੈ। ਹੁਣ ਅਸ਼ੀਂ ਮਾਰ ਦੇਣਾ ਉਸਨੂੰ, ਜਿੱਥੇਂ ਵੀ ਕਿਤੇ ਟੱਕਰ ਗਿਆ।ਹੱਦ ਦੀ ਗੱਲ ਹੈ ਕਿ ਉਹ ਬੱਸ ਕੱਲਾ ਹੀ ਆਇਆ!- ਗੇਂਜ਼ਾਮਨ ਨੇ ਕਿਹਾ।

- ਮੈਂ ਹੁਣ ਚੱਲਿਆ ਉਸ ਦੰਦੀ ਵੱਲ ਨੂੰ। ਉੱਥੋਂ ਮੈਨੂੰ ਸਭ ਕੁੱਝ ਦਿਸੂਗਾ। ਹੁਣ ਤੁਹਾਡੀ ਹੀ ਲੜਾਈ ਹੈ। ਮੈਂ ਤਾਂ ਸਿਰਫ ਸ਼ਾਹਦ ਹਾਂ-।

ਮੈਂ ਜਾ ਕੇ ਖੜ੍ਹਦਾ ਉੱਚੇ ਥਾਂ ਤੇ। ਉੱਥੋਂ ਸਭ ਕੁੱਝ ਦਿੱਸਦਾ ਹੈ। ਬਾਜ਼ ਦੀ ਅੱਖ ਵਾਂਗਰ ਨਜ਼ਰ ਨਾਲ਼ ਇਲਾਕੇ ਦਾ ਜੰਗਲ, ਦਰਿਆ ਤੇ ਪਹਾੜੀਆਂ ਵੀ ਦਿਸਦੀਆਂ ਨੇ ਉੱਥੋਂ। ਹੁਣ ਤਾਂ ਸੂਰਜ ਅੰਬਰ ਦੇ ਸਿਰ ਤੇ ਚੜ੍ਹਦਾ ਆ ਰਿਹਾ ਸੀ, ਤੇ ਇਸ ਜਗ੍ਹਾ ਤੋਂ ਸਾਰਾ ਕੁੱਝ ਸਾਫ਼ ਦਿੱਸਦਾ ਸੀ। ਪਰ ਮੁਸਾਸ਼ੀ ਜਾਂ ਉਸਦੇ ਫੌਜੀ ਕਿਤੇ ਨਹੀਂ ਦਿਸ ਰਹੇ ਸਨ। ਇਸ ਦਾ ਮਤਲਬ ਉਹ ਸਵੇਰੇ ਸੱਚ ਮੁੱਚ ਹੀ ਕੱਲਾ ਆਇਆ ਸੀ। ਯੋਸ਼ੀਓਕਾਂ ਵਾਲਿਆਂ ਤੋਂ ਤਾਂ ਉਹ ਫਿਰ ਵੀ ਜ਼ਿਆਦਾ ਬਹਾਦਰ ਸੀ।

ਗੇਂਜ਼ਾਮਨ ਹੌਲੀ ਹੌਲੀ ਚੜ੍ਹ ਕੇ ਮੇਰੇ ਕੋਲ਼ ਆ ਖੜ੍ਹਾ ਹੋਇਆ, ਡੂੰਘੇ ਡੂੰਘੇ ਸਾਹ ਭਰਦਾ।ਮੇਰੇ ਮੋਢੇ ਤੇ ਬੈਠਾ ਬਾਂਦਰ ਵੀ ਚੀਕਾਂ ਮਾਰ ਰਿਹਾ ਸੀ। ਫਿਰ ਮੈਂ ਦੇਖਿਆ ਕਿ ਪੜਤਲ ਦੇ ਪੱਤੇ ਹਿੱਲੇ। ਹੁਣ ਮੈਂ ਸਮਝ ਗਿਆ ਕਿ ਉਸ ਦੀ ਕੀ ਚਾਲ ਹੈ! ਉਹ ਪਿੱਛੇ ਮੰਦਰ ਉੱਤੋਂ ਦੀ ਰੁੱਖ ਦੀਆਂ ਟਾਣੀਆਂ ਤੇ ਚੜ੍ਹ ਗਿਆ ਸੀ। ਮੈਂ ਗੇਂਜ਼ਾਮਨ ਨੂੰ ਕੁੱਝ ਨਹੀਂ ਦੱਸਿਆ, ਕਿਉਂਕਿ ਮੈਂ ਖ਼ੁਦ ਦੇਖਣਾ ਚਾਹੁੰਦਾ ਸੀ ਮੁਸਾਸ਼ੀ ਹੁਣ ਕੀ ਕਰੂਗਾ। ਜਿਵੇਂ ਦਰੱਖ਼ਤ ਤੋਂ ਸੇਬ ਡਿੱਗਦੇ ਹੁੰਦੇ ਨੇ, ਉਸ ਤਰ੍ਹਾਂ ਯੋਸ਼ੀਓਕਾਂ ਦੇ ਕਈ ਬੰਦੂਕਬਾਜ਼ ਟਾਹਣੀਆਂ'ਤੋਂ ਥੱਲੇ ਆ ਡਿੱਗੇ। ਹੁਣ ਗੇਂਜ਼ਾਮਨ ਨੂੰ ਵੀ ਪਤਾ ਲੱਗ ਗਿਆ ਸੀ। ਫਿਰ ਮੁਸਾਸ਼ੀ ਖ਼ੁਦ ਵੀ ਰੁੱਖ'ਤੋਂ ਭੁੰਜੇ ਉਤਰ ਆਇਆ, ਤੇ ਵੇਖਦੇ ਹੀ ਵੇਖਦੇ ਸਭ ਨੂੰ ਚੀਰਕੇ ਖ਼ਤਮ ਕਰ ਦਿੱਤਾ। ਹੁਣ ਜਿਹੜੇ ਬਾਕੀ ਬਚੇ ਮੁੰਡੇ ਦੇ ਆਲ਼ੇ ਦੁਆਲ਼ੇ ਖੜ੍ਹੇ ਸਨ, ਬੜੀ ਹੈਰਾਨੀ ਤੇ ਡਰ ਨਾਲ਼ ਮੁਸਾਸ਼ੀ ਵੱਲ ਵੱਧੇ। ਗੇਂਜ਼ਾਮਨ ਨੇ ਉੱਚੀ ਦੇਣੀ ਹਾਕ ਮਾਰੀ, ਪਰ ਇੰਨ੍ਹੀ ਵਾਟ ਤੋਂ ਕੀਹਨ੍ਹੇ ਸੁਣਨਾ ਸੀ?

ਮੁਸਾਸ਼ੀ ਇੱਕ ਦਮ ਮੁੰਡੇ ਵੱਲ ਨੱਠਿਆ। ਵਿਚਾਰਾ ਮਤਾਸ਼ੀਚਿਤੋ ਤਾਂ ਬੱਚਾ ਹੀ ਸੀ, ਤੇ ਡਰ ਕੇ ਇੱਕ ਦਮ ਪੜਤਲ ਦੇ ਤਣਾ ਨੂੰ ਚਿੰਬੜ ਗਿਆ। ਪਰ ਸਾਡੇ ਵੇਂਦ੍ਹੇ ਵੇਂਦ੍ਹੇ ਹੀ, ਬੇਰਹਿਮ, ਮੁਸਾਸ਼ੀ ਨੇ ਤਾਂ ਉਸ ਮਾਸੂਮ ਮੁੰਡੇ ਨੂੰ ਅੱਧਾ ਵੱਢਕੇ ਰੱਖ ਦਿੱਤਾ। ਇਹ ਕਿਸ ਤਰ੍ਹਾਂ ਦਾ ਆਦਮੀ ਹੈ! ਜਿਸਨੇ ਨਿਆਣੇ ਦੀ ਜਾਨ ਲੈ ਲਈ, ਬੱਚੇ ਦੀ ਜਾਨ ਲੈਣਾ ਤਾਂ ਬਹੁਤ ਪਾਪ ਦੀ ਗੱਲ ਹੈ। ਭਾਵੇਂ ਚਨੌਤੀ ਤਾਂ ਮਤਾਸ਼ੀਚਿਤੋ ਦੇ ਨਾਂ ਤੇ ਹੀ ਸੀ, ਪਰ ਉਸਨੇ ਭੋਰਾ ਤਰਸ ਨਹੀਂ ਖਾਦਾ ਬੱਚੇ ਤੇ! ਬੱਸ ਏਨਾ ਹੀ ਦਿਖਾਇਆ ਦੁਨੀਆ ਨੂੰ ਕਿ ਮੈਂ ਜਿਤ ਗਿਆ। ਮੇਰਾ ਦਿਲ ਵੀ ਪਚੀਸਿਆ ਰਿਆ ਇਹ ਸਭ ਕੁੱਝ ਦੇਖਕੇ। ਵਿਚਾਰਾ ਗੇਂਜ਼ਾਮਨ ਤਾਂ ਮੇਰੇ ਨਾਲ਼ ਖੜ੍ਹਾ ਖੜ੍ਹਾ ਬੇਹੋਸ਼ ਹੋ ਕੇ ਡਿੱਗ ਪਿਆ। ਉਹ ਜਿਓਣ ਦੀ ਬਿਲਕੁਲ ਹੀ ਹਿੰਮਤ ਹਾਰ ਗਿਆ। ਪਰ ਮੇਰੀਆਂ ਅੱਖਾਂ ਤਾਂ ਜੋ ਕੁੱਝ ਹੇਠਾਂ ਵਾਪਰ ਰਿਹਾ ਸੀ ਉਸ ਦ੍ਰਿਸ਼ ਤੇ ਸਨ।

ਹੁਣ ਉਹ ਵੀ ਹੋਸ਼'ਚ ਆ ਗਏ ਸਨ, ਜਿਹੜੇ ਮਤਾਸ਼ੀਚਿਤੋ ਦੀ ਰਾਖੀ ਕਰ ਰਹੇ ਸਨ! ਪਰ ਜੋ ਕੁੱਝ ਹੁਣ ਵਾਪਰਿਆ ਸੀ, ਮੈਂ ਤਾਂ ਜ਼ਿੰਦਗੀ'ਚ ਪਹਿਲੀ ਵਾਰ ਦੇਖਿਆ ਸੀ! ਮੁਸਾਸ਼ੀ ਨੇ ਦੋਨਾਂ ਹੱਥਾਂ'ਚ ਕੱਤਾਨੇ ਫੜ੍ਹ ਕੇ ਸਾਰਿਆਂ ਨੂੰ ਚੀਰ ਦਿੱਤਾ। ਕਿਸੇ ਦਾ ਪੇਟ ਕੱਟ ਦਿੱਤਾ, ਕਿਸੇ ਦੀ ਬਾਂਹ ਤੇ ਕਿਸੇ ਦੇ ਸਿਰ ਨੂੰ ਧੜ ਤੋਂ ਅਲੱਗ ਕਰ ਦਿੱਤਾ। ਇੰਝ ਉਹ ਪੜਤਲ ਤੋਂ ਪਾਸੇ ਨੂੰ ਹੋ ਗਿਆ, ਨਿਕਲ਼ਨ ਵਾਲੇ ਪੱਥ ਵੱਲ ਨੂੰ। ਹੁਣ ਤਾਂ ਹਰ ਇੱਕ ਯੋਸ਼ੀਓਕਾ ਝਾੜੀਆਂ'ਚੋਂ ਨਿਕਲ਼ਕੇ ਸਿੱਧਾ ਮੁਸਾਸ਼ੀ ਵੱਲ ਗਿਆ ਪੂਰੇ ਗੁੱਸੇ ਨਾਲ਼ ਨੱਸਕੇ।

ਮੈਂ ਮੁੰਡੇ ਦੀ ਲਾਸ਼ ਵੱਲ ਝਾਕਿਆ। ਨਿਆਣਾ ਧਰਤੀ ਤੇ ਪਿਆ ਸੀ, ਲਹੂ ਨਾਲ਼ ਲੱਥ ਪੱਥ। ਆਦਮੀ ਜਦ ਜੋਸ਼'ਚ ਆ ਜਾਵੇ ਤਾਂ ਇੰਨ੍ਹਾ ਅਰਾਮ ਨਾਲ਼ ਵੀ ਬੱਚੇ ਨੂੰ ਮਾਰ ਸਕਦਾ ਹੈ? ਫਿਰ ਤਾਂ ਬੰਦੇ ਕੋਲ਼ ਕੋਈ ਤਰਸ ਨਾਮ ਦੀ ਚੀਜ਼ ਨਹੀਂ ਹੈ? ਹਾਂ ਮੁੰਡੇ ਦੇ ਨਾਂ'ਚ ਮੁਕਾਬਲਾ ਹੋ ਰਿਹਾ ਸੀ ਤੇ ਇਸ ਦੇ ਹਿਸਾਬ ਨਾਲ਼ ਸਹੀ ਸੀ ਮਤਾਸ਼ੀਚਿਤੋ ਨੂੰ ਮਾਰਨਾ। ਪਰ ਫਿਰ ਵੀ ਤਰਸ ਤਾਂ ਆ ਹੀ ਜਾਂਦਾ ਹੈ ਨਿਆਣੇ ਤੇ। ਮੁਸਾਸ਼ੀ'ਚ ਤਰਸ ਨਹੀਂ ਹੈ। ਪਰ ਹੁਣ ਲੋਕਾਂ ਨੇ ਜ਼ਰੂਰ ਏਨਾ ਕਹਿ ਦੇਣਾ ਕਿ ਜਪਾਨ ਦਾ ਸਭ ਤੋਂ ਤਕੜਾ ਸਮੁਰਾਈ ਮਿਯਾਮੋਤੋ ਮੁਸਾਸ਼ੀ ਹੀ ਹੈ!

ਮੈਂ ਵੇਖਿਆ ਮੁਸਾਸ਼ੀ ਦੋਹਾਂ ਤਲਵਾਰਾਂ ਨੂੰ ਹਵਾਈ ਚੱਕੀਆਂ ਵਾਂਗ ਇਧਰ ਉੱਧਰ ਮਾਰ ਰਿਹਾ ਸੀ। ਖ਼ੁਦ ਪੈਰਾਂ ਤੋਂ ਸਿਰ ਤੀਕਰ ਖ਼ੂਨ ਨਾਲ਼ ਲਾਲ ਲਾਲ ਹੋਇਆ ਪਿਆ ਸੀ। ਇੰਝ ਉਹ ਪੜਤਲ ਤੋਂ ਪਰ੍ਹਾਂ ਹੁੰਦਾ ਹੁੰਦਾ ਪੱਥ ਦੇ ਦੂਜੇ ਪਾਸੇ ਚਲਾ ਗਿਆ। ਹੁਣ ਕੇਵਲ ਅੱਠ ਯੋਸ਼ੀਓਕੇ ਹੀ ਆਲ਼ੇ ਦੁਆਲ਼ੇ ਰਹਿ ਗਏ ਸਨ, ਜਿੰਨ੍ਹਾਂ ਦੇ ਚੇਹਰਿਆਂ ਤੇ ਡਰ ਝਲਕ ਰਿਹਾ ਸੀ। ਦਰਖ਼ਤ ਤੋਂ ਇੱਥੋਂ ਤੱਕ ਧਰਤੀ ਤੇ ਲਾਸ਼ਾਂ ਵਿਛਾਈਆਂ ਪਈਆਂ ਸਨ, ਜਿਵੇਂ ਪੜਚੜ੍ਹ ਦੇ ਲਾਲ ਲਾਲ ਪਤੇ ਪਏ ਹੁੰਦੇ ਨੇ। ਇੱਕ ਦੋ ਬੰਦੇ ਹਾਲੇ ਜਿਓਂਦੇ ਸਨ ਜੋ ਲੰਙ ਮਾਰਕੇ ਇਧਰ ਉੱਧਰ ਘਿਸੜ ਰਹੇ ਸਨ, ਬੇਅੰਗ। ਹੁਣ ਜੋ ਮੁਸਾਸ਼ੀ ਦਾ ਸਾਹਮਣਾ ਕਰ ਰਹੇ ਸਨ, ਇੱਕੋਂ ਵਾਰੀ ਅੱਗੇ ਗਏ ਉਸਦੇ ਸਿਰ, ਛਾਤੀ ਤੇ ਲੱਤਾਂ ਬਾਹਾਂ ਵੱਲ ਤਲਵਾਰਾਂ ਚਲਾਉਂਦੇ ਹੋਏ। ਪਰ ਉਸਨੇ ਆਵਦੀਆਂ ਤਲਵਾਰਾਂ ਨਾਲ਼ ਅਪਸਾਰ ਕਰਕੇ ਆਵਦੇ ਤੇ ਹਮਲਾ ਕਰਨ ਵਾਲ਼ਿਆਂ ਦੀਆਂ ਬਾਹਾਂ ਲਾਹ ਦਿੱਤੀਆਂ; ਸੀਸ ਲਾਹ ਦਿੱਤੇ ਤੇ ਲੱਤਾਂ ਕੱਟ ਦਿੱਤੀਆਂ।

ਫਿਰ ਜਦ ਉਸਦੀਆਂ ਦੋਨੇ ਕੱਤਾਨਾਂ ਨੇ ਬਹੁਤ ਸਾਰਾ ਖ਼ੂਨ ਪੀ ਲਿਆ ਤਾਂ ਉਹ ਝਾੜੀਆਂ'ਚ ਛਾਲ ਮਾਰਕੇ ਛਾਈ ਮਾਈ ਹੋ ਗਿਆ।

ਮੇਰੀਆਂ ਅੱਖਾਂ ਉਸਦੇ ਸਭ ਦ੍ਰਿਸ਼ ਵੱਲ ਬੜੀ ਹੈਰਾਨੀ ਨਾਲ਼ ਝਾਕ ਰਹੀਆਂ ਸਨ। ਲੱਗਦਾ ਹੈ ਇਹ ਮੁਸਾਸ਼ੀ ਪੈਂਡੂ ਤੋਂ ਕੁੱਝ ਜ਼ਿਆਦਾ ਹੀ ਵਧਕੇ ਨਿਕਲਿਆ! ਹੋ ਸਕਦਾਂ ਇਸ ਕੋਲ਼ ਸੱਚ ਮੁੱਚ ਸਮੁਰਾਈ ਤੇ ਬੁਸ਼ੀਡੋ ਦੀ ਜੋਤ ਹੋਵੇ! ਇਹਨੂੰ ਇੱਜ਼ਤ ਦੇਣੀ ਚਾਹੀਦੀ ਹੈ। ਇਸ ਤਰ੍ਹਾਂ ਦੇ ਬੰਦੇ ਨਾਲ਼ ਲੜਕੇ ਸੁਆਦ ਆਵੇਗਾ। ਬਹੁਤ ਸੁਆਦ ਆਵੇਗਾ।

ਹੁਣ ਰਣ ਦੇ ਉੱਪਰ ਘੋਗੜੇ ਘੁੰਮ ਰਹੇ ਸਨ। ਉਨ੍ਹਾਂ ਦੇ ਘੇਰੇਦਾਰ ਚੱਕਰ ਤੋਂ ਲਾਸ਼ਾਂ ਤੇ ਛਾਂ ਪੈ ਰਹੀ ਸੀ, ਜੋ ਖ਼ੂਨ ਨਾਲ਼ ਲਾਲ ਲਾਲ ਹੋਈਆਂ ਪਈਆਂ ਸਨ। ਇਸ ਦਿਨ ਤੋਂ ਬਾਅਦ ਤਾਂ ਜ਼ਰੂਰ ਮਿਯਾਮੋਤੋ ਮੁਸਾਸ਼ੀ ਮਸ਼ੂਰ ਹੋ ਜਾਵੇਗਾ। ਆਮ ਆਦਮੀ ਇਸ ਤਰ੍ਹਾਂ ਦੇ ਸਮੁਰਾਈ ਨੂੰ ਕਿਵੇਂ ਮਾਰ ਸਕਦਾ ਹੈ? ਮੇਰੇ ਵਰਗਾ ਹੀ ਇਹ ਕੰਮ ਕਰ ਸਕਦਾਂ, ਜਿਸ ਨੂੰ ਮੁਸਾਸ਼ੀ ਤੋਂ ਜ਼ਿਆਦਾ ਪਤਾ ਹੈ ਬੁਸ਼ੀਡੋ ਬਾਰੇ। ਹਾਂ, ਇਸਦੀ ਇੱਜ਼ਤ ਕਰਨੀ ਚਾਹੀਦਾ, ਪਰ ਦੂਜੇ ਪਾਸੇ ਇਸ ਨੇ ਇੱਕ ਨਿਆਣੇ ਨੂੰ ਮਾਰ ਦਿੱਤਾ ਹੈ, ਭਾਵੇਂ ਉਸ ਦੇ ਨਾਂ ਤੇ ਹੀ ਚਨੌਤੀ ਮਿੱਲੀ ਸੀ। ਇਸਤੋਂ ਪਤਾ ਲੱਗਦਾ ਏ, ਮੁਸਾਸ਼ੀ ਵੀ ਇੱਕ ਕਰੂਰ ਬੰਦਾ ਹੀ ਹੈ। ਬਹੁਤ ਕਰੂਰ ਬੰਦਾ ਹੈ।

ਮੈਂ ਹੀ ਇਸ ਨੂੰ ਸੰਬਾਲ ਸਕਦਾਂ ਹਾਂ। ਖ਼ੁਦ ਮੈਂ ਹੀ।

ਯੋਸ਼ੀਓਕਾ ਘਰ ਤੇ ਨਾਜ਼ਲ ਹੋ ਗਿਆ ਹੈ। ਹੁਣ ਘੋਗੜੇ ਵੀ ਉੱਤਰ ਕੇ ਲੋਥਾਂ ਨੂੰ ਖਾਣ ਲੱਗ ਪਏ ਸਨ। ਇਹ ਜੰਗ ਨੂੰ ਤਾਂ ਮੁਸਾਸ਼ੀ ਨੇ ਹੀ ਜਿੱਤ ਲਿਆ ਹੈ।

# ਗੁਮਰਦਾਰ

## ੧੯੧੦



ਕਈ ਸਾਲ ਹੋ ਚੱਲੇ ਨੇ ਇਸ ਗੱਲ ਨੂੰ, ਜਦੋਂ ਮੈਂ ਮੁਸਾਸ਼ੀ ਨੂੰ ਮਿਲਿਆ ਸੀ। ਓਦੋਂ ਉਸਨੇ ਮੈਨੂੰ ਸੈਈਜ਼ਰੂ ਦੀ ਲਾਸ਼ ਕੋਲ਼ੇ ਸੁੱਟ ਕਿ ਸਾਫ਼ ਕਿਹਾ ਸੀ ਕਿ ਤੂੰ ਓਤਸੂ ਦੇ ਨੇੜੇ ਨਹੀਂ ਜਾ ਸਕਦਾ, ਤੇ ਉਸ ਦਿਨ ਤੋਂ ਹੀ ਮੈਨੂੰ ਪਤਾ ਲੱਗ ਗਿਆ ਸੀ ਕਿ ਉਸਦੀ ਨਜ਼ਰ ਮੇਰੀ ਓਤਸੂ ਤੇ ਹੈ। ਓਸੂਗੀ, ਜੋ ਮੇਰੀ ਮਾਈ ਹੈ, ਉਹ ਸਹੀ ਹੀ ਨਿਕਲੀ ਇਸ ਗੱਲ'ਚ! ਮੈਂ ਯੋਸ਼ੀਓਕਾਂ ਵੱਲ ਗਿਆ ਸੀ ਇਹ ਸਿੱਖਣ ਵਾਸਤੇ ਕਿ ਕਿਵੇਂ ਸਮੁਰਾਈ ਬਣੀ ਦਾ ਹੈ, ਪਰ ਉਸਦਾ ਕੋਈ ਫਾਇਦਾ ਨਹੀਂ ਨਿਲਕਿਆ। ਓਕੋ ਨੂੰ ਮੈਂ ਛੱਡ ਦਿੱਤਾ ਸੀ। ਦੋਸਤ ਹੀ ਮੇਰਾ ਹੁਣ ਦੁਸ਼ਮਨ ਬਣ ਗਿਆ ਸੀ। ਮੈਂ ਮਤਾਹਚੀ, ਇਸੇ ਗੱਲ ਨੂੰ ਕਿਵੇਂ ਸਹਾਰ ਸਕਦਾ ਸੀ? ਕਿ ਸਾਡਾ ਬੇਨੋਸੁੱਕਾ ਸੱਚ ਮੁੱਚ ਓਹੀ ਕਮੀਨੀ ਚੀਜ਼ ਨਿਕਲਿਆ ਜਿਸ ਬਾਰੇ ਮਾਂ ਨੇ ਕਿਹਾ ਸੀ, ਮੈਨੂੰ! ਹੌਲੀ ਹੌਲੀ ਮੈਂ ਥੋੜ੍ਹੀ ਬਹੁਤੀ ਗਤਕੇਬਾਜ਼ੀ ਸਿੱਖ ਲਈ।ਅੱਜ ਹੀ ਮੈਂ ਸੁਣਿਆ ਕਿ ਓਹ ਸਾਲਾ ਯੋਸ਼ੀਓਕਾਂ ਨਾ਼ਲ ਲੜਨ ਲੱਗਾ ਪੜਤਲ ਕੋਲ਼ੇ। ਹੁਣ ਮੈਂ ਉਨ੍ਹਾਂ ਯੋਸ਼ੀਓਕਾਂ ਨਾ਼ਲ ਸੌਦਾ ਕਰਾਂਗਾ। ਕਿ ਉਹ ਉਸ ਨੂੰ ਮਾਰ ਦੇਣ, ਤੇ ਮੈਨੂੰ ਆਵਦੀ ਤਲਵਾਰ ਨਾ਼ਲ ਉਸਦਾ ਸਿਰ ਕੱਟ ਕੇ ਮਿਯਾਮੋਤੋ ਵਾਪਸ ਪਰਤ ਜਾਣ ਦੇਣ, ਕਿਉਂਕਿ ਇਸ ਨਾ਼ਲ ਮੈਂ, ਮਾਂ ਅਤੇ ਪਿੰਡ ਵਾਲਿਆਂ ਨੂੰ ਸਬੂਤ ਦੇ ਦੇਵਾਂਗਾ ਕੇ ਸਾਕੇ ਨੂੰ ਅਸੀਂ ( ਮਤਲਬ ਮੇਰੇ ਟੱਬਰ ਨੇ) ਹੀ ਮਾਰਿਆ ਹੈ। ਇਸ ਕੰਮ ਕਰਨ ਲਈ ਮੈਂ ਸੁਭ੍ਹਾ ਸੁਭ੍ਹਾ ਉੱਠ ਕੇ ਪੜਤਲ ਵੱਲ ਨਿਕਲ ਤੁਰਿਆ।

ਰਾਹ'ਚ ਮੁਸਾਸ਼ੀ ਨਹੀਂ ਮਿਲਿਆ, ਨਾ ਹੀ ਕੋਈ ਹੋਰ ਸਮੁਰਾਈ। ਤਿੰਨ ਰਸਤੇ ਸੀ ਜੋ ਉਸ ਥਾਂ ਵੱਲ ਜਾਂਦੇ ਸਨ। ਮੈਂ ਉਨ੍ਹਾਂ'ਚੋਂ ਓਹੀ ਇੱਕ ਚੁਣਿਆ ਜਿੱਥੋਂ ਘੱਟ ਲੋਕ ਆਉਂਦੇ ਜਾਂਦੇ ਸਨ। ਮੈਂ ਹਾਲੇ ਬਹੁਤਾ ਦੂਰ ਨਹੀਂ ਗਿਆ ਹੋਵਾਂਗਾ ਕਿ ਜਦ ਕੁੱਝ ਯੋਸ਼ੀਓਕਾ ਦੇ ਬੰਦਿਆਂ ਨੇ ਝਾੜੀਆਂ'ਚੋਂ ਬਾਹਰ ਛਾਲਾਂ ਮਾਰਕੇ ਮੈਨੂੰ ਘੇਰ ਲਿਆ। ਮੈਂ ਡਰਦਾ ਆਵਦੀ ਕੱਤਾਨੇ ਨੂੰ ਇੱਧਰ ਉੱਧਰ ਮਾਰਿਆ ਤੇ ਸਿਰ ਥੱਲੇ ਕੀਤਾ। ਉਨ੍ਹਾਂ ਨੂੰ ਸ਼ਾਹਿਦ ਲੱਗਾ ਕਿ ਮੈਂ ਮੁਸਾਸ਼ੀ ਹਾਂ, ਜਾਂ ਉਸਦਾ ਕੋਈ ਫੌਜੀ ਸਾਥੀ। ਜਦ ਇੰਝ ਉਨ੍ਹਾਂ ਨੇ ਮੈਨੂੰ ਦੇਖਿਆ ਤਾਂ ਸਾਰੇ ਹੱਸ ਪਏ।

- ਤੂੰ ਕੌਣ ਏ?- ਇੱਕ ਨੇ ਪੁੱਛਿਆ।
- ਜੀ ਮਤਾਹਚੀ ਹੈ ਮੇਰਾ ਨਾਂ । ਮੈਂ ਤੁਹਾਡੀ ਮਦਦ ਕਰਨ ਆਇਆ, ਮੁਸਾਸ਼ੀ ਨੂੰ ਮਾਰਨ ਲਈ-
- ਤੂੰ?- ਇੱਕ ਮੇਰੇ ਵੱਲ ਵੇਖਕੇ ਹੱਸਿਆ ।
- ਹੱਸ ਨਾ। ਸਾਨੂੰ ਆਦਮੀਆਂ ਦੀ ਲੋੜ ਹੈ। ਹੋਂਡਾ ਤੂੰ ਇਸਨੂੰ ਗੇਂਜ਼ਾਮਨ ਕੋਲ਼ ਲੈ ਕੇ ਜਾ!- ਉਹ ਮੈਨੂੰ ਹੋਂਡੇ ਦੇ ਹਵਾਲੇ ਕਰਕੇ ਖ਼ੁਦ ਫਿਰ ਝਾੜੀਆਂ'ਚ ਛੁਪ ਗਏ। ਹੋਂਡਾ ਮੈਨੂੰ ਇੱਕ ਬੁੱਢੇ ਕੋਲ਼ ਲੈ ਕੇ ਗਿਆ। ਮੈਂ ਉਸ ਦੇ ਸਾਹਮਣੇ ( ਗੇਂਜ਼ਾਮਨ ਦੇ) ਖ਼ੁਦ ਨੂੰ ਡੰਡੌਤ ਕੇ ਉਸਨੂੰ ਦੱਸਿਆ ਕਿ ਮੈਂ ਕੌਣ ਹਾਂ ਅਤੇ ਕਿਉਂ ਇੱਥੋਂ ਆਇਆ ਹਾਂ। ਉਸਦੇ ਨੇੜੇ ਹੀ ਇੱਕ ਸਮੁਰਾਈ ਖੜ੍ਹਾ ਸੀ ਜਿਸਦੇ ਲਾਲ ਕੱਪੜੇ ਪਾਏ ਹੋਏ ਸਨ ਤੇ ਮੋਢੇ ਤੇ ਬਾਂਦਰ ਬੈਠਾ ਸੀ।
- ਠੀਕ - ਉਸਨੇ ਕਿਹਾ, - ਜਾ ਫਿਰ ਤੂੰ ਇਸ ਤਰ੍ਹਾਂ ਕਰ ਕਿ ਸਭ ਨਾ਼ਲ ਤਿਆਰ ਹੋ ਜਾ ਉਸਦੇ ਨਾ਼ਲ ਲੜਨ ਲਈ-
- ਜੀ? ਜੀ ਤੁਹਾਨੂੰ ਸਮਝ ਨਹੀਂ ਆਈ। ਮੈਂ ਉਸਨੂੰ ਕਿਵੇਂ ਮਾਰ ਸਕਦਾ ਹਾਂ? ਜਦ ਤੁਸੀਂ ਉਸ ਨੂੰ ਖਤਮ ਕਰ ਲਿਆ ਮੈਂ ਕੇਵਲ ਚਾਹੁੰਦਾ ਹਾਂ ਕਿ ਉਸਦਾ ਸਿਰ ਮੈਨੂੰ...- ਮੇਰਾ ਤਾਂ ਹਾਲੇ ਵਾਕ ਵੀ ਪੂਰਾ ਨਹੀਂ ਹੋਇਆ ਸੀ, ਪਰ ਓਦੋਂ ਹੀ ਪਤਾ ਲੱਗਾ ਜਦ ਉਸਦੇ ਇਸ਼ਾਰੇ ਤੇ ਹੋਂਡਾ ਨੇ ਮੈਨੂੰ ਉੱਥੋਂ ਚੱਕ ਕੇ ਲਿਜਾਕੇ ਝਾੜੀਆਂ'ਚ ਸੁੱਟ ਦਿੱਤਾ। ਸਾਰਿਆਂ ਦੇ ਹਾਸੇ ਨਾ਼ਲ ਮੇਰੇ ਕੰਨ ਪਾਟਣ ਲੱਗ ਪਏ। ਮੈਂ ਗੁੱਸੇ ਵਿੱਚ ਉੱਥੋਂ ਉੱਠਕੇ ਪਰ੍ਹਾਂ ਹੋ ਗਾਹਾਂ ਰੱਖਾਂ'ਚ ਜਾ ਬੈਠਾ। ਫਿਰ ਗੁੱਸੇ ਵਿੱਚ ਖੱਜਲ ਖਰਾਬ ਹੋ ਕੇ ਉੱਥੋਂ ਦੌੜ੍ਹਾ ਗਿਆ! ਪਰ ਮੇਰਾ ਗੁੱਸਾ ਵਾਪਸ ਮੁਸਾਸ਼ੀ ਤੇ ਫਿਰ ਆ ਟਿੱਕਿਆ। ਉਸਨੇ ਮੇਰਾ ਪਿਆਰ ਚੋਰੀ ਕੀਤਾ ਸੀ! ਇਸ ਲਈ ਮੈਂ ਵੀ ਝਾੜੀਆਂ'ਚ ਲੁਕ ਗਿਆ, ਉਸਨੂੰ ਘਾਤ ਲਾ ਕੇ ਮਾਰਨ ਲਈ ਜਾਂ ਫਿਰ ਜਦੋਂ ਇੰਨ੍ਹਾਂ ਨੇ ਉਸ ਨੂੰ ਮਾਰ ਦਿੱਤਾ, ਤਾਂ ਮੈਂ ਆਵਦੀ ਜਿੱਤ ਬਣਾਕੇ ਉਸਦਾ ਸੀਸ ਕੱਟ ਕੇ ਪਿੰਡ ਵਾਪਸ ਲਿਜਾਣ ਲਈ ਤਿਆਰ ਹੋ ਕੇ!

ਸੋ ਮੈਂ ਚੁੱਪ ਚਾਪ ਬਹਿ ਗਿਆ! ਹੁਣ ਮੇਰੀ ਮਾਈ ਮੇਰਿਆਂ ਸੋਚਾਂ'ਚ ਆਈ ਜੋ ਸਾਲਾਂ ਤੋਂ ਬਇੱਜ਼ਤੀ ਦਾ ਬਦਲਾ ਲੈਣ ਲਈ ਮੁਸਾਸ਼ੀ ਨੂੰ ਮਾਰਨ ਦੀ ਯਤਰਾ ਕਰ ਰਹੀ ਹੈ। ਜਿਸ ਦਾ ਮੈਂ ਇੱਕ ਨਿਕੰਮਾ ਬੇਟਾ ਨਿਕਲ ਗਿਆ ਸੀ। ਕੀ ਕਰਾਂ? ਜੋ ਹੋ ਗਿਆ ਹੋ ਗਿਆ। ਬੱਸ ਮੁਸਾਸ਼ੀ ਮੇਰਾ ਪਿਆਰ ਲੈ ਗਿਆ ਖੋਹਕੇ, ਇਸ ਲਈ ਉਸ ਨੂੰ ਮਾਰਨਾ ਸਹੀ ਹੀ ਸੀ। ਉਹ ਮੁਲਕ ਦੇ ਹਰ ਕੋਨੇ ਤੁਰਦਾ ਫਿਰਦਾ ਵਰ੍ਹਿਆਂ ਲਈ ਆਵਦੀ ਗਤਕੇਬਾਜ਼ੀ ਬਿਹਤਰ ਕਰ ਰਿਹਾ ਸੀ, ਤੇ ਮੈਂ? ਮੈਂ ਦਿਹਾੜੀਆਂ ਵਾਲੇ ਕੰਮ ਕਰ ਰਿਹਾ ਸੀ, ਕਿਸੇ ਪੱਕੇ ਪੇਸ਼ੇ'ਚ ਵੀ ਨਹੀਂ ਵੜਿਆ ਹੁਣ ਤੱਕ। ਅੱਜ ਉਸ ਦੀ ਮੌਤ ਦੇਖਾਂਗਾ। ਆਹੋ!

ਉਸ ਥਾਂ ਬੈਠੇ ਦੀ ਅੱਖ ਲੱਗ ਗਈ। ਲੋਕਾਂ ਦੀਆਂ, ਜੋ ਸਿਰਫ਼ ਯੋਸ਼ੀਓਕਾਂ ਦੇ ਸਮੁਰਾਈ ਹੀ ਹੋ ਸਕਦੇ ਨੇ, ਉੱਚੀ ਉੱਚੀ ਆਵਾਜ਼ਾਂ ਨੇ ਮੈਨੂੰ ਉੱਠਾ ਦਿੱਤਾ। ਚੀਕਾਂ ਮਾਰ ਰਹੇ ਸਨ ਸਾਰੇ। ਮੈਂ ਝਾੜੀਆਂ'ਚੋਂ ਬਾਹਰ ਨਿਗ੍ਹਾ ਮਾਰੀ। ਹਾਏ ਓਏ! ਸਾਰੇ ਪਾਸੇ ਲਾਸ਼ਾਂ ਹੀ ਲਾਸ਼ਾਂ ਪਈਆਂ ਨੇ! ਤੇ ਪੜਤਲ ਤੋਂ ਮੇਰੇ ਵੱਲ ਆ ਇੱਕ ਆਦਮੀ ਆ ਰਿਹਾ ਸੀ ਜੋ ਲਹੂ ਨਾਲ਼ ਲੱਥਪਥ ਸੀ, ਤੇ ਜਿਸਦੇ ਦੋਨਾਂ ਹੱਥਾਂ'ਚ ਤਲਵਾਰਾਂ ਫੜੀਆਂ ਹੋਈਆਂ ਸਨ! ਉਸ ਦੇ ਮਗਰ ਸਮੁਰਾਈ ਤਆਕਬ ਰਹੇ ਸਨ! ਮੈਂ ਆਵਦੀ ਕੱਤਾਨੇ ਨੂੰ ਚੁੱਕਣ ਹੀ ਲੱਗਾ ਸੀ ਜਦ ਉਹ ਝਾੜੀਆਂ'ਚੋਂ ਲੰਘ ਕੇ ਮੇਰੇ ਵੱਲ ਵਧਿਆ...ਤੇ ਉਸਦੇ ਲਾਲ਼ ਮੂੰਹ'ਚੋਂ ਉਸ ਦੀਆਂ ਅੱਖਾਂ ਫਬ ਫਬ ਨਿਕਲ ਰਹੀਆਂ ਸਨ, ਜਿਵੇਂ ਕੋਈ ਪਾਗਲ ਹੀ ਹੋਵੇ। ਉਹ ਜਦ ਮੇਰੇ ਐਨ ਕੋਲੋਂ ਲੰਘਿਆ ਤਾਂ (ਉਸ ਨੂੰ ਤਾਂ ਮੇਰੇ ਖੜ੍ਹੇ ਹੋਏ ਦੀ ਕੋਈ ਸੁਰਤ ਵੀ ਨਹੀਂ ਸੀ!) ਉਸਦਾ ਮੁੱਖੜਾ ਪਛਾਣਿਆ ਗਿਆ! ਤੇਕੇਜ਼ੋ...ਮਤਲਬ ਮੁਸਾਸ਼ੀ ਖ਼ੁਦ ਸੀ! ਪਰ ਉਸ ਦੇ ਰੱਤੋ ਰੱਤ ਲੀੜੇ ਵੇਖਕੇ ਅਤੇ ਹੱਥਾਂ ਵਿੱਚ ਦੋ ਕੱਤਾਨੇ ਵੇਖਕੇ, ਜਿੰਨ੍ਹਾਂ ਤੇ ਇੰਨ੍ਹਾਂ ਖ਼ੂਨ ਸੀ ਕਿ ਲੋਹਾ ਤਾਂ ਕਿਤੇ ਦਿਸਦਾ ਨਹੀਂ ਸੀ, ਮੈਂ ਬਹੁਤ ਡਰ ਗਿਆ। ਮੁਸਾਸ਼ੀ ਤਾਂ ਇਨਸਨ ਦੀ ਥਾਂ ਮੈਨੂੰ ਇੱਕ ਬੇਤਾਲ ਜਾਪਦਾ ਸੀ। ਮੈਂ ਜਿੱਥੇਂ ਖਲੋਇਆ ਸੀ ਉੱਥੇਂ ਹੀ ਖੜ੍ਹੋਤਾ ਰਿਹਾ। ਮੈਂ ਤਾਂ ਹਿੱਲ ਵੀ ਨਹੀਂ ਸਕਿਆ। ਫਿਰ ਜਿਵੇਂ ਸੱਚ ਮੁੱਚ ਕੋਈ ਭੂਤ ਹੁੰਦਾ, ਮੁਸਾਸ਼ੀ ਗਾਇਬ ਹੋ ਗਿਆ ਤੇ ਮੈਂ ਉਸ ਨੂੰ ਰੋਕ ਨਹੀਂ ਸਕਿਆ, ਮਾਰ ਨਹੀਂ ਸਕਿਆ, ਖ਼ੁਦ ਨਿੱਕਲ ਗਿਆ ਇੱਕ ਉਚੱਕਾ!

ਮੇਰੀ ਕੰਬ ਰਹੀ ਕਲਾਈ'ਚੋਂ ਤਲਵਾਰ ਥੱਲੇ ਡਿੱਗ ਪਈ ਤੇ ਮੈਂ ਉਸੇ ਵੇਲੇ ਸਮਝ ਗਿਆ ਕਿ ਮੈਂ ਹੀ ਗਲਤ ਹਾਂ! ਉਤਸੂ ਨੇ ਕੀ ਗਲਤ ਕੀਤਾ? ਉਹ ਤਾਂ ਪਾਕੀਜ਼ਾ ਹੀ ਹੈ! ਮੈਂ ਹੀ ਓਕੋ ਮਗਰ ਗਿਆ ਸੀ! ਤੇਕੇਜ਼ੋ ਨੇ ਤਾਂ ਇਸ ਵਿੱਚ ਕੀ ਗਲਤ ਕੀਤਾ ਹੈ! ਪਰ ਮੈਂ ਕਿਹੜੀ ਗੱਲੋਂ ਨਿਰਾਜ਼ ਹਾਂ ਉਸ ਨਾਲ਼, ਤੇ ਫਿਰ ਨਿਰਾਜ਼ ਹੋਂ ਕ ਕਰ ਵੀ ਸਕਦਾ ਹਾਂ ਮੈਂ? ਉਸ ਨੇ ਤਾਂ ਮੈਨੂੰ ਕੱਚੇ ਨੂੰ ਖਾ ਜਾਣਾ? ਤੇ ਫਿਰ ਜਦੋਂ ਮੈਂ ਵਾਪਸ ਪਿੰਡ ਨਾ ਪਰਤਿਆ, ਤਾਂ ਪਿੰਡ ਵਾਲਿਆ ਨੇ ਤਾਂ ਮੁੱਛੀ ਵੇਚਣ ਵਾਲੇ ਨਾਲ਼ ਉਤਸੂ ਦਾ ਵਿਆਹ ਕਰ ਦਿੱਤਾ ਸੀ! ਮੇਰੀ ਤਾਂ ਹੁਣ ਉਹ ਕੁੱਝ ਨਹੀਂ ਲੱਗਦੀ ਸੀ! ਮੈਂ ਗੋਡਿਆਂ ਭਾਰ ਡਿੱਗ ਕੇ ਰੋਣ ਲੱਗ ਪਿਆ। ਕਿੱਥੇਂ ਮੈਂ, ਤੇ ਕਿੱਥੇਂ ਬੇਨੋਸੁੱਕੇ! ਹੁਣ ਅਸਲੀ ਮਰਦ ਕੌਣ ਹੈ ਸਾਡੇ ਵਿੱਚੋਂ ਇਹ ਤਾਂ ਮੈਂ ਚੰਗੀ ਤਰ੍ਹਾਂ ਜਾਣ ਗਿਆ ਹਾਂ! ਮੈਂ ਝਾੜੀਆਂ ਪਿੱਛੋਂ ਯੋਸ਼ੀਓਕਾਂ ਦੇ ਡਿੱਗੇ ਬੰਦਿਆਂ ਵੱਲ ਨਜ਼ਰ ਮਾਰੀ। ਮੁਸਾਸ਼ੀ ਨੇ ਤਾਂ ਸਾਰਿਆਂ ਦਾ ਵਾਰ ਕਰ ਦਿੱਤਾ ਸੀ! ਤੇ ਮੈਂ ਉਸਦਾ ਕੀ ਕਰ ਲੈਣਾ ਸੀ? ਕੀ ਸੋਚਦਾ ਸੀ ਮੈਂ? ਉਸੂਗੀ ਤੂੰ ਕੀ ਸੋਚ ਰਹੀ ਹੈ! ਹੱਟ! ਇਸ ਦੈਂਤ ਨਾਲ਼ ਨਹੀਂ ਟੱਕਰਣਾ ਮਾਈ!

ਮੈਂ ਆਵਦੀਆਂ ਅੱਖਾਂ ਮੀਟੀਆਂ। ਤਾਂ ਵੀ ਮੁਸਾਸ਼ੀ ਦਾ ਹੀ ਮੂੰਹ ਦਿਸਦਾ ਸੀ ਲਹੂ'ਚ ਲਿਬੜਿਆ। ਉਸ ਦੇ ਕੱਪੜੇ ਜੋ ਖ਼ੂਨ ਨਾਲ਼ ਭਿਜੇ ਹੋਏ ਸਨ। ਹੱਥਾਂ ਵਿੱਚ ਉਸਦੀਆਂ ਦੋ ਤਲਵਾਰਾਂ। ਤੇ ਸੜਕ ਤੇ ਡਿੱਗੇ ਵੱਢੇ ਸਮੁਰਾਈ ਜੋ ਇੱਕ ਬੰਦੇ ਨੂੰ ਵੀ ਨਾ ਮਾਰ ਸਕੇ। ਜੇ ਇਸ ਬੰਦੇ ਤੋਂ ਡਰਨਾ ਨਹੀਂ ਹੈ ਤਾਂ ਫਿਰ ਹੋਰ ਕੀ ਕਰਨਾ ਹੈ? ਮੈਂ ਕਦੇ ਨਹੀਂ ਆਪਣੇ ਆਪ ਨੂੰ ਸੱਚਾ ਸੁਚਾ ਸਮੁਰਾਈ ਆਖ ਸਕਦਾ। ਪਰ ਮੁਸਾਸ਼ੀ ਹੁਣ ਸੱਚ ਮੁੱਚ ਹੀ ਅਸਲ ਸਮੁਰਾਈ ਬਣ ਗਿਆ ਹੈ। ਰੋਂਦਾ ਰੋਂਦਾ ਮੈਂ ਉਸ ਥਾਂ ਤੋਂ ਦੂਰ ਚਲਾ ਗਿਆ।

# ਨਾਇਕਾ

੨੨੬੮



ਸਾਡਾ ਵਿਆਹ ਹੋ ਗਿਆ ਸੀ। ਮੇਰਾ ਤੇ ਉਸੇ ਸਰਵਣ ਸਮੁਰਾਈ ਦਾ, ਜਿਸ ਨੇ ਮੇਰੇ ਮਾਂ ਪਿਉ ਨੂੰ ਮਾਰਿਆ ਸੀ। ਪਰ ਹੁਣ ਇਸ ਵਕਤ ਤਾਂ ਮੇਰੇ ਮਾਂ ਪਿਉ ਦੋਨੋਂ ਹੀ ਜਿਉਂਦੇ ਹਨ, ਅਤੇ ਦੋਨੋਂ ਹੈ ਵੀ ਇਸ ਸਮੇਂ ਜਵਾਨ। ਕਿਵੇਂ ਇਹ ਸਭ ਕੁੱਝ ਮੈਂ ਤੁਹਾਨੂੰ ਸਮਝਾਵਾਂ? ਮੇਰੇ ਤਾਂ ਖ਼ੁਦ ਨਹੀਂ ਪੱਲੇ ਪੈ ਰਹੀ ਇਹ ਗੱਲ। ਕਿ ਬਿੱਟੂ ਨੇ ਮੈਨੂੰ ਗਲਤੀ ਨਾਲ਼ ਅਤੀਤ'ਚ ਭੇਜ ਦਿੱਤਾ ਹੈ। ਮੇਰੇ ਮਗਰ ਉਹੀ ਸਮੁਰਾਈ, ਮਿਯਾਮੋਤੋ, ਆ ਪਹੁੰਚਿਆ। ਜਦ ਵਕਤ ਸਮੇ ਸਫ਼ਰ ਆਲੇ ਨੇ ਕੀਤਾ, ਸਾਨੂੰ ਦੋਨਾਂ ਨੂੰ ਨਾਲ਼ ਖਿੱਚ ਕੇ ੨੨੬੮ ਲੈ ਕੇ ਆ ਗਿਆ। ਇਸ ਸਫਰ ਵਿੱਚ ਮਸ਼ੀਨ ਖਰਾਬ ਹੋ ਗਈ, ਪਰ ਮੈਂ ਮਸਾਂ ਹੀ ਬਚੀ ਸੀ। ਆਲਾ ਹੱਥ ਲਾਉਣ ਤੇ ਤੱਤਾ ਲੱਗਦਾ ਸੀ! ਜੋ ਗਰਮੀ ਨਾਲ਼ ਸੜ ਗਿਆ ਅਤੇ ਫੱਟ ਗਿਆ ਸੀ। ਨਾਲ਼ ਹੀ ਸਮੁਰਾਈ ਸੀ ਜੋ ਬੇਹੋਸ਼ ਪਿਆ ਸੀ, ਤੇ ਮੈਂ ਉਸ ਨੂੰ ਆਲੇ'ਚੋਂ ਬਾਹਰ ਸੁੱਟ ਦਿੱਤਾ। ਮੈਂ ਫਿਰ ਕੋਸ਼ਿਸ਼ ਕੀਤੀ ਆਲੇ ਨੂੰ ਚਾਲੂ ਕਰਨ ਦੀ, ਪਰ ਉਸਨੇ ਕੋਈ ਕੰਮ ਨਹੀਂ ਕੀਤਾ।

ਫਿਰ ਮੈਂ ਆਵਦੇ ਆਲ਼ੇ ਦੁਆਲ਼ੇ ਝਾਕੀ।ਅਸੀਂ ਦੋਨੋਂ (ਮੈਂ ਤੇ ਥੱਲੇ ਪਿਆ ਮੁਸਾਸ਼ੀ) ਹੁਣ ਕਮਰੇ ਜਾਂ ਇਮਾਰਤ'ਚ ਨਹੀਂ ਸਾਂ। ਬਾਹਰ ਕਿਸੇ ਸੜਕ ਤੇ ਪਏ ਸੀ ਰੜੇ ਥਾਂ; ਸਾਡੇ ਆਸ ਪਾਸ ਕੋਈ ਦਰਖ਼ਤਾਂ ਦੀ ਛਾਂ। ਨਾ ਕੋਈ ਤੁਰਦਾ ਫਿਰਦਾ ਹੀ ਨਜ਼ਰ ਆਉਂਦਾ ਸੀ। ਰਾਤ ਸੀ।

ਮੈਂ ਉੱਠਕੇ ਇਸ ਕੋਲ਼ੇ ਹੀ ਪਏ ਹੋਏ ਸਮੁਰਾਈ ਵੱਲ ਨਜ਼ਰ ਮਾਰੀ। ਉਹ ਤਾਂ ਬੇਹੋਸ਼ ਹੀ ਸੀ। ਗੁੱਸੇ'ਚ ਮੈਂ ਉਸਦੇ ਤਿੰਨ ਚਾਰ ਵਾਰੀ ਪੈਰ ਮਾਰਿਆ। ਫਿਰ ਉਸਦਾ ਨਾਂ ਉਸਦੀ ਛਾਤੀ ਤੇ ਦੇਖਿਆ। ਇਹ ਤਾਂ ਉਹੀ ਬੰਦਾ ਸੀ ਜਿਸ ਨੇ ਮੇਰੇ ਮਾਂ ਪਿਉਂ ਨੂੰ…! ਕਾਸ਼! ਗੱਸੇ ਵਿੱਚ ਮੈਂ ਇੱਕ ਟੁੱਟੀ ਹੋਈ ਟਾਹਣੀ ਚੱਕ ਕੇ ਉਸਦੇ ਮਾਰੀ! ਫਿਰ ਗੁੱਸਾ ਹੌਲੀ ਹੌਲੀ ਠੰਡਾ ਹੋ ਗਿਆ…ਹੁਣ ਲਈ। ਮੈਂ ਫਿਰ ਉਸਦੇ ਨਾਂ ਵੱਲ ਝਾਕੀ। ਬਹੁਤ ਅਜੀਬ ਗੱਲ ਸੀ। ਇਹ ਤਾਂ ਉਹੀ ਨਾਂ ਹੈ…ਆਹੋ…ਉਹੀ ਨਾਂ ਜੋ ਅੱਜ ਕੱਲ੍ਹ ਮੇਰੇ ਸੁਪਿਆਂ'ਚ ਆਈ ਜਾਂਦਾ ਹੈ। ਇਹ ਤਾਂ…ਮੈਂ ਉਸਦਾ ਨਕਾਬ ਉਸਦੇ ਸਿਰ ਤੋਂ ਲਾਹ ਦਿੱਤਾ। ਹਾਏ! ਹਾਏ ਰੱਬਾ! ਇਹ ਮੁੱਖੜਾ ਤਾਂ ਮੇਰੇ ਸੁਪਨਿਆਂ'ਚ ਹੀ ਤੁਰਦਾ ਫਿਰਦਾ ਹੈ! ਡਰਦੀ ਡਰਦੀ ਨੇ ਮੈਂ ਫਿਰ ਉਸਦਾ ਨਕਾਬ ਉਹਦੇ ਵਾਪਸ ਪਾ ਦਿੱਤਾ। ਹੁਣ ਮੇਰਾ ਧਿਆਨ ਸਮੇ ਸਫ਼ਰ ਆਲੇ ਤੇ ਗਿਆ। ਮੈਂ ਇੱਥੋਂ ਇੰਦਾਂ ਤਾਂ ਉਸਨੂੰ ਛੱਡਕੇ ਜਾ ਨਹੀਂ ਸਕਦੀ ਸੀ! ਇਸ ਲਈ ਮੈਂ ਆਲ਼ੇ ਦੁਆਲ਼ੇ ਪਈਆਂ ਟਾਹਣੀਆਂ ਤੇ ਝਾੜੀਆਂ ਤੋੜ ਕੇ ਮਸ਼ੀਨ ਢੱਕ ਦਿੱਤੀ। ਫਿਰ ਮੈਂ ਉਸ ਬੰਦੇ ਨੂੰ ਖਿੱਚ ਕੇ ਦਰੱਖ਼ਤਾਂ'ਚ ਲੁਕੋ ਦਿੱਤਾ। ਇੱਦਾਂ ਕਰਕੇ ਮੈਂ ਤੁਰ ਪਈ। ਪਰ ਕਿੱਥੇਂ? ਹਾਂ, ਨਾਲ਼ੇ ਜੇ ਇਹ ਸਮੁਰਾਈ ਹਾਲੇ ਜਿਉਂਦਾ ਹੋਇਆ ਤਾਂ? ਮੈਂ ਵਾਪਸ ਜਾਕੇ ਉਸਦੀ ਨਬਜ਼ ਚੈੱਕ ਕੀਤੀ। ਉਹ ਤਾਂ ਵਾਕਿਆ ਹੀ ਹਾਲੇ ਜਿਉਂਦਾ ਸੀ! ਹੁਣ ਕੀ ਕਰਾਂ? ਜੇ ਇੱਦਾਂ ਛੱਡ ਦਿੱਤਾ ਤਾਂ, ਇਹਨੇ ਮਰ ਜਾਣਾ! ਪਰ ਮੈਂ ਕਾਹਤੋਂ ਉਸਨੂੰ ਬਚਾਵਾਂ? ਉਹ ਤਾਂ ਕਾਤਲ ਹੈ! ਇੱਦਾਂ ਇੱਦਾਂ ਸੋਚਦੀ ਨੇ ਮੈਂ ਉਸਦਾ ਸਾਰਾ ਬਕਤਰ ਲਾਹ ਦਿੱਤਾ। ਫਿਰ ਇਵੇਂ ਦਰੱਖ਼ਤਾਂ ਹੇਠ ਛੱਡ ਦਿੱਤਾ ਉਸਨੂੰ।

ਥੋੜ੍ਹਾ ਚਿਰ ਤੀਕਰ ਮੈਨੂੰ ਪਤਾ ਲੱਗ ਗਿਆ ਕਿ ਮੈਂ ਹਾਲੇ ਰਣਜੀਤਪੁਰ ਸ਼ਹਿਰ'ਚ ਹੀ ਹਾਂ। ਮੈਂ ਆਵਦੇ ਘਰ ਵੱਲ ਗਈ ਪਰ ਉਸ ਬੁਰਜ'ਚ ਸਾਡੀ ਰਿਹਾਇਸ਼'ਚ ਤਾਂ ਕੋਈ ਹੋਰ ਹੀ ਲੋਕ ਰਹਿ ਰਹੇ ਸਨ। ਮੈਨੂੰ ਹੁਣ ਪੂਰੀ ਸਮਝ ਸੀ ਕਿ ਮੈਂ ਆਵਦੇ ਸ਼ਹਿਰ'ਚ ਬੇਗਾਨੀ ਸਾਂ ਤੇ ਕੋਈ ਨਹੀਂ ਮੈਨੂੰ ਜਾਣਦਾ ਸੀ! ਇਸ ਤਰ੍ਹਾਂ ਕਈ ਘੰਟਿਆਂ ਤੱਕ ਇਸ ਬਦਹਵਾਸੀ ਦੀ ਹਾਲਤ'ਚ ਤੁਰਦੀ ਫਿਰਦੀ ਰਹੀ। ਹਾਰਕੇ ਭੁੱਖ ਲੱਗ ਆਈ। ਮੇਰੇ ਕੋਲ ਕੁੱਝ ਖਾਣ ਪੀਣ ਨੂੰ ਖਰੀਦਣ ਵਾਸਤੇ ਕੋਈ ਪੈਸੇ ਵੀ ਨਹੀਂ ਸੀ! ਕਦੀ ਇਸ ਮਾਲ'ਚ ਵੜਾਂ, ਕਦੀ ਉਸ ਵਿੱਚ। ਰਾਤ ਇਸ ਤਰ੍ਹਾਂ ਕਿਵੇਂ ਗੁਜ਼ਾਰਊਂਗੀ? ਫਿਰ ਕਿਸਮਤ ਨਾਲ਼ ਇੱਕ ਸੜਕ ਦੇ ਕੋਨੇ ਤੇ ਮੇਰੇ ਸਾਹਮਣੇ ਇੱਕ ਮੁੰਡੇ ਨੇ ਚੋਰੀ ਕੀਤੀ ਕਿਸੇ ਦੀ ਜੇਬ'ਚੋਂ ਬਟੂਆ ਕੱਢ ਲਿਆ। ਪਹਿਲਾਂ ਤਾਂ ਮੈਂ ਉੱਚੀ ਦੇਣੀ ਚੋਰ ਚੋਰ ਦਾ ਰੌਲਾ ਪਾਉਣ ਲੱਗੀ ਸੀ, ਪਰ ਫਿਰ ਮੈਂ ਚੁੱਪ ਰਹਿਕੇ ਉਸ ਚੋਰ ਦਾ ਪਿੱਛਾ ਕੀਤਾ। ਮੇਰੇ ਸਾਹਮਣੇ ਉਸਨੇ ਇੱਕ ਮੋਰੀ ਵਿੱਚ ਬਟੂਆ ਖ਼ਾਲੀ ਕਰਕੇ ਸੁੱਟ ਦਿੱਤਾ। ਜਦ ਉਹ ਚੱਲਾ ਗਿਆ ਤਾਂ ਮੈਂ ਬਟੂਆ ਚੁੱਕ ਲਿਆ। ਉਸ ਬਟੂਏ ਹਾਲੇ ਵੀ ਦੋ ਚਾਰ ਰੁਪੈ ਸਨ ਜੋ ਚੋਰ ਨੇ ਨਹੀਂ ਚੋਰੀ ਕੀਤੇ। ਉਹ ਮੈਂ ਆਵਦੀ ਜੇਬ'ਚ ਪਾ ਲਏ; ਫਿਰ ਬਟੂਆ ਫੋਲ ਫਾਲ ਕੇ ਦੇਖਿਆ ਕਿ ਕਿਸਦਾ ਹੈ। ਫਿਰ ਮੈਂ ਇੱਕ ਫੋਨ ਬੂਥ ਵੱਲ ਵਧੀ। ਪੈਸੇ ਪਾ ਕੇ ਆਵਦੇ ਬਾਪੂ ਜੀ , ਰਾਣੇ ਨੂੰ, ਫ਼ੋਨ ਕਰਨ ਲੱਗੀ ਸੀ , ਜਦ ਯਾਦ ਆਈ ਉਹ ਤਾਂ ਇਸ ਵੇਲੇ ਹੋਰ ਕਿਤੇ ਰਹਿੰਦਾ ਹੋਵੇਗਾ? ਨਾਲ਼ੇ ਉਸਨੂੰ ਫੋਨ ਕਰਕੇ ਕੀ ਕਹਾਂਗੀ? ਮੈਂ ਉਨ੍ਹਾਂ ਪੈਸਿਆਂ ਨਾਲ਼ ਟੈਕਸੀ ਫੜ੍ਹ ਲਈ, ਉਸ ਸਿਰਨਾਵੇ ਵੱਲ ਜਿੱਥੇਂ ਬਟੂਏ ਦਾ ਮਾਲਕ ਰਹਿੰਦਾ ਸੀ।

ਜਦ ਬਟੂਏ ਵਾਲੇ ਦੇ ਘਰ ਕੋਲ ਪੁੱਜੀ ਤਾਂ, ਚੁੱਪ ਚਾਪ ਉਸਦੇ ਦਰ ਤੇ ਬੈਠੀ ਰਹੀ। ਹਾਰਕੇ ਘੰਟੀ ਵਜ੍ਹਾਈ। ਕਿਸੇ ਨੇ ਬੂਹਾ ਨਹੀਂ ਖੋਲ੍ਹਿਆ। ਪਰ ਮੈਂ ਬੈਠੀ ਰਹੀ। ਹਾਰਕੇ ਉਸਨੂੰ ਘਰ ਤਾਂ ਆਉਣਾ ਹੀ ਪਵੇਗਾ, ਹਣਾ? ਤੇ ਜਦ ਉਹ ਘਰ ਪਰਤਿਆ, ਮੈਂ ਉਸਨੂੰ ਦੱਸਾਂਗੀ? ਕਿ ਉਸਦਾ ਬਟੂਆ ਸੜਕ ਤੇ ਪਿਆ ਮੈਨੂੰ ਲੱਭਿਆ। ਤੇ ਹਾਂ, ਜੋ ਇਸ ਵਿੱਚ ਪੈਸੇ ਸਨ ਉਹ ਨਾਲ਼ ਇੱਥੋਂ ਲੈ ਆਈ ਹਾਂ। ਹੋਰ ਕੀ ਕਰਦੀ ਮੈਂ? ਉਸਨੂੰ ਇਸ ਆਵਦੇ ਹਾਲ ਚਾਲ ਬਾਰੇ ਹੋਰ ਇੰਨ੍ਹਾਂ ਕੁ ਦੱਸ ਸਕਦੀ ਹਾਂ?ਕਿ

ਮੈਂ ਇੱਥੇਂ ਕਿਵੇਂ ਪੁੱਜੀ ਤੇ ਕਿੱਥੋਂ ਪਹੁੰਚੀ! ਥੇ ਇਸ ਲਈ ਉਸਦੀ ਮਦੱਦ ਭਾਲਦੀ ਹਾਂ? ਅੱਧਾ ਸੱਚ ਹੀ ਬੋਲ ਸਕਦੀ ਹਾਂ। ਹੋਰ ਕੀ ਕਰਾਂ?

ਹਾਰਕੇ ਉਹ ਆਦਮੀ ਆਵਦੇ ਘਰ ਆ ਗਿਆ। ਜਦ ਉਹ ਆਵਦੇ ਦਰਵਾਜ਼ੇ ਵੱਲ ਵਧਿਆ ਤਾਂ ਮੈਂ ਉਸਦੇ ਰਾਹ'ਚ ਆ ਖੜ੍ਹੋਤੀ। ਇਹ ਬਹੁਤ ਵੱਡਾ ਰਿਸਕ ਸੀ। ਬੰਦਾ ਤਾਂ ਕੱਲੀ ਨਾਰੀ ਵੇਖਕੇ ਜੋਰ ਜ਼ਬਰਦਸਤੀ ਵੀ ਕਰ ਸਕਦਾ। ਪਰ ਹੁਣ ਮੈਂ ਕੀ ਕਰਾਂ?

-ਕੌਣ?- ਉਸਨੇ ਆਖਿਆ।

-ਮੈਂ ਹਾਂ...ਜੀ..- ਉਸਦੇ ਸਾਹਮਣੇ ਆਪਣਾ ਹੱਥ ਕਰਕੇ ਬਟੂਆ ਦਿਖਾਉਂਦੀ ਨੇ ਮੈਂ ਕਿਹਾ।

-ਤੂੰ...ਚੋਰੀ?...- ਪਰ ਮੈਂ ਸਿਰ ਹਿਲਾਕੇ ਇਸ਼ਾਰਾ ਦਿੱਤਾ ਕਿ ਮੈਂ ਨਹੀਂ ਚੋਰੀ ਕੀਤੀ ਸੀ। -ਕੌਣ ਹੈ?-

-ਮੈਂ...ਮੇਰਾ ਨਾਂ ਵੀਨਾ ਹੈ। ਸਰ, ਮੈਨੂੰ ਕੁੱਝ ਗੁੰਡਿਆਂ ਨੇ ਮੇਰੇ ਪਿੰਡ...ਖੋਸਾ...ਤੋਂ ਕਿਡਨੈਪ ਕੀਤਾ ਸੀ। ਪਰ ਕਿਸਮਤ ਨਾਲ਼ ਮੈਂ ਉਨ੍ਹਾਂ ਦੇ ਹੱਥੋਂ ਨਿਕਲ ਗਈ। ਮੇਰਾ ਕੋਈ ਨਹੀਂ ਹੈ ਇਸ ਸ਼ਹਿਰ'ਚ। ਕੁੱਝ ਨਹੀਂ ਹੈ। ਮੈਨੂੰ ਪੁਲਸ ਤੇ ਭਰੋਸਾ ਨਹੀਂ ਹੈ।ਸਾਰੀ ਰਾਤ ਇੰਝ ਹੀ ਤੁਰਦੀ ਫਿਰਦੀ ਰਹੀ। ਮੈਨੂੰ ਤੁਹਾਡਾ ਬਟੂਆ ਬਾਏ ਚਾਂਸ ਸੜਕ ਤੇ ਦਿਸ ਗਿਆ ਸੀ। ਉਸ'ਚ ਤੁਹਾਡਾ ਨਾਂ ਤੇ ਸਿਰਨਾਵਾਂ ਮਿਲ ਗਿਆ। ਇਸ ਵਿੱਚ ਜੋ ਦੋ'ਕ ਰੁਪੇ ਸੀ ਉਨ੍ਹਾਂ ਨਾਲ਼ ਟੈਕਸੀ ਫੜ੍ਹਕੇ ਇੱਥੇਂ ਆਈ ਹਾਂ। ਲਉ। ਜੋ ਮੈਂ ਖਰਚਿਆ, ਕੰਮ ਕਰਕੇ ਤੁਹਾਨੂੰ ਵਾਪਸ ਦੇ ਦਿਉਂਗੀ। ਇਹ ਸੱਚ ਹੈ। ਮੇਰਾ ਹੁਣ ਕੋਈ ਨਹੀਂ ਹੈ ਇੱਥੇਂ। ਮੇਰੇ ਕੋਲ਼ ਸਮੁਰਾਈਆਂ ਨੂੰ ਸ਼ਨਾਖਤੀ ਪੇਪਰ ਦਿਖਾਉਣ ਨੂੰ ਵੀ ਨਹੀਂ ਹੈ ਹੁਣ। ਜੇ ਤੁਸੀਂ ਇੱਕ ਰਾਤ ਮੈਨੂੰ ਸੋਣ ਲਈ ਥਾਂ ਦਿਓ ਤੇ ਕਿੱਥੇਂ ਕੰਮ ਟੋਲਣ ਲਈ ਮਦੱਦ ਕਰੋਂ ਤਾਂ, ਤੁਹਾਡੀ ਬਹੁਤ ਮੈਂ ਮਹਿਰਬਾਨੀ ਹੋਵੇਗੀ, ਤੇ ਮੈਂ ਇੱਥੋਂ ਚਲੀ ਜਾਵਾਂਗੀ। ਪਲੀਜ਼- ਮੇਰੀ ਜ਼ਬਾਨ'ਚੋਂ ਇਹ ਕਥਾ ਨਿਕਲੀ।

-ਇਹ ਮੈਨੂੰ ਕਿਵੇਂ ਪਤਾ ਲੱਗੂ ਕਿ ਤੂੰ ਝੂਠ ਬੋਲ ਰਹੀ ਹੈ ਜਾਂ ਸੱਚ? ਜਾਂ ਤੂੰ ਹੀ ਤਾਂ ਚੋਰੀ ਨਹੀਂ ਕੀਤੀ? ਇਸ ਬਟੂਏ'ਚ ਕਾਫ਼ੀ ਪੈਸੇ ਸੀ?-

-ਸਰ ਚੋਰ ਚੋਰੀ ਕਰਕੇ ਤੁਹਾਡੇ ਸਾਹਮਣੇ ਖੜ੍ਹੇਗਾ?-

ਉਹ ਚੁੱਪ ਚਾਪ ਹੋ ਕੇ ਸੋਚਣ ਲੱਗ ਪਿਆ। ਹਾਰਕੇ ਬੋਲਿਆ, -ਠੀਕ। ਪਰ ਮੇਰੀ ਬੀਵੀ ਨੇ ਸਵੇਰੇ ਆ ਜਾਣਾ। ਉਸਨੂੰ ਵੀ ਜੋ ਕੁੱਝ ਤੂੰ ਮੈਨੂੰ ਦੱਸਿਆ, ਦੱਸ ਦੇਣਾ, ਨਹੀਂ ਤਾਂ ਮੇਰੇ ਲਈ ਬਹੁਤ ਮਸੀਬਤ ਹੋ ਜਾਵੇਗੀ-। ਉਸਨੇ ਜੱਕੇ ਤੱਕੀ ਨਾਲ਼ ਮੈਨੂੰ ਘਰ'ਚ ਅੰਦਰ ਆਉਣ ਦਿੱਤਾ। ਮੈਨੂੰ ਇੱਕ ਵੱਖਰੇ ਕਮਰੇ'ਚ ਮੰਜਾਂ ਡਾਹ ਦਿੱਤਾ। ਸਾਰੀ ਰਾਤ ਮੈਂ ਸੋਚੀ ਗਈ, ਉਸ ਸਮੁਰਾਈ ਨੂੰ ਕੀ ਹੋ ਗਿਆ ਹੋਵੇ? ਉੱਠ ਕੇ ਉਹ ਪੁਲਸ ਕੋਲ਼ ਚਲਾ ਗਿਆ ਹੋਵੇਗਾ? ਜਾਂ ਸਮੁਰਾਈਆਂ ਕੋਲ਼ੇ ਚਲਾ ਗਿਆ ਹੋਵੇਗਾ? ਜਾਂ ਮੇਰਾ ਹੀ ਪਿੱਛਾ ਕਰਦਾ ਹੋਵੇਗਾ? ਜਾਂ ਫਿਰ ਮੇਰੇ ਮਾਂ ਪਿਉ ਮਗਰ ਜਾਵੇਗਾ? ਉਸਨੂੰ ਮਾਰ ਦੇਣਾ ਚਾਹੀਦਾ ਸੀ! ਮੈਨੂੰ ਇਸ ਬੰਦੇ ਦੀ ਛੱਤ ਹੇਠ ਵੀ ਡਰ ਹੀ ਸੀ। ਪਰ ਉਹ ਮੇਰੇ ਕੋਲ਼ੇ ਆਇਆ ਨਹੀਂ ਸੀ।

ਕਲਚਿਲਮਨ ਮੇਰੇ ਨੇੜੇ ਆਇਆ। ਉਸਨੇ ਸਕੈਨ ਮਾਰੀ। ਪਰ ਉਸਨੇ ਜ਼ਰੂਰ ਮੈਨੂੰ ਨਹੀਂ ਪਛਾਣਿਆ।

ਜਦ ਮੇਰੀ ਨੀਂਦ ਖੁੱਲ੍ਹੀ ਤਾਂ ਮੈਂ ਉਨ੍ਹਾਂ ਮੀਆਂ ਬੀਭੀ ਦੀ ਆਵਾਜ਼ਾਂ ਅਵਾਜ਼ ਸੁਣੀ, ਜੋ ਆਪਸ ਵਿੱਚ ਬਹਿਸ ਕਰ ਰਹੇ ਸਨ। ਉਸੁ ਬੰਦੇ ਦੀ ਵਹੁਟੀ ਆ ਗਈ ਸੀ ਤੇ ਮੈਨੂੰ ਉੱਥੇਂ ਵੇਖਕੇ ਆਪਣੇ ਪਤੀ ਨਾਲ਼ ਲੜ ਰਹੀ ਸੀ। ਕਲਚਿਲਮਨ ਨੇ ਇੱਕ ਵਾਰ ਫਿਰ ਮੇਰੇ ਤੇ ਆਵਦੀ ਨਜ਼ਰ ਮਾਰੀ, ਤੇ ਫਿਰ ਉਨ੍ਹਾਂ ਵੱਲ ਤੁਰ ਪਿਆ। ਮੈਂ ਉੱਠ ਕੇ ਉਨ੍ਹਾਂ ਵੱਲ ਗਈ। ਦੋਨੋਂ ਚੁੱਪ ਹੋ ਗਏ। ਮੈਂ ਮਾਫ਼ੀ ਮੰਗੀ ਤੇ ਕਿਹਾ ਮੈਂ ਚੱਲੀ ਹਾਂ। ਜਦ ਮੈਂ ਇੰਝ ਕਿਹਾ ਤਾਂ ਉਹ ਜ਼ਨਾਨੀ ਮੇਰੇ ਮਗਰੇ ਹੀ ਬਾਹਰ ਆ ਗਈ, ਫਿਰ ਸਾਡੇ ਬਾਹਰ ਨਿਕਲਣ ਸਾਰ ਹੀ ਮੈਂ ਦੇਖਿਆ ਕਿ ਉਸਦੇ ਸ਼ੌਰ ਨੇ ਕਲਚਿਲਮਨ ਦਾ ਰਾਹ ਰੋਕ ਦਿੱਤਾ ਸੀ। ਜ਼ਨਾਨੀ ਨੇ ਮੈਨੂੰ ਬਾਹਰ ਲੈ ਕੇ ਪਾਸੇ ਕਰਕੇ ਪੁੱਛਿਆ ਕਿ- ਸੱਚ ਦੱਸ, ਤੂੰ ਕੌਣ ਹੈ?-। ਪਤਾ ਨਹੀਂ ਮੇਰੇ ਮਨ'ਚ ਕੀ ਆਇਆ ਪਰ ਜਿਵੇਂ ਹੜ੍ਹ ਕੰਧਾਂ ਨੂੰ ਜੋਰ ਨਾਲ਼ ਤੋੜਦਾ, ਮੈਥੋਂ ਸਾਰਾ ਸੱਚ ਬਾਹਰ ਆ ਗਿਆ। ਹੋ ਸਕਦਾ ਉਸਨੂੰ ਮੈਂ ਪਾਗਲ਼ ਹੀ ਲੱਗਦੀ ਹੋਵਾਂ, ਪਰ ਮੈਨੂੰ ਇਸ ਵੇਲੇ ਕੋਈ ਪਰਵਾਹ ਨਹੀਂ ਸੀ।

ਕਿਸਮਤ ਐਸੀ ਸੀ ਕਿ ਜ਼ਨਾਨੀ ਤਾਂ ਇੱਕ ਫਿਜ਼ੀਸਿਸ਼ਟ ਸੀ ਤੇ ਉਸਦਾ ਵਰ ਡਾਕਟਰ ਸੀ। ਮੈਨੂੰ ਪਤਾ ਲੱਗ ਗਿਆ ਕਿ ਇਹ ਦੋਨੋਂ ਸਰਕਾਰ ਦੇ ਖਿਲਾਫ਼ ਸਨ ਤੇ ਮੇਰੀ ਪੂਰੀ ਤਰ੍ਹਾਂ ਮਦੱਦ ਕਰਨ ਨੂੰ ਤਿਆਰ ਸਨ। ਉਨ੍ਹਾਂ ਨੇ ਹੀ ਇੱਕ ਕੰਮ ਲੱਭਕੇ

ਦਿੱਤਾ, ਮੈਨੂੰ ਆਪਣਾ ਗੁਜਾਰਾ ਤੋਰਨ ਵਾਸਤੇ। ਅਰ ਫਿਰ ਉਨ੍ਹਾਂ ਨੇ ਇੱਕ ਮਕਾਨ ਵੀ ਕਰਾਏ ਤੇ ਦਿਵਾ ਦਿੱਤਾ, ਜਿੱਥੋਂ ਕਲਚਿਲਮਨ ਨਹੀਂ ਸੀ। ਅੰਮ੍ਰਿਤਸਰ ਵਿੱਚ ਹੀ। ਪਰ ਇੱਥੇਂ ਜਾਣ ਤੋਂ ਪਹਿਲਾ ਉਨ੍ਹਾਂ ਮੇਰੀ ਮਦੱਦ ਵੀ ਕੀਤੀ ਸਮਾਂ ਸਫ਼ਰ ਆਲਾ ਨੂੰ ਘਰ ਲਿਆਕੇ ਲੁਕਾਉਣ ਲਈ। ਸਭ ਤੋਂ ਹੈਰਾਨੀ ਦੀ ਗੱਲ ਤਾਂ ਇਹ ਸੀ ਕਿ ਉਹ ਸਮੁਰਾਈ, ਮੇਰੇ ਸੁਪਨਿਆਂ ਦਾ ਮੁਸਾਸ਼ੀ ਹਾਲੇ ਵੀ ਅਗਲੇ ਦਿਨ ਤੱਕ ਬੇਹੋਸ਼ ਹੀ ਪਿਆ ਸੀ। ਉਨ੍ਹਾਂ ਨੇ ਮੈਨੂੰ ਆਖਿਆ ਕੀ ਕਰੀਏ। ਪਰ ਮੈਂ ਫੈਸਲਾ ਕਰ ਲਿਆ ਕਿ ਉਸਨੂੰ ਮਾਰਨਾ ਨਹੀਂ ਚਾਹੀਦਾ। ਸਗੋਂ ਸਰਕਾਰ ਦੀ ਨਜ਼ਰ ਤੋਂ ਪਰ੍ਹਾਂ ਹੀ ਰੱਖਣਾ ਚਾਹੀਦਾ ਹੈ।

ਇਹ ਬੰਦਾ, ਜਿਸਦਾ ਮੈਂ ਬਟੂਆ ਵਾਪਸ ਮੋੜਿਆ ਸੀ, ਇਸਦਾ ਨਾਂ ਸੁੱਖੀ ਸੀ। ਤੇ ਉਸਦੀ ਨਾਰੀ ਦਾ ਨਾਂ ਪ੍ਰੀਤ ਸੀ। ਸੁੱਖੀ ਨੇ ਖ਼ੁਦ ਡਾਕਟਰ ਹੋਣ ਕਰਕੇ, ਮੁਸਾਸ਼ੀ ਨੂੰ ਬਚਾ ਲਿਆ ਸੀ। ਤੇ ਪ੍ਰੀਤ ਇੱਕ ਵਿਗਿਆਨੀ ਹੋਣ ਕਰਕੇ ਰੋਜ਼ ਆਲੇ ਤੇ ਕੰਮ ਕਰਦੀ ਸੀ, ਸਮਝਣ ਕਿਵੇਂ ਮਸ਼ੀਨ ਕੰਮ ਕਰਦੀ ਹੈ...ਕਰਦਾ ਸੀ। ਨਿੱਤ ਨਿੱਤ ਇਸ ਬਾਰੇ ਗਿਆਨ ਵਧਦਾ ਜਾਂਦੀ ਹੈ। ਅੱਧਾ ਸਾਲ ਬੀਤ ਗਿਆ ਸੀ ਜਦ ਮੁਸਾਸ਼ੀ...ਮਤਲਬ ਸਰਵਣ, ਨੂੰ ਹੋਸ਼ ਆ ਗਈ ਸੀ। ਹੋਰ ਫਿਰ ਕੀ ਹੋਇਆ ਤੁਸੀਂ ਜਾਣਦੇ ਹੋਵਾਂਗੇ।

ਸਮਝ ਤਾਂ ਮੈਨੂੰ ਵੀ ਨਹੀਂ ਹੈ ਕਿ ਮੈਂ ਉਸਨੂੰ ਮਾਰਨ ਦੀ ਜਗ੍ਹਾ ਉਲਟਾ ਬਚਾ ਕਿਉਂ ਰਹੀ ਸੀ। ਬਦਲਾ ਕਿਉਂ ਨਹੀਂ ਲਿਆ। ਹਰ ਦਿਨ ਸੋਚਦੀ ਤਾਂ ਸੀ, ਪਰ ਭਾਵੇਂ ਉਸਨੂੰ ਵੀ ਦੱਸਿਆ ਕਿ ਉਹ ਮੇਰੇ ਸੁਪਨਿਆਂ ਨੂੰ ਸਜਾਉਂਦਾ ਸੀ...ਗੱਲ ਕੱਲੀ ਸੁਪਨਿਆਂ ਦੀ ਨਹੀਂ ਸੀ। ਸਰਵਣ ਮੁਸਾਸ਼ੀ ਦੇ ਰੂਪ ਵਿੱਚ, ਭਾਵੇਂ ਹੋਰਾਂ ਬੰਦਿਆਂ ਦੇ ਰੂਪਾਂ'ਚ ਸਦੀਆਂ ਦਾ ਮੇਰਾ ਰਾਂਝਾ ਸੀ ਤੇ ਮੈਂ ਉਸਦੀ ਹੀਰ। ਇਹ ਮੈਨੂੰ ਮਨ ਹੀ ਮਨ'ਚ ਪਤਾ ਸੀ...ਸੱਚ ਸੀ...ਉਨ੍ਹਾਂ ਹੀ ਸੱਚ ਜਿੰਨ੍ਹਾਂ ਧਾਰਮਿਕ ਲੋਕਾਂ ਲਈ ਹੁੰਦਾ ਕਿ ਰੱਬ ਹੈ। ਰੱਬ ਹਰੇਕ ਨੇ ਭਾਵੇਂ ਦੇਖਿਆ? ਭਾਵੇਂ ਨਹੀਂ, ਪਰ ਸਾਰੀ ਦੁਨੀਆ ਤਾਂ ਮੰਨਦੀ ਹੈ। ਸੋ ਮੈਂ ਵੀ ਸਹੀ ਹੋ ਸਕਦੀ ਹੈ ਨਾ? ਹੌਲੀ ਹੌਲੀ ਕੁੱਝ ਮਹੀਨਿਆਂ ਬਾਅਦ ਸਾਡੇ ਦੋਹਾਂ'ਚ ਪਿਆਰ ਹੋ ਗਿਆ। ਮੈਂ ਉਸਨੂੰ ਮਾਫ਼ ਕਰ ਦਿੱਤਾ ਸੀ। ਅੱਧਾ ਤਾਂ ਮੈਂ ਇਸ ਲਈ ਮਾਫ਼ ਕਰ ਸਕੀ ਕਿਉਂਕਿ ਮੇਰੇ ਮਾਂ ਪਿਉਂ ਮੈਨੂੰ ਮਿਲ ਗਏ ਸਨ, ਕਿਉਂਕਿ ਇਸ ਸਮੇ'ਚ ਤਾਂ ਹਾਲੇ ਉਹ ਜਿਉਂਦੇ ਹੀ ਸਨ ਤੇ ਜੋ ਸਾਡੇ ਲਈ ਅੱਗੇ ਹੈ, ਉਹ ਅਸੀਂ ਬਦਲ ਸਕਦੇ ਹਾਂ। ਸਰਵਣ ਵੀ ਪੂਰਾ ਤਿਆਰ ਸੀ ਉਨ੍ਹਾਂ ਨੂੰ ਆਪਣੇ ਆਪ ਤੋਂ ਬਚਾਉਣ ਲਈ। ਭਾਵੇਂ ਸਰਵਣ ਨੂੰ ਅੱਗੇ ਦੇ ਮੁਸਾਸ਼ੀ (ਖ਼ੁਦ ਨੂੰ) ਮਾਰਨਾ ਪਿਆ।

ਮੈਨੂੰ ਹੁਣ ਪੂਰੀ ਸਮਝ ਸੀ ਕਿ ਮੈਂ ਆਵਦੇ ਪਿਤਾ ਜੀ ਨੂੰ ਬਚਾ ਸਕਦੀ ਹਾਂ ਕਿਉਂਕਿ ਮੈਂ ਹੁਣ ਉਸਦੇ ਅਤੀਤ ਦੀ ਹਿੱਸੇਦਾਰ ਸੀ। ਅਸੀਂ ਜਦ ਮੇਰੇ ਮਾਂ ਪਿਉਂ ਦਾ ਵਿਆਹ ਹੋ ਗਿਆ ਉਨ੍ਹਾਂ ਨਾਲ਼ ਦੋਸਤੀ ਕਰ ਲਈ। ਫਿਰ ਉਨ੍ਹਾਂ ਦੇ ਘਰ ਕਈ ਗੇੜੇ ਮਾਰੇ ਸੀ। ਅਤੇ ਅਸੀਂ ਉਨ੍ਹਾਂ ਦੇ ਮਿੱਤਰ ਬਣ ਗਏ ਸਾਂ। ਸਾਡਿਆਂ ਮੰਹੂਆਂ ਤੇ ਪ੍ਰੀਤ ਨੇ ਇੱਕ ਮਲ੍ਹਮ ਮਲੀ ਜਿਸਦੇ ਲੇਪ ਨਾਲ਼ ਕਲਚਿਲਮਨ ਅੰਝ ਕਿ ਸਾਡੀ ਸ਼ਨਾਖ਼ਤ ਨਹੀਂ ਕਰ ਸਕਦਾ ਸੀ। ਇਸ ਮਲ੍ਹਮ ਕਿਸੇ ਹੋਰ ਦੇ ਜ਼ੱਰੇ ਨਾਲ਼ ਭਰੇ ਸਨ, ਜੋ ਹਾਲੇ ਜਿਉਂਦਾ ਸੀ। ਇਸ ਕਰਕੇ ਜਿੱਥੇਂ ਮਰਜ਼ੀ ਜਾ ਆ ਸਕਦੇ ਸਾਂ, ਬਿਨ੍ਹਾਂ ਸ਼ੱਕ। ਮੈਂ ਸਗੋਂ ਡੈਡ ਨਾਲ਼ ਹਰ ਦਿਨ ਬੋਲਦੀ ਸੀ। ਆਪਸ ਵਿੱਚ ਹਰ ਬੰਦਾ ਹਾਲੇ ਹਿੰਦੀ'ਚ ਹੀ ਬੋਲਦਾ ਸੀ। ਜਰ ਇੱਕ ਵਾਰ ਅਸੀਂ ਕਲਚਿਲਮਨ ਤੋਂ ਬਹੁਤ ਦੂਰ ਸਨ, ਮੈਂਥੋਂ ਬਾਪੂ ਜੀ ਨਾਲ਼ ਪੰਜਾਬੀ'ਚ ਬੋਲ ਹੋ ਗਿਆ ਸੀ। ਉਹ ਹੈਰਾਨ ਹੋ ਕੇ ਖਾਮੋਸ਼ ਹੋ ਗਿਆ। ਮੈਂ ਡਰ ਗਈ, ਕਿਉਂਕਿ ਇਹ ਨਾ ਹੋਵੇ ਕਿ ਹੁਣ ਉਹ ਸਰਕਾਰ ਨੂੰ ਮੇਰੇ ਬਾਰੇ ਦੱਸ ਦੇਵੇ। ਪਰ ਰਾਣਾ ਤਾਂ ਖ਼ੁਦ ਬਾਗ਼ੀ ਬੰਦਾ ਸੀ। ਉਸਨੇ ਮੈਨੂੰ ਆਖਿਆ ਕਿ ਮੈਂ ਉਸਨੂੰ ਪੰਜਾਬੀ ਰਾਜ਼'ਚ ਸਿਖਾਵਾਂ। ਸੋ ਮੈਂ ਇੰਝ ਹੀ ਕੀਤਾ। ਹੁਣ ਜਦ ਮੈਂ ਸੋਚਦੀ ਹਾਂ, ਮੈਂ ਹੈਰਾਨ ਹੁੰਦੀ ਹੈ ਕਿ ਜਿਸ ਆਦਮੀ ਨੇ ਮੈਨੂੰ ਪੰਜਾਬੀ ਸਿਖਾਈ ਸੀ, ਮੈਂ ਹੀ ਉਸੇ ਬੰਦੇ ਨੂੰ ਪਹਿਲਾਂ ਪੰਜਾਬੀ ਸਿਖਾਈ ਹੈ! ਜ਼ਿੰਦਗੀ ਦਾ ਇੱਕ ਅਖੰਡ ਚੱਕਰ ਹੈ!

ਫਿਰ ਮੈਂ ਸੋਚਣ ਲੱਗ ਪਈ ( ਕਿਉਂਕਿ ਉਨ੍ਹਾਂ ਨਾਲ਼ ਰੋਜ਼ ਪਿਆਰ ਵੱਧ ਰਿਹਾ ਸੀ) ਕਿ ਮੈਨੂੰ ਉਨ੍ਹਾਂ ਨੂੰ ਬਚਾਉਣ ਲਈ ਸਰਵਣ...ਮਤਲਬ ਮੁਸਾਸ਼ੀ ਨੂੰ ਮਾਰਨਾ ਹੀ ਚਾਹੀਦਾ ਹੈ! ਪਰ ਮੈਂ ਕਿਵੇਂ ਇੱਦਾਂ ਕਰ ਸਕਦੀ ਹਾਂ! ਮੇਰੇ ਤਾਂ ਪੈਰ ਭਾਰੇ ਹੋ ਗਏ ਸੀ...ਪਰ ਮੈਂ ਹਾਲੇ ਸਾਫ਼ ਸਰਵਣ ਨੂੰ ਇਹ ਗੱਲ ਦੱਸੀ ਨਹੀਂ ਸੀ। ਉਸਨੂੰ ਵੀ ਮੇਰੇ ਖਿਆਲ'ਚ ਹਾਲੇ ਕੋਈ ਸ਼ੱਕ ਨਹੀਂ ਹੈ ਕਿ ਮੈਂ ਉਸਦੇ ਬੱਚੇ ਦੀ ਮਾਂ ਬਣਨ ਵਾਲੀ ਹਾਂ। ਹਾਲੇ ਮੈਂ ਇਸ ਗੱਲ ਦਾ ਰਾਜ਼ ਹੀ ਰੱਖਣਾ ਚਾਹੁੰਦੀ ਸੀ।ਮੇਰਾ ਮਨ ਮੈਨੂੰ ਦੱਸਦਾ ਸੀ ਕਿ ਬਾਲ ਬਿੱਟੂ ਹੀ ਹੈ। ਮੈਨੂੰ ਯਾਦ ਆ ਗਈ ਕਿ ਉਸਦੀਆਂ ਅੱਖਾਂ ਤੇ ਉਸਦਾ ਮੁੱਖੜਾ ਵੀ ਮੇਰੇ ਵਰਗਾ ਸੀ!

ਪਹਿਲੇ ਦਿਨਾਂ'ਚ ਮੈਨੂੰ ਸਰਵਣ ਨਾਲ਼ ਨਫਰਤ ਹੀ ਸੀ। ਉਸਦੇ ਖਿਆਲ ਹਾਲੇ ਸਰਕਾਰ ਵਾਲੇ ਪਾਸੇ ਸਨ। ਫਿਰ ਹੌਲੀ ਹੌਲੀ ਉਸਦੀ ਸੋਚ ਬਦਲ ਗਈ ਸੀ। ਤੇ ਪਤਾ ਲੱਗਾ ਕਿ ਉਸ ਨੂੰ ਵੀ ਸੁਪਨੇ ਆਉਂਦੇ ਸਨ, ਤੇ ਉਸਦੇ ਸੁਪਨਿਆਂ'ਚ ਮੈਂ ਹੀ ਹੁੰਦੀ ਹਾਂ। ਪਰ ਉਸਦੇ ਸੁਪਨਿਆਂ ਦੇ ਹਾਲਾਤ ਅਜੀਬ ਜਿਹੇ ਸਨ। ਫਿਰ ਇੱਕ ਦਿਨ ਅਸੀਂ ਦੋਨੋਂ ਤੁਰ ਰਹੇ ਸੀ ਹਰਿਮੰਦਰ ਸਾਬਿਬ ਦੇ ਕੋਲੇ ਜਦ ਇੱਕ ਸਮੁਰਾਈ ਗਾਹਾਂ ਆਇਆ ਤੇ ਉਸਨੇ ਮੇਰੇ ਗੋਲ਼ੀ ਮਾਰਨ ਦੀ ਕੋਸ਼ਿਸ਼ ਕੀਤੀ। ਪਰ ਇਹ ਸਮੁਰਾਈ ਇਸ ਸਮੇ ਦੇ ਸਮੁਰਾਈ ਵਰਗਾ ਨਹੀਂ ਸੀ। ਉਹ ਮਤਾਹਚੀ ਹੀ ਸੀ, ਜੋ ਸਰਵਣ ਦਾ ਜੋਟੀਦਾਰ ਸੀ ਜਦ ਇਹ ਮੇਰੇ ਟੱਬਰ ਨੂੰ ਵਾਰ ਕਰਨ ਆਏ ਸਨ।ਇਸ ਦਾ ਮਤਲਬ ਮੇਰੇ ਬਿੱਟੂ ਮੂੰ ਮਾਰ ਦਿੱਤਾ ਸੀ ਜਾਂ ਗ੍ਰਿਫਤਾਰ ਕਰਕੇ ਟਾਰਚਰ ਕੀਤਾ ਹੋਵੇਗਾ ਤੇ ਪਤਾ

ਲੈ ਲਿਆ ਹੋਣਾ ਕਿ ਕਿਵੇਂ ਸਮਾਂ ਸਫਰ ਕਰਨਾ ਤੇ ਸਾਨੂੰ ਭਾਲ ਲਿਆ। ਮੈਂ ਹਾਲੇ ਬਹੁਤਾ ਸੋਚਿਆ ਨਹੀਂ ਸੀ ਕਿ ਕੀ ਹੋ ਰਿਹਾ ਹੈ, ਜਦ ਮੈਨੂੰ (ਤੇ ਮੇਰੇ ਬੱਚੇ ਨੂੰ ) ਬਚਾਉਣ ਲਈ ਸਰਵਣ ਆਵਦੇ ਸਾਥੀ ਸਮੁਰਾਈ ਤੇ ਮੇਰੇ ਵਿਚਾਲੇ ਖੜ੍ਹ ਗਿਆ ਸੀ ਤੇ ਉਸਨੇ ਮੈਨੂੰ ਬਚਾਉਣ ਲਈ ਖ਼ੁਦ ਹੀ ਮੂਹਰੇ ਹੋ ਕੇ ਗੋਲ਼ੀ ਖਾ ਲਈ ਸੀ!

ਇੱਕ ਦਮ ਹੰਭਕੇ ਡਿੱਗੇ ਸਰਵਣ...ਮੇਰੇ ਮੁਸਾਫ਼ੀ ਨੂੰ ਮੈਂ ਆਵਦੀਆਂ ਬਾਹਾਂ'ਚ ਲੈ ਲਿਆ। ਉਸੇ ਹੀ ਵਕਤ ਜਿਹੜੇ ਸਹੀ (ਮਤਲਬ ਇਸ ਸਮੇ ਦੇ ਆਮ) ਸਮੁਰਾਈ ਸਨ, ਜੋ ਸਾਡੇ ਆਲ਼ੇ ਦੁਆਲ਼ੇ ਖਲੋਤੇ, ਉਨ੍ਹਾਂ ਨੇ ਉਸ ਅਜੀਬ ਮਤਾਹਚੀ ਨੂੰ ਮਾਰ ਦਿੱਤਾ ਸੀ। ਮੈਂ ਪਿੱਟਣ ਲੱਗ ਪਈ, ਤੇ ਮੇਰੇ ਵੱਲ ਦੇਖ ਕੇ ਮੇਰਾ ਰਾਂਝਾ ਬੋਲਿਆ, -ਵੀਨਾ, ਤੂੰ ਰੋ ਨਾ, ਰੋ ਨਾ। ਤੂੰ ਉਸ ਬਿੱਟੂ ਨੂੰ ਭਾਲ। ਹਾਂ ਵੀਨਾ, ਮੈਨੂੰ ਪਤਾ ਤੇਰੀ ਹੁਣ ਕੁੱਖ ਹਰੀ ਹੋਈ ਐ। ਡਾਕਟਰ ਨੇ ਮੈਨੂੰ ਦੱਸ ਦਿੱਤਾ ਸੀ...ਸਾਡੇ ਮੁੰਡੇ ਦਾ ਨਾਂ ਬਿੱਟੂ ਹੀ ਰੱਖਣਾ ਅੱਛਾਂ। ਤੇ ਉਸਨੂੰ ਸਭ ਦੱਸ ਦੇਣਾ...ਅੱਛਾਂ ਆਵਦੇ ਮਾਂ...-।

ਸਾਡੇ ਆਲ਼ੇ ਦੁਆਲ਼ੇ ਸਮੁਰਾਈ ਤੇ ਕਲਚਿਲਮਨ ਆ ਗਏ ਸਨ। ਮੈਂ ਬੇਹੋਸ਼ ਹੋ ਗਈ। ਫਿਰ ਜਦ ਹੋਸ਼ ਆਈ ਤਾਂ ਮੈਂ ਹਸਪਤਾਲ'ਚ ਸੀ ਤੇ ਮੇਰੇ ਕੋਲ਼ੇ ਸੁੱਖੀ, ਪ੍ਰੀਤ ਤੇ ਮੇਰੇ ਮਾੱਪਿਉਂ, ਰਾਣਾ ਤੇ ਸੁਰਜੀਤ ਖੜ੍ਹੇ ਸਨ। ਮੈਂ ਉੱਚੀ ਦੇਣੀ ਚੀਕੀ ਸੀ...-ਮੁਸਾਫ਼ੀ! ਸ਼ਰਵਣ!- ਕਹਿੱਕਹਿਕੇ ਫਿਰ ਉਨ੍ਹਾਂ ਨੇ ਮੇਰਾ ਜੋਸ਼ ਠੰਡਾ ਕੀਤਾ। ਜਦ ਮੈਂ ਫਿਰ ਜਾਗੀ ਤਾਂ ਮੇਰੇ ਨਾਲ਼ ਕੱਲੀ ਪ੍ਰੀਤ ਸੀ। ਉਸਨੇ ਮੈਨੂੰ ਸਲਾਹ ਦਿੱਤੀ ਕਿ ਤੈਨੂੰ ਹੁਣ ਰਾਣੇ ਤੇ ਸੁਰਜੀਤ ਨੂੰ ਸਭ ਕੁੱਝ ਦੱਸ ਦੇਣਾ ਚਾਹੀਦਾ ਹੈ। ਮੇਰੇ ਇਸ ਸਮੇ ਵਿੱਚ ਆਉਣ ਕਾਰਨ ਤਾਂ ਹੁਣ ਇਤਿਹਾਸ ਬਦਲ ਹੀ ਗਿਆ ਸੀ, ਸੋ ਬਹੁਤੀ  ਵੱਡੀ ਗੱਲ ਨਹੀਂ ਸੀ ਜੇ ਹੁਣ ਮੈਂ ਉਨ੍ਹਾਂ ਨੂੰ ਸਭ ਕੁੱਝ ਦੱਸ ਵੀ ਦੇਵਾਂ। ਹੁਣ ਮੈਂ ਉਨ੍ਹਾਂ ਨੂੰ ਬਚਾ ਸਕਦੀ ਹਾਂ। ਪ੍ਰੀਤ ਵੀ ਪੂਰੀ ਕੋਸ਼ਿਸ਼ ਕਰ ਰਹੀ ਹੈ ਸਮੇਂ ਸਫ਼ਰ ਆਲੇ ਨੂੰ ਠੀਕ ਕਰਨ ਦੀ। ਸਗੋਂ ਜੇ ਕੱਲ੍ਹ ਵਾਲਾ ਮਤਾਹਚੀ ਇੱਥੋਂ ਆ ਗਿਆ, ਤਾਂ ਹੋ ਸਕਦਾ ਹੁਣ ਸਰਕਾਰ ਹੋਰਾਂ ਨੂੰ ਵੀ ਭੇਜ ਦੇਵੇ। ਫਿਰ ਹੋ ਸਕਦਾ ਕਿ ਸਰਕਾਰ ਅਤੀਤ ਵਿੱਚ ਜਾ ਕੇ ਸਾਰਾ ਅਤੀਤ ਹੀ ਬਦਲ ਦੇਵੇ! ਹੁਣ ਸੰਸਕਾਰਾਂ ਦਾ ਅਸਰ ਤਾਂ ਪਵੇਗਾ ਹੀ। ਉਸਨੇ ਮੈਨੂੰ ਸਮਝਾਇਆ ਕਿਵੇਂ ਤਿੱਤਲੀ ਨੂੰ ਅਤੀਤ'ਚ ਵਾਪਸ ਜਾ ਕਿ ਮਾਰ ਕੇ ਪੂਰਾ ਭਵਿੱਖ ਬਦਲਿਆ ਜਾ ਸਕਦਾ ਹੈ। ਹੁਣ ਤਿੱਤਲੀ ਦੀ ਗੱਲ ਤਾਂ ਹੋਈ ਗਈ ਸੀ, ਹੁਣ ਤਾਂ ਇੱਕ ਬੰਦੇ ਨੂੰ ਮਾਰ ਦਿੱਤਾ। ਨਾਲੇ ਅੱਜ ਦੀ ਸਰਕਾਰ ਨੇ ਤਾਂ ਮਤਾਹਚੀ ਨੂੰ ਚੁੱਕ ਲਿਆ ਹੈ ਤੇ ਜ਼ਰੂਰ ਉਸਦੀ ਵਰਦੀ ਦੀ ਜਾਂਚ ਕਰ ਰਹੀ ਹੋਵੇਗੀ। ਸਭ ਕੁੱਝ ਬਦਲ ਗਿਆ!

ਮੈਂ ਸੋਚਿਆ ਕਿ ਆਖਰੀ ਲਫ਼ਜ਼ ਸਰਵਣ ਦਾ ਇਹ ਹੀ ਸੀ ਕਿ ਤੂੰ ਕਿਸੇ ਵੀ ਤਰ੍ਹਾਂ, ਮਾਂ ਪਿਉਂ ਬਚਾ ਲਵੀਂ। ਹੋ ਸਕਦਾ ਮੈਂ ਬਿੱਟੂ ਨੂੰ ਵੀ ਬਚਾ ਲਵਾਂ? ਜੇ ਮੈਂ ਇੱਕ ਖ਼ਤ'ਚ ਸਭ ਕੁੱਝ ਲਿਖ ਦੇਵਾਂ ਤੇ ਇਸ ਤਰ੍ਹਾਂ ਸਮਾਂ ਸਫ਼ਰ ਆਲੇ ਨਾਲ਼ ਉਸ ਤਰੀਕ ਤੋਂ ਕੁੱਝ ਦਿਨ ਪਹਿਲਾਂ ਪੁੱਜੇ, ਬਿੱਟੂ ਨੂੰ ਚਿੱਠੀ ਮਿਲ ਜਾਵੇਗੀ। ਫੇਰ ਹੀ ਮੈਂ ਕੁੱਝ ਕਰ ਸਕਦੀ ਹਾਂ। ਜਿਹੜੇ ਵਕਤ ਦੀ ਲਹਿਰ'ਚ ਹੁਣ ਮੈਂ ਜਿਉਂਦੀ ਹਾਂ, ਉਸ ਵਿੱਚ ਤਾਂ ਮਾਂ ਬਾਪ ਬਚ ਹੀ ਜਾਣੇ ਹਨ, ਕਿਉਂਕਿ ਮੈਂ ਉਨ੍ਹਾਂ ਨੂੰ ਸਭ ਕੁੱਝ ਦੱਸ ਦੇਣਾ, ਤੇ ਸਮਾਂ ਸਫਰ ਆਲਾ ਦਿਖਾ ਦੇਣਾ ਹੈ। ਤੇ ਇਸ ਹੀ ਵਕਤ ਦੀ ਲਹਿਰ'ਚ ਸਾਡਾ ਪੁੱਤ ਬਿੱਟੂ ਵੀ ਠੀਕ ਹੀ ਹੋਵੇਗਾ; ਤੇ ਇਸ ਲਈ ਮੈਂ ਉਸਨੂੰ ਪਾਲਦੀ ਨੇ ਸਭ ਕੁੱਝ ਦੱਸ ਦੇਣਾ ਹੈ। ਗੱਲ ਹੈ ਦੂਜੇ ਵਕਤ ਦੀ ਲਹਿਰ ਦੀ, ਜਿੱਥੋਂ ਮੈਂ ਤੇ ਸਰਵਣ ਆਏ ਸਾਂ; ਉਸ ਵਕਤ ਨੂੰ ਵੀ ਬਦਲਣਾ ਹੈ! ਉਸੇ ਹੀ ਸਮੇਂ'ਚੋਂ ਮਤਾਹਚੀ ਪਿੱਛੇ ਆਇਆ ਹੈ। ਇਹਦਾ ਮਤਲਬ ਹੁਣ ਸਰਕਾਰ ਕੋਲ਼ੇ ਵੀ ਸਮੇਂ ਸਫਰ ਆਲਾ ਮਸ਼ੀਨ ਆ ਗਈ ਹੋਵੇਗੀ, ਜੋ ਸਮੇਂ ਨੂੰ ਪਾਰ ਕਰਨ ਲਈ ਵਰਤੀ ਜਾਂਦੀ ਹੈ। ਉਸ ਮਸ਼ੀਨ ਨੂੰ ਵਾਰ ਕਰਨਾ ਹੈ। ਤੇ ਇੱਦਾਂ ਕਰਨ ਲਈ ਸਿਰਫ਼ ਇੱਕ ਹੀ ਰਾਤ ਬਾਕੀ ਹੈ। ਹੁਣ ਪ੍ਰੀਤ ਦਾ ਵੀ ਸਮੇਂ ਸਫਰ ਆਲੇ ਨੂੰ ਠੀਕ ਕਰਨਾ ਬਹੁਤ ਜ਼ਰੂਰੀ ਹੈ। ਤਾਂ ਕਿ ਸਮੇਂ ਸਫਰ ਆਲੇ ਰਾਹੀ ਉਸ ਸੰਸਾਰ'ਚ ਜਾ ਕੇ ਮਾਂ ਪਿਉਂ ਨੂੰ ਬਚਾ ਲਿਆ ਜਾਵੇ, ਤੇ ਫਿਰ ਉਸ ਵੇਲੇ ਦੇ ਬਿੱਟੂ ਦੀ ਮਦੱਦ ਨਾਲ਼ ਉਸ ਸਰਕਾਰ ਦਾ ਹਰਾਸ ਵੀ ਕੀਤਾ ਜਾਵੇ!

ਕੁੱਝ ਦਿਨਾਂ ਬਾਅਦ ਰਾਣਾ ਤੇ ਸੁਰਜੀਤ ਜਦ ਮੈਨੂੰ ਮਿਲਣ ਆਏ ਤਾਂ ਮੈਂ ਸਭ ਕੁੱਝ ਦੱਸ ਦਿੱਤਾ ਸੀ। ਪਰ ਉਨ੍ਹਾਂ ਦੇ ਪੱਲੇ ਇਹ ਗੱਲ ਨਹੀਂ ਪਈ। ਫਿਰ ਸੁੱਖੀ ਨੇ ਮੇਰਾ ਬੱਲਡ ਟੈਸਟ ਕਰਕੇ ਉਨ੍ਹਾਂ ਨੂੰ ਡੀੱਐਨੱਏ ਦਾ ਨਿਸ਼ਕਰਸ਼ ਦਿਖਾਇਆ ਜੋ ਉਨ੍ਹਾਂ ਦੇ ਨਾਲ਼ ਹੀ ਮਿਲਦਾ ਸੀ। ਫਿਰ ਜਦ ਹਸਪਤਾਲ ਤੋਂ ਛੁੱਟੀ ਮਿਲ ਗਈ ਤਾਂ ਮੈਂ ਤੇ ਪ੍ਰੀਤ ਉਨ੍ਹਾਂ ਨੂੰ ਆਲਾ ਦਿਖਾਉਣ ਲੈ ਗਈਆਂ। ਉਹ ਦੋਨੋਂ ਬਹੁਤ ਹੈਰਾਨ ਹੋਏ। ਕਿ ਇਸ ਸੰਸਾਰ'ਚ ਉਹ ਮੇਰੇ ਮਾਂ ਪਿਉਂ ਵੀ ਹਨ ਤੇ ਦੋਸਤ ਵੀ। ਪਰ ਇਸ ਦਾ ਮਤਲਬ ਦੋ ਵੀਨਾ ਹੋਣਗੀਆਂ! ਇਹ ਤਾਂ ਅਸੰਭਵ ਗੱਲ ਹੈ; ਹੋ ਨਹੀਂ ਸਕਦੀ! ਇਸ ਲਈ ਸੁੱਖੀ ਨੇ ਮੈਨੂੰ ਕਿਹਾ ਜਦ ਬੱਚੇ ਦਾ ਜਨਮ ਹੋਵੇਗਾ ਤੈਨੂੰ ਬੱਚਾ ਪਾਲਣ ਦੀ ਥਾਂ ਉਸਨੂੰ ਆਪਣੇ ਮਾਂ ਪਿਉਂ ਦੇ ਹਵਾਲੇ ਛੱਡ ਕੇ ਸਮਾਂ ਪਾਰ ਕਰਨਾ ਹੀ ਪਵੇਗਾ। ਮੈਨੂੰ ਹੁਣ ਸਮਝ ਲੱਗ ਗਈ ਕਿ ਮੇਰੀ ਕਿਸਮਤ ਹੋਰ ਹੈ। ਵਾਪਸ ਜਾ ਕੇ ਹੀ ਸਭ ਕੁੱਝ ਬਦਲਣਾ ਪਵੇਗਾ। ਮੈਂ ਹੁਣ ਇੱਕ ਵਾਰ ਫਿਰ ਵਕਤ ਨੂੰ ਪਾਰ ਕਰਾਂਗੀ!

ਸਤ ਮਹੀਨੇ ਬਾਅਦ ਬਿੱਟੂ ਦਾ ਜਨਮ ਹੋ ਗਿਆ ਸੀ। ਇੱਕ ਸਾਲ ਹੋਰ ਬੀਤਣ ਪਿੱਛੋਂ ਮੈਂ ਚਿੱਠੀ ਤਿਆਰ ਕਰ ਲਈ ਸੀ। ਇਸ ਵਾਰ ਮਾਂ ਵੀ ਬਾਪੂ ਜੀ ਨਾਲ਼ ਜੁੜ ਗਈ ਸੀ, ਤੇ ਦੋਨੋਂ ਬਾਗ਼ੀ ਬਣ ਗਏ ਸਨ। ਸਭ ਤੋਂ ਪਹਿਲੇ ਨਿਸ਼ਾਨੇ ਸਮੁਰਾਈ

ਨਹੀਂ ਸਨ, ਪਰ ਕਲਚਿਲਮਨ ਜ਼ਰੂਰ ਸਨ। ਛੇ ਮਹੀਨੇ ਬਾਅਦ ਪ੍ਰੀਤ ਨੇ ਸਮਾਂ ਸਫ਼ਰ ਆਲੇ ਨੂੰ ਚਾਲੂ ਕਰ ਦਿੱਤਾ ਸੀ! ਹੁਣ ਮੇਰੀ ਮਰਜ਼ੀ ਸੀ, ਕਿ ਜਦ ਮੈਂ ਵਾਪਸ ਜਾਣਾ ਚਾਹਵਾਂ, ਚਲੀ ਜਾਵਾਂ! ਪਰ ਬਿੱਟੂ ਦੀ ਖਿੱਚ ਨੇ ਮੈਨੂੰ ਹਾਲੇ ਇੱਥੇਂ ਹੀ ਰੱਖਿਆ ਹੋਇਆ ਸੀ। ਦੂਜਾ ਫਿਰ ਰਾਣਾ, ਸੁਰਜੀਤ, ਸੁੱਖੀ ਤੇ ਪ੍ਰੀਤ ਵੀ ਇੱਥੇਂ ਮੇਰੇ ਪਿਆਰੇ ਮਿੱਤਰ ਸਨ। ਪਰ ਉਸ ਦੁਨੀਆ'ਚ ( ਜਿੱਥੋਂ ਮੈਂ ਇੱਥੇਂ ਆਈ ਸੀ) ਰਾਣਾ ਤੇ ਸੁਰਜੀਤ ਮੇਰੇ ਮਾਂ ਪਿਉਂ ਹੀ ਸਨ। ਉੱਥੇਂ ਵੀ ਹੁਣ ਜਾਣਾ ਹੀ ਪਵੇਗਾ ਇੱਕ ਦਿਨ!

ਬਹੁਤ ਔਖਾ ਸੀ ਬਿੱਟੂ ਨੂੰ ਛੱਡਕੇ ਜਾਣਾ। ਦਰਅਸਲ ਇੱਥੇਂ ਸਭ ਨੂੰ ਹੀ ਛੱਡਣਾ ਬੜਾ ਔਖਾ ਸੀ। ਫਿਰ ਉਹ ਦਿਨ ਵੀ ਆ ਗਿਆ ਜਦ ਮੈਨੂੰ ਬਿੱਟੂ ਆਵਦੀ ਮਾਂ ਦੇ ਹਵਾਲੇ ਕਰ ਕੇ ਜਾਣਾ ਹੀ ਪਿਆ। ਇੰਨ੍ਹਾਂ ਦੁੱਖ ਤਾਂ ਸਰਵਣ ਦੀ ਮੌਤ ਵੇਲੇ ਵੀ ਨਹੀਂ ਹੋਇਆ ਸੀ। ਮੈਂ ਸਮਾਂ ਸਫ਼ਰ ਆਲੇ'ਚ ਬੈਠ ਗਈ, ਮੇਰੇ ਸਾਹਮਣੇ ਬਿੱਟੂ ਸੀ ਮੇਰੀ ਮਾਈ ਦੇ ਗੋਦ'ਚ, ਹੱਸਦਾ ਖੇਡਦਾ ਜਿਵੇਂ ਬਾਲਕ ਹੱਸਦੇ ਖੇਡਦੇ ਹੁੰਦੇ ਨੇ।ਤਰੀਕ ਨੂੰ ਮੈਂ ਆਵਦੇ ਮਾਂ ਪਿਉਂ ਦੀ ਮੌਤ ਤੋਂ ਕੁੱਝ ਦਿਨ ਪਹਿਲਾਂ ਹੀ ਸੈੱਟ ਕਰ ਦਿੱਤਾ। ਕਿਉਂਕਿ ਮੈਂ ਕੁੱਝ ਦਿਨ ਪਹਿਲਾਂ ਪਹੁੰਚਕੇ ਸਭ ਕੁੱਝ ਬਦਲ ਸਕਦੀ ਸਾਂ। ਹੋ ਸਕਦਾ ਬਚਾਉਣ ਲਈ ਕੋਈ ਸਭ ਤੋਂ ਔਖੀ ਮੁਸੀਬਤ'ਚੋਂ ਲੰਘਣਾ ਪਵੇ...ਮਿਯਾਮੋਤੋ ਨੂੰ ਹੀ ਮਾਰਨਾ ਪਵੇ! ਪਰ ਹਾਂ, ਇਹ ਮੇਰਾ ਹੁਣ ਸਰਵਣ ਨਹੀਂ ਹੋਵੇਗਾ! ਇਹ ਤਾਂ ਉਹ ਮਿਯਾਮੋਤੋ ਹੋਵੇਗਾ ਜਿਸ ਨੇ ਸਰਕਾਰ ਲਈ ਕਤਲ ਕੀਤੇ। ਹੁਣ ਵਾਲਾ ਸਰਵਣ, ਜਿਸ ਨਾਲ਼ ਮੇਰਾ ਪਿਆਰ ਸੀ, ਉਹ ਤਾਂ ਮਤਾਹਚੀ ਦੇ ਹੱਥੋਂ ਮਾਰਿਆ ਗਿਆ ਹੈ! ਇਹ ਉਹੀ ਮੁਸਾਫ਼ੀ ਸੀ, ਜਿਸਦੇ ਖਿਆਲ ਬਦਲ ਗਏ ਸਨ ਤੇ ਹੁਣ ਜੋ ਇਸ ਸਮੇਂ'ਚ ਸਰਵਣ ਸੀ!

ਡਾਈਲ ਘੁੰਮਾ ਦਿੱਤਾ ਤੇ ਇੱਕ ਵਾਰ ਫਿਰ ਮੈਂ ਕਾਲ ਨੂੰ ਪਾਰ ਕੀਤਾ। ਐਤਕੀ ਪ੍ਰੀਤ ਨੇ ਮਸ਼ੀਨ ਨੂੰ ਇਸ ਤਰ੍ਹਾਂ ਨਾਲ਼ ਠੀਕ ਕੀਤੀ ਸੀ, ਕਿ ਕਾਲ ਪਾਰ ਕਰਕੇ ਮਸ਼ੀਨ'ਚ ਕੋਈ ਖਰਾਬੀ ਨਾ ਆਵੇ। ਮੈਂ ਪੰਜ ਦਿਨ ਪਹਿਲਾਂ ਉੱਥੇਂ ਪੁੱਜ ਗਈ ਸੀ। ਅੱਜ ਵਾਪਸ ਆ ਕੇ ਅਜੀਬ ਜਿਹਾ ਲੱਗ ਰਿਹਾ ਸੀ ਰਣਜੀਤਪੁਰ ਮੈਨੂੰ। ਮੈਂ ਦੂਰੋ ਆਵਦੇ ਘਰ ਵੱਲ ਦੇਖਿਆ। ਮੇਰੇ ਸਾਹਮਣੇ "ਮੈਂ" ਹੀ ਤੁਰਦੀ ਫਿਰਦੀ ਨਜ਼ਰ ਆਈ ਆਵਦੀ ਮਾਂ ਦੇ ਨਾਲ਼। ਚਿੱਤ ਕੀਤਾ ਆਪਣੇ ਦੂਜੇ ਰੂਪ ਵੀਨਾ ਨੂੰ ਸਭ ਕੁੱਝ ਦੱਸ ਦੇਵਾਂ, ਪਰ ਮੈਂ ਚਾਹਕੇ ਵੀ ਅੱਗੇ ਜਾ ਨਾ ਸਕੀ। ਕਿਉਂਕਿ ਮੈਂ ਓਦੋਂ ਹੀ ਸ਼ਾਮਲ ਹੋ ਸਕਦੀ ਹਾਂ ਜਦੋਂ ਸਮੁਰਾਈਆਂ ਨੇ ਖੋਜ ਸ਼ੁਰੂ ਕੀਤਾ। ਮੈਂ ਬਿੱਟੂ ਦੇ ਅੱਡੇ ਜਾ ਪਹੁੰਚੀ। ਪਹਿਲਾਂ ਉਹ ਸਾਰੇ ਹੈਰਾਨ ਜਿਹੇ ਹੋ ਗਏ। ਫਿਰ ਕਿਉਂਕਿ ਚੀਜ਼ਾਂ ਬਦਲ ਗਈਆਂ ਸਨ, ਬਿੱਟੂ ਨੂੰ ਕੋਈ ਜ਼ਿਆਦੀ ਹੈਰਾਨੀ ਨਹੀਂ ਹੋਈ ਸੀ। ਇਸ ਵੇਲੇ ਮਾਂ ਪੁੱਤ ਬਰਾਬਰ ਉਮਰ ਦੇ ਸਨ, ਤੇ ਇਹ ਇੱਕ ਅਣੋਖੀ ਹੀ ਗੱਲ ਸੀ। ਫਿਰ ਮੈਂ ਉਸਦੀ ਮਦਦ ਨਾਲ਼ ਕੁੱਝ ਤਿਆਰੀਆਂ ਕੀਤੀਆਂ। ਇੰਨ੍ਹਾਂ ਵਿੱਚ ਮੇਰੇ ਸਮੇ ਸਫ਼ਰ ਆਲੇ ਨੂੰ ਵੀ ਉਸਦੇ ਅੱਡੇ'ਚ ਲੁਕੋਇਆ। ਫਿਰ ਉਸਨੇ ਮੈਥੋਂ ਪਾਸੇ ਦੋਨਾਂ ਇੱਥੇਂ ਵਾਲੀ ਵੀਨਾ ਤੇ ਸਾਡੇ ਡੈਡੀ ਨੂੰ ਇੱਥੇਂ ਲਿਆ ਕੇ ਸਭ ਕੁੱਝ ਸਮਝਾਇਆ। ਸਕੀਮ ਹਾਲੇ ਵੀ ਇਹੋ ਸੀ ਉਸ ਦਿਨ ਘਰ ਹੋਵਣਗੇ ਤਾਂ ਕਿ ਸਰਕਾਰ ਨੂੰ ਸ਼ੱਕ ਨਾ ਪਵੇ ਤੇ ਦੋਨੋਂ ਮਾਂ ਨਾਲ਼ ਬਾਹਰ ਸਮੁਰਾਈਆਂ ਤੋਂ ਨੱਠਾਂਗੇ। ਬਾਪੂ ਜੀ ਮੈਨੂੰ ਮਿਲਣਾ ਚਾਹੁੰਦਾ ਸੀ। ਪਰ ਮੈਂ ਡਰਦੀ ਮਿਲਣਾ ਨਹੀਂ ਚਾਹੁੰਦੀ ਸੀ; ਫਿਰ ਬਿੱਟੂ ਨੇ ਇੰਤਜ਼ਾਮ ਕਰ ਦਿੱਤਾ ਤੇ ਅਸੀਂ ਦੋਨੋਂ ਮਿਲੇ ਉਸੇ ਹੀ ਥਾਂ ਸਾਡੇ ਬੁਰਜ'ਚ ਜਿੱਥੇਂ ਅਸੀਂ ਕਲਚਿਲਮਨ ਤੋਂ ਅੱਖ ਬਚਾਕੇ ਗੱਲ ਬਾਤ ਕਰਦੇ ਹੁੰਦੇ ਸਾਂ। ਪਰ ਇਸ ਵਕਤ ਸਾਨੂੰ ਕੋਈ ਗੱਲ ਬਾਤ ਨਹੀਂ ਸੁਝ ਰਹੀ ਸੀ।ਕਾਫ਼ੀ ਦੇਰ ਚੁੱਪ ਚਾਪ ਖੜ੍ਹੇ ਰਹੇ। ਫਿਰ ਅਸੀਂ ਘੁੱਟਕੇ ਜੱਫੀ ਪਾਕੇ ਦੋਨੋਂ ਰੋਣ ਲੱਗ ਪਏ। ਥੋੜ੍ਹੇ ਸਮੇਂ ਬਾਅਦ ਮੈਂ ਬੋਲੀ - ਮੇਰਾ ਤੇ ਬਿੱਟੂ ਦਾ ਫਿਕਰ ਨਾ ਕਰਿਓ। ਹੁਣ ਅਸੀਂ ਤੁਹਾਡੀ ਵੀਨਾ ਤੇ ਤੁਹਾਨੂੰ ਹੋਰ ਚੰਗੇ ਸਮੇ'ਚ ਭੇਜ ਦੇਣਾ ਹੈ।ਮੈਂ ਤੇ ਮੇਰਾ ਪੁੱਤ...ਬਿੱਟੂ ਅਸੀਂ ਇੱਥੇਂ ਰਹਿਕੇ ਸਰਕਾਰ ਨਾਲ਼ ਲੜਾਂਗੇ...ਫਿਕਰ ਨਾ ਕਰੋਂ। ਬਿੱਟੂ ਕੋਲ਼ੇ ਉਸਦਾ ਪਹਿਲਾ ਵਾਲਾ ਸਮਾਂ ਸਫ਼ਰ ਆਲਾ ਹਾਲੇ ਹੈ...ਜੇ ਲੋੜ ਪਈ ਤਾਂ-। ਫਿਰ ਅਸੀਂ ਦੁਬਾਰਾ ਗਲ਼ੇ ਲੱਗਕੇ ਮਿਲੇ ਤੇ ਉਸਤੋਂ ਬਾਅਦ ਉਹ ਘਰ ਚਲਾ ਗਿਆ ਤੇ ਮੈਂ ਬਿੱਟੂ ਦੇ ਟੋਲੇ ਵਾਪਸ ਆ ਗਈ।

ਫਿਰ ਉਹ ਸਮਾਂ ਆ ਗਿਆ। ਪਰ ਐਤਕੀ ਸਾਰਾ ਫਿਲਮੀ ਦ੍ਰਿਸ਼ ਬਦਲ ਗਿਆ। ਮਤਾਹਚੀ ਹਾਲੇ ਮੇਰੀ ਮਾਂ ਤੱਕ ਨਹੀਂ ਪੁੱਜਿਆ ਸੀ ਜਦੋਂ ਬਿੱਟੂ ਨੇ ਛਾਂ'ਚੋਂ ਨਿਕਲਕੇ ( ਜਿੱਥੇਂ ਲੁਕਿਆ ਸੀ) ਉਸਨੂੰ ਗੋਲੀ ਨਾਲ਼ ਖ਼ਤਮ ਕਰ ਦਿੱਤਾ। ਉਸੇ ਹੀ ਪਲ ਮਿਯਾਮੋਤੋ ਨੇ ਆਵਦੀ ਬੰਦੂਕ ਤਾਣ ਲਈ। ਫਿਰ ਮੈਨੂੰ ਹੀ ਹਿੰਮਤ ਕਰਨੀ ਪਈ ਉਸਤੇ ਗੋਲ਼ੀਆਂ ਚਲਾਉਣ ਦੀ ਕਿਉਂਕਿ ਉਹ ਹੋਰ ਕਿਸੇ ਤੋਂ ਡਿੱਗਿਆ ਨਹੀਂ ਸੀ। ਮਜ਼ਬੂਰੀ'ਚ ਮੈਨੂੰ ਆਵਦੇ ਹੋਣ ਵਾਲੇ ਵਰ ਤੇ ਹੀ ਗੋਲ਼ੀਆਂ ਚਲਾਉਣੀਆਂ ਪਈਆਂ, ਫਿਰ ਮੈਂ ਸੋਚਿਆ ਹੁਣ ਜਿੰਨ੍ਹਾਂ ਮਰਜ਼ੀ ਮੇਰਾ ਮਨ ਗਿਰ ਜਾਵੇ ਇਹ ਤਾਂ ਹੁਣ ਮੈਨੂੰ ਕਰਨਾ ਹੀ ਪੈਣਾ। ਮੇਰੀ ਕਲਾਈ ਵੀ ਕੰਬੀ, ਪਰ ਮੈਂ ਬਾਪੂ ਜੀ, ਮਾਂ ਤੇ ਦੂਜੀ ਵੀਨਾ ਨੂੰ ਬਚਾਉਣ ਲਈ ਉਸ ਨੂੰ ਖ਼ਤਮ ਕਰ ਦਿੱਤਾ...ਉਹ ਕੱਲਾ ਮੇਰਾ ਹੀ ਕੁੱਝ ਨਹੀਂ ਲੱਗਦਾ ਸੀ, ਸਗੋਂ ਬਿੱਟੂ ਦਾ ਵੀ ਪਿਤਾ ਸੀ। ਪਰ ਹੋਰ ਕੋਈ ਰਾਹ ਵੀ ਨਹੀਂ ਸੀ। ਬਿੱਟੂ ਥੋੜ੍ਹੇ ਚਿਰ ਲਈ ਉੱਥੇਂ ਹੀ ਖੜ੍ਹਾ ਵੇਖਦਾ ਰਿਹਾ, ਆਵਦੇ ਡਿੱਗੇ ਹੋਏ ਬਾਪੂ ਵੱਲ।ਮੈਂ ਵੀ ਖੜ੍ਹੀ ਰਹੀ, ਫਿਰ ਮੈਂ ਸੋਚਿਆ, ਕਿ ਇਹ ਉਹ ਸਰਵਣ ਨਹੀਂ ਹੈ। ਪਰ ਦਿਲ ਫਿਰ ਵੀ ਦੁੱਖੀ ਹੁੰਦਾ ਰਿਹਾ, ਇਹ ਜਾਣਕੇ ਕਿ ਹਰ ਵਕਤ ਦੀ ਲਹਿਰ'ਚ ਸਰਵਣ ਦੀ ਇਹ ਕਿਸਮਤ ਹੈ ਕਿ ਬੱਸ ਗੋਲ਼ੀਆਂ ਵੱਜਕੇ ਮਰਨਾਂ। ਫਿਰ ਅਸੀਂ ਦੋਨਾਂ ਨੇ ਫੈਸਲਾ ਕਰ ਲਿਆ ਉਸਦੀ ਲਾਸ਼ ਨੂੰ ਉੱਥੋਂ ਚੁੱਕਣ ਦਾ।

ਉਸ ਰਾਤ ਮੈਂ ਆਵਦੇ ਵੀਨਾ ਦੇ ਦੂਜੇ ਰੂਪ, ਮਾਈ ਤੇ ਬਾਪੂ ਜੀ ਨੂੰ ਵਿਦਾ ਕਰਕੇ ਸਮੇ ਸਫ਼ਰ ਆਲੇ ਰਾਹੀ ਉਨ੍ਹਾਂ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਸਮੇਂ'ਚ ਭੇਜ ਦਿੱਤਾ। ਬਿੱਟੂ ਨੇ ਮਸ਼ੀਨ'ਚ ਕੁੱਝ ਚੀਜ਼ਾਂ ਰੱਖੀਆਂ ਜਿੰਨ੍ਹਾਂ ਨਾਲ਼ ਉਨ੍ਹਾਂ ਦੀ ਕੁੱਝ ਮਦਦ ਹੋਵੇਗੀ, ਉਨ੍ਹਾਂ ਦੀ ਨਵੀਂ ਜ਼ਿੰਦਗੀ'ਚ। ਉਸ ਰਾਤ ਮੈਂ ਤੇ ਬਿੱਟੂ ਨੇ ਸਰਵਣ ਦਾ ਸੰਸਕਾਰ ਕੀਤਾ। ਚਿਖਾ ਦੀਆਂ ਲਾਟਾਂ ਵੱਲ ਝਾਕਦੀ ਮੈਂ ਸੋਚੀ ਰਹੀ ਸੀ ਕਿ ਇਹ ਉਹ ਮੁਸਾਸ਼ੀ ਤਾਂ ਨਹੀਂ ਹੈ ਜਿਸ ਨੂੰ ਮਤਾਹਚੀ ਨੇ ਮਾਰਿਆ ਸੀ। ਨਾ ਹੀ ਇਹ ਉਹ ਮੁਸਾਸ਼ੀ ਹੈ ਜਿਸ ਨੇ ਮੈਨੂੰ ਕਿਹਾ ਸੀ ਮਾਂ ਪਿਉਂ ਨੂੰ ਬਚਾਉਣ ਲਈ।ਇਸ ਲਈ ਮੈਂ ਬਹੁਤਾ ਨਹੀਂ ਪਛਤਾਈ। ਬਿੱਟੂ ਨੇ ਵੀ ਇਹ ਕਿਹਾ ਕਿ ਜੇ ਮੈਂ ਹੁਣ ਵਾਪਸ ਉਸ ਸਮੇਂ'ਚ ਚਲੀ ਜਾਵਾਂ ਜਿੱਥੇਂ ਬਿੱਟੂ ਹਜੇ ਬੱਚਾ ਹੀ ਹੈ, ਕੀ ਪਤਾ ਸਭ ਕੁੱਝ ਬਦਲ ਜਾਵੇ? ਪਰ ਮੈਂ ਖ਼ੁਸ਼ ਸੀ ਉਸ ਨਾਲ਼ ਇੱਥੇਂ ਹੀ ਰਹਿਣ ਲਈ। ਅਸੀਂ ਇੱਥੇਂ ਇਨਕਲਾਬ ਪੈਦਾ ਕਰਨਾ ਹੈ।

ਕੀ ਹਰ ਸਮੇ'ਚ ਸਰਵਣ, ਮਤਲਬ ਮੁਸਾਸ਼ੀ ਦੀ ਇਹ ਹੀ ਕਿਸਮਤ ਹੈ ਕਿ ਉਸਨੇ ਲੜਾਈ'ਚ ਹੀ ਮਾਰਿਆ ਜਾਣਾ ਹੈ? ਕੀ ਪਤਾ।

ਹਰ ਜਨਮ ਅਸੀਂ ਦੋਨੋਂ ਹੀ ਹੋਵਾਂਗੇ।

ਹਰ ਸਦੀ ਵਿੱਚ ਜਿਉਂਵਾਂਗੇ।

ਹਰ ਦੇਸ਼'ਚ ਵਸਾਂਗੇ।

ਮੈਂ ਤੇ ਮੇਰਾ ਸਮੁਰਾਈ॥

# ਅਜਲ

## ੧੬੧੨



ਡਰੋ ਨਾ। ਇਹ ਤਾਂ ਜਦ ਇਨਸਾਨ , ਜਾਨਵਰ ਜਾਂ ਬੂਟੇ ਵੀ ਮੇਰਾ ਨਾਂ ਸੁਣਦੇ ਹਨ ਤਾਂ ਡਰ ਨਾਲ਼ ਕੰਬਦੇ ਨੱਠ ਜਾਂਦੇ ਨੇ। ਮੈਂ ਜੋ ਹਾਂ ਬੱਸ ਹਾਂ। ਮੈਂ ਰੱਬ ਨੂੰ ਆਖਿਆ ਨਹੀਂ ਸੀ ਕਿ ਮੈਨੂੰ ਇਸ ਤਰ੍ਹਾਂ ਦਾ ਬਣਾਇਆ ਜਾਵੇ। ਵੈਸੇ ਰੱਬ ਨੇ ਕਦੇ ਕਿਸੇ ਤੋਂ ਪੁੱਛਿਆ ਉਸ ਨੂੰ ਸਿਰਜਣ ਲੱਗਿਆ? ਜੋ ਹੈ ਸੋ ਹੈ।ਫਿਰ ਮੈਂ ਕੀ ਹਾਂ? ਕੁੱਝ ਲੋਕ ਮੈਨੂੰ ਕਾਲ ਆਖਦੇ ਨੇ। ਕੁੱਝ ਮੈਨੂੰ ਮਾਤਮ ਦਾ ਖਿਤਾਬ ਦਿੰਦੇ ਨੇ। ਆਮ ਭਾਸਾ'ਚ ਮੈਂ ਮੌਤ ਹਾਂ। ਹਰ ਇੱਕ ਚੀਜ਼ ਦਾ ਅੰਤ। ਜੇ ਹਰ ਚੀਜ਼ ਦੀ ਸ਼ਰੂਆਤ ਹੈ ਤਾਂ ਫਿਰ ਸਿਰਾ ਵੀ ਹੈ, ਇਸ ਲਈ ਇੰਤਕਾਲ ਤਾਂ ਹੋਣਾ ਹੀ ਹੋਣਾ ਹੈ। ਇਸ ਵਿੱਚ ਮੇਰਾ ਕੋਈ ਕਸੂਰ ਨਹੀਂ। ਜਦੋਂ ਕਿਸੇ ਕੀਟ ਪਤੰਗੇ, ਰੁੱਖ ਪੱਤੇ, ਜਾਨਵਰ ਜਾਂ ਇਨਸਾਨ ਦਾ ਸਮਾਪਤੀ ਵੇਲਾ ਆਉਂਦਾ ਹੈ ਤਾਂ ਮੇਰਾ ਹੀ ਕੰਮ ਹੈ ਉਸਨੂੰ ਆਵਦੀ ਗੋਦ'ਚ ਲੈ ਕੇ ਜਾਣ ਦਾ। ਮੈਨੂੰ ਕੀ'ਕੀ ਨ੍ਹੀਂ ਦੇਖਣਾ ਪਿਆ? ਬੱਚਿਆਂ ਨੂੰ ਉਨ੍ਹਾਂ ਦੀ ਮਾਂ ਤੋਂ ਲੈ ਕੇ ਜਾਣਾ ਪਿਆ ਮੈਨੂੰ; ਬੁੱਢਿਆ ਨੂੰ ਉਨ੍ਹਾਂ ਦੇ ਬੱਚਿਆਂ ਤੋਂ। ਇਸ ਵਿੱਚ ਮੇਰੀ ਕੋਈ ਗਲਤੀ ਨਹੀਂ ਹੈ ਜਦ ਕਿਸੇ ਦੀ ਦੇਹ ਕੰਮ ਕਰਨੋਂ ਹਟ ਜਾਂਦੀ ਹੈ। ਵਾਪਸ ਲਿਜਾਣੀ ਪੈਂਦੀ ਹੈ। ਕਈ ਹਾਦਸੇ ਵੀ ਹੋ ਜਾਂਦੇ ਨੇ, ਕੀ ਇਹ ਵੀ ਕਿਸੇ ਦੇ ਹੱਥ'ਚ ਹੈ? ਜਾਂ ਫਿਰ ਜਦੋਂ ਇਨਸਾਨ ਕਿਸੇ ਹੋਰ ਇਨਸਾਨ ਨੂੰ ਮਾਰਦਾ? ਕੀ ਇਹ ਵੀ ਮੇਰਾ ਕਸੂਰ ਹੈ? ਨਹੀਂ। ਇਹ ਮੇਰਾ ਕਸੂਰ ਨਹੀਂ ਹੈ। ਜਾਨਵਰ ਤਾਂ ਜਾਨਵਾਰ ਨੂੰ ਪੇਟ ਦੀ ਭੁੱਖ ਕਰਕੇ ਮਾਰਦੇ ਨੇ। ਪਰ ਇਨਸਾਨ ਇਨਸਾਨ ਨੂੰ ਕਿਉਂ ਮਾਰਦਾ? ਬੱਸ ਇਸ ਲਈ ਹੀ ਕਿ ਦੂਜੇ ਦੀ ਸੋਚ ਵੱਖਰੀ ਹੈ, ਜਾਂ ਦੂਜੇ ਦਾ ਧਰਮ ਉਸਦੇ ਧਰਮ ਨਾਲੋਂ ਹਟਵਾਂ ਹੈ, ਜਾਂ ਫਿਰ ਦੂਜੇ ਦੀ ਜਾਤ ਵੀ ਵੱਖਰੀ ਹ, ਜੋ ਖ਼ੁਦ ਇਨਸਾਨ ਦੀ ਹੀ ਬਣਾਈ ਹੈ, ਉੱਚੀ ਜਾਂ ਨੀਵੀਂ। ਜਾਂ ਦੂਜੇ ਤੋਂ ਕੁੱਝ ਚੁਰਾਉਣਾ ਲਈ, ਜਾਂ ਦੂਜੇ ਨਾਲ਼ ਦਵੈਸ਼, ਈਰਖਾ ਹੈ। ਮੈਂ ਤਾਂ ਬਾਅਦ ਦਾ ਹੀ ਨਤੀਜਾ ਹੁੰਦੀ ਹਾਂ।

ਮੈਂ ਮਰਨੇ ਵਾਲ਼ੇ ਨੂੰ ਦਿਖਾਈ ਨਹੀਂ ਦਿੰਦਾ। ਉਸਨੂੰ ਮੇਰਾ ਛੋਹ ਤੱਕ ਵੀ ਮਹਿਸੂਸ ਨਹੀਂ ਹੁੰਦਾ। ਪਰ ਪਤਾ ਹੈ ਕਿ ਮੈਂ ਉਸ ਨਾਲ਼ ਖਲੋਈ ਹੁੰਦੀ ਹਾਂ ਉਸਦੇ ਆਖਰੀ ਪਲਾਂ'ਚ ਵੀ। ਮੈਂ ਵੀ ਦੇਖਦੀ ਹਾਂ ਤੁਹਾਨੂੰ ਸਾਰਿਆਂ ਨੂੰ, ਪਰ ਦੇਖਦੀ ਹੋਰ ਹਿਸਾਬ ਨਾਲ਼ ਹਾਂ, ਮਹਿਸੂਸ ਵੀ ਕਰਦੀ ਹਾਂ। ਮੇਰੇ ਲਈ ਮਾਸ ਨਹੀਂ ਹੈ ਤੁਹਾਡੇ ਸਰੀਰਾਂ ਤੇ, ਪਰ ਹਾਂ ਹਰ ਇੱਕ ਦੀ ਆਤਮ ਮੈਨੂੰ ਜ਼ਰੂਰ ਦਿਸਦੀ ਹੈ, ਜੋ ਮੇਰੇ ਲਈ ਕਰੋੜ ਸੁਗੰਧਾਂ'ਚ ਜਾਪਦੀ ਹੈ: ਜਾਂ ਹਰ ਚੀਜ਼ ਰੰਗਾਂ'ਚ ਦਿਸਦੀ ਹੈ। ਲਾਲ, ਹਰਾ ਜਾਂ ਨੀਲਾ। ਆਮ ਮੈਂ ਬੇਦਿਲਚਸਪ ਆਵਦਾ ਕੰਮ ਕਰਦੀ ਹਾਂ। ਪਰ ਐਤਕੀ ਮੇਰਾ ਵੀ ਮਨ ਕੀਤਾ ਇੱਕ ਇਨਸਾਨ ਨਾਲ਼ ਰੋਜ਼ ਰਹਿਣ ਨੂੰ। ਦੇਖਣ ਲਈ ਕਿ ਕੀ ਕਰਦਾ ਹੈ ਇਨਸਾਨ। ਕਿਉਂਕਿ ਉਸਦੇ ਹੱਥ ਨਾਲ਼ ਤਾਂ ਮੈਨੂੰ ਕਈ ਆਤਮਾਵਾਂ ਮਿਲ ਗਈਆਂ ਨੇ। ਉਹ ਤਾਂ ਮੈਥੋਂ ਵੀ ਕੁਸ਼ਲ ਨਿਕਿਲ਼ਆ। ਤੁਸੀਂ ਉਸ ਨੂੰ ਮੁਸਾਸ਼ੀ ਨਾਂ ਨਾਲ਼ ਜਾਂਣਦੇ ਹੋ। ਤੇ ਅੱਜ ਉਸਦੀ ਆਖਰੀ ਲੜਾਈ ਹੈ...ਸੱਸਾਕੀ ਨਾਲ਼, ਜੋ ਵੀ ਮੈਨੂੰ ਆਤਮਾਵਾਂ ਨੂੰ ਹਜ਼ਮ ਕਰਨ ਲਈ ਨਿੱਤ ਨਿੱਤ ਘੱਲਦਾ ਹੈ।

ਕੁੱਝ ਸਾਲ਼ ਪਹਿਲਾਂ ਤਾਂ ਸੱਸਾਕੀ ਮੋਢੇ ਤੇ ਬਾਂਦਰ ਚੱਕ ਕੇ ਹਰ ਇੱਕ ਪਿੰਡ ਤੇ ਸ਼ਹਿਰ'ਸ਼ਹਿਰ ਜਾ ਕੇ ਹੋਰ ਸਮੁਰਾਈਆਂ ਨਾਲ਼ ਟੱਕਰ ਲੈਂਦਾਂ ਸੀ। ਤੇ ਮੁੱਸਾਸ਼ੀ ਵੀ ਇੰਝ ਹੀ ਕਰਦਾ ਸੀ। ਦੋਨਾਂ ਦੇ ਨਾਂ ਹੁਣ ਸਾਰੇ ਜਪਾਨ'ਚ ਮਹਿਸ਼ੂਰ ਹੋ ਗਏ ਹਨ। ਮੁੱਸਾਸ਼ੀ ਨੂੰ ਵੀ ਮਿੱਲ ਗਿਆ ਜੋ ਉਹ ਭਾਲਦਾ ਸੀ। ਪਰ ਹੁਣ ਉਹ ਕੁੱਝ ਹੋਰ ਭਾਲਦਾ ਹੈ। ਪਰ ਸੱਸਾਕੀ ਦਾ ਲਹੂ ਗਰਮ ਹੈ ਅਤੇ ਉਸਤੋਂ ਉਹ ਸਹਿ ਨਹੀਂ ਹੁੰਦਾ, ਕਿਉਂਕਿ ਉਹ ਜਿੱਥੇਂ ਵੀ ਜਾਂਦਾ ਹਰ ਜ਼ੁਬਾਨ ਤੇ ਮੁੱਸਾਸ਼ੀ ਦਾ ਹੀ ਨਾਂ ਹੈ। ਅੱਜ ਕੱਲ੍ਹ ਸੱਸਾਕੀ ਤਾਂ ਵੱਡੇ ਖਾਨਦਾਨ (ਸਰਦਾਰ ਤਦਾਤੋਸ਼ੀ ਦਾ ਖਾਨਦਾਨ ਜੋ ਈਡੋ ਰਹਿੰਦੇ ਨੇ) ਲਈ ਸਮੁਰਾਈ ਹੈ। ਬਾਂਦਰ ਦੇ ਥਾਈਂ ਹੁਣ ਬਹਿਰੀ ਰੱਖਦਾ ਹੈ। ਲੋਕ ਇਸ ਥਾਂ ਵੀ ਚਰਚੇ ਕਰਨ ਲੱਗ ਪਏ ਹਨ, ਕਿ ਦੋਨਾਂ'ਚੋਂ ਕਿਹੜਾ ਜ਼ਿਆਦਾ ਤੱਕੜਾ ਹੈ। ਤਦਾਤੋਸ਼ੀ ਖਾਨਦਾਨ'ਚ ਖੁਦ ਆਪਸ ਵਿੱਚ ਹੀ ਸ਼ਰਤਾਂ ਲਾਉਣ ਲੱਗ ਪਏ ਹਨ। ਇਸ ਲਈ ਹੁਣ ਦੋਨਾਂ ਨੂੰ ਲੜਨਾ ਹੀ ਪੈਣਾ। ਤੇ ਮੈਂ ਉਨ੍ਹਾਂ ਦੇ ਨਾਲ਼ ਹੀ ਖੜ੍ਹੀ ਹੋਵਾਂਗੀ, ਇੱਕ ਨੂੰ ਆਪਣੇ ਨਾਲ਼ ਲੈ ਕੇ ਜਾਣ ਲਈ।

ਹੁਣ ਉਹ ਦਿਨ ਆ ਗਿਆ ਹੈ। ਓਧਰ ਕਾਕੂਬਈ ਨੇ ਵੀ ਇੰਤਾਜ਼ਾਮ ਕਰ ਲਿਆ ਤੇ ਮੁਕਾਬਲੇ ਨੇ ਗਣਰੂ ਤੇ ਹੋਣਾ ਹੈ। ਮੁਸਾਸ਼ੀ ਨੇ ਵੀ ਫੈਸਲਾ ਦੱਸ ਦਿੱਤਾ ਸੀ, ਕਿ ਕਿਸ ਵਕਤ ਮੁਕਾਬਲਾ ਹੋਵੇਗਾ, ਤੇ ਈਡੋ ਦੇ ਹਰ ਵਾਸੀ ਨੂੰ ਇਸ ਬਾਰੇ ਪੱਤਾ ਲੱਗ ਗਿਆ ਸੀ। ਜਿਹੜਾ ਜਿੱਤੇਗਾ ਉਸਨੂੰ ਨੀਹੋਨ ਦਾ ਸਭ ਤੋਂ ਆਦਰਸ਼ਕ ਸਮੁਰਾਈ ਕਹਿੰਣਾ ਹੈ ਲੋਕਾਂ ਨੇ।

ਇੱਕ ਰਾਤ ਪਹਿਲਾ ਮੁੱਸਾਸ਼ੀ ਤਾਂ ਸ਼ਰਾਬੀ ਹੋ ਗਿਆ ਸੀ। ਪਰ ਉਸਨੂੰ ਹੁਣ ਗਣਰੂ ਤਾਂ ਪਹੁੰਚਣਾ ਹੀ ਪਵੇਗਾ। ਸੱਸਾਕੀ ਪਹਿਲਾਂ ਹੀ ਉੱਥੇਂ ਪੁੱਜ ਗਿਆ ਹੈ, ਆਵਦੇ ਗਰੋਹ ਨਾਲ਼। ਗਵਾਹ ਬੇਥੇਰੇ ਸਨ। ਸੱਸਾਕੀ ਨੂੰ ਲੋਕ ਦੂਰ'ਦੂਰ ਤੋਂ ਆਏ ਸਹਾਰਾ ਦੇਣ,ਪਰ ਉਹ ਤਾਂ ਕੋਈ ਸਹਾਰਾ ਨਹੀਂ ਚਾਹੁੰਦਾ ਸੀ।ਸੱਸਾਕੀ ਸਵੇਰੇ'ਸਵੇਰੇ ਤਿਆਰ ਹੋ ਗਿਆ ਸੀ ਮੁੱਸਾਸ਼ੀ ਨਾਲ਼ ਲੜਣ ਨੂੰ।ਉਸਨੂੰ ਪੱਕਾ ਸੀਗਾ ਆਵਦੇ ਜਿੱਤਣ ਬਾਰੇ। ਆਪਣੇ ਸਾਹਮਣੇ ਕੱਤਾਨਾ ਧਰਕੇ ਬੁੱਧਾ ਤੋਂ ਦੁਆ ਮੰਗੀ। ਇੱਕ ਪਾਸੇ ਧੂਫ ਜਗਾਈ।ਉਸਨੂੰ ਆਵਦੀ ਜਿੱਤ ਦਾ ਪੱਕਾ ਹੀ ਸੀ। ਕਿਸੇ ਨੇ ਉਸ ਲਈ ਚਿੱਟਾ ਕਿਮੋਨੋ ਸਵਾਇਆ ਸੀ, ਜਿਸਦੀਆਂ ਆਸਤੀਨਾਂ ਤੇ ਸੰਸਕ੍ਰਿਤ ਵਿੱਚ ਕੁੱਝ ਮੰਤਰ ਲਿਖੇ ਸਨ। ਇਸ ਕਿਮੋਨੋ ਉੱਪਰ ਲਾਲ ਕੁੜਤਾ ਪਾਇਆ ਸੀ। ਸੱਸਾਕੀ ਦੀ ਕਿਸਤੀ ਪਹਿਲਾਂ ਹੀ ਤੱਟ ਤੇ ਪੁੱਜ ਗਈ ਸੀ, ਅਤੇ ਸਾਰੇ ਉੱਥੇ ਖੜ੍ਹ ਗਏ ਸਨ ਤਿਆਰ ਹੋ ਕੇ, ਸਾਏਬਾਨ ਹੇਠਾਂ। ਸਿਰਫ ਤਦਾਤੋਸ਼ੀ ਹੀ ਗੱਦੀ ਤੇ ਬੈਠਾ ਸੀ। ਪਰ ਮੁੱਸਾਸ਼ੀ ਤਾਂ ਵਕਤ ਸਿਰ ਆਇਆ ਨਹੀਂ। ਪਹਿਲਾਂ ਪਹਿਲ ਤਾਂ ਸੱਸਾਕੀ ਅਡੋਲ ਜਿਹਾ ਜਾਪਦਾ ਸੀ ਸਭ ਨੂੰ। ਪਰ ਜਦੋਂ ਮੁੱਸਾਸ਼ੀ ਨੇ ਆਉਣ'ਚ ਦੇਰ ਕਰ ਦਿੱਤੀ ਤਾਂ ਉਸਦਾ ਸ਼ਾਂਤ ਮੁੱਖੜਾ ਹੁਣ ਥੋੜ੍ਹਾ ਖਿਜਿਆ'ਖਿਜਿਆ ਜਿਹਾ ਦਿੱਸਣ

ਲੱਗ ਪਿਆ ਸੀ।ਅੱਜ ਕੱਲ੍ਹ ਲੋਕ ਮੁਸਾਸ਼ੀ ਨੂੰ ਹੀਰੋ ਸਮਝਦੇ ਸਨ। ਇਹੀ ਵਹਿਮ ਸੱਸਾਕੀ ਲੋਕਾਂ ਦੇ ਦਿਲਾਂ'ਚੋਂ ਕਢਣਾ ਚਾਹੁੰਦਾ ਸੀ। ਹਾਲੇ ਉਸ ਨੂੰ ਉਹ ਬੱਚਾ ਜੋ ਯੋਸ਼ੀਓਕਾ ਖਾਨਦਾਨ ਦਾ ਸਾਹਿਬ ਸੀ ਅੱਖਾਂ ਸਾਹਮਣੇ ਨਜ਼ਰ ਰਿਹਾ ਸੀ। ਤੇ ਕਿਵੇਂ ਇੱਕ ਪਿੰਡਾ ਦਾ ਰੰਗੜ ਆਪਣੇ ਆਪ ਨੂੰ ਕੋਈ ਸਮੁਰਾਈ ਸਮਝ ਸਕਦਾ ਹੈ? ਇਹ ਹੀ ਗੱਲ ਸੱਸਾਕੀ ਲਈ ਅਜਰ ਸੀ।



ਸੱਸਾਕੀ ਸਵੇਰੇ'ਸਵੇਰੇ ਤਿਆਰ ਹੋ ਗਿਆ ਸੀ ਮੁੱਸਾਸ਼ੀ ਨਾਲ ਲੜਣ ਨੂੰ।ਉਸਨੂੰ ਪੱਕਾ ਸੀਗਾ ਆਵਦੇ ਜਿੱਤਣ ਬਾਰੇ। ਆਪਣੇ ਸਾਹਮਣੇ ਕੱਤਾਨਾ ਧਰਕੇ ਬੁੱਧਾ ਤੋਂ ਦੁਆ ਮੰਗੀ। ਇੱਕ ਪਾਸੇ ਧੂਫ ਜਗਾਈ।ਉਸਨੂੰ ਆਵਦੀ ਜਿੱਤ ਦਾ ਪੱਕਾ ਹੀ ਸੀ।

ਫਿਰ ਸੂਜਰ ਹੌਲੀ'ਹੌਲੀ ਦੂਰ ਸਮੰਦਰ ਦੇ ਪਿੱਛੋਂ ਅੰਬਰ ਤੇ ਚੜ੍ਹਣ ਸ਼ੁਰੂ ਹੋ ਗਿਆ। ਨਾਲ਼ ਹੀ ਸਭ ਨੂੰ ਸਾਗਰ ਤੇ ਇੱਕ ਕਿਸਤੀ ਵੀ ਦਿਸਣ ਲੱਗ ਪਈ ਸੀ; ਜਿਸ ਵਿੱਚ ਦੋ ਬੰਦੇ ਸਨ, ਇੱਕ ਮਲਾਹ ਤੇ ਦੂਜਾ ਮੁੱਸਾਸ਼ੀ।ਹੌਲੀ'ਹੌਲੀ ਜਵਾਰ ਭਾਟੇ ਨਾ਼ਲ ਲੜਦੀ ਕਿਸਤੀ ਸਾਹਿਲ ਵੱਲ ਵਧ ਰਹੀ ਸੀ। ਥੋੜ੍ਹੇ ਹੀ ਸਮੇਂ ਬਾਅਦ ਕਿਸਤੀ ਕੰਢੇ ਨਾ਼ਲ ਆ ਲੱਗੀ; ਮੁਸਾਸ਼ੀ ਕਿਸਤੀ'ਚੋਂ ਛਾਲ ਮਾਰ ਬਾਹਰ ਆ ਗਿਆ ਤੇ ਉੱਥੇ ਖੜ੍ਹੇ ਹੋਏ ਲੋਕ ਉੱਥੋਂ ਪਾਸੇ ਹੋ ਗਏ। ਉਹ ਉਨ੍ਹਾਂ ਦੇ ਵਿਚਾਲਿਓਂ ਲੰਘਕੇ ਸਿੱਧਾ ਸੱਸਾਕੀ ਕੋ਼ਲ ਜਾ ਖੜ੍ਹਾ ਹੋਇਆ। ਹੁਣ ਮੁੱਸਾਸ਼ੀ ਤੇ ਸੱਸਾਕੀ ਦੋਨੋਂ ਤੱਟ ਇੱਕੋ ਥਾਂ ਖਲ਼ੋਏ ਸਨ। ਉਨ੍ਹਾਂ ਦੇ ਸੱਜੇ'ਖੱਬੇ ਸਮੰਦਰ ਤੇ ਗਣਰੂ ਦਾ ਜਜ਼ੀਰਾ ਸੀ। ਮੁਸਾਸ਼ੀ ਪਾਣੀ ਵੱਲ, ਸਮੁੰਦਰ ਵਾਲੇ ਪਾਸੇ ਸੀ, ਤੇ ਸੱਸਾਕੀ ਵੀ ਕੋ਼ਲੇ ਹੀ ਮੈਦਾਨ ਵਾਲੇ ਪਾਸੇ ਖੜ੍ਹਾ ਸੀ। ਮੈਂ ਦੋਨਾਂ ਦੇ ਵਿੱਚਾਲੇ ਆ ਖੜ੍ਹੀ ਹੋਈ ਪਰ ਉਨ੍ਹਾਂ ਨੂੰ ਹਾਲੇ ਕੋਈ ਮਹਿਸੂਸ ਨਹੀਂ ਹੋਇਆ ਕਿ ਨਾ਼ਲ ਮੌਤ ਵੀ ਖਲੋਈ ਹੈ।

ਮੁਸਾਸ਼ੀ ਨੇ ਬੜੇ ਠਰੰਮ੍ਹੇ ਨਾ਼ਲ ਆਵਦੀਆਂ ਅੱਖਾਂ ਸੱਸਾਕੀ ਦੀਆਂ ਅੱਖਾਂ'ਚ ਪਾਈਆਂ। ਦੋਨਾਂ ਦੀਆਂ ਅੱਖਾਂ ਨੇ ਢਾਲਾਂ ਵਾਂਗਰ ਇੱਕੇ ਦੂਜੇ ਦੀਆਂ ਸੋਚਾਂ ਨੂੰ ਰੋਕਿਆ। ਸੱਸਾਕੀ ਦੇ ਮਿਆਨ'ਚ ਉਸਦਾ ਮਸ਼ਹੂਰ 'ਸਖਕ ਢਾਂਗਾ' ਸੀ ਜੋ ਅਸਲ ਵਿੱਚ ਤਾਂ ਬਹੁਤ ਲੰਬਾ ਜਿਹਾ ਖੜਗ ਸੀ। ਪਰ ਉਸਨੂੰ ਅੱਜ ਕੱਲ੍ਹ ਉਹ ਪਿੱਠ ਤੇ ਨਹੀਂ ਬਲਕੇ ਲੱਕ ਦੇ ਨਾ਼ਲ ਮਿਆਨ'ਚ ਰੱਖਦਾ ਸੀ। ਇਸ ਗੱਲ ਨੂੰ ਤਾਂ ਮੁਸਾਸ਼ੀ ਦੀਆਂ ਅੱਖਾਂ ਨੇ ਵੀ ਤਾੜ ਲਿਆ ਸੀ, ਕਿਉਂਕਿ ਇਹ ਸਭ ਉਸਦੇ ਚੇਹਰੇ ਨੂੰ ਵੇਖਕੇ ਕਿਸੇ ਨੂੰ ਵੀ ਲੱਗ ਸਕਦਾ ਸੀ ਕਿ ਉਸ ਨੇ ਸਭ ਕੁੱਝ ਵੇਖ ਲਿਆ ਹੈ। ਉਧਰ ਮੁਸਾਸ਼ੀ ਦੇ ਕੋ਼ਲ ਤਾਂ ਕੋਈ ਤਲਵਾਰ ਵੀ ਹੈਹੀ ਸੀ! ਉਸਦੇ ਕੋ਼ਲ ਤਾਂ ਇੱਕ ਲੰਬਾ ਜਿਹਾ ਚੱਪੂ ਸੀ; ਉਸਤੋਂ ਹੀ ਉਸਨੇ ਖੁਰਦਰੀ ਤਲਵਾਰ ਬਣਾਈ ਹੋਈ ਸੀ।

ਚਾਰੇ ਪਾਸੇ ਖਾਮੋਸ਼ੀ ਸੀ। ਸਿਰਫ ਲਹਿਰ ਦੇ ਹੀ ਛਲਕਣ ਦੀ ਅਵਾਜ਼ ਸੀ, ਜਦ ਉਹ ਕੰਢੇ ਨਾ਼ਲ ਆਕੇ ਚੁੰਮਕੇ ਟਕਰਾਉਂਦੀ ਸੀ।

ਫਿਰ ਕੁੱਝ ਮਿੰਟ ਇੰਝ ਖੜ੍ਹਣ ਤੋਂ ਬਾਅਦ ਮੁਸਾਸ਼ੀ ਸਿੱਧਾ ਕਨਾਰੇ ਨਾ਼ਲ'ਨਾ਼ਲ ਦੌੜਿਆ, ਉਸਦੇ ਬਰਾਬਰ ਹੀ ਸੱਸਾਕੀ ਗਿਆ ਹੱਥ'ਚ ਆਵਦੀ ਪਿਆਰੀ ਖੜਗ ਲਈ। ਹੁਣ ਦੋਵੇਂ ਫਿਰ ਖੜ੍ਹ ਗਏ ਚੁੱਪ ਚਾਪ ਇੱਕ ਥਾਂ; ਸੱਸਾਕੀ ਨੇ ਆਵਦੀ ਤਲਵਾਰ ਨੂੰ ਦੋਨਾਂ ਹੱਥਾਂ ਨਾ਼ਲ ਚੁੱਕਕੇ ਉਪਰ ਵੱਤ ਸਿਰ ਕਰ ਲਿਆ, ਤੇ ਮੁਸਾਸ਼ੀ ਆਵਦੇ ਹੱਥ'ਚ ਪੜ੍ਹੇ ਡੰਡਾ ਨੂੰ ਧਰਤੀ ਤੇ ਟਕਾਕੇ ਖੜ੍ਹ ਗਿਆ। ਉਧਰ ਸੂਰਜ ਵੀ ਵ੍ਹਾਵਾ ਉੱਚਾ ਹੋ ਚੱਲਿਆ ਸੀ; ਉਸਦਾ ਅਕਸ ਸੱਸਾਕੀ ਵੱਲ ਪੈਂਦਾ ਸੀ।ਬਾਹਲੀ ਤੇਜ ਧੁੱਪ ਦੀਆਂ ਕਿਰਨਾਂ ਵੀ ਆਦਮੀ ਦੀਆਂ ਅੱਖਾਂ ਨੂੰ ਅੰਨਾ ਕਰ ਦਿੰਦੀਆਂ ਨੇ। ਫਿਰ ਉਸੇ ਪੱਲ ਹੀ ਕਾਰਾ ਹੋ ਜਾਂਦਾ ਹੈ। ਮੈਨੂੰ ਵੀ ਲੱਗਾ ਜਿਵੇਂ ਮੁਸਾਸ਼ੀ ਨੂੰ ਇਹ ਸਭ ਕੁੱਝ ਪਹਿਲਾਂ ਹੀ ਪਤਾ ਹੋਵੇ ਕਿ ਇਸ ਵੇਲੇ ਸੂਰਜ ਨੇ ਇੰਝ ਹੀ ਆਪਣੀਆਂ ਕਿਰਨਾਂ ਧਰਤੀ ਤੇ ਸੁੱਟਣੀਆਂ ਹਨ ਤੀਰਾਂ ਵਾਂਗਰ। ਇੱਕ ਪੱਲ ਲਈ ਸੱਸਾਕੀ ਨੇ ਅੱਖ ਝਮਕੀ। ਫਿਰ ਉਸ ਨੇ ਮੇਰੇ ਪਿੰਡੇ ਵਿੱਚੋਂ ( ਮੈਂ ਹਾਲੇ ਉਨ੍ਹਾਂ ਦੇ ਗੱਬੇ ਹੀ ਸੀ ਭਾਵੇਂ ਉਨ੍ਹਾਂ ਨੂੰ ਮੇਰੇ ਬਾਰੇ ਕੋਈ ਪਤਾ ਨਹੀਂ ਸੀ) ਆਵਦੀ ਤਲਵਾਰ ਲੰਘਾਕੇ ਮੁਸਾਸ਼ੀ ਦੇ ਮੱਥੇ ਵਿੱਚ ਮਾਰੀ।

ਮੁਸਾਸ਼ੀ ਦੇ ਸਿਰ ਤੇ ਇੱਕ ਪੱਟੀ ਬੰਨ੍ਹੀ ਸੀ। ਜਿਸਨੂੰ ਸੱਸਾਕੀ ਦੀ ਤਲਵਾਰ ਨੇ ਵੱਢ ਕੇ ਧਰਤੀ ਤੇ ਸੁੱਟ ਦਿੱਤਾ। ਪੱਟੀ ਦੇ ਕਾਰਨ ਤਲਵਾਰ ਮੱਥੇ ਦੇ ਮਾਸ ਤੱਕ ਨਾ ਪਹੁੰਚ ਸਕੀ ਤੇ ਸੱਸਾਕੀ ਦਾ ਵਾਰ ਮੁਸਾਸ਼ੀ ਨੂੰ ਬਿਨ੍ਹਾਂ ਨੁਕਸਾਨ ਪਹੁੰਚਾਏ ਟਲ ਗਿਆ! ਮੁਸਾਸ਼ੀ ਦਾ ਸੱਸਾਕੀ ਦੇ ਨੇੜੇ ਹੀ ਖੜ੍ਹੇ ਹੋਣ ਕਾਰਨ ਉਸਦਾ ਪਰਛਾਵਾਂ ਸੱਸਾਕੀ ਦੇ ਚੇਹਰੇ ਤੇ ਪੈ ਰਿਹਾ ਸੀ! ਪਰ ਹੁਣ ਮੁਸਾਸ਼ੀ ਛਾਲ ਮਾਰਕੇ ਉੱਥੋਂ ਪਾਸੇ ਹੱਟ ਗਿਆ, ਉਸਦੇ ਪਾਸੇ ਹੋਣ ਸਾਰ ਹੀ ਪਿੱਛੋਂ ਸੂਰਜ ਦਾ ਅੱਖਾਂ ਨੂੰ ਅੰਨਾਂ ਕਰਨ ਵਾਲਾ ਨੂਰ ਸੱਸਾਕੀ ਦੇ ਮੁੱਖੜੇ ਤੇ ਪਿਆ ਤੇ ਉਸਨੂੰ ਇੱਕ ਦਮ ਸਭ ਕੁੱਝ ਦਿਖਾਈ ਦੇਣੋਂ ਹਟ ਗਿਆ, ਤੇ ਨਾ਼ਲ ਦੀ ਨਾ਼ਲ ਹੀ ਡੰਡਾ ਆਕੇ ਉਸਦੇ ਮੱਥੇ ਤੇ ਵੱਜਿਆ। ਹੁਣ ਮੁੱਸਾਸ਼ੀ ਚੁੱਪ ਚਾਪ ਖੜ੍ਹਾ ਸੀ। ਹੁਣ ਉਨ੍ਹਾਂ ਦੋਨਾਂ ਨੂੰ ਮੇਰੇ ਵੀ ਉੱਥੇਂ ਹੋਣ ਬਾਰੇ ਮਹਿਸੂਸ ਹੋ ਰਿਹਾ ਸੀ। ਗਵਾਹ ਸਾਰੇ ਹੈਰਾਨ ਸਨ। ਸੱਸਾਕੀ ਘੁੰਮ ਗਿਆ ਉਸ ਦੀ ਪਿੱਠ ਮੁਸਾਸ਼ੀ ਵੱਲ ਸੀ ਤੇ ਮੂੰਹ ਲੋਕਾਂ ਵੱਲ ਹੋ ਗਿਆ ਸੀ। ਉਸਦੀ 'ਸਖਕ ਢਾਂਗਾ' ਤਲਵਾਰ ਵੀ ਹੱਥ'ਚੋਂ ਭੰਜੇ ਡਿੱਗੀ ਪਈ। ਤੇ ਉਸਦੇ ਚੇਹਰੇ ਤੇ ਮੱਥੇਂ ਤੋਂ ਇੱਕ ਪਤਲੀ ਲਾਲ ਲੀਕ ਹੌਲੀ'ਹੌਲੀ ਉਸਦੇ ਸੀਸ ਤੇ ਬੰਨ੍ਹੀ ਪੱਟੀ ਵਿੱਚੋਂ ਵਗਣ ਲੱਗ ਪਈ। ਹੁਣ ਜਿਵੇਂ'ਜਿਵੇਂ ਉਸਦਾ ਸਰੀਰ ਧਰਤੀ ਤੇ ਢੇਰੀ ਹੋਣ ਲੱਗਾ ਮੈਂ ਉਸਦਾ ਆਤਮਾ ਖਿੱਚ ਕੇ ਤੁਰ ਪਈ।

ਉਧਰ ਮੁਸਾਸ਼ੀ ਨੇ ਵੀ ਕਿਸੇ ਦੀ ਉਡੀਕ ਨ੍ਹੀਂ ਕੀਤੀ। ਬੱਸ ਦਵਾ ਦਵ ਨੱਠਕੇ ਉੱਥੋਂ ਕਿਸਤੀ ਵੱਲ ਗਿਆ, ਤੇ ਉਸਦੇ ਵਿੱਚ ਚੜ੍ਹਨ ਸਾਰ ਹੀ, ਮਾਂਝੀ ਨੇ ਵੀ ਕਿਸਤੀ ਨੂੰ ਘੁੰਮਾਇਆ ਤੇ ਦਿਸਹੱਦਾ ਵੱਲ ਨੂੰ ਲੈ ਗਿਆ। ਸਾਰਿਆਂ ਦੇ ਅੱਖਾਂ'ਚ ਹੁਣ ਧੁੱਪ

ਹੀ ਧੁੱਪ ਸੀ। ਤਦਾਤੋਸ਼ੀ ਤੁਰਕੇ ਹੌਲੀਂਹੌਲੀ ਸੱਸਾਕੀ ਦੀ ਲਾਸ਼ ਕੋਲ਼ ਗਿਆ। ਤੇ ਗੋਡਿਆਂ ਭਾਰ ਬੈਠਕੇ ਉਸਨੇ ਸੱਸਾਕੀ ਦੀਆਂ ਖੁੱਲੀਆਂ ਅੱਖਾਂ ਨੂੰ ਬੰਦ ਕਰ ਦਿੱਤਾ।

ਖਤਮ


**To read more books like this**
**visit**
**www.PunjabLibrary.com**
**or**
**Download mobile app**
**“PunjabiLibrary”**

